# ਸੁਧਾਰ ਘਰ

(ਨਾਵਲ)

ਸਾਹਿਤ ਅਕਾਡਮੀ ਪੁਰਸਕਾਰ 2008 ਨਾਲ
ਸਨਮਾਨਿਤ ਨਾਵਲ

**ਇਸੇ ਕਲਮ ਤੋਂ**

| | | |
|---|---|---|
| ਨਾਵਲ | : | ਅੱਗ ਦੇ ਬੀਜ, ਕਾਫ਼ਲਾ, ਤਫ਼ਤੀਸ਼, ਕੌਰਵ ਸਭਾ, ਕਟਹਿਰਾ |
| ਕਹਾਣੀ ਸੰਗ੍ਰਹਿ | : | ਪੁਨਰਵਾਸ, ਲਾਮ, ਠੋਸ ਸਬੂਤ |
| Law Books | : | Pro-Prosecution Law on Custody and bails |
| | : | ਫੌਜਦਾਰੀ ਕਾਨੂੰਨ ਬਾਰੇ ਜ਼ਰੂਰੀ ਜਾਣਕਾਰੀ |

**ਲੇਖਕ ਸੰਬੰਧੀ ਰਚੀਆਂ ਗਈਆਂ ਪੁਸਤਕਾਂ**

| | |
|---|---|
| ਤਫ਼ਤੀਸ਼ ਦਾ ਵਿਸ਼ਲੇਸ਼ਣ | : ਸੰਪਾਦਕ : ਡਾ. ਸੁਖਦੇਵ ਸਿੰਘ ਖਾਹਰਾ |
| ਨਾਵਲਕਾਰ ਮਿੱਤਰ ਸੈਨ ਮੀਤ | : ਸੰਪਾਦਕ : ਡਾ. ਸੁਖਦੇਵ ਸਿੰਘ ਖਾਹਰਾ |
| ਕੌਰਵ ਸਭਾ : ਆਲੋਚਨਾਤਮਿਕ ਅਧਿਐਨ | : ਸੰਪਾਦਕ : ਡਾ. ਸੁਖਦੇਵ ਸਿੰਘ ਖਾਹਰਾ |
| ਪ੍ਰਸੰਗ : ਕੌਰਵ ਸਭਾ | : ਅਮਰਜੀਤ ਸਿੰਘ ਗਰੇਵਾਲ |
| ਨਾਵਲਕਾਰ ਮਿੱਤਰ ਸੈਨ ਮੀਤ : ਸੰਵਾਦ ਦਰ ਸੰਵਾਦ | : ਸੰਪਾਦਕ : ਡਾ. ਐਸ. ਤਰਸੇਮ |
| Fiction of Mitter Sain Meet | : Dr. T. R. Vinod |
| ਕੌਰਵ ਸਭਾ ਦੀਆਂ ਪਰਤਾਂ | : ਸੰਪਾਦਕ : ਡਾ. ਹਰਭਜਨ ਸਿੰਘ ਭਾਟੀਆ |
| ਨਵੀਂ ਵਿਧਾ ਦਾ ਨਾਵਲਕਾਰ - ਮਿੱਤਰ ਸੈਨ ਮੀਤ | : ਡਾ. ਕਮਲਜੀਤ ਸਿੰਘ |

# ਸੁਧਾਰ ਘਰ

(ਨਾਵਲ)

**ਮਿੱਤਰ ਸੈਨ ਮੀਤ**

ਪ੍ਰਕਾਸ਼ਕ :

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

**SUDHAR GHAH** (Novel)
*by :*

**Mitter Sain Meet**
Address:
H.No. 297, Street No.5,
Upkar Nagar, Civil Lines,
Ludhiana (Pb.), M-098556-31777
Email : mittersainmeet@hotmail.com

© Author

**ISBN :**

ਪਹਿਲੀ ਵਾਰ : ਜਨਵਰੀ 1993
ਦੂਜੀ ਵਾਰ : ਜੂਨ 1993
ਤੀਜੀ ਵਾਰ : ਜੁਲਾਈ 2009
ਚੌਥੀ ਵਾਰ : ਮਈ 2012

ਮੁੱਲ : 150/- ਰੁਪਏ (P.B.)
250/- ਰੁਪਏ (H.B.)

ਪ੍ਰਕਾਸ਼ਕ :
**ਭਾ. ਚਤਰ ਸਿੰਘ ਜੀਵਨ ਸਿੰਘ**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
ਟੈਲੀਫ਼ੋਨ : (0183) 2547974, 2557973
ਫ਼ੈਕਸ : (0183) 5017488
Email : csjssales@hotmail.com
csjspurchase@yahoo.com
csjsexport@gmail.com
Visit our website : www.csjs.com

Printed in India

**ਪ੍ਰਿੰਟਰ :** ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : (0183) 2705003

## ਪ੍ਰਮੁੱਖ ਇਨਾਮ ਅਤੇ ਸਨਮਾਨ

1. ਸਾਹਿਤ ਅਕਾਡਮੀ ਪੁਰਸਕਾਰ, 2008
2. ਕੇਂਦਰੀ ਸਰਕਾਰ ਦੇ ਪੁਲਿਸ ਵਿਭਾਗ ਦਾ ਪੰਡਿਤ ਗੋਬਿੰਦ ਵਲਬ ਪੰਤ ਪੁਰਸਕਾਰ, 2008

*"If none responds to your call, walk alone, walk alone!.... to drive the blade a little froward in your time, and to feel that somewhere among these millions you have left a little justice or happiness or prosperity, a sense of manliness or moral dignity, a spring of patriotism, a dawn of intellectual enlightement or a stirring of duty, where it did not exist before-that is enough."*

***-Justice Krishna lyer***

*"Everything has been said already : but as no one listens, we must always begin again."* ***-Andre Gide***

ਬ੍ਰਿਟਿਸ਼ ਪਾਰਲੀਮੈਂਟ ਵਲੋਂ ਪਾਰਿਤ ਚਾਰਟਰ ਐਕਟ : 1833 ਦੇ ਕਾਨੂੰਨ ਦੇ ਅਨੁਸਾਰ ਭਾਰਤ ਦੇ ਗਵਰਨਰ ਜਨਰਲ ਦੀ ਕੌਂਸਲ ਵਿਚ ਲਾਅ-ਮੈਂਬਰ ਦੇ ਰੂਪ ਵਿਚ ਇਕ ਨਵੇਂ ਮੈਂਬਰ ਦਾ ਵਾਧਾ ਕੀਤਾ ਗਿਆ—ਲਾਰਡ ਮੈਕਾਲੇ। ਮੈਕਾਲੇ ਦਾ ਕੰਮ ਭਾਰਤ ਵਾਸੀਆਂ ਲਈ ਕਾਨੂੰਨ ਬਨਾਉਣਾ ਸੀ, ਪਰ ਉਹ ਨਾ ਭਾਰਤ ਦੀ ਕੋਈ ਭਾਸ਼ਾ ਜਾਣਦਾ ਸੀ ਅਤੇ ਨਾ ਭਾਰਤ ਵਾਸੀਆਂ ਦੇ ਇਤਿਹਾਸ, ਉਹਨਾਂ ਦੀਆਂ ਰਸਮਾਂ-ਰਿਵਾਜ ਆਦਿ ਤੋਂ ਜਾਣੂੰ ਸੀ। ਉਸ ਨੇ ਭਾਰਤ ਵਾਸੀਆਂ ਨੂੰ ਅੰਗਰੇਜ਼ੀ ਸਿੱਖਿਆ ਦੇਣ ਦੀ ਸ਼ੁਰੂਆਤ ਕੀਤੀ, ਜਿਸ ਦਾ ਖੁੱਲ੍ਹਾ ਉਦੇਸ਼ ਸੀ ਅੰਗਰੇਜ਼ੀ ਸ਼ਾਸਨ ਲਈ ਕਰਿੰਦੇ ਤਿਆਰ ਕਰਨਾ। ਉਸ ਵਲੋਂ ਬਣਾਏ 'ਤਾਜੀਰਾਤ-ਹਿੰਦ' ਕਾਨੂੰਨ ਦਾ ਉਦੇਸ਼ ਹੀ ਭਾਰਤ ਵਾਸੀਆਂ ਨੂੰ ਗ਼ਰੀਬ ਬਨਾਉਣਾ, ਉਹਨਾਂ ਦਾ ਚਰਿਤਰ ਭ੍ਰਿਸ਼ਟ ਕਰਨਾ, ਉਹਨਾਂ ਵਿਚ ਬੇਈਮਾਨੀ ਅਤੇ ਮੁਕੱਦਮੇਬਾਜ਼ੀ ਦੀ ਆਦਤ ਪਾਉਣਾ ਅਤੇ ਉਹਨਾਂ ਨੂੰ ਪੂਰੀ ਤਰ੍ਹਾਂ ਬਰਬਾਦ ਕਰਨਾ ਸੀ।



# 1

ਇਕ ਮਾਸੂਮ ਬੱਚੇ ਨੂੰ ਅਗਵਾ ਕਰਨ, ਰਿਹਾਅ ਕਰਨ ਬਦਲੇ ਫਿਰੌਤੀ ਮੰਗਣ ਅਤੇ ਫਿਰੌਤੀ ਨਾ ਮਿਲਣ ਕਾਰਨ ਕਤਲ ਕਰਨ ਵਰਗੇ ਸੰਗੀਨ ਜੁਰਮ ਵਿਚ ਪਾਲੇ ਅਤੇ ਮੀਤੇ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ। ਸੂਬੇ ਵਿਚ ਸ਼ਾਤੀ ਭੰਗ ਕਰਨ ਵਿਚ ਜੁਟੇ ਅੱਤਵਾਦੀ ਅਜਿਹੀਆਂ ਵਾਰਦਾਤਾਂ ਕਰਦੇ ਰਹਿੰਦੇ ਸਨ। ਪਾਲੇ ਅਤੇ ਮੀਤੇ ਨੇ ਵੀ ਇਸੇ ਯੋਜਨਾ ਤਹਿਤ ਇਹ ਜੁਰਮ ਕੀਤਾ ਸੀ।

ਦੋਹਾਂ ਧਿਰਾਂ ਦੇ ਵਕੀਲਾਂ ਨੇ ਆਪਣੇ-ਆਪਣੇ ਪੱਖ ਵਿਚ ਲੰਬੀਆਂ-ਚੌੜੀਆਂ ਦਲੀਲਾਂ ਦਿੱਤੀਆਂ ਸਨ। ਮੁਕੱਦਮੇ ਦੀ ਅਹਿਮੀਅਤ ਨੂੰ ਸਮਝਦੇ ਹੋਏ ਅਦਾਲਤ ਨੂੰ ਵੀ ਤਰਕ-ਸੰਗਤ ਫ਼ੈਸਲਾ ਲਿਖਣਾ ਪਿਆ ਸੀ। ਕਾਰਵਾਈ ਮੁਕੰਮਲ ਹੁੰਦਿਆਂ-ਹੁੰਦਿਆਂ ਕੁਵੇਲਾ ਹੋ ਗਿਆ ਸੀ।

ਸ਼ਹਿਰ ਵਿਚਲੀ ਜੇਲ੍ਹ ਛੋਟੀ ਸੀ। ਉਥੇ ਕੇਵਲ ਹਵਾਲਾਤੀਆਂ ਜਾਂ ਛੋਟੀ-ਮੋਟੀ ਸਜ਼ਾ ਭੁਗਤ ਰਹੇ ਕੈਦੀਆਂ ਨੂੰ ਰੱਖਿਆ ਜਾਂਦਾ ਸੀ। ਉਮਰ ਕੈਦ ਦੀ ਸਜ਼ਾ ਭੁਗਤਣ ਲਈ ਖ਼ਤਰਨਾਕ ਅੱਤਵਾਦੀਆਂ ਨੂੰ ਕੇਂਦਰੀ ਜੇਲ੍ਹ ਭੇਜਿਆ ਜਾਂਦਾ ਸੀ।

ਕੇਂਦਰੀ ਜੇਲ੍ਹ ਮਾਇਆ ਨਗਰ ਵਿਚ ਸੀ ਅਤੇ ਮਾਇਆ ਨਗਰ ਇਥੋਂ ਕਰੀਬ ਸੌ ਕਿੱਲੋਮੀਟਰ ਦੂਰ ਸੀ।

ਸ਼ਾਇਦ ਸੂਬੇ ਦਾ ਇਹ ਪਹਿਲਾ ਮੁਕੱਦਮਾ ਸੀ ਜਿਸ ਵਿਚ ਅੱਤਵਾਦੀਆਂ ਨੂੰ ਸਜ਼ਾ ਹੋਈ ਸੀ। ਨਹੀਂ ਤਾਂ ਹੁਣ ਤਕ ਇਹ ਬਰੀ ਹੁੰਦੇ ਰਹੇ ਸਨ।

ਸੌ ਮੀਲ ਲੰਬੇ ਰਸਤੇ ਵਿਚ ਅੱਤਵਾਦੀਆਂ ਵੱਲੋਂ ਪੁਲਿਸ ਵੈਨ 'ਤੇ ਹਮਲਾ ਕਰਨ ਅਤੇ ਆਪਣੇ ਸਾਥੀਆਂ ਨੂੰ ਛੁਡਾ ਲੈਣ ਦੀ ਪੂਰੀ ਸੰਭਾਵਨਾ ਸੀ। ਚੌਕਸ ਪੁਲਿਸ ਨੇ ਸਾਰੇ ਰਸਤੇ ਉਪਰ ਸੁਰੱਖਿਆ ਦਸਤੇ ਤਾਇਨਾਤ ਕਰਨ ਬਾਅਦ ਹੀ ਕੈਦੀਆਂ ਨੂੰ ਮਾਇਆ ਨਗਰ ਦੇ ਰਾਹ ਪਾਇਆ ਸੀ।

ਖ਼ਤਰਨਾਕ ਕੈਦੀਆਂ ਨੂੰ ਇਧਰ-ਉਧਰ ਲੈ ਜਾਣ ਲਈ ਵਿਸ਼ੇਸ਼ ਤੌਰ 'ਤੇ ਬਣੀ ਬੁਲਟ ਪਰੂਫ਼ ਵੈਨ ਵਿਚ ਬੰਦ ਪਾਲੇ ਅਤੇ ਮੀਤੇ ਨੂੰ ਬਾਹਰ ਹੋ ਰਹੀਆਂ ਕਾਰਵਾਈਆਂ ਬਾਰੇ ਕੁਝ ਪਤਾ ਨਹੀਂ ਸੀ।

ਦੋਹਾਂ ਲਈ ਜੇਲ੍ਹ ਯਾਤਰਾ ਨਵੀਂ ਗੱਲ ਨਹੀਂ ਸੀ। ਛੋਟੇ-ਮੋਟੇ ਜੁਰਮਾਂ ਵਿਚ ਬੀਸਿਉਂ ਵਾਰ ਪੁਲਿਸ ਨੇ ਉਹਨਾਂ ਨੂੰ ਫੜਿਆ ਸੀ। ਬਹੁਤੀ ਵਾਰ ਉਹ ਬਰੀ ਹੋਏ ਸਨ। ਕਈ ਵਾਰ ਕੈਦ ਦੀ ਸਜ਼ਾ ਵੀ ਹੋਈ ਸੀ। ਕੈਦ ਦੋ, ਤਿੰਨ ਜਾਂ ਹੱਦ ਛੇ ਮਹੀਨੇ ਕੱਟਣੀ ਹੁੰਦੀ ਸੀ। ਇਹਨਾਂ ਦੋ-ਚਾਰ ਮਹੀਨਿਆਂ ਵਿਚੋਂ ਅੱਧੀ ਸਜ਼ਾ ਕੱਚੀ ਵਿਚ ਹੀ ਕੱਟੀ ਜਾਂਦੀ ਸੀ। ਜਿਹੜੀ ਮਹੀਨਾ ਦੋ ਮਹੀਨੇ ਬਚਦੀ, ਉਹ ਕਦੋਂ ਕੱਟੀ ਜਾਂਦੀ, ਪਤਾ ਹੀ ਨਹੀਂ ਸੀ ਲੱਗਦਾ। ਇਸ ਵਾਰ ਹੋਏ ਉਮਰ ਕੈਦ ਦੇ ਹੁਕਮ ਨੇ ਦੋਹਾਂ ਨੂੰ ਸੁੰਨ ਕਰ ਰੱਖਿਆ ਸੀ।

ਪਹਿਲਾਂ ਜਦੋਂ ਉਹ ਪੇਸ਼ੀ ਭੁਗਤਨ ਜਾਇਆ ਕਰਦੇ ਸਨ ਤਾਂ ਸਾਰੇ ਰਾਹ ਗੱਲੀਂ ਲੱਗੇ ਰਹਿੰਦੇ ਸਨ। ਕਦੇ ਆਪਸ ਵਿਚ, ਕਦੇ ਸਾਥੀ ਹਵਾਲਾਤੀਆਂ ਨੂੰ ਮਜ਼ਾਕ ਕਰਦੇ ਸਨ। ਸਾਰੇ ਰਾਹ ਹਾਸਾ-ਠੱਠਾ ਚੱਲਦਾ ਰਹਿੰਦਾ ਸੀ। ਉਹਨਾਂ ਨੂੰ ਪਤਾ ਸੀ ਕਿ ਉਹਨਾਂ ਉਪਰ ਪਾਇਆ ਗਿਆ ਮੁਕੱਦਮਾ ਝੂਠਾ ਸੀ। ਪੁਲਿਸ, ਗਵਾਹ ਜਾਂ ਲੋਕ ਕੁਝ ਵੀ ਆਖਣ, ਸੱਚ ਕੀ ਹੈ ? ਇਹ ਉਹਨਾਂ ਤੋਂ ਤਾਂ ਨਹੀਂ ਸੀ ਲੁਕਿਆ ਹੋਇਆ। ਪਹਿਲਾਂ ਜਿੰਨੀ ਵਾਰੀ ਵੀ ਉਹਨਾਂ ਨੂੰ ਸਜ਼ਾ ਹੋਈ ਸੀ ਉਹ ਕੀਤੇ ਜੁਰਮਾਂ ਬਦਲੇ ਹੋਈ ਸੀ। ਜੇ ਜੁਰਮ ਕਰਨ ’ਤੇ ਸਜ਼ਾ ਹੁੰਦੀ ਸੀ ਤਾਂ ਨਿਰਦੋਸ਼ ਹੋਣ ਕਾਰਨ ਉਹ ਬਰੀ ਵੀ ਹੋਣਗੇ। ਇਹ ਉਹਨਾਂ ਨੂੰ ਪੱਕਾ ਯਕੀਨ ਸੀ। ਫਿਰ ਸਾਰਾ ਸ਼ਹਿਰ ਉਹਨਾਂ ਦੀ ਪਿੱਠ ’ਤੇ ਸੀ। ਉਹਨਾਂ ਨੂੰ ਬਰੀ ਕਰਵਾਉਣ ਲਈ ਸ਼ਹਿਰ ਵਿਚ ਹੜਤਾਲਾਂ ਹੁੰਦੀਆਂ ਸਨ, ਧਰਨੇ ਵੱਜਦੇ ਸਨ ਅਤੇ ਜਲੂਸ ਨਿਕਲਦੇ ਸਨ। ਸ਼ਹਿਰ ਦੇ ਚੋਟੀ ਦੇ ਵਕੀਲਾਂ ਦੀ ਇਕ ਟੀਮ ਉਹਨਾਂ ਦਾ ਮੁਕੱਦਮਾ ਲੜ ਰਹੀ ਸੀ। ਬਰੀ ਹੋਣ ਦੀ ਆਸ ਲਾਈ ਬੈਠੇ ਉਹ ਭੈੜੇ ਭਵਿੱਖ ਬਾਰੇ ਕਦੇ ਸੋਚਦੇ ਹੀ ਨਹੀਂ ਸਨ।

ਅਚਾਨਕ ਆ ਡਿੱਗੀ ਬਿਜਲੀ ਕਾਰਨ ਉਹ ਗੱਲਾਂ ਕਰਨੀਆਂ ਭੁੱਲ ਗਏ ਸਨ। ਕਾਲੇ ਭਵਿੱਖ ਦੀ ਕਲਪਨਾ ਕਰਦੇ ਉਹ ਆਪਣੇ-ਆਪ ਨਾਲ ਖੌਜਲ ਰਹੇ ਸਨ। ਪਾਲਾ ਵਿਆਹਿਆ-ਵਰ੍ਹਿਆ ਸੀ। ਉਸ ਦੇ ਪੈਰਾਂ ’ਚ ਕਬੀਲਦਾਰੀ ਦੀਆਂ ਬੇੜੀਆਂ ਸਨ। ਉਸ ਦੇ ਮਾਂ-ਬਾਪ ਬੁੱਢੇ ਹੋ ਚੁੱਕੇ ਸਨ। ਜਵਾਨ ਭੈਣਾਂ ਦਾ ਆਪਣੇ ਘਰ ਜਾਣ ਦਾ ਵਕਤ ਆਇਆ ਹੋਇਆ ਸੀ। ਦੋ ਸਾਲ ਪਹਿਲਾਂ ਸੌ ਮਿੰਨਤ ਤਰਲੇ ਬਾਅਦ ਮਸਾਂ ਉਸ ਦਾ ਵਿਆਹ ਹੋਇਆ ਸੀ। ਪਾਲੇ ਦੇ ਫੜੇ ਜਾਣ ਤੋਂ ਬਾਅਦ ਉਸ ਦੇ ਘਰ ਇਕ ਅਭਾਗੀ ਕੁੜੀ ਨੇ ਜਨਮ ਲਿਆ ਸੀ। ਪਾਲੇ ਦੇ ਦੋ-ਚਾਰ ਮਹੀਨੇ ਜੇਲ੍ਹ ਜਾਣ ਨਾਲ ਹੀ ਕਬੀਲਦਾਰੀ ਦੀ ਰੇਲ ਪਟੜੀ ਤੋਂ ਲਹਿ ਜਾਇਆ ਕਰਦੀ ਸੀ। ਉਮਰ ਕੈਦ ਦੀ ਸਜ਼ਾ ਸੁਣਦਿਆਂ ਹੀ ਉਸ ਦੀ ਘਰਵਾਲੀ ਨੂੰ ਉਸ ਦੇ ਪੇਕਿਆਂ ਨੇ ਲੈ ਜਾਣਾ ਸੀ ਅਤੇ ਪੈਸੇ ਲੈ ਕੇ ਕਿਧਰੇ ਹੋਰ ਬਿਠਾ ਦੇਣਾ ਸੀ।

ਬੰਤੋ ਦਾ ਪਹਿਲਾਂ ਹੀ ਪਾਲੇ ਦੇ ਘਰ ਦਿਲ ਨਹੀਂ ਸੀ ਲੱਗਦਾ। ਖਸਮ ਨੂੰ ਹੋਈ ਸਜ਼ਾ ਉਹ ਕਿਉਂ ਭੁਗਤੇ ? ਸ਼ਰਮ ਵਾਲਾ ਘੁੰਡ ਚੁੱਕਣ ਲਈ ਘਰਵਾਲੀ ਨੂੰ ਵਧੀਆ ਬਹਾਨਾ ਮਿਲ ਗਿਆ। ਪਤਨੀ ਦਾ ਸਹੁਰਾ ਘਰ ਛੱਡ ਕੇ ਪੇਕੀਂ ਜਾ ਬੈਠਣ ਦੀ ਖ਼ਬਰ ਉਸ ਨੂੰ ਮਿਲਣ ਹੀ ਵਾਲੀ ਸੀ। ਪਿੱਛੋਂ ਉਸ ਦੀ ਬੇਟੀ ਦਾ ਪਤਾ ਨਹੀਂ ਕੀ ਬਣੇਗਾ, ਜਿਸ ਦਾ ਹਾਲੇ ਤਕ ਉਸ ਨੇ ਰੱਜ ਕੇ ਮੂੰਹ ਵੀ ਨਹੀਂ ਸੀ ਦੇਖਿਆ। ਇਹੋ ਜਿਹੀਆਂ ਚਿੰਤਾਵਾਂ ਪਾਲੇ ਨੂੰ ਖਾਈ ਜਾ ਰਹੀਆਂ ਸਨ।

ਮੀਤਾ ਛੜਾ-ਛੜਾਂਗ ਸੀ। ਜੇਬਾਂ ਕੱਟਣਾ ਉਸ ਦਾ ਮਨ-ਭਾਉਂਦਾ ਪੇਸ਼ਾ ਰਿਹਾ ਸੀ। ਅਸਾਮੀ ਦਾ ਪਿੱਛਾ ਕਰਦਿਆਂ ਕਈ ਵਾਰ ਉਹ ਦਿੱਲੀ ਤਕ ਨਿਕਲ ਜਾਂਦਾ ਸੀ। ਘਾਟ-ਘਾਟ ਦਾ ਪਾਣੀ ਪੀਣ ਦੀ ਉਸ ਨੂੰ ਆਦਤ ਪੈ ਚੁੱਕੀ ਸੀ। ਇਕ ਥਾਂ ’ਤੇ ਬੱਝੇ ਰਹਿਣਾ ਹੁਣ ਉਸ ਨੂੰ ਕੋਹਲੂ ਦੇ ਬੈਲ ਵਾਂਗ ਲੱਗਦਾ ਸੀ।

ਜੇਲ੍ਹਾਂ ਦਾ ਦਮ-ਘੋਟੂ ਮਾਹੌਲ ਮੀਤੇ ਲਈ ਨਵਾਂ ਨਹੀਂ ਸੀ, ਪਰ ਜਿਸ ਜੇਲ੍ਹ ਵਿਚ ਉਸ ਨੂੰ ਲਿਜਾਇਆ ਜਾ ਰਿਹਾ ਸੀ, ਉਸ ਅੰਦਰਲੇ ਮਾਹੌਲ ਬਾਰੇ ਸੋਚ ਕੇ ਉਸ ਨੂੰ ਕਾਂਬਾ ਛਿੜ ਰਿਹਾ ਸੀ।

ਕੇਂਦਰੀ ਜੇਲ੍ਹ ਨੂੰ ਟਿੱਬੇ ਪੱਧਰੇ ਕਰ ਕੇ ਉਸਾਰਿਆ ਗਿਆ ਸੀ। ਸਰਕਾਰ ਨੇ ਭਾਵੇਂ ਇਸ ਥਾਂ ਦੀ ਚੋਣ ਜ਼ਮੀਨ ਦੇ ਸਸਤੇ ਭਾਅ ਨੂੰ ਧਿਆਨ ਵਿਚ ਰੱਖ ਕੇ ਕੀਤੀ ਸੀ, ਪਰ ਕੈਦੀ ਇਸ ਦੇ ਹੋਰ ਅਰਥ ਕੱਢਦੇ ਸਨ। ਰੇਤੇ ਨੇ ਜ਼ਮੀਨ ਦਾ ਹਾਲੇ ਤਕ ਖਹਿੜਾ ਨਹੀਂ ਸੀ ਛੱਡਿਆ। ਸਾਰੀ



ਜੇਲ੍ਹ ਵਿਚ ਗਿੱਠ-ਗਿੱਠ ਰੇਤਾ ਵਿਛਿਆ ਹੋਇਆ ਸੀ। ਜੇਲ੍ਹ ਅਧਿਕਾਰੀਆਂ ਨੂੰ ਕੈਦੀਆਂ ਦੇ ਬੇੜੀਆਂ ਪਾਉਣ ਦੀ ਲੋੜ ਨਹੀਂ ਸੀ ਪੈਂਦੀ। ਰੇਤਾ ਹੀ ਬੇੜੀਆਂ ਦਾ ਕੰਮ ਦੇ ਰਿਹਾ ਸੀ। ਜੇਲ੍ਹ ਅਧਿਕਾਰੀ ਜਾਣ-ਬੁਝ ਕੇ ਰੇਤਾ ਨਹੀਂ ਸਨ ਚੁਕਵਾ ਰਹੇ। ਕੈਦੀਆਂ ਨੂੰ ਕਾਬੂ ਰੱਖਣ ਵਿਚ ਇਹ ਉਹਨਾਂ ਦੀ ਸਹਾਇਤਾ ਕਰ ਰਿਹਾ ਸੀ। ਜੇਲ੍ਹ ਵਿਚ ਇਕ ਵੀ ਛਾਂ-ਦਾਰ ਦਰੱਖ਼ਤ ਨਹੀਂ ਸੀ। ਦਰੱਖ਼ਤ ਨਾ ਲਗਵਾ ਸਕਣ ਦਾ ਸਰਕਾਰ ਦਾ ਆਪਣਾ ਤਰਕ ਸੀ। ਖ਼ੁਸ਼ਕ ਧਰਤੀ ਵਿਚੋਂ ਪੀਣ ਜੋਗਾ ਪਾਣੀ ਹੀ ਮੁਸ਼ਕਿਲ ਨਾਲ ਨਿਕਲਦਾ ਸੀ। ਦਰੱਖ਼ਤਾਂ ਨੂੰ ਦੇਣ ਲਈ ਮਣਾਂ-ਮੂੰਹੀਂ ਪਾਣੀ ਕਿਥੋਂ ਆਵੇ ? ਪਰ ਕੈਦੀ ਏਨੇ ਭੋਲੇ ਨਹੀਂ ਸਨ। ਸਰਕਾਰ ਦੇ ਇਸ ਬਹਾਨੇ ਪਿਛਲੀ ਸ਼ਰਾਰਤ ਦੀ ਉਹਨਾਂ ਨੂੰ ਸਮਝ ਸੀ। ਸੁਰੱਖਿਆ ਗਾਰਦਾਂ ਨੂੰ ਰੜੇ ਮੈਦਾਨ ਉਪਰ ਘੁੰਮਦੇ ਕੈਦੀਆਂ ਉਪਰ ਨਜ਼ਰ ਰੱਖਣੀ ਆਸਾਨ ਸੀ। ਅਧਿਕਾਰੀਆਂ ਨੂੰ ਕੈਦੀਆਂ ਨਾਲੋਂ ਆਪਣੀ ਸਹੂਲਤ ਦਾ ਵੱਧ ਫ਼ਿਕਰ ਸੀ। ਦੂਰ-ਦੂਰ ਤਕ ਫੈਲੇ ਰੇਤੇ ਅਤੇ ਹਰਿਆਵਲ ਦੀ ਘਾਟ ਕਾਰਨ, ਉੱਚੀਆਂ ਖ਼ੁਸ਼ਕ ਕੰਧਾਂ ਨੂੰ ਦੇਖ-ਦੇਖ ਕੈਦੀਆਂ ਦੀਆਂ ਅੱਖਾਂ ਥੱਕ ਜਾਂਦੀਆ ਸਨ ਅਤੇ ਮਨ ਉਚਾਟ ਹੋ ਜਾਂਦਾ ਸੀ। ਸਾਲਾਂ-ਬੱਧੀ ਕਿਸੇ ਕੁੱਤੇ-ਬਿੱਲੇ ਤਾਂ ਕੀ, ਚਿੜੀ ਕਾਂ ਤਕ ਦੀ ਝਲਕ ਨਹੀਂ ਸੀ ਪੈਂਦੀ।

ਜਿਸ ਰਸਤੇ ਉਪਰ ਉਹਨਾਂ ਦੀ ਵੈਨ ਦੌੜ ਰਹੀ ਸੀ, ਉਸ ਦੇ ਇੰਚ-ਇੰਚ ਤੋਂ ਮੀਤਾ ਵਾਕਿਫ਼ ਸੀ। ਜਿਸ ਵੈਨ ਵਿਚ ਉਹਨਾਂ ਨੂੰ ਲਿਜਾਇਆ ਜਾ ਰਿਹਾ ਸੀ, ਉਸ ਵਿਚ ਘੁੱਪ ਹਨੇਰਾ ਸੀ। ਬਾਹਰ ਦੇਖਣ ਲਈ ਖਿੜਕੀਆਂ ਵਿਚ ਜੋ ਦੋ ਛੋਟੀਆਂ-ਛੋਟੀਆਂ ਜਾਲੀਆਂ ਲੱਗੀਆਂ ਹੋਈਆਂ ਸਨ, ਸੁਰੱਖਿਆ ਕਾਰਨਾਂ ਕਰਕੇ ਉਹਨਾਂ ਨੂੰ ਬੰਦ ਕਰ ਦਿੱਤਾ ਗਿਆ ਸੀ। ਫਿਰ ਵੀ ਮੀਤਾ ਆਸਾਨੀ ਨਾਲ ਬਾਹਰਲੇ ਦ੍ਰਿਸ਼ਾਂ ਦੀ ਕਲਪਨਾ ਕਰ ਸਕਦਾ ਸੀ। ਸੜਕ ਦੇ ਦੋਹੀਂ ਪਾਸੀਂ ਉੱਗੇ ਦਰੱਖ਼ਤਾਂ ਦੀਆਂ ਟਹਿਣੀਆਂ, ਚੱਲ ਰਹੀ ਮਿੰਨੀ-ਮਿੰਨੀ ਹਵਾ ਨਾਲ ਝੂਮ ਰਹੀਆਂ ਸਨ। ਉਹਨਾਂ ਉਪਰ ਬੈਠੇ ਪੰਛੀ ਚਹਿਕ ਰਹੇ ਸਨ। ਹਰੇ-ਭਰੇ ਖੇਤਾਂ ਵਿਚ ਕੰਮ ਕਰਦੀਆਂ ਸਵਾਣੀਆਂ ਆਪਸ ਵਿਚ ਛੇੜਖ਼ਾਨੀਆਂ ਕਰਦੀਆਂ ਚਾਂਬੜੇ ਪਾ ਰਹੀਆਂ ਸਨ। ਸਾਈਕਲਾਂ ਅਤੇ ਰੇੜ੍ਹਿਆਂ ਉੱਪਰ ਬੈਠ ਕੇ ਘਰਾਂ ਨੂੰ ਮੁੜਦੇ ਮਜ਼ਦੂਰ ਅਤੇ ਕਿਸਾਨ ਉੱਚੀਆਂ ਹੇਕਾਂ ਲਾ-ਲਾ ਢੋਲੇ ਗਾ ਰਹੇ ਸਨ।

ਉਮਰ ਭਰ ਲਈ ਰੇਗਿਸਤਾਨ ਵਿਚ ਕੈਦ ਹੋਣ ਤੋਂ ਪਹਿਲਾਂ ਸੈਰਾਂ ਅਤੇ ਹਰਿਆਵਲਾਂ ਦਾ ਸ਼ੌਕੀਨ ਮੀਤਾ ਆਪਣੇ ਮਨ ਉਪਰ ਇਹਨਾਂ ਮਨਮੋਹਕ ਦ੍ਰਿਸ਼ਾਂ ਨੂੰ ਉਕਰ ਲੈਣਾ ਚਾਹੁੰਦਾ ਸੀ ਤਾਂ ਜੋ ਭੈੜੇ ਖ਼ੁਸ਼ਕ ਦਿਨਾਂ ਵਿਚ ਇਹਨਾਂ ਦਾ ਸਹਾਰਾ ਲਿਆ ਜਾ ਸਕੇ, ਪਰ ਘੁੱਪ ਹਨੇਰੇ ਵਿਚ ਬੈਠੇ ਮੀਤੇ ਦੀ ਸਜ਼ਾ ਜੇਲ੍ਹ ਪੁੱਜਣ ਤੋਂ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ।

ਫ਼ਿਕਰਾਂ ਵਿਚ ਡੁੱਬੇ ਪਾਲੇ ਅਤੇ ਮੀਤੇ ਨੂੰ ਪਤਾ ਹੀ ਨਾ ਲੱਗਾ ਕਦੋਂ ਵੈਨ ਚੱਲੀ ਅਤੇ ਕਦੋਂ ਰੁਕੀ।

ਵੈਨ ਦੇ ਰੁਕਦਿਆਂ ਹੀ ਉਹਨਾਂ ਨੂੰ ਜੇਲ੍ਹ ਤਕ ਛੱਡਣ ਆਈ ਪੁਲਿਸ ਹਰਕਤ ਵਿਚ ਆ ਗਈ। ਵੱਜਦੀਆਂ ਸੀਟੀਆਂ ਅਤੇ ਭਾਰੇ ਬੂਟਾਂ ਦੇ ਖੜਕੇ ਤੋਂ ਉਹਨਾਂ ਭਾਂਪ ਲਿਆ ਕਿ ਆਖ਼ਰੀ ਮੰਜ਼ਿਲ ਆ ਗਈ ਹੈ।

ਗਾਰਦ ਦੇ ਮੁਖੀ ਹੌਲਦਾਰ ਨੇ ਆਪਣੀ ਜੇਬ ਵਿਚੋਂ ਚਾਬੀ ਕੱਢੀ, ਵੈਨ ਦਾ ਜਿੰਦਰਾ ਖੋਲ੍ਹਿਆ, ਕੈਦੀਆਂ ਦੇ ਲੱਗੀ ਹੱਥਕੜੀ ਠੀਕ-ਠਾਕ ਹੋਣ ਦੀ ਤਸੱਲੀ ਕੀਤੀ। ਫੇਰ ਉਹਨਾਂ ਨੂੰ ਵੈਨ ਵਿਚੋਂ ਬਾਹਰ ਆਉਣ ਦਾ ਹੁਕਮ ਹੋਇਆ।

ਵੈਨ ਦੇ ਅੱਗੇ-ਅੱਗੇ ਚੱਲ ਰਹੀ ਜੀਪ ਵਿਚ ਬੈਠੇ ਥਾਣੇਦਾਰ ਨੇ ਸੰਤਰੀ ਨੂੰ ਪਹਿਲਾਂ ਚੁਕੰਨਾ ਕਰ ਦਿੱਤਾ ਸੀ। ਇਹਨਾਂ ਖ਼ਤਰਨਾਕ ਕੈਦੀਆਂ ਦੇ ਸਾਥੀ ਇਹਨਾਂ ਨੂੰ ਜੇਲ੍ਹ ਦੇ ਦਰਵਾਜ਼ੇ ਕੋਲੋਂ

ਵੀ ਛੁਡਾ ਲੈਣ ਦੀ ਜੁਰਅੱਤ ਰੱਖਦੇ ਹਨ। ਪੁਲਿਸ ਕੈਦੀਆਂ ਦੇ ਫ਼ਰਾਰ ਹੋਣ ਦਾ ਜ਼ੋਖ਼ਮ ਨਹੀਂ ਸੀ ਉਠਾ ਸਕਦੀ। ਇਸ ਲਈ ਵੈਨ ਜੇਲ੍ਹ ਦੇ ਮੁੱਖ ਦਰਵਾਜ਼ੇ ਤਕ ਆਉਣ ਦੀ ਇਜਾਜ਼ਤ ਉਸ ਨੇ ਲੈ ਲਈ ਸੀ।

ਵੈਨ ਦੇ ਦਰਵਾਜ਼ੇ ਕੋਲ ਪੁੱਜਣ ਤੋਂ ਪਹਿਲਾਂ ਹੀ ਫ਼ੁਰਤੀ ਨਾਲ ਸੰਤਰੀ ਨੇ ਵੱਡੇ ਦਰਵਾਜ਼ੇ ਦੀ ਛੋਟੀ ਖਿੜਕ ਖੋਲ੍ਹ ਦਿੱਤੀ।

ਵੈਨ ਵਿਚੋਂ ਉਤਰਦਿਆਂ ਹੀ ਪਾਲੇ ਅਤੇ ਮੀਤੇ ਨੂੰ ਦਰਵਾਜ਼ੇ ਵੱਲ ਦੌੜਨ ਦਾ ਹੁਕਮ ਹੋਇਆ। ਦਰਵਾਜ਼ੇ 'ਚ ਦਾਖ਼ਲ ਹੋਣ ਤੋਂ ਪਹਿਲਾਂ, ਜਿਉਂ ਹੀ ਮੀਤੇ ਨੇ ਪਿਛਾਂਹ ਮੁੜ ਕੇ ਸੜਕ ਉਪਰ ਟਹਿਲਦੇ ਲੋਕਾਂ ਅਤੇ ਹਰੇ-ਭਰੇ ਖੇਤਾਂ ਨੂੰ ਨਿਹਾਰਨਾ ਚਾਹਿਆ, ਤਿਉਂ ਹੀ ਇਕ ਮੁੱਕਾ ਉਸ ਦੇ ਮੌਰਾਂ ਵਿਚ ਵੱਜਿਆ ਅਤੇ ਉਸ ਨੂੰ ਘੁਮੇਰ ਆ ਗਈ।

'ਕਿਹੜੇ ਖਸਮਾਂ ਨੂੰ ਉਡੀਕਦੈਂ ? ਤੈਨੂੰ ਛੁਡਾਉਣ ਕੋਈ ਨਹੀਂ ਆਇਆ।' ਆਖਦੇ ਹੌਲਦਾਰ ਨੇ ਹੱਥਕੜੀ ਵਾਲਾ ਸੰਗਲ ਖਿੱਚ ਕੇ ਦੋਹਾਂ ਨੂੰ ਆਪਣੇ ਵੱਲ ਧੂਹਿਆ ਅਤੇ ਧੱਕਾ ਦੇ ਕੇ ਖਿੜਕੀ ਵਰਗੇ ਛੋਟੇ ਦਰਵਾਜ਼ੇ ਰਾਹੀਂ ਜੇਲ੍ਹ ਦੀ ਡਿਉੜੀ ਵਿਚ ਸੁੱਟ ਦਿੱਤਾ।



# 2

ਅਚਾਨਕ ਪਏ ਧੱਕੇ ਕਾਰਨ ਦੋਹਾਂ ਦਾ ਸੰਤੁਲਨ ਵਿਗੜ ਗਿਆ। ਇਕ ਲੱਤੋਂ ਕਮਜ਼ੋਰ ਹੋਣ ਕਾਰਨ ਪਾਲਾ ਧੜੰਮ ਦੇਣੇ ਫ਼ਰਸ਼ 'ਤੇ ਜਾ ਡਿੱਗਾ। ਉਸ ਦੇ ਗਿੱਟੇ-ਗੋਡੇ ਰਗੜੇ ਗਏ। ਰਗੜਾਂ ਵਿਚੋਂ ਖ਼ੂਨ ਸਿੰਮਣ ਲੱਗਾ। ਡਰਦਾ ਮਾਰਾ ਇਕ ਨੁੱਕਰ ਵੱਲ ਖਿਸਕ ਕੇ ਪਾਲਾ ਸੱਟਾਂ ਵਿਚੋਂ ਉੱਠੇ ਦਰਦ ਨੂੰ ਅੰਦਰ ਹੀ ਅੰਦਰ ਪੀਣ ਦਾ ਯਤਨ ਕਰਨ ਲੱਗਾ।

ਮੀਤਾ ਫੁਰਤੀਲਾ ਸੀ। ਡਿੱਕੋ-ਡੋਲੇ ਖਾਂਦਾ-ਖਾਂਦਾ ਉਹ ਸੰਭਲ ਗਿਆ ਅਤੇ ਸੱਟ-ਫੇਟ ਤੋਂ ਬਚ ਗਿਆ। ਭੀੜ-ਭੜੱਕੇ ਤੋਂ ਬਚਣ ਲਈ ਉਹ ਪਾਲੇ ਕੋਲ ਜਾ ਖਲੋਤਾ ਅਤੇ ਕੇਂਦਰੀ ਜੇਲ੍ਹ ਦੀ ਡਿਉੜੀ ਦਾ ਜਾਇਜ਼ਾ ਲੈਣ ਲੱਗਾ। 'ਜਿਵੇਂ ਗੁਹਾਰਿਆਂ ਤੋਂ ਪਿੰਡ ਦੀ ਪਛਾਣ ਹੋ ਜਾਂਦੀ ਹੈ, ਉਸੇ ਤਰ੍ਹਾਂ ਡਿਉੜੀ ਤੋਂ ਜੇਲ੍ਹ ਅੰਦਰਲੇ ਮਾਹੌਲ ਦਾ ਜਾਇਜ਼ਾ ਲੱਗ ਜਾਂਦਾ ਹੈ।' ਮੀਤਾ ਆਪਣੇ ਉਸਤਾਦ ਦੇ ਇਸ ਉਪਦੇਸ਼ ਨੂੰ ਪਰਖਣ ਲੱਗਾ। ਮੀਤੇ ਨੂੰ ਦੈਂਤ ਵਰਗੇ ਦੋ ਲੰਮੇ-ਚੌੜੇ ਦਰਵਾਜ਼ਿਆਂ ਵਿਚ ਘਿਰੀ ਇਸ ਜੇਲ੍ਹ ਦੀ ਡਿਉੜੀ ਵੀ ਆਮ ਜੇਲ੍ਹਾਂ ਵਰਗੀ ਹੀ ਲੱਗੀ। ਉਸੇ ਤਰ੍ਹਾਂ ਖੱਬੇ ਹੱਥ ਛੋਟੇ ਜੇਲ੍ਹ ਅਧਿਕਾਰੀਆਂ ਦੇ ਅਤੇ ਸੱਜੇ ਹੱਥ ਵੱਡੇ ਅਧਿਕਾਰੀਆਂ ਦੇ ਦਫ਼ਤਰ ਸਨ। ਇਸ ਡਿਉੜੀ ਦੀ ਇਕ ਕੰਧ ਉਪਰ ਵੀ ਕਾਲਾ ਰੰਗ ਕਰ ਕੇ ਨੋਟਿਸ ਬੋਰਡ ਬਣਾਇਆ ਗਿਆ ਸੀ, ਜਿਸ ਉਪਰ ਡਿਊਟੀ 'ਤੇ ਤਾਇਨਾਤ ਕਰਮਚਾਰੀਆਂ ਦੇ ਨਾਂ ਲਿਖੇ ਹੋਏ ਸਨ। ਨੋਟਿਸ ਬੋਰਡ ਦੇ ਨਾਲ ਹੀ ਆਦਮ ਕੱਦ ਸ਼ੀਸ਼ਾ ਲੱਗਾ ਹੋਇਆ ਸੀ, ਜਿਸ ਵਿਚ ਹਰ ਆਉਂਦਾ-ਜਾਂਦਾ ਕੈਦੀ ਅਤੇ ਕਰਮਚਾਰੀ ਆਪਣਾ ਹੁਲੀਆ ਦੇਖਦਾ ਸੀ। ਨੋਟਿਸ ਬੋਰਡ ਦੇ ਸਾਹਮਣੇ ਵਾਲੀ ਕੰਧ ਉਪਰ ਦੋ ਵੱਡੀਆਂ ਮੋਟੀਆਂ ਹੁੱਕਾਂ ਗੱਡੀਆਂ ਹੋਈਆਂ ਸਨ। ਇਕ ਹੁੱਕ ਉਪਰ ਬਿਗਲ ਟੰਗਿਆ ਹੋਇਆ ਸੀ, ਜਿਹੜਾ ਖ਼ਤਰੇ ਸਮੇਂ ਵਜਾਇਆ ਜਾਂਦਾ ਸੀ। ਦੂਜੀ ਹੁੱਕ ਉਪਰ ਇਕ ਲੋਹੇ ਦੀ ਮਜ਼ਬੂਤ ਟੱਲੀ ਟੰਗੀ ਹੋਈ ਸੀ, ਜਿਸ ਨੂੰ ਹਰ ਘੰਟੇ ਬਾਅਦ ਵਜਾਇਆ ਜਾਂਦਾ ਸੀ। ਘੰਟੀ ਦੇ ਨਾਲ ਹੀ ਇਕ ਬਕਸਾ ਟੰਗਿਆ ਹੋਇਆ ਸੀ, ਜਿਸ ਵਿਚਕਾਰਲੀਆਂ ਛੋਟੀਆਂ ਹੁੱਕਾਂ ਉਪਰ ਚਾਬੀਆਂ ਦੇ ਗੁੱਛੇ ਲਟਕ ਰਹੇ ਸਨ। ਅੰਦਰਲੇ ਦਰਵਾਜ਼ੇ ਦਾ ਸੰਤਰੀ ਮੋਢੇ ਉਪਰ ਬੰਦੂਕ ਟੰਗੀ ਪਹਿਰੇ ਉਪਰ ਖੜ੍ਹਾ ਸੀ। ਉਸ ਦੇ ਕੋਲ ਬੰਦੇ ਦੀ ਹਿੱਕ ਜਿੰਨਾ ਉੱਚਾ ਮੇਜ਼ ਪਿਆ ਸੀ, ਜਿਸ ਉਪਰ ਰੋਜ਼ਨਾਮਚਾ ਰੱਖਿਆ ਹੋਇਆ ਸੀ। ਕੈਦੀ ਮੁਨਸ਼ੀ ਰੋਜ਼ਨਾਮਚੇ ਵਿਚ ਲਿਖਾ-ਪੜ੍ਹੀ ਕਰਨ ਵਿਚ ਮਗਨ ਸੀ।

ਮੀਤੇ ਨੂੰ ਸਿਰਫ਼ ਏਨਾ ਕੁ ਹੀ ਫ਼ਰਕ ਨਜ਼ਰ ਆਇਆ ਕਿ ਇਸ ਡਿਉੜੀ ਦੀ ਲੰਬਾਈ-ਚੌੜਾਈ ਕੁਝ ਵੱਧ ਸੀ ਅਤੇ ਫ਼ਰਸ਼ ਵੀ ਇੱਟਾਂ ਦਾ ਸੀ। ਅਫ਼ਸਰਾਂ ਦੀ ਗਿਣਤੀ ਵੱਧ ਹੋਣ ਕਾਰਨ ਸੇਵਾ ਵਿਚ ਲੱਗੇ ਕੈਦੀਆਂ ਦੀ ਗਿਣਤੀ ਵੱਧ ਨਜ਼ਰ ਆਉਂਦੀ ਸੀ। ਸਫ਼ੈਦ ਕੁੜਤਾ-ਪਜਾਮਾ ਪਾਈ ਕਦੇ ਕੋਈ ਕੈਦੀ ਚਾਹ ਦੀਆਂ ਪਿਆਲੀਆਂ ਵਾਲੀ ਟ੍ਰੇ ਚੁੱਕੀ ਦਫ਼ਤਰ ਵੱਲ ਨੂੰ ਜਾਂਦਾ ਨਜ਼ਰ ਆ ਜਾਂਦਾ ਸੀ ਅਤੇ ਕਦੇ ਕੋਈ ਰਜਿਸਟਰ ਕਾਪੀਆਂ ਚੁੱਕੀ ਦਫ਼ਤਰੋਂ ਬਾਹਰ ਨਿਕਲਦਾ। ਲੰਬੀ ਕੈਦ ਭੁਗਤ ਲੈਣ ਦਾ ਤਜਰਬਾ ਹੋ ਜਾਣ ਕਾਰਨ ਇਹਨਾਂ ਦੇ ਚਿਹਰਿਆਂ 'ਤੇ ਤਨਾਓ ਵੀ ਘੱਟ ਸੀ

ਅਤੇ ਸ਼ਿਕਨ ਵੀ। ਜਾਪਦਾ ਸੀ ਜਿਵੇਂ ਇਹਨਾਂ ਕੈਦੀਆਂ ਨੇ ਸਮੇਂ ਅਨੁਸਾਰ ਆਪਣੇ ਆਪ ਨੂੰ ਢਾਲ ਲਿਆ ਸੀ।

ਡਿਉੜੀ ਅਤੇ ਅਫ਼ਸਰਾਂ ਦੀ ਸੇਵਾ ਵਿਚ ਰੁੱਝੇ ਸ਼ਾਂਤ ਕੈਦੀਆਂ ਨੂੰ ਦੇਖ ਕੇ ਮੀਤੇ ਦਾ ਡੋਲਦਾ ਮਨ ਥਾਂ ਸਿਰ ਆਉਣ ਲੱਗਾ।

ਪਾਲੇ ਅਤੇ ਮੀਤੇ ਦੇ ਡਿਉੜੀ ਵਿਚ ਪ੍ਰਵੇਸ਼ ਕਰਦਿਆਂ ਹੀ ਸੁਸਤ ਪਏ ਜੇਲ੍ਹ ਅਤੇ ਪੁਲਿਸ ਅਧਿਕਾਰੀ ਹਰਕਤ ਵਿਚ ਆ ਗਏ।

ਜੇਲ੍ਹ ਦੇ ਕਾਇਦੇ ਅਨੁਸਾਰ ਉਹਨਾਂ ਕੈਦੀਆਂ ਨੂੰ ਹੀ ਜੇਲ੍ਹ ਵਿਚ ਪ੍ਰਵੇਸ਼ ਕਰਵਾਇਆ ਜਾਂਦਾ ਸੀ ਜਿਹੜੇ ਪੰਜ ਵਜੇ ਤਕ ਜੇਲ੍ਹ ਦੀ ਡਿਉੜੀ ਤਕ ਪੁੱਜ ਜਾਂਦੇ ਸਨ। ਲੇਟ ਹੋਏ ਕੈਦੀਆਂ ਨੂੰ ਰਾਤ ਬਾਹਰ ਕਿਸੇ ਥਾਣੇ ਵਿਚ ਕੱਟਣੀ ਪੈਂਦੀ ਸੀ। ਵਿਗੜੇ ਹਾਲਾਤ ਕਾਰਨ ਥਾਣੇ ਵਾਲੇ ਕੈਦੀਆਂ ਨੂੰ ਰਾਤ ਕਟਾਉਣ ਵਿਚ ਆਨਾ-ਕਾਨੀ ਕਰਦੇ ਸਨ। ਖੱਜਲ-ਖ਼ੁਆਰੀ ਤੋਂ ਬਚਣ ਲਈ ਕੈਦੀਆਂ ਨੂੰ ਜੇਲ੍ਹ ਛੱਡਣ ਆਏ ਪੁਲਿਸ ਕਰਮਚਾਰੀਆਂ ਦਾ ਇਹ ਯਤਨ ਹੁੰਦਾ ਸੀ ਕਿ ਉਹ ਪੰਜ ਵਜੇ ਤੋਂ ਪਹਿਲਾਂ ਹੀ ਜੇਲ੍ਹ ਪਹੁੰਚ ਜਾਣ।

ਦੋ ਹੋਰ ਅਦਾਲਤਾਂ ਵੱਲੋਂ ਦੋ ਹੋਰ ਕੈਦੀਆਂ ਨੂੰ ਸਜ਼ਾ ਸੁਣਾਈ ਗਈ ਸੀ। ਉਹਨਾਂ ਕੈਦੀਆਂ ਨੂੰ ਲੈ ਕੇ ਪੁਲਿਸ ਕਰਮਚਾਰੀ ਚਾਰ ਵਜੇ ਹੀ ਜੇਲ੍ਹ ਅੱਪੜ ਗਏ ਸਨ। ਉਹਨਾਂ ਪੁਲਿਸ ਕਰਮਚਾਰੀਆਂ ਦਾ ਜਲਦੀ ਫ਼ਾਰਿਗ਼ ਹੋਣ 'ਤੇ ਜ਼ੋਰ ਲੱਗਾ ਹੋਇਆ ਸੀ। ਉਹ ਵੀ ਕੈਦੀਆਂ ਨੂੰ ਪੰਜਾਹ-ਪੰਜਾਹ ਮੀਲ ਦੂਰੋਂ ਲੈ ਕੇ ਆਏ ਸਨ। ਭੈੜੇ ਦਿਨ ਹੋਣ ਕਾਰਨ ਸੂਰਜ ਦੇ ਛਿਪਦਿਆਂ ਹੀ ਬੱਸਾਂ ਚੱਲਣੀਆਂ ਬੰਦ ਹੋ ਜਾਂਦੀਆਂ ਸਨ। ਵਰਦੀ ਵਾਲੇ ਪੁਲਿਸ ਕਰਮਚਾਰੀਆਂ ਨੂੰ ਆਮ ਲੋਕਾਂ ਨਾਲੋਂ ਵੱਧ ਖ਼ਤਰਾ ਹੁੰਦਾ ਸੀ। ਜੇ ਸਮੇਂ ਸਿਰ ਉਹਨਾਂ ਨੂੰ ਫ਼ਾਰਗ਼ ਨਾ ਕੀਤਾ ਗਿਆ ਤਾਂ ਉਹਨਾਂ ਨੂੰ ਰਾਤ ਕਿਸੇ ਥਾਣੇ ਵਿਚ ਕੱਟਣੀ ਪੈਣੀ ਸੀ। ਅਗਲੇ ਦਿਨ ਅਫ਼ਸਰਾਂ ਨੇ ਵੱਖ ਝਿੜਕਾਂ ਦੇਣੀਆਂ ਸਨ। ਦੋਸ਼ ਲੱਗਣਾ ਸੀ ਕਿ ਉਹ ਜਾਣ-ਬੁਝ ਕੇ ਲੇਟ ਹੋਏ ਸਨ ਅਤੇ ਰਾਤ ਘਰੇ ਕੱਟ ਕੇ ਆਏ ਸਨ।

ਜੇਲ੍ਹ ਅਧਿਕਾਰੀ ਉਹਨਾਂ ਦੀ ਮਜਬੂਰੀ ਸਮਝਦੇ ਸਨ, ਪਰ ਉਹਨਾਂ ਦੀ ਮਜਬੂਰੀ ਪੁਲਿਸ ਵਾਲੇ ਨਹੀਂ ਸਨ ਸਮਝ ਰਹੇ। ਪਹਿਲੀ ਵਾਰ ਦੋ ਅੱਤਵਾਦੀਆਂ ਨੂੰ ਸਜ਼ਾ ਹੋਈ ਸੀ। ਹੈਰਾਨੀ ਵਾਲੀ ਗੱਲ ਇਹ ਸੀ ਕਿ ਅੱਧਾ ਸ਼ਹਿਰ ਅੱਤਵਾਦੀਆਂ ਨੂੰ ਬੇਕਸੂਰ ਆਖ ਰਿਹਾ ਸੀ। ਉਹਨਾਂ ਦੇ ਹੱਕ ਵਿਚ ਜਲੂਸ ਨਿਕਲ ਰਿਹਾ ਸੀ ਅਤੇ ਜਲਸਾ ਹੋ ਰਿਹਾ ਸੀ। ਅਦਾਲਤ ਵਿਚ ਜੱਜ ਦੇ ਖ਼ਿਲਾਫ਼ ਨਾਅਰੇ ਬਾਜ਼ੀ ਹੋਈ ਸੀ। ਪੁਲਿਸ ਨੂੰ ਦੋਹਾਂ ਪਾਸਿਆਂ ਤੋਂ ਖ਼ਤਰਾ ਸੀ। ਅੱਤਵਾਦੀ ਰਸਤੇ ਵਿਚ ਵੈਨ ਉਪਰ ਹਮਲਾ ਕਰ ਕੇ ਉਹਨਾਂ ਨੂੰ ਛੁਡਾ ਸਕਦੇ ਸਨ। ਖ਼ਤਰਨਾਕ ਅੱਤਵਾਦੀਆਂ ਨੂੰ ਸਜ਼ਾ ਹੋਣ ਬਾਅਦ ਰਾਤ ਨੂੰ ਥਾਣੇ ਰੱਖਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਅੱਤਵਾਦੀ ਥਾਣੇ 'ਤੇ ਹਮਲਾ ਕਰ ਕੇ ਉਹਨਾਂ ਨੂੰ ਛੁਡਾਉਣ ਦਾ ਯਤਨ ਕਰ ਸਕਦੇ ਸਨ। ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿਚ ਰੱਖਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਗਿਆ ਸੀ। ਜੇਲ੍ਹ ਦੇ ਰੋਜ਼ਨਾਮਚੇ ਅਤੇ ਰਜਿਸਟਰ ਖੁੱਲ੍ਹੇ ਰੱਖੇ ਜਾਣ। ਅੱਤਵਾਦੀਆਂ ਨੂੰ ਜੇਲ੍ਹ ਤਕ ਪੁੱਜਦਾ ਕਰਨ ਲਈ ਕੁਝ ਦੇਰੀ ਹੋ ਸਕਦੀ ਸੀ। ਕੁਝ ਦੇਰ, ਲੰਬੀ ਦੇਰ ਵਿਚ ਬਦਲ ਗਈ ਸੀ। ਇਸ ਵਿਚ ਜੇਲ੍ਹ ਅਧਿਕਾਰੀਆਂ ਦਾ ਕੋਈ ਕਸੂਰ ਨਹੀਂ ਸੀ।

ਪੁਲਿਸ ਕਰਮਚਾਰੀ ਜੇਲ੍ਹ ਅਧਿਕਾਰੀਆਂ ਉਪਰ ਦੋਸ਼ ਲਗਾ ਰਹੇ ਸਨ ਕਿ ਉਹ ਜਾਣ-ਬੁਝ ਕੇ ਦੇਰ ਕਰ ਰਹੇ ਹਨ। ਜੇਲ੍ਹ ਅਧਿਕਾਰੀ ਉਹਨਾਂ ਤੋਂ ਕੈਦੀਆਂ ਦੇ ਵਰੰਟ ਫੜਨ ਅਤੇ ਰਸੀਦਾਂ ਉਹਨਾਂ ਦੇ ਹਵਾਲੇ ਕਰਨ, ਬਾਕੀ ਲਿਖਾ-ਪੜ੍ਹੀ ਫੇਰ ਕਰਦੇ ਰਹਿਣ।



ਜੇਲ੍ਹ ਅਧਿਕਾਰੀ ਕਹਿ ਰਹੇ ਸਨ ਕਿ ਇਹ ਥਾਣੇ ਨਹੀਂ ਸਨ ਕਿ ਰੋਜ਼ਨਾਮਚੇ ਜਿੰਨਾ ਚਿਰ ਮਰਜ਼ੀ ਖੁੱਲ੍ਹੇ ਰੱਖੇ ਜਾਣ ਅਤੇ ਪਿੱਛੋਂ ਭਰ ਲਏ ਜਾਣ। ਆਉਣ ਵਾਲੇ ਕੈਦੀ ਖ਼ਤਰਨਾਕ ਸਨ। ਰਸਤੇ ਵਿਚ ਉਹਨਾਂ ਨੂੰ ਛੁਡਾਇਆ ਜਾ ਸਕਦਾ ਸੀ ਅਤੇ ਮੁਕਾਬਲੇ ਵਿਚ ਉਹ ਮਰ ਵੀ ਸਕਦੇ ਸਨ। ਉਹਨਾਂ ਕੈਦੀਆਂ ਦੇ ਸਹੀ-ਸਲਾਮਤ ਜੇਲ੍ਹ ਪੁੱਜਣ ਤਕ ਜੇਲ੍ਹ ਅਧਿਕਾਰੀ ਪਹਿਲਾਂ ਆਏ ਕੈਦੀਆਂ ਦੀ ਆਮਦ ਨਹੀਂ ਸੀ ਪਾ ਸਕਦੇ। ਪੁਲਿਸ ਕਰਮਚਾਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਰਸੀਦਾਂ ਉਪਰ ਰਪਟ ਨੰਬਰ ਅਤੇ ਸਮਾਂ ਪਾਇਆ ਜਾਣਾ ਸੀ ਜੋ ਸਾਰੇ ਕੈਦੀਆਂ ਦੇ ਜੇਲ੍ਹ ਪੁੱਜ ਜਾਣ ਤਕ ਨਹੀਂ ਸੀ ਪਾਇਆ ਜਾ ਸਕਦਾ।

ਪਾਲੇ ਅਤੇ ਮੀਤੇ ਦੇ ਜੇਲ੍ਹ ਪੁੱਜਦਿਆਂ ਹੀ ਤਕਰਾਰ ਖ਼ਤਮ ਹੋ ਗਿਆ। ਸਾਰੇ ਗਿਲੇ-ਸ਼ਿਕਵੇ ਭੁਲਾ ਕੇ ਹਰ ਕੋਈ ਇਕ-ਦੂਜੇ ਦੀ ਮਦਦ ਕਰਨ ਵਿਚ ਰੁੱਝ ਗਿਆ।

ਸਭ ਤੋਂ ਪਹਿਲਾਂ ਆਇਆ ਕੈਦੀ ਚਿੱਟਾ ਕੁੜਤਾ-ਪਜਾਮਾ ਪਾਈ ਬੈਠਾ ਇਕ ਮੋਟਾ-ਤਾਜ਼ਾ ਸੇਠ ਸੀ। ਉਸ ਦੀ ਸੂਰ ਵਰਗੀ ਗਰਦਨ ਵਿਚ ਤਿੰਨ-ਚਾਰ ਤੋਲੇ ਦੀ ਚੈਨ ਲਿਸ਼ਕਾਂ ਮਾਰ ਰਹੀ ਸੀ। ਸੱਜੀ ਬਾਂਹ ਵਿਚ ਏਨਾ ਹੀ ਭਾਰਾ ਕੜਾ ਤੇ ਦੋਹਾਂ ਹੱਥਾਂ ਦੀਆਂ ਤਿੰਨ-ਤਿੰਨ ਉਂਗਲਾਂ ਵਿਚ ਨਗ-ਜੜੀਆਂ ਨਿੱਗਰ ਸੋਨੇ ਦੀਆਂ ਮੁੰਦਰੀਆਂ ਸਨ। ਮੀਤੇ ਦੀ ਨਜ਼ਰ ਉਸ ਦੇ ਖੀਸੇ 'ਤੇ ਟਿਕੀ ਹੋਈ ਸੀ। ਰੁਮਾਲ ਦੇ ਹੇਠ ਇਕ ਭਾਰੀ ਬਟੂਆ ਝੂਟੇ ਖਾ ਰਿਹਾ ਸੀ। ਇਹ ਨੋਟਾਂ ਦਾ ਭਰਿਆ ਹੋਇਆ ਸੀ। ਮੀਤੇ ਦੀ ਪਾਰਖੂ ਅੱਖ ਨੇ ਅੰਦਾਜ਼ਾ ਲਾ ਲਿਆ ਸੀ।

"ਇਹ ਕੋਈ ਭੋਲਾ ਪੰਛੀ ਹੈ। ਸੋਨੇ ਨਾਲ ਲੱਦਿਆ ਇਉਂ ਜੇਲ੍ਹ ਆਇਆ ਹੈ ਜਿਵੇਂ ਕੋਈ ਸੱਜ-ਵਿਆਹੀ ਸਹੁਰੇ ਚੱਲੀ ਹੋਵੇ। ਸਹੁਰੇ ਨੂੰ ਪਤਾ ਨਹੀਂ ਕਿ ਚੱਕਰ ਵਿਚ ਜਾਂਦਿਆਂ ਹੀ ਲੁੱਟ ਲਿਆ ਜਾਵੇਗਾ।"

ਜੇਲ੍ਹ ਦੇ ਕਾਇਦੇ-ਕਾਨੂੰਨ ਤੋਂ ਵਾਕਿਫ਼ ਮੀਤੇ ਨੇ ਆਪਣੀ ਚਿੰਤਾ ਪਾਲੇ ਨਾਲ ਸਾਂਝੀ ਕੀਤੀ।

"ਮਾਇਆ ਦੇ ਸਹਾਰੇ ਵਧੀਆ ਬੈਰਕ ਵਿਚ ਪੁੱਜ ਜਾਵੇਗਾ।"

ਪਾਲੇ ਨੇ ਆਪਣੇ ਤਜਰਬੇ ਦੇ ਆਧਾਰ 'ਤੇ ਸਿੱਟਾ ਕੱਢਿਆ।

"ਆਪਾਂ ਨੂੰ ਇਹਦੀ ਅਮੀਰੀ ਦਾ ਕੀ ਭਾਅ ?"

ਆਖਦੇ ਮੀਤੇ ਨੇ ਧਿਆਨ ਸੇਠ ਵੱਲੋਂ ਹਟਾ ਕੇ ਦੂਸਰੇ ਕੈਦੀ ਵੱਲ ਕੀਤਾ।

ਘੋਰ ਨਿਰਾਸ਼ਾ ਵਿਚ ਡੁੱਬੇ ਇਸ ਕੈਦੀ ਦੀ ਉਮਰ ਦਾ ਅੰਦਾਜ਼ਾ ਨਹੀਂ ਸੀ ਲੱਗ ਰਿਹਾ। ਕਦੇ ਉਹ ਨੌਜਵਾਨ ਲੱਗਦਾ ਸੀ ਅਤੇ ਕਦੇ ਅੱਧਖੜ। ਚਿਹਰੇ 'ਤੇ ਤੇਜ਼ੀ ਨਾਲ ਬਦਲਦੇ ਭਾਵਾਂ ਤੋਂ ਕਦੇ ਉਹ ਬਹਾਦਰ ਲੱਗਦਾ ਸੀ ਅਤੇ ਕਦੇ ਡਰਪੋਕ। ਤੇੜ ਪਾਏ ਅੱਧੋਰਾਣੇ ਪੈਂਟ-ਕਮੀਜ਼ ਤੋਂ ਉਸ ਦੇ ਸਾਧਾਰਨ ਪਰਿਵਾਰ ਨਾਲ ਸੰਬੰਧਿਤ ਹੋਣ ਦਾ ਅੰਦਾਜ਼ਾ ਲੱਗਦਾ ਸੀ। ਜੇਲ੍ਹ ਦੇ ਨਿਯਮਾਂ ਤੋਂ ਉਹ ਸੁਚੇਤ ਜਾਪਦਾ ਸੀ। ਨਾ ਉਸ ਦੀ ਜੇਬ ਵਿਚ ਕੋਈ ਬਟੂਆ ਸੀ ਅਤੇ ਨਾ ਹੀ ਕਿਸੇ ਉਂਗਲ ਵਿਚ ਛਾਪ-ਛੱਲਾ। ਕਮੀਜ਼ ਦੀ ਜੇਬ ਵਿਚ ਕੁਝ ਕਾਗ਼ਜ਼ ਸਨ। ਹੋ ਸਕਦਾ ਹੈ ਕਾਗ਼ਜ਼ਾਂ ਵਿਚ ਕੋਈ ਨੋਟ ਵੀ ਹੋਵੇ। ਉਸ ਦੇ ਮੋਢੇ 'ਤੇ ਇਕ ਝੋਲਾ ਲਟਕ ਰਿਹਾ ਸੀ, ਜਿਸ ਵਿਚ ਕੁਝ ਕਿਤਾਬਾਂ ਸਨ। ਝੋਲੇ ਤੋਂ ਅੰਦਾਜ਼ਾ ਲੱਗਦਾ ਸੀ, ਉਹ ਕੋਈ ਸਿਆਸੀ ਕਾਰਕੁਨ ਸੀ ਅਤੇ ਉਸ ਨੂੰ ਕਿਸੇ ਸਿਆਸੀ ਕੇਸ ਵਿਚ ਸਜ਼ਾ ਹੋਈ ਸੀ, ਪਰ ਚਿਹਰੇ 'ਤੇ ਛਾਈ ਪਿਲੱਤਣ ਤੋਂ ਇਹ ਅੰਦਾਜ਼ਾ ਗ਼ਲਤ ਸਾਬਤ ਹੁੰਦਾ ਸੀ।

"ਕੌਣ ਹੈ ਇਹ ? ਹੁਣੇ ਪਤਾ ਲੱਗ ਜਾਵੇਗਾ। ਵਾਰੰਟ ਖੁੱਲ੍ਹਣ ਦੇ।" ਸੋਚਦਾ ਮੀਤਾ ਅਗਲੀ ਕਾਰਵਾਈ ਦੀ ਉਡੀਕ ਕਰਨ ਲੱਗਾ। ਸੇਠ ਪਹਿਲਾਂ ਆਇਆ ਸੀ। ਉਸ ਨਾਲ ਆਏ ਹੌਲਦਾਰ

ਨੂੰ ਪਹਿਲਾਂ ਫ਼ਾਰਗ਼ ਕੀਤਾ ਜਾਣਾ ਸੀ। ਮੁਨਸ਼ੀ ਵੱਲੋਂ ਹਰੀ ਝੰਡੀ ਮਿਲਣ ’ਤੇ ਹੌਲਦਾਰ ਫ਼ੁਰਤੀ ਨਾਲ ਸੇਠ ਨੂੰ ਦਫ਼ਤਰ ਲੈ ਵੜਿਆ। ਫ਼ੁਰਤੀਲਾ ਮੁਨਸ਼ੀ ਪਹਿਲਾਂ ਹੀ ਲਿਖਾ-ਪੜ੍ਹੀ ਮੁਕੰਮਲ ਕਰੀ ਬੈਠਾ ਸੀ। ਇਕ-ਦੋ ਮਿੰਟ ਵਿਚ ਉਸ ਨੇ ਖ਼ਾਨਾਪੂਰੀ ਮੁਕੰਮਲ ਕੀਤੀ ਅਤੇ ਪਹੁੰਚ ਹੌਲਦਾਰ ਦੇ ਹੱਥ ਫੜਾ ਦਿੱਤੀ। ਖ਼ੁਸ਼ ਹੋਏ ਹੌਲਦਾਰ ਨੇ ਸੇਠ ਦੀ ਬਾਂਹ ਡਿਉੜੀ ਵਿਚ ਬੈਠੇ ਬੁੱਢੇ ਵਾਰਡਰ ਨੂੰ ਫੜਾਈ ਅਤੇ ਆਪ ਪੱਤਰਾ ਵਾਚ ਗਿਆ।

ਕਈ ਘੰਟੇ ਹੌਲਦਾਰ ਨਾਲ ਰਹਿਣ ਕਾਰਨ ਸੇਠ ਉਸ ਨਾਲ ਘੁਲ-ਮਿਲ ਗਿਆ ਸੀ। ਉਸ ਦੇ ਸਾਥ ਛੱਡਦਿਆਂ ਹੀ ਸੇਠ ਆਪਣੇ-ਆਪ ਨੂੰ ਇਕੱਲਾ ਮਹਿਸੂਸ ਕਰਨ ਲੱਗਾ ਅਤੇ ਡਰ ਨਾਲ ਕੰਬਦਾ ਇਉਂ ਬਿਟਰ-ਬਿਟਰ ਤੱਕਣ ਲੱਗਾ, ਜਿਵੇਂ ਮੇਲੇ ਵਿਚ ਗਾਂ ਗੁਆਚੀ ਹੋਵੇ।

ਸੇਠ ਨੂੰ ਕੋਲ ਬਿਠਾ ਕੇ ਬੁੱਢਾ ਵਾਰਡਰ ਆਪਣਾ ਸਰਕਾਰੀ ਫ਼ਰਜ਼ ਨਿਭਾਉਣ ਲੱਗਾ :

“ਹੌਸਲੇ ਨਾਲ ਵਕਤ ਕੱਟੋ। ਦਿਲ ਛੱਡਿਆਂ ਤਾਂ ਦਿਨ ਪਹਾੜ ਜਿੱਡਾ ਲੱਗੇਗਾ। ਭਾਣਾ ਮੰਨਿਆ ਤਾਂ ਸਾਲ ਪਲਾਂ ਵਿਚ ਲੰਘ ਜਾਣਗੇ।”

ਪਾਲਾ ਅਤੇ ਮੀਤਾ ਪਹਿਲੀ ਵਾਰ ਜੇਲ੍ਹ ਨਹੀਂ ਸਨ ਆਏ। ਹਰ ਵਾਰ ਉਹਨਾਂ ਨੂੰ ਇਹੋ ਜਿਹੀ ਨਸੀਹਤ ਸੁਣਾਈ ਜਾਂਦੀ ਸੀ। ਸਰਕਾਰ ਨੇ ਕੈਦੀਆਂ ਦਾ ਹੌਸਲਾ ਵਧਾਉਣ ਲਈ ਬੁੱਢੇ ਵਾਰਡਰਾਂ ਨੂੰ ਡਿਉੜੀ ਵਿਚ ਲਾਇਆ ਹੋਇਆ ਸੀ। ਬੁੱਢੇ ਵਾਰਡਰ ਦੀਆਂ ਗੱਲਾਂ ਵੱਲੋਂ ਧਿਆਨ ਹਟਾ ਕੇ ਉਹ ਨੌਜਵਾਨ ਬਾਰੇ ਜਾਨਣ ਲਈ ਕਾਹਲੇ ਪੈਣ ਲੱਗੇ।

ਬੁੱਢੇ ਵਾਰਡਰ ਨੇ ਆਪਣਾ ਸਰਕਾਰੀ ਫ਼ਰਜ਼ ਅਦਾ ਕਰਨਾ ਸੀ। ਹਰਿਦੁਆਰ ਦੇ ਪਾਂਡਿਆਂ ਵਾਂਗ ਉਸ ਨੇ ਨਵੇਂ ਆਏ ਕੈਦੀਆਂ ਸਾਹਮਣੇ ਰਟੇ-ਰਟਾਏ ਮੰਤਰਾਂ ਦਾ ਉਚਾਰਨ ਕਰਨਾ ਸੀ।

“ਹੋਈ ਸਜ਼ਾ ਨੂੰ ਖਿੜੇ ਮੱਥੇ ਕਬੂਲ ਕਰੋ। ਜੇ ਤੁਸੀਂ ਜੁਰਮ ਕੀਤਾ ਹੈ ਤਾਂ ਉਸ ਨੂੰ ਪਸਚਾਤਾਪ ਸਮਝ ਕੇ ਖ਼ੁਸ਼ੀ-ਖ਼ੁਸ਼ੀ ਕੱਟੋ। ਇਸ ਕੁਕਰਮ ਦਾ ਭਾਰ ਅਗਲੇ ਜਨਮ ਤਕ ਪਿੱਛਾ ਨਹੀਂ ਕਰੇਗਾ। ਜੇ ਜੁਰਮ ਨਹੀਂ ਕੀਤਾ ਅਤੇ ਉਂਝ ਹੀ ਸਜ਼ਾ ਹੋ ਗਈ ਹੈ ਤਾਂ ਵੀ ਪਿਛਲੇ ਜਨਮਾਂ ਦੇ ਕਰਮਾਂ ਦਾ ਫ਼ਲ ਸਮਝ ਕੇ ਕਬੂਲ ਕਰੋ। ਅਗਲੇ ਜਨਮ ਵਿਚ ਸੁਖ ਮਿਲੇਗਾ।”

ਮੀਤਾ ਬੁੱਢੇ ਦੇ ਉਪਦੇਸ਼ਾਂ ਉਪਰ ਅੰਦਰ ਹੀ ਅੰਦਰ ਹੱਸ ਰਿਹਾ ਸੀ। ਉਪਦੇਸ਼ ਖ਼ਤਮ ਹੁੰਦਿਆਂ ਹੀ ਬੁੱਢਾ ਵਾਰਡਰ ਕੈਦੀਆਂ ਦੇ ਸੌਖੇ ਦਿਨਾਂ ਨੂੰ ਔਖੇ ਦਿਨਾਂ ਵਿਚ ਬਦਲਣਾ ਸ਼ੁਰੂ ਕਰੇਗਾ। ਮੀਤੇ ਦਾ ਤਜਰਬਾ ਆਖਦਾ ਸੀ।

ਦੂਸਰੇ ਨੰਬਰ ’ਤੇ ਆਏ ਕੈਦੀ ਨੂੰ ਲਿਖਾ-ਪੜ੍ਹੀ ਲਈ ਦਫ਼ਤਰ ਬੁਲਾ ਲਿਆ ਗਿਆ ਸੀ। ਪਾਲੇ ਹੋਰੀਂ ਪਹਿਲਾਂ ਹੀ ਬੁੱਢੇ ਦੀਆਂ ਨਸੀਹਤਾਂ ਵੱਲ ਧਿਆਨ ਨਹੀਂ ਸਨ ਦੇ ਰਹੇ। ਸੇਠ ਦਾ ਮਨ ਵੀ ਕਿਧਰੇ ਹੋਰ ਭਟਕ ਰਿਹਾ ਸੀ।

ਵਾਰਡਰ ਨੇ ਆਪਣੇ ਵਾਲ ਧੁੱਪ ਵਿਚ ਸਫ਼ੈਦ ਨਹੀਂ ਸਨ ਕੀਤੇ। ਸਰਕਾਰ ਵੱਲੋਂ ਆਈਆਂ ਹਦਾਇਤਾਂ ਅਨੁਸਾਰ ਨਵੇਂ ਕੈਦੀਆਂ ਨੂੰ ਸਮਝਾਉਣ ਅਤੇ ਜੇਲ੍ਹ ਦੇ ਕਾਇਦੇ-ਕਾਨੂੰਨ ਦੀ ਵਾਕਫ਼ੀਅਤ ਦੇਣ ਲਈ ਡਿਊਟੀ ਜੇਲ੍ਹ ਅਧਿਕਾਰੀ ਉਪਰ ਲਾਈ ਗਈ ਸੀ। ਸਭ ਤੋਂ ਵੱਡੀ ਉਮਰ ਦਾ ਹੋਣ ਕਾਰਨ ਅਤੇ ਸਭ ਤੋਂ ਵੱਧ ਤਜਰਬਾ ਹੋਣ ਕਾਰਨ ਬੁੱਢੇ ਵਾਰਡਰ ਨੂੰ ਜੇਲ੍ਹ ਸੁਪਰਡੈਂਟ ਨੇ ਇਸ ਕੰਮ ਲਈ ਚੁਣਿਆ ਸੀ। ਏਨੇ ਉਪਦੇਸ਼ ਨਾਲ ਉਸ ਦਾ ਫ਼ਰਜ਼ ਪੂਰਾ ਹੋ ਚੁੱਕਾ ਸੀ। ਬਾਕੀ ਸਭ ਕੁਝ ਕੈਦੀਆਂ ਨੇ ਆਪੇ ਤਜਰਬੇ ਦੇ ਆਧਾਰ ’ਤੇ ਸਿੱਖ ਜਾਣਾ ਸੀ।

ਸਰਕਾਰੀ ਫ਼ਰਜ਼ ਨਿਭਾਉਣ ਬਾਅਦ ਬੁੱਢਾ ਵਾਰਡਰ ਨਿੱਜੀ ਫ਼ਰਜ਼ ਨਿਭਾਉਣ ਲੱਗਾ।

“ਸੇਠ ਜੀ ਦਾ ਨਾਂ ?” ਬੁੱਢੇ ਵਾਰਡਰ ਨੇ ਭਾਂਪ ਲਿਆ ਸੀ ਕਿ ਪਾਲੇ ਅਤੇ ਮੀਤੇ ਵਾਲੇ



ਤਿਲਾਂ ਵਿਚ ਤੇਲ ਨਹੀਂ ਹੈ। ਦੂਜੇ ਪਾਸੇ ਸੇਠ ਤੇਲ ਵਾਲਾ ਕੁੱਪਾ ਸੀ। ਬੁੱਢੇ ਨੂੰ ਕੁੱਪੇ ਨਾਲ ਦੋਸਤੀ ਗੰਢਣ ਦਾ ਫ਼ਾਇਦਾ ਸੀ।

“ਮੈਂ ਸੇਠ ਸੁਭਾਸ਼ ਜੈਨ ਹਾਂ। ਬਠਿੰਡੇ ਦਾ ਮਸ਼ਹੂਰ ਠੇਕੇਦਾਰ ਹਾਂ।”

ਜੈਨ ਨੇ ਜਾਣ-ਪਹਿਚਾਣ ਕਰਵਾਉਣੀ ਸ਼ੁਰੂ ਕੀਤੀ ਹੀ ਸੀ ਕਿ ਬੁੱਢੇ ਵਾਰਡਰ ਨੇ ਉਸ ਨੂੰ ਵਿਚਕਾਰ ਹੀ ਟੋਕ ਦਿੱਤਾ :

“ਭੁੱਲ ਜਾਓ ਕਿ ਹੁਣ ਤੁਸੀਂ ਸੇਠ ਹੋ। ਹੁਣ ਤੁਸੀਂ ਇਕ ਸਜ਼ਾ-ਯਾਫ਼ਤਾ ਕੈਦੀ ਹੋ। ਅਦਾਲਤ ਨੇ ਤੁਹਾਨੂੰ ਬਾ-ਮੁਸ਼ੱਕਤ ਸਜ਼ਾ ਸੁਣਾਈ ਹੈ। ਸੋਡੇ ਗਹਿਣੇ-ਗੱਟੇ ਅਤੇ ਕੱਪੜੇ ਲਾਹ ਲਏ ਜਾਣਗੇ। ਸਵੇਰੇ ਤੁਸੀਂ ਮਜ਼ਦੂਰੀ ਕਰਨ ਫ਼ੈਕਟਰੀ ਜਾਉਗੇ ਅਤੇ ਤੁਹਾਨੂੰ ਕੈਦੀਆਂ ਵਾਲਾ ਖੱਦਰ ਦਾ ਕੁੜਤਾ-ਪਜਾਮਾ ਦਿੱਤਾ ਜਾਏਗਾ। ਤੁਹਾਨੂੰ ਮਜ਼ਦੂਰਾਂ ਵਾਲੀ ਚਿੱਟੀ ਵਰਦੀ ਪਾਉਣੀ ਪਵੇਗੀ। ਇਹ ਮੈਂ ਤਾਂ ਸਮਝਾ ਰਿਹਾ ਹਾਂ ਤਾਂ ਜੋ ਤੁਸੀਂ ਭਾਣਾ ਮੰਨੋ ਅਤੇ ਆਪਣੀ ਅਮੀਰੀ ਭੁੱਲ ਸਕੋ। ਸੱਚ ਦਾ ਸਾਹਮਣਾ ਕਰ ਕੇ ਦਿਨ-ਕਟੀ ਹੋਵੇਗੀ।”

ਬੁੱਢੇ ਵਾਰਡਰ ਦਾ ਤੀਰ ਨਿਸ਼ਾਨੇ ’ਤੇ ਲੱਗਾ। ਸੇਠ ਨੂੰ ਇਕਦਮ ਪਸੀਨਾ ਆ ਗਿਆ। ਹੱਥ-ਪੈਰ ਕੰਬਣ ਲੱਗੇ ਅਤੇ ਦਿਲ ਦੀ ਧੜਕਣ ਤੇਜ਼ ਹੋ ਗਈ।

“ਮੇਰੀ ਗੱਲ ਸੁਣੋ ਹੌਲਦਾਰ ਸਾਹਿਬ।” ਬੁੱਢੇ ਵਾਰਡਰ ਦੇ ਮੋਢੇ ’ਤੇ ਹੱਥ ਰੱਖ ਕੇ ਜੈਨ ਉਸ ਨੂੰ ਖ਼ਾਲੀ ਪਏ ਜੇਲ੍ਹ ਸੁਪਰਡੈਂਟ ਦੇ ਦਫ਼ਤਰ ਵੱਲ ਲੈ ਚੱਲਿਆ।

ਖੀਸੇ ਵਿਚਲੇ ਬਟੂਏ ਵਿਚੋਂ ਟਟੋਲ ਕੇ ਕੁਝ ਨੋਟ ਕੱਢੇ ਅਤੇ ਉਹਨਾਂ ਦੀ ਬੱਤੀ ਜਿਹੀ ਬਣਾ ਕੇ ਬੁੱਢੇ ਵਾਰਡਰ ਦੀ ਜੇਬ ਵਿਚ ਪਾ ਦਿੱਤੇ।

“ਮੈਂ ਇਕ ਫ਼ੋਨ ਕਰਨਾ ਹੈ। ਮੈਨੂੰ ਫ਼ੋਨ ਕਰਨ ਦਿਓ।”

“ਇਹ ਸਰਕਾਰੀ ਫ਼ੋਨ ਹੈ। ਮੈਨੂੰ ਖ਼ੁਦ ਨੂੰ ਫ਼ੋਨ ਕਰਨ ਦੀ ਇਜਾਜ਼ਤ ਨਹੀਂ ਹੈ। ਤੁਹਾਨੂੰ ਮੈਂ ਫ਼ੋਨ ਕਿਸ ਤਰ੍ਹਾਂ ਕਰਵਾ ਸਕਦਾ ਹਾਂ ?”

“ਮੈਂ ਫ਼ੋਨ ਦੀ ਕੋਈ ਗ਼ਲਤ ਵਰਤੋਂ ਨਹੀਂ ਕਰਨੀ। ਬੱਸ ਆਪਣੇ ਵਾਰਿਸਾਂ ਨੂੰ ਸੁਨੇਹਾ ਦੇਣਾ ਹੈ। ਮੇਰੀ ਜੱਜ ਨਾਲ ਗੱਲ ਹੋ ਗਈ ਸੀ। ਮੈਂ ਬਰੀ ਹੋਣਾ ਸੀ, ਪਤਾ ਨਹੀਂ ਕੀ ਭਾਣਾ ਵਰਤ ਗਿਆ ? ਪਤਾ ਨਹੀਂ ਜੱਜ ਨੇ ਮੈਨੂੰ ਸਜ਼ਾ ਕਿਉਂ ਸੁਣਾ ਦਿੱਤੀ। ਮੈਂ ਤੇਰੇ ਪੈਰੀਂ ਹੱਥ ਲਾਉਂਦਾ ਹਾਂ। ਮੈਨੂੰ ਇਕ ਫ਼ੋਨ ਕਰ ਲੈਣ ਦੇ। ਮੇਰੀ ਸ਼ੂਗਰ ਵੱਧ ਰਹੀ ਹੈ। ਮੇਰਾ ਹਾਰਟ ਫ਼ੇਲ੍ਹ ਹੋਣ ਵਾਲਾ ਹੈ। ਮੈਂ ਮਰ ਜਾਵਾਂਗਾ।”

“ਤੂੰ ਫ਼ਿਕਰ ਨਾ ਕਰ। ਮੈਂ ਚੱਕਰ ਵਾਲੇ ਹੌਲਦਾਰ ਨਾਲ ਗੱਲ ਕਰਾ ਦਿੰਦਾ ਹਾਂ। ਉਹ ਤੈਨੂੰ ਵਧੀਆ ਥਾਂ ਪਹੁੰਚਾ ਦੇਵੇਗਾ।”

“ਮੇਰੇ ਨਾਲ ਕਰਿੰਦਾ ਆਇਆ ਸੀ। ਉਸ ਨੇ ਮੇਰੇ ਦੋਸਤਾਂ ਨੂੰ ਫ਼ੋਨ ਖੜਕਾ ਦਿੱਤੇ ਹੋਣਗੇ। ਮੈਂ ਆਪਣੇ ਦੋਸਤਾਂ ਤੋਂ ਇਹੋ ਪੁੱਛਣਾ ਹੈ ਕਿ ਉਹਨਾਂ ਨੇ ਜੇਲ੍ਹ ਅਧਿਕਾਰੀਆਂ ਨਾਲ ਗੱਲ ਕਰ ਲਈ ਹੈ ਜਾਂ ਨਹੀਂ।”

ਜੈਨ ਨੂੰ ਖੜਨਾ ਮੁਸ਼ਕਿਲ ਜਾਪ ਰਿਹਾ ਸੀ। ਧੜਕਦੇ ਦਿਲ ਨਾਲ ਉਹ ਜੇਲ੍ਹ ਸੁਪਰਡੈਂਟ ਦੇ ਕਮਰੇ ਵਿਚ ਪਈ ਕੁਰਸੀ ਉੱਪਰ ਡਿੱਗ ਪਿਆ। ਕੰਬਦੇ ਹੱਥਾਂ ਨਾਲ ਉਸ ਨੇ ਜੇਬ ’ਚੋਂ ਬਟੂਆ ਕੱਢਿਆ ਅਤੇ ਸੌ-ਸੌ ਦੇ ਨੋਟਾਂ ਦੀ ਇਕ ਥਹੀ ਕੱਢ ਕੇ ਉਸ ਨੇ ਵਾਰਡਰ ਦੇ ਹਵਾਲੇ ਕੀਤੀ।

“ਹੁਣ ਆਇਆ ਹੈ ਲੀਹ ’ਤੇ”, ਸੋਚਦੇ ਵਾਰਡਰ ਨੇ ਢਿੱਲਾ ਪੈਣਾ ਸ਼ੁਰੂ ਕਰ ਦਿੱਤਾ।

“ਆਪਣੀ ਫੀਤੀ ਲੁਹਾਉਣ ਦਾ ਜ਼ੋਖ਼ਮ ਉਠਾ ਕੇ ਮੈਂ ਇਕ ਫ਼ੋਨ ਕਰਵਾ ਦਿੰਦਾ ਹਾਂ। ਦੂਜੇ ਲਈ ਨਾ ਆਖਣਾ।” ਆਖਦੇ ਹੋਏ ਵਾਰਡਰ ਨੇ ਫ਼ੋਨ ਚੁੱਕ ਕੇ ਜੈਨ ਦੇ ਅੱਗੇ ਰੱਖ ਦਿੱਤਾ।

ਘਬਰਾਹਟ ਕਾਰਨ ਜੈਨ ਨੂੰ ਨੰਬਰ ਯਾਦ ਨਹੀਂ ਸੀ ਆ ਰਿਹਾ। ਕਦੇ ਉਹ ਕੋਈ ਬਟਨ ਦੱਬਦਾ ਅਤੇ ਕਦੇ ਕੋਈ। ਕਈ ਵਾਰ ਮਗ਼ਜ਼-ਖਪਾਈ ਕਰਨ ਤੋਂ ਬਾਅਦ ਮਸਾਂ ਉਸ ਦਾ ਫ਼ੋਨ ਮਿਲਿਆ।

"ਕੋਸ਼ਿਸ਼ ਕਰ ਰਹੇ ਹਾਂ। ਡਾਕਟਰ ਕਲੱਬ ਗਿਆ ਹੋਇਆ ਹੈ। ਜੇਲ੍ਹ ਸੁਪਰਡੈਂਟ ਵੀ ਕਿਸੇ ਦੋਸਤ ਦੇ ਘਰ ਚਲਾ ਗਿਆ ਹੈ। ਤੂੰ ਫ਼ਿਕਰ ਨਾ ਕਰ। ਘੰਟੇ ਦੇ ਅੰਦਰ-ਅੰਦਰ ਸਭ ਠੀਕ ਹੋ ਜਾਵੇਗਾ।"

ਫ਼ੋਨ ਕਰਨ ਬਾਅਦ ਘਟਣ ਦੀ ਥਾਂ ਚਿੰਤਾ ਹੋਰ ਵੱਧ ਗਈ। ਲਿਖਤ-ਪੜ੍ਹਤ ਮੁਕੰਮਲ ਹੋਣ ਵਾਲੀ ਸੀ। ਕੁਝ ਹੀ ਮਿੰਟਾਂ ਬਾਅਦ ਜੈਨ ਨੂੰ ਚੋਰਾਂ, ਜੇਬ-ਕਤਰਿਆਂ ਵਿਚ ਭੇਜ ਦਿੱਤਾ ਜਾਣਾ ਸੀ। ਮੁੜ ਸਵੇਰ ਤਕ ਕਿਸੇ ਨੇ ਉਸ ਦੀ ਸੁਧ ਨਹੀਂ ਸੀ ਲੈਣੀ। ਸਾਫ਼-ਸੁਥਰੀਆਂ ਕੋਠੀਆਂ ਵਿਚ ਰਹਿਣ ਦੇ ਆਦੀ ਜੈਨ ਦੀ ਬਦਬੂਦਾਰ ਬੈਰਕ ਵਿਚੋਂ ਲਾਸ਼ ਹੀ ਨਿਕਲਣੀ ਸੀ।

"ਮੈਨੂੰ ਅੱਧੇ ਘੰਟੇ ਬਾਅਦ ਫੇਰ ਫ਼ੋਨ ਕਰਨਾ ਪੈਣਾ ਹੈ।"

"ਪਰ ਅੰਦਰ ਤਾਂ ਫ਼ੋਨ ਨਹੀਂ ਹੈ।"

"ਫੇਰ ਕਿਵੇਂ ਕਰੀਏ ?"

"ਕੁਝ ਨਹੀਂ ਹੋ ਸਕਦਾ।"

ਜੈਨ ਨੇ ਜੇਬ ਵਿਚੋਂ ਦੁਬਾਰਾ ਬਟੂਆ ਕੱਢਿਆ ਅਤੇ ਵਾਰਡਰ ਦੀ ਜੇਬ ਵਿਚ ਪਾ ਦਿੱਤਾ।

"ਇਕ ਹੱਲ ਹੈ। ਘੰਟੇ ਬਾਅਦ ਤੂੰ ਇਸੇ ਨੰਬਰ 'ਤੇ ਫ਼ੋਨ ਕਰੀਂ। ਅੱਗੋਂ ਜੋ ਸੁਨੇਹਾ ਮਿਲੇ, ਉਹ ਅੰਦਰ ਪਹੁੰਚਾ ਦੇਵੀਂ। ਮੈਂ ਹੋਰ ਸੇਵਾ ਵੀ ਕਰਾਂਗਾ।"

"ਇਹ ਠੀਕ ਹੈ। ਮੈਂ ਵਾਅਦੇ ਦਾ ਪੱਕਾ ਹਾਂ। ਮੇਰੇ 'ਤੇ ਯਕੀਨ ਕਰਿਓ। ਆਪਾਂ ਕਈ ਸਾਲ ਵਰਤਣਾ ਹੈ। ਹੁਕਮ ਅਦੂਲੀ ਨਹੀਂ ਹੋਏਗੀ।"

ਸੁਨੇਹਾ ਦੇਣ ਦਾ ਵਾਅਦਾ ਕਰ ਕੇ ਵਾਰਡਰ ਜੈਨ ਨੂੰ ਡਿਉੜੀ ਵਿਚ ਲੈ ਆਇਆ। ਏਨੀ ਦੇਰ ਤਕ ਪਾਲੇ ਅਤੇ ਮੀਤੇ ਦੀ ਵੀ ਲਿਖਾ-ਪੜ੍ਹੀ ਮੁਕੰਮਲ ਹੋ ਚੁੱਕੀ ਸੀ। ਵਾਰਡਰ ਦਾ ਹੀ ਇੰਤਜ਼ਾਰ ਹੋ ਰਿਹਾ ਸੀ।

ਬੁੱਢੇ ਵਾਰਡਰ ਦੇ ਡਿਉੜੀ ਵਿਚ ਆਉਂਦਿਆਂ ਹੀ ਸੰਤਰੀ ਨੇ ਜੇਲ੍ਹ ਦੇ ਅੰਦਰਲੇ ਦਰਵਾਜ਼ੇ ਦਾ ਛੋਟਾ ਦਰਵਾਜ਼ਾ ਖੋਲ੍ਹ ਦਿੱਤਾ।

ਬਟੂਆ ਸੰਭਾਲਦਾ ਵਾਰਡਰ ਚਾਰਾਂ ਕੈਦੀਆਂ ਨੂੰ ਚੱਕਰ ਵੱਲ ਲੈ ਤੁਰਿਆ।

ਅੰਦਰਲਾ ਦਰਵਾਜ਼ਾ ਟੱਪਦਾ ਮੀਤਾ ਸੋਚ ਰਿਹਾ ਸੀ ਕਿ ਮੁੜ ਦੋਹਾਂ ਦਰਵਾਜ਼ਿਆਂ ਵਿਚਕਾਰਲਾ ਵੀਹ ਕੁ ਗ਼ਜ਼ ਦਾ ਫ਼ਾਸਲਾ ਪਾਰ ਕਰਨ ਲਈ ਉਹਨਾਂ ਨੂੰ ਵੀਹ ਸਾਲ ਲੱਗਣਗੇ।



# 3

ਜੇਲ੍ਹ ਦੇ ਅੰਦਰਲੇ ਦਰਵਾਜ਼ੇ ਦੇ ਪੰਜਾਹ ਕੁ ਗ਼ਜ਼ ਦੇ ਫ਼ਾਸਲੇ 'ਤੇ ਅੱਗੜ-ਪਿੱਛੜ ਬਣੇ ਦੋ ਕਮਰਿਆਂ ਨੂੰ ਚੱਕਰ ਆਖਿਆ ਜਾਂਦਾ ਸੀ। ਇਕ ਕਮਰਾ ਛੋਟਾ ਸੀ, ਜਿਸ ਤੋਂ ਦਫ਼ਤਰ ਦਾ ਕੰਮ ਲਿਆ ਜਾਂਦਾ ਸੀ। ਦੂਜਾ ਵੱਡਾ ਸੀ, ਜਿਸ ਨੂੰ ਬਤੌਰ ਗੁਦਾਮ ਵਰਤਿਆ ਜਾਂਦਾ ਸੀ। ਸਾਂਝੀ ਦੀਵਾਰ ਵਿਚ ਇਕ ਦਰਵਾਜ਼ਾ ਸੀ, ਜਿਸ ਰਾਹੀਂ ਇਕ ਦੂਸਰੇ ਕਮਰੇ ਵਿਚ ਆਇਆ-ਜਾਇਆ ਜਾ ਸਕਦਾ ਸੀ। ਛੋਟੇ ਕਮਰੇ ਅੱਗੇ ਚਾਰ ਕੁ ਫ਼ੁਟ ਦਾ ਬਰਾਂਡਾ ਸੀ, ਜਿਸ ਅੱਗੇ ਦੋ ਛੋਟੇ-ਛੋਟੇ ਸਟੂਲ ਪਏ ਸਨ।

ਦਫ਼ਤਰ ਵਿਚ ਪਏ ਮੇਜ਼ ਦੁਆਲੇ ਦੋ ਕੁਰਸੀਆਂ ਸਨ। ਇਕ ਉਪਰ ਲਾਭ ਸਿੰਘ ਬੈਠਾ ਸੀ, ਜਿਸ ਨੇ ਕੈਦੀਆਂ ਵਾਲੇ ਸਫ਼ੈਦ ਕੱਪੜੇ ਪਾਏ ਹੋਏ ਸਨ। ਉਸ ਨੂੰ ਕਤਲ ਕੇਸ ਵਿਚ ਉਮਰ ਕੈਦ ਹੋਈ ਸੀ। ਪੜ੍ਹਿਆ-ਲਿਖਿਆ ਅਤੇ ਹੁਸ਼ਿਆਰ ਹੋਣ ਕਾਰਨ ਉਸ ਨੂੰ ਚੀਫ਼ ਵਾਰਡਰ ਦੀ ਮਦਦ ਨਾਲ ਇਥੇ ਚੱਕਰ ਮੁਨਸ਼ੀ ਲਾਇਆ ਗਿਆ ਸੀ।

ਸਜ਼ਾ ਹੋਣ ਤੋਂ ਪਹਿਲਾਂ ਉਹ ਪੁਲਿਸ ਵਿਚ ਹੌਲਦਾਰ ਸੀ। ਈਮਾਨਦਾਰ, ਵਫ਼ਾਦਾਰ ਅਤੇ ਲਿਖਾ-ਪੜ੍ਹੀ ਦਾ ਮਾਹਿਰ ਹੋਣ ਕਾਰਨ ਸਾਰੇ ਜ਼ਿਲ੍ਹੇ ਵਿਚ ਉਸ ਦੀ ਪੁੱਛ ਸੀ। ਹਰ ਅਫ਼ਸਰ ਉਸ ਨੂੰ ਆਪਣੇ ਨਾਲ ਲਗਾਉਣ ਦੀ ਤਾਂਘ ਰੱਖਦਾ ਸੀ, ਪਰ ਉਹ ਲੱਗਦਾ ਉਸੇ ਪੁਲਿਸ ਅਫ਼ਸਰ ਨਾਲ ਸੀ ਜਿਹੜਾ ਸਭ ਤੋਂ ਵੱਧ ਕਪਤਾਨ ਦੇ ਨੇੜੇ ਹੁੰਦਾ ਸੀ। ਲਾਭ ਸਿੰਘ ਇਕੋ ਸਮੇਂ ਅਫ਼ਸਰ ਦੇ ਰੀਡਰ, ਗੰਨਮੈਨ ਅਤੇ ਵਿਚੋਲੇ, ਤਿੰਨਾਂ ਦਾ ਕੰਮ ਕਰਦਾ ਸੀ।

ਲਾਭ ਸਿੰਘ ਦੇ ਇਹੋ ਗੁਣ ਉਸ ਨੂੰ ਜੇਲ੍ਹ ਲੈ ਆਏ ਸਨ। ਕਤਲ ਕੇਸ ਦਾ ਮੁਕੱਦਮਾ ਦਰਜ ਹੋਣ ਸਮੇਂ ਉਹ ਖ਼ੂੰਖ਼ਾਰ ਸਮਝੇ ਜਾਂਦੇ ਥਾਣੇਦਾਰ ਮਹਿੰਗਾ ਸਿੰਘ ਦਾ ਗੰਨਮੈਨ ਸੀ। ਥਾਣੇਦਾਰ ਅੱਤਵਾਦੀਆਂ ਨਾਲ ਲੋਹਾ ਲੈਣ ਲਈ ਸਾਰੇ ਸੂਬੇ ਵਿਚ ਮਸ਼ਹੂਰ ਸੀ। ਇਵਜ਼ ਵਿਚ ਉਸ ਨੂੰ ਆਪਣੇ ਸਾਰੇ ਟੱਬਰ ਦੀ ਕੁਰਬਾਨੀ ਦੇਣੀ ਪਈ ਸੀ। ਸਭ ਕੁਝ ਗੁਆ ਲੈਣ ਬਾਅਦ ਵੀ ਹਿੰਮਤ ਨਾ ਹਾਰਨ ਕਾਰਨ ਮਹਿਕਮੇ ਵਿਚ ਉਸ ਦੀ ਇੱਜ਼ਤ ਹੋਰ ਵੱਧ ਗਈ। ਮਹਿੰਗਾ ਸਿੰਘ ਨੂੰ ਮੂੰਹੋਂ ਮੰਗਿਆ ਥਾਣਾ ਮਿਲਦਾ ਸੀ ਅਤੇ ਕਦੇ ਕੋਈ ਜਾਇਜ਼ ਨਾਜਾਇਜ਼ ਕੰਮ ਹੋ ਜਾਂਦਾ ਤਾਂ ਅਫ਼ਸਰਾਂ ਵੱਲੋਂ ਉਹ ਵੀ ਠੱਪ ਦਿੱਤਾ ਜਾਂਦਾ ਸੀ।

ਲਾਭ ਸਿੰਘ ਨੇ ਕਈ ਖ਼ਤਰਨਾਕ ਮੁਹਿੰਮਾਂ 'ਤੇ ਜਾਨ ਤਲੀ 'ਤੇ ਧਰ ਕੇ ਮਹਿੰਗਾ ਸਿੰਘ ਦਾ ਸਾਥ ਦਿੱਤਾ ਸੀ। ਮਹਿੰਗਾ ਸਿੰਘ ਇਸ ਦਲੇਰੀ ਦਾ ਪੂਰਾ ਮੁੱਲ ਪਾਉਂਦਾ ਸੀ। ਕਿਸੇ ਖ਼ੂੰਖ਼ਾਰ ਅੱਤਵਾਦੀ ਨੂੰ ਮਾਰਨ ਬਾਅਦ ਮਹਿੰਗਾ ਸਿੰਘ ਨੂੰ ਜਦੋਂ ਤਰੱਕੀ ਮਿਲਦੀ ਸੀ ਤਾਂ ਉਹ ਲਾਭ ਸਿੰਘ ਨੂੰ ਆਪਣਾ ਭਾਈਵਾਲ ਬਣਾਉਂਦਾ ਸੀ। ਤਰੱਕੀ ਕਰਦਾ-ਕਰਦਾ ਲਾਭ ਸਿੰਘ ਹੋਮਗਾਰਡ ਤੋਂ ਹੌਲਦਾਰ ਬਣ ਗਿਆ ਸੀ।

ਸੱਤ ਸਾਲ ਸਜ਼ਾ ਭੁਗਤ ਲੈਣ ਬਾਅਦ ਅੱਜ ਤਕ ਲਾਭ ਸਿੰਘ ਨੂੰ ਇਹ ਸਮਝ ਨਹੀਂ ਸੀ

ਆਈ ਕਿ ਮਹਿੰਗਾ ਸਿੰਘ ਦੇ ਹੁਕਮ 'ਤੇ ਗੰਨਮੈਨ ਵੱਲੋਂ ਘਰੋਂ ਚੁੱਕਿਆ ਜੀਤਾ ਸੱਚਮੁੱਚ ਅੱਤਵਾਦੀ ਸੀ ਜਾਂ ਜੀਤੇ ਦੇ ਵਾਰਸਾਂ ਦੇ ਆਖਣ ਅਨੁਸਾਰ ਮਹਿੰਗਾ ਸਿੰਘ ਨੇ ਉਸ ਦੇ ਵਿਰੋਧੀਆਂ ਤੋਂ ਪੰਜ ਲੱਖ ਰੁਪਿਆ ਲੈ ਕੇ ਉਸ ਨੂੰ ਝੂਠ-ਮੂਠ ਅੱਤਵਾਦੀ ਗਰਦਾਨ ਕੇ ਮਰਵਾ ਦਿੱਤਾ ਸੀ।

ਲਾਭ ਸਿੰਘ ਹੁਰਾਂ ਨੇ ਆਮ ਹੁਕਮਾਂ ਵਾਂਗ ਮਹਿੰਗਾ ਸਿੰਘ ਦੇ ਇਸ ਹੁਕਮ 'ਤੇ ਵੀ ਫੁੱਲ ਚੜ੍ਹਾਏ ਸਨ। ਉਹਨਾਂ ਨੇ ਨਹਿਰ ਕੰਢੇ ਲਿਜਾ ਕੇ ਜੀਤੇ ਨੂੰ ਗੋਲੀ ਮਾਰ ਦਿੱਤੀ ਸੀ ਅਤੇ ਲਾਸ਼ ਨੂੰ ਨਹਿਰ ਵਿਚ ਸੁੱਟ ਦਿੱਤਾ ਸੀ।

ਬਾਕੀ ਅੱਤਵਾਦੀਆਂ ਵਾਂਗ ਝੂਠੇ ਪੁਲਿਸ ਮੁਕਾਬਲੇ ਵਿਰੁੱਧ ਉੱਠਦੇ ਆਮ ਵਾ-ਵਰੋਲਿਆਂ ਵਾਂਗ ਜੀਤੇ ਦੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਦੀ ਖ਼ਬਰ ਵੀ ਅਖ਼ਬਾਰਾਂ ਵਿਚ ਛਪੀ ਸੀ। ਮਹਿੰਗਾ ਸਿੰਘ ਵਾਂਗ ਲਾਭ ਸਿੰਘ ਨੇ ਵੀ ਇਸ ਪ੍ਰਚਾਰ ਦੀ ਪ੍ਰਵਾਹ ਨਹੀਂ ਸੀ ਕੀਤੀ। ਹੋਰ ਪੁਲਿਸ ਮੁਕਾਬਲਿਆਂ ਵਾਂਗ ਇਸ ਮੁਕਾਬਲੇ ਦੀ ਵੀ ਉੱਚ-ਪੱਧਰੀ ਪੜਤਾਲ ਹੋਣੀ ਸੀ ਅਤੇ ਅਫ਼ਸਰਾਂ ਨੇ ਉਹਨਾਂ ਨੂੰ ਦੋਸ਼-ਮੁਕਤ ਕਰ ਦੇਣਾ ਸੀ।

ਸੁਲਗਦੀ ਅੱਗ ਉਸ ਸਮੇਂ ਭਾਂਬੜ ਬਣ ਗਈ ਜਦੋਂ ਮਹਿੰਗਾ ਸਿੰਘ ਇਕ ਮੁਕਾਬਲੇ ਵਿਚ ਸ਼ਹੀਦ ਹੋ ਗਿਆ। ਮਹਿੰਗਾ ਸਿੰਘ ਦੀ ਤਰੱਕੀ ਅਤੇ ਦਲੇਰੀ 'ਤੇ ਸੜਦੇ ਉਸ ਦੇ ਵਿਰੋਧੀ ਪੁਲਿਸ ਅਫ਼ਸਰਾਂ ਨੇ ਕਬਰਾਂ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ। ਦੱਬੀਆਂ ਪਈਆਂ ਪੜਤਾਲਾਂ ਮੁੜ ਸ਼ੁਰੂ ਹੋ ਗਈਆਂ। ਬਹੁਤੇ ਅਫ਼ਸਰਾਂ ਦੀ ਨਜ਼ਰ ਮਹਿੰਗਾ ਸਿੰਘ ਦੀ ਜਾਇਦਾਦ ਉਪਰ ਸੀ। ਉਸ ਨੇ ਬਹੁਤ ਅੱਤਵਾਦੀ ਮਾਰੇ ਸਨ। ਇਕ-ਇਕ ਅੱਤਵਾਦੀ ਕੋਲੋਂ ਕਈ ਵਾਰ ਪੰਜਾਹ-ਪੰਜਾਹ ਲੱਖ ਰੁਪਿਆ ਤਕ ਬਰਾਮਦ ਹੁੰਦਾ ਸੀ। ਅੱਤਵਾਦੀਆਂ ਕੋਲੋਂ ਬਰਾਮਦ ਹੋਈ ਭਾਰੀ ਰਕਮ ਉਸ ਕੋਲ ਹੋਣੀ ਚਾਹੀਦੀ ਸੀ। ਮਹਿੰਗਾ ਸਿੰਘ ਦਾ ਆਪਣਾ ਕੋਈ ਵਾਰਿਸ ਨਹੀਂ ਸੀ ਬਚਿਆ। ਉਸ ਦੇ ਗੁਪਤ ਖ਼ਜ਼ਾਨੇ ਜਾਂ ਬੇਨਾਮੀ ਜਾਇਦਾਦ ਦੀ ਖ਼ਬਰ ਲਾਭ ਸਿੰਘ ਨੂੰ ਹੋਣੀ ਚਾਹੀਦੀ ਸੀ। ਲਾਭ ਸਿੰਘ ਨੂੰ ਪੁਚਕਾਰ ਕੇ ਜਾਂ ਡਰਾ ਕੇ ਇਹ ਧਨ ਆਸਾਨੀ ਨਾਲ ਹੜੱਪਿਆ ਜਾ ਸਕਦਾ ਸੀ।

ਇਸ ਉਦੇਸ਼ ਦੀ ਪ੍ਰਾਪਤੀ ਲਈ ਲਾਭ ਸਿੰਘ ਅਤੇ ਉਸ ਦੇ ਸਾਥੀ ਗੰਨਮੈਨਾਂ ਦੇ ਵਿਰੁੱਧ ਜੀਤ ਸਿੰਘ ਨੂੰ ਕਤਲ ਕਰਨ ਦਾ ਮੁਕੱਦਮਾ ਦਰਜ ਕੀਤਾ ਗਿਆ। ਗ੍ਰਿਫ਼ਤਾਰੀ ਤੋਂ ਬਾਅਦ ਉਸ ਉਪਰ ਮਹਿੰਗਾ ਸਿੰਘ ਦੀ ਜਾਇਦਾਦ ਨੂੰ ਉਜਾਗਰ ਕਰਨ ਦਾ ਦਬਾਅ ਪਾਇਆ ਗਿਆ। ਉਸ ਨੂੰ ਵਾਅਦਾ ਮੁਆਫ਼ ਗਵਾਹ ਰੱਖ ਕੇ ਕਤਲ ਕੇਸ ਵਿਚੋਂ ਕੱਢ ਦੇਣ ਦਾ ਲਾਲਚ ਦਿੱਤਾ ਗਿਆ। ਮਹਿੰਗਾ ਸਿੰਘ ਨੇ ਕਿਧਰੇ ਕੋਈ ਜਾਇਦਾਦ ਬਣਾਈ ਹੋਵੇ, ਇਸ ਦਾ ਲਾਭ ਸਿੰਘ ਨੂੰ ਉੱਕਾ ਪਤਾ ਨਹੀਂ ਸੀ। ਉਹ ਅਫ਼ਸਰਾਂ ਨੂੰ ਕਿਸ ਖ਼ਜ਼ਾਨੇ ਦਾ ਰਾਹ ਦੱਸਦਾ। ਜੀਤੇ ਨੂੰ ਗੋਲੀ ਜ਼ਰੂਰ ਮਾਰੀ ਗਈ ਸੀ, ਪਰ ਕਿਸੇ ਲਾਲਚ ਤਹਿਤ ਨਹੀਂ।

ਚਿੜੇ ਅਫ਼ਸਰਾਂ ਨੇ ਜੀਤੇ ਦੇ ਕਤਲ ਦਾ ਸਾਰਾ ਭਾਰ ਲਾਭ ਸਿੰਘ ਦੇ ਸਿਰ ਮੜ੍ਹ ਦਿੱਤਾ। ਬਾਕੀ ਗੰਨਮੈਨਾਂ ਨੂੰ ਵਾਅਦਾ ਮੁਆਫ਼ ਗਵਾਹ ਬਣਾ ਕੇ ਉਸ ਨੂੰ ਜੇਲ੍ਹ ਤਕ ਪਹੁੰਚਾ ਦਿੱਤਾ। ਲਾਭ ਸਿੰਘ ਨੇ ਆਪਣੇ ਗੌਰਵਮਈ ਰਿਕਾਰਡ ਅਤੇ ਬੇਗੁਨਾਹੀ ਦੇ ਬਹੁਤ ਵਾਸਤੇ ਪਾਏ। ਕਿਸੇ ਅਫ਼ਸਰ ਦੇ ਕੰਨ 'ਤੇ ਜੂੰ ਨਾ ਸਰਕੀ। ਉੱਚੀ ਤੋਂ ਉੱਚੀ ਅਦਾਲਤ ਨੇ ਵੀ ਉਸ ਦੀ ਗੁਹਾਰ 'ਤੇ ਕੰਨ ਨਾ ਧਰਿਆ। ਇਕੋ ਤਰਕ ਦੇ ਆਧਾਰ 'ਤੇ ਉਸ ਦੀ ਦਲੀਲ ਠੁਕਰਾ ਦਿੱਤੀ ਜਾਂਦੀ ਸੀ ਕਿ ਜੇ ਕਾਨੂੰਨ ਦੇ ਰਾਖੇ ਹੀ ਕਾਨੂੰਨ ਦੀਆਂ ਧੱਜੀਆਂ ਉਡਾਉਣ ਲੱਗਣ ਤਾਂ ਆਮ ਲੋਕਾਂ ਦੀ ਰੱਖਿਆ ਕੌਣ ਕਰੇਗਾ ?

ਦਿਲ 'ਤੇ ਪੱਥਰ ਰੱਖ ਕੇ ਲਾਭ ਸਿੰਘ ਨੂੰ ਹਾਲਾਤ ਨਾਲ ਸਮਝੌਤਾ ਕਰਨਾ ਪਿਆ। ਅੱਧੀ ਕੱਟ ਗਈ ਸੀ, ਬਾਕੀ ਵੀ ਇਸ ਤਰ੍ਹਾਂ ਕੱਟ ਜਾਏਗੀ।



ਸਾਲ ਕੁ ਤੋਂ ਉਹ ਸੁਖਾਲਾ ਸੀ। ਪਹਿਲਾਂ ਪੁਲਸੀਆ ਹੋਣ ਕਾਰਨ ਸਾਥੀ ਕੈਦੀ ਉਸ ਨੂੰ ਦੁਰਕਾਰਦੇ ਸਨ ਅਤੇ ਜੇਲ੍ਹ ਕਰਮਚਾਰੀ ਵੀ ਉਸ 'ਤੇ ਭਰੋਸਾ ਨਹੀਂ ਸਨ ਕਰਦੇ। ਆਪਣੇ ਆਪ ਨੂੰ ਸਾਊਆਂ ਵਿਚ ਗਿਣਵਾਉਣ ਲਈ ਉਸ ਨੂੰ ਪੰਜ ਸਾਲ ਸਖ਼ਤ ਮਿਹਨਤ ਕਰਨੀ ਪਈ ਸੀ।

ਪਰਖਣ ਲਈ ਪਹਿਲਾਂ ਉਸ ਨੂੰ ਫ਼ੈਕਟਰੀ ਦਾ ਮੁਨਸ਼ੀ ਲਗਾਇਆ ਗਿਆ। ਫਿਰ ਤਰੱਕੀ ਦੇ ਕੇ ਗੁਦਾਮ ਵਿਚ ਭੇਜ ਦਿੱਤਾ ਗਿਆ। ਇਹਨਾਂ ਦੋਹਾਂ ਮੱਦਾਂ ਉਪਰ ਲਾਭ ਸਿੰਘ ਨੇ ਬੜੀ ਹੁਸ਼ਿਆਰੀ ਅਤੇ ਫ਼ੁਰਤੀ ਨਾਲ ਫ਼ਰਜ਼ ਨਿਭਾਇਆ। ਪਹਿਲੇ ਮੁਨਸ਼ੀਆਂ ਨਾਲੋਂ ਉਸ ਨੇ ਅਫ਼ਸਰਾਂ ਨੂੰ ਕਮਾਈ ਡਿਉੜੀ-ਦੁੱਗਣੀ ਕਰ ਕੇ ਦਿੱਤੀ, ਰਿਕਾਰਡ ਦਾ ਢਿੱਡ ਭਰਿਆ ਤੇ ਕੈਦੀਆਂ ਨੂੰ ਵੀ ਸ਼ਿਕਾਇਤ ਦਾ ਮੌਕਾ ਨਾ ਦਿੱਤਾ।

ਪੁਲਿਸ ਮਹਿਕਮੇ ਨੇ ਉਸ ਦੇ ਕੰਮ ਦਾ ਮੁੱਲ ਉਸ ਨੂੰ ਝੂਠੇ ਕਤਲ ਕੇਸ ਵਿਚ ਫਸਾ ਕੇ ਪਾਇਆ ਸੀ। ਜੇਲ੍ਹ ਅਧਿਕਾਰੀਆਂ ਨੇ ਉਸ ਦੇ ਕੰਮ ਦੀ ਕਦਰ ਕਰ ਕੇ ਉਸ ਨੂੰ ਜੇਲ੍ਹ ਦੀ ਸਭ ਤੋਂ ਅਹਿਮ ਮੱਦ ਬਖ਼ਸ਼ੀ ਸੀ ਅਤੇ ਅੱਜ ਉਹ ਚੱਕਰ-ਮੁਨਸ਼ੀ ਸੀ।

ਪੁਲਿਸ ਵਿਚ ਰਹਿਣ ਕਾਰਨ ਕੈਦੀਆਂ ਕੋਲੋਂ ਵੱਧ ਤੋਂ ਵੱਧ ਪੈਸਾ ਵਸੂਲਣ ਦੇ ਢੰਗ ਲਾਭ ਸਿੰਘ ਨੂੰ ਚੰਗੀ ਤਰ੍ਹਾਂ ਆਉਂਦੇ ਸਨ। ਅਫ਼ਸਰਾਂ ਦੀ ਆਸ ਦੇ ਉਲਟ ਸ਼ਾਮ ਤੱਕ ਉਹ ਕਈ ਗੁਣਾਂ ਵੱਧ ਕਮਾਈ ਕਰ ਲੈਂਦਾ ਸੀ। ਇਸ ਕਮਾਈ ਵਿਚੋਂ ਉਸ ਨੂੰ ਦਸੌਂਧ ਮਿਲਦਾ ਸੀ। ਬਾਕੀ ਦੀ ਕਮਾਈ ਉਹ ਚੀਫ਼ ਵਾਰਡਰ ਨੂੰ ਫੜਾ ਦਿੰਦਾ ਸੀ। ਅੱਗੇ ਅਫ਼ਸਰਾਂ ਵਿਚ ਕਿਸ ਦਰ 'ਤੇ ਹਿੱਸੇ ਪੈਂਦੇ ਸਨ, ਇਸ ਵੱਲ ਉਹ ਧਿਆਨ ਨਹੀਂ ਸੀ ਦਿੰਦਾ। ਕਮਾਊ ਪੁੱਤ ਹੋਣ ਕਾਰਨ ਜੇਲ੍ਹ ਵਿਚ ਉਸ ਦੀ ਚੰਗੀ ਚੱਲਦੀ ਸੀ। ਵੱਧ ਪੈਸਾ ਬਟੋਰਨ ਦੇ ਉਦੇਸ਼ ਨਾਲ ਉਹ ਉੱਨੀ ਕਰੇ ਜਾਂ ਇੱਕੀ, ਕੋਈ ਕਿੰਤੂ-ਪਰੰਤੂ ਨਹੀਂ ਸੀ ਕਰ ਸਕਦਾ।

ਆਖ਼ਰੀ ਕਿਸ਼ਤ ਵਿਚ ਚਾਰ ਕੈਦੀ ਜੇਲ੍ਹ ਆਏ ਸਨ। ਕਿਸ ਨਾਲ ਕਿਸ ਤਰ੍ਹਾਂ ਨਿਬੜਨਾ ਹੈ ? ਲਾਭ ਸਿੰਘ ਆਪਣੇ ਜ਼ਿਹਨ ਵਿਚ ਇਹੋ ਵਾਧੇ ਘਾਟੇ ਕਰ ਰਿਹਾ ਸੀ।

ਲਾਭ ਸਿੰਘ ਦੇ ਬਰਾਬਰ ਵਾਲੀ ਕੁਰਸੀ ਉਪਰ ਚੱਕਰ ਦਾ ਇੰਚਾਰਜ, ਚੀਫ਼ ਵਾਰਡਰ ਖ਼ਾਕੀ ਵਰਦੀ ਪਾਈ ਡਟਿਆ ਬੈਠਾ ਸੀ। ਉਸ ਵਿਚ ਉਹ ਸਾਰੇ ਗੁਣ ਮੌਜੂਦ ਸਨ, ਜੋ ਲਾਭ ਸਿੰਘ ਵਿਚ ਸਨ। ਉਹ ਜੇਲ੍ਹ ਸੁਪਰਡੈਂਟ ਦੇ ਨੇੜਲੇ ਮੁੱਖ ਵਾਰਡਰਾਂ ਵਿਚੋਂ ਇਕ ਸੀ। ਇਸੇ ਲਈ ਅਹਿਮ ਮੱਦ 'ਤੇ ਤਾਇਨਾਤ ਸੀ। ਆਪਣੀ ਸਹਾਇਤਾ ਲਈ ਉਸ ਨੇ ਇਕ ਹੋਰ ਕੈਦੀ ਚੱਕਰ ਵਿਚ ਬੁਲਾਇਆ ਹੋਇਆ ਸੀ, ਜੋ ਲਾਭ ਸਿੰਘ ਦੇ ਸੱਜੇ ਹੱਥ ਖੜ੍ਹਾ ਸੀ।

ਚੀਫ਼ ਵਾਰਡਰ ਦੀ ਨਜ਼ਰ ਵੀ ਜੇਲ੍ਹ ਦੇ ਅੰਦਰਲੇ ਦਰਵਾਜ਼ੇ ਉਪਰ ਟਿਕੀ ਹੋਈ ਸੀ। ਜਿਥੋਂ ਬੁੱਢੇ ਵਾਰਡਰ ਨੇ ਨਵੇਂ ਕੈਦੀਆਂ ਨੂੰ ਲੈ ਕੇ ਚੱਕਰ ਵੱਲ ਆਉਣਾ ਸੀ।

ਲਾਭ ਸਿੰਘ ਅਤੇ ਨਿਹਾਲ ਸਿੰਘ ਨੂੰ ਨਵੇਂ ਕੈਦੀਆਂ ਨਾਲੋਂ ਵੱਧ ਬੁੱਢੇ ਵਾਰਡਰ ਦੀ ਮੁਖ਼ਬਰੀ ਦਾ ਇੰਤਜ਼ਾਰ ਸੀ। ਬੁੱਢੇ ਵਾਰਡਰ ਨੇ ਨਵੇਂ ਕੈਦੀਆਂ ਵਿਚ ਕਿੰਨਾ-ਕਿੰਨਾ ਖ਼ੂਨ ਹੈ, ਇਸ ਬਾਰੇ ਜਾਣਕਾਰੀ ਦੇਣੀ ਸੀ ਅਤੇ ਫਿਰ ਉਸੇ ਜਾਣਕਾਰੀ ਦੇ ਆਧਾਰ 'ਤੇ ਲਾਭ ਸਿੰਘ ਹੁਰਾਂ ਨੇ ਉਹਨਾਂ ਦਾ ਖ਼ੂਨ ਨਿਚੋੜਨਾ ਸੀ।

ਬੁੱਢੇ ਵਾਰਡਰ ਨੇ ਚਾਰਾਂ ਕੈਦੀਆਂ ਨੂੰ ਬਰਾਂਡੇ ਵਿਚ ਲਿਆ ਕੇ ਖੜ੍ਹਾ ਕਰ ਦਿੱਤਾ। ਸਟੂਲਾਂ ਵੱਲ ਉਂਗਲ ਕਰ ਕੇ ਉਹਨਾਂ ਨੂੰ ਉਥੇ ਬੈਠਣ ਦਾ ਇਸ਼ਾਰਾ ਕੀਤਾ ਅਤੇ ਆਪ ਕਾਗ਼ਜ਼-ਪੱਤਰ ਲੈ ਕੇ ਦਫ਼ਤਰ ਵਿਚ ਵੜ ਗਿਆ।

ਜੈਨ ਦੇ ਭਾਰੇ ਸਰੀਰ ਨੇ ਇਕ ਪੂਰਾ ਸਟੂਲ ਮੱਲ ਲਿਆ। ਦੂਜੇ ਉਪਰ ਹਾਕਮ ਸਿੰਘ ਬੈਠ

ਗਿਆ।

ਘੁਸੜ ਕੇ ਬੈਠਣ ਦੀ ਥਾਂ ਪਾਲਾ ਅਤੇ ਮੀਤਾ ਪਰੇ ਜ਼ਮੀਨ ਉੱਪਰ ਜਾ ਬੈਠੇ। ਬਾਕੀ ਦੀ ਸਾਰੀ ਉਮਰ ਉਹਨਾਂ ਨੇ ਇਸ ਚਾਰ-ਦੀਵਾਰੀ ਅੰਦਰ ਕੱਟਣੀ ਸੀ। ਹੁਣ ਉਹਨਾਂ ਦੀ ਆਪਣੀ ਮਰਜ਼ੀ ਨਹੀਂ ਸੀ ਚੱਲਣੀ। ਹੱਥ ਵਿਚ ਡੰਡਾ ਫੜੀ ਕਿਸੇ ਨਾ ਕਿਸੇ ਵਾਰਡਰ ਨੇ ਪਸ਼ੂਆਂ ਵਾਂਗ ਉਹਨਾਂ ਨੂੰ ਇਧਰ-ਉਧਰ ਦੁੜਾਉਣਾ ਸੀ। ਕਿਸੇ ਬੈਰਕ ਵਿਚ ਜਾ ਕੇ ਦਮ ਘੁਟਾਉਣ ਨਾਲੋਂ ਦੋ ਘੜੀ ਖੁੱਲ੍ਹੀ ਹਵਾ ਵਿਚ ਬੈਠਣ ਵਿਚ ਭਲਾਈ ਸੀ। ਉਹਨਾਂ ਨੂੰ ਪਤਾ ਸੀ ਕਿ ਹਿਸਟਰੀ-ਸ਼ੀਟ ਭਰਨ ਅਤੇ ਕੈਦੀ ਨੰਬਰ ਮਿਲਣ ਵਿਚ ਵਕਤ ਲੱਗਣਾ ਸੀ। ਇਸ ਲਈ ਇਕ ਪਾਸੇ ਹਟ ਕੇ ਉਹ ਅੱਗੇ ਆਉਣ ਵਾਲੇ ਔਖੇ ਦਿਨਾਂ ਨੂੰ ਸੌਖਾਲੇ ਬਣਾਉਣ ਦੀਆਂ ਤਰਕੀਬਾਂ ਸੋਚਣ ਲੱਗੇ।

"ਮਿੰਨਤ-ਤਰਲਾ ਕਰਕੇ ਇਕੋ ਬੈਰਕ ਲੈ ਲਈਂ। ਦੋਵੇਂ ਭਰਾ ਰਲ-ਮਿਲ ਕੇ ਦੁੱਖ ਸਾਂਝਾ ਕਰ ਲਿਆ ਕਰਾਂਗੇ।"

ਪਾਲੇ ਨੂੰ ਭੈੜੇ ਭਵਿੱਖ ਦੀ ਵੱਧ ਚਿੰਤਾ ਸੀ। ਪਤਾ ਸੀ ਉਹ ਗ਼ਰੀਬ ਹਨ। ਜੇਲ੍ਹ ਸਟਾਫ਼ ਨੂੰ ਦੇਣ ਲਈ ਉਹਨਾਂ ਕੋਲ ਫੁੱਟੀ ਕੌਡੀ ਵੀ ਨਹੀਂ। ਪਿਛਲਿਆਂ ਕੋਲੋਂ ਕੋਈ ਉਮੀਦ ਨਹੀਂ। ਉਹਨਾਂ ਵਰਗੇ ਲਾਵਾਰਿਸਾਂ ਨੂੰ ਭੱਠ ਝੋਕਣ ਲਈ ਲੰਗਰ ਵਿਚ ਜਾਂ ਮੌਰ ਤੁੜਾਉਣ ਲਈ ਆਰੇ ਵਿਚ ਭੇਜਿਆ ਜਾਂਦਾ ਹੈ। ਪੁਲਿਸ ਦੀਆਂ ਮਾਰਾਂ ਖਾ-ਖਾ ਪਾਲੇ ਦੇ ਹੱਡ ਕਮਜ਼ੋਰ ਹੋ ਚੁੱਕੇ ਸਨ। ਇਕ ਟੰਗ ਕਮਜ਼ੋਰ ਹੋਣ ਕਾਰਨ ਉਸ ਤੋਂ ਬਹੁਤਾ ਭਾਰ ਨਹੀਂ ਸੀ ਚੁੱਕਿਆ ਜਾਂਦਾ। ਹਰ ਸਮੇਂ ਮੋਢੇ-ਗੋਡੇ ਕੜ-ਕੜ ਕਰਦੇ ਰਹਿੰਦੇ ਸਨ। ਉਸ ਤੋਂ ਆਪਣਾ ਆਪ ਚੁੱਕ ਕੇ ਪੌੜੀ ਨਹੀਂ ਸੀ ਚੜ੍ਹਿਆ ਜਾਂਦਾ। ਭਾਰੇ ਬੱਠਲ ਕਿੱਦਾਂ ਚੁੱਕੇ ਜਾਣਗੇ। ਉਸ ਤੋਂ ਤਾਂ ਹੁਣ ਤੇਜ਼ ਵੀ ਨਹੀਂ ਤੁਰਿਆ ਜਾਂਦਾ। ਝੱਟ ਸਾਹ ਚੜ੍ਹ ਜਾਂਦਾ ਹੈ। ਉਸ ਤੋਂ ਕੋਈ ਵੀ ਮੁਸ਼ੱਕਤ ਨਹੀਂ ਹੋਣੀ।

ਘਾਟ-ਘਾਟ ਦਾ ਪਾਣੀ ਪੀਤਾ ਹੋਣ ਕਾਰਨ ਮੀਤਾ ਪਾਲੇ ਨਾਲੋਂ ਕਈ ਗੁਣਾਂ ਹੁਸ਼ਿਆਰ ਸੀ। ਉਸ ਨੂੰ ਅਫ਼ਸਰਾਂ ਨਾਲ ਗੱਲ ਕਰਨ ਦਾ ਵੱਲ ਸੀ। ਪਾਲਾ ਮਿੱਟੀ ਦਾ ਮਾਧੋ ਸੀ। ਅਫ਼ਸਰ ਅੱਗੇ ਜਾਂਦੇ ਹੀ ਉਸ ਦੀ ਘਿੱਗੀ ਬੱਝ ਜਾਂਦੀ ਸੀ। ਆਪਣੀ ਇਸੇ ਕਮਜ਼ੋਰੀ ਨੂੰ ਭਾਂਪ ਕੇ ਉਸ ਨੇ ਮੀਤੇ ਕੋਲ ਅਰਜ਼ ਕੀਤੀ ਸੀ।

"ਫ਼ਿਕਰ ਨਾ ਕਰ, ਮੈਂ ਪੂਰੀ ਕੋਸ਼ਿਸ਼ ਕਰਾਂਗਾ, ਪਰ ਇਹਨਾਂ ਕਿਹੜਾ ਆਪਣੀ ਮੰਨਣੀ ਹੈ ?"

ਮੀਤਾ ਵੀ ਪਾਲੇ ਨਾਲ ਰਹਿਣ ਦਾ ਇੱਛੁਕ ਸੀ। ਉਸ ਨੂੰ ਜੇਲ੍ਹ ਕਰਮਚਾਰੀਆਂ ਦੇ ਪੁੱਠੇ ਦਿਮਾਗ਼ ਦੇ ਹੋਣ ਦਾ ਪਤਾ ਸੀ। ਜੋ ਆਖੋ ਉਹਨਾਂ ਉਸ ਦੇ ਉਲਟ ਕਰਨਾ ਸੀ। ਫਿਰ ਵੀ ਮੀਤਾ ਗੱਲ ਕਰਨ ਦੇ ਰੌਂਅ ਵਿਚ ਸੀ।

"ਜੇ ਆਪਾਂ ਨੂੰ ਕਿਸੇ ਜੈਨ ਵਰਗੇ ਸੇਠ ਦਾ ਮੁਸ਼ੱਕਤੀ ਲਾ ਦੇਣ ਫੇਰ ਮੌਜਾਂ ਲੱਗ ਜਾਣ।"

ਮੀਤੇ ਦੀ ਨਜ਼ਰ ਸੇਠ ਉਪਰ ਟਿਕੀ ਹੋਈ ਸੀ। ਸੇਠ ਬਹੁਤਾ ਪੜ੍ਹਿਆ-ਲਿਖਿਆ ਭਾਵੇਂ ਨਾ ਹੋਵੇ, ਪਰ ਪੈਸੇ ਵਾਲਾ ਜ਼ਰੂਰ ਸੀ। ਉਹ ਇਨਕਮ ਟੈਕਸ ਜ਼ਰੂਰ ਭਰਦਾ ਹੋਵੇਗਾ। ਇਸੇ ਆਧਾਰ 'ਤੇ ਉਸ ਨੇ ਬੀ-ਕਲਾਸ ਲੈ ਲੈਣੀ ਸੀ। ਬੀ-ਕਲਾਸ ਅਹਾਤੇ ਦੇ ਕੈਦੀਆਂ ਨੂੰ ਰਾਸ਼ਨ ਵੀ ਵਧੀਆ ਮਿਲਦਾ ਸੀ ਅਤੇ ਰਾਸ਼ਨ ਪਕਾਉਣ ਲਈ ਕੈਦੀ ਵੀ। ਸੇਵਾ ਲਈ ਮਿਲੇ ਅਜਿਹੇ ਕੈਦੀਆਂ ਨੂੰ ਮੁਸ਼ੱਕਤੀ ਆਖਿਆ ਜਾਂਦਾ ਹੈ। ਉਹ ਚਾਹੁੰਦੇ ਸਨ ਕਿ ਉਹਨਾਂ ਵਿਚੋਂ ਕੋਈ ਸੇਠ ਦਾ ਮੁਸ਼ੱਕਤੀ ਬਣ ਜਾਵੇ ਤਾਂ ਕੈਦ ਸੁਖਾਲੀ ਕੱਟ ਜਾਵੇ।

"ਇਹ ਐਸ਼ ਕਿਹੜਾ ਉਹਨਾਂ ਮੁਫ਼ਤ ਵਿਚ ਦੇਣੀ ਹੈ। ਮੁਸ਼ੱਕਤੀ ਲਾਉਣ ਲਈ ਉਹਨਾਂ ਪੈਸੇ ਮੰਗਣੇ ਹਨ। ਆਪਾਂ ਕਿਥੋਂ ਲਿਆਵਾਂਗੇ ? ਆਪਾਂ ਨੂੰ ਤਾਂ ਹੱਡ ਹੀ ਰਗੜਨੇ ਪੈਣਗੇ।"



"ਮਿੰਨਤ-ਤਰਲਾ ਕਰਨ ਵਿਚ ਕੀ ਹਰਜ ਹੈ। ਸ਼ਾਇਦ ਕਿਸੇ ਦੇ ਮਨ ਵਿਚ ਮਿਹਰ ਪੈ ਜਾਵੇ।"

ਪਾਲੇ ਦੀ ਗੱਲ 'ਤੇ ਮੀਤਾ ਹੱਸਿਆ।

"ਜਦੋਂ ਆਪਾਂ ਜੇਬਾਂ ਕੱਟਦੇ ਜਾਂ ਚੋਰੀ ਕਰਦੇ ਸੀ ਤਾਂ ਕੀ ਆਪਾਂ ਕਦੇ ਦੇਖਿਆ ਸੀ ਕਿ ਅਗਲੇ ਨੇ ਪੈਸੇ ਕਿਵੇਂ ਕਮਾਏ ਹਨ ? ਚੱਕਰ ਵਿਚ ਆਪਣਾ ਭਾਈਚਾਰਾ ਬੈਠਾ ਹੈ। ਉਹਨਾਂ ਨੂੰ ਆਪਣੀਆਂ ਜੇਬਾਂ ਨਾਲ ਮੋਹ ਹੈ। ਸਾਡੀਆਂ ਮਜਬੂਰੀਆਂ ਨਾਲ ਨਹੀਂ।"

"ਚੱਲ ਹੋਰ ਕੁਝ ਮਿਲੇ ਜਾਂ ਨਾ, ਇਕੋ ਬੈਰਕ ਜ਼ਰੂਰ ਲੈ ਲਈਂ। ਨਹੀਂ ਤਾਂ ਮੈਂ ਤਾਂ ਦੋ ਦਿਨਾਂ ਵਿਚ ਹੀ ਮਰ ਜਾਵਾਂਗਾ।"

ਕਮਲਿਆਂ ਵਾਂਗ ਪਾਲਾ ਇਕੋ ਗੱਲ ਕਈ-ਕਈ ਵਾਰ ਦੁਹਰਾ ਰਿਹਾ ਸੀ।

ਦੋਹਾਂ ਨੇ ਪਹਿਲਾਂ ਕਈ ਵਾਰ ਇਕੱਠਿਆਂ ਜੇਲ੍ਹ ਕੱਟੀ ਸੀ। ਅੱਗੇ ਪਾਲਾ ਕਦੇ ਇੰਝ ਨਹੀਂ ਸੀ ਘਬਰਾਇਆ। ਪਤਾ ਨਹੀਂ ਕਿਉਂ, ਇਸ ਵਾਰ ਉਹ ਕੁਝ ਜ਼ਿਆਦਾ ਹੀ ਦਿਲ ਛੱਡੀ ਬੈਠਾ ਸੀ। ਕਈ ਸਾਲਾਂ ਬਾਅਦ ਜੇਲ੍ਹ ਆਇਆ ਹੈ ਸ਼ਾਇਦ ਇਸ ਲਈ ਜਾਂ ਕੈਦ ਲੰਬੀ ਹੈ ਇਸ ਲਈ ਜਾਂ ਫਿਰ ਕਬੀਲਦਾਰ ਬਣ ਗਿਆ ਹੈ ਇਸ ਲਈ। ਉਪਰੋਂ ਭਾਵੇਂ ਮੀਤਾ ਮਜ਼ਬੂਤ ਦਿਸਣ ਦਾ ਯਤਨ ਕਰ ਰਿਹਾ ਸੀ, ਪਰ ਅੰਦਰੋਂ ਉਸ ਦਾ ਵੀ ਉਹੋ ਹਾਲ ਸੀ।

# 4

ਬਾਹਰ ਪਾਲਾ ਅਤੇ ਮੀਤਾ ਗੱਲੀਂ ਲੱਗੇ ਹੋਏ ਸਨ। ਅੰਦਰ ਚੀਫ਼ ਵਾਰਡਰ ਅਤੇ ਮੁਨਸ਼ੀ ਨਵੇਂ ਆਏ ਕੈਦੀਆਂ ਦੇ ਕਾਗ਼ਜ਼ਾਂ ਦੀ ਘੋਖ ਕਰ ਰਹੇ ਸਨ। ਹਾਕਮ ਸਿੰਘ ਵਕੀਲ ਸੀ। ਉਸ ਨੂੰ ਆਪਣੀ ਘਰਵਾਲੀ ਨੂੰ ਘੱਟ ਦਹੇਜ ਲਿਆਉਣ ਲਈ ਤੰਗ ਕਰਨ ਅਤੇ ਆਤਮ-ਹੱਤਿਆ ਕਰਨ ਲਈ ਮਜਬੂਰ ਕਰਨ ਦੇ ਜੁਰਮ ਵਿਚ ਉਮਰ ਕੈਦ ਹੋਈ ਸੀ। ਇਸ ਕੈਦੀ ਬਾਬਤ ਗੁਪਤ ਰਿਪੋਰਟਾਂ ਦਿੰਦਿਆਂ ਬੁੱਢੇ ਵਾਰਡਰ ਸੁੱਚਾ ਸਿੰਘ ਨੇ ਦੱਸਿਆ ਸੀ ਕਿ ਉਹ ਜੇਲ੍ਹ ਆਉਣ ਦੀ ਮੁਕੰਮਲ ਤਿਆਰੀ ਕਰ ਕੇ ਆਇਆ ਸੀ। ਕਾਨੂੰਨ ਦਾ ਵਾਕਫ਼ ਤਾਂ ਸੀ ਹੀ, ਜੇਲ੍ਹ ਨਿਯਮਾਂ ਨੂੰ ਵੀ ਘੋਟਾ ਲਾਈ ਫਿਰਦਾ ਸੀ। ਉਸ ਨਾਲ ਹੁਸ਼ਿਆਰੀ ਨਾਲ ਨਿਪਟਿਆ ਜਾਣਾ ਚਾਹੀਦਾ ਸੀ।

ਲਾਭ ਸਿੰਘ ਨੂੰ ਵਕੀਲਾਂ ਨਾਲ ਚਿੜ ਸੀ। ਇਸ ਲਈ ਹਾਕਮ ਸਿੰਘ ਨਾਲ ਨਿਬੜਨ ਦੀ ਜ਼ਿੰਮੇਵਾਰੀ ਲਾਭ ਸਿੰਘ ਨੇ ਸੰਭਾਲ ਲਈ। ਉਸ ਦਾ ਵਿਚਾਰ ਸੀ ਕਿ ਜੇਲ੍ਹ ਵਿਚ ਬੰਦ ਅੱਧਿਆਂ ਨਾਲੋਂ ਵੱਧ ਕੈਦੀਆਂ ਨੂੰ ਸਜ਼ਾ ਵਕੀਲਾਂ ਦੇ ਲਾਲਚ ਜਾਂ ਲਾਪਰਵਾਹੀ ਕਾਰਨ ਹੁੰਦੀ ਹੈ। ਜਦੋਂ ਲਾਭ ਸਿੰਘ ਥਾਣੇ ਵਿਚ ਹੌਲਦਾਰ ਲੱਗਾ ਹੁੰਦਾ ਸੀ ਤਾਂ ਵਕੀਲ ਉਸ ਦੇ ਅੱਗੇ-ਪਿੱਛੇ ਘੁੰਮਦੇ ਸਨ। ਕਚਹਿਰੀ ਆਏ ਦੀ ਉਸ ਦੀ ਜਵਾਈਆਂ ਵਾਂਗ ਸੇਵਾ ਹੁੰਦੀ ਸੀ। ਵਕੀਲਾਂ ਨੂੰ ਉਸ ਤਕ ਗੌਂਅ ਹੁੰਦੀ ਸੀ। ਲਾਭ ਸਿੰਘ ਉਹਨਾਂ ਕੋਲ ਸਾਇਲ ਭੇਜਦਾ ਸੀ ਅਤੇ ਚੰਗੀ ਫ਼ੀਸ ਦਿਵਾਉਂਦਾ ਸੀ। ਜਦੋਂ ਉਸ ਉਪਰ ਕਤਲ ਦਾ ਮੁਕੱਦਮਾ ਬਣਿਆ ਤਾਂ ਪਹਿਲਾਂ-ਪਹਿਲ ਹਰ ਵਕੀਲ ਨੇ ਉਸ ਦਾ ਵਕੀਲ ਬਣਨ ਦੀ ਪੇਸ਼ਕਸ਼ ਕੀਤੀ। ਫ਼ੀਸ ਤਾਂ ਕੀ ਲੈਣੀ ਸੀ, ਉਹਨਾਂ ਨੇ ਟਾਈਪ ਅਤੇ ਟਿਕਟਾਂ ਦਾ ਖ਼ਰਚਾ ਵੀ ਪੱਲਿਉਂ ਦੇਣ ਦੀਆਂ ਫੜ੍ਹਾਂ ਮਾਰੀਆਂ। ਜਿਉਂ-ਜਿਉਂ ਲਾਭ ਸਿੰਘ ਜਾਲ ਵਿਚ ਉਲਝਦਾ ਗਿਆ, ਤਿਉਂ-ਤਿਉਂ ਵਕੀਲ ਕਿਨਾਰਾ ਕਰਦੇ ਗਏ। ਉਸ ਦੇ ਮੁਅੱਤਲ ਹੋਣ ਤਕ ਇਕੱਲਾ ਗਿੱਲ ਹੀ ਰਹਿ ਗਿਆ। ਆਨੇ-ਬਹਾਨੇ ਹਰ ਪੇਸ਼ੀ ਉਹ ਵੀ ਦਿਹਾੜੀ ਬਣਾਉਣ ਲੱਗਾ। ਕਦੇ ਨਕਲਾਂ ਲੈਣ ਲਈ ਖ਼ਰਚਾ ਮੰਗ ਲੈਂਦਾ ਅਤੇ ਕਦੇ ਟਿਕਟਾਂ ਖ਼ਰੀਦਣ ਲਈ। ਗਵਾਹੀਆਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਹ ਵੀ ਲਿਫ਼ਾਫ਼ਾ ਮੋੜ ਗਿਆ। ਕਹਿੰਦਾ ਉਹ ਛੋਟਾ ਵਕੀਲ ਹੈ। ਕਤਲ ਕੇਸ ਲੜਨਾ ਉਸ ਦੇ ਵੱਸ ਦਾ ਰੋਗ ਨਹੀਂ। ਲਾਭ ਸਿੰਘ ਨੇ ਲਿਫ਼ਾਫ਼ਾ ਸਿਕੰਦਰ ਸਿੰਘ ਨੂੰ ਫੜਾਇਆ ਤਾਂ ਉਸ ਨੇ ਮੂੰਹ ਅੱਡ ਕੇ ਫ਼ੀਸ ਮੰਗ ਲਈ। ਫ਼ੀਸ ਦੇਣ ਵਿਚ ਉਸ ਨੂੰ ਕੋਈ ਗਿਲਾ ਨਹੀਂ ਸੀ, ਪਰ ਆਪਣੇ ਜੂਨੀਅਰ ਵਕੀਲਾਂ ਰਾਹੀਂ ਉਸ ਨੇ ਲਾਭ ਸਿੰਘ ਦੀ ਜੋ ਛਿੱਲ ਲਾਹੀ, ਉਸ ਉਪਰ ਉਹ ਅੱਜ ਤੱਕ ਦੰਦ ਪੀਸਦਾ ਸੀ।

ਲਾਭ ਸਿੰਘ ਨੂੰ ਇਕ-ਦੋ ਵਾਰ ਜ਼ਨਾਨਾ ਅਹਾਤੇ ਵਿਚ ਜਾਣ ਦਾ ਮੌਕਾ ਮਿਲਿਆ ਸੀ। ਉਥੇ ਹਰ ਰੋਜ਼ ਵਕੀਲਾਂ ਦੇ ਨਾਂ ਲੈ-ਲੈ ਕੈਦਣਾਂ ਸਿਆਪੇ ਕਰਦੀਆਂ ਅਤੇ ਉਹਨਾਂ ਦੇ ਕੀਰਨੇ ਪਾਉਂਦੀਆਂ ਸਨ। ਕਿਸੇ ਨੇ ਉਹਨਾਂ ਦੇ ਗਹਿਣੇ ਲੁੱਟੇ ਸਨ ਅਤੇ ਕਿਸੇ ਨੇ ਇੱਜ਼ਤ।



ਲਾਭ ਸਿੰਘ ਦੇ ਮਸਾਂ ਇਕ ਵਕੀਲ ਅੜਿੱਕੇ ਆਇਆ ਸੀ। ਉਹ ਆਪਣਾ ਅਤੇ ਆਪਣੇ ਵਰਗੇ ਸਾਥੀ ਕੈਦੀਆਂ ਦਾ ਬਦਲਾ ਉਸ ਤੋਂ ਲੈਣਾ ਚਾਹੁੰਦਾ ਸੀ। ਲਾਭ ਸਿੰਘ ਹਾਕਮ ਸਿੰਘ ਨੂੰ ਨੀਵਾਂ ਦਿਖਾਉਣ ਦੀਆਂ ਯੋਜਨਾਵਾਂ ਘੜਨ ਲੱਗਾ।

ਸੁਭਾਸ਼ ਜੈਨ ਨੂੰ ਸੂਬੇ ਦੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨਾਲ ਮਿਲ ਕੇ ਸੜਕਾਂ ਉਪਰੋਂ ਲੁੱਕ ਅਤੇ ਇਮਾਰਤਾਂ ਵਿਚੋਂ ਸਰੀਆ ਸੀਮੈਂਟ ਹਜ਼ਮ ਕਰਨ ਦੇ ਦੋਸ਼ ਵਿਚ ਪੰਜ ਸਾਲ ਕੈਦ ਕੱਟਣ ਦੀ ਸਜ਼ਾ ਹੋਈ ਸੀ। ਸੁੱਚਾ ਸਿੰਘ ਦੀ ਮੁਖ਼ਬਰੀ ਅਨੁਸਾਰ ਜੱਜ ਨੇ ਉਸ ਨਾਲ ਧੋਖਾ ਕੀਤਾ ਸੀ। ਉਸ ਦੇ ਨਾਲ ਦੇ ਇੰਜੀਨੀਅਰ ਬਰੀ ਹੋ ਗਏ ਸਨ। ਪਹਿਲੀ ਕਿਸ਼ਤ ਉਹ ਖ਼ੁਦ ਜੱਜ ਦੇ ਘਰ ਦੇ ਕੇ ਆਇਆ ਸੀ। ਦੂਜੀ ਕਿਸ਼ਤ ਦਲਾਲ ਤੱਕ ਪੁੱਜਦੀ ਕਰ ਦਿੱਤੀ ਗਈ ਸੀ। ਬਰੀ ਹੋਣ ਦੀ ਪੂਰੀ ਉਮੀਦ ਕਾਰਨ ਉਹ ਨਾਲ ਬੰਦੇ ਲੈ ਕੇ ਨਹੀਂ ਸੀ ਆਇਆ। ਉਸ ਨਾਲ ਇਕੱਲਾ ਡਰਾਈਵਰ ਸੀ। ਅਫਰਾ-ਤਫ਼ਰੀ ਵਿਚ ਉਹ ਗਹਿਣਾ-ਗੱਟਾ ਉਤਾਰਨ ਅਤੇ ਪੈਸਾ-ਧੇਲਾ ਡਰਾਈਵਰ ਨੂੰ ਫੜਾਉਣਾ ਭੁੱਲ ਗਿਆ ਸੀ। ਮਾਨਸਿਕ ਤਣਾਅ ਕਾਰਨ ਉਸ ਦੀਆਂ ਬੀਮਾਰੀਆਂ ਵੱਧ ਗਈਆਂ ਸਨ। ਖ਼ੂਨ ਦਾ ਦਬਾਅ ਅਤੇ ਸ਼ੂਗਰ ਅਸਮਾਨ ਛੂਹਣ ਲੱਗਾ ਸੀ। ਦਿਲ ਦੀ ਧੜਕਣ ਤੇਜ਼ ਸੀ। ਲਾਭ ਸਿੰਘ ਹੁਰੀਂ ਉਸ ਦੀ ਬੀਮਾਰੀ ਅਤੇ ਘਬਰਾਹਟ ਦਾ ਫ਼ਾਇਦਾ ਉਠਾ ਸਕਦੇ ਸਨ। ਸੁੱਚਾ ਸਿੰਘ ਨੂੰ ਉਸ ਨੇ ਨਿਹਾਲ ਕਰ ਦਿੱਤਾ ਸੀ। ਚੱਕਰ ਵਾਲਿਆਂ ਲਈ ਹਾਲੇ ਵੀ ਉਸ ਕੋਲ ਬਹੁਤ ਕੁਝ ਬਾਕੀ ਸੀ। ਕਿੰਨਾ ਬਟੋਰਨਾ ਹੈ, ਇਸ ਦਾ ਫ਼ੈਸਲਾ ਉਹਨਾਂ ਨੇ ਕਰਨਾ ਸੀ।

ਬਾਕੀ ਦੇ ਦੋਵਾਂ ਕੈਦੀਆਂ ਬਾਰੇ ਲਾਭ ਸਿੰਘ ਖ਼ੁਦ ਬਹੁਤਾ ਕੁਝ ਜਾਣਦਾ ਸੀ। ਉਹਨਾਂ ਦੇ ਮੁਕੱਦਮੇ ਦੀ ਕਾਰਵਾਈ ਦੀਆਂ ਖ਼ਬਰਾਂ ਹਰ ਰੋਜ਼ ਅਖ਼ਬਾਰਾਂ ਵਿਚ ਛਪਦੀਆਂ ਸਨ। ਲਾਭ ਸਿੰਘ ਲਗਾਤਾਰ ਉਹਨਾਂ 'ਤੇ ਨਜ਼ਰ ਰੱਖ ਰਿਹਾ ਸੀ। ਇਹਨਾਂ ਕੈਦੀਆਂ ਕੋਲੋਂ ਨਾ ਕਿਸੇ ਨੂੰ ਕੁਝ ਮਿਲਣਾ ਸੀ ਅਤੇ ਨਾ ਹੀ ਉਹਨਾਂ ਨੇ ਕੁਝ ਲੈਣਾ ਸੀ

ਸਭ ਤੋਂ ਪਹਿਲਾਂ ਵਕੀਲ ਸਾਹਿਬ ਦੇ ਕਾਗ਼ਜ਼-ਪੱਤਰ ਤਿਆਰ ਹੋਣੇ ਚਾਹੀਦੇ ਹਨ।

ਪਹਿਲਾਂ ਹਾਕਮ ਸਿੰਘ ਨੂੰ ਅੱਗੇ ਹੋਣ ਦਾ ਹੁਕਮ ਹੋਇਆ।

ਜਿਹੜਾ ਹਿਸਟਰੀ ਟਿਕਟ ਹਾਕਮ ਸਿੰਘ ਦਾ ਭਰਿਆ ਹੋਇਆ ਸੀ, ਉਸ ਉਪਰ 808 ਨੰਬਰ ਲੱਗਾ ਹੋਇਆ ਸੀ। ਇਹੋ ਹਾਕਮ ਸਿੰਘ ਦਾ ਕੈਦੀ ਨੰਬਰ ਸੀ। ਅੱਗੇ ਤੋਂ ਹਾਕਮ ਸਿੰਘ ਨੂੰ ਵਕੀਲ ਸਾਹਿਬ ਨਾਲ ਘੱਟ ਅਤੇ ਇਸ ਨੰਬਰ ਨਾਲ ਵੱਧ ਬੁਲਾਇਆ ਜਾਇਆ ਕਰਨਾ ਸੀ।

"ਵਕੀਲ ਸਾਹਿਬ, ਤੁਹਾਡਾ ਰਿਕਾਰਡ ਦੱਸਦਾ ਹੈ ਕਿ ਤੁਸੀਂ ਦੋ ਸਾਲ ਹਵਾਲਾਤੀ ਰਹੇ ਹੋ। ਇਸ ਲਈ ਜੇਲ੍ਹ ਵਿਚ ਹੁੰਦੀਆਂ ਕਾਰਵਾਈਆਂ ਤੋਂ ਵਾਕਿਫ਼ ਹੋਵੋਗੇ। ਆਹ ਫੜੋ ਆਪਣਾ ਸਜ਼ਾ ਵਾਰੰਟ। ਮੈਂ ਹਿਸਟਰੀ ਭਰਨੀ ਹੈ। ਜੋ ਪੁੱਛਾਂ ਸਹੀ-ਸਹੀ ਦੱਸੀ ਜਾਣਾ।"

ਚੀਫ਼ ਵਾਰਡਰ ਨੇ ਕੈਦੀ ਤੋਂ ਉਸ ਦਾ ਨਾਂ, ਬਾਪ ਦਾ ਨਾਂ, ਕੀਤੇ ਜੁਰਮ, ਹੋਈ ਸਜ਼ਾ, ਪੜ੍ਹਾਈ-ਲਿਖਾਈ, ਕੱਦ-ਕਾਠ, ਵਜ਼ਨ, ਬੀਮਾਰੀਆਂ ਤੋਂ ਲੈ ਕੇ ਸ਼ੌਕਾਂ ਬਾਰੇ ਤਕ ਪੁੱਛਿਆ। ਹਾਕਮ ਸਿੰਘ ਦੱਸਦਾ ਰਿਹਾ ਅਤੇ ਲਾਭ ਸਿੰਘ ਮਿਲ ਰਹੀ ਜਾਣਕਾਰੀ ਨੂੰ ਵਾਰੰਟ ਨਾਲ ਮਿਲਾ ਕੇ ਹਿਸਟਰੀ ਟਿਕਟ ਵਿਚ ਦਰਜ ਕਰਦਾ ਰਿਹਾ।

ਕੈਦੀਆਂ ਦੀ ਇਕ ਵਾਰ ਤਲਾਸ਼ੀ ਡਿਉੜੀ ਵਿਚ ਹੋ ਚੁੱਕੀ ਸੀ। ਉਸ ਸਮੇਂ ਕੇਵਲ ਉਹ ਸਾਮਾਨ ਜ਼ਬਤ ਕੀਤਾ ਗਿਆ ਸੀ, ਜੋ ਇਤਰਾਜ਼ ਯੋਗ ਸੀ ਅਤੇ ਜਿਸ ਨੂੰ ਜੇਲ੍ਹ ਅੰਦਰ ਲਿਜਾਣ ਦੀ ਇਜਾਜ਼ਤ ਨਹੀਂ ਸੀ।

ਦੂਸਰੀ ਵਾਰੀ ਤਲਾਸ਼ੀ ਚੱਕਰ ਵਿਚ ਹੋਣੀ ਸੀ। ਇਥੇ ਕੈਦੀ ਦੇ ਘਰੇਲੂ ਕੱਪੜੇ-ਲੀੜੇ, ਗਹਿਣੇ-ਗੱਟੇ, ਨਕਦੀ ਅਤੇ ਹੋਰ ਨਿੱਜੀ ਸਾਮਾਨ ਨੂੰ ਜੇਲ੍ਹ ਦੇ ਸਟੋਰ ਵਿਚ ਜਮ੍ਹਾਂ ਕਰ ਦਿੱਤਾ ਜਾਣਾ ਸੀ। ਕੈਦੀ ਨੂੰ ਜਮ੍ਹਾਂ ਹੋਏ ਸਾਮਾਨ ਦੀ ਰਸੀਦ ਮਿਲਣੀ ਸੀ। ਰਿਹਾਈ ਸਮੇਂ ਇਹ ਸਾਮਾਨ ਉਸ ਨੂੰ ਵਾਪਸ ਮਿਲ ਜਾਣਾ ਸੀ।

ਸਟੋਰ ਵਿਚੋਂ ਕੈਦੀ ਨੂੰ ਸਰਕਾਰੀ ਵਰਦੀ, ਬਿਸਤਰ, ਭਾਂਡਾ-ਠੀਕਰ ਅਤੇ ਹੋਰ ਰੋਜ਼-ਮੱਰਾ ਵਿਚ ਕੰਮ ਆਉਣ ਵਾਲਾ ਸਾਮਾਨ ਮਿਲਣਾ ਸੀ।

ਹਿਸਟਰੀ ਟਿਕਟ ਤਿਆਰ ਹੋਣ ਬਾਅਦ ਤਲਾਸ਼ੀ ਦੀ ਕਾਰਵਾਈ ਸ਼ੁਰੂ ਹੋਈ।

"ਆਹ ਝੋਲਾ ਦਿਖਾਓ! ਕੀ ਹੈ ਇਸ ਵਿਚ?"

"ਕੁਝ ਕਿਤਾਬਾਂ ਨੇ। ਕਾਪੀ ਅਤੇ ਪੈੱਨ ਹੈ।"

ਹਾਕਮ ਸਿੰਘ ਜਾਣਦਾ ਸੀ, ਜੇਲ੍ਹ ਨਿਯਮ ਅਨੁਸਾਰ ਕੈਦੀ ਨੂੰ ਪੜ੍ਹਨ-ਲਿਖਣ ਦੀ ਆਜ਼ਾਦੀ ਸੀ। ਇਸ ਲਈ ਕੁਝ ਕਿਤਾਬਾਂ ਅਤੇ ਲਿਖਣ ਸਮੱਗਰੀ ਨਾਲ ਲਿਆਇਆ ਸੀ। ਇਸ ਲਈ ਝੋਲਾ ਮੁਨਸ਼ੀ ਨੂੰ ਫੜਾਉਣ ਦੀ ਉਸ ਨੇ ਜ਼ਰੂਰਤ ਨਾ ਸਮਝੀ।

"ਦਿਖਾ ਕਿਹੜੀਆਂ ਕਿਤਾਬਾਂ ਨੇ?"

ਵਕੀਲ ਵੱਲੋਂ ਹੋਈ ਹੁਕਮ-ਅਦੂਲੀ ਨੇ ਲਾਭ ਸਿੰਘ ਨੂੰ ਚਿੜਾਇਆ। ਗ਼ੁੱਸੇ ਨੂੰ ਉਸ ਨੇ ਕਾਬੂ ਵਿਚ ਰੱਖਿਆ ਪਰ ਸੰਬੋਧਨ ਵਿਚ ਤਬਦੀਲੀ ਲਿਆਂਦੀ। ਨਾਲ ਹੀ ਝੋਲੇ ਵੱਲ ਹੱਥ ਵਧਾਇਆ।

"ਇਹ ਜੇਲ੍ਹ ਮੈਨੂਅਲ ਹੈ। ਆਹ ਕਾਨੂੰਨ ਦੀਆਂ ਕਿਤਾਬਾਂ ਹਨ। ਆਹ ਸੁਪਰੀਮ ਕੋਰਟ ਦੇ ਫ਼ੈਸਲਿਆਂ ਦੀਆਂ ਨਕਲਾਂ ਹਨ।"

ਪੁਸਤਕਾਂ ਝੋਲੇ ਵਿਚੋਂ ਬਾਹਰ ਕੱਢ ਕੇ ਹਾਕਮ ਸਿੰਘ ਨੇ ਮੇਜ਼ ਉਪਰ ਰੱਖ ਦਿੱਤੀਆਂ।

"ਜੇਲ੍ਹ ਮੈਨੂਅਲ! ਇਹ ਤੈਨੂੰ ਕਿਥੋਂ ਮਿਲ ਗਿਆ? ਤੀਹ ਸਾਲ ਹੋ ਗਏ ਮੈਨੂੰ ਨੌਕਰੀ ਵਿਚ ਆਇਆਂ। ਇਸ ਦੇ ਅੱਜ ਤਕ ਮੈਂ ਦਰਸ਼ਨ ਨਹੀਂ ਕੀਤੇ।"

ਜੇਲ੍ਹ ਮੈਨੂਅਲ ਨੂੰ ਹੱਥਾਂ ਵਿਚ ਫੜ ਕੇ ਨਿਹਾਲ ਸਿੰਘ ਨੇ ਹੈਰਾਨੀ ਪ੍ਰਗਟਾਈ।

"ਇਹ ਵਕੀਲਾਂ ਨੂੰ ਮੁਕੱਦਮੇ ਝਗੜਨ ਲਈ ਮਿਲ ਜਾਂਦੇ ਹਨ।"

"ਇਉਂ ਆਖ ਤੂੰ ਕੈਦੀਆਂ ਨੂੰ ਭੜਕਾਉਣ ਲਈ ਜੇਲ੍ਹ ਮੈਨੂਅਲ ਲੈ ਕੇ ਆਇਆ ਹੈਂ। ਇਸ ਨੂੰ ਜੇਲ੍ਹ ਵਿਚ ਲਿਆਉਣ ਦੀ ਇਜਾਜ਼ਤ ਨਹੀਂ ਹੈ।"

ਇਸ ਨਵੀਂ ਮੁਸੀਬਤ ਨੇ ਲਾਭ ਸਿੰਘ ਦੇ ਅੰਦਰ ਬਲਦੀ ਅੱਗ 'ਤੇ ਤੇਲ ਪਾਉਣ ਵਾਲਾ ਕੰਮ ਕੀਤਾ।

"ਨਹੀਂ, ਇਸ ਬਾਰੇ ਹਰ ਕੈਦੀ ਨੂੰ ਜਾਣਕਾਰੀ ਦੇਣੀ ਜੇਲ੍ਹ ਪ੍ਰਸ਼ਾਸਨ ਦਾ ਫ਼ਰਜ਼ ਹੈ। ਇਹ ਮੈਂ ਨਹੀਂ, ਸੁਪਰੀਮ ਕੋਰਟ ਆਖਦੀ ਹੈ।"

"ਸੁਪਰੀਮ ਕੋਰਟ ਵਕੀਲਾਂ ਨੂੰ ਆਖਦੀ ਹੋਵੇਗੀ। ਅਸੀਂ ਨਹੀਂ ਮੰਨਦੇ ਇਹ ਹਦਾਇਤਾਂ। ਅਸੀਂ ਜੇਲ੍ਹ ਵਿਚ ਅਮਨ-ਸ਼ਾਂਤੀ ਰੱਖਣੀ ਹੈ। ਕੈਦੀਆਂ ਨੂੰ ਭੜਕਾਉਣਾ ਨਹੀਂ।"

ਚੀਫ਼ ਵਾਰਡਰ ਨੂੰ ਲੱਗਾ ਜਿਵੇਂ ਹਾਕਮ ਸਿੰਘ ਜੇਲ੍ਹ ਵਿਚ ਫ਼ਨੀਅਰ ਸੱਪ ਲੈ ਆਇਆ ਸੀ, ਜਿਸ ਨੇ ਸਾਰੇ ਜੇਲ੍ਹ ਅਧਿਕਾਰਆਂ ਨੂੰ ਡੱਸ ਲੈਣਾ ਹੈ।

ਹਾਕਮ ਸਿੰਘ ਚੁੱਪ ਰਿਹਾ।



"ਇਹ ਅੰਗਰੇਜ਼ੀ ਵਿਚ ਨੇ। ਸਾਨੂੰ ਅੰਗਰੇਜ਼ੀ ਨਹੀਂ ਆਉਂਦੀ। ਕੱਲ੍ਹ ਨੂੰ ਵੱਡਾ ਸਾਬ੍ਹ ਆਵੇਗਾ, ਉਸ ਨੂੰ ਦਿਖਾਵਾਂਗੇ। ਜੇ ਇਜਾਜ਼ਤ ਦੇਵੇਗਾ ਤਾਂ ਵਾਪਸ ਕਰ ਦਿਆਂਗੇ।"

ਆਖਦੇ ਲਾਭ ਸਿੰਘ ਨੇ ਪੁਸਤਕਾਂ ਨੂੰ ਝੋਲੇ ਵਿਚ ਪਾਇਆ, ਉਪਰ ਹਾਕਮ ਸਿੰਘ ਦਾ ਨਾਂ ਅਤੇ ਕੈਦੀ ਨੰਬਰ ਲਿਖ ਕੇ ਝੋਲਾ ਸਾਹਮਣੇ ਪਏ ਰੈਕ ਵਿਚ ਰੱਖ ਦਿੱਤਾ।

ਹਾਕਮ ਸਿੰਘ ਨੇ ਕੋਈ ਉਜ਼ਰ ਨਾ ਕੀਤਾ। ਉਹਨਾਂ ਦੀ ਗੱਲ ਕੁਝ ਹੱਦ ਤਕ ਜਾਇਜ਼ ਸੀ। ਕੱਲ੍ਹ ਨੂੰ ਪੁਸਤਕਾਂ ਆਪੇ ਵਾਪਸ ਮਿਲ ਜਾਣਗੀਆਂ।

ਲਾਭ ਸਿੰਘ ਦਾ ਭਰਮ ਗ਼ਲਤ ਸੀ। ਜੇਲ੍ਹ ਮੈਨੂਅਲ ਦਾ ਅਧਿਐਨ ਉਸ ਨੇ ਕੈਦੀਆਂ ਨੂੰ ਭੜਕਾਉਣ ਜਾਂ ਕਿਸੇ ਸਾਇਲ ਦੇ ਮੁਕੱਦਮੇ ਦੀ ਤਿਆਰੀ ਕਰਦਿਆਂ ਨਹੀਂ ਸੀ ਕੀਤਾ, ਸਗੋਂ ਆਪਣੇ 'ਤੇ ਆਉਣ ਵਾਲੀ ਮੁਸੀਬਤ ਨੂੰ ਕੁਝ ਸੁਖਾਲਾ ਕਰਨ ਲਈ ਕੀਤਾ ਸੀ।

ਆਪਣੇ ਵਿਰੁੱਧ ਦਰਜ ਹੋਈ ਰਿਪੋਰਟ ਪੜ੍ਹਦਿਆਂ ਹੀ ਹਾਕਮ ਸਿੰਘ ਨੇ ਹਰ ਸੂਰਤ ਵਿਚ ਹੋਣ ਵਾਲੀ ਸਜ਼ਾ ਨੂੰ ਭਾਂਪ ਲਿਆ ਸੀ। ਹਾਕਮ ਸਿੰਘ ਦੇ ਮੁਕੱਦਮੇ ਦਾ ਮੁਦੱਈ ਕੋਈ ਸਧਾਰਨ ਵਿਅਕਤੀ ਨਹੀਂ ਸੀ। ਉਹ ਮਾਇਆ ਨਗਰ ਦਾ ਨਾਮੀ ਵਕੀਲ ਸੀ। ਰਪਟ ਦਰਜ ਕਰਾਉਂਦੇ ਸਮੇਂ ਉਸ ਨੇ ਕਾਨੂੰਨੀ ਲੋੜਾਂ ਨੂੰ ਮੁੱਖ ਰੱਖਦੇ ਹੋਏ ਸੱਚ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਸੀ।

ਸੱਚ ਇਹ ਸੀ ਕਿ ਰਵਿੰਦਰ ਦੀ ਮੌਤ ਦਾ ਅਸਲ ਕਾਰਨ ਘੱਟ ਦਾਜ ਲਿਆਉਣ ਕਾਰਨ ਸਹੁਰੇ ਪਰਿਵਾਰ ਵੱਲੋਂ ਤੰਗ ਪਰੇਸ਼ਾਨ ਕੀਤਾ ਜਾਣਾ ਨਹੀਂ ਸੀ, ਸਗੋਂ ਵਕੀਲ ਦੀ ਘੱਟ ਆਮਦਨ ਸੀ। ਹਾਕਮ ਸਿੰਘ ਨੇ ਵਿਆਹ ਤੋਂ ਪਹਿਲਾਂ ਸਹੁਰੇ ਕੋਲ ਆਪਣੀ ਸਥਿਤੀ ਸਪੱਸ਼ਟ ਕਰ ਦਿੱਤੀ ਸੀ। ਉਹ ਤੰਗੀਆਂ-ਤੁਰਸ਼ੀਆਂ ਵਿਚ ਪੜ੍ਹਿਆ ਸੀ। ਉਸ ਕੋਲ ਚੰਗੇ ਨੰਬਰਾਂ ਵਾਲੀਆਂ ਡਿਗਰੀਆਂ ਅਤੇ ਮਿਲੇ ਇਨਾਮਾਂ-ਸਨਮਾਨਾਂ ਵਾਲੇ ਸਰਟੀਫ਼ਿਕੇਟਾਂ ਦਾ ਥੱਬਾ ਸੀ, ਪਰ ਜ਼ਮੀਨਾਂ ਜਾਇਦਾਦਾਂ ਦੀਆਂ ਰਜਿਸਟਰੀਆਂ ਨਹੀਂ ਸਨ। ਹਾਕਮ ਸਿੰਘ ਦਾ ਸਹੁਰਾ ਵਕੀਲ ਸੀ। ਉਸ ਦਾ ਪਿਛੋਕੜ ਵੀ ਹਾਕਮ ਸਿੰਘ ਵਰਗਾ ਸੀ। ਵਕਾਲਤ ਨੂੰ ਚਮਕਾਉਣ ਲਈ ਪ੍ਰਤਿਭਾ ਦੀ ਜ਼ਰੂਰਤ ਹੁੰਦੀ ਹੈ, ਜੋ ਹਾਕਮ ਸਿੰਘ ਕੋਲ ਬਹੁਤ ਸੀ। ਮੇਜਰ ਸਿੰਘ ਨੂੰ ਯਕੀਨ ਸੀ, ਹਾਕਮ ਸਿੰਘ ਨੇ ਦਿਨਾਂ ਵਿਚ ਹੀ ਸਫ਼ਲਤਾ ਵਾਲੀਆਂ ਪੌੜੀਆਂ ਚੜ੍ਹ ਜਾਣਾ ਸੀ। ਉਸ ਲਈ ਵਾਧਾ ਇਹ ਹੋਣਾ ਸੀ ਕਿ ਮੇਜਰ ਸਿੰਘ ਵਰਗੇ ਕਾਬਲ ਵਕੀਲ ਦਾ ਹੱਥ ਉਸ ਦੇ ਸਿਰ ਉਪਰ ਹੋਣਾ ਸੀ। ਹਾਕਮ ਸਿੰਘ ਨੂੰ ਕਾਨੂੰਨੀ ਪੇਚੀਦਗੀਆਂ ਸਾਲਾਂ ਦੀ ਥਾਂ ਦਿਨਾਂ ਵਿਚ ਸਮਝ ਆ ਜਾਣਗੀਆਂ। ਸਾਰੇ ਨਫ਼ੇ-ਨੁਕਸਾਨ ਸੋਚ ਕੇ ਮੇਜਰ ਸਿੰਘ ਨੇ ਉਸ ਨੂੰ ਆਪਣੀ ਧੀ ਲਈ ਚੁਣਿਆ ਸੀ।

ਧੀ ਨੇ ਮਲਵੀਂ ਜਿਹੀ ਜੀਭ ਨਾਲ ਮਾਇਆ ਨਗਰ ਵਰਗਾ ਸ਼ਹਿਰ ਛੱਡ ਕੇ ਪਿੰਡਾਂ ਵਰਗੀ ਮੰਡੀ ਵਿਚ ਵਿਆਹੇ ਜਾਣ 'ਤੇ ਗਿਲਾ ਕੀਤਾ ਸੀ। ਮੇਜਰ ਸਿੰਘ ਨੇ ਧੀ ਨੂੰ ਦੂਰ-ਅੰਦੇਸ਼ ਬਣਨ ਦਾ ਉਪਦੇਸ਼ ਦੇ ਕੇ ਚੁੱਪ ਕਰਵਾ ਦਿੱਤਾ ਸੀ। ਭਵਿੱਖਬਾਣੀ ਕਰਦਿਆਂ ਮੇਜਰ ਸਿੰਘ ਨੇ ਧੀ ਨੂੰ ਯਕੀਨ ਦਿਵਾਇਆ ਸੀ ਕਿ ਜਿਉਂ-ਜਿਉਂ ਹਾਕਮ ਸਿੰਘ ਨੇ ਤਰੱਕੀ ਕਰਨੀ ਹੈ, ਤਿਉਂ-ਤਿਉਂ ਉਸ ਨੇ ਸ਼ਹਿਰ ਵੀ ਬਦਲਣੇ ਸਨ। ਪੰਜ-ਸੱਤ ਸਾਲਾਂ ਵਿਚ ਹਾਕਮ ਸਿੰਘ ਨੇ ਹਾਈ ਕੋਰਟ ਵਿਚ ਪਹੁੰਚ ਜਾਣਾ ਸੀ। ਸੁਨਹਿਰੇ ਭਵਿੱਖ ਲਈ ਕੁਝ ਕੁਰਬਾਨੀਆਂ ਤਾਂ ਕਰਨੀਆਂ ਪੈਂਦੀਆਂ ਹਨ। ਉਸ ਸਮੇਂ ਜੇ ਰਵਿੰਦਰ ਆਪਣੀ ਗੱਲ 'ਤੇ ਅੜ ਜਾਂਦੀ ਤਾਂ ਬਿਨਾਂ ਬਹੁਤਾ ਸੋਚਿਆਂ ਮੇਜਰ ਸਿੰਘ ਨੇ ਆਪਣਾ ਵਿਚਾਰ ਬਦਲ ਲੈਣਾ ਸੀ, ਪਰ ਇਕ ਵਾਰ ਲਾਵਾਂ ਲੈਣ ਬਾਅਦ ਸਮੇਂ ਨੂੰ ਪੁੱਠਾ ਗੇੜਾ ਨਹੀਂ ਸੀ ਦਿੱਤਾ ਜਾ ਸਕਦਾ।

ਖੁੱਲ੍ਹੀਆਂ ਸੜਕਾਂ ’ਤੇ ਗੱਡੀਆਂ ਭਜਾਉਣ ਵਾਲੀ, ਹੋਟਲਾਂ, ਕਲੱਬਾਂ ਅਤੇ ਪਾਰਟੀਆਂ ਤੇ ਜਾਣ ਵਾਲੀ ਰਵਿੰਦਰ ਦਾ ਛੇ ਕੁ ਮਹੀਨਿਆਂ ਵਿਚ ਉਥੇ ਦਮ ਘੁਟਣ ਲੱਗਾ।

ਤਿੰਨ ਮਹੀਨਿਆਂ ਬਾਅਦ ਪੇਕੇ ਫੇਰਾ ਪਾਉਣ ਆਈ ਧੀ ਦਾ ਮੁਰਝਾਇਆ ਚਿਹਰਾ ਦੇਖ ਕੇ ਬਾਪ ਦਾ ਦਿਲ ਧੜਕਿਆ। ਦਾਲ ਵਿਚ ਕੁਝ ਕਾਲਾ ਲੱਗਾ। ਰਵਿੰਦਰ ਦੀ ਮਾਂ ਰਾਹੀਂ ਉਸ ਨੇ ਕੁੜੀ ਦਾ ਮਨ ਪੜ੍ਹਨਾ ਚਾਹਿਆ। ਪਤਾ ਲੱਗਾ ਮਸਲਾ ਬਹੁਤ ਗੰਭੀਰ ਨਹੀਂ ਸੀ। ਸੱਸ-ਸਹੁਰੇ ਨੂੰ ਕੁੜੀ ਦੇ ਨਵੇਂ ਫ਼ੈਸ਼ਨਾਂ ਦੇ ਕੱਪੜੇ-ਲੀੜੇ ਪਾਉਣ ਉਪਰ ਇਤਰਾਜ਼ ਸੀ। ਉਹਨਾਂ ਨੂੰ ਕੁੜੀ ਦਾ ਤੀਜੇ ਦਿਨ ਹਾਕਮ ਨੂੰ ਲੈ ਕੇ ਸਿਨਮਾ ਦੇਖਣ ਜਾਣਾ ਵੀ ਚੰਗਾ ਨਹੀਂ ਸੀ ਲੱਗਾ। ਡੋਸੇ-ਇਡਲੀ ਖਾਣ ਲਈ ਉਹਨਾਂ ਦੀ ਮੰਡੀ ਵਿਚ ਕੋਈ ਥਾਂ ਨਹੀਂ ਸੀ। ਮੂੰਹ ਦੇ ਸੁਆਦ ਲਈ ਪੰਜਾਹ ਕਿੱਲੋਮੀਟਰ ਪੈਂਡਾ ਮਾਰ ਕੇ ਮਾਇਆ ਨਗਰ ਜਾਣ ਵਿਚ ਕੋਈ ਤੁਕ ਨਹੀਂ ਸੀ।

ਮੇਜਰ ਸਿੰਘ ਨੇ ਕੁੜੀ ਨੂੰ ਕੋਲ ਬਿਠਾ ਕੇ ਸਮਝਾਇਆ। ਸੈਂਕੜੇ ਪਰਿਵਾਰਾਂ ਦੇ ਤਰੱਕੀ ਕਰ ਕੇ ਪਿੰਡੋਂ ਸ਼ਹਿਰੀਂ ਆਉਣ ਦੇ ਕਿੱਸੇ ਸੁਣਾਏ। ਰਵਿੰਦਰ ਨੇ ਸਦਾ ਲਈ ਮੰਡੀ ਨਹੀਂ ਸੀ ਬੈਠੀ ਰਹਿਣਾ। ਚੰਗੇ ਦਿਨ ਆਏ ਕਿ ਆਏ। ਕੁੜੀ ਦਾ ਮਨ ਟਿਕ ਗਿਆ।

ਪਰ ਅਗਲੀ ਵਾਰ ਆਈ ਕੁੜੀ ਪਹਿਲਾਂ ਨਾਲੋਂ ਵੀ ਵੱਧ ਚਿੰਤਾ ਵਿਚ ਸੀ। ਐਮ.ਏ. ਪਾਸ ਰਵਿੰਦਰ ਵਿਹਲਾ ਸਮਾਂ ਬਿਤਾਉਣ ਲਈ ਕਿਸੇ ਸਕੂਲ ਜਾਂ ਦਫ਼ਤਰ ਵਿਚ ਨੌਕਰੀ ਕਰਨਾ ਚਾਹੁੰਦੀ ਸੀ।

ਹਜ਼ਾਰ ਪੰਦਰਾਂ ਸੌ ਰੁਪਏ ਲਈ ਨੂੰਹ ਨੂੰ ਬਾਹਰ ਭੇਜਣ ਲਈ ਸਹੁਰੇ ਤਿਆਰ ਨਹੀਂ ਸਨ। ਮੇਜਰ ਸਿੰਘ ਨੇ ਫਿਰ ਸਹੁਰਿਆਂ ਦੇ ਹੱਕ ਵਿਚ ਦਲੀਲਾਂ ਦਿੱਤੀਆਂ। ਸ਼ਾਇਦ ਇਸ ਵਾਰ ਰਵਿੰਦਰ ਨੂੰ ਬਾਪ ਦਾ ਰੁਖ਼ ਚੰਗਾ ਨਹੀਂ ਸੀ ਲੱਗਾ। ਮੁੜ ਨਾ ਉਸ ਨੇ ਬਾਪ ਨੂੰ ਕੋਈ ਫ਼ੋਨ ਕੀਤਾ ਅਤੇ ਨਾ ਕਦੇ ਕੋਈ ਦੁਖੜਾ ਰੋਇਆ। ਹਾਕਮ ਸਿੰਘ ਨੇ ਵੀ ਉਸ ਕੋਲ ਮਨ ਦੀ ਘੁੰਡੀ ਨਾ ਖੋਲ੍ਹੀ। ਮੇਜਰ ਸਿੰਘ ਨੂੰ ਲੱਗਾ ਸਿਆਣੀ ਧੀ ਨੇ ਮੁੱਢਲੀਆਂ ਔਕੜਾਂ ਸਰ ਕਰ ਲਈਆਂ ਹਨ ਅਤੇ ਹੁਣ ਸਭ ਠੀਕ-ਠਾਕ ਹੈ। ਮੇਜਰ ਸਿੰਘ ਨੂੰ ਸਥਿਤੀ ਦੀ ਗੰਭੀਰਤਾ ਦਾ ਪਤਾ ਉਸ ਸਮੇਂ ਲੱਗਾ ਜਦੋਂ ਰਵਿੰਦਰ ਦੇ ਪੱਖੇ ਨਾਲ ਲਟਕ ਕੇ ਖ਼ੁਦਕੁਸ਼ੀ ਕਰਨ ਦੀ ਖ਼ਬਰ ਆਈ।

ਰਵਿੰਦਰ ਦੇ ਜਿਊਂਦੀ ਰਹਿਣ ਤਕ ਮੇਜਰ ਸਿੰਘ ਨੇ ਜਵਾਈ ਦਾ ਪੱਖ ਪੂਰਿਆ। ਧੀ ਦੇ ਮਰ ਜਾਣ ਬਾਅਦ ਬਾਪ ਦਾ ਮਨ ਕੁਰਲਾ ਉਠਿਆ। ਉਸ ਨੂੰ ਆਪਣੀ ਅਣਗਹਿਲੀ ਉਪਰ ਪਛਤਾਵਾ ਹੋਣ ਲੱਗਾ। ਧੀ ਦੇ ਨਾਲ-ਨਾਲ ਉਸ ਨੂੰ ਹਾਕਮ ਦੇ ਮਾਪਿਆਂ ਨੂੰ ਵੀ ਸਮਝਾਉਣਾ ਚਾਹੀਦਾ ਸੀ। ਧੀ ਦੀ ਗੱਲ ਮੰਨੀ ਜਾ ਸਕਦੀ ਸੀ। ਜੇ ਧੀ ਏਨੀ ਹੀ ਦੁਖੀ ਸੀ ਤਾਂ ਤਲਾਕ ਲੈ ਕੇ ਉਸ ਦਾ ਖਹਿੜਾ ਛੁਡਾਇਆ ਜਾ ਸਕਦਾ ਸੀ। ਖਿਝੇ-ਕਲਪੇ ਮੇਜਰ ਸਿੰਘ ਨੂੰ ਹਾਕਮ ਸਿੰਘ ਦੀ ਚੁੱਪ ’ਤੇ ਵੱਧ ਗ਼ੁੱਸਾ ਸੀ। ਉਸ ਨੂੰ ਸਥਿਤੀ ਨੂੰ ਸੰਭਾਲਣਾ ਚਾਹੀਦਾ ਸੀ। ਘੱਟੋ-ਘੱਟ ਮਸਲਾ ਮੇਜਰ ਸਿੰਘ ਦੇ ਧਿਆਨ ਵਿਚ ਤਾਂ ਲਿਆਉਂਦਾ।

ਕਾਨੂੰਨੀ ਗੁੰਝਲਾਂ ਨੂੰ ਧਿਆਨ ਵਿਚ ਰੱਖਦਿਆਂ ਮੇਜਰ ਸਿੰਘ ਨੇ ਸਾਰਾ ਨਜ਼ਲਾ ਹਾਕਮ ਸਿੰਘ ਉਪਰ ਝਾੜ ਦਿੱਤਾ। ਸੱਚ ਦੇ ਉਲਟ ਜੋ ਰਪਟ ਵਿਚ ਲਿਖਿਆ ਗਿਆ, ਉਹ ਇਹ ਸੀ ਕਿ ਹਾਕਮ ਸਿੰਘ ਪਹਿਲੇ ਦਿਨੋਂ ਹੀ ਕੁੜੀ ਵੱਲੋਂ ਲਿਆਂਦੇ ਘੱਟ ਦਹੇਜ ’ਤੇ ਨਰਾਜ਼ ਸੀ। ਉਹ ਆਏ ਦਿਨ ਕੁੜੀ ਨੂੰ ਪੇਕਿਆਂ ਵੱਲੋਂ ਕਾਰ ਲਿਆਉਣ ਲਈ ਤੰਗ ਪਰੇਸ਼ਾਨ ਕਰਦਾ ਸੀ। ਮੇਜਰ ਸਿੰਘ ਨੇ ਕਈ ਵਾਰ ਦਸ-ਦਸ, ਵੀਹ-ਵੀਹ ਹਜ਼ਾਰ ਦੇ ਕੇ ਲਾਲਚ ਦੀ ਅੱਗ ਨੂੰ ਠੰਢੀ ਕਰਨ ਦਾ ਯਤਨ ਕੀਤਾ



ਸੀ, ਪਰ ਕੁਝ ਮਹੀਨਿਆਂ ਬਾਅਦ ਲਾਲਚ ਫਿਰ ਜਾਗ ਪੈਂਦਾ ਸੀ। ਕੁੜੀ ਦੇ ਆਤਮ-ਹੱਤਿਆ ਕਰਨ ਤੋਂ ਇਕ ਘੰਟਾ ਪਹਿਲਾਂ ਇਸੇ ਗੱਲ ’ਤੇ ਇਕ ਵਾਰ ਫੇਰ ਝਗੜਾ ਹੋਇਆ ਸੀ। ਕੁੜੀ ਨੇ ਮਾਪਿਆਂ ਨੂੰ ਫ਼ੋਨ ’ਤੇ ਝਗੜੇ ਦੀ ਇਤਲਾਹ ਦੇ ਕੇ ਆਪ ਪੱਖੇ ਨੂੰ ਚੁੰਨੀ ਬੰਨ੍ਹ ਲਈ ਸੀ।

ਦਿਨ-ਰਾਤ ਇਕ ਕਰ ਕੇ ਮਾਹਿਰ ਵਕੀਲਾਂ ਦੇ ਸਮਝਾਏ ਚੁਸਤ-ਚਲਾਕ ਗਵਾਹ ਅਸਾਨੀ ਨਾਲ ਹਾਕਮ ਸਿੰਘ ਦੀਆਂ ਜੜ੍ਹਾਂ ਵਿਚ ਤੇਲ ਦੇ ਗਏ।

ਮੁਕੱਦਮੇ ਦੀ ਸੁਣਵਾਈ ਸਮੇਂ ਹਾਕਮ ਸਿੰਘ ਨਾਲ ਇਕ ਹੋਰ ਜ਼ਿਆਦਤੀ ਹੋਈ ਸੀ। ਹਾਕਮ ਸਿੰਘ ਉਪਰ ਮੁਕੱਦਮਾ ਉਸੇ ਅਦਾਲਤ ਵਿਚ ਚੱਲਿਆ ਸੀ, ਜਿਸ ਵਿਚ ਉਹ ਵਕਾਲਤ ਕਰਦਾ ਸੀ। ਪੈਰਵੀ ਲਈ ਮੇਜਰ ਸਿੰਘ ਮਾਇਆ ਨਗਰੀ ਤੋਂ ਆਉਂਦਾ ਸੀ। ਜੂਨੀਅਰ ਵਕੀਲ ਹੋਣ ਕਾਰਨ ਹਾਕਮ ਸਿੰਘ ਦੇ ਭਾਈਚਾਰੇ ਵਿਚੋਂ ਕਿਸੇ ਨੇ ਉਸ ਦੇ ਹੱਕ ਵਿਚ ਹਾਅ ਦਾ ਨਾਅਰਾ ਨਹੀਂ ਸੀ ਮਾਰਿਆ। ਦੂਜੇ ਪਾਸੇ ਮੇਜਰ ਸਿੰਘ ਨਾਲ ਜੂਨੀਅਰ ਅਤੇ ਸੀਨੀਅਰ ਹਰ ਤਰ੍ਹਾਂ ਦੇ ਵਕੀਲਾਂ ਦੀ ਢਾਣੀ ਆਉਂਦੀ ਸੀ। ‘ਵਕੀਲ ਦਾ ਨਿੱਜੀ ਕੇਸ ਹੈ’, ‘ਵਕੀਲ ਦੀ ਧੀ ਦਾਜ ਦੀ ਬਲੀ ਚੜ੍ਹੀ ਹੈ’ ਆਖ-ਆਖ ਨਾਲ ਆਏ ਵਕੀਲ ਜੱਜ ਨੂੰ ਨਿਰਪੱਖ ਹੋ ਕੇ ਸੋਚਣ ਦਾ ਮੌਕਾ ਨਹੀਂ ਸਨ ਦੇ ਰਹੇ। ਮੁਲਜ਼ਮ ਵੀ ਵਕੀਲ ਹੈ, ਇਸ ਗੱਲ ਵੱਲ ਕਿਸੇ ਦਾ ਧਿਆਨ ਨਹੀਂ ਸੀ ਜਾਂਦਾ।

ਸਜ਼ਾ ਹੁੰਦੀ ਦੇਖ ਕੇ ਹਾਕਮ ਸਿੰਘ ਨੇ ਜੇਲ੍ਹ ਮੈਨੂਅਲ ਪੜ੍ਹਿਆ ਸੀ, ਪਰ ਲੱਗਦਾ ਸੀ ਕੰਮ ਆਉਣ ਦੀ ਥਾਂ ਪੜ੍ਹਾਈ ਮਹਿੰਗੀ ਪੈਂਦੀ ਜਾ ਰਹੀ ਸੀ।

“ਜੇਬ ਖ਼ਾਲੀ ਕਰ। ਆਹ ਕਾਗ਼ਜ਼-ਪੱਤਰ ਜਿਹੇ ਕੀ ਨੇ ?”

“ਕੁਝ ਲੋਕਾਂ ਦੇ ਪਤੇ ਅਤੇ ਫ਼ੋਨ ਨੰਬਰ ਨੇ। ਆਹ ਕੁਝ ਰੁਪਏ ਨੇ।”

ਚੀਫ਼ ਨੇ ਨਾਂ-ਪਤਿਆਂ ਵਾਲੀ ਛੋਟੀ ਜਿਹੀ ਡਾਇਰੀ ਲਾਭ ਸਿੰਘ ਨੂੰ ਮੋੜ ਦਿੱਤੀ ਅਤੇ ਨੋਟ ਆਪਣੀ ਜੇਬ ਵਿਚ ਪਾ ਲਏ।

“ਇਹਨਾਂ ਨੋਟਾਂ ਬਦਲੇ ਮੈਨੂੰ ਕੂਪਨ ਦੇ ਦਿਉ।”

ਬਿਨਾਂ ਲਿਖਾ-ਪੜ੍ਹੀ ਦੇ ਚੀਫ਼ ਵੱਲੋਂ ਨੋਟ ਆਪਣੀ ਜੇਬ ਵਿਚ ਪਾਉਣ ’ਤੇ ਹਾਕਮ ਸਿੰਘ ਨੂੰ ਘਬਰਾਹਟ ਹੋਈ। ਪਿਛਲੇ ਤਜਰਬੇ ਦੇ ਆਧਾਰ ’ਤੇ ਉਸ ਨੇ ਭਾਂਪ ਲਿਆ ਸੀ ਕਿ ਜੇ ਹੁਣ ਉਜ਼ਰ ਨਾ ਕੀਤਾ ਤਾਂ ਨੋਟਾਂ ਨੂੰ ਜੇਬ ਨੇ ਹਜ਼ਮ ਕਰ ਜਾਣਾ ਹੈ।

“ਕੂਪਨ ਇਥੇ ਕਿਥੇ ਨੇ ? ਸਵੇਰੇ ਖ਼ਜ਼ਾਨਚੀ ਕੋਲ ਨੋਟ ਜਮ੍ਹਾਂ ਕਰਾਵਾਂਗੇ, ਫਿਰ ਕੂਪਨ ਲਵਾਂਗੇ।”

ਹਾਕਮ ਦੀ ਗ਼ੁਸਤਾਖ਼ੀ ’ਤੇ ਨਿਹਾਲ ਸਿੰਘ ਨੂੰ ਵੀ ਖਿਝ ਆਈ। ਖਿਝ ਕਾਰਨ ਉਸ ਦੇ ਬੋਲਾਂ ਵਿਚ ਤਲਖ਼ੀ ਆਉਣ ਲੱਗੀ। ਚੀਫ਼ ਹੈਰਾਨ ਸੀ, ਹਾਕਮ ਹਾਲੇ ਵੀ ਆਪਣੇ ਆਪ ਨੂੰ ਅਫ਼ਸਰ ਸਮਝ ਰਿਹਾ ਸੀ। ਚੀਫ਼ ਦਾ ਫ਼ਰਜ਼ ਸੀ ਉਹ ਕੈਦੀ ਨੂੰ ਅਹਿਸਾਸ ਕਰਾਏ ਕਿ ਉਹ ਹੁਣ ਪਿੰਜਰੇ ਵਿਚ ਬੰਦ ਬਿਨਾਂ ਖੰਭਾਂ ਵਾਲਾ ਇਕ ਪੰਛੀ ਹੈ। ਇਸ ਆਸ਼ੇ ਦੀ ਪੂਰਤੀ ਲਈ ਚੀਫ਼ ਆਪਣਾ ਰੁਖ਼ ਬਦਲਣ ਲੱਗਾ।

“ਫੇਰ ਮੈਨੂੰ ਪੈਸਿਆਂ ਦੀ ਰਸੀਦ ਤਾਂ ਦੇ ਦਿਉ ”

“ਅਸੀਂ ਸਰਕਾਰੀ ਅਧਿਕਾਰੀ ਹਾਂ। ਤੇਰੇ ਵਰਗੇ ਮੁਜਰਮ ਨਹੀਂ। ਤੇਰੇ ਪੈਸੇ ਨਹੀਂ ਹੜੱਪਣ ਲੱਗੇ।”

“ਜੇਲ੍ਹ ਮੈਨੂਅਲ ਮੁਤਾਬਕ ਮੈਨੂੰ ਰਸੀਦ ਹਾਸਲ ਕਰਨ ਦਾ ਹੱਕ ਹੈ।”

"ਤੂੰ ਭੁੱਲ ਰਿਹਾ ਏਂ। ਹੁਣ ਤੂੰ ਇਕ ਕੈਦੀ ਹੈਂ। ਤੇਰੇ ਸਾਰੇ ਹੱਕ ਜੇਲ੍ਹ ਦੇ ਗੇਟ ਦੇ ਬਾਹਰ ਰਹਿ ਗਏ ਹਨ। ਤੈਨੂੰ ਸਰਕਾਰ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ, ਜੋ ਤੈਨੂੰ ਮੁਜਰਮ ਹੋਣ ਦੇ ਬਾਵਜੂਦ ਵੀ ਖਾਣ-ਪੀਣ ਅਤੇ ਸਿਰ ਉਪਰ ਛੱਤ ਦੇ ਰਹੀ ਹੈ।"

"ਇਹ ਤੁਹਾਡੀ ਭੁੱਲ ਹੈ। ਸਾਡੇ ਕੁਝ ਅਧਿਕਾਰ ਹੀ ਖੋਹੇ ਹਨ। ਬਹੁਤ ਸਾਰੇ ਅਧਿਕਾਰ ਅਜੇ ਬਚਦੇ ਹਨ। ਮੈਂ ਬਚਦੇ ਅਧਿਕਾਰਾਂ ਦੀ ਗੱਲ ਕਰ ਰਿਹਾ ਹਾਂ।"

"ਇਹ ਵਕਾਲਤ ਸਾਨੂੰ ਨਾ ਪੜ੍ਹਾ। ਵਕਾਲਤ ਜੱਜ ਸਾਹਮਣੇ ਘੋਟਦਾ। ਜੇਲ੍ਹ ਆਉਣ ਦੀ ਥਾਂ ਬਰੀ ਹੋ ਕੇ ਘਰ ਨੂੰ ਜਾਂਦਾ।"

ਚੀਫ਼ ਹਾਕਮ ਸਿੰਘ ਦੀ ਖੁੰਬ ਠੱਪਣੀ ਚਾਹੁੰਦਾ ਸੀ, ਪਰ ਵਕੀਲ ਉਸ ਦੇ ਕਾਬੂ ਨਹੀਂ ਸੀ ਆ ਰਿਹਾ।

"ਆਹ ਫੜ ਆਪਣਾ ਅਸਲੀ ਅਧਿਕਾਰ।" ਆਖਦੇ ਲਾਭ ਸਿੰਘ ਨੇ ਕੱਪੜਿਆਂ ਵਾਲੇ ਰੈਕ ਵਿਚੋਂ ਇਕ ਬੰਡਲ ਚੁੱਕਿਆ ਅਤੇ ਹਾਕਮ ਸਿੰਘ ਵੱਲ ਵਗਾਹ ਦਿੱਤਾ।

ਬੰਡਲ ਹਵਾ ਵਿਚ ਹੀ ਖੁੱਲ੍ਹ ਗਿਆ। ਉਸ ਵਿਚੋਂ ਨਿਕਲ ਕੇ ਦੋ ਅੱਧੋ-ਰਾਣੇ, ਮੈਲੇ-ਕੁਚੈਲੇ ਕੁੜਤੇ-ਪਜਾਮੇ ਜ਼ਮੀਨ ਉਪਰ ਬਿਖਰ ਗਏ।

"ਮੈਨੂੰ ਉਮਰ ਕੈਦ ਹੋਈ ਹੈ। ਮੈਂ ਨਵੇਂ ਕੱਪੜਿਆਂ ਦਾ ਹੱਕਦਾਰ ਹਾਂ।"

ਹਾਕਮ ਸਿੰਘ ਪੁਰਾਣੇ ਕੱਪੜੇ ਲੈਣ ਤੋਂ ਇਨਕਾਰੀ ਸੀ।

"ਫਿਰ ਆਖੇਂਗਾ ਮੈਨੂੰ ਨਵੇਂ ਭਾਂਡੇ ਦਿਓ, ਚਿੱਟੀ ਚਾਦਰ ਅਤੇ ਪੋਲਾ ਸਿਰਹਾਣਾ ਦਿਓ। ਬੀ ਕਲਾਸ ਦਿਓ।"

"ਮੈਂ ਡਬਲ ਗ੍ਰੈਜੂਏਟ ਹਾਂ। ਬੀ ਕਲਾਸ ਮੇਰਾ ਹੱਕ ਹੈ। ਬੀ ਕਲਾਸ ਦੇ ਕੇ ਕਿਸੇ ਨੇ ਕੋਈ ਅਹਿਸਾਨ ਥੋੜ੍ਹਾ ਕਰਨਾ ਹੈ।"

"ਲੱਗਦੈ ਕਾਨੂੰਨ ਤੇਰੇ ਦਿਮਾਗ਼ ਵਿਚ ਜ਼ਿਆਦਾ ਹੀ ਚੜ੍ਹਿਆ ਹੋਇਐ। ਹੋਰਾਂ ਕੈਦੀਆਂ ਨੂੰ ਮੈਨੂਅਲ ਪੜ੍ਹਾ-ਪੜ੍ਹਾ ਤੂੰ ਤਾਂ ਦੋ ਦਿਨਾਂ ਵਿਚ ਜੇਲ੍ਹ ਵਿਚ ਬਗ਼ਾਵਤ ਕਰਵਾ ਦੇਵੇਂਗਾ। ਸਾਨੂੰ ਤੇਰਾ ਦਿਮਾਗ਼ ਤਨਹਾਈ ਚੱਕੀ ਵਿਚ ਬੰਦ ਕਰ ਕੇ ਠੀਕ ਕਰਨਾ ਪਵੇਗਾ।"

ਨਿਹਾਲ ਸਿੰਘ ਚਾਹੁੰਦਾ ਸੀ ਕਿ ਉਹ ਹਾਕਮ ਸਿੰਘ ਨੂੰ ਸਟੋਰ ਵਿਚ ਲੈ ਜਾਵੇ ਅਤੇ ਲਗਾਤਾਰ ਕੀਤੀ ਜਾ ਰਹੀ ਗੁਸਤਾਖ਼ੀ ਬਦਲੇ ਉਸ ਦੇ ਦਸ-ਵੀਹ ਪਟੇ ਜੜੇ, ਪਰ ਇਕ ਵਕੀਲ ਉਪਰ ਪਹਿਲੇ ਹੀ ਦਿਨ ਹੱਥ ਚੁੱਕਣ ਦੀ ਉਸ ਦੀ ਹਿੰਮਤ ਨਹੀਂ ਸੀ ਪੈ ਰਹੀ।

ਗ਼ੁੱਸਾ ਕਾਬੂ ਕਰ ਕੇ ਉਸ ਨੇ ਗੱਲ ਟਾਲਣ ਲਈ ਆਖਿਆ, "ਰੱਸੀ ਜਲ ਗਈ, ਪਰ ਵਲ ਨਹੀਂ ਗਿਆ।"

ਲਾਭ ਸਿੰਘ ਦਾ ਖ਼ੂਨ ਵੀ ਸੜ ਰਿਹਾ ਸੀ, ਪਰ ਜਦੋਂ ਜੇਲ੍ਹ ਅਧਿਕਾਰੀ ਕੁਝ ਨਹੀਂ ਸੀ ਕਰ ਰਿਹਾ ਤਾਂ ਕੈਦੀ ਨੂੰ ਪੰਗਾ ਲੈਣ ਦੀ ਕੀ ਜ਼ਰੂਰਤ ਸੀ ? ਉਹ ਵੀ ਗੱਲ ਵਧਾਉਣ ਦੇ ਹੱਕ ਵਿਚ ਨਹੀਂ ਸੀ।

"ਇਹ ਵਕੀਲ ਹੈ, ਇਸ ਨਾਲ ਬਹੁਤੀ ਬਹਿਸ ਨਾ ਕਰ। ਕਰਨ ਵਾਲਾ ਬਹੁਤ ਕੰਮ ਪਿਆ ਹੈ। ਬੰਦੀ ਦਾ ਵੇਲਾ ਲੰਘ ਚੁੱਕਾ ਹੈ। ਅਹਾਤਿਆਂ ਦੇ ਮੁਨਸ਼ੀ ਉਡੀਕਦੇ ਹੋਣਗੇ। ਅੱਜ ਦੀ ਰਾਤ ਇਸ ਨੂੰ 'ਬਾਦਸ਼ਾਹਾਂ' ਵਾਲੇ ਅਹਾਤੇ ਵਿਚ ਭੇਜ ਦਿੰਦੇ ਹਾਂ। ਕੱਲ੍ਹ ਨੂੰ ਸਾਬ੍ਹ ਅੱਗੇ ਪੇਸ਼ ਕਰ ਦੇਵਾਂਗੇ।"

"ਉਹ ਆਪੇ ਇਸ ਨੂੰ ਮੰਜਾ ਬਿਸਤਰਾ ਦੇ ਦੇਵੇਗਾ।"



ਚੀਫ਼ ਵੀ ਇਹੋ ਸੋਚ ਰਿਹਾ ਸੀ। ਮੰਗਤਿਆਂ ਲਈ ਰਾਖਵੇਂ ਅਹਾਤੇ ਦਾ ਨਾਂ ਉਹਨਾਂ ਨੇ ਬਾਦਸ਼ਾਹਾਂ ਵਾਲਾ ਅਹਾਤਾ ਰੱਖਿਆ ਸੀ। ਜਿਹੜਾ ਨਵਾਂ ਕੈਦੀ ਚੱਕਰ ਵਿਚ ਗ਼ੁਸਤਾਖ਼ੀ ਕਰਨ ਦੀ ਜੁਰਅੱਤ ਕਰਦਾ ਸੀ, ਉਸ ਦੀ 'ਸੁਹਾਗ ਰਾਤ' ਇਸੇ ਨਰਕ ਵਿਚ ਮਨਾਈ ਜਾਂਦੀ ਸੀ। ਸਵੇਰ ਤਕ ਆਪੇ ਕੈਦੀ ਨੂੰ ਗ਼ਲਤੀ ਦਾ ਅਹਿਸਾਸ ਹੋ ਜਾਂਦਾ ਸੀ ਅਤੇ ਨਰਕ ਵਿਚੋਂ ਖਹਿੜਾ ਛੁਡਾਉਣ ਲਈ ਮਿੰਨਤ-ਤਰਲਾ ਕਰਨ ਲੱਗਦਾ ਸੀ।

ਹਾਕਮ ਸਿੰਘ ਦੇ ਦਿਮਾਗ਼ੋਂ ਵੀ ਕਾਨੂੰਨ ਦਾ ਚੜ੍ਹਿਆ ਭੂਤ ਉਤਾਰਨਾ ਜ਼ਰੂਰੀ ਸੀ।

ਲਾਭ ਸਿੰਘ ਨੇ ਝੱਟ ਉਸ ਦੇ ਹਿਸਟਰੀ ਟਿਕਟ 'ਤੇ ਬਣੇ ਬੈਰਕ ਵਾਲੇ ਖ਼ਾਨੇ ਵਿਚ 'ਬਾਦਸ਼ਾਹਾਂ ਦਾ ਅਹਾਤਾ' ਸ਼ਬਦ ਝਰੀਟਿਆ ਅਤੇ ਉਸ ਨੂੰ ਉਸ ਅਹਾਤੇ ਦੇ ਰਸਤੇ ਪਾ ਦਿੱਤਾ।

# 5

ਹਾਕਮ ਸਿੰਘ ਨਾਲ ਹੋਈ ਦੁਰਗਤ ਨੇ ਜੈਨ ਦੇ ਚਿਹਰੇ ’ਤੇ ਛਾਈ ਪਿਲੱਤਣ ਹੋਰ ਗਹਿਰੀ ਕਰ ਦਿੱਤੀ। ਜੇ ਇਕ ਵਕੀਲ ਦਾ ਇਹ ਹਾਲ ਹੋਇਆ ਹੈ ਤਾਂ ਉਸ ਵਰਗੇ ਦਸ ਜਮਾਤਾਂ ਪਾਸ ਨਾਲ ਪਤਾ ਨਹੀਂ ਕਿਹੋ ਜਿਹਾ ਭਾਣਾ ਵਰਤੇਗਾ। ਇਹ ਸੋਚ-ਸੋਚ ਉਸ ਨੂੰ ਪਸੀਨੇ ਛੁੱਟ ਰਹੇ ਸਨ।

ਹਾਕਮ ਸਿੰਘ ਦੀ ਕਾਰਵਾਈ ਨੂੰ ਮੁਕੰਮਲ ਹੁੰਦਿਆਂ ਇਕ ਘੰਟਾ ਲੱਗ ਗਿਆ। ਇਸ ਤੋਂ ਬਾਅਦ ਜੈਨ ਦੀ ਵਾਰੀ ਸੀ। ਜੇ ਚਾਰ-ਪੰਜ ਮਿੰਟ ਵਿਚ ਸਿਫ਼ਾਰਸ਼ੀ ਫ਼ੋਨ ਨਾ ਆਇਆ ਤਾਂ ਇਹਨਾਂ ਨੇ ਜੈਨ ਨੂੰ ਕਿਸੇ ਕੀੜਿਆਂ ਵਾਲੇ ਭੌਣ ’ਤੇ ਸੁੱਟ ਦੇਣਾ ਸੀ। ਜੈਨ ਨੂੰ ਬੁੱਢੇ ਵਾਰਡਰ ’ਤੇ ਚਿੜ ਚੜ੍ਹ ਰਹੀ ਸੀ। ਹੁਣ ਤਕ ਉਸ ਨੂੰ ਜੈਨ ਵੱਲੋਂ ਦੱਸੇ ਨੰਬਰ ਉੱਪਰ ਫ਼ੋਨ ਕਰ ਲੈਣਾ ਚਾਹੀਦਾ ਸੀ। ਮਿਲੇ ਉੱਤਰ ਦੀ ਸੂਚਨਾ ਜੈਨ ਤਕ ਪਹੁੰਚਾਣੀ ਚਾਹੀਦੀ ਸੀ। ਜੈਨ ਨੇ ਇਸੇ ਕੰਮ ਦੇ ਉਸ ਨੂੰ ਢੇਰ ਸਾਰੇ ਰੁਪਏ ਦਿੱਤੇ ਸਨ। ਝੱਟ ਹੀ ਉਸ ਦਾ ਖ਼ਿਆਲ ਬਦਲਦਾ। ਹੋ ਸਕਦਾ ਹੈ ਸੁੱਚਾ ਸਿੰਘ ਨੂੰ ਅੱਗੋਂ ਕੋਈ ਤਸੱਲੀ-ਬਖ਼ਸ਼ ਉੱਤਰ ਨਾ ਮਿਲਿਆ ਹੋਵੇ। ਜੇ ਕੋਈ ਇੰਤਜ਼ਾਮ ਹੋ ਗਿਆ ਹੁੰਦਾ ਤਾਂ ਕਿਸੇ ਨਾ ਕਿਸੇ ਜੇਲ੍ਹ ਅਧਿਕਾਰੀ ਦਾ ਸੁਨੇਹਾ ਚੱਕਰ ਤਕ ਪੁੱਜ ਗਿਆ ਹੁੰਦਾ। ਚੱਕਰ ਵਿਚ ਫ਼ੋਨ ਨਹੀਂ ਸੀ। ਸਿਫ਼ਾਰਸ਼ੀ ਸੁਨੇਹਾ ਕਿਸ ਦੇ ਹੱਥ ਆਉਣਾ ਸੀ ? ਉਹਨਾਂ ਦੇ ਇਥੇ ਆਉਣ ਤੱਕ ਕੋਈ ਵੀ ਵਿਅਕਤੀ ਚੱਕਰ ਵਿਚ ਨਹੀਂ ਸੀ ਆਇਆ। ਸਪੱਸ਼ਟ ਸੀ ਜੈਨ ਦੇ ਹਮਾਇਤੀਆਂ ਦਾ ਹਾਲੇ ਤਕ ਕਿਧਰੇ ਹੱਥ ਨਹੀਂ ਸੀ ਪਿਆ।

ਮਨ ਮਸੋਸ ਕੇ ਜੈਨ ਆਪਣੇ ਇਸ਼ਟ ਨੂੰ ਯਾਦ ਕਰਨ ਲੱਗਾ। ਪਈ ਭੀੜ ਨੂੰ ਹਰਨ ਦੀ ਅਰਜ਼ੋਈ ਕਰਨ ਲੱਗਾ।

“ਵਾਰ-ਵਾਰ ਅੰਦਰਲੇ ਦਰਵਾਜ਼ੇ ਵੱਲ ਕਿਉਂ ਤੱਕ ਰਹੇ ਹੋ ? ਸ਼ਾਇਦ ਸੁੱਚਾ ਸਿੰਘ ਨੂੰ ਉਡੀਕਦੇ ਹੋ ? ਉਹ ਤਾਂ ਕਦੋਂ ਦਾ ਛੁੱਟੀ ਕਰ ਗਿਆ।”

ਨਿਹਾਲ ਸਿੰਘ, ਜੈਨ ਦੀ ਉਬਲ-ਚਿੱਤੀ ਨੂੰ ਭਾਂਪ ਰਿਹਾ ਸੀ। ਜੈਨ ਦੇ ਕਾਗ਼ਜ਼ ਪੱਤਰ ਲਾਭ ਸਿੰਘ ਵੱਲ ਕਰਦਿਆਂ ਉਸ ਨੇ ਸੇਠ ਨੂੰ ਛੇੜਿਆ।

“ਇਕ ਫ਼ੋਨ ਦੀ ਉਡੀਕ ਸੀ।”

“ਕੋਈ ਨਹੀਂ। ਸੁੱਚਾ ਸਿੰਘ ਤੁਹਾਡੀ ਸਿਫ਼ਾਰਸ਼ ਕਰ ਗਿਆ ਹੈ। ਅਸੀਂ ਖ਼ਿਆਲ ਰੱਖਾਂਗੇ।”

ਹਿਸਟਰੀ ਟਿਕਟ ਭਰਨਾ ਸ਼ੁਰੂ ਕਰਨ ਤੋਂ ਪਹਿਲਾਂ ਲਾਭ ਸਿੰਘ ਨੇ ਸੇਠ ਨੂੰ ਇਹ ਦੱਸਣਾ ਉਚਿਤ ਸਮਝਿਆ ਕਿ ਉਸ ਨੂੰ ਉਹਨਾਂ ਵਿਚਕਾਰ ਡਿਉੜੀ ਵਿਚ ਹੋਏ ਲੈਣ-ਦੇਣ ਬਾਰੇ ਪਤਾ ਹੈ।”

ਇਸ਼ਾਰਾ ਸਮਝ ਕੇ ਜੈਨ ਦੇ ਸਾਹ ਵਿਚ ਸਾਹ ਆਇਆ।

ਸੋਨੇ ਅਤੇ ਨੋਟਾਂ ਨਾਲ ਲੱਦਿਆ ਸੁਭਾਸ਼ ਜੈਨ ਵਰਗਾ ਸੇਠ ਸਾਲ ਵਿਚ ਇਕ-ਅੱਧ ਵਾਰ ਜੇਲ੍ਹ ਆਉਂਦਾ ਸੀ। ਲਾਭ ਸਿੰਘ ਮੁਨਸ਼ੀ ਜ਼ਰੂਰ ਸੀ, ਪਰ ਸੀ ਤਾਂ ਕੈਦੀ ਹੀ। ਮਨ-ਮਰਜ਼ੀ ਕਰਨ



ਦਾ ਉਸ ਕੋਲ ਕੋਈ ਅਧਿਕਾਰ ਨਹੀਂ ਸੀ। ਸੇਠ ਤੋਂ ਪੈਸਾ ਚੀਫ਼ ਵਾਰਡਰ ਦੀ ਸਹਿਮਤੀ ਤੋਂ ਬਾਅਦ ਕਢਵਾਇਆ ਜਾ ਸਕਦਾ ਸੀ।

“ਲੁੱਟ ਲਈਏ ?”

ਮੁਨਸ਼ੀ ਨੇ ਚੀਫ਼ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਇਸ਼ਾਰੇ ਨਾਲ ਪੁੱਛਿਆ।

“ਚੱਕ ਦੇ ਫੱਟੇ।”

ਇਸ਼ਾਰੇ ਨਾਲ ਹੀ ਚੀਫ਼ ਨੇ ਆਗਿਆ ਦੇ ਦਿੱਤੀ।

“ਦੇਖਣ ਤੋਂ ਮੋਟੇ ਸੇਠ ਲੱਗਦੇ ਹੋ। ਕਾਗ਼ਜ਼-ਪੱਤਰ ਦੱਸਦੇ ਹਨ ਕਿ ਸਾਰੀ ਉਮਰ ਤੁਸੀਂ ਕਾਲੇ ਸੋਨੇ (ਲੁੱਕ) ਨੂੰ ਵੇਚ-ਵੇਚ ਅਸਲੀ ਸੋਨੇ ਵਿਚ ਬਦਲਦੇ ਰਹੇ ਹੋ। ਬਰੀ ਹੋਣ ਲਈ ਮਾਇਆ ਕਿਉਂ ਨਹੀਂ ਝੋਕੀ ?”

“ਇਹ ਲੰਬੀ ਕਹਾਣੀ ਹੈ। ਕਦੇ ਫਿਰ ਸੁਣਾਵਾਂਗਾ। ਮੇਰੇ ਨਾਲ ਧੋਖਾ ਹੋਇਆ ਹੈ। ਬਰੀ ਹੋਣ ਲਈ ਮੈਂ ਪੈਸਾ ਪਾਣੀ ਵਾਂਗ ਵਹਾਇਆ ਸੀ। ਗਵਾਹਾਂ, ਸਰਕਾਰੀ ਵਕੀਲਾਂ ਤੋਂ ਲੈ ਕੇ ਜੱਜ ਤਕ ਦੀ ਮੁੱਠੀ ਮੈਂ ਆਪਣੇ ਹੱਥੀਂ ਗਰਮ ਕੀਤੀ ਹੈ.....।”

“ਹੁਣ ਕੀ ਇਰਾਦਾ ਹੈ ?”

ਲੰਬੀ-ਚੌੜੀ ਭੂਮਿਕਾ ਬੰਨ੍ਹਣ ਦੀ ਥਾਂ ਲਾਭ ਸਿੰਘ ਨੇ ਤੀਰ ਸਿੱਧਾ ਨਿਸ਼ਾਨੇ ਵੱਲ ਛੱਡਿਆ।

“ਮੈਂ ਹਰ ਤਰ੍ਹਾਂ ਨਾਲ ਤਿਆਰ ਹਾਂ। ਮੈਂ ਤੁਹਾਨੂੰ ਨਿਹਾਲ ਕਰ ਦੇਵਾਂਗਾ। ਮੇਰੀ ਅੱਜ ਦੀ ਰਾਤ ਚੰਗੀ ਕਢਵਾ ਦਿਉ। ਕੱਲ੍ਹ ਤਕ ਮੇਰੇ ਬੰਦੇ ਸਾਰਾ ਇੰਤਜ਼ਾਮ ਕਰ ਲੈਣਗੇ।”

ਆਖਦੇ ਜੈਨ ਨੇ ਨੇੜੇ ਕੋਲ ਬਣੀ ਚੋਰ ਜੇਬ ਵਿਚੋਂ ਗਹਿਣੇ ਪਾਉਣ ਵਾਲਾ ਸਨੀਲ ਦਾ ਇਕ ਬਟੂਆ ਕੱਢਿਆ ਅਤੇ ਉਸ ਵਿਚੋਂ ਹਜ਼ਾਰ-ਹਜ਼ਾਰ ਦੇ ਨੋਟ ਕੱਢ ਕੇ ਮੇਜ਼ ਉਪਰ ਰੱਖ ਦਿੱਤੇ।

“ਇਹ ਦਸ ਹਜ਼ਾਰ ਹੈ, ਤੁਸੀਂ ਸਾਰੇ ਰੱਖੋ। ਇਹਨਾਂ ਬਦਲੇ ਨਾ ਮੈਨੂੰ ਕੂਪਨ ਚਾਹੀਦੇ ਹਨ ਅਤੇ ਨਾ ਰਸੀਦ।”

ਨਿਹਾਲ ਸਿੰਘ ਨੇ ਨੋਟ ਦਰਾਜ਼ ਵਿਚ ਸੁੱਟ ਦਿੱਤੇ। ਹਾਲੇ ਉਹ ਸੇਠ ਨੂੰ ਇਹ ਪਤਾ ਨਹੀਂ ਸੀ ਲੱਗਣ ਦੇਣਾ ਚਾਹੁੰਦਾ ਕਿ ਨੋਟ ਉਹਨਾਂ ਨੇ ਜੇਬ ਵਿਚ ਪਾਏ ਹਨ ਜਾਂ ਸਰਕਾਰ ਦੀ ਤਿਜੌਰੀ ਵਿਚ।

ਦਸ ਹਜ਼ਾਰ ਦੀ ਰਸੀਦ ਮਿਲੇਗੀ ਜਾਂ ਨਹੀਂ, ਬਿਨਾਂ ਇਸ ਦਾ ਕੋਈ ਜ਼ਿਕਰ ਕੀਤਿਆਂ ਉਸ ਨੇ ਕਾਰਵਾਈ ਜਾਰੀ ਰੱਖੀ।

“ਸੇਠ ਸਾਹਿਬ, ਅਹਾਤੇ ਵਿਚ ਜਾਣ ਤੋਂ ਪਹਿਲਾਂ ਤੈਨੂੰ ਇਹ ਸਾਰੇ ਗਹਿਣੇ ਉਤਾਰਨੇ ਪੈਣਗੇ। ਇਹ ਜੇਲ੍ਹ ਹੈ, ਇਥੇ ਸਾਰੇ ਚੋਰ-ਉਚੱਕੇ ਬੰਦੇ ਹਨ। ਇਹ ਸਾਡੇ ਕਾਬੂ ਵਿਚ ਨਹੀਂ। ਚੱਕਰ ਵਿਚੋਂ ਬਾਹਰ ਨਿਕਲਦਿਆਂ ਹੀ ਤੁਹਾਨੂੰ ਲੁੱਟ ਲੈਣਗੇ। ਬੈਰਕ ਵਿਚ ਤਾਂ ਇਹ ਗਹਿਣਿਆਂ ਦੇ ਨਾਲ-ਨਾਲ ਤੁਹਾਨੂੰ ਵੀ ਭੁੱਖੇ ਕੁੱਤਿਆਂ ਵਾਂਗ ਪੈਣਗੇ।”

ਚੀਫ਼ ਗਹਿਣੇ ਵੀ ਕਾਬੂ ਕਰਨੇ ਚਾਹੁੰਦਾ ਸੀ। ਇਹ ਤਾਂ ਸੰਭਵ ਹੋਣਾ ਸੀ ਜੇ ਜੈਨ ਦੇ ਦਿਮਾਗ਼ ਵਿਚ ਕਿਸੇ ਭੈੜੀ ਥਾਂ ਜਾਣ ਦਾ ਡਰ ਬਣਿਆ ਰਹਿਣਾ ਸੀ। ਆਪਣੇ ਉਦੇਸ਼ ਦੀ ਪੂਰਤੀ ਲਈ ਚੀਫ਼ ਨੇ ਭੂਮਿਕਾ ਬੰਨ੍ਹੀ।

ਜੈਨ ਤੇਜ਼ ਬੁੱਧੀ ਵਾਲਾ ਬੰਦਾ ਸੀ। ਚੀਫ਼ ਦੇ ਆਖੇ ਇਕ-ਇਕ ਸ਼ਬਦ ਦੇ ਝੱਟ ਉਸ ਨੇ ਅਰਥ ਕੱਢ ਲਏ। ਇਸ ਭੂਮਿਕਾ ਦਾ ਇਕ ਅਰਥ ਇਹ ਸੀ ਕਿ ਉਸ ਨੂੰ ਚੋਰਾਂ-ਠੱਗਾਂ ਵਾਲੀ ਬੈਰਕ ਵਿਚ ਭੇਜਿਆ ਜਾ ਰਿਹਾ ਸੀ। ਦੂਸਰਾ ਅਰਥ ਇਹ ਸੀ ਕਿ ਦਸ ਹਜ਼ਾਰ ਨਾਲ ਉਹਨਾਂ ਦੀ ਤਸੱਲੀ

ਨਹੀਂ ਸੀ ਹੋਈ। ਹੁਣ ਉਹਨਾਂ ਦੀ ਨਜ਼ਰ ਗਹਿਣਿਆਂ ਉਪਰ ਸੀ। ਜੈਨ ਦੀ ਮਾਂ ਆਖਿਆ ਕਰਦੀ ਸੀ, 'ਸੋਨਾ ਸਜਾਵਟ ਲਈ ਨਹੀਂ, ਔਖੇ ਸਮੇਂ ਕੰਮ ਆਉਣ ਲਈ ਪਾਇਆ ਜਾਂਦਾ ਹੈ।' ਅੱਜ ਇਹ ਅਖੌਤ ਸੱਚੀ ਸਿੱਧ ਹੋ ਰਹੀ ਸੀ। ਜੈਨ ਨੇ ਚੈਨੀ, ਮੁੰਦਰਦੀਆਂ ਅਤੇ ਕੜਾ ਲਾਹ ਕੇ ਮੇਜ਼ ਉਪਰ ਰੱਖ ਦਿੱਤਾ।

"ਕਿੰਨਾ ਕੁ ਵਜ਼ਨ ਹੋਵੇਗਾ ਇਹਨਾਂ ਦਾ ? ਕੰਡਾ ਮੰਗਵਾਈਏ ?"

"ਤਿੰਨ, ਤਿੰਨ, ਛੇ.....ਬਾਰਾਂ ਕੁ ਤੋਲੇ ਹੋਵੇਗਾ। ਵਜ਼ਨ ਕਰ ਕੇ ਕੀ ਕਰਨਾ ਹੈ ? ਘਰ ਬਥੇਰੀਆਂ ਚੈਨੀਆਂ ਮੁੰਦਰੀਆਂ ਪਈਆਂ ਹਨ। ਇਹ ਤੁਸੀਂ ਰੱਖੋ। ਅਫ਼ਸਰਾਂ ਨੂੰ ਤੋਹਫ਼ੇ ਵੱਜੋਂ ਦੇ ਦੇਣਾ। ਮੈਂ ਤੁਹਾਡੀ ਹੋਰ ਸੇਵਾ ਵੀ ਕਰਾਂਗਾ। ਮੈਨੂੰ ਇਕੱਲੇ ਲਈ ਕਮਰਾ ਅਤੇ ਮੰਜੇ ਬਿਸਤਰੇ ਦਾ ਇੰਤਜ਼ਾਮ ਕਰ ਦਿਓ। ਬੱਸ।"

"ਕੀ ਵਿਚਾਰ ਹੈ ਚੀਫ਼ ਸਾਹਿਬ ?" ਲਾਭ ਸਿੰਘ ਨੇ ਲਲਚਾਈਆਂ ਅੱਖਾਂ ਨਾਲ ਨਿਹਾਲ ਸਿੰਘ ਵੱਲ ਤੱਕਿਆ।

"ਸੇਠ ਜੀ ਨੂੰ ਨਰਾਜ਼ ਥੋੜ੍ਹਾ ਕਰਨਾ ਹੈ। ਕੜਾ ਮੈਂ ਰੱਖ ਲੈਂਦਾ ਹਾਂ, ਚੈਨੀ ਤੂੰ ਪਾ ਲੈ, ਮੁੰਦਰੀਆਂ ਵੱਡੇ ਸਾਹਿਬ ਨੂੰ ਦੇ ਦੇਵਾਂਗੇ।"

ਆਖਦੇ ਚੀਫ਼ ਨੇ ਜੇਬ ਵਿਚੋਂ ਰੁਮਾਲ ਕੱਢਿਆ, ਉਸ ਵਿਚ ਗਹਿਣੇ ਲਪੇਟ ਕੇ ਚੋਰ ਜੇਬ ਵਿਚ ਪਾ ਲਏ।

ਚੀਫ਼ ਦੇ ਮੂੰਹੋਂ ਸੇਠ ਜੀ ਸ਼ਬਦ ਨਿਕਲਦੇ ਹੀ ਜੈਨ ਦਾ ਮਨ ਟਿਕਾਣੇ ਸਿਰ ਹੋ ਗਿਆ। ਗਹਿਣਿਆਂ ਦੇ ਚੋਰ ਜੇਬ ਵਿਚ ਜਾਂਦਿਆਂ ਹੀ ਉਸ ਦੇ ਚਿਹਰੇ ਉਪਰ ਖ਼ੁਸ਼ੀ ਮੰਡਰਾਉਣ ਲੱਗੀ। ਮਨ ਹੀ ਮਨ ਜੈਨ ਨੇ ਆਪਣੀ ਮਾਂ ਦਾ ਧੰਨਵਾਦ ਕੀਤਾ, ਜਿਸ ਨੇ ਉਸ ਨੂੰ ਅਜਿਹੀ ਨਸੀਹਤ ਦਿੱਤੀ ਸੀ। ਮਾਂ ਦੇ ਆਖੇ ਲੱਗ ਕੇ ਜੈਨ ਨੇ ਪੈਸੇ ਨੂੰ ਜੱਫਾ ਪਾਉਣ ਦੀ ਆਦਤ ਨਹੀਂ ਸੀ ਪਾਈ। ਜਿਸ ਤੇਜ਼ ਰਫ਼ਤਾਰ ਨਾਲ ਪੈਸਾ ਆਉਂਦਾ ਸੀ, ਉਸੇ ਰਫ਼ਤਾਰ ਨਾਲ ਉਹ ਖ਼ਰਚਦਾ ਸੀ।

ਪੈਸੇ ਦੇ ਜ਼ੋਰ ਨਾਲ ਉਸ ਨੇ ਪਹਿਲੇ ਦਿਨੋਂ ਕੇਸ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਸੀ। ਤਫ਼ਤੀਸ਼ੀ ਅਫ਼ਸਰ ਨੇ ਮਿਸਲ ਉਪਰ ਉਹ ਦਸਤਾਵੇਜ਼ ਲਿਆਂਦੇ ਸਨ ਜਿਹੜੇ ਜੈਨ ਨੂੰ ਕਸੂਰਵਾਰ ਘੱਟ ਅਤੇ ਬੇਕਸੂਰ ਵੱਧ ਸਾਬਤ ਕਰਦੇ ਸਨ। ਜੈਨ ਦੇ ਨਾਲ ਫਸੇ ਅਫ਼ਸਰਾਂ ਨੂੰ ਜੇਬ ਢਿੱਲੀ ਨਹੀਂ ਸੀ ਕਰਨ ਦਿੱਤੀ। ਉਹਨਾਂ ਦੇ ਵਕੀਲਾਂ ਤਕ ਦੀ ਫ਼ੀਸ ਜੈਨ ਨੇ ਦਿੱਤੀ ਸੀ। ਕਚਹਿਰੀ ਵਿਚ ਉਹ ਪੰਜ ਦੀ ਥਾਂ ਪੰਜਾਹ ਖ਼ਰਚਦਾ ਸੀ। ਦਸ ਸਾਲ ਲਟਕਣ ਵਾਲਾ ਮੁਕੱਦਮਾ ਦੋ ਸਾਲਾਂ ਵਿਚ ਸਿਰੇ ਲੱਗ ਗਿਆ ਸੀ।

ਜੈਨ ਦਾ ਵਕੀਲ ਹਿੱਕ ਥਾਪੜ ਕੇ ਆਖ ਰਿਹਾ ਸੀ, ਉਸ ਦੇ ਵਿਰੁੱਧ ਇਕ ਵੀ ਸਬੂਤ ਮਿਸਲ 'ਤੇ ਨਹੀਂ ਆਇਆ। ਕਿਸੇ ਨੂੰ ਪੈਸਾ ਦੇਣ ਦੀ ਜ਼ਰੂਰਤ ਨਹੀਂ। ਜੱਜ ਨੂੰ ਜੈਨ ਬਰੀ ਕਰਨਾ ਹੀ ਪੈਣਾ ਸੀ। ਫਿਰ ਵੀ ਜੈਨ ਨੇ ਕੋਈ ਜੋਖ਼ਮ ਨਹੀਂ ਸੀ ਉਠਾਇਆ। ਇਕ ਚੱਲਦੇ-ਪੁਰਜ਼ੇ ਨੂੰ ਨਾਲ ਲੈ ਕੇ ਆਹਮਣੇ-ਸਾਹਮਣੇ ਬੈਠ ਕੇ ਉਸ ਨੇ ਜੱਜ ਨਾਲ ਗੱਲ ਮੁਕਾਈ ਸੀ। ਸੌਦਾ ਦਸ ਲੱਖ ਵਿਚ ਤਹਿ ਹੋਇਆ ਸੀ। ਪੰਜ ਲੱਖ ਦੀ ਪਹਿਲੀ ਕਿਸ਼ਤ ਉਹ ਆਪਣੇ ਹੱਥੀਂ ਦੇ ਕੇ ਆਇਆ ਸੀ। ਸ਼ਰਤ ਅਨੁਸਾਰ ਦੂਜੀ ਕਿਸ਼ਤ ਫ਼ੈਸਲੇ ਤੋਂ ਇਕ ਦਿਨ ਪਹਿਲਾਂ ਸਾਂਝੇ ਬੰਦੇ ਕੋਲ ਪੁੱਜਦੀ ਕਰ ਦਿੱਤੀ ਗਈ ਸੀ। ਜੱਜ ਨੇ ਜੈਨ ਦੇ ਨਾਲ ਸਭ ਮੁਲਜ਼ਮ ਬਰੀ ਕਰ ਦਿੱਤੇ ਸਨ। ਪਤਾ ਨਹੀਂ ਜੈਨ 'ਤੇ ਨਜ਼ਲਾ ਕਿਉਂ ਝੜਿਆ ਸੀ।

ਉਸ ਨੂੰ ਅਚਿੰਤੇ ਬਾਜ ਆ ਪਏ ਸਨ। ਜੇ ਸਜ਼ਾ ਹੋਣ ਦਾ ਖ਼ਤਰਾ ਹੁੰਦਾ ਤਾਂ ਉਹ ਪਹਿਲਾਂ



ਹੀ ਸਾਰੇ ਜੇਲ੍ਹ ਅਧਿਕਾਰੀਆਂ ਨੂੰ ਗੰਢ ਲੈਂਦਾ। ਜੈਨ ਸ਼ੁਕਰ ਕਰ ਰਿਹਾ ਸੀ ਕਿ ਉਸ ਨੇ ਫਿਰ ਵੀ ਮੌਕਾ ਸੰਭਾਲ ਲਿਆ ਸੀ।

ਨਿਯਮਾਂ ਅਨੁਸਾਰ ਜੈਨ ਨੂੰ ਕੈਦੀ ਨੰਬਰ 809 ਮਿਲਣਾ ਚਾਹੀਦਾ ਸੀ। ਹੇਠ-ਉੱਤੇ ਕਰ ਕੇ ਲਾਭ ਸਿੰਘ ਨੇ ਉਸ ਨੂੰ 811 ਨੰਬਰ ਦਿੱਤਾ।

"ਇਹ ਲੱਕੀ ਨੰਬਰ ਹੈ। ਇਸ ਨੰਬਰ ਵਾਲਾ ਕੈਦੀ ਬਹੁਤੀ ਦੇਰ ਜੇਲ੍ਹ ਦੀਆ ਰੋਟੀਆਂ ਨਹੀਂ ਖਾਂਦਾ।"

"ਬੜੀ ਮਿਹਰਬਾਨੀ।"

ਜੈਨ ਨੇ ਇਉਂ ਕ੍ਰਿਤੱਗਤਾ ਪ੍ਰਗਟਾਈ ਜਿਵੇਂ ਰਿਹਾਈ ਦਾ ਹੁਕਮ ਹੋਇਆ ਹੋਵੇ।

ਹਾਕਮ ਸਿੰਘ ਨੂੰ ਛੱਡਣ ਗਿਆ ਸੇਵਾਦਾਰ ਵਾਪਸ ਆ ਗਿਆ ਸੀ। ਵਿਹਲਾ ਖੜਾ ਦੇਖ ਕੇ ਲਾਭ ਸਿੰਘ ਨੇ ਉਸ ਨੂੰ ਕੰਮ ਲਾਇਆ।

"ਲਿਆ ਦੋ ਨੰਬਰ ਖ਼ਾਨੇ ਵਿਚੋਂ ਕੱਪੜਿਆਂ ਵਾਲਾ ਬੰਡਲ ਫੜਾ।"

ਦੋ ਨੰਬਰ ਖ਼ਾਨੇ ਵਿਚ ਨਵੇਂ ਕੱਪੜਿਆਂ ਦੇ ਜੋੜੇ ਸਨ। ਜੈਨ ਉਪਰ ਲਾਭ ਸਿੰਘ ਦੀ ਇਹ ਦੂਜੀ ਮਿਹਰਬਾਨੀ ਸੀ।

"ਵੈਸੇ ਤੁਹਾਡੇ ਪਾਇਆ ਕੁੜਤਾ-ਪਜਾਮਾ ਵੀ ਸਫ਼ੈਦ ਹੈ। ਤੁਸੀਂ ਚਾਹੋ ਤਾਂ ਇਸੇ ਉਪਰ ਕੈਦੀ ਨੰਬਰ ਵਾਲਾ ਬਿੱਲਾ ਲਾ ਲੈਣਾ।"

ਰਿਆਇਤਾਂ ਦੇਣ ਵਿਚ ਨਿਹਾਲ ਸਿੰਘ ਪਿੱਛੇ ਨਹੀਂ ਸੀ ਰਹਿਣਾ ਚਾਹੁੰਦਾ।

ਕੈਦੀਆਂ ਵਾਲੇ ਕੱਪੜੇ ਫੜਦਿਆਂ ਜੈਨ ਦਾ ਚਿਹਰਾ ਇਕ ਵਾਰ ਫਿਰ ਮੁਰਝਾ ਗਿਆ।

ਚੀਫ਼ ਸਾਹਿਬ, ਸੇਠ ਸਾਹਿਬ ਦੀ ਹਾਲਤ ਤਾਂ ਦੇਖੋ। ਤਰੇਲੀਆਂ ਆਉਣ ਕਾਰਨ ਕੁੜਤਾ ਪਜਾਮਾ ਕਿਸ ਤਰ੍ਹਾਂ ਭਿੱਜਿਆ ਪਿਆ ਹੈ। ਮੈਨੂੰ ਲੱਗਦਾ ਹੈ ਸੇਠ ਸਾਹਿਬ ਨੂੰ ਦਿਲ ਦਾ ਛੋਟਾ-ਮੋਟਾ ਦੌਰਾ ਪਿਆ ਹੈ। ਕਿਧਰੇ ਆਪਣੇ ਗਲ ਖ਼ੂਨ ਨਾ ਪੈ ਜਾਵੇ। ਮੇਰੀ ਮੰਨੋ ਤਾਂ ਇਸ ਨੂੰ ਹਸਪਤਾਲ ਦਾਖ਼ਲ ਕਰਵਾ ਦਿਉ।"

ਲਾਭ ਸਿੰਘ ਦੀ ਲਿਖਤ-ਪੜ੍ਹਤ ਮੁਕੰਮਲ ਹੋ ਚੁੱਕੀ ਸੀ। ਬੱਸ ਅਲਾਟ ਹੋਏ ਅਹਾਤੇ ਵਾਲਾ ਖ਼ਾਨਾ ਭਰਨਾ ਹੀ ਬਾਕੀ ਸੀ।

"ਠੀਕ ਹੈ, ਭੇਜ ਦਿਓ।"

ਲਾਭ ਸਿੰਘ ਦੀ ਚਲਾਕੀ 'ਤੇ ਮੁਸਕਰਾ ਕੇ ਚੀਫ਼ ਨੇ ਹਾਮੀ ਭਰ ਦਿੱਤੀ।

ਜੇਲ੍ਹ ਵਿਚ ਹਸਪਤਾਲ ਹੀ ਇਕ ਅਜਿਹੀ ਥਾਂ ਸੀ, ਜਿਥੇ ਰਹਿ ਕੇ ਕੈਦੀ ਸਭ ਤੋਂ ਵੱਧ ਰਾਹਤ ਮਹਿਸੂਸ ਕਰਦਾ ਸੀ। ਜੈਨ ਨੂੰ ਦੋਸਤਾਂ-ਮਿੱਤਰਾਂ ਨੇ ਇਹੋ ਸਲਾਹ ਦਿੱਤੀ ਸੀ, "ਰੱਬ ਨਾ ਕਰੇ ਭੁੱਲ-ਭੁਲੇਖੇ ਜੇ ਕੈਦ ਹੋ ਜਾਵੇਂ ਤਾਂ ਸਿੱਧਾ ਜੇਲ੍ਹ ਦੇ ਹਸਪਤਾਲ ਵਿਚ ਦਾਖ਼ਲ ਹੋਣਾ ਹੈ।"

'ਉਸ ਨੂੰ ਹਸਪਤਾਲ ਦਾਖ਼ਲ ਕਰਨ ਦੀ ਸਿਫ਼ਾਰਸ਼ ਹੋ ਗਈ ਹੈ।'

ਇਹ ਖ਼ਬਰ ਸੁਣ ਕੇ ਉਹ ਬਾਗੋ ਬਾਗ ਹੋ ਗਿਆ ਸੀ। ਜਿਹੜਾ ਕੰਮ ਧਨਾਢਾਂ ਅਤੇ ਵੱਡੇ ਅਫ਼ਸਰਾਂ ਤੋਂ ਨਹੀਂ ਸੀ ਹੋ ਰਿਹਾ, ਓਹ ਇਕ ਸਾਧਾਰਨ ਕੈਦੀ ਨੇ ਕਰ ਦਿੱਤਾ ਸੀ। ਪਹਿਲਾਂ ਜੈਨ ਦਾ ਮੱਥਾ ਲਾਭ ਸਿੰਘ ਅੱਗੇ ਝੁਕਣ ਲੱਗਾ। ਝੱਟ ਹੀ ਉਹ ਸੰਭਲ ਗਿਆ। ਇਹ ਕੰਮ ਲਾਭ ਸਿੰਘ ਨੇ ਨਹੀਂ, 'ਮਹਾਂਮਾਈ ਲਕਸ਼ਮੀ' ਨੇ ਕੀਤਾ ਸੀ।

# 6

ਘਰ ਮਹਿਮਾਨ ਆਏ ਹੋਏ ਸਨ। ਉਹ ਉਡੀਕਦੇ ਹੋਣਗੇ, ਸੋਚਦਾ ਨਿਹਾਲ ਸਿੰਘ ਘਰ ਜਾਣ ਲਈ ਉੱਠ ਖਲੋਤਾ।

ਡਿਊਟੀ ਦਾ ਸਮਾਂ ਕਦੋਂ ਦਾ ਖ਼ਤਮ ਹੋ ਚੁੱਕਾ ਸੀ। ਲੱਗੇ ਓਵਰ ਟਾਈਮ ਦਾ ਮੁਆਵਜ਼ਾ ਉਹ ਵਸੂਲ ਚੁੱਕਾ ਸੀ।

ਪਾਲੇ ਅਤੇ ਮੀਤੇ ਬਾਰੇ ਉਸ ਨੂੰ ਪਤਾ ਸੀ ਕਿ ਇਹਨਾਂ ਕੋਲੋਂ ਮਿਲਣਾ ਕੁਝ ਨਹੀਂ। ਪੱਲਿਉਂ ਭਾਵੇਂ ਦੇਣਾ ਪੈ ਜਾਵੇ।

ਲਾਭ ਸਿੰਘ ਨੇ ਜੇਲ੍ਹ ਵਿਚ ਹੀ ਰਹਿਣਾ ਹੈ। ਕੰਮ ਜਲਦੀ ਨਿਪਟਦਾ ਹੈ ਜਾਂ ਦੇਰ ਨਾਲ, ਇਸ ਦਾ ਉਸ ਉੱਤੇ ਕੋਈ ਅਸਰ ਨਹੀਂ ਸੀ।

"ਆਪੇ ਇਹਨਾਂ ਨਾਲ ਟੱਕਰਾਂ ਮਾਰਦਾ ਰਹੇਗਾ।" ਸੋਚਦਾ ਨਿਹਾਲ ਸਿੰਘ ਬਾਕੀ ਦੀ ਜ਼ਿੰਮੇਵਾਰੀ ਲਾਭ ਸਿੰਘ ਦੇ ਮੋਢਿਆਂ 'ਤੇ ਪਾ ਕੇ ਘਰ ਨੂੰ ਤੁਰ ਗਿਆ।

"ਸਾਡੇ ਕੋਲ ਕੁਝ ਨਹੀਂ ਹੈ ਬਾਬਿਓ। ਅਸੀਂ ਗ਼ਰੀਬ ਬੰਦੇ ਹਾਂ। ਸਾਡੇ ਕੋਲ ਆਹ ਇਕ-ਇਕ ਕੁੜਤਾ-ਪਜਾਮਾ ਹੈ, ਜਿਹੜਾ ਗ੍ਰਿਫ਼ਤਾਰੀ ਸਮੇਂ ਪੁਲਿਸ ਨੇ ਸਿਲਾ ਕੇ ਦਿੱਤਾ ਸੀ। ਹੁਣ ਤਾਂ ਇਹ ਵੀ ਘਸਿਆ ਪਿਆ ਹੈ।"

ਮੀਤੇ ਨੇ ਖ਼ਾਲੀ ਖੀਸਾ ਮੁਨਸ਼ੀ ਅੱਗੇ ਕਰਦਿਆਂ ਆਖਿਆ।

"ਮੈਨੂੰ ਪਤਾ ਹੈ। ਇਹ ਵੀ ਪਤਾ ਹੈ ਕਿ ਤੁਹਾਨੂੰ ਮੇਰੇ ਵਾਂਗ ਝੂਠੇ ਮੁਕੱਦਮੇ ਵਿਚ ਸਜ਼ਾ ਹੋਈ ਹੈ।"

'ਝੂਠੇ ਮੁਕੱਦਮੇ ਵਿਚ ਸਜ਼ਾ' ਵਾਕ ਉਚਰਦੇ ਲਾਭ ਸਿੰਘ ਦੇ ਚਿਹਰੇ ਤੋਂ ਪਹਿਲਾਂ ਵਾਲੀ ਸਾਰੀ ਤਲਖ਼ੀ ਉਤਰ ਗਈ। ਪਾਲੇ ਅਤੇ ਮੀਤੇ ਵਾਂਗ ਉਸ ਦੇ ਚਿਹਰੇ ਉਪਰ ਵੀ ਮਾਸੂਮੀਅਤ ਛਾ ਗਈ।

ਪਾਲੇ ਅਤੇ ਮੀਤੇ ਨੂੰ ਨਿਰਦੋਸ਼ ਸਿੱਧ ਕਰਦਾ ਸੰਘਰਸ਼ ਸੰਮਤੀ ਦਾ ਪੱਖ ਆਏ ਦਿਨ ਅਖ਼ਬਾਰਾਂ ਵਿਚ ਛਪਦਾ ਰਹਿੰਦਾ ਸੀ। ਪੁਲਿਸ ਮੁਲਾਜ਼ਮ ਹੋਣ ਕਾਰਨ ਉਸ ਨੂੰ ਪੁਲਿਸ ਵੱਲੋਂ ਕੀਤੀ ਜਾਂਦੀ ਤਫ਼ਤੀਸ਼ ਦੇ ਢੰਗ-ਤਰੀਕਿਆਂ ਦਾ ਡੂੰਘਾ ਅਧਿਐਨ ਸੀ। ਇਸ ਤਜਰਬੇ ਦੇ ਆਧਾਰ 'ਤੇ ਉਸਨੇ ਪਹਿਲਾਂ ਹੀ ਸਿੱਟਾ ਕੱਢ ਲਿਆ ਸੀ ਕਿ ਉਹ ਬੇਕਸੂਰ ਹਨ। ਉਸ ਨੂੰ ਇਹ ਵੀ ਪਤਾ ਸੀ ਕਿ ਉਹਨਾਂ ਨੂੰ ਸਜ਼ਾ ਜ਼ਰੂਰ ਹੋਵੇਗੀ। ਸਰਕਾਰ ਹੱਥ ਧੋ ਕੇ ਉਹਨਾਂ ਦੇ ਪਿੱਛੇ ਜੋ ਪਈ ਹੋਈ ਸੀ।

ਲਾਭ ਸਿੰਘ ਦਾ ਅੰਦਾਜ਼ਾ ਠੀਕ ਨਿਕਲਿਆ। ਸਾਰੇ ਕਾਇਦੇ-ਕਾਨੂੰਨ ਛਿੱਕੇ ਟੰਗ ਕੇ ਉਹਨਾਂ ਨੂੰ ਕਾਤਲ ਠਹਿਰਾ ਦਿੱਤਾ ਗਿਆ। ਸ਼ੁਕਰ ਸੀ ਫ਼ਾਂਸੀ ਦੀ ਸਜ਼ਾ ਨਹੀਂ ਸੀ ਹੋਈ। ਉਮਰ ਕੈਦ ਨਾਲ ਹੀ ਸਰ ਗਿਆ ਸੀ।

ਤੇ ਹੁਣ ਕੈਦੀਆਂ ਵਾਲੀ ਵਰਦੀ ਲੈਣ ਲਈ ਉਹ ਉਸ ਅੱਗੇ ਖੜੇ ਸਨ।



ਲਾਭ ਸਿੰਘ ਉਹਨਾਂ ਨੂੰ ਨਾ ਬਰੀ ਕਰ ਸਕਦਾ ਸੀ ਅਤੇ ਨਾ ਜੇਲ੍ਹੋਂ ਭਜਾ ਸਕਦਾ ਸੀ। ਜੋ ਕੁਝ ਉਹ ਕਰ ਸਕਦਾ ਸੀ, ਉਹ ਉਸ ਨੇ ਕਰਨਾ ਸ਼ੁਰੂ ਕੀਤਾ।

ਉਸ ਨੇ ਰੈਕ ਵਿਚ ਨਵੇਂ ਕੱਪੜਿਆਂ ਵਾਲੇ ਲਿਫ਼ਾਫ਼ੇ ਕੱਢੇ ਅਤੇ ਇਕ-ਇਕ ਦੋਹਾਂ ਹਵਾਲੇ ਕਰਦਿਆਂ ਆਖਿਆ :

"ਇਹ ਹੈ ਇਕ ਨਿਰਦੋਸ਼ ਕੈਦੀ ਦੀ ਦੂਜੇ ਨਿਰਦੋਸ਼ ਕੈਦੀ ਲਈ ਹਮਦਰਦੀ।"

ਨਿਰਦੋਸ਼ ਹੋ ਕੇ ਸਜ਼ਾ ਕੱਟਣ ਦਾ ਦਰਦ ਲਾਭ ਸਿੰਘ ਨਾਲੋਂ ਵੱਧ ਕੋਈ ਨਹੀਂ ਸੀ ਜਾਣਦਾ।

ਜੀਤੇ ਦੇ ਵਾਰਿਸਾਂ, ਗਵਾਹਾਂ ਅਤੇ ਅਦਾਲਤ ਨੇ ਭਾਵੇਂ ਲਾਭ ਸਿੰਘ ਨੂੰ ਇਕ ਕਾਤਲ ਠਹਿਰਾ ਦਿੱਤਾ ਸੀ ਪਰ ਉਹ ਅੱਜ ਤਕ ਆਪਣੇ ਆਪ ਨੂੰ ਬੇਕਸੂਰ ਸਮਝਦਾ ਰਿਹਾ ਸੀ।

ਹਰ ਅੱਤਵਾਦੀ ਦਾ ਵਾਰਿਸ ਇਹੋ ਸੋਚਦਾ ਹੈ ਕਿ ਉਸ ਦਾ ਬੰਦਾ ਦੁੱਧ-ਧੋਤਾ ਸੀ। ਉਹਨਾਂ ਕਿਹੜਾ ਆਪਣੇ ਕਾਰਨਾਮਿਆਂ ਦੀ ਲਿਸਟ ਆਪਣੇ ਚਹੇਤਿਆਂ ਨੂੰ ਸੌਂਪੀ ਹੁੰਦੀ ਸੀ। ਵਰਤਾਏ ਭਾਣਿਆਂ ਦਾ ਇਲਮ ਤਾਂ ਪੁਲਿਸ ਨੂੰ ਹੁੰਦਾ ਸੀ। ਜੀਤੇ ਦੇ ਘਰਦਿਆਂ ਨੂੰ ਵੀ ਉਸ ਦੇ ਬੇਕਸੂਰ ਹੋਣ ਦੀ ਗ਼ਲਤ-ਫ਼ਹਿਮੀ ਹੋਵੇਗੀ। ਜੀਤਾ ਸਿੰਘ ਵੱਲ ਭੇਜਣ ਤੋਂ ਪਹਿਲਾਂ ਮਹਿੰਗਾ ਸਿੰਘ ਨੇ ਉਹਨਾਂ ਨੂੰ ਦੱਸਿਆ ਸੀ ਕਿ ਉਹ ਏ ਕਲਾਸ ਦਾ ਅੱਤਵਾਦੀ ਸੀ। ਸਰਕਾਰ ਨੇ ਉਸ ਦੇ ਸਿਰ 'ਤੇ ਇਕ ਲੱਖ ਰੁਪਿਆ ਇਨਾਮ ਰੱਖਿਆ ਸੀ। ਇਨਾਮ ਦੀ ਰਕਮ ਉਹਨਾਂ ਨੂੰ ਮਿਲੀ ਵੀ ਸੀ। ਬਣਦਾ ਹਿੱਸਾ ਲਾਭ ਸਿੰਘ ਨੂੰ ਵੀ ਮਿਲਿਆ ਸੀ। ਉਹ ਕਿਸ ਤਰ੍ਹਾਂ ਮੰਨ ਲਏ ਕਿ ਮਹਿੰਗਾ ਸਿੰਘ ਨੇ ਸੁਪਾਰੀ ਲੈ ਕੇ ਆਪਣੇ ਸਰਕਾਰੀ ਅਹੁਦੇ ਦੀ ਦੁਰਵਰਤੋਂ ਕੀਤੀ ਸੀ। ਜੇ ਲਾਭ ਸਿੰਘ ਨੂੰ ਪਤਾ ਹੁੰਦਾ ਕਿ ਜੀਤਾ ਬੇਕਸੂਰ ਹੈ ਤਾਂ ਉਹ ਕਦੇ ਉਸ ਨੂੰ ਗੋਲੀ ਨਾ ਮਾਰਦਾ। ਅਣਜਾਣਪੁਣੇ ਵਿਚ ਜੇ ਕਿਸੇ ਅਫ਼ਸਰ ਨੇ ਉਸ ਤੋਂ ਕਿਸੇ ਨਿਰਦੋਸ਼ ਨੂੰ ਗੋਲੀ ਮਰਵਾ ਦਿੱਤੀ ਤਾਂ ਇਸ ਵਿਚ ਉਸ ਦਾ ਕੀ ਕਸੂਰ ਸੀ? ਸਿਪਾਹੀ ਨੇ ਤਾਂ ਆਪਣਾ ਫ਼ਰਜ਼ ਨਿਭਾਇਆ ਸੀ।

ਮਹਿੰਗਾ ਸਿੰਘ ਨੇ ਬੰਦੇ ਮਾਰ-ਮਾਰ ਧਨ-ਦੌਲਤ ਇਕੱਠੀ ਕੀਤੀ ਹੈ। ਲਾਭ ਸਿੰਘ ਨੂੰ ਅਫ਼ਸਰਾਂ ਦਾ ਇਹ ਦੋਸ਼ ਵੀ ਝੂਠਾ ਲੱਗਦਾ ਸੀ। ਲਾਭ ਸਿੰਘ ਨੂੰ ਇਕ ਵੀ ਅਜਿਹੀ ਘਟਨਾ ਯਾਦ ਨਹੀਂ ਸੀ, ਜਿਸ ਦੌਰਾਨ ਕਿਸੇ ਅੱਤਵਾਦੀ ਦੇ ਨਾਲ ਨਕਦੀ ਵੀ ਮਿਲੀ ਹੋਵੇ। ਧੀਆਂ-ਪੁੱਤਰ ਮਰਵਾ ਕੇ ਮਹਿੰਗਾ ਸਿੰਘ ਨੀਮ-ਪਾਗ਼ਲ ਜਿਹਾ ਹੋ ਗਿਆ ਸੀ। ਪੈਸੇ ਨਾਲੋਂ ਉਸ ਦਾ ਮੋਹ ਟੁੱਟ ਗਿਆ ਸੀ। ਹੋਰ ਅਫ਼ਸਰਾਂ ਵਾਂਗ ਇਨਾਮ ਵਾਲੀ ਰਕਮ ਉਹ ਆਪਣੀ ਜੇਬ ਵਿਚ ਨਹੀਂ ਸੀ ਪਾਉਂਦਾ। ਹਰ ਕਰਮਚਾਰੀ ਨੂੰ ਬਣਦਾ ਹਿੱਸਾ ਮਿਲਦਾ ਸੀ। ਇਸ ਲਈ ਲਾਭ ਸਿੰਘ ਦਾ ਵਿਸ਼ਵਾਸ ਸੀ ਕਿ ਉਸ ਨੇ ਜੀਤੇ ਨੂੰ ਬੇਮਤਲਬ ਨਹੀਂ ਸੀ ਮਾਰਿਆ।

ਝੂਠੇ ਦੋਸ਼ਾਂ ਤਹਿਤ ਸਜ਼ਾ ਹੋਏ ਕੈਦੀ ਉਸ ਨੂੰ ਆਪਣੇ ਭਾਈਚਾਰੇ ਵਿਚੋਂ ਲੱਗਦੇ ਸਨ। ਲਾਭ ਸਿੰਘ ਹਮੇਸ਼ਾ ਉਹਨਾਂ ਉਪਰ ਮਿਹਰਬਾਨ ਰਹਿੰਦਾ ਸੀ। ਇਹੋ ਮਿਹਰਬਾਨੀ ਉਹ ਹੁਣ ਦਿਖਾ ਰਿਹਾ ਸੀ।

ਹੱਥਾਂ ਵਿਚ ਨਵੇਂ ਕੱਪੜੇ ਫੜੀ ਖੜੇ ਪਾਲੇ ਮੀਤੇ ਨੂੰ ਜਾਪਦਾ ਸੀ, ਜਿਵੇਂ ਉਹ ਕੋਈ ਸੁਪਨਾ ਦੇਖ ਰਹੇ ਸਨ। ਵਕੀਲ ਨੂੰ ਝਿੜਕਾਂ ਮਾਰਨ ਵਾਲਾ ਉਹਨਾਂ 'ਤੇ ਮਿਹਰਬਾਨ ਕਿਉਂ? ਉਹਨਾਂ ਨੂੰ ਸਮਝ ਨਹੀਂ ਸੀ ਆ ਰਹੀ।

"ਬਾਬਿਓ! ਇਕ ਹੋਰ ਦਇਆ ਕਰੋ। ਮੈਂ ਮਲੰਗ ਛੜਾ-ਛੜਾਂਗ ਬੰਦਾ ਹਾਂ। ਮੇਰੇ ਪਿੱਛੇ ਆਉਣ ਵਾਲਾ ਕੋਈ ਨਹੀਂ। ਕੋਈ ਪੁਰਾਣਾ-ਧਰਾਣਾ ਉੱਪਰ ਹੇਠਾਂ ਲੈਣ ਲਈ ਕੰਬਲ ਵੀ ਬਖ਼ਸ਼ ਦਿਓ।"

ਹੌਸਲੇ ਵਿਚ ਹੋਇਆ ਮੀਤਾ ਲਾਭ ਸਿੰਘ ਦੀ ਦਰਿਆ-ਦਿਲੀ ਦਾ ਫ਼ਾਇਦਾ ਉਠਾਉਣ ਲੱਗਾ।

"ਇਕ ਨਹੀਂ, ਦੋ-ਦੋ ਕੰਬਲ ਲਓ। ਇਹ ਤੁਹਾਡਾ ਕਾਨੂੰਨੀ ਹੱਕ ਹੈ। ਚੱਲ ਅੰਦਰੋਂ ਚਾਰ ਕੰਬਲ ਚੁੱਕ ਲਿਆ।"

ਲਾਭ ਸਿੰਘ ਨੇ ਬੰਦ ਪਏ ਕਮਰੇ ਦੇ ਦਰਵਾਜ਼ੇ ਵੱਲ ਇਸ਼ਾਰਾ ਕਰਦਿਆਂ ਆਖਿਆ।

ਪਾਲਾ ਘਬਰਾ ਰਿਹਾ ਸੀ। ਮੀਤਾ ਸਿਰ ਚੜ੍ਹਦਾ ਜਾ ਰਿਹਾ ਸੀ। ਲੱਗਦਾ ਸੀ ਛਿੱਤਰ ਖਾ ਕੇ ਰਹੇਗਾ।

ਚੋਰੀਆਂ ਕਰਨ ਦੇ ਮਾਹਿਰ ਮੀਤੇ ਨੇ ਪਤਾ ਨਹੀਂ ਕੀ ਜਾਦੂ ਮਾਰਿਆ। ਹਨੇਰੇ ਵਿਚੋਂ ਵੀ ਉਸ ਨੇ ਨਵੇਂ ਕੰਬਲ ਲੱਭ ਲਏ।

"ਕੁਝ ਹੋਰ ਮੰਗਣਾ ਹੈ, ਉਹ ਵੀ ਮੰਗ ਲਓ। ਫੇਰ ਨਾ ਆਖਣਾ ਸੋਨੂੰ ਕਾਨੂੰਨੀ ਹੱਕ ਨਹੀਂ ਮਿਲਿਆ।"

"ਬਾਈ ਇਉਂ ਕਰ, ਕੋਈ ਭਾਂਡਾ-ਠੀਕਰ ਵੀ ਦੇ ਦੇ। ਸਾਨੂੰ ਕਿਸੇ ਨੇ ਮੰਗੀ ਕੌਲੀ ਨਹੀਂ ਦੇਣੀ। ਕਿਧਰੇ ਭੁੱਖੇ ਨਾ ਮਰ ਜਾਈਏ।"

ਲਾਭ ਸਿੰਘ ਮੀਤੇ ਦਾ ਇਸ਼ਾਰਾ ਸਮਝ ਗਿਆ। ਦਲਿਤ ਹੋਣ ਕਾਰਨ ਬਾਕੀ ਕੈਦੀਆਂ ਨੇ ਉਸ ਨਾਲ ਭਾਂਡਾ ਸਾਂਝਾ ਨਹੀਂ ਸੀ ਕਰਨਾ।

"ਹੋਰ ਕੈਦੀ ਨੂੰ ਅਸੀਂ ਭਾਂਡੇ ਨਹੀਂ ਦਿੰਦੇ। ਉਹ ਆਪੇ ਘਰੋਂ ਮੰਗਵਾ ਲੈਂਦੇ ਹਨ। ਇਥੋਂ ਹੀ ਅਫ਼ਸਰਾਂ ਨੂੰ ਦੋ ਪੈਸੇ ਬਚਦੇ ਹਨ, ਪਰ ਤੂੰ ਭਾਂਡੇ ਵੀ ਲੈ ਲਾ। ਉਸ ਟੱਬ ਵਿਚ ਭਾਂਡੇ ਪਏ ਹਨ। ਇਕ ਕੌਲੀ, ਇਕ ਪਲੇਟ ਅਤੇ ਇਕ ਮੱਗ ਚੁੱਕ ਲੈ।"

ਮੀਤੇ ਨੇ ਝੱਟ ਭਾਂਡਿਆਂ ਦਾ ਇਕ ਸੈੱਟ ਪਾਲੇ ਨੂੰ ਫੜਾ ਦਿੱਤਾ ਅਤੇ ਇਕ ਆਪਣੇ ਕੋਲ ਰੱਖ ਲਿਆ।

ਪਾਲੇ ਨੂੰ ਕੈਦੀ ਨੰਬਰ 809 ਅਤੇ ਮੀਤੇ ਨੂੰ ਕੈਦੀ ਨੰਬਰ 810 ਮਿਲਿਆ।

ਉਹਨਾਂ ਨੇ ਕੱਪੜੇ ਲਾਹ ਕੇ, ਲਿਫ਼ਾਫ਼ੇ ਵਿਚ ਪਾ ਕੇ ਰੈਕ ਵਿਚ ਰੱਖ ਦਿੱਤੇ ਅਤੇ ਨਵੀਂ ਮਿਲੀ ਵਰਦੀ ਪਾ ਲਈ।

ਹੁਣ ਸਭ ਤੋਂ ਅਹਿਮ ਕਾਰਵਾਈ ਹੋਣੀ ਸੀ। ਉਹਨਾਂ ਨੇ ਕਿਸ ਨਰਕ ਵਿਚ ਜਾਣਾ ਹੈ ? ਹੁਣ ਲਾਭ ਸਿੰਘ ਨੇ ਇਹ ਘੋਸ਼ਣਾ ਕਰਨੀ ਸੀ।

ਦੋਹਾਂ ਦੇ ਪਿਛੋਕੜ ਮਾੜੇ ਸਨ। ਮੀਤੇ ਨੂੰ ਨਾ ਧੀ ਤੋਰਨ ਦਾ ਫ਼ਿਕਰ ਸੀ ਨਾ ਨੂੰਹ ਲਿਆਉਣ ਦਾ। ਪਾਲੇ ਦੇ ਸਭ ਕੁਝ ਸੀ, ਪਰ ਨਾ ਹੋਇਆਂ ਵਰਗਾ। ਉਹ ਟੱਬਰ ਜਿਸ ਨੂੰ ਦੋ ਵਕਤ ਚੁੱਲ੍ਹਾ ਮਘਦਾ ਰੱਖਣ ਦਾ ਫ਼ਿਕਰ ਹੋਵੇ, ਉਹ ਕੈਦ ਕੱਟਦੇ ਬੰਦੇ ਨੂੰ ਖੀਰ ਨਹੀਂ ਖੁਆ ਸਕਦਾ। ਆਪਣਾ ਘਰ ਵੱਸਦਾ ਰੱਖਣ ਲਈ ਪਾਲੇ ਨੂੰ ਜੇਲ੍ਹ ਵਿਚ ਕਮਾਈ ਕਰਨੀ ਪੈਣੀ ਸੀ ਅਤੇ ਉਸ ਵਿਚੋਂ ਕੁਝ ਬਚਤ ਘਰ ਭੇਜਣੀ ਪੈਣੀ ਸੀ। ਇਹ ਤਾਂ ਸੰਭਵ ਹੋਣਾ ਸੀ, ਜੇ ਕੋਈ ਚੰਗਾ ਕੰਮ ਮਿਲੇ।

ਚੁੱਪ ਕਰਿਆ ਪਾਲਾ ਮੀਤੇ ਦੇ ਮੂੰਹ ਵੱਲ ਤੱਕ ਰਿਹਾ ਸੀ। ਪਤਾ ਨਹੀਂ ਮੀਤਾ ਕਿਸ ਦੇਵੀ ਨੂੰ ਧਿਆ ਰਿਹਾ ਸੀ। ਉਹ ਦੀ ਹਰ ਮੁਰਾਦ ਪੂਰੀ ਹੋ ਰਹੀ ਸੀ।

"ਇਹਨਾਂ ਨੂੰ ਕਿਹੜੀ ਬੈਰਕ ਵਿਚ ਭੇਜਾਂ ?"

ਸੋਚਾਂ ਵਿਚ ਡੁੱਬੇ ਲਾਭ ਸਿੰਘ ਦੇ ਮੂੰਹੋਂ ਅਚਾਨਕ ਨਿਕਲਿਆ।

ਲਾਭ ਸਿੰਘ ਦੀ ਸਮੱਸਿਆ ਦਾ ਹੱਲ ਪਾਲੇ ਕੋਲ ਸੀ। ਉਹ ਉਹਨਾਂ ਨੂੰ ਜੈਨ ਸੇਠ ਨਾਲ



ਮੁਸ਼ੱਕਤੀ ਲਾ ਦੇਵੇ, ਪਰ ਸੁਝਾਅ ਦੇਣ ਦੀ ਉਸ ਦੀ ਹਿੰਮਤ ਨਹੀਂ ਸੀ। ਸੱਧਰਾਂ ਨਾਲ ਭਰੀਆਂ ਅੱਖਾਂ ਨਾਲ ਉਸ ਨੇ ਮੀਤੇ ਵੱਲ ਤੱਕਿਆ। ਉਸ ਨੂੰ ਆਸ ਸੀ ਕਿ ਜਿਸ ਹੁਸ਼ਿਆਰੀ ਨਾਲ ਉਸ ਨੇ ਕੰਬਲ ਅਤੇ ਭਾਂਡੇ ਲਏ ਸਨ, ਓਨੀ ਫ਼ੁਰਤੀ ਨਾਲ ਉਹ ਇਹ ਵਰਦਾਨ ਵੀ ਲੈ ਲਵੇਗਾ।

"ਆਹ ਬਾਹਰ ਖੜੇ ਸੇਠ ਨਾਲ ਮੁਸ਼ੱਕਤੀ ਲਾ ਦਿਓ। ਰਾਤ ਨੂੰ ਜਦੋਂ ਢਿੱਡ ਭਰ ਕੇ ਸੌਂਇਆਂ ਕਰਾਂਗੇ ਤਾਂ ਤੁਹਾਨੂੰ ਅਸੀਸਾਂ ਦਿਆ ਕਰਾਂਗੇ।"

ਮੀਤੇ ਦਾ ਡਰ ਪੂਰੀ ਤਰ੍ਹਾਂ ਲੱਥ ਚੁੱਕਾ ਸੀ। ਉਹ ਦਿਲ ਖੋਲ੍ਹ ਕੇ ਮੁਰਾਦਾਂ ਮੰਗਣ ਲੱਗਾ।

"ਇਹ ਤਾਂ ਉੱਡਦਾ ਪੰਛੀ ਹੈ। ਹੁਣ ਹਸਪਤਾਲ ਚੱਲਿਆ ਹੈ। ਦੋ-ਚਾਰ ਦਿਨਾਂ ਵਿਚ ਕੋਈ ਨਾ ਕੋਈ ਵਸੀਲਾ ਕਰ ਕੇ ਉਥੋਂ ਵੀ ਉਡਾਰੀ ਮਾਰ ਜਾਏਗਾ। ਪਹਿਲਾਂ ਹੀ ਚੱਜ ਦਾ ਖਸਮ ਕਰ ਲਓ।"

ਦੋਹਾਂ ਲਈ ਚੰਗੀ ਥਾਂ ਲੱਭਣ ਲਈ ਲਾਭ ਸਿੰਘ ਅੱਗੇ ਪਏ ਰਜਿਸਟਰ ਦੇ ਵਰਕੇ ਫਰੋਲਣ ਲੱਗਾ।

"ਲੈ ਭਈ ਮੀਤਿਆ, ਤੇਰਾ ਕੰਮ ਤਾਂ ਬਣ ਗਿਆ। ਤੂੰ ਚੱਲ ਸਿੰਘਾਂ ਦੇ ਵਿਹੜੇ। ਅੱਜ ਹੀ ਇਕ ਮੁਸ਼ੱਕਤੀ ਉਥੋਂ ਜ਼ਮਾਨਤ ਕਰਾ ਕੇ ਬਾਹਰ ਗਿਆ ਹੈ।"

"ਮੇਰਾ ਉਥੇ ਕੀ ਕੰਮ ? ਉਹ ਮੇਰਾ ਤੂੰਬਾ ਵਜਾ ਦੇਣਗੇ।"

"ਕਾਗ਼ਜ਼ੀਂ-ਪੱਤਰੀਂ ਤੂੰ ਖਾੜਕੂ ਹੈਂ ਅਤੇ ਪਾਲਾ ਵੀ, ਸਮਝਿਆ।"

"ਉਹ ਤਾਂ ਠੀਕ ਹੈ, ਪਰ ਉਥੇ ਮੇਰਾ ਗੁਜ਼ਾਰਾ ਨਹੀਂ ਹੋਣਾ।"

"ਨਹੀਂ ਅਜਿਹੀ ਗੱਲ ਨਹੀਂ। ਜਾ ਕੇ ਦੇਖ, ਮੈਨੂੰ ਯਾਦ ਕਰਿਆ ਕਰੇਂਗਾ।"

"ਫੇਰ ਠੀਕ ਹੈ।" ਬੁਝੇ ਮਨ ਨਾਲ ਮੀਤੇ ਨੂੰ ਹਾਂ ਕਰਨੀ ਪਈ।

"ਮੈਨੂੰ ਵੀ ਮੀਤੇ ਨਾਲ ਭੇਜ ਦਿਓ।"

ਇਕੱਲਾ ਰਹਿ ਜਾਣ ਤੋਂ ਘਬਰਾ ਕੇ ਪਾਲੇ ਨੇ ਪਹਿਲੀ ਵਾਰ ਆਪਣਾ ਮੂੰਹ ਖੋਲ੍ਹਿਆ।

"ਤੇਰੇ ਦਾੜ੍ਹੀ ਕੇਸ ਕੱਟੇ ਹੋਏ ਨੇ, ਤੂੰ ਨਹੀਂ ਉਥੇ ਜਾ ਸਕਦਾ।"

"ਫੇਰ ਮੀਤੇ ਨੂੰ ਵੀ ਉਥੇ ਨਾ ਭੇਜੋ। ਸਾਨੂੰ ਦੋਹਾਂ ਨੂੰ ਇਕੋ ਬੈਰਕ ਦਿਓ।"

"ਦਿਲ ਕਿਉਂ ਛੋਟਾ ਕਰਦਾ ਹੈਂ। ਉਮਰ ਕੈਦ ਕੱਟਣੀ ਹੈ। ਬੀਸੀਆਂ ਵਾਰ ਇਕੱਠੇ ਅਤੇ ਅੱਡ ਹੋਣਾ ਪਵੇਗਾ। ਹਾਲਾਤਾਂ ਦਾ ਸਾਹਮਣਾ ਕਰਨਾ ਸਿੱਖ। ਮੈਂ ਤੈਨੂੰ ਇਸ ਤੋਂ ਵੀ ਵਧੀਆ ਥਾਂ ਦਿੰਦਾ ਹਾਂ।"

ਵੱਡੇ ਭਰਾਵਾਂ ਵਾਂਗ ਲਾਭ ਸਿੰਘ ਨੇ ਪਾਲੇ ਨੂੰ ਸਮਝਾਇਆ। "ਤੂੰ ਚੱਲ ਅਮੀਰਾਂ ਵਾਲੀ ਕੋਠੀ। ਉਥੇ ਪੜ੍ਹੇ-ਲਿਖੇ ਵਿਹਲੜ ਕੈਦੀ ਰਹਿੰਦੇ ਹਨ। ਉਹਨਾਂ ਨਾਲ ਰਹਿ ਕੇ ਨਾਲੇ ਰੱਜ ਕੇ ਖਾਏਂਗਾ ਨਾਲੇ ਚੰਗੀਆਂ ਗੱਲਾਂ ਸਿੱਖੇਂਗਾ।"

ਬਿਨਾਂ ਪਾਲੇ ਦਾ ਪ੍ਰਤੀਕਰਮ ਉਡੀਕੇ ਲਾਭ ਸਿੰਘ ਨੇ ਖ਼ਾਨਾਪੂਰਤੀ ਕੀਤੀ ਅਤੇ ਉਹਨਾਂ ਨੂੰ ਨਾਲ ਲੈ ਕੇ ਅਹਾਤਿਆਂ ਵੱਲ ਚੱਲ ਪਿਆ।

# 7

ਭੁੱਖ ਅਤੇ ਪਿਆਸ ਕਾਰਨ ਹਾਕਮ ਸਿੰਘ ਦਾ ਭੈੜਾ ਹਾਲ ਸੀ। ਪੇਟ ਵਿਚ ਨੱਚਦੇ ਚੂਹੇ ਭੁੱਖ ਕਾਰਨ ਦਮ ਤੋੜ ਗਏ ਜਾਪਦੇ ਸਨ। ਭੁੱਖ ਮਰ ਰਹੀ ਸੀ। ਪਿਆਸ ਉਸੇ ਰਫ਼ਤਾਰ ਨਾਲ ਵਧ ਰਹੀ ਸੀ। ਹਾਕਮ ਸਿੰਘ ਨੂੰ ਕਾਹਲ ਸੀ ਕਿ ਕਦੋਂ ਉਹ ਬੈਰਕ ਪੁੱਜੇ ਤੇ ਕਦੋਂ ਪੀਣ ਨੂੰ ਪਾਣੀ ਮਿਲੇ।

ਉਸ ਨੇ ਪਹਿਲਾਂ ਵੀ ਦੋ ਸਾਲ ਬਤੌਰ ਹਵਾਲਾਤੀ ਸਬ-ਜੇਲ੍ਹ ਵਿਚ ਗੁਜ਼ਾਰੇ ਸਨ। ਉਦੋਂ ਉਸ ਨੇ 'ਬਾਦਸ਼ਾਹ' ਵਰਗੇ ਕੈਦੀਆਂ ਬਾਰੇ ਨਹੀਂ ਸੀ ਸੁਣਿਆ।

ਚੱਕਰ ਵਿਚ ਮੁਨਸ਼ੀ ਨਾਲ ਹੋਈ ਝੜਪ ਤੋਂ ਇਕ ਗੱਲ ਸਪੱਸ਼ਟ ਸੀ। ਇਸ ਅਹਾਤੇ ਦਾ ਨਾਂ ਭਾਵੇਂ 'ਬਾਦਸ਼ਾਹਾਂ' ਦੇ ਨਾਂ 'ਤੇ ਰੱਖਿਆ ਗਿਆ ਸੀ, ਪਰ ਹੋਏਗਾ ਇਹ ਨਰਕ ਦਾ ਨਮੂਨਾ ਹੀ।

ਹਾਕਮ ਸਿੰਘ ਉਸ ਨੂੰ ਛੱਡਣ ਜਾ ਰਹੇ ਸੇਵਾਦਾਰ ਕੋਲੋਂ ਇਸ ਬੈਰਕ ਦੇ ਨਾਂ ਦੇ ਪਿਛੋਕੜ ਬਾਰੇ ਜਾਣਨਾ ਚਾਹੁੰਦਾ ਸੀ ਪਰ ਖ਼ੁਸ਼ਕ ਗਲੇ ਵਿਚੋਂ ਇਕ ਸ਼ਬਦ ਉਚਾਰਨਾ ਵੀ ਮੁਸ਼ਕਲ ਜਾਪ ਰਿਹਾ ਸੀ। ਉਸ ਨੇ ਕਿਹੜਾ ਕਿਸੇ ਕੋਲੋਂ ਭੀਖ ਮੰਗਣੀ ਸੀ। ਅੱਗੇ ਕਿਹੜਾ ਉਸ ਨਾਲ ਇਨਸਾਫ਼ ਹੋਇਆ ਸੀ। ਜੋ ਮਿਲ ਰਿਹਾ ਸੀ, ਉਸ ਨੂੰ 'ਭਾਣਾ ਮੰਨ ਕੇ' ਉਹ ਖਿੜੇ ਮੱਥੇ ਸਵੀਕਾਰ ਕਰ ਰਿਹਾ ਸੀ।

ਇਸ ਲਈ ਚੁੱਪ-ਚਾਪ ਆਪਣੀ ਮੰਜ਼ਲ ਵੱਲ ਵਧਣ ਵਿਚ ਹੀ ਉਸ ਨੂੰ ਭਲਾਈ ਜਾਪਦੀ ਸੀ।

"ਭਾਅ ਜੀ ! ਤੁਸੀਂ ਵਕੀਲ ਹੋ ਨਾ ? ਲੋਕਾਂ ਨੂੰ ਬਰੀ ਕਰਾਉਣ ਵਾਲੇ ਵਕੀਲਾਂ ਨੂੰ ਵੀ ਸਜ਼ਾ ਹੋ ਜਾਂਦੀ ਹੈ ?"

ਜਗਤਾਰ ਨੇ ਇਹ ਪ੍ਰਸ਼ਨ ਭੋਲੇਪਣ ਵਿਚ ਕੀਤਾ ਸੀ ਜਾਂ ਸਮੁੱਚੀ ਵਕੀਲ ਜਮਾਤ ਉੱਤਰ ਕਟਾਕਸ਼ ਲਈ, ਉਸ ਦੀ ਹਾਕਮ ਸਿੰਘ ਨੂੰ ਸਮਝ ਨਹੀਂ ਸੀ ਆਈ। ਪ੍ਰਸ਼ਨ ਸੁਣ ਕੇ ਪਹਿਲਾਂ ਹਾਕਮ ਸਿੰਘ ਨੂੰ ਗ਼ੁੱਸਾ ਆਇਆ। ਫੇਰ ਪ੍ਰਸ਼ਨ ਦੇ ਗਹਿਰੇ ਅਰਥ ਸਮਝ ਕੇ ਉਸ ਦੀ ਸੋਚ ਨੇ ਪਲਟਾ ਖਾਧਾ। ਸੇਵਾਦਾਰ ਵੱਡਾ ਪ੍ਰਸ਼ਨ ਉਠਾ ਰਿਹਾ ਸੀ। ਜਵਾਬ ਦੇਣਾ ਬਣਦਾ ਸੀ।

"ਪਹਿਲਾਂ ਇਹ ਦੱਸ ਤੈਨੂੰ ਕਿਸ ਜੁਰਮ ਦੀ ਸਜ਼ਾ ਹੋਈ ਹੈ ? ਆਪਾਂ ਕਚਹਿਰੀ ਵਿਚ ਨਹੀਂ ਖੜੇ। ਇਸ ਲਈ ਰੱਤੀ ਭਰ ਝੂਠ ਨਾ ਬੋਲੀਂ। ਫੇਰ ਹੀ ਮੈਂ ਤੇਰੇ ਪ੍ਰਸ਼ਨ ਦਾ ਉੱਤਰ ਦੇ ਸਕਾਂਗਾ।"

ਗਲੇ ਵਿਚ ਹੁੰਦੀ ਤਕਲੀਫ਼ ਦੇ ਬਾਵਜੂਦ ਹਾਕਮ ਸਿੰਘ ਸੇਵਾਦਾਰ ਦੀ ਜਗਿਆਸਾ ਸ਼ਾਂਤ ਕਰਨ ਲਈ ਉਤਾਵਲਾ ਪੈਣ ਲੱਗਾ।

"ਮੈਂ ਲੋਕ ਨਿਰਮਾਣ ਵਿਭਾਗ ਵਿਚ ਬੇਲਦਾਰ ਸੀ। ਨਾਲੇ ਸਟੋਰ ਦਾ ਚੌਕੀਦਾਰਾ ਕਰਦਾ ਸੀ। ਬਚਿਆ ਸਾਮਾਨ ਅਫ਼ਸਰ ਵੇਚ ਦਿੰਦੇ ਸਨ। ਅਫ਼ਸਰ ਦੇ ਕਹਿਣ 'ਤੇ ਇਕ ਦਿਨ ਲੁੱਕ ਦਾ ਭਰਿਆ ਟਿੱਪਰ ਮੈਂ ਮਾਇਆ ਨਗਰ ਲਾਹੁਣ ਚੱਲਿਆ ਸੀ.....।"

"ਤੂੰ ਚੁੱਪ ਕਰ, ਅਗਾਂਹ ਕੀ ਵਾਪਰਿਆ ਹੋਣਾ ਹੈ, ਮੈਥੋਂ ਸੁਣ। ਰਸਤੇ ਵਿਚ ਤੈਨੂੰ ਪੁਲਿਸ



ਨੇ ਘੇਰ ਲਿਆ। ਦੋ ਥੱਪੜ ਮਾਰ ਕੇ ਤੈਥੋਂ ਸੱਚ ਉਗਲਵਾ ਲਿਆ। ਤੇਰੇ ਬਿਆਨ ਦੇ ਆਧਾਰ 'ਤੇ ਪੁਲਿਸ ਨੇ ਅਫ਼ਸਰ ਨੂੰ ਮੌਕੇ 'ਤੇ ਬੁਲਾ ਲਿਆ। ਫੇਰ ਦੋਹਾਂ ਧਿਰਾਂ ਵਿਚਕਾਰ ਸੌਦਾ ਹੋਇਆ। ਅਫ਼ਸਰ ਛੁੱਟ ਗਿਆ, ਲੁੱਕ ਚੋਰੀ ਕਰਨ ਦਾ ਮੁਕੱਦਮਾ ਤੇਰੇ ਉਪਰ ਦਰਜ ਹੋ ਗਿਆ। ਗ਼ਦਾਰੀ ਕਰਨ ਕਾਰਨ ਅਫ਼ਸਰ ਤੇਰੇ 'ਤੇ ਨਰਾਜ਼ ਹੋ ਗਏ। ਤੈਨੂੰ ਨੌਕਰੀਉਂ ਕੱਢ ਦਿੱਤਾ ਅਤੇ ਆਪਣੀ ਬਣੀ ਆਪ ਨਿਬੜਨ ਲਈ ਇਕੱਲਾ ਛੱਡ ਦਿੱਤਾ। ਪਰੋਖੋਂ ਨਾ ਹੋਣ ਕਾਰਨ ਤੂੰ ਚੋਟੀ ਦਾ ਵਕੀਲ ਨਾ ਕਰ ਸਕਿਆ, ਗਵਾਹਾਂ ਦੀ ਸੇਵਾ ਨਾ ਕਰ ਸਕਿਆ। ਸਰਕਾਰੀ ਵਕੀਲ ਦੀ ਜੇਬ ਨਾ ਭਰ ਸਕਿਆ ਅਤੇ ਜੱਜ ਤਕ ਪਹੁੰਚ ਨਾ ਕਰ ਸਕਿਆ। ਨਤੀਜਨ ਤੈਨੂੰ ਚੋਰ ਠਹਿਰਾ ਕੇ ਸਜ਼ਾ ਸੁਣਾ ਦਿੱਤੀ ਗਈ। ਅਪੀਲ ਕਰਨ ਵਿਚ ਫੇਰ ਇਹੋ ਦਿੱਕਤ ਆਈ। ਕਿਉਂ ਠੀਕ ਹੈ ਨਾ ?"

ਜਗਤਾਰ ਹੈਰਾਨੀ ਨਾਲ ਹਾਕਮ ਸਿੰਘ ਦੇ ਮੂੰਹ ਵੱਲ ਤੱਕਣ ਲੱਗਾ। ਹਾਕਮ ਉਸ ਨੂੰ ਅਗਲੇ-ਪਿਛਲੇ ਜਨਮ ਜਾਨਣ ਵਾਲਾ ਕੋਈ ਪਹੁੰਚਿਆ ਹੋਇਆ ਸਾਧੂ-ਸੰਤ ਲੱਗਾ।

"ਇਹੋ ਕੁਝ ਮੇਰੇ ਨਾਲ ਵਾਪਰਿਆ ਹੈ। ਨਾ ਤਫ਼ਤੀਸ਼ ਦੌਰਾਨ ਸੱਚ-ਝੂਠ ਦਾ ਨਿਤਾਰਾ ਹੁੰਦਾ ਹੈ, ਨਾ ਮੁਕੱਦਮੇ ਦੀ ਸੁਣਵਾਈ ਦੌਰਾਨ। ਅਦਾਲਤਾਂ ਵਿਚ ਗਵਾਹਾਂ ਅਤੇ ਵਕੀਲਾਂ ਦੀ ਚਤੁਰਾਈ ਅਤੇ ਬੌਧਿਕਤਾ ਦਾ ਮੁਕਾਬਲਾ ਹੁੰਦਾ ਹੈ। ਜਿਹੜੀ ਧਿਰ ਵੱਧ ਚੁਸਤ ਹੁੰਦੀ ਹੈ, ਉਹ ਜਿੱਤ ਜਾਂਦੀ ਹੈ। ਇਨਸਾਫ਼ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਮੇਰੇ ਮੁਕੱਦਮੇ ਦਾ ਮੁਦੱਈ ਮੇਰੀ ਉਮਰ ਨਾਲੋਂ ਵੱਧ ਵਕਾਲਤ ਦਾ ਤਜਰਬਾ ਰੱਖਣ ਵਾਲਾ ਵਕੀਲ ਸੀ। ਆਪਣੇ ਕਾਨੂੰਨੀ ਦਾਅ-ਪੇਚਾਂ ਦੇ ਗਿਆਨ ਦੇ ਆਧਾਰ 'ਤੇ ਉਸ ਨੇ ਮੈਨੂੰ ਸਜ਼ਾ ਕਰਵਾ ਦਿੱਤੀ। ਮੇਰੇ ਸੱਚ ਵਾਲਾ ਹਥਿਆਰ ਨਕਾਰਾ ਹੋ ਗਿਆ। ਮੇਰੀ ਵਕਾਲਤ ਵਿਚੇ ਰੁਲ ਗਈ।"

ਜਗਤਾਰ ਨੂੰ ਗੱਲਾਂ ਕਰਨ ਦੀ ਆਦਤ ਸੀ। ਇਹ ਪ੍ਰਸ਼ਨ ਉਸ ਨੇ ਉਂਝ ਹੀ ਸਮਾਂ ਬਿਤਾਉਣ ਲਈ ਕੀਤਾ ਸੀ, ਪਰ ਵਕੀਲ ਦੇ ਚੰਦ ਸਤਰਾਂ ਦੇ ਉੱਤਰ ਨੇ ਉਸ ਦੇ ਜ਼ਿਹਨ ਵਿਚ ਸਾਲਾਂ ਤੋਂ ਉਲਝੀ ਅੜੌਣੀ ਨੂੰ ਪਲਾਂ ਵਿਚ ਸੁਲਝਾ ਦਿੱਤਾ। ਉਸ ਨੂੰ ਹੁਣ ਸਮਝ ਆਈ ਕਿ ਬੇਕਸੂਰ ਹੁੰਦੇ ਹੋਏ ਵੀ ਅਦਾਲਤ ਨੇ ਉਸ ਨੂੰ ਕਸੂਰਵਾਰ ਕਿਉਂ ਠਹਿਰਾਇਆ ਸੀ ?

ਸ਼ਰਧਾ ਨਾਲ ਜਗਤਾਰ ਦਾ ਸਿਰ ਵਕੀਲ ਦੇ ਗਿਆਨ ਅੱਗੇ ਝੁਕਿਆ। ਬੈਰਕ ਹਾਲੇ ਦੂਰ ਸੀ, ਜਗਤਾਰ ਹੋਰ ਗੱਲਾਂ ਕਰਨਾ ਚਾਹੁੰਦਾ ਸੀ, ਪਰ ਉਸ ਦੇ ਜ਼ਿਹਨ ਵਿਚ ਜਿਵੇਂ ਸਾਰੇ ਪ੍ਰਸ਼ਨ ਮੁੱਕ ਗਏ ਸਨ। ਨਵੇਂ ਪ੍ਰਸ਼ਨ ਦੇ ਖੜਾ ਹੋਣ ਤਕ ਉਸ ਨੇ ਚੁੱਪ ਰਹਿਣ ਦਾ ਫ਼ੈਸਲਾ ਕੀਤਾ।

ਹਾਕਮ ਵੀ ਗੱਲਾਂ ਕਰਨਾ ਚਾਹੁੰਦਾ ਸੀ, ਪਰ ਗਲਾ ਇਸ ਦੀ ਇਜਾਜ਼ਤ ਨਹੀਂ ਸੀ ਦੇ ਰਿਹਾ। ਹਾਕਮ ਸਿੰਘ ਹੁਰੀਂ ਜਿਸ ਦਿਸ਼ਾ ਵੱਲ ਜਾ ਰਹੇ ਸਨ, ਹਵਾ ਦਾ ਰੁਖ਼ ਉਸ ਦੇ ਉਲਟ ਸੀ। ਹਵਾ ਵਿਚ ਘੁਲੀ ਸੁਗੰਧ ਜਾਂ ਦੁਰਗੰਧ ਉਸ ਬੈਰਕ ਦੀ ਪਹਿਚਾਣ ਕਰਵਾ ਦਿੰਦੀ ਸੀ, ਜਿਸ ਵਿਚੋਂ ਦੀ ਉਹ ਲੰਘ ਕੇ ਆਈ ਸੀ।

ਜਿਉਂ ਹੀ ਤੜਕੇ ਵਾਲੀ ਖ਼ੁਸ਼ਬੂ ਦੀ ਥਾਂ ਟੱਟੀ-ਪਿਸ਼ਾਬ ਦੀ ਬੂਅ ਆਉਣ ਲੱਗੀ ਤਿਉਂ ਹੀ ਹਾਕਮ ਨੂੰ ਸਮਝ ਆ ਗਈ। ਬਾਦਸ਼ਾਹਾਂ ਵਾਲਾ ਅਹਾਤਾ ਹੁਣ ਦੂਰ ਨਹੀਂ।

"ਇਸ ਬੈਰਕ ਵਿਚ ਰਹਿਣ ਵਾਲੇ ਇਹ ਬਾਦਸ਼ਾਹ ਲੋਕ ਕੌਣ ਹੋਏ ?"

ਹਾਕਮ ਸਿੰਘ ਕੋਲੋਂ ਬਹੁਤੀ ਦੇਰ ਆਪਣੀ ਉਤਸੁਕਤਾ ਦਬਾਈ ਨਾ ਗਈ। ਆਪਣੇ ਨਵੇਂ ਸਾਥੀਆਂ ਬਾਰੇ ਜਾਨਣ ਲਈ ਉਸ ਨੇ ਪੁੱਛਿਆ।

"ਗ਼ਰੀਬ ਮੰਗਤਿਆਂ ਦਾ ਮਜ਼ਾਕ ਉਡਾਉਣ ਲਈ ਉਹਨਾਂ ਨੂੰ ਬਾਦਸ਼ਾਹ ਆਖਿਆ ਜਾਂਦਾ ਹੈ।"

ਜਗਤਾਰ ਆਪਣੀ ਜਾਣਕਾਰੀ ਅਨੁਸਾਰ ਇਸ ਨਾਂ ਦਾ ਪਿਛੋਕੜ ਦੱਸਣ ਲੱਗਾ।

ਪੋਹ-ਮਾਘ ਦੀ ਕਰੜੀ ਸਰਦੀ ਜਦੋਂ ਖੁੱਲ੍ਹੇ ਅਸਮਾਨ ਥੱਲੇ ਕੱਟਣੀ ਔਖੀ ਹੋ ਜਾਂਦੀ ਹੈ ਤਾਂ ਮੰਦਰਾਂ, ਬੱਸ-ਅੱਡਿਆਂ ਅਤੇ ਸਟੇਸ਼ਨ ਦੇ ਬਾਹਰ ਰੁਲਦੇ ਮੰਗਤੇ ਦਿਨ ਕਟੀ ਕਰਨ ਲਈ ਜੇਲ੍ਹ ਪੁੱਜ ਜਾਂਦੇ ਹਨ। ਚੋਰੀ, ਜੂਆ, ਦੜਾ ਸੱਟਾ ਅਤੇ ਨਾਜਾਇਜ਼ ਸ਼ਰਾਬ ਕਬਜ਼ੇ ਵਿਚ ਰੱਖਣ ਵਰਗੇ ਛੋਟੇ-ਮੋਟੇ ਕੇਸ ਬਣਾ ਕੇ ਇਕ ਪਾਸੇ ਪੁਲਿਸ ਆਪਣੀ ਕਾਰਵਾਈ ਪਾ ਲੈਂਦੀ ਹੈ, ਦੂਜੇ ਪਾਸੇ ਇਹਨਾਂ ਨੂੰ ਸਿਰ ਢੱਕਣ ਲਈ ਛੱਤ ਮਿਲ ਜਾਂਦੀ ਹੈ।

ਇਸ ਵਾਰ ਕਹਿਰ ਬੇਮੌਸਮਾ ਆ ਟੁੱਟਿਆ ਸੀ। ਜ਼ਿਲ੍ਹੇ ਦਾ ਪੁਲਿਸ ਕਪਤਾਨ ਯੋਰਪ ਵਿਚ ਜਾ ਕੇ ਮੰਗਤਿਆਂ ਬਾਰੇ ਖੋਜ ਕਰ ਕੇ ਆਇਆ ਸੀ। ਆਪਣੀ ਖੋਜ ਦੇ ਆਧਾਰ 'ਤੇ ਉਸ ਨੇ ਸਿੱਟਾ ਕੱਢਿਆ ਸੀ। ਬਹੁਤੇ ਮੰਗਤਿਆਂ ਦੀ ਬਿਰਤੀ ਜਰਾਇਮ-ਪੇਸ਼ਾ ਹੁੰਦੀ ਹੈ। ਮਾਇਆ ਨਗਰ ਨੂੰ ਜੁਰਮ ਰਹਿਤ ਅਤੇ ਲੋਕਾਂ ਨੂੰ ਮੰਗਤਿਆਂ ਹੱਥੋਂ ਚੌਂਕਾਂ ਵਿਚ ਹੁੰਦੀ ਪਰੇਸ਼ਾਨੀ ਤੋਂ ਬਚਾਉਣ ਲਈ ਉਸ ਨੇ ਮੰਗਤਿਆਂ ਨੂੰ ਫੜਨ ਦੀ ਮੁਹਿੰਮ ਛੇੜੀ ਹੋਈ ਸੀ। ਬੈਰਕ ਸੱਠ ਕੈਦੀਆਂ ਲਈ ਬਣੀ ਸੀ। ਇਸ ਵਿਚ ਸੌ ਤੋਂ ਵੱਧ ਕੈਦੀ ਬੰਦ ਸਨ। ਹੋਰ ਕੋਈ ਬੈਰਕ ਖ਼ਾਲੀ ਨਹੀਂ ਸੀ। ਬਾਕੀ ਬੈਰਕਾਂ ਵਾਲੇ ਇਹਨਾਂ ਨੂੰ ਆਪਣੇ ਨਾਲ ਰੱਖਣ ਲਈ ਤਿਆਰ ਨਹੀਂ ਸਨ। ਸਰਦਾ-ਪੁੱਜਦਾ ਕੋਈ ਮੰਗਤਾ ਹੀ ਜ਼ਮਾਨਤ ਕਰਵਾ ਕੇ ਬਾਹਰ ਗਿਆ ਸੀ। ਬਾਕੀਆਂ ਨੇ ਆਪਣੇ ਜੁਰਮ ਕਬੂਲ ਕਰ ਲਏ ਸਨ। ਹੋਈ ਸਜ਼ਾ ਭੁਗਤ ਰਹੇ ਸਨ।

"ਆਪਣੇ ਪੈਸਿਆਂ ਦੀ ਰਸੀਦ ਮੰਗਣ ਦੀ ਮੈਨੂੰ ਇਹ ਸਜ਼ਾ ਮਿਲੀ ਹੈ।" ਮੰਗਤਿਆਂ ਦੀ ਵਿਥਿਆ ਸੁਣਨ ਬਾਅਦ ਹਾਕਮ ਮਨ ਹੀ ਮਨ ਕਲਪਿਆ।

"ਕੋਈ ਨਹੀਂ, ਜੋ ਹੋਏਗਾ ਦੇਖੀ ਜਾਏਗੀ। ਇਹ ਵੀ ਕਿਸੇ ਦੇ ਪੁੱਤ ਹਨ।" ਮਨ ਕਰੜਾ ਕਰ ਕੇ ਹਾਕਮ ਸਿੰਘ ਬੈਰਕ ਦੇ ਗੇਟ ਵੱਲ ਵਧਣ ਲੱਗਾ।

ਬਾਦਸ਼ਾਹਾਂ ਵਾਲੀ ਬੈਰਕ ਦੇ ਮੇਨ ਗੇਟ ਦੇ ਅੰਦਰ ਖੜਾ ਸੰਤਰੀ ਜਗਤਾਰ ਦੇ ਹੱਥ ਵਿਚ ਫੜੇ ਹਿਸਟਰੀ ਟਿਕਟ ਨਾਲ ਖੜੇ ਬੰਦੇ ਨੂੰ ਦੇਖ ਕੇ ਸਮਝ ਗਿਆ। ਇਸ ਕੈਦੀ ਨੇ ਚੱਕਰ ਵਿਚ ਕੋਈ ਗ਼ੁਸਤਾਖ਼ੀ ਕੀਤੀ ਹੈ। ਚੱਕਰ ਦੇ ਮੁਨਸ਼ੀ ਜਾਂ ਚੀਫ਼ ਵਾਰਡਰ ਨੇ ਉਸ ਗ਼ੁਸਤਾਖ਼ੀ ਲਈ ਸਜ਼ਾ ਸੁਣਾਈ ਹੈ। ਅੱਜ ਦੀ ਰਾਤ ਇਸ ਨਵੇਂ ਪੰਛੀ ਨੇ ਖੜੋ ਕੇ ਅਤੇ ਜਾਗ ਕੇ ਕੱਟਣੀ ਹੈ।

"ਕਿਉਂ ਬਈ ! ਕਾਮਰੇਡ ਹੈਂ ਜਾਂ ਮਲੰਗ ?" ਜਗਤਾਰ ਨੂੰ ਤੋਰ ਕੇ ਅਤੇ ਕੈਦੀ ਨੂੰ ਗੇਟ ਅੰਦਰ ਕਰ ਕੇ ਮਨ ਦਾ ਸ਼ੱਕ ਦੂਰ ਕਰਨ ਲਈ ਸੰਤਰੀ ਨੇ ਹਾਕਮ ਤੋਂ ਪੁੱਛਿਆ।

ਉਂਝ ਕੈਦੀ ਨੂੰ ਸਿਰ ਤੋਂ ਲੈ ਕੇ ਪੈਰਾਂ ਤਕ ਘੋਖਣ ਬਾਅਦ ਉਸ ਨੂੰ ਕੈਦੀ ਚੰਗਾ ਪੜ੍ਹਿਆ-ਲਿਖਿਆ ਲੱਗਾ ਸੀ। ਇਕਹਿਰੇ ਸਰੀਰ ਦਾ ਇਹ ਨੌਜਵਾਨ ਹੱਥੀਂ ਮਿਹਨਤ ਕਰਨ ਦਾ ਆਦੀ ਜਾਪਦਾ ਸੀ। ਬੈਰਕ ਵਿਚ ਬੰਦ ਬਾਕੀ ਕੈਦੀਆਂ ਵਾਂਗ ਉਹ ਕਿਸੇ ਗ਼ਰੀਬ ਘਰ ਦਾ ਨਹੀਂ ਸੀ। ਉਸ ਦੇ ਇਸ ਬੈਰਕ ਵਿਚ ਆਉਣ ਦਾ ਮਤਲਬ ਸਪੱਸ਼ਟ ਸੀ। ਫੇਰ ਵੀ ਉਹ ਕਾਰਨ ਹਾਕਮ ਦੇ ਮੂੰਹੋਂ ਸੁਣਨਾ ਚਾਹੁੰਦਾ ਸੀ।

"ਜੋ ਮਰਜ਼ੀ ਸਮਝ ਲੈ। ਕਾਮਰੇਡ ਨਾ ਹੁੰਦੇ ਹੋਏ ਵੀ ਹੁਣ ਮੈਂ ਕਾਮਰੇਡ ਹਾਂ। ਪੈਸਾ-ਧੇਲਾ ਹੁੰਦੇ ਹੋਏ ਵੀ ਮਲੰਗ ਹਾਂ।"

ਪੈਰ-ਪੈਰ 'ਤੇ ਹੁੰਦੀ ਬੇਇਨਸਾਫ਼ੀ ਤੋਂ ਤੰਗ ਆਏ ਅਤੇ ਗ਼ੁੱਸੇ ਨਾਲ ਭਰੇ ਹਾਕਮ ਨੇ ਆਪਣੀ ਜਾਣ-ਪਹਿਚਾਣ ਕਰਾਈ।



ਹਾਕਮ ਨੇ ਕੀ ਕਿਹਾ ਹੈ, ਸੰਤਰੀ ਦੇ ਕੁਝ ਪੱਲੇ ਨਾ ਪਿਆ। ਚੁੱਪ ਕਰ ਕੇ ਉਹ ਉਸ ਨੂੰ ਕੈਦੀ ਮੁਨਸ਼ੀ ਕੋਲ ਲੈ ਗਿਆ।

ਉਮਰ ਕੈਦ ਕੱਟਣ ਆਏ ਕੈਦੀ ਨੂੰ ਹੁਣ ਕੋਈ ਕਾਹਲ ਨਹੀਂ ਸੀ ਹੋਣੀ ਚਾਹੀਦੀ। ਹੁਣ ਕਿਸੇ ਵੀ ਕੰਮ ਵਿਚ ਉਸ ਦੀ ਮਰਜ਼ੀ ਨਹੀਂ ਸੀ ਚੱਲਣੀ। ਜੋ ਹੁਕਮ ਹੋਣਾ ਸੀ, ਉਹ ਉਸ ਨੂੰ ਮੰਨਣਾ ਪੈਣਾ ਸੀ। ਇਸ ਲਈ ਹਾਕਮ ਸਿੰਘ ਹਰ ਹੁਕਮ ਦੀ ਤਾਮੀਲ ਕਰ ਰਿਹਾ ਸੀ।

ਬੱਸ ਉਸ ਨੂੰ ਇਕ ਕਾਹਲ ਸੀ, ਪਿਆਸ ਬੁਝਾਉਣ ਦੀ।

ਬੈਰਕ ਦੇ ਮੇਨ ਗੇਟ ਦੇ ਐਨ ਸਾਹਮਣੇ ਵਾਲੀ ਕੰਧ ਨਾਲ ਛੋਟੀ ਰਸੋਈ ਬਣੀ ਹੋਈ ਸੀ, ਜਿਥੇ ਕੈਦੀਆਂ ਨੂੰ ਦਾਲ ਨੂੰ ਤੜਕਾ ਆਦਿ ਲਾਉਣ ਦੀ ਸਹੂਲਤ ਮਿਲਦੀ ਸੀ। ਭਾਂਡੇ ਸਾਫ਼ ਕਰਨ ਲਈ ਇਕ ਹੌਦ ਬਣਿਆ ਹੋਇਆ ਸੀ। ਹੌਦ ਉਪਰ ਪਾਣੀ ਵਾਲੀ ਟੂਟੀ ਹੁੰਦੀ ਸੀ। ਸ਼ਾਇਦ ਟੂਟੀ ਵਿਚ ਪਾਣੀ ਹੋਵੇ ਜਾਂ ਫੇਰ ਹੌਦ ਵਿਚ।

ਮੁਨਸ਼ੀ ਤੋਂ ਇਜਾਜ਼ਤ ਲੈ ਕੇ ਹਾਕਮ ਸਿੰਘ ਪਾਣੀ ਦੀ ਖੋਜ ਵਿਚ ਹੌਦ ਵੱਲ ਤੁਰ ਪਿਆ।

ਕਿਧਰੇ ਪਾਣੀ ਦੀ ਤਿੱਪ ਵੀ ਨਹੀਂ ਸੀ। ਸਾਰੇ ਦਿਨ ਵਿਚ ਇਕ-ਇਕ ਘੰਟੇ ਲਈ ਦੋ ਵਾਰ ਪਾਣੀ ਛੱਡਿਆ ਜਾਂਦਾ ਸੀ। ਪਾਣੀ ਬੱਚੇ ਦੇ ਪਿਸ਼ਾਬ ਦੀ ਧਾਰ ਜਿੰਨਾ ਮਸਾਂ ਆਉਂਦਾ ਸੀ। ਬੋਤਲ ਭਰਨ ਜਾਂ ਪਹਿਲਾਂ ਭਾਂਡੇ ਧੋਣ ਲਈ ਕੈਦੀਆਂ ਵਿਚਕਾਰ ਅਕਸਰ ਲੜਾਈ ਹੁੰਦੀ ਸੀ। ਅੱਗੇ-ਪਿੱਛੇ ਪਾਣੀ ਕਿੱਥੇ ?

ਹੌਦ ਜੂਠ ਨਾਲ ਭਰਿਆ ਪਿਆ ਸੀ। ਜੂਠ ਵਿਚੋਂ ਅਜੀਬ ਤਰ੍ਹਾਂ ਦੀ ਹਵਾੜ ਆ ਰਹੀ ਸੀ। ਹਾਕਮ ਨੂੰ ਉਲਟੀ ਆਉਣ ਵਾਲੀ ਹੋ ਗਈ। ਪਾਣੀ ਦੀ ਖੋਜ ਵਿਚੇ ਛੱਡ ਕੇ ਉਹ ਵਾਪਸ ਮੁੜ ਆਇਆ।

"ਪਾਣੀ ਚਾਹੀਦਾ ਹੈ ?" ਹਾਕਮ ਦੀ ਸਮੱਸਿਆ ਸਮਝ ਕੇ ਮੁਨਸ਼ੀ ਨੇ ਪੁੱਛਿਆ।

ਹਾਂ ਵਿਚ ਉੱਤਰ ਮਿਲਣ 'ਤੇ ਮੁਨਸ਼ੀ ਨੇ ਆਪਣੀ ਪਾਣੀ ਵਾਲੀ ਕੇਨੀ ਹਾਕਮ ਅੱਗੇ ਕਰ ਦਿੱਤੀ। ਉਹ ਜਿੰਨਾ ਮਰਜ਼ੀ ਪਾਣੀ ਪੀ ਲਏ।

ਹਾਕਮ ਸਿੰਘ ਦੀ ਪਿਆਸ ਸਾਰਾ ਪਾਣੀ ਪੀ ਕੇ ਵੀ ਮਿਟਣ ਵਾਲੀ ਨਹੀਂ ਸੀ, ਪਰ ਇਕ ਸ਼ਰੀਫ਼ ਆਦਮੀ ਨੇ ਜੇ ਉਂਗਲ ਫੜਾ ਦਿੱਤੀ ਸੀ ਤਾਂ ਉਸ ਦੀ ਬਾਂਹ ਨਹੀਂ ਸੀ ਫੜ ਲੈਣੀ ਚਾਹੀਦੀ। ਇਹੋ ਸੋਚ ਕੇ ਹਾਕਮ ਸਿੰਘ ਨੇ ਕੁਝ ਘੁੱਟਾਂ ਨਾਲ ਕੰਮ ਚਲਾ ਲਿਆ।

ਲੰਗਰ ਵਰਤ ਚੁੱਕਾ ਸੀ। ਗਿਣਤੀ ਹੋ ਚੁੱਕੀ ਸੀ। ਅੰਦਰਲੀ ਬੈਰਕ ਨੂੰ ਜਿੰਦਾ ਲਾਉਣਾ ਬਾਕੀ ਸੀ। ਜਿੰਦਾ ਅੱਧਾ ਘੰਟਾ ਲੇਟ ਵੀ ਲਾਇਆ ਜਾ ਸਕਦਾ ਸੀ। ਮੁਨਸ਼ੀ ਨਵੇਂ ਕੈਦੀ ਨੂੰ ਬੈਰਕ ਅੰਦਰ ਬੰਦ ਕਰ ਕੇ ਬੈਰਕ ਨੂੰ ਜਿੰਦਾ ਲਾ ਕੇ ਆਪਣੀ ਡਿਊਟੀ ਤੋਂ ਨਿਸ਼ਚਿੰਤ ਹੋ ਸਕਦਾ ਸੀ, ਪਰ ਇਕ ਪੜ੍ਹੇ-ਲਿਖੇ ਨੌਜਵਾਨ ਨੂੰ ਘੰਟਾ ਪਹਿਲਾਂ ਨਰਕ ਵਿਚ ਧੱਕਣ ਨੂੰ ਉਸ ਦਾ ਮਨ ਨਹੀਂ ਸੀ ਕੀਤਾ।

ਮੁਨਸ਼ੀ ਨੂੰ ਹਾਕਮ ਨਾਲ ਇਕ ਹੋਰ ਗੱਲੋਂ ਵੀ ਹਮਦਰਦੀ ਸੀ। ਹਾਕਮ ਵਾਂਗ ਕੁਲਵੰਤ ਵੀ ਲਾਭ ਸਿੰਘ ਦਾ ਸਤਾਇਆ ਹੋਇਆ ਸੀ। ਹੱਡ-ਤੋੜਵੀਂ ਮਿਹਨਤ ਅਤੇ ਸੌ ਮਿੰਨਤ-ਤਰਲਾ ਕਰ ਕੇ ਉਹ ਮੁਨਸ਼ੀ ਦੀ ਮੱਦ ਤਕ ਪੁੱਜਿਆ ਸੀ। ਤਿੰਨ ਮਹੀਨੇ ਰਿਹਾਈ ਵਿਚ ਰਹਿੰਦੇ ਸਨ। ਸੋਚਿਆ ਸੀ ਘਰ ਜਾਂਦਾ ਹੋਇਆ ਚਾਰ ਪੈਸੇ ਲੈ ਜਾਏਗਾ, ਪਰ ਲਾਭ ਸਿੰਘ ਨੇ ਉਸ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ ਸੀ।

ਕੁਲਵੰਤ ਸਿੰਘ ਦਸ ਪਾਸ ਸੀ, ਉਸ ਨੂੰ ਸਰਦਾਰਾਂ ਦੇ ਮੱਛੀਆਂ ਦੇ ਤਲਾਅ ਵਿਚੋਂ ਮੱਛੀਆਂ ਚੋਰੀ ਕਰਨ ਦੇ ਜੁਰਮ ਵਿਚ ਦੋ ਸਾਲ ਕੈਦ ਹੋਈ ਸੀ। ਮੱਛੀਆਂ ਉਸ ਨੇ ਚੋਰੀ ਜ਼ਰੂਰ ਕੀਤੀਆਂ ਸਨ, ਪਰ ਵੇਚਣ ਲਈ ਨਹੀਂ, ਜੀਭ ਦਾ ਸਵਾਦ ਪੂਰਾ ਕਰਨ ਲਈ। ਇਕ ਵਾਰ ਮੇਲੇ ਵਿਚ ਉਸਨੇ ਮੁੰਡਿਆਂ ਨਾਲ ਮੱਛੀ ਦੇ ਪਕੌੜੇ ਖਾਧੇ ਸਨ। ਉਸੇ ਦਿਨ ਤੋਂ ਉਸ ਦਾ ਮਨ ਰੱਜ ਕੇ ਪਕੌੜੇ ਖਾਣ ਨੂੰ ਤਰਸ ਰਿਹਾ ਸੀ। ਪਕੌੜਿਆਂ ਵਾਲੀ ਰੇਹੜੀ ਪਿੰਡ ਦੇ ਬੱਸਾਂ ਦੇ ਅੱਡੇ ਵਿਚ ਲੱਗਦੀ ਸੀ। ਉਹ ਦਸ ਰੁਪਏ ਦੀ ਪਾਈਆ ਮੱਛੀ ਦਿੰਦਾ ਸੀ। ਦਸ ਰੁਪਏ ਮਹੀਨੇ ਵਿਚ ਮਸਾਂ ਜੁੜਦੇ ਸਨ। ਪਰ ਮੱਛੀ ਹਲਕ ਤਾਲੂਏ ਨਾਲ ਲੱਗ ਜਾਂਦੀ ਸੀ। ਉਸ ਨੇ ਕਿੱਲੋ ਕੁ ਮੱਛੀ ਫੜੀ ਸੀ। ਠੇਕੇਦਾਰ ਕਹਿੰਦਾ ਸੀ ਹਰ ਰੋਜ਼ ਮੱਛੀ ਚੋਰੀ ਹੁੰਦੀ ਸੀ। ਉਹ ਠੀਕ ਕਹਿੰਦਾ ਹੋਏਗਾ। ਮੱਛੀ ਕੋਈ ਹੋਰ ਚੋਰੀ ਕਰਦਾ ਹੋਏਗਾ, ਪਰ ਫੜਿਆ ਕੁਲਵੰਤ ਗਿਆ। ਪਹਿਲੀ ਚੋਰੀ ਉਪਰ ਫਾਹਾ ਲੱਗ ਗਿਆ।

ਪਹਿਲੇ ਦੋ ਮਹੀਨੇ ਕੁਲਵੰਤ ਨੇ ਜੇਲ੍ਹ ਦੇ ਫ਼ਾਰਮ ਉਪਰ ਖੇਤੀ ਕੀਤੀ। ਹੱਡੀ-ਭੰਨਵੀਂ ਮਿਹਨਤ ਨੇ ਉਸ ਨੂੰ ਜੇਲ੍ਹ ਸੁਪਰਡੈਂਟ ਦੀ ਨਜ਼ਰ ਵਿਚ ਲੈ ਆਂਦਾ। ਕੁਲਵੰਤ ਸਿੰਘ ਦੇ ਪਿਛੋਕੜ ਬਾਰੇ ਉਸ ਨੇ ਪ੍ਰੋਬੇਸ਼ਨ ਅਫ਼ਸਰ ਤੋਂ ਰਿਪੋਰਟ ਮੰਗਵਾ ਲਈ। ਉਸ ਦੇ ਹੁੰਗਾਰਾ ਭਰਨ 'ਤੇ ਜੇਲ੍ਹ ਸੁਪਰਡੈਂਟ ਨੇ ਉਸ ਨੂੰ ਫ਼ਾਰਮ 'ਤੇ ਪਿੰਡ ਭੇਜ ਦਿੱਤਾ। ਜਗਤਾਰ ਵੀ ਉਸ ਦੇ ਨਾਲ ਸੀ। ਸੁਪਰਡੈਂਟ ਨੇ ਉਹਨਾਂ ਨਾਲ ਵਾਅਦਾ ਕੀਤਾ, ਜੇ ਉਹ ਦਿਲ ਲਾ ਕੇ ਕੰਮ ਕਰਨਗੇ ਤਾਂ ਉਹ ਉਹਨਾਂ ਦੀ ਇਕ ਦਿਹਾੜੀ ਨੂੰ ਦੋ ਦਿਹਾੜੀਆਂ ਵਿਚ ਬਦਲ ਕੇ ਅੱਧੀ ਕੈਦ ਮੁਆਫ਼ ਕਰ ਦੇਵੇਗਾ। ਘਰ ਜਲਦੀ ਜਾਣ ਦੇ ਚਾਅ ਵਿਚ ਉਹਨਾਂ ਨੇ ਦਿਨ-ਰਾਤ ਇਕ ਕਰ ਦਿੱਤਾ। ਸੁਪਰਡੈਂਟ ਨੇ ਆਪਣਾ ਵਾਅਦਾ ਪੂਰਾ ਕੀਤਾ। ਮੁਆਫ਼ੀਆਂ ਦੇ ਕੇ ਉਸ ਨੇ ਦੋ ਸਾਲ ਦੀ ਕੈਦ ਸਵਾ ਸਾਲ 'ਤੇ ਲੈ ਆਂਦੀ।

ਨਾਲ ਇਕ ਹੋਰ ਰਿਆਇਤ ਕੀਤੀ। ਬਾਕੀ ਬਚਦੇ ਤਿੰਨ-ਤਿੰਨ ਮਹੀਨਿਆਂ ਲਈ ਜਗਤਾਰ ਅਤੇ ਉਸ ਨੂੰ ਮੁਨਸ਼ੀ ਲਾ ਦਿੱਤਾ।

ਜਗਤਾਰ ਚੁਸਤ ਸੀ। ਉਸ ਨੇ ਕੋਈ ਹੇਠ-ਉਤਾਂਹ ਕਰ ਲਿਆ। ਲਾਭ ਸਿੰਘ ਨੇ ਉਸ ਨੂੰ ਆਪਣੇ ਚੱਕਰ ਵਿਚ ਸੇਵਾਦਾਰ ਲਾ ਲਿਆ।

ਕੁਲਵੰਤ ਕੋਲ ਦੇਣ ਲਈ ਕੁਝ ਨਹੀਂ ਸੀ। ਸੁਪਰਡੈਂਟ ਦੇ ਫ਼ਾਰਮ 'ਤੇ ਖਾਣ-ਪੀਣ ਨੂੰ ਖੁੱਲ੍ਹਾ ਮਿਲਦਾ ਸੀ, ਪਰ ਨਕਦ ਕੁਝ ਨਹੀਂ ਸੀ ਮਿਲਦਾ। ਉਸ ਦੇ ਖਾਤੇ ਵਿਚ ਇਕ ਧੇਲਾ ਨਹੀਂ ਸੀ। ਮਾਂ ਵਿਧਵਾ ਸੀ, ਚੁੱਲ੍ਹਾ ਪਤਾ ਨਹੀਂ ਕਿਸ ਤਰ੍ਹਾਂ ਮਘਾਉਂਦੀ ਹੋਵੇਗੀ। ਆਪਣੇ ਆਰਾਮ ਲਈ ਉਹ ਮਾਂ 'ਤੇ ਬੋਝ ਨਹੀਂ ਸੀ ਪਾ ਸਕਦਾ। ਚੰਗੀ ਬੈਰਕ ਦਾ ਮੁਨਸ਼ੀ ਲੱਗਣ ਲਈ ਲਾਭ ਸਿੰਘ ਨੂੰ ਪੈਸਾ ਦੇਣਾ ਜ਼ਰੂਰੀ ਸੀ।

ਗੱਲ ਸਿਰੇ ਨਾ ਲੱਗ ਸਕੀ। ਲਾਭ ਸਿੰਘ ਨੇ ਉਸ ਨੂੰ ਅਫ਼ਸਰਾਂ ਦਾ ਹੁਕਮ ਮੰਨ ਕੇ ਮੁਨਸ਼ੀ ਤਾਂ ਲਾਇਆ ਪਰ ਲਾਇਆ ਇਸ ਬੈਰਕ ਦਾ, ਜਿਥੇ ਆਰਾਮ ਘੱਟ ਅਤੇ ਸਜ਼ਾ ਵੱਧ ਸੀ।

ਫੇਰ ਵੀ ਕੁਲਵੰਤ ਖ਼ੁਸ਼ ਸੀ। ਸਜ਼ਾ ਦੇ ਕੁਝ ਦਿਨ ਬਾਕੀ ਸੀ। ਉਸ ਦਾ ਦਸੌਂਟਾ ਕੱਟਣ ਹੀ ਵਾਲਾ ਸੀ।

ਦੁੱਖਾਂ ਦੀ ਸਾਂਝ ਦੇ ਇਸ ਅਜੀਬ ਰਿਸ਼ਤੇ ਕਾਰਨ ਕੁਲਵੰਤ ਸਿੰਘ ਹਾਕਮ ਨੂੰ ਬਣਦੀ ਹਰ ਸਹੂਲਤ ਦੇਣ 'ਤੇ ਤੁਲਿਆ ਹੋਇਆ ਸੀ।

"ਕੁਝ ਖਾਣ ਲਈ ਪਿਐ ?"

ਬਣੀ ਨੇੜਤਾ ਦਾ ਹਾਕਮ ਸਿੰਘ ਫ਼ਾਇਦਾ ਉਠਾਉਣਾ ਚਾਹੁੰਦਾ ਸੀ। ਹੁਣ ਸ਼ਾਇਦ ਕੁਝ ਬਚਿਆ-ਖੁਚਿਆ ਪਿਆ ਹੋਵੇ। ਨਹੀਂ ਤਾਂ ਸਵੇਰੇ ਤਕ ਭੁੱਖਾ ਰਹਿਣਾ ਪੈਣਾ ਸੀ।



"ਇਹਨਾਂ ਮੰਗਤਿਆਂ ਦੇ ਢਿੱਡ ਖੂਹਾਂ ਵਰਗੇ ਨੇ। ਭਰਦੇ ਹੀ ਨਹੀਂ। ਜੋ ਮਿਲਦਾ ਹੈ, ਸਭ ਚੱਟ ਕਰ ਜਾਂਦੇ ਨੇ।"

ਹਾਕਮ ਭੁੱਖਾ ਹੈ। ਇਹ ਜਾਣ ਕੇ ਕੁਲਵੰਤ ਨੂੰ ਦੁੱਖ ਹੋਇਆ, ਪਰ ਇਸ ਦਾ ਉਸ ਕੋਲ ਕੋਈ ਹੱਲ ਨਹੀਂ ਸੀ।

"ਕੋਈ ਨਹੀਂ। ਪਾਣੀ ਹੋਰ ਪਿਲਾ।"

ਹਾਕਮ ਦੇ ਪਾਣੀ ਪੀਂਦਿਆਂ-ਪੀਂਦਿਆਂ ਬਾਹਰ ਸੜਕ 'ਤੇ ਹੁੰਦੀ ਪੈੜ-ਚਾਲ ਸੁਣਾਈ ਦੇਣ ਲੱਗੀ।

ਸਹਾਇਕ ਦਰੋਗ਼ਾ ਦੌਰੇ 'ਤੇ ਆ ਰਿਹਾ ਸੀ। ਹਾਕਮ ਨੂੰ ਬੈਰਕ ਤੋਂ ਬਾਹਰ ਬੈਠਾ ਦੇਖ ਉਸ ਨੇ ਨਰਾਜ਼ ਹੋਣਾ ਸੀ। ਝਾੜ-ਝੰਬ ਤੋਂ ਬਚਣ ਲਈ ਕੁਲਵੰਤ ਨੇ ਹਾਕਮ ਨੂੰ ਬੈਰਕ ਵਿਚ ਬੰਦ ਕੀਤਾ, ਜਿੰਦਰਾ ਮਾਰਿਆ ਅਤੇ ਚਾਬੀ ਲੈ ਕੇ ਬਾਹਰਲੇ ਗੇਟ 'ਤੇ ਪੁੱਜ ਗਿਆ।

"ਸਭ ਠੀਕ ਠਾਕ ਹੈ", ਕੁਲਵੰਤ ਤੋਂ ਚਾਬੀ ਫੜ ਕੇ ਜੇਬ ਵਿਚ ਪਾਉਂਦੇ ਸਹਾਇਕ ਦਰੋਗ਼ੇ ਨੇ ਆਪਣਾ ਫ਼ਰਜ਼ ਨਿਭਾਇਆ।

"ਜੀ ਜਨਾਬ!" ਮੁਨਸ਼ੀ ਨੇ ਵੀ ਰਟਿਆ-ਰਟਾਇਆ ਜਵਾਬ ਦੇ ਕੇ ਆਪਣਾ ਫ਼ਰਜ਼ ਨਿਭਾ ਦਿੱਤਾ।

# 8

ਜੈਨ ਦੇ ਚੱਕਰੋਂ ਨਿਕਲਣ ਤਕ ਘੁਸਮੁਸਾ ਹੋ ਚੁੱਕਾ ਸੀ। ਹਨ੍ਹੇਰਾ ਆਪਣੀ ਚਾਦਰ ਵਿਛਾਉਣ ਵਾਲਾ ਸੀ। ਸੂਰਜ ਛੁਪਣ ਤੋਂ ਪਹਿਲਾਂ-ਪਹਿਲਾਂ ਸਾਰੇ ਕੈਦੀ ਆਪਣੇ-ਆਪਣੇ ਅਹਾਤਿਆਂ ਵਿਚ ਵਾਪਸ ਆ ਚੁੱਕੇ ਸਨ। ਲੰਗਰ ਵਰਤ ਰਿਹਾ ਸੀ। ਫੇਰ ਗਿਣਤੀ ਕਰ ਕੇ ਉਹਨਾਂ ਨੂੰ ਬੈਰਕਾਂ ਵਿਚ ਬੰਦ ਕੀਤਾ ਜਾਣਾ ਸੀ।

ਹਵਾ ਨੂੰ ਠੱਲ੍ਹ ਪਾਉਣ ਲਈ ਸਾਰੀ ਜੇਲ੍ਹ ਵਿਚ ਇਕ ਵੀ ਦਰੱਖ਼ਤ ਨਹੀਂ ਸੀ। ਮੱਧਮ ਗਤੀ ਨਾਲ ਚੱਲਦੀ ਹਵਾ ਜੇਲ੍ਹ ਵੜਦਿਆਂ ਹੀ ਤੇਜ਼ੀ ਫੜ ਲੈਂਦੀ ਸੀ। ਤੇਜ਼ ਹਵਾ ਕਾਰਨ ਉੱਡਦਾ ਰੇਤ ਮੂੰਹ ਤਕ ਮਾਰ ਕਰ ਰਿਹਾ ਸੀ।

ਜੈਨ ਨੇ ਦੂਰ-ਦੂਰ ਤਕ ਨਜ਼ਰ ਦੌੜਾਈ। ਸੇਵਾਦਾਰ ਅਤੇ ਉਸ ਤੋਂ ਬਿਨਾਂ ਇਕ ਵੀ ਬੰਦਾ ਉਸ ਨੂੰ ਜੇਲ੍ਹ ਵਿਚ ਤੁਰਦਾ-ਫਿਰਦਾ ਨਜ਼ਰ ਨਾ ਆਇਆ। ਗਿੱਦੜਾਂ ਦੇ ਰੋਣ ਦੀਆਂ ਆਵਾਜ਼ਾਂ ਮਾਹੌਲ ਨੂੰ ਹੋਰ ਡਰਾਉਣਾ ਬਣਾ ਰਹੀਆਂ ਸਨ।

ਸੇਵਾਦਾਰ ਦੀ ਰਫ਼ਤਾਰ ਤੇਜ਼ ਸੀ। ਉਸ ਦੀ ਆਪਣੀ ਬੰਦੀ ਦਾ ਸਮਾਂ ਹੋ ਚੁੱਕਾ ਸੀ। ਉਹ ਆਪਣੇ ਅਹਾਤੇ ਵਿਚ ਜਾਣ ਲਈ ਕਾਹਲਾ ਸੀ। ਜੇ ਹੋਰ ਦੇਰ ਹੋ ਗਈ ਤਾਂ ਪਿੱਛੋਂ ਲੰਗਰ ਵਰਤ ਜਾਣਾ ਸੀ ਅਤੇ ਰਾਤ ਭੁੱਖਿਆਂ ਕੱਟਣੀ ਪੈਣੀ ਸੀ।

ਜੈਨ ਪੂਰਾ ਯਤਨ ਕਰ ਰਿਹਾ ਸੀ। ਫੇਰ ਵੀ ਸੇਵਾਦਾਰ ਦੇ ਕਦਮ ਨਾਲ ਕਦਮ ਨਹੀਂ ਸੀ ਮਿਲਾ ਰਿਹਾ। ਕਾਰਾਂ ਵਿਚ ਘੁੰਮਣ ਵਾਲੇ ਜੈਨ ਨੂੰ ਪੈਦਲ ਤੁਰਨ ਦੀ ਆਦਤ ਨਹੀਂ ਸੀ। ਚਾਰ ਤੇਜ਼ ਕਦਮ ਪੁੱਟਦੇ ਹੀ ਉਸ ਦਾ ਸਾਹ ਚੜ੍ਹਨ ਲੱਗਦਾ ਸੀ, ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਸੀ ਅਤੇ ਉਸ ਨੂੰ ਲੱਗਣ ਲੱਗਦਾ ਸੀ ਡਿੱਗਾ ਕਿ ਡਿੱਗਾ।

ਹੁਣ ਉਹ ਕੈਦੀ ਸੀ। ਜੇਲ੍ਹ ਦਾ ਕਾਇਦਾ-ਕਾਨੂੰਨ ਮੰਨਣ ਲਈ ਮਜਬੂਰ ਸੀ। ਹਸਪਤਾਲ ਤਕ ਉਸ ਨੂੰ ਤੁਰਨਾ ਹੀ ਪੈਣਾ ਸੀ। ਮਨ ਨੂੰ ਹੁੰਦੀ ਘਬਰਾਹਟ ਦੀ ਪਰਵਾਹ ਨਾ ਕਰਦਿਆਂ ਉਹ ਭੱਜੇ ਜਾਂਦੇ ਸੇਵਾਦਾਰ ਨਾਲ ਰਲਣ ਦਾ ਯਤਨ ਕਰ ਰਿਹਾ ਸੀ।

ਸਜ਼ਾ ਦਾ ਹੁਕਮ ਹੋਣ ਤੋਂ ਲੈ ਕੇ ਹੁਣ ਤਕ ਜੈਨ ਇਕੋ ਆਹਰ ਵਿਚ ਲੱਗਾ ਰਿਹਾ ਸੀ। ਕਿਸੇ ਗੰਦੀ-ਮੰਦੀ ਬੈਰਕ ਵਿਚ ਜਾਣ ਦੀ ਥਾਂ ਉਹ ਕਿਵੇਂ ਨਾ ਕਿਵੇਂ ਹਸਪਤਾਲ ਵਿਚ ਦਾਖ਼ਲ ਹੋ ਜਾਵੇ। ਉਂਝ ਉਸ ਦੀ ਹਾਲਤ ਬੀਮਾਰਾਂ ਵਾਲੀ ਹੀ ਸੀ। ਬਲੱਡ-ਪ੍ਰੈਸ਼ਰ, ਸ਼ੂਗਰ, ਟੈਨਸ਼ਨ ਅਤੇ ਦਿਲ ਦੀ ਕਮਜ਼ੋਰੀ ਵਰਗੀਆਂ ਕਈ ਭਿਆਨਕ ਬੀਮਾਰੀਆਂ ਦਾ ਉਹ ਸ਼ਿਕਾਰ ਸੀ। ਤਿੰਨ ਵਕਤ ਥੱਬਾ ਗੋਲੀਆਂ ਦਾ ਅੰਦਰ ਸੁੱਟਦਾ ਸੀ ਤਾਂ ਕਿਤੇ ਜਾ ਕੇ ਦਿਨ ਸੁਖ ਨਾਲ ਨਿਕਲਦਾ ਸੀ।

ਹੁਣ ਜਦੋਂ ਉਹ ਬਿਨਾਂ ਕਿਸੇ ਬਾਹਰੀ ਸਹਾਇਤਾ ਦੇ ਹਸਪਤਾਲ ਦਾਖ਼ਲ ਹੋਣ ਦੇ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਚੁੱਕਾ ਸੀ ਤਾਂ ਰੁਝੇਵਿਆਂ ਤੋਂ ਮੁਕਤ ਹੋਇਆ ਉਸ ਦਾ ਦਿਮਾਗ਼ ਵਾਧੇ-ਘਾਟੇ ਕਰਨ ਲੱਗਾ।



ਮੁਕੱਦਮਾ ਦਰਜ ਹੋਣ ਤੋਂ ਲੈ ਕੇ ਹੁਣ ਤਕ ਉਸ ਦਾ ਕਰੀਬ ਪੰਦਰਾਂ ਲੱਖ ਰੁਪਿਆ ਖ਼ਰਚ ਹੋ ਚੁੱਕਾ ਸੀ। ਜਦੋਂ ਅਫ਼ਸਰਾਂ ਦੇ ਘਰ ਛਾਪਾ ਪਿਆ ਤਾਂ ਜੈਨ ਆਪਣੇ ਘਰ ਨਹੀਂ ਸੀ। ਦਿੱਲੀ ਗਿਆ ਹੋਇਆ ਸੀ। ਉਹ ਚਾਹੁੰਦਾ ਤਾਂ ਮਸਲੇ ਦੇ ਠੰਢਾ ਹੋ ਜਾਣ ਤਕ ਵਿਦੇਸ਼ ਲਈ ਉਡਾਰੀ ਮਾਰ ਸਕਦਾ ਸੀ। ਉਸ ਕੋਲ ਮਲਟੀ-ਪਰਪਜ਼ ਵੀਜ਼ਾ ਸੀ। ਦੁਨੀਆਂ ਦੇ ਹਰ ਮੁਲਕ ਵਿਚ ਉਸ ਦੇ ਦੋਸਤ ਮੌਜੂਦ ਸਨ, ਪਰ ਆਪਣੇ ਸਲਾਹਕਾਰਾਂ ਦੀ ਸਲਾਹ ਮੰਨ ਕੇ ਬਿਨਾਂ ਕੁੱਟ-ਮਾਰ ਦੀ ਪਰਵਾਹ ਕੀਤੇ ਉਹ ਪੁਲਿਸ ਕੋਲ ਪੇਸ਼ ਹੋ ਗਿਆ ਸੀ। ਚਾਰ ਦਿਨ ਦੇ ਮਿਲੇ ਪੁਲਿਸ ਰਿਮਾਂਡ ਦੌਰਾਨ ਉਸ ਨੂੰ ਕਈ ਤਰ੍ਹਾਂ ਦੀ ਜ਼ਲਾਲਤ ਝੱਲਣੀ ਪਈ ਸੀ। ਆਪਣੇ ਅਫ਼ਸਰਾਂ ਨੂੰ ਖ਼ੁਸ਼ ਰੱਖਣ ਅਤੇ ਕਾਰੋਬਾਰ ਨੂੰ ਚਾਲੂ ਰੱਖਣ ਲਈ ਉਸ ਨੂੰ ਇਹ ਕੌੜਾ ਘੁੱਟ ਭਰਨਾ ਪਿਆ ਸੀ। ਉਸ ਦੀ ਯੋਜਨਾ ਕਾਮਯਾਬ ਰਹੀ ਸੀ। ਸੇਠ ਵੱਲੋਂ ਦਿਖਾਈ ਦਲੇਰੀ ਦੀ ਅਫ਼ਸਰਾਂ ਨੇ ਕਦਰ ਕੀਤੀ ਸੀ। ਉਸ ਦਾ ਇਕ ਵੀ ਠੇਕਾ ਕੈਂਸਲ ਨਹੀਂ ਸੀ ਹੋਇਆ। ਜੈਨ ਨੇ ਮੁਕੱਦਮੇ 'ਤੇ ਅਫ਼ਸਰਾਂ ਦੀ ਦੁਆਨੀ ਨਹੀਂ ਲੱਗਣ ਦਿੱਤੀ। ਅਫ਼ਸਰਾਂ ਦੇ ਵਕੀਲਾਂ ਦੀ ਫ਼ੀਸ ਜੈਨ ਨੇ ਦਿੱਤੀ, ਗਵਾਹਾਂ ਨੂੰ ਉਸ ਨੇ ਮੁਕਰਾਇਆ, ਜੱਜ ਨੂੰ ਰਿਸ਼ਵਤ ਦਿੱਤੀ।

ਸ਼ਾਇਦ ਆਖ਼ਰੀ ਸਮੇਂ ਅਫ਼ਸਰ ਉਸ ਨੂੰ ਧੋਖਾ ਦੇ ਗਏ ਸਨ। ਜਾਪਦਾ ਸੀ ਅਫ਼ਸਰਾਂ ਨੇ ਆਪਣੇ ਬਰੀ ਹੋਣ ਦਾ ਇੰਤਜ਼ਾਮ ਕੀਤਾ ਸੀ। ਨਾਲ ਜੈਨ ਨੂੰ ਬਰੀ ਕਰਾਉਣ ਦਾ ਹੰਭਲਾ ਨਹੀਂ ਸੀ ਮਾਰਿਆ। ਹਰ ਅਫ਼ਸਰ ਇਕ ਦੂਜੇ ਤੋਂ ਚੜ੍ਹਦਾ ਸੀ। ਐਕਸੀਅਨ ਰਿਟਾਇਰ ਆਈ.ਜੀ. ਦਾ ਜਵਾਈ ਸੀ। ਐਸ.ਡੀ.ਓ. ਦਾ ਮਾਮਾ ਸੈਸ਼ਨ ਜੱਜ ਸੀ। ਅਗਾਂਹ ਸੈਸ਼ਨ ਜੱਜ ਧੜੱਲੇਦਾਰ ਸੀ। ਜੇ.ਈ. ਸਭ ਦਾ ਬਾਪ ਸੀ। ਉਸ ਦਾ ਸਹੁਰਾ ਟਰਾਂਸਪੋਰਟਰ ਸੀ। ਮੰਤਰੀ ਉਸ ਦੇ ਘਰ ਇਉਂ ਤੁਰੇ ਫਿਰਦੇ ਸਨ ਜਿਵੇਂ ਡਰਾਈਵਰ ਕੰਡਕਟਰ ਹੋਣ। ਪੈਸਾ ਜੈਨ ਦਾ ਲੱਗਾ ਅਤੇ ਬਰੀ ਉਹ ਹੋ ਗਏ।

ਬਾਕੀ ਖ਼ਰਚਾ ਪਏ ਖੂਹ ਵਿਚ। ਜੱਜ ਦੀ ਜੈਨ ਨੂੰ ਸਜ਼ਾ ਕਰਨ ਪਿੱਛੇ ਕੋਈ ਮਜਬੂਰੀ ਰਹੀ ਹੋਵੇਗੀ। ਬਾਹਰ ਜਾਂਦਿਆਂ ਹੀ ਜੈਨ ਨੇ ਕੋਠੀ ਜਾ ਵੜਨਾ ਹੈ ਅਤੇ ਭੇਤ ਖੁਲ੍ਹਵਾ ਲੈਣਾ ਹੈ।

ਇਸ ਵਕਤ ਜੈਨ ਨੂੰ ਡਿਉੜੀ ਅਤੇ ਚੱਕਰ ਵਿਚ ਹੋਏ ਖ਼ਰਚ 'ਤੇ ਪਛਤਾਵਾ ਹੋ ਰਿਹਾ ਸੀ। ਐਵੇਂ ਘਬਰਾ ਕੇ ਉਹ ਪੈਸਾ ਪਾਣੀ ਵਾਂਗ ਵਹਾਉਂਦਾ ਰਿਹਾ। ਉਸ ਦੇ ਬਟੂਏ ਵਿਚ ਕਿੰਨੇ ਪੈਸੇ ਸਨ, ਇਸ ਦੀ ਪੂਰੀ ਗਿਣਤੀ ਜੈਨ ਨੂੰ ਯਾਦ ਨਹੀਂ ਸੀ। ਇੰਨਾ ਕੁ ਯਾਦ ਸੀ ਕਿ ਸੱਤ ਤੋਂ ਅੱਠ ਹਜ਼ਾਰ ਦੇ ਵਿਚਕਾਰ ਜ਼ਰੂਰ ਸਨ। ਦਸ ਹਜ਼ਾਰ ਅੰਦਰਲੀ ਜੇਬ ਵਿਚ। ਪੰਦਰਾਂ-ਵੀਹ ਹਜ਼ਾਰ ਦਾ ਸੋਨਾ। ਕੁਲ ਮਿਲਾ ਕੇ ਉਹ ਤੀਹ-ਪੈਂਤੀ ਹਜ਼ਾਰ ਨੂੰ ਥੁੱਕ ਲੁਆ ਚੁੱਕਾ ਸੀ। ਜੇ ਇਕ ਰਾਤ ਹਸਪਤਾਲ ਕੱਟਣ ਦਾ ਇੰਨਾ ਮੁੱਲ ਉਤਾਰਨਾ ਪਿਆ ਤਾਂ ਪੰਜ ਸਾਲ ਕਿੱਦਾਂ ਲੰਘਣਗੇ ? ਜੈਨ ਨੂੰ ਇਹੋ ਚਿੰਤਾ ਖਾਈ ਜਾ ਰਹੀ ਸੀ।

ਕੰਜੂਸਾਂ ਵਾਂਗ ਇੰਝ ਸੋਚਣਾ ਉਸ ਨੂੰ ਚੰਗਾ ਨਹੀਂ ਸੀ ਲੱਗਦਾ।

ਧਿਆਨ ਕਿਸੇ ਹੋਰ ਪਾਸੇ ਲਾਉਣ ਲਈ ਕਦੇ-ਕਦੇ ਜੈਨ ਦੂਰ ਫੈਲੀ ਜੇਲ੍ਹ ਦਾ ਜਾਇਜ਼ਾ ਲੈਣ ਲੱਗਦਾ।

ਅੱਸੀ ਏਕੜ ਵਿਚ ਉਸਰੀ ਇਹ ਜੇਲ੍ਹ ਜੈਨ ਲਈ ਓਪਰੀ ਨਹੀਂ ਸੀ। ਅੱਜ ਭਾਵੇਂ ਉਹ ਇਸ ਜੇਲ੍ਹ ਵਿਚ ਕੈਦੀ ਬਣ ਕੇ ਆਇਆ ਸੀ ਪਰ ਕਦੇ ਉਹ ਮਾਲਕਾਂ ਵਾਂਗ ਆਇਆ ਕਰਦਾ ਸੀ। ਬਾਰਾਂ-ਤੇਰਾਂ ਸਾਲ ਪਹਿਲਾਂ ਇਹ ਜੇਲ੍ਹ ਉਸਾਰੀ ਅਧੀਨ ਸੀ। ਕੰਮ ਨੂੰ ਤੇਜ਼ੀ ਨਾਲ ਸਿਰੇ ਚਾੜ੍ਹਨ ਲਈ ਇਸ ਨੂੰ ਕਈ ਹਿੱਸਿਆਂ ਵਿਚ ਵੰਡਿਆ ਗਿਆ ਸੀ। ਜੇਲ੍ਹ ਦੀਆਂ ਵੱਡੀਆਂ ਦੀਵਾਰਾਂ ਦੀ

ਉਸਾਰੀ ਦਾ ਠੇਕਾ ਜੈਨ ਦੇ ਮਾਮੇ ਨੂੰ ਮਿਲਿਆ ਸੀ। ਉਹਨੀਂ ਦਿਨੀਂ ਜੈਨ ਮਾਮੇ ਕੋਲੋਂ ਠੇਕੇਦਾਰੀ ਸਿੱਖ ਰਿਹਾ ਸੀ। ਮਾਮੇ ਦਾ ਕਈ ਹੋਰ ਥਾਈਂ ਵੀ ਕੰਮ ਚੱਲਦਾ ਸੀ। ਜੈਨ ਇਸ ਕੰਮ ਨੂੰ ਸੰਭਾਲ ਰਿਹਾ ਸੀ।

ਜੇਲ੍ਹ ਦੀ ਬਾਹਰਲੀ ਦੀਵਾਰ ਦੀ ਉਚਾਈ ਤੀਹ ਫ਼ੁੱਟ ਸੀ। ਸਾਰੀ ਕੰਧ ਉਪਰ ਪਲਸਤਰ ਹੋਇਆ-ਹੋਇਆ ਸੀ। ਗੁਰਮਾਲੇ ਫੇਰ-ਫੇਰ ਕੇ ਪਲਸਤਰ ਨੂੰ ਇੰਨਾ ਕੂਲਾ ਕਰ ਦਿੱਤਾ ਗਿਆ ਸੀ ਕਿ ਉਪਰ ਧਰਿਆ ਹੱਥ ਵੀ ਤਿਲਕ ਜਾਂਦਾ ਸੀ। ਇੰਨੀ ਉੱਚੀ ਕੰਧ ਉਪਰ ਕੁੱਤਾ ਬਿੱਲਾ ਨਹੀਂ ਸੀ ਚੜ੍ਹ ਸਕਦਾ, ਇਨਸਾਨ ਦਾ ਚੜ੍ਹਨਾ ਤਾਂ ਅਸੰਭਵ ਸੀ। ਕੋਈ ਕੈਦੀ ਇੰਨੀ ਹਿੰਮਤ ਬਟੋਰ ਵੀ ਲਏ ਤਾਂ ਤਿੰਨ-ਤਿੰਨ ਫ਼ੁੱਟ ਉੱਚੀ ਕੰਡਿਆਲੀ ਤਾਰ ਨੇ ਉਸ ਨੂੰ ਬੋਚ ਲੈਣਾ ਸੀ। ਕੁਝ ਤਾਰਾਂ ਵਿਚ ਕਰੰਟ ਛੱਡਿਆ ਜਾਂਦਾ ਸੀ। ਤਾਰਾਂ 'ਤੇ ਬੈਠਦਿਆਂ ਹੀ ਪੰਛੀ ਫੁੜਕ ਜਾਂਦੇ ਸਨ। ਇਸ ਗੋਰਖ-ਧੰਦੇ ਵਿਚੋਂ ਬਚ ਕੇ ਨਿਕਲਣਾ ਬੰਦੇ ਦੇ ਵੱਸ 'ਚ ਨਹੀਂ ਸੀ ਹੋ ਸਕਦਾ।

ਅੰਦਰਲੀ ਕੰਧ ਦੇ ਨਾਲ-ਨਾਲ ਜੇਲ੍ਹ ਵਿਭਾਗ ਦਾ ਲੰਬਾ-ਚੌੜਾ ਫ਼ਾਰਮ ਸੀ। ਇਹ ਫ਼ਾਰਮ ਦੂਹਰਾ ਮਤਲਬ ਸਾਰਦਾ ਸੀ, ਨਾਲੇ ਕੈਦੀਆਂ ਤੋਂ ਮੁਸ਼ੱਕਤ ਲਈ ਜਾਂਦੀ ਸੀ, ਨਾਲੇ ਜੇਲ੍ਹ ਦੇ ਲੰਗਰ ਲਈ ਦਾਣਾ-ਫੱਕਾ ਅਤੇ ਸਬਜ਼ੀਆਂ ਪੈਦਾ ਕੀਤੀਆਂ ਜਾਂਦੀਆਂ ਸਨ।

ਫ਼ਾਰਮ ਦੇ ਖ਼ਤਮ ਹੁੰਦਿਆਂ ਹੀ ਅੰਦਰਲੀ ਦੀਵਾਰ ਸ਼ੁਰੂ ਹੁੰਦੀ ਸੀ। ਇਹ ਕੰਧ ਬਾਹਰਲੀ ਕੰਧ ਨਾਲੋਂ ਘੱਟ ਉੱਚੀ ਸੀ, ਪਰ ਇੰਨੀ ਛੋਟੀ ਨਹੀਂ ਸੀ ਕਿ ਕੋਈ ਕੈਦੀ ਇਸ ਨੂੰ ਆਸਾਨੀ ਨਾਲ ਟੱਪ ਸਕੇ।

ਅੰਦਰਲੀ ਦੀਵਾਰ ਦੇ ਨਾਲ-ਨਾਲ ਵੀਹ ਫ਼ੁੱਟ ਦਾ ਫ਼ਾਸਲਾ ਛੱਡਿਆ ਗਿਆ ਸੀ। ਇਸ ਰਸਤੇ ਉਪਰ ਪੰਦਰਾਂ ਫ਼ੁੱਟ ਚੌੜੀ ਲੁੱਕ ਦੀ ਪੱਕੀ ਸੜਕ ਬਣੀ ਹੋਈ ਸੀ। ਇਸ ਸੜਕ ਉਪਰ ਦਿਨ ਰਾਤ ਗਸ਼ਤ ਹੁੰਦੀ ਸੀ, ਲੋੜ ਪੈਣ 'ਤੇ ਜੀਪਾਂ ਗੱਡੀਆਂ ਵੀ ਦੌੜਾਈਆਂ ਜਾ ਸਕਦੀਆਂ ਸਨ।

ਸੜਕ ਦੇ ਦੂਸਰੇ ਪਾਸੇ ਬੈਰਕਾਂ ਬਣੀਆਂ ਹੋਈਆਂ ਸਨ। ਇਹਨਾਂ ਬੈਰਕਾਂ ਦੀ ਪਿੱਠ ਇਸ ਸੜਕ ਉਪਰ ਲੱਗਦੀ ਸੀ। ਰਿਹਾਇਸ਼ੀ ਬੈਰਕਾਂ ਦੀਆਂ ਪਿੱਠ ਵਾਲੀਆਂ ਦੀਵਾਰਾਂ ਵਿਚ ਲੋਹੇ ਦੇ ਵੱਡੇ-ਵੱਡੇ ਮਜ਼ਬੂਤ ਜੰਗਲੇ ਫਿੱਟ ਸਨ। ਇਹਨਾਂ ਜੰਗਲਿਆਂ ਰਾਹੀਂ ਕੈਦੀਆਂ ਨੂੰ ਰੌਸ਼ਨੀ ਅਤੇ ਹਵਾ ਮਿਲਦੀ ਸੀ ਅਤੇ ਗਸ਼ਤ ਕਰਦੇ ਵਾਰਡਰਾਂ ਨੂੰ ਕੈਦੀਆਂ ਦੀਆਂ ਗਤੀਵਿਧੀਆਂ ਦੀ ਸੂਚਨਾ। ਜੰਗਲਿਆਂ ਉਪਰ ਬਰੀਕ ਲੋਹੇ ਦੀ ਜਾਲੀ ਸੀ। ਇਹ ਜਾਲੀ ਕੈਦੀਆਂ ਨੂੰ ਮੱਖੀ-ਮੱਛਰ ਤੋਂ ਬਚਾਉਂਦੀ ਸੀ ਅਤੇ ਗਾਰਦ ਨੂੰ ਕੈਦੀਆਂ ਵੱਲੋਂ ਉਹਨਾਂ ਉਪਰ ਸੁੱਟੀਆਂ ਜਾਂਦੀਆਂ ਵਾਧੂ ਚੀਜ਼ਾਂ ਤੋਂ।

ਸਾਰੀਆਂ ਬੈਰਕਾਂ ਦੇ ਗੇਟ ਅੰਦਰ ਵੱਲ ਖੁੱਲ੍ਹਦੇ ਸਨ। ਗੇਟ ਅੱਗੋਂ ਦੀ ਇਕ ਹੋਰ ਸੜਕ ਲੰਘਦੀ ਸੀ। ਇਸ ਸੜਕ ਉਪਰ ਵੀ ਗਸ਼ਤ ਹੁੰਦੀ ਸੀ। ਸੜਕ ਦੇ ਅੰਦਰ ਸਾਂਝਾ ਵਿਹੜਾ ਸੀ। ਵਿਹੜੇ ਦੇ ਵਿਚਾਕਰ ਵੱਡਾ ਕੇਂਦਰੀ ਟਾਵਰ ਸੀ, ਜਿਸ ਉਪਰ ਸਰਚ ਲਾਈਟਾਂ ਫਿੱਟ ਸਨ। ਚੌਵੀ ਘੰਟੇ ਇਸ ਟਾਵਰ ਉਪਰ ਸੰਤਰੀ ਬੈਠਦਾ ਸੀ। ਟਾਵਰ ਦੇ ਸੱਜੇ ਪਾਸੇ ਗੁਰਦੁਆਰਾ ਸੀ। ਗੁਰਦੁਆਰੇ ਦੇ ਨਾਲ ਮੰਦਰ। ਖੱਬੇ ਪਾਸੇ ਕੰਟੀਨ ਸੀ। ਨਾਲ ਛੋਟਾ ਦਫ਼ਤਰ।

ਕੈਦੀਆਂ ਦੇ ਅਹਾਤਿਆਂ ਦੇ ਸਾਹਮਣੇ ਵਾਲੀ ਕਤਾਰ ਵਿਚ ਫ਼ੈਕਟਰੀ ਅਤੇ ਸਕੂਲ ਸੀ। ਸਕੂਲ ਦੇ ਨਾਲ ਲਾਇਬ੍ਰੇਰੀ ਸੀ। ਸੱਜੇ ਹੱਥ ਖੇਡ-ਮੈਦਾਨ ਸੀ। ਮੈਦਾਨ ਦੇ ਸਾਹਮਣੇ ਹਸਪਤਾਲ ਸੀ।

ਹਸਪਤਾਲ ਤਕ ਪੁੱਜਣ ਲਈ ਕਈ ਬੈਰਕਾਂ ਦੇ ਅੱਗੋਂ ਦੀ ਲੰਘਣਾ ਪੈਂਦਾ ਸੀ।

ਜੈਨ ਬੈਰਕਾਂ ਅੰਦਰ ਝਾਤੀ ਮਾਰ ਰਿਹਾ ਸੀ। ਬੈਰਕਾਂ ਵਿਚੋਂ ਭਾਂਤ-ਭਾਂਤ ਦੀਆਂ ਆਵਾਜ਼ਾਂ



ਆ ਰਹੀਆਂ ਸਨ। ਕਿਸੇ ਬੈਰਕ ਵਿਚੋਂ ਟੀ.ਵੀ. ਉਪਰ ਚਲਦੇ ਪ੍ਰੋਗਰਾਮ ਦੀ ਆਵਾਜ਼ ਆ ਰਹੀ ਸੀ। ਕੈਦੀ ਜਿਵੇਂ ਪ੍ਰੋਗਰਾਮ ਦੇਖਣ ਵਿਚ ਮਗਨ ਸਨ। ਕਿਸੇ ਬੈਰਕ ਵਿਚੋਂ ਹਾਸੇ-ਠੱਠੇ ਅਤੇ ਗਾਉਣ-ਵਜਾਉਣ ਦੀ ਆਵਾਜ਼ ਆ ਰਹੀ ਸੀ। ਜੈਨ ਹੈਰਾਨ ਹੋ ਰਿਹਾ ਸੀ। ਕੈਦ ਭੁਗਤਦੇ ਕੈਦੀ ਵੀ ਹੱਸ-ਟੱਪ ਸਕਦੇ ਹਨ ?

ਜਿਸ ਰਫ਼ਤਾਰ ਨਾਲ ਜੈਨ ਤੁਰ ਰਿਹਾ ਸੀ, ਉਸ ਦੇ ਨਾਲ ਜਾਂਦੇ ਸੇਵਾਦਾਰ ਨੂੰ ਲੱਗ ਰਿਹਾ ਸੀ ਕਿ ਅੱਜ ਭੁੱਖਾ ਸੌਣਾ ਪਏਗਾ। ਬੈਰਕ ਵਿਚੋਂ ਕੁਝ ਮਿਲਣਾ ਨਹੀਂ। ਕਿਉਂ ਨਾ ਹਸਪਤਾਲ ਹੀ ਖਾਣ-ਪੀਣ ਦਾ ਪ੍ਰਬੰਧ ਕੀਤਾ ਜਾਏ ? ਸੋਚ ਕੇ ਸੇਵਾਦਾਰ ਨੇ ਆਪਣੀ ਰਫ਼ਤਾਰ ਵੀ ਮੱਠੀ ਕਰ ਲਈ। ਜੈਨ ਦੇ ਕਦਮ ਨਾਲ ਕਦਮ ਮਿਲਾਉਂਦਾ ਹੋਇਆ ਉਹ ਜੈਨ ਨਾਲ ਦੋਸਤੀ ਗੰਢਣ ਦਾ ਯਤਨ ਕਰਨ ਲੱਗਾ।

"ਤੁਸੀਂ ਮੈਨੂੰ ਪਹਿਚਾਣਿਆ ਨਹੀਂ ਸੇਠ ਸਾਹਿਬ।"

ਜੈਨ ਨੇ ਸੇਵਾਦਾਰ ਨੂੰ ਨਹੀਂ ਸੀ ਪਹਿਚਾਣਿਆ, ਪਰ ਸੇਵਾਦਾਰ ਨੇ ਉਸ ਨੂੰ ਚੱਕਰ ਵਿਚ ਵੜਦਿਆਂ ਹੀ ਪਹਿਚਾਣ ਲਿਆ ਸੀ, ਪਰ ਉਹ ਚੁੱਪ ਰਿਹਾ ਸੀ। ਕਿਥੇ ਰਾਜਾ ਭੋਜ ਕਿਥੇ ਗੰਗੂ ਤੇਲੀ। ਕਿਥੇ ਅੱਧੇ ਸੂਬੇ ਦਾ ਮਾਲਕ ਜੈਨ ਠੇਕੇਦਾਰ। ਕਿਥੇ ਇਕ ਸਜ਼ਾ-ਯਾਫ਼ਤਾ ਬੇਲਦਾਰ।

ਪਰ ਹੁਣ ਚੁੱਪ ਤੋੜਨਾ ਜ਼ਰੂਰੀ ਸੀ।

"ਨਹੀਂ।" ਬਿਨਾਂ ਸੇਵਾਦਾਰ ਦੀ ਗੱਲ ਵੱਲ ਧਿਆਨ ਦਿੱਤਿਆਂ ਜੈਨ ਨੇ ਸੰਖੇਪ ਉੱਤਰ ਦਿੱਤਾ।

"ਮੈਂ ਬੇਲਦਾਰ ਜਗਤਾਰ ਸਿੰਘ ਹਾਂ। ਸ਼ਹਿਰ ਦੇ ਸਟੋਰ ਵਿਚ ਚੌਕੀਦਾਰ ਹੁੰਦਾ ਸੀ। ਸੋਡੀ ਲੁੱਕ ਸਾਡੇ ਸਟੋਰ ਵਿਚ ਆਉਂਦੀ ਹੁੰਦੀ ਸੀ। ਅੱਧੀ ਲੁੱਕ ਲੁਹਾ ਕੇ ਪੂਰੀ ਦੀ ਪਹੁੰਚ ਮੈਂ ਹੀ ਦਿੰਦਾ ਹੁੰਦਾ ਸੀ। ਵਾਪਸ ਮੁੜ ਲੁੱਕ ਦਾ ਹਿਸਾਬ ਕਰਨ ਸਾਹਿਬ ਮੈਨੂੰ ਤੁਹਾਡੇ ਕੋਲ ਭੇਜਦਾ ਹੁੰਦਾ ਸੀ।"

"ਹਾਂ, ਯਾਦ ਆਇਆ।" ਜੈਨ ਨੇ ਝੂਠ-ਮੂਠ ਆਖਿਆ।

ਦਿਨ ਵਿਚ ਅਜਿਹੇ ਵੀਹ ਬੇਲਦਾਰ ਉਸ ਕੋਲੋਂ ਅਫ਼ਸਰਾਂ ਲਈ ਪੈਸੇ ਲੈਣ ਆਉਂਦੇ ਸਨ। ਹਿਸਾਬ-ਕਿਤਾਬ ਜੈਨ ਦਾ ਮੁਨਸ਼ੀ ਕਰਦਾ ਸੀ। ਜੈਨ ਮੁਨਸ਼ੀ ਵੱਲੋਂ ਜਾਰੀ ਕੀਤੀ ਚਿੱਟ ਦੇਖਦਾ ਅਤੇ ਪੈਸੇ ਦੇ ਦਿੰਦਾ ਸੀ।

ਸਾਧਾਰਨ ਸਮਾਂ ਹੁੰਦਾ ਤਾਂ ਉਹ ਬੇਲਦਾਰ ਨੂੰ ਵੀਹ ਰੁਪਏ ਇਨਾਮ ਦੇ ਕੇ ਚੁੱਪ ਕਰਵਾ ਦਿੰਦਾ, ਪਰ ਹੁਣ ਨਾ ਉਸ ਕੋਲ ਪੈਸਾ ਸੀ ਨਾ ਬੇਲਦਾਰ ਨੂੰ ਚੁੱਪ ਕਰਾਉਣਾ ਲਾਹੇਵੰਦ ਸੀ, ਸਗੋਂ ਉਸਨੂੰ ਬੇਲਦਾਰ ਨਾਲ ਦੋਸਤੀ ਦੀ ਜ਼ਰੂਰਤ ਸੀ। ਕਈ ਵਾਰ ਖੋਟਾ ਸਿੱਕਾ ਕੰਮ ਆ ਜਾਂਦਾ ਹੈ, ਸੋਚਦੇ ਜੈਨ ਨੇ ਬੇਲਦਾਰ ਦੀ ਗੱਲ ਵੱਲ ਕੰਨ ਧਰਨਾ ਸ਼ੁਰੂ ਕੀਤਾ।

ਫੇਰ ਜੈਨ ਨੂੰ ਯਾਦ ਆਇਆ। ਇਕ ਵਾਰ ਪੁਲਿਸ ਨੇ ਸ਼ਹਿਰ ਦੇ ਇਕ ਐਸ.ਡੀ.ਓ. ਨੂੰ ਲੁੱਕ ਦਾ ਟਰੱਕ ਵੇਚਦੇ ਨੂੰ ਰੰਗੇ ਹੱਥੀਂ ਫੜ ਲਿਆ ਸੀ। ਇਸ ਬੇਲਦਾਰ ਨੂੰ ਸ਼ਾਇਦ ਉਸ ਕਾਂਡ ਵਿਚ ਸਜ਼ਾ ਹੋਈ ਸੀ।

ਜੈਨ ਦਾ ਅੰਦਾਜ਼ਾ ਠੀਕ ਸੀ।

ਜਗਤਾਰ ਨੂੰ ਉਸੇ ਐਸ.ਡੀ.ਓ. ਨੇ ਮਹਿਕਮੇ ਵਿਚ ਭਰਤੀ ਕੀਤਾ ਸੀ।

ਮਹਿਕਮੇ ਵਿਚ ਆਉਣ ਤੋਂ ਪਹਿਲਾਂ ਉਹ ਦਿਹਾੜੀ ਕਰਦਾ ਸੀ। ਜਗਤਾਰ ਨੂੰ ਅਫ਼ਸਰਾਂ ਦੀ ਸੇਵਾ ਕਰਨ ਦਾ ਸ਼ੌਕ ਸੀ। ਇਥੇ ਸੇਵਾ ਦਾ ਮੇਵਾ ਐਸ.ਡੀ.ਓ. ਨੇ ਉਸ ਨੂੰ ਪੱਕੀ ਨੌਕਰੀ ਦਿਵਾ ਕੇ ਦਿੱਤਾ ਸੀ।

ਉਸ ਭੈੜੇ ਦਿਨ ਉਹ ਆਪਣੇ ਹਿੱਸੇ ਦੇ ਲੁੱਕ ਦੇ ਡਰੰਮ ਦਾ ਮੁੱਲ ਉਸੇ ਫ਼ੈਕਟਰੀ ਦੇ ਮਾਲਕ ਕੋਲੋਂ ਲੈ ਸਕਦਾ ਸੀ, ਪਰ ਉਥੇ ਲੁੱਕ ਅੱਧੇ ਮੁੱਲ ਵਿਕਦੀ ਸੀ। ਜਗਤਾਰ ਨੇ ਘਰਾਂ ਦੀਆਂ ਛੱਤਾਂ ਉਪਰ ਲੁੱਕ ਪਾਉਣ ਵਾਲੇ ਇਕ ਮਜ਼ਦੂਰ ਨਾਲ ਅੱਟੀ-ਸੱਟੀ ਲਾਈ ਹੋਈ ਸੀ। ਉਥੋਂ ਉਸ ਨੂੰ ਲੁੱਕ ਦਾ ਪੂਰਾ ਮੁੱਲ ਮਿਲਦਾ ਸੀ।

ਉਸ ਦਿਨ ਜਿਉਂ ਹੀ ਜਗਤਾਰ ਨੇ ਡਰੰਮ ਕੁੱਲੀਆਂ ਵਿਚ ਉਤਾਰਿਆ, ਤਿਉਂ ਹੀ ਪੁਲਿਸ ਨੇ ਉਸ ਨੂੰ ਆ ਘੇਰਿਆ। ਚਾਰ ਛਿੱਤਰ ਪੈਂਦਿਆਂ ਹੀ ਉਸ ਨੇ ਸਾਰੀ ਕਹਾਣੀ ਪੁਲਿਸ ਨੂੰ ਸੁਣਾ ਦਿੱਤੀ। ਡਰਾਈਵਰ ਵੀ ਮਾਰ ਨਾ ਝੱਲ ਸਕਿਆ। ਉਸ ਨੇ ਮਾਇਆ ਨਗਰ ਵਾਲੇ ਕਾਰਖ਼ਾਨੇ ਦਾ ਅਤਾ-ਪਤਾ ਦੱਸ ਦਿੱਤਾ।

ਸ਼ਾਮ ਤਕ ਜਗਤਾਰ ਅਤੇ ਡਰਾਈਵਰ ਦੇ ਨਾਲ ਐਸ.ਡੀ.ਓ. ਨੂੰ ਵੀ ਥਾਣੇ ਬਿਠਾਇਆ ਗਿਆ। ਰਾਤ ਪੈਂਦਿਆਂ ਹੀ ਅਫ਼ਸਰ ਨੂੰ ਛੱਡ ਦਿੱਤਾ ਗਿਆ। ਅਗਲੇ ਦਿਨ ਡਰਾਈਵਰ ਵੀ ਛੁੱਟ ਗਿਆ ਅਤੇ ਟਰੱਕ ਵੀ।

ਜਗਤਾਰ ਨੂੰ ਅਦਾਲਤ ਵਿਚ ਜਾ ਕੇ ਪਤਾ ਲੱਗਾ ਕਿ ਉਸ ਉਪਰ ਸਰਕਾਰੀ ਲੁੱਕ ਚੋਰੀ ਕਰਨ ਦਾ ਮੁਕੱਦਮਾ ਦਰਜ ਹੋਇਆ ਸੀ। ਪਰਚਾ ਐਸ.ਡੀ.ਓ. ਨੇ ਦਰਜ ਕਰਾਇਆ ਸੀ ਅਤੇ ਗਵਾਹ ਡਰਾਈਵਰ ਬਣਿਆ ਸੀ। ਪੁਲਿਸ ਨੇ ਅੱਸੀ ਡਰੰਮ ਥਾਣੇ ਲੁਹਾਏ ਸਨ। ਜਗਤਾਰ ਕੋਲੋਂ ਚਾਲੀ ਫੜੇ ਦਿਖਾਏ ਸਨ। ਬਾਕੀ ਚਾਲੀ ਡਰੰਮ ਕਿਧਰ ਗਏ, ਜਗਤਾਰ ਨੂੰ ਅੱਜ ਤਕ ਸਮਝ ਨਹੀਂ ਆਈ।

ਥਾਣੇ ਹੀ ਨਹੀਂ, ਅਫ਼ਸਰ ਅਤੇ ਡਰਾਈਵਰ ਨੇ ਕਚਹਿਰੀ ਵਿਚ ਵੀ ਰੱਜ ਕੇ ਝੂਠ ਬੋਲਿਆ ਸੀ। ਅਦਾਲਤ ਨੇ ਉਸ ਝੂਠ ਨੂੰ ਸੱਚ ਮੰਨਿਆ ਸੀ। ਉਸੇ ਝੂਠ ਕਾਰਨ ਜਗਤਾਰ ਤਿੰਨ ਸਾਲ ਦੀ ਕੈਦ ਕੱਟ ਰਿਹਾ ਸੀ।

"ਕੀ ਤੈਨੂੰ ਡਾਕਟਰ ਸਾਹਿਬ ਜਾਣਦੇ ਨੇ ?"

ਜਗਤਾਰ ਦੀ ਆਪ-ਬੀਤੀ ਖ਼ਤਮ ਹੁੰਦਿਆਂ ਹੀ ਜੈਨ ਨੇ ਮਤਲਬ ਦੀ ਗੱਲ ਛੇੜੀ।

"ਆਹੋ ! ਇਹਨਾਂ ਕੋਠੀ ਮੱਝ ਰੱਖੀ ਹੋਈ ਹੈ। ਪੱਠੇ ਸੰਨੀਂ ਮੈਂ ਪਾਉਨਾਂ। ਦੁੱਧ ਵੀ ਮੈਂ ਕੱਢਦਾਂ।"

"ਫੇਰ ਤੂੰ ਮੇਰਾ ਇਕ ਕੰਮ ਕਰ। ਇਹਨਾਂ ਨਾਲ ਮੇਰੀ ਜਾਣ-ਪਹਿਚਾਣ ਕਰਾ ਦੇ। ਤੈਨੂੰ ਪਤਾ ਹੈ ਆਪਣੇ ਕੋਲ ਪੈਸੇ ਦੀ ਕੋਈ ਕਮੀ ਨਹੀਂ, ਪਰ ਹੁਣ ਮੇਰੀ ਜੇਬ ਖ਼ਾਲੀ ਹੈ। ਜੇਬ ਵਿਚਲੇ ਪੈਸੇ ਬਾਹਰ ਖ਼ਰਚ ਹੋ ਗਏ। ਸਵੇਰੇ ਹੋਰ ਆ ਜਾਣਗੇ। ਰਾਤ ਤਕ ਦਾ ਤੂੰ ਜ਼ਾਮਨ ਬਣ ਜਾ। ਬੱਸ ਮੈਨੂੰ ਰਾਤ ਨੂੰ ਹਸਪਤਾਲ ਦਾਖ਼ਲ ਕਰ ਲਵੇ ਅਤੇ ਚੰਗੀ ਥਾਂ ਦੇ ਦੇਵੇ।"

ਜੈਨ ਨੇ ਜਗਤਾਰ ਅੱਗੇ ਲੇਲੜੇ ਕੱਢੇ।

"ਕੋਈ ਨੀ। ਮੈਂ ਕਹਿ ਦੇਨਾਂ, ਸਾਬ੍ਹ ਮੇਰੀ ਮੰਨੇਗਾ।"

ਜਗਤਾਰ ਦੇ ਯਕੀਨ ਦਿਵਾਉਣ ਤੋਂ ਪਹਿਲਾਂ ਹੀ ਹਸਪਤਾਲ ਵੱਲੋਂ ਆਉਂਦਾ ਡਾਕਟਰ ਸ਼ਕਤੀ ਕੁਮਾਰ ਦਿਖਾਈ ਦੇਣ ਲੱਗਾ।

"ਉਹ ਹਨ ਡਾਕਟਰ ਸਾਹਿਬ।"

ਜਗਤਾਰ ਨੇ ਡਾਕਟਰ ਵੱਲ ਇਸ਼ਾਰਾ ਕਰ ਕੇ ਜੈਨ ਨੂੰ ਡਾਕਟਰ ਦੇ ਆਉਣ ਦੀ ਸੂਚਨਾ ਦਿੱਤੀ।

"ਇਹ ਸੇਠ ਜੈਨ ਸਾਹਿਬ ਹਨ ?" ਤੇਜ਼ ਕਦਮੀਂ ਤੁਰ ਕੇ ਉਹਨਾਂ ਕੋਲ ਪੁੱਜਦੇ ਡਾਕਟਰ



ਨੇ ਜਗਤਾਰ ਤੋਂ ਪੁੱਛਿਆ।

ਡਾਕਟਰ ਦੇ ਮੂੰਹੋਂ ਆਪਣਾ ਨਾਂ ਸੁਣ ਕੇ ਜੈਨ ਦੇ ਸਾਹ ਵਿਚ ਸਾਹ ਆਇਆ। ਮਤਲਬ ਸਪੱਸ਼ਟ ਸੀ, ਜੈਨ ਦੇ ਬੰਦਿਆਂ ਦੀ ਉਸ ਤਕ ਪਹੁੰਚ ਹੋ ਚੁੱਕੀ ਸੀ।

"ਜੀ ਜਨਾਬ !" ਆਖਦੇ ਜਗਤਾਰ ਨੇ ਕਾਗ਼ਜ਼-ਪੱਤਰ ਡਾਕਟਰ ਨੂੰ ਫੜਾ ਦਿੱਤੇ।

ਜਗਤਾਰ ਨੂੰ ਫ਼ਾਰਗ਼ ਕਰ ਕੇ ਡਾਕਟਰ ਨੇ ਜੈਨ ਨੂੰ ਨਾਲ ਲਿਆ ਅਤੇ ਹਸਪਤਾਲ ਵੱਲ ਤੁਰ ਪਿਆ।

ਚੱਕਰ ਵੱਲ ਵਾਪਸ ਮੁੜਦਾ ਸੇਵਾਦਾਰ ਘੋਰ ਨਿਰਾਸ਼ਾ ਵਿਚ ਸੀ। ਭੁੱਖੇ ਢਿੱਡ ਨੇ ਉਸ ਨੂੰ ਸਾਰੀ ਰਾਤ ਸੌਣ ਨਹੀਂ ਸੀ ਦੇਣਾ।

## 9

ਅੱਧਿਆਂ ਨਾਲੋਂ ਵੱਧ ਮੰਗਤੇ ਛੂਤ ਦੀਆਂ ਬੀਮਾਰੀਆਂ ਦੇ ਸ਼ਿਕਾਰ ਸਨ। ਕਿਸੇ ਨੂੰ ਟੀ.ਬੀ., ਕਿਸੇ ਨੂੰ ਦਮਾ ਅਤੇ ਕਿਸੇ ਨੂੰ ਖ਼ੁਰਕ ਪਈ ਹੋਈ ਸੀ।

ਜੇਲ੍ਹ ਵਿਚ ਕੋਈ ਬੀਮਾਰੀ ਨਾ ਫੈਲ ਜਾਵੇ, ਇਸ ਲਈ ਡਾਕਟਰ ਦੀ ਸਲਾਹ 'ਤੇ ਬੈਰਕ ਦੀਆਂ ਖਿੜਕੀਆਂ ਅਤੇ ਦਰਵਾਜ਼ਿਆਂ ਉਪਰ ਬੋਰੀਆਂ ਲਟਕਾ ਦਿੱਤੀਆਂ ਗਈਆਂ ਸਨ। ਬੋਰੀਆਂ ਕੀਟਾਣੂਆਂ ਨੂੰ ਬਾਹਰ ਨਹੀਂ ਸਨ ਨਿਕਲਣ ਦਿੰਦੀਆਂ। ਬੂਅ ਵੀ ਛਣ ਕੇ ਬਾਹਰ ਨਿਕਲਦੀ ਸੀ।

ਖਿੜਕੀਆਂ ਦਰਵਾਜ਼ੇ ਢੱਕੇ ਹੋਣ ਕਾਰਨ ਬੈਰਕ ਅੰਦਰ ਬੰਦ ਅਮਰੂ ਨੂੰ ਕੁਝ ਪਤਾ ਨਹੀਂ ਸੀ ਲੱਗ ਰਿਹਾ ਕਿ ਬਾਹਰ ਕੀ ਹੋ ਰਿਹਾ ਹੈ। ਹੁੰਦੀ ਘੁਸਰ-ਮੁਸਰ ਤੋਂ ਇਹ ਸਮਝ ਜ਼ਰੂਰ ਆ ਗਈ ਕਿ ਬਾਹਰ ਅਮਰੂ ਵਰਗਾ ਇਕ ਹੋਰ ਕੈਦੀ ਨਰਕ ਵਿਚ ਧੱਕੇ ਜਾਣ ਲਈ ਤਿਆਰ ਖੜ੍ਹਾ ਹੈ।

ਚੱਕਰ ਵਿਚ ਅਮਰੂ ਨੂੰ ਦੱਸਿਆ ਗਿਆ ਸੀ ਕਿ ਡਿਪਟੀ ਸੁਪਰਡੈਂਟ ਦੇ ਘਰ ਪਾਰਟੀ ਹੈ। ਮੁੰਡੇ ਦਾ ਜਨਮ ਦਿਨ ਹੈ। ਸਾਹਿਬ ਲਈ ਵਿਸਕੀ ਦੀ ਪੇਟੀ ਚਾਹੀਦੀ ਹੈ। ਇਸ ਦਾ ਪ੍ਰਬੰਧ ਅਮਰੂ ਨੇ ਕਰਨਾ ਹੈ।

ਅਮਰੂ ਗ਼ਰੀਬ ਆਦਮੀ ਸੀ। ਬੇਟ ਦਾ ਰਹਿਣ ਵਾਲਾ। ਸ਼ਰਾਬ ਕਸ਼ੀਦ ਕਰ ਕੇ ਵੇਚਣਾ ਉਹਨਾਂ ਦਾ ਖ਼ਾਨਦਾਨੀ ਪੇਸ਼ਾ ਸੀ। ਉਹ ਘਰੋਂ ਘਰ ਦੀ ਕੱਢੀ ਸ਼ਰਾਬ ਤਾਂ ਮੰਗਵਾ ਸਕਦਾ ਸੀ, ਪੇਟੀ ਲਈ ਦੋ ਹਜ਼ਾਰ ਉਸ ਕੋਲ ਨਹੀਂ ਸਨ।

ਜੇ ਅਮਰੂ ਕੋਲ ਏਨੇ ਪੈਸੇ ਹੁੰਦੇ ਤਾਂ ਉਹ ਜੇਲ੍ਹ ਕਿਉਂ ਆਉਂਦਾ ? ਉਸ ਨੂੰ ਭੱਠੀ ਲਾ ਕੇ ਨਾਜਾਇਜ਼ ਸ਼ਰਾਬ ਕਸ਼ੀਦ ਕਰਨ ਦੇ ਦੋਸ਼ ਵਿਚ ਦੋ ਸਾਲ ਦੀ ਕੈਦ ਅਤੇ ਪੰਜ ਹਜ਼ਾਰ ਰੁਪੈ ਜੁਰਮਾਨਾ ਹੋਇਆ ਸੀ। ਇਸ ਧੰਦੇ ਵਿਚ ਪੰਜ ਹਜ਼ਾਰ ਸਾਲ ਭਰ ਧੱਕੇ ਖਾ ਕੇ ਨਹੀਂ ਜੁੜਦਾ। ਜੁਰਮਾਨਾ ਨਾ ਭਰ ਸਕਣ ਕਾਰਨ ਅਮਰੂ ਨੂੰ ਜੇਲ੍ਹ ਆਉਣਾ ਪਿਆ ਸੀ। ਦੋ-ਚਾਰ ਦਿਨਾਂ ਵਿਚ ਉਸ ਦੇ ਵਾਰਸ ਉਸ ਵੱਲੋਂ ਅਪੀਲ ਕਰਨਗੇ। ਜੱਜ ਉਸ ਦੀ ਸਜ਼ਾ ਮੁਅੱਤਲ ਕਰੇਗਾ। ਫੇਰ ਅਮਰੂ ਜ਼ਮਾਨਤ 'ਤੇ ਰਿਹਾਅ ਹੋਵੇਗਾ। ਅਪੀਲ ਕਰਨ ਦਾ ਵਕੀਲ ਤਿੰਨ ਹਜ਼ਾਰ ਰੁਪਿਆ ਲਏਗਾ। ਹਾਲੇ ਉਸ ਰਕਮ ਦਾ ਇੰਤਜ਼ਾਮ ਨਹੀਂ ਸੀ ਹੋ ਰਿਹਾ।

ਅਮਰੂ ਦੇ ਇਸੇ ਇਨਕਾਰ ਬਦਲੇ ਉਸ ਨੂੰ ਇਹ ਵਾਧੂ ਦੀ ਸਜ਼ਾ ਹੋਈ ਸੀ। ਕੱਲ੍ਹ ਸ਼ਾਮੀਂ ਉਸ ਨੂੰ ਇਸ ਬੈਰਕ ਵਿਚ ਭੇਜਿਆ ਗਿਆ ਸੀ। ਨਾਲ ਲਾਭ ਸਿੰਘ ਨੇ ਚੇਤਾਵਨੀ ਦਿੱਤੀ ਸੀ ਕਿ ਜਿੰਨਾ ਚਿਰ ਉਹ ਸ਼ਰਾਬ ਦੀ ਪੇਟੀ ਦਾ ਇੰਤਜ਼ਾਮ ਨਹੀਂ ਕਰਦਾ, ਓਨਾ ਚਿਰ ਉਹ ਇਸੇ ਬੈਰਕ ਵਿਚ ਬੰਦ ਰਹੇਗਾ।

ਚੌਵੀ ਘੰਟੇ ਬੀਤ ਚੁੱਕੇ ਸਨ। ਕੇਵਲ ਇਕ ਕੈਦੀ ਬੈਰਕੋਂ ਬਾਹਰ ਗਿਆ ਸੀ। ਉਸ ਹੱਥ ਘਰਦਿਆਂ ਨੂੰ ਦੋ ਹਜ਼ਾਰ ਭੇਜਣ ਦਾ ਸੁਨੇਹਾ ਅਮਰੂ ਨੇ ਲਾਇਆ ਸੀ।



ਬਾਹਰ ਗਿਆ ਕੈਦੀ ਜ਼ਿਮੀਂਦਾਰਾਂ ਦਾ ਸੀਰੀ ਸੀ। ਜ਼ਿਮੀਂਦਾਰਾਂ ਦੀ ਖ਼ਾਤਰ ਉਸ ਨੇ ਵਿਰੋਧੀਆਂ ਦੀ ਜ਼ਮੀਨ ਵਿਚ ਹਲ ਵਾਹਿਆ ਸੀ। ਦੂਜੇ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੇ ਦੋਸ਼ ਵਿਚ ਉਸ ਨੂੰ ਇਕ ਸਾਲ ਕੈਦ ਦੀ ਸਜ਼ਾ ਹੋਈ ਸੀ। ਜਿਥੇ ਸੀਰੀ ਨੇ ਮਾਲਕਾਂ ਨਾਲ ਵਫ਼ਾਦਾਰੀ ਦਿਖਾਈ ਸੀ, ਉਥੇ ਮਾਲਕਾਂ ਨੇ ਵੀ ਪਿੱਠ ਨਹੀਂ ਸੀ ਦਿਖਾਈ। ਉੱਚ ਕੋਟੀ ਦਾ ਵਕੀਲ ਕਰ ਕੇ ਹਾਈ ਕੋਰਟ ਅਪੀਲ ਕੀਤੀ ਸੀ। ਲਾਭ ਸਿੰਘ ਨੇ ਜ਼ਿਮੀਂਦਾਰਾਂ ਦੀ ਹੈਸੀਅਤ ਨੂੰ ਧਿਆਨ ਵਿਚ ਰੱਖਦਿਆਂ ਸੀਰੀ ਕੋਲੋਂ ਦੋ ਹਜ਼ਾਰ ਮੰਗਿਆ ਸੀ। ਦੋ ਹਜ਼ਾਰ ਲਾਭ ਸਿੰਘ ਦੇ ਮੱਥੇ ਮਾਰ ਕੇ ਉਹਨਾਂ ਨੇ ਸੀਰੀ ਨੂੰ ਇਸ ਬੈਰਕ ਵਿਚੋਂ ਕਢਵਾ ਲਿਆ ਸੀ।

ਸੀਰੀ ਸੁਨੇਹਾ ਲਾਉਣਾ ਭੁੱਲ ਗਿਆ ਜਾਂ ਉਸ ਦੇ ਵਾਰਿਸਾਂ ਤੋਂ ਰਕਮ ਦਾ ਇੰਤਜ਼ਾਮ ਨਹੀਂ ਹੋਇਆ, ਇਸ ਬਾਰੇ ਅਮਰੂ ਨੂੰ ਪਤਾ ਨਹੀਂ ਸੀ। ਇਹ ਜ਼ਰੂਰ ਸੀ ਕਿ ਹਾਲੇ ਤਕ ਉਸ ਨੂੰ ਬੈਰਕ ਵਿਚੋਂ ਬਾਹਰ ਆਉਣ ਲਈ ਹਾਕ ਨਹੀਂ ਸੀ ਪਈ।

"ਇਹ ਵਕੀਲ ਸਾਹਿਬ ਹਨ। ਇਹਨਾਂ ਦਾ ਧਿਆਨ ਰੱਖੀਂ।"

ਬੈਰਕ ਨੂੰ ਬਾਹਰੋਂ ਜਿੰਦਾ ਲਾਉਣ ਤੋਂ ਪਹਿਲਾਂ ਮੁਨਸ਼ੀ ਨੇ ਅਮਰੂ ਕੋਲ ਸਿਫ਼ਾਰਿਸ਼ ਕੀਤੀ ਸੀ।

ਅਮਰੂ ਨੂੰ ਲੱਗਾ ਕੁਲਵੰਤ ਸਿੰਘ ਨੇ ਉਹਨਾਂ ਦੋਹਾਂ ਨਾਲ ਟਿੱਚਰ ਕੀਤੀ ਸੀ। ਆਏ ਮਹਿਮਾਨ ਦਾ ਸਵਾਗਤ ਚੰਗੀ ਥਾਂ ਬਿਠਾ ਕੇ ਕੀਤਾ ਜਾਂਦਾ ਹੈ। ਅਮਰੂ ਖ਼ੁਦ ਕੱਲ੍ਹ ਦਾ ਇਕ ਲੱਤ 'ਤੇ ਖੜ੍ਹਾ ਸੀ। ਪੈਣ, ਬੈਠਣ ਦੀ ਗੱਲ ਦੂਰ, ਬੈਰਕ ਅੰਦਰ ਪੈਰ ਧਰਨ ਤਕ ਦੀ ਜਗ੍ਹਾ ਨਹੀਂ ਸੀ। ਸਮਰੱਥਾ ਨਾਲੋਂ ਕਈ ਗੁਣਾਂ ਵੱਧ ਕੈਦੀ ਬੈਰਕ ਵਿਚ ਤੁੰਨ ਦਿੱਤੇ ਗਏ ਸਨ। ਕੈਦੀ ਮੋਢੇ ਜੋੜੀ ਖੜੋਤੇ ਸਨ। ਕਿਸੇ ਨੂੰ ਪਾਸਾ ਲੈਣ ਤਕ ਦੀ ਸਹੂਲਤ ਨਹੀਂ ਸੀ। ਥੜ੍ਹਿਆਂ ਵਿਚਕਾਰ ਬਣਿਆ ਰਸਤਾ ਵੀ ਕੈਦੀਆਂ ਨੇ ਮੱਲਿਆ ਹੋਇਆ ਸੀ। ਮੰਗਤੇ ਪਤਾ ਨਹੀਂ ਕਿਹੜਾ ਨਸ਼ਾ ਖਾ ਕੇ ਸੌਂਦੇ ਸਨ। ਕੋਈ ਉੱਠਣ ਦਾ ਨਾਂ ਨਹੀਂ ਸੀ ਲੈਂਦਾ। ਜੇ ਭੁੱਲੇ ਚੁੱਕੇ ਕੋਈ ਕੈਦੀ ਟੱਟੀ-ਪਿਸ਼ਾਬ ਲਈ ਉੱਠਦਾ ਤਾਂ ਉਹ ਕੁਝ ਪਲ ਸੁਸਤਾਉਣ ਲਈ ਉਸ ਥਾਂ ਵੱਲ ਭੱਜਦਾ। ਉਸ ਦੇ ਖ਼ਾਲੀ ਥਾਂ ਕੋਲ ਪੁੱਜਣ ਤੋਂ ਪਹਿਲਾਂ ਨਾਲ ਦਾ ਮੰਗਤਾ ਪਾਸਾ ਪਰਤ ਕੇ ਜਾਂ ਟੰਗਾਂ ਪਸਾਰ ਕੇ ਖ਼ਾਲੀ ਥਾਂ ਮੱਲ ਲੈਂਦਾ। ਕਦੇ-ਕਦੇ ਨਸ਼ੇ-ਪੱਤੇ ਖ਼ਾਤਰ ਉਹਨਾਂ ਵਿਚ ਗਾਲੀ-ਗਲੋਚ ਹੁੰਦੀ ਸੀ। ਪਰ ਇਸ ਮਾਮਲੇ ਬਾਰੇ ਉਹਨਾਂ ਵਿਚ ਬੇਮਿਸਾਲ ਏਕਾ ਸੀ। ਆਪਣੇ ਸਾਥੀ ਦੀ ਥਾਂ 'ਤੇ ਕਿਸੇ ਹੋਰ ਨੂੰ ਕਾਬਜ਼ ਨਹੀਂ ਸੀ ਹੋਣ ਦਿੰਦੇ। ਪਤਾ ਨਹੀਂ ਉਹ ਕਿਹੜੀ ਭਾਸ਼ਾ ਬੋਲਦੇ ਸਨ। ਅਮਰੂ ਹਰ ਵਾਰ ਤਰਲਾ ਕਰਦਾ ਸੀ ਕਿ ਉਸ ਨੇ ਕੈਦੀ ਦੇ ਪਖਾਨਿਉਂ ਵਾਪਸ ਮੁੜਨ ਤਕ ਬੈਠਣਾ ਹੈ, ਪਰ ਕਿਸੇ ਨੂੰ ਉਸ 'ਤੇ ਤਰਸ ਨਹੀਂ ਸੀ ਆਉਂਦਾ। ਕੰਨਾਂ ਵਿਚ ਤੇਲ ਪਾਈ ਉਹ ਆਪਣੀ ਧੁੰਨ ਵਿਚ ਮਸਤ ਰਹਿੰਦੇ ਸਨ।

ਜਿਸ ਦੀਆਂ ਖੜ੍ਹੇ-ਖੜ੍ਹੇ ਦੀਆਂ ਖ਼ੁਦ ਦੀਆਂ ਲੱਤਾਂ ਵਿਚ ਖ਼ੂਨ ਉੱਤਰ ਆਇਆ ਹੋਵੇ, ਉਹ ਦੂਸਰੇ ਨੂੰ ਕਿਥੇ ਬਿਠਾਵੇ ? ਕਿਸ ਤਰ੍ਹਾਂ ਦੂਜੇ ਦਾ ਖ਼ਿਆਲ ਰੱਖੇ ?

ਹੱਡੀ-ਬੀਤੀ ਦੇ ਆਧਾਰ 'ਤੇ ਅਮਰੂ ਜਾਣਦਾ ਸੀ ਕਿ ਹਾਕਮ ਭੁੱਖਣ-ਭਾਣਾ ਸੀ। ਸ਼ਿਸ਼ਟਾਚਾਰ ਮੰਗ ਕਰਦਾ ਸੀ ਕਿ ਅਮਰੂ ਆਪਣੇ ਮਹਿਮਾਨ ਅੱਗੇ ਕੁਝ ਪਰੋਸੇ, ਪਰ ਉਹ ਇਹ ਰਸਮ ਨਿਭਾਉਣ ਦੀ ਸਥਿਤੀ ਵਿਚ ਨਹੀਂ ਸੀ।

ਕੱਲ੍ਹ ਜਦੋਂ ਅਮਰੂ ਨੂੰ ਇਸ ਬੈਰਕ ਵਿਚ ਬੰਦ ਕੀਤਾ ਗਿਆ ਸੀ ਤਾਂ ਉਸ ਸਮੇਂ ਤਕ ਕੈਦੀ ਢਿੱਡ ਭਰ ਕੇ ਡਕਾਰ ਮਾਰ ਚੁੱਕੇ ਸਨ।

ਕੁਝ ਕੈਦੀਆਂ ਨੇ ਆਪਣੇ ਡੋਲੂ ਬਾਟਿਆਂ ਵਿਚ ਦਾਲ ਰੋਟੀ ਬਚਾ ਕੇ ਰੱਖੀ ਸੀ। ਉਹਨਾਂ

ਨੂੰ ਪਤਾ ਸੀ ਕਿ ਅਮਰੂ ਭੁੱਖਾ ਸੀ, ਪਰ ਕਿਸੇ ਨੇ ਸੁਲਾਹ ਨਹੀਂ ਸੀ ਮਾਰੀ। ਉਂਝ ਜੇ ਉਹ ਖਾਣੇ ਦੀ ਪੇਸ਼ਕਸ਼ ਕਰਦੇ, ਅਮਰੂ ਫੇਰ ਵੀ ਉਸ ਦਾਲ-ਰੋਟੀ ਨਾਲੋਂ ਭੁੱਖਾ ਰਹਿਣ ਨੂੰ ਤਰਜੀਹ ਦਿੰਦਾ।

ਅਮਰੂ ਨੇ ਆਪਣੇ ਵਾੜੇ ਵਿਚ ਸੂਰ ਪਾਲ ਰੱਖੇ ਸਨ। ਸੂਰ ਗੰਦਗੀ ਵਿਚ ਰਹਿਣਾ ਅਤੇ ਗਲੀਆਂ-ਸੜੀਆਂ ਚੀਜ਼ਾਂ ਖਾਣਾ ਪਸੰਦ ਕਰਦੇ ਸਨ। ਇਹਨਾਂ ਮੰਗਤਿਆਂ ਦੀਆਂ ਆਦਤਾਂ ਉਹਨਾਂ ਨਾਲੋਂ ਵੀ ਭੈੜੀਆਂ ਸਨ। ਜਾਪਦਾ ਸੀ ਜਦੋਂ ਦੇ ਜੰਮੇ ਸਨ ਕਦੇ ਨਹਾਤੇ ਨਹੀਂ ਸਨ। ਅੱਧਿਆਂ ਨਾਲੋਂ ਵੱਧ ਦਾੜ੍ਹੀ-ਮੁੱਛਾਂ ਦੇ ਝਥਰੇ ਬਣੇ ਪਏ ਸਨ। ਦਾਤਣ-ਬੁਰਸ਼ ਕੀ ਹੁੰਦਾ ਹੈ, ਇਹ ਸ਼ਾਇਦ ਉਹਨਾਂ ਨੂੰ ਪਤਾ ਨਹੀਂ ਸੀ। ਦੰਦਾਂ ਉਪਰ ਪੀਲੀ ਜਿਲਬ ਜੰਮੀ ਹੋਈ ਸੀ। ਮੂੰਹ ਖੁੱਲ੍ਹਦਿਆਂ ਹੀ ਹਵਾੜ ਦਾ ਬੁੱਲ੍ਹਾ ਬਾਹਰ ਨਿਕਲਦਾ ਸੀ। ਹੱਥਾਂ-ਪੈਰਾਂ ਤੇ ਲੱਤਾਂ-ਬਾਹਾਂ ਉਪਰ ਮੈਲ ਜੰਮੀ ਹੋਈ ਸੀ। ਅੱਡੀਆਂ ਫਟੀਆਂ ਹੋਈਆਂ ਸਨ। ਥਾਂ-ਥਾਂ ਜ਼ਖ਼ਮ ਸਨ। ਜ਼ਖ਼ਮਾਂ ਉਪਰ ਮੱਖੀਆਂ ਭਿਣਕ ਰਹੀਆਂ ਸਨ। ਖਾਣ-ਪੀਣ ਦਾ ਕੋਈ ਸਮਾਂ ਨਹੀਂ ਸੀ। ਜਦੋਂ ਕੁਝ ਖਾਣ ਨੂੰ ਮਿਲਦਾ, ਉਦੋਂ ਹੀ ਅੰਦਰ ਸੁੱਟ ਲੈਂਦੇ। ਤੁਰਨ-ਫਿਰਨ ਦੀ ਆਦਤ ਨਹੀਂ ਸੀ। ਖਾਣਾ ਹਜ਼ਮ ਨਹੀਂ ਸੀ ਹੁੰਦਾ। ਪੇਟ ਤੂੰਬੇ ਵਾਂਗ ਫੁੱਲੇ ਪਏ ਸਨ। ਬਾਹਰ ਦਾਰੂ ਪੀ ਕੇ ਭੋਜਨ ਹਜ਼ਮ ਕਰ ਲੈਂਦੇ ਸਨ। ਜੇਲ੍ਹ ਵਿਚ ਉਹਨਾਂ ਨੂੰ ਦਾਰੂ ਨਹੀਂ ਸੀ ਮਿਲਦੀ। ਹਾਜ਼ਮਾ ਖ਼ਰਾਬ ਰਹਿਣ ਕਾਰਨ ਸਾਰਾ ਦਿਨ ਪੇਟ ਵਿਚੋਂ ਹਵਾ ਸਰਕਦੀ ਰਹਿੰਦੀ ਸੀ। ਸਰਕੀ ਹਵਾ ਦੀ ਹਵਾੜ ਇੰਨੀ ਗੰਦੀ ਹੁੰਦੀ ਸੀ ਕਿ ਅਮਰੂ ਨੂੰ ਉਲਟੀ ਆਉਣ ਵਰਗੀ ਹੋ ਜਾਂਦੀ ਸੀ। ਜਿਸ ਦੇ ਪੇਟ ਵਿਚੋਂ ਹਵਾ ਨਹੀਂ ਸੀ ਸਰਕਦੀ, ਉਸ ਨੂੰ ਖੱਟੇ ਡਕਾਰ ਆਉਂਦੇ ਸਨ। ਉਹ ਵੀ ਦਿਲ ਕੱਚਾ ਕਰ ਦਿੰਦੇ ਸਨ। ਉਤੋਂ ਜੇਲ੍ਹ ਵਾਲਿਆਂ ਨੇ ਕਹਿਰ ਢਾਇਆ ਸੀ। ਹਵਾੜ ਨੂੰ ਬਾਹਰ ਨਹੀਂ ਸੀ ਨਿਕਲਣ ਦਿੰਦੇ। ਸਾਰੀ ਹਵਾੜ ਕੈਦੀਆਂ ਨੂੰ ਆਪਣੇ ਫੇਫੜਿਆਂ ਵਿਚ ਜ਼ਬਤ ਕਰਨੀ ਪੈਂਦੀ ਸੀ। ਮੰਗਤਿਆਂ ਨੂੰ ਸ਼ਾਇਦ ਇਸ ਤਰ੍ਹਾਂ ਰਹਿਣ ਦੀ ਆਦਤ ਸੀ। ਉਹਨਾਂ ਵੱਲੋਂ ਕੋਈ ਪ੍ਰਤੀਕਰਮ ਨਹੀਂ ਸੀ ਹੁੰਦਾ। ਅਮਰੂ ਤੋਂ ਬਰਦਾਸ਼ਤ ਨਹੀਂ ਸੀ ਹੋ ਰਿਹਾ। ਉਸ ਨੂੰ ਮਹਿਸੂਸ ਹੁੰਦਾ ਸੀ ਜਿਵੇਂ ਉਸ ਨੂੰ ਗੈਸ ਦੇ ਚੈਂਬਰ ਵਿਚ ਸੁੱਟ ਦਿੱਤਾ ਗਿਆ ਸੀ।

ਅਮਰੂ ਨੂੰ ਮੰਗਤੇ ਕਿਸੇ ਦਾਲ ਚੌਲ ਖਾਣ ਵਾਲੇ ਦੇਸ਼ ਦੇ ਬਾਸ਼ਿੰਦੇ ਜਾਪਦੇ ਸਨ। ਦਾਲ ਰੋਟੀ ਖਾਣ ਦਾ ਉਹਨਾਂ ਨੂੰ ਵੱਲ ਨਹੀਂ ਸੀ। ਰੋਟੀ ਦੀਆਂ ਬੁਰਕੀਆਂ ਬਣਾ ਕੇ ਉਹ ਪਾਣੀ ਵਰਗੀ ਦਾਲ ਵਿਚ ਸੁੱਟ ਲੈਂਦੇ ਅਤੇ ਫੇਰ ਉਂਗਲਾਂ ਨਾਲ ਖਾਂਦੇ ਸਨ। ਦਾਲ ਉਂਗਲਾਂ ਤੋਂ ਚੋ ਕੇ ਕੂਹਣੀ ਤਕ ਪੁੱਜ ਜਾਂਦੀ ਸੀ। ਉਂਗਲਾਂ ਦੇ ਨਾਲ-ਨਾਲ ਉਹ ਕੂਹਣੀ ਤਕ ਵੀ ਚੱਟ ਜਾਂਦੇ ਸਨ। ਦਾਲ ਦਾੜ੍ਹੀ ਵਿਚ ਡੁੱਲ੍ਹ ਜਾਂਦੀ ਸੀ। ਉਹ ਦਾੜ੍ਹੀ ਸਾਫ਼ ਕਰਨ ਦਾ ਯਤਨ ਨਹੀਂ ਸਨ ਕਰਦੇ। ਇਸ ਤਰ੍ਹਾਂ ਖਾਣਾ ਖਾਂਦਿਆਂ ਦੇਖ ਕੇ ਅਮਰੂ ਨੂੰ ਗਲਿਆਨੀ ਆਉਂਦੀ ਸੀ ਅਤੇ ਉਹ ਮੂੰਹ ਪਰਾਂ ਕਰ ਲੈਂਦਾ ਸੀ।

ਅਮਰੂ ਨੂੰ ਮੰਗਤਿਆਂ ਦੇ ਭਾਂਡਿਆਂ ਤੋਂ ਸੂਗ ਆਉਂਦੀ ਸੀ। ਟੂਟੀ ਵਿਚ ਪਾਣੀ ਨਹੀਂ ਸੀ ਆਉਂਦਾ। ਭਾਂਡੇ ਠੀਕ ਨਾ ਧੋਣ ਦਾ ਉਹਨਾਂ ਕੋਲ ਵਧੀਆ ਬਹਾਨਾ ਸੀ। ਭਾਂਡੇ ਅੰਦਰੋਂ-ਬਾਹਰੋਂ ਦਾਲ ਨਾਲ ਲਿੱਬੜੇ ਹੋਏ ਸਨ। ਬਾਟਿਆਂ ਵਿਚ ਰੋਟੀਆਂ ਨੰਗੀਆਂ ਪਈਆਂ ਸਨ। ਉਪਰ ਮੱਖੀਆਂ ਭਿਣਕ ਰਹੀਆਂ ਸਨ। ਹੱਥ ਧੋਣ ਲਈ ਪਾਣੀ ਨਹੀਂ ਸੀ। ਲਿੱਬੜੀਆਂ ਉਂਗਲਾਂ ਨੂੰ ਝੱਗੇ ਜਾਂ ਧੋਤੀ ਨਾਲ ਸਾਫ਼ ਕਰ ਲੈਂਦੇ ਸਨ।

ਜੇ ਕੈਦੀਆਂ ਨੂੰ ਬਰਤਨ ਸਾਫ਼ ਕਰਨ ਲਈ ਪਾਣੀ ਨਹੀਂ ਸੀ ਮਿਲਦਾ ਤਾਂ ਕੱਪੜੇ ਧੋਣ ਲਈ ਕਿਥੋਂ ਮਿਲਣਾ ਸੀ ? ਜਾਪਦਾ ਸੀ ਗਲ ਪਾਉਣ ਤੋਂ ਲੈ ਕੇ ਅੱਜ ਤਕ ਕਿਸੇ ਨੇ ਕੁੜਤਾ ਧੋਤਾ ਨਹੀਂ ਸੀ। ਮੈਲ ਕਾਰਨ ਉਹ ਤੇਲੂਆ ਹੋਏ ਪਏ ਸਨ। ਕਿਸੇ ਟਾਂਵੇਂ ਦੇ ਤੇੜ ਧੋਤੀ ਸੀ। ਬਹੁਤਿਆਂ ਨੇ ਕੱਛੇ ਪਾਏ ਹੋਏ ਸਨ ਜਿਹੜੇ ਮੈਲ ਨਾਲ ਭਰੇ ਹੋਏ ਸਨ। ਕੰਬਲਾਂ ਵਿਚ ਮੋਰੀਆਂ ਅਤੇ ਜੁੱਲੀਆਂ



ਉਪਰ ਥਾਂ-ਥਾਂ ਟਾਕੀਆਂ ਸਨ। ਇਹ ਵੀ ਤੇਲੀ ਨੇ ਕੋਹਲੂ ਨਾਲ ਪੂੰਝ ਕੇ ਸੁੱਟੇ ਜਾਪਦੇ ਸਨ।

ਅਮਰੂ ਨੂੰ ਬੰਦਿਆਂ ਤੋਂ ਗਲਿਆਨੀ ਆ ਰਹੀ ਸੀ। ਉਹਨਾਂ ਹੱਥੋਂ ਰੋਟੀ ਲੈ ਕੇ ਖਾਣ ਬਾਰੇ ਉਹ ਸੋਚ ਵੀ ਨਹੀਂ ਸੀ ਸਕਦਾ।

ਸਵੇਰੇ ਮੂਤ ਵਰਗੀ ਚਾਹ ਆਈ ਸੀ।

ਚਾਹ ਅਤੇ ਬੀੜੀ ਪੀਤੇ ਬਿਨਾਂ ਅਮਰੂ ਨੂੰ ਹਾਜਤ ਨਹੀਂ ਸੀ ਹੁੰਦੀ। ਚਾਹ ਦਾ ਅਮਲ ਮਿਟਾਉਣਾ ਜ਼ਰੂਰੀ ਸੀ।

ਅਮਰੂ ਅਗੇ ਫੇਰ ਸਮੱਸਿਆ ਆ ਖੜੋਤੀ। ਕੱਲ੍ਹ ਲਾਭ ਸਿੰਘ ਨੇ ਉਸ ਨੂੰ ਬਰਤਨ ਨਹੀਂ ਸਨ ਦਿੱਤੇ। ਨਾਲ ਦੇ ਕੈਦੀਆਂ ਦੇ ਬਰਤਨ ਵਰਤਣ ਨੂੰ ਉਸ ਦਾ ਜੀਅ ਨਾ ਕੀਤਾ। ਉਸ ਨੂੰ ਬਿਨਾਂ ਚਾਹ ਪੀਤਿਆਂ ਹੀ ਸਾਰਨਾ ਪਿਆ ਸੀ।

ਬੀੜੀ ਪੀਣ ਦੀ ਜੇਲ੍ਹ ਵਿਚ ਮਨਾਹੀ ਨਹੀਂ ਸੀ। ਖ਼ੁਸ਼ਕਿਸਮਤੀ ਨਾਲ ਅਮਰੂ ਦਾ ਬੀੜੀਆਂ ਦਾ ਬੰਡਲ ਜ਼ਬਤ ਹੋਣੋਂ ਬਚ ਗਿਆ ਸੀ। ਦੋ ਬੀੜੀਆਂ ਪੀਣ ਦੀ ਅਯਾਸ਼ੀ ਉਸ ਨੇ ਬੰਦੀ ਖੁੱਲ੍ਹਦਿਆਂ ਹੀ ਕਰ ਲਈ, ਇਕ ਹੋਰ ਬੀੜੀ ਪੀ ਕੇ ਚਾਹ ਦਾ ਘਾਟਾ ਪੂਰਾ ਕਰ ਲਿਆ।

ਪਰ ਜਿਉਂ ਹੀ ਹਾਜਤ ਮਿਟਾਉਣ ਲਈ ਪਖ਼ਾਨੇ ਗਿਆ, ਉਸ ਦੀ ਟੱਟੀ ਉਪਰ ਚੜ੍ਹ ਗਈ। ਪਖ਼ਾਨੇ ਵਿਚ ਬਣੀਆਂ ਫ਼ਲੱਸ਼ ਦੀਆਂ ਟੱਟੀਆਂ ਉਪਰ ਤਕ ਗੰਦਗੀ ਨਾਲ ਭਰੀਆਂ ਪਈਆਂ ਸਨ। ਪਿਸ਼ਾਬ ਜਾਂ ਪਾਣੀ ਕਾਰਨ ਗੰਦਗੀ ਪਤਲੀ ਹੋ ਕੇ ਦਰਵਾਜ਼ਾ ਲੰਘ ਕੇ ਰਸਤੇ ਤਕ ਪੁੱਜੀ ਹੋਈ ਸੀ। ਬਿਨਾਂ ਜੁੱਤੀ ਖ਼ਰਾਬ ਕਰੇ ਕੋਈ ਸੀਟ ਤਕ ਨਹੀਂ ਸੀ ਪੁੱਜ ਸਕਦਾ। ਬਿਨਾਂ ਕੱਪੜਾ ਲੀੜਾ ਲਬੇੜੇ ਕੋਈ ਸੀਟ 'ਤੇ ਨਹੀਂ ਸੀ ਬੈਠ ਸਕਦਾ। ਅਗਾਂਹ ਟੂਟੀ ਵਿਚ ਪਾਣੀ ਨਹੀਂ ਸੀ। ਪਿੱਠ ਕਿਵੇਂ ਸਾਫ਼ ਕਰੇਗਾ ? ਫ਼ਲੱਸ਼ ਦੇ ਬਾਹਰ ਹੱਥ ਸਾਫ਼ ਕਰਨ ਵਾਲੀ ਟੂਟੀ ਸੁੱਕੀ ਪਈ ਸੀ। ਕਈ ਕੈਦੀਆਂ ਨੇ ਪਾਣੀ ਕੱਢਣ ਲਈ ਟੂਟੀਆਂ ਨਾਲ ਸੰਘਰਸ਼ ਕੀਤਾ ਜਾਪਦਾ ਸੀ। ਹੱਥ ਵਿਚ ਲੱਗੀ ਗੰਦਗੀ ਨੇ ਟੂਟੀਆਂ ਲਬੇੜ ਦਿੱਤੀਆਂ ਸਨ। ਨਹਾਉਣ ਲਈ ਬਣੇ ਗੁਸਲਖ਼ਾਨੇ ਦਾ ਇਹੋ ਹਾਲ ਸੀ। ਕਈ ਕਾਹਲਿਆਂ ਨੇ ਇਹਨਾਂ ਨੂੰ ਗੰਦਾ ਕਰ ਦਿੱਤਾ ਸੀ।

ਸਿਰ 'ਤੇ ਬੰਨ੍ਹੇ ਪਰਨੇ ਨੂੰ ਸਿਰੋਂ ਲਾਹ ਕੇ ਉਸ ਨਾਲ ਮੂੰਹ ਸਿਰ ਲਪੇਟ ਕੇ ਅਮਰੂ ਨੇ ਹਾਜਤ ਮਿਟਾਉਣ ਦਾ ਯਤਨ ਕੀਤਾ ਸੀ, ਪਰ ਉਸ ਨੂੰ ਕਾਮਯਾਬੀ ਨਹੀਂ ਸੀ ਮਿਲੀ।

ਪੇਟ ਭਾਰਾ ਹੋਣ ਕਾਰਨ ਭੁੱਖ ਨਹੀਂ ਸੀ ਚਮਕੀ। ਫੇਰ ਵੀ ਸਵੇਰ ਦੇ ਲੰਗਰ ਸਮੇਂ ਮਿਲੀਆਂ ਦੋ ਰੋਟੀਆਂ ਉਸ ਨੇ ਹੱਥਾਂ ਉਪਰ ਬੋਚ ਲਈਆਂ ਸਨ। ਇਕ ਰੋਟੀ ਨੂੰ ਮਰੋੜ ਕੇ ਉਸ ਦੀ ਕੌਲੀ ਬਣਾ ਕੇ ਵਿਚ ਦਾਲ ਪਵਾ ਲਈ ਸੀ। ਪਾਣੀ ਵਰਗੀ ਦਾਲ ਬੁਰਕੀ ਲਬੇੜਨ ਤੋਂ ਪਹਿਲਾਂ ਹੀ ਰੋਟੀ ਵਿਚੋਂ ਖਿਸਕ ਕੇ ਜ਼ਮੀਨ ਉਪਰ ਜਾ ਪਈ ਸੀ। ਰੋਟੀ ਵਿਚੋਂ ਕੀੜੇ ਮਾਰ ਦਵਾਈਆਂ ਦੀ ਸੜ੍ਹਿਆਂਦ ਆ ਰਹੀ ਸੀ। ਦੋ ਬੁਰਕੀਆਂ ਖਾ ਕੇ ਉਸ ਦੀ ਬੱਸ ਹੋ ਗਈ। ਬਾਕੀ ਡੇਢ ਰੋਟੀ ਨਾਲ ਦੇ ਕੈਦੀ ਦੇ ਬਾਟੇ ਵਿਚ ਪਾ ਕੇ ਉਹ ਉੱਠ ਖੜੋਤਾ ਸੀ।

ਉਦੋਂ ਤੋਂ ਲੈ ਕੇ ਹੁਣ ਤਕ ਉਸ ਦੀ ਰੋਟੀ ਵੱਲ ਝਾਕਣ ਦੀ ਰੂਹ ਨਹੀਂ ਸੀ ਕੀਤੀ। ਰੋਟੀ ਦੇਖ ਕੇ ਭੁੱਖ ਚਮਕਣ ਦੀ ਥਾਂ ਬੱਤ ਆਉਣ ਲੱਗਦੇ ਸਨ। ਪੇਟ ਸਾਫ਼ ਨਹੀਂ ਸੀ ਹੋਇਆ। ਪੇਟ ਵਿਚ ਗੈਸ ਭਰ ਗਈ ਸੀ, ਤੋਰਾ ਫੇਰਾ ਨਾ ਹੋਣ ਕਾਰਨ ਗੈਸ ਦਾ ਗੋਲਾ ਬਣਨ ਲੱਗਾ ਸੀ। ਪੇਟ ਵਿਚ ਮੱਠਾ-ਮੱਠਾ ਦਰਦ ਹੋਣ ਲੱਗ ਪਿਆ ਸੀ। ਇਹ ਦਰਦ ਵਧ ਸਕਦਾ ਸੀ।

ਦਵਾਈ ਬੂਟੀ ਦਾ ਇਥੇ ਕੋਈ ਇੰਤਜ਼ਾਮ ਨਹੀਂ ਸੀ, ਜੇ ਦਰਦ ਵਧ ਗਿਆ ਤਾਂ ਕੀ ਬਣੇਗਾ ? ਅਮਰੂ ਨੂੰ ਇਹ ਚਿੰਤਾ ਲੱਗੀ ਹੋਈ ਸੀ।

ਇਸ ਬੈਰਕ ਵਿਚ ਕੈਦੀਆਂ ਦਾ ਮਰਨਾ ਆਮ ਜਿਹੀ ਘਟਨਾ ਸੀ।

ਮੁਨਸ਼ੀ ਨੇ ਦੱਸਿਆ ਸੀ ਕਿ ਪਿਛਲੇ ਹਫ਼ਤੇ ਇਕ ਮੰਗਤਾ ਮਰਿਆ ਸੀ, ਅੱਜ ਭਲਕ ਵਿਚ ਦੂਜੇ ਦੇ ਮਰਨ ਦੀ ਵਾਰੀ ਸੀ।

ਪਹਿਲੇ ਖੱਡੇ 'ਤੇ ਪਿਆ ਕੈਦੀ ਕਈ ਦਿਨਾਂ ਤੋਂ ਬੁਖ਼ਾਰ ਨਾਲ ਤੜਫ ਰਿਹਾ ਸੀ। ਉਸ ਦੇ ਸਾਥੀ ਮੰਗਤੇ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਸਨ। ਕਿਸੇ ਨੇ ਉਸ ਦੀ ਸੁੱਧ ਨਹੀਂ ਸੀ ਲਈ। ਵਣ-ਵਣ ਦੀ ਲੱਕੜੀ ਇਕੱਠੀ ਹੋਈ ਜਾਪਦੀ ਸੀ। ਇਸੇ ਲਈ ਇਹਨਾਂ ਵਿਚ ਕੋਈ ਭਾਈਚਾਰਾ ਨਹੀਂ ਸੀ।

ਮੁਨਸ਼ੀ ਆਪਣੀ ਰਿਪੋਰਟ ਵਿਚ ਉਸ ਕੈਦੀ ਦੀ ਬੀਮਾਰੀ ਦਾ ਜ਼ਿਕਰ ਹਰ ਰੋਜ਼ ਕਰਦਾ ਸੀ, ਪਰ ਡਾਕਟਰ ਨੂੰ ਬੈਰਕ ਦਾ ਦੌਰਾ ਕਰਨ ਦਾ ਵਕਤ ਨਹੀਂ ਸੀ ਮਿਲਿਆ। ਕੱਲ੍ਹ ਇਕ ਚੌਥਾ ਦਰਜਾ ਕਰਮਚਾਰੀ ਆਇਆ ਸੀ। ਉਸ ਨੇ ਕੈਦੀ ਦੀ ਸਿਹਤ ਦੀ ਜਾਂਚ ਕੀਤੀ ਸੀ। ਫੇਰ ਨਤੀਜਾ ਕੱਢਿਆ ਸੀ ਕਿ ਕੈਦੀ ਆਖ਼ਰੀ ਸਾਹ ਗਿਣ ਰਿਹਾ ਸੀ। ਉਸ ਨੂੰ ਹਸਪਤਾਲ ਲਿਜਾਣ ਦਾ ਹੁਣ ਕੋਈ ਫ਼ਾਇਦਾ ਨਹੀਂ ਸੀ। ਉਸ ਨੂੰ ਆਪਣਾ ਆਖ਼ਰੀ ਸਾਹ ਇਸੇ ਬੈਰਕ ਵਿਚ ਲੈਣਾ ਚਾਹੀਦਾ ਸੀ।

ਦੁਪਹਿਰ ਤੋਂ ਉਸ ਕੈਦੀ ਦਾ ਸਰੀਰ ਸ਼ਾਂਤ ਸੀ। ਅਮਰੂ ਤੋਂ ਬਿਨਾਂ ਕਿਸੇ ਨੂੰ ਉਸ ਦੀ ਚਿੰਤਾ ਨਹੀਂ ਸੀ। ਅਮਰੂ ਦਾ ਕਈ ਵਾਰ ਦਿਲ ਕੀਤਾ, ਉਹ ਕੈਦੀ ਦੇ ਮੂੰਹ ਉਪਰੋਂ ਕੱਪੜਾ ਚੁੱਕ ਕੇ ਦੇਖੇ ਕਿ ਉਸ ਦੀ ਕੀ ਹਾਲਤ ਹੈ, ਪਰ ਬਾਕੀਆਂ ਦੇ ਡਰੋਂ ਉਹ ਹਿੰਮਤ ਨਹੀਂ ਸੀ ਜੁਟਾ ਸਕਿਆ।

ਉਸ ਨੂੰ ਪਤਾ ਸੀ, ਕਿਸੇ ਵੀ ਸਮੇਂ ਜੇਲ੍ਹ ਦੀ ਰੇਹੜੀ ਆ ਸਕਦੀ ਸੀ ਅਤੇ ਕੁੱਤੇ ਬਿੱਲੇ ਵਾਂਗ ਉਸ ਨੂੰ ਉਸ ਵਿਚ ਪਾ ਕੇ ਲਿਜਾ ਸਕਦੀ ਸੀ। ਕੰਮ ਦਾ ਸਾਮਾਨ ਜੇਲ੍ਹ ਵਾਲਿਆਂ ਨੇ ਜ਼ਬਤ ਕਰ ਲੈਣਾ ਸੀ, ਬਾਕੀ ਦਾ ਸਾਥੀ ਕੈਦੀਆਂ ਨੇ ਵੰਡ ਲੈਣਾ ਸੀ। ਖ਼ਾਲੀ ਹੋਈ ਥਾਂ ਮੱਲਣ ਲਈ ਖਿੱਚੋਤਾਣ ਹੋਣੀ ਸੀ। ਕਿਸੇ ਜ਼ੋਰਾਵਰ ਨੇ ਉਹ ਥਾਂ ਮੱਲ ਲੈਣੀ ਸੀ ਅਤੇ ਅਮਰੂ ਉਹਨਾਂ ਜ਼ੋਰਾਵਰਾਂ ਵਿਚੋਂ ਨਹੀਂ ਹੈ।

ਮੰਗਤੇ ਦੀ ਮੌਤ ਬਾਅਦ ਵਾਪਰਨ ਵਾਲੇ ਘਟਨਾ-ਚੱਕਰ ਵੱਲੋਂ ਧਿਆਨ ਹਟਾ ਕੇ ਅਮਰੂ ਹਾਕਮ ਸਿੰਘ ਬਾਰੇ ਸੋਚਣ ਲੱਗਾ ।

ਅਮਰੂ ਹਾਕਮ ਨੂੰ ਕੁਝ ਨਹੀਂ ਸੀ ਦੇ ਸਕਦਾ, ਪਰ ਉਸ ਦੀ ਇਕ ਸਮੱਸਿਆ ਹੱਲ ਕਰ ਸਕਦਾ ਸੀ। ਚੌਵੀ ਘੰਟਿਆਂ ਤੋਂ ਅਮਰੂ ਉਸੇ ਸਮੱਸਿਆ ਨਾਲ ਘਿਰਿਆ ਹੋਇਆ ਸੀ।

ਇਕ ਵੀ ਮੰਗਤੇ ਨੂੰ ਪੰਜਾਬੀ ਨਹੀਂ ਸੀ ਆਉਂਦੀ। ਕਿਸੇ ਨੂੰ ਆਉਂਦੀ ਹੋਵੇ ਤਾਂ ਵੀ ਉਹ ਅਮਰੂ ਨਾਲ ਗੱਲ ਕਰਨ ਲਈ ਤਿਆਰ ਨਹੀਂ ਸੀ। ਚੌਵੀ ਘੰਟਿਆਂ ਦੌਰਾਨ ਕੇਵਲ ਤਿੰਨ ਘੰਟੇ ਬੈਰਕ ਖੋਲ੍ਹੀ ਗਈ ਸੀ। ਉਹ ਵੀ ਚਾਹ ਅਤੇ ਲੰਗਰ ਵਰਤਾਉਣ ਲਈ। ਇਹਨਾਂ ਤਿੰਨ ਘੰਟਿਆਂ ਦੌਰਾਨ ਕੁਝ ਮਿੰਟਾਂ ਲਈ ਉਸ ਦੀ ਗੱਲ ਮੁਨਸ਼ੀ ਅਤੇ ਸੰਤਰੀ ਨਾਲ ਹੋਈ ਸੀ। ਉਹਨਾਂ ਨਾਲ ਗੱਲਾਂ ਕਰ ਕੇ ਉਸ ਨੂੰ ਕੁਝ ਰਾਹਤ ਮਹਿਸੂਸ ਹੋਈ ਸੀ। ਨਹੀਂ ਤਾਂ ਸੋਚ-ਸੋਚ ਉਹ ਅੱਧਾ ਪਾਗ਼ਲ ਹੋ ਗਿਆ ਸੀ। ਉਸ ਦਾ ਮਨ ਕਾਹਲਾ ਪੈ ਰਿਹਾ ਸੀ। ਵਾਰ-ਵਾਰ ਉਸ ਦਾ ਮਨ ਜੇਲ੍ਹ ਨੂੰ ਤੋੜ ਕੇ ਭੱਜ ਜਾਣ, ਲਾਭ ਸਿੰਘ ਦੇ ਢਿੱਡ ਵਿਚ ਟੱਕਰ ਮਾਰਨ ਜਾਂ ਫੇਰ ਖੂਹ-ਖਾਤਾ ਗੰਦਾ ਕਰਨ ਲਈ ਕਰਨ ਲੱਗਦਾ ਸੀ। ਪਹਿਲਾਂ ਅਮਰੂ ਨੇ ਕਦੇ ਆਪਣੇ ਆਪ ਨੂੰ ਏਨਾ ਕਮਜ਼ੋਰ ਮਹਿਸੂਸ ਨਹੀਂ ਸੀ ਕੀਤਾ। ਇਹਨਾਂ ਚੌਵੀ ਘੰਟਿਆਂ ਵਿਚਕਾਰ ਪਤਾ ਨਹੀਂ ਉਸ ਨੂੰ ਕੀ ਹੋ ਗਿਆ ਸੀ ? ਉਹ ਕੋਈ ਵੀ ਪੁੱਠਾ-ਸਿੱਧਾ ਕੰਮ ਕਰ ਸਕਦਾ ਸੀ।

ਆਪਣੀ ਹੱਡ-ਬੀਤੀ ਸੁਣਾ-ਸੁਣਾ ਕੇ ਉਹ ਹਾਕਮ ਸਿੰਘ ਨੂੰ ਬੋਰ ਨਹੀਂ ਹੋਣ ਦੇਵੇਗਾ। ਵਕੀਲ



ਦੀਆਂ ਗੱਲਾਂ ਸੁਣ ਕੇ ਉਸ ਦਾ ਮਨ ਵੀ ਪਰਚਿਆ ਰਹੇਗਾ।

ਦੇਣ ਜੋਗਾ ਕੁਝ ਲੱਭ ਪੈਣ 'ਤੇ ਖ਼ੁਸ਼ ਹੋਏ ਅਮਰੂ ਨੇ ਨਵੇਂ ਸਾਥੀ ਦਾ ਬਾਹਾਂ ਅੱਡ ਕੇ ਸਵਾਗਤ ਕੀਤਾ।

ਹਾਕਮ ਸਿੰਘ ਨਾਲੇ ਅਮਰੂ ਦੀਆਂ ਗੱਲ ਸੁਣ ਰਿਹਾ ਸੀ, ਨਾਲੇ ਬਾਦਸ਼ਾਹਾਂ ਅਤੇ ਉਹਨਾਂ ਦੀ ਬੈਰਕ ਦਾ ਜਾਇਜ਼ਾ ਲੈ ਰਿਹਾ ਸੀ।

ਜੇਲ੍ਹ ਅਧਿਕਾਰੀਆਂ ਨੇ ਬਾਦਸ਼ਾਹਾਂ ਨੂੰ ਇਕ ਸਹੂਲਤ ਦਿਲ ਖੋਲ੍ਹ ਕੇ ਦਿੱਤੀ ਸੀ। ਆਪਣਾ ਸਾਰਾ ਬੋਰੀਆ-ਬਿਸਤਰਾ ਅੰਦਰ ਲਿਆਉਣ ਦੀ ਉਹਨਾਂ ਨੂੰ ਇਜਾਜ਼ਤ ਮਿਲ ਗਈ ਸੀ। ਮੰਗਤਿਆਂ ਨੂੰ ਆਪਣੇ ਸਾਮਾਨ ਦੇ ਚੋਰੀ ਹੋਣ ਦਾ ਡਰ ਲੱਗਾ ਹੋਇਆ ਸੀ। ਉਹ ਝੋਲੇ, ਬੋਰੇ ਅਤੇ ਗੱਠੜੀਆਂ ਆਪਣੀ ਹਿੱਕ ਨਾਲ ਲਾਈ ਬੈਠੇ ਸਨ। ਜਿਨ੍ਹਾਂ ਨੇ ਆਪਣਾ ਸਾਮਾਨ ਅਲਮਾਰੀਆਂ ਦੀਆਂ ਸੈਲਫ਼ਾਂ ਵਿਚ ਰੱਖਿਆ ਹੋਇਆ ਸੀ, ਉਹਨਾਂ ਦਾ ਧਿਆਨ ਵੀ ਸੈਲਫ਼ਾਂ ਉਪਰ ਹੀ ਟਿਕਿਆ ਹੋਇਆ ਸੀ।

"ਲਾਭ ਸਿੰਘ ਨੇ ਸਾਡੇ ਨਾਲ ਧੱਕਾ ਕੀਤਾ ਹੈ। ਉਸ ਨੇ ਜਾਣ-ਬੁਝ ਕੇ ਸਾਨੂੰ ਇਹਨਾਂ ਕੁੱਤਿਆਂ-ਬਿੱਲਿਆਂ ਨਾਲੋਂ ਭੈੜੇ ਜਾਨਵਰਾਂ ਵਿਚ ਸੁੱਟਿਆ ਹੈ।"

ਲਾਭ ਸਿੰਘ ਦੇ ਨਾਲ-ਨਾਲ ਮੰਗਤਿਆਂ ਪ੍ਰਤੀ ਆਪਣੇ ਮਨ ਵਿਚ ਪੈਦਾ ਹੋਈ ਨਫ਼ਰਤ ਨੂੰ ਅਮਰੂ ਨੇ ਬਾਹਰ ਉਗਲਿਆ।

"ਕਾਨੂੰਨ ਨੇ ਤੈਨੂੰ ਵੀ ਮੁਜਰਮ ਠਹਿਰਾਇਆ ਹੈ ਅਤੇ ਇਹਨਾਂ ਗ਼ਰੀਬ-ਗੁਰਬਿਆਂ ਨੂੰ ਵੀ। ਮੇਰੀ ਨਜ਼ਰ 'ਚ ਨਾ ਤੂੰ ਮੁਜਰਮ ਹੈਂ, ਨਾ ਇਹ ਮਜਬੂਰ ਲੋਕ। ਸਰਕਾਰ ਠੇਕਿਆਂ 'ਤੇ ਸ਼ਰਾਬ ਵੇਚਦੀ ਹੈ। ਜੇ ਚੁੱਲ੍ਹਾ ਮਘਦਾ ਰੱਖਣ ਲਈ ਤੂੰ ਚਾਰ ਬੋਤਲਾਂ ਕੱਢ ਕੇ ਵੇਚ ਦਿੱਤੀਆਂ ਤਾਂ ਕਿਹੜਾ ਅਸਮਾਨ ਗਿਰ ਗਿਆ ? ਜੇ ਇਹ ਨਰਕ ਦੇ ਕੀੜਿਆਂ ਨਾਲੋਂ ਵੀ ਭੈੜੀ ਜ਼ਿੰਦਗੀ ਜੀਅ ਰਹੇ ਹਨ ਅਤੇ ਜੇ ਇਹਨਾਂ ਨੂੰ ਢਿੱਡ ਭਰਨ ਲਈ ਮੰਗਣਾ ਪੈ ਰਿਹਾ ਹੈ ਤਾਂ ਇਸ ਦੇ ਜ਼ਿੰਮੇਵਾਰ ਇਹ ਨਹੀਂ ਹਨ, ਕੋਈ ਹੋਰ ਹੈ। ਉਹ ਕੌਣ ਹੈ ? ਆ ਤੈਨੂੰ ਸਮਝਾਵਾਂ।"

ਹਾਕਮ ਸਿੰਘ ਅਮਰੂ ਦਾ ਮਾਨਸਿਕ ਕਸ਼ਟ ਹਰਨਾ ਚਾਹੁੰਦਾ ਸੀ। ਉਸ ਤੋਂ ਪਹਿਲਾਂ ਉਸ ਨੂੰ ਸਰੀਰਕ ਕਸ਼ਟ ਤੋਂ ਛੁਟਕਾਰਾ ਦਿਵਾਉਣਾ ਜ਼ਰੂਰੀ ਸੀ।

ਇਸ ਲਈ ਹਾਕਮ ਸਿੰਘ ਕਿਸੇ ਅਜਿਹੀ ਥਾਂ ਦੀ ਤਲਾਸ਼ ਵਿਚ ਸੀ, ਜਿਥੇ ਬੈਠ ਕੇ ਸੁਸਤਾ ਸਕੇ।

ਜੇਲ੍ਹ ਦੀਆਂ ਮੋਟੀਆਂ ਚੌੜੀਆਂ ਕੰਧਾਂ ਵਿਚ ਕੁਝ ਅਲਮਾਰੀਆਂ ਬਣੀਆਂ ਹੋਈਆਂ ਸਨ। ਉਹਨਾਂ ਵਿਚ ਖੁੱਲ੍ਹੀਆਂ-ਡੁੱਲ੍ਹੀਆਂ ਸੈਲਫ਼ਾਂ ਸਨ। ਇਹ ਸੈਲਫ਼ਾਂ ਮੰਗਤਿਆਂ ਦੇ ਸਮਾਨ ਨਾਲ ਭਰੀਆਂ ਹੋਈਆਂ ਸਨ। ਸਮਾਨ ਨੂੰ ਇਕ ਸੈਲਫ਼ ਉਪਰ ਕਰ ਕੇ ਦੂਜੀ ਨੂੰ ਬੈਠਣ-ਪੈਣ ਲਈ ਵਰਤਿਆ ਜਾ ਸਕਦਾ ਸੀ।

ਹਾਕਮ ਨੇ ਇਕ ਸੈਲਫ਼ ਦਾ ਸਾਮਾਨ ਚੁੱਕ ਕੇ ਦੂਸਰੀ ਉਪਰ ਕੀਤਾ ਅਤੇ ਖ਼ਾਲੀ ਹੋਈ ਸੈਲਫ਼ ਵਿਚ ਦਬੁਕੜੀ ਮਾਰ ਕੇ ਬੈਠ ਗਿਆ।

ਅਮਰੂ ਨੂੰ ਆਪਣੇ ਬੁੱਧੂਪੁਣੇ ਦਾ ਅਹਿਸਾਸ ਹੋਇਆ। ਸਾਰੀ ਰਾਤ ਉਹ ਵਾਧੂ ਵਿਚ ਲੱਤਾਂ ਤੁੜਵਾਈ ਗਿਆ। ਇਹ ਹੱਲ ਉਸ ਨੂੰ ਕਿਉਂ ਨਾ ਸੁੱਝਾ ?

ਵਕੀਲਾਂ ਦੀ ਅਕਲ ਦੀ ਦਾਦ ਦਿੰਦਾ ਉਹ ਟਪੂਸੀ ਮਾਰ ਕੇ ਉਸ ਦੇ ਬਰਾਬਰ ਜਾ ਬੈਠਾ।

ਵਕੀਲ ਕੋਈ ਕੰਮ ਦੀ ਗੱਲ ਦੱਸੇਗਾ, ਉਸ ਨੂੰ ਪੂਰਾ ਯਕੀਨ ਸੀ।

# 10

ਪੰਜ ਵਜੇ ਛੁੱਟੀ ਕਰ ਕੇ ਘਰ ਪੁੱਜਦਿਆਂ ਹੀ ਯਾਰਾਂ-ਦੋਸਤਾਂ ਅਤੇ ਰਿਸ਼ਤੇਦਾਰਾਂ ਦੇ ਫ਼ੋਨ ਖੜਕਣ ਲੱਗੇ। ਉਹਨਾਂ ਦੀ ਜਾਣ-ਪਹਿਚਾਣ ਵਾਲਾ ਸੇਠ ਸੁਭਾਸ਼ ਜੈਨ ਹੁਣੇ ਜੇਲ੍ਹ ਪੁੱਜਾ ਸੀ। ਜੈਨ ਨੂੰ ਵੀਹ ਬੀਮਾਰੀਆਂ ਸਨ। ਜੇ ਸਮੇਂ ਸਿਰ ਉਸ ਨੂੰ ਡਾਕਟਰੀ ਸਹਾਇਤਾ ਨਾ ਮਿਲੀ ਤਾਂ ਕੱਲ੍ਹ ਦਾ ਸੂਰਜ ਚੜ੍ਹਨ ਤਕ ਉਸ ਨੇ ਸਵਰਗ ਸਿਧਾਰ ਜਾਣਾ ਸੀ।

ਡਾਕਟਰ ਥੱਕਾ-ਟੁੱਟਾ ਘਰ ਪੁੱਜਾ ਸੀ। ਉਸ ਨੂੰ ਕੁਝ ਦੇਰ ਆਰਾਮ ਚਾਹੀਦਾ ਸੀ। ਫ਼ੋਨ ਬੰਦ ਕਰ ਕੇ ਉਹ ਲੇਟਿਆ ਹੀ ਸੀ ਕਿ ਬਾਹਰੋਂ ਕਿਸੇ ਨੇ ਘੰਟੀ ਖੜਕਾ ਦਿੱਤੀ।

ਮਿਲਣ ਆਇਆ ਜੇਲ੍ਹ ਮੰਤਰੀ ਦਾ ਸਾਲਾ ਸੀ। ਸਾਲਾ ਸਿਫ਼ਾਰਸ਼ ਸੁੱਕੀ ਨਹੀਂ ਸੀ ਲਿਆਇਆ। ਫ਼ਲਾਂ ਦੇ ਟੋਕਰੇ ਦੇ ਨਾਲ-ਨਾਲ ਨੋਟਾਂ ਵਾਲਾ ਲਿਫ਼ਾਫ਼ਾ ਵੀ ਲਿਆਇਆ ਸੀ। ਡਾਕਟਰ ਵਿਚ ਜੇਲ੍ਹ ਮੰਤਰੀ ਨੂੰ ਨਾਂਹ ਆਖਣ ਦੀ ਹਿੰਮਤ ਨਹੀਂ ਸੀ। ਫੇਰ ਉਹ ਸਭ ਕੁਝ ਆਇਆ ਸੀ, ਜਿਸ ਦੀ ਉਸ ਨੂੰ ਤਵੱਕੋ ਸੀ।

ਮਜਬੂਰਨ ਡਾਕਟਰ ਨੂੰ ਓਹਨੀਂ ਪੈਰੀਂ ਹਸਪਤਾਲ ਮੁੜਨਾ ਪਿਆ ਸੀ।

ਅੰਦਰ ਲਿਫ਼ਾਫ਼ਾ ਸੰਭਾਲਣ ਗਏ ਡਾਕਟਰ ਨੇ ਲਿਫ਼ਾਫ਼ੇ ਅੰਦਰ ਝਾਤ ਮਾਰ ਲਈ ਸੀ। ਸੌ-ਸੌ ਦੇ ਨੋਟ ਸਨ। ਕੁਝ ਪੰਜ-ਪੰਜ ਸੌ ਦੇ ਵੀ ਸਨ। ਰਕਮ ਤਸੱਲੀ-ਬਖ਼ਸ਼ ਸੀ। ਇਸ ਲਈ ਡਿਊਟੀ ’ਤੇ ਮੁੜਨਾ ਉਸ ਨੂੰ ਬਹੁਤਾ ਅਸੁਖਾਵਾਂ ਨਹੀਂ ਸੀ ਲੱਗਾ।

ਜੇਲ੍ਹ ਹਸਪਤਾਲ ਵੀਹ ਬਿਸਤਰਿਆਂ ਦਾ ਸੀ। ਕੈਦੀਆਂ ਦੀ ਗਿਣਤੀ ਪੰਦਰਾਂ ਸੌ ਦੇ ਕਰੀਬ ਰਹਿੰਦੀ ਸੀ। ਮਾਨਸਿਕ ਤਨਾਅ ਕਾਰਨ ਅੱਧਿਆਂ ਨਾਲੋਂ ਵੱਧ ਕੈਦੀ ਹਰ ਸਮੇਂ ਬੀਮਾਰ ਰਹਿੰਦੇ ਸਨ। ਡਾਕਟਰ ਨੇ ਸੈਂਕੜੇ ਵਾਰ ਹਸਪਤਾਲ ਨੂੰ ਪੰਜਾਹ ਬਿਸਤਰਿਆਂ ਦਾ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਹਰ ਵਾਰ ਉਸ ਦੀ ਸਿਫ਼ਾਰਸ਼ ਰੱਦ ਹੋ ਜਾਂਦੀ ਸੀ। ਸਰਕਾਰ ਕੋਲ ਸ਼ਹਿਰਾਂ ਵਿਚ ਇੱਡੇ ਵੱਡੇ ਹਸਪਤਾਲ ਖੋਲ੍ਹਣ ਦੀ ਸਮਰੱਥਾ ਨਹੀਂ। ਕੈਦੀਆਂ ਨੂੰ ਇੰਨੀਆਂ ਸਹੂਲਤਾਂ ਦੇ ਕੇ ਜੇਲ੍ਹ ਮੰਤਰੀ ਆਪਣੀ ਬਦਨਾਮੀ ਨਹੀਂ ਸੀ ਕਰਾ ਸਕਦਾ।

ਹਸਪਤਾਲ ਦੋ ਮੰਜ਼ਲਾ ਸੀ। ਦੋਹਾਂ ਮੰਜ਼ਲਾਂ ਉਪਰ ਮਰੀਜ਼ਾਂ ਲਈ ਇਕ-ਇਕ ਵਾਰਡ ਸੀ। ਡਾਕਟਰ ਨੇ ਹਸਪਤਾਲ ਦੇ ਪ੍ਰਬੰਧ ਵਿਚ ਲੋੜ ਅਨੁਸਾਰ ਤਬਦੀਲੀ ਕਰ ਲਈ ਸੀ। ਹੇਠਲੇ ਵਾਰਡ ਵਿਚ ਪੰਦਰਾਂ ਬਿਸਤਰੇ ਸਨ। ਇਥੇ ਉਹ ਕੈਦੀ ਪੈਂਦੇ ਸਨ ਜੋ ਸੱਚਮੁੱਚ ਗੰਭੀਰ ਰੂਪ ਵਿਚ ਬੀਮਾਰ ਹੁੰਦੇ ਸਨ। ਡਾਕਟਰ ਬਾਕੀ ਮਰੀਜ਼ਾਂ ਨੂੰ ਹੇਠਲੀ ਮੰਜ਼ਲ ਉੱਪਰ ਦੇਖਦਾ ਸੀ। ਆਪ੍ਰੇਸ਼ਨ ਥੀਏਟਰ ਵੀ ਇਥੇ ਸੀ ਅਤੇ ਦਵਾਖ਼ਾਨਾ ਵੀ।

ਉਪਰਲੀ ਮੰਜ਼ਲ ਵਾਲੇ ਵਾਰਡ ਵਿਚ ਕੇਵਲ ਪੰਜ ਬਿਸਤਰੇ ਸਨ। ਇਥੇ ਵੀ.ਆਈ.ਪੀ. ਕੈਦੀ ਪੈਂਦੇ ਸਨ। ਪਹਿਲੀ ਮੰਜ਼ਿਲ ’ਤੇ ਹੋਣ ਕਾਰਨ ਇਹ ਵਾਰਡ ਸਾਫ਼-ਸੁਥਰਾ ਸੀ ਅਤੇ ਹਵਾਦਾਰ ਵੀ। ਵਾਰਡ ਵਿਚ ਟੀ.ਵੀ. ਲੱਗਾ ਸੀ ਅਤੇ ਕੂਲਰ ਵੀ। ਦਵਾਈਆਂ ਰੱਖਣ ਲਈ ਸਰਕਾਰ ਵੱਲੋਂ



ਮਿਲਿਆ ਫ਼ਰਿੱਜ ਇਸੇ ਮੰਜ਼ਿਲ ਉਪਰ ਸੀ। ਬੀਮਾਰਾਂ ਲਈ ਦੁੱਧ, ਆਂਡੇ, ਨਿੰਬੂ ਅਤੇ ਡਬਲ ਰੋਟੀ ਦਾ ਪ੍ਰਬੰਧ ਸਰਕਾਰ ਵੱਲੋਂ ਹੁੰਦਾ ਸੀ। ਡਾਕਟਰ ਦੀ ਸਿਫ਼ਾਰਸ਼ ’ਤੇ ਵਿਸ਼ੇਸ਼ ਤਰ੍ਹਾਂ ਦਾ ਭੋਜਨ ਬਾਹਰੋਂ ਮੰਗਵਾਇਆ ਜਾ ਸਕਦਾ ਸੀ। ਇਹਨਾਂ ਮਰੀਜ਼ਾਂ ਨੂੰ ਖ਼ੁਸ਼ ਰੱਖਣ ਲਈ ਡਾਕਟਰ ਆਪਣੇ ਅਧਿਕਾਰਾਂ ਦੀ ਖੁੱਲ੍ਹ ਕੇ ਵਰਤੋਂ ਕਰਦਾ ਸੀ। ਕਈ ਵਾਰ ਹੇਠਲੇ ਵਾਰਡ ਵਿਚ ਦਾਖ਼ਲ ਮਰੀਜ਼ਾਂ ਲਈ ਆਇਆ ਵਿਸ਼ੇਸ਼ ਰਾਸ਼ਨ ਵੀ ਉਪਰ ਪੁੱਜ ਜਾਂਦਾ ਸੀ।

ਅਨਾਰ ਇਕ ਸੀ ਅਤੇ ਬੀਮਾਰ ਸੌ। ਹਰ ਕੈਦੀ ਇਸ ਵਾਰਡ ਵਿਚ ਦਾਖ਼ਲ ਹੋਣ ਲਈ ਤਾਂਘਦਾ ਸੀ। ਕਿਸੇ ਪਹਿਲੇ ਮਰੀਜ਼ ਨੂੰ ਛੁੱਟੀ ਕਰਨ ਬਾਅਦ ਨਵੇਂ ਮਰੀਜ਼ ਨੂੰ ਭਰਤੀ ਕੀਤਾ ਜਾ ਸਕਦਾ ਸੀ। ਬੀਮਾਰ ਇਥੇ ਕੋਈ ਹੈ ਨਹੀਂ ਸੀ। ਛੁੱਟੀ ਕੀਤੀ ਜਾਵੇ ਤਾਂ ਕਿਸ ਨੂੰ ? ਇਹੋ ਸਮੱਸਿਆ ਸੁਲਝਾਉਣ ਲਈ ਉਹ ਪਹਿਲਾਂ ਹਸਪਤਾਲ ਆਇਆ ਸੀ।

ਜੈਨ ਲਈ ਕਿਹੜਾ ਬੈੱਡ ਖ਼ਾਲੀ ਕਰਵਾਏ ? ਡਾਕਟਰ ਇਹੋ ਸੋਚ ਰਿਹਾ ਸੀ। ਨੰਬਰ ਇਕ ਗੁਰਨਾਮ ਸਿੰਘ ਨੇ ਮੱਲਿਆ ਹੋਇਆ ਸੀ। ਉਹ ਦੋ ਮਹੀਨਿਆਂ ਪਿੱਛੋਂ ਇਕ ਹਫ਼ਤੇ ਲਈ ਜੇਲ੍ਹ ਆਉਂਦਾ ਸੀ ਆਪਣੇ ਕਾਰੋਬਾਰ ਦਾ ਹਿਸਾਬ ਕਰਨ। ਪੰਦਰਾਂ ਸੌ ਵਿਚੋਂ ਤੇਰਾਂ ਸੌ ਕੈਦੀ ਕਿਸੇ ਨਾ ਕਿਸੇ ਨਸ਼ੇ ’ਚ ਲੱਗੇ ਹੋਏ ਸਨ। ਸੁੱਖੇ ਤੋਂ ਲੈ ਕੇ ਸਮੈਕ ਤੱਕ। ਗੁਰਨਾਮ ਸਿੰਘ ਹਰ ਤਰ੍ਹਾਂ ਦਾ ਨਸ਼ਾ ਜੇਲ੍ਹ ’ਚ ਪਹੁੰਚਾਉਂਦਾ ਸੀ। ਕੰਟੀਨ ਤੋਂ ਲੈ ਕੇ ਜ਼ਨਾਨਾ ਵਾਰਡ ਤਕ ਉਸ ਦਾ ਮਾਲ ਵਿਕਦਾ ਸੀ। ਨਸ਼ਾ ਕਿਸੇ ਹੋਰ ਪਾਸਿਉਂ ਆ ਜਾਵੇ ਤਾਂ ਬੈਰਕ ਵਿਚ ਦੰਗਾ ਹੋ ਜਾਂਦਾ ਸੀ। ਗੁਰਨਾਮ ਦੇ ਕਰਿੰਦਿਆਂ ਨੇ ਕਈ ਵਾਰ ਅਜਿਹੇ ਕੈਦੀਆਂ ਨੂੰ ਕੁੱਟ ਧਰਿਆ ਸੀ, ਜਿਹੜੇ ਪੇਸ਼ੀ ਭੁਗਤਣ ਗਏ ਲੋੜ ਤੋਂ ਵੱਧ ਨਸ਼ਾ ਲੈ ਕੇ ਆਏ ਸਨ ਅਤੇ ਜੇਲ੍ਹ ਆ ਕੇ ਸਸਤੇ ਭਾਅ ਵੇਚਣ ਦੀ ਹਿੰਮਤ ਕਰ ਬੈਠੇ ਸਨ। ਜੱਜਾਂ ਨਾਲ ਉਸ ਨੇ ਪਤਾ ਨਹੀਂ ਕੀ ਅੱਟੀ-ਸੱਟੀ ਲਾਈ ਹੋਈ ਸੀ। ਜਦੋਂ ਦਿਲ ਕਰਦਾ ਹੈ ਜੇਲ੍ਹ ਆ ਜਾਂਦਾ ਸੀ, ਜਦੋਂ ਦਿਲ ਕਰਦਾ ਸੀ ਬਾਹਰ ਚਲਾ ਜਾਂਦਾ ਹੈ। ਇਸ ਵਾਰ ਅਦਾਲਤ ਵਿਚ ਗਵਾਹੀ ਦੇਣ ਗਏ ਡਾਕਟਰ ਨੇ ਇਸ ਦਾ ਭੇਤ ਕੱਢਿਆ ਸੀ। ਉਸ ਨੇ ਜੂਏ, ਸੱਟੇ ਵਰਗੇ ਦੋ-ਤਿੰਨ ਛੋਟੇ-ਛੋਟੇ ਕੇਸ ਆਪਣੇ ਉਪਰ ਬਣਵਾ ਰੱਖੇ ਸਨ। ਇਹਨਾਂ ਦੇ ਫ਼ੈਸਲੇ ਉਹ ਜਾਣ-ਬੁਝ ਕੇ ਲਟਕਾਉਂਦਾ ਰਹਿੰਦਾ ਸੀ। ਜਦੋਂ ਜੇਲ੍ਹ ਆਉਣਾ ਹੁੰਦਾ, ਆਪਣੇ ਜ਼ਮਾਨਤੀਏ ਨੂੰ ਬੁਲਾਉਂਦਾ, ਆਪਣੀ ਜ਼ਮਾਨਤ ਵਾਪਸ ਲੈਣ ਦੀ ਦਰਖ਼ਾਸਤ ਦਿਵਾਉਂਦਾ ਸੀ। ਨਵੇਂ ਜ਼ਾਮਨ ਦਾ ਇੰਤਜ਼ਾਮ ਹੋਣ ਤਕ ਜੱਜ ਉਸ ਨੂੰ ਜੇਲ੍ਹ ਭੇਜ ਦਿੰਦਾ ਸੀ। ਜਦੋਂ ਬਾਹਰ ਆਉਣਾ ਹੁੰਦਾ ਸੀ, ਗੁਰਨਾਮ ਨਵੀਂ ਜ਼ਮਾਨਤ ਭਰ ਦਿੰਦਾ ਸੀ। ਗੁਰਨਾਮ ਕੋਲ ਇਕ ਹੋਰ ਗਿੱਦੜਸਿੰਗੀ ਵੀ ਸੀ। ਉਸ ਨੇ ਡਾਕਟਰ ਕੋਲੋਂ ਦਿਲ ਦਾ ਰੋਗੀ ਹੋਣ ਦਾ ਸਰਟੀਫ਼ਿਕੇਟ ਬਣਵਾ ਰੱਖਿਆ ਸੀ। ਉਸ ਸਰਟੀਫ਼ਿਕੇਟ ਦੇ ਆਧਾਰ ’ਤੇ ਜੱਜ ਵਾਰੰਟ ਦੇ ਨਾਲ ਇਕ ਹੋਰ ਹੁਕਮ ਨੱਥੀ ਕਰ ਦਿੰਦਾ ਸੀ। ਹਵਾਲਾਤੀ ਦੀ ਬੀਮਾਰੀ ਨੂੰ ਧਿਆਨ ਵਿਚ ਰੱਖਦਿਆਂ ਉਸ ਨੂੰ ਹਸਪਤਾਲ ਵਿਚ ਜ਼ੇਰੇ-ਇਲਾਜ ਰੱਖਿਆ ਜਾਵੇ।

ਪਿਛਲੇ ਅੱਠਾਂ ਸਾਲਾਂ ਤੋਂ ਗੁਰਨਾਮ ਇੰਜ ਹੀ ਕਰਦਾ ਆ ਰਿਹਾ ਸੀ। ਉਹਦੇ ਹੁੰਦਿਆਂ ਕਿਸੇ ਹੋਰ ਦੀ ਬੀੜੀ ਤਕ ਵੇਚਣ ਦੀ ਹਿੰਮਤ ਨਹੀਂ ਸੀ ਪੈਂਦੀ। ਜੇਲ੍ਹ ਸੁਪਰਡੈਂਟ ਜਿੰਨਾ ਚਿਰ ਉਸ ਦੀ ਹਾਂ ਵਿਚ ਹਾਂ ਮਿਲਾਉਂਦਾ ਸੀ, ਓਨਾ ਚਿਰ ਉਸ ਨੂੰ ਬਣਦਾ ਹਿੱਸਾ ਮਿਲਦਾ ਸੀ। ਜਦੋਂ ਅੜੀ ਕਰਦਾ ਸੀ ਤਾ ਉਪਰੋਂ ਦਬਕਾ ਮਰਵਾ ਦਿੰਦਾ ਸੀ। ਇਕ ਵਾਰ ਇਕ ਜੇਲ੍ਹ ਅਧਿਕਾਰੀ ਨੇ ‘ਨਸ਼ਾ ਹਟਾਓ’ ਮੁਹਿੰਮ ਤਹਿਤ ਨਸ਼ਾ ਜੇਲ੍ਹ ਅੰਦਰ ਆਉਣੋਂ ਬੰਦ ਕਰਨ ਦਾ ਯਤਨ ਕੀਤਾ ਸੀ। ਹਫ਼ਤੇ ਦੇ ਅੰਦਰ-ਅੰਦਰ ਮੁਹਿੰਮ ਠੱਪ ਹੋ ਕੇ ਰਹਿ ਗਈ ਸੀ ਅਤੇ ਅਫ਼ਸਰ ਬਦਲ ਗਿਆ ਸੀ। ਇਕ ਹੋਰ ਅਫ਼ਸਰ ਨੇ ਆਪਣਾ ਬੰਦਾ ਉਸ ਦੇ ਬਰਾਬਰ ਖੜ੍ਹਾ ਕਰਨ ਦਾ ਯਤਨ ਕੀਤਾ ਸੀ। ਤੀਜੇ ਦਿਨ

ਬੰਦੇ ਦਾ ਕਤਲ ਹੋ ਗਿਆ ਸੀ। ਜੇਲ੍ਹ ਵਿਚ ਅਫ਼ਸਰ ਵਿਰੁੱਧ ਹੜਤਾਲ ਹੋ ਗਈ ਸੀ। ਮੁਆਫ਼ੀ ਮੰਗ ਕੇ ਮਸਾਂ ਅਫ਼ਸਰ ਨੇ ਖਹਿੜਾ ਛੁਡਾਇਆ ਸੀ।

ਉਸ ਦਿਨ ਤੋਂ ਬਾਅਦ ਕਿਸੇ ਨੇ ਉਸ ਵੱਲ ਝਾਕਣ ਤਕ ਦੀ ਹਿੰਮਤ ਨਹੀਂ ਸੀ ਕੀਤੀ। ਉਹ ਇਕ ਬੈਰਕ ਵਿਚ ਜਾਵੇ ਜਾਂ ਦੂਜੀ ਬੈਰਕ ਵਿਚ, ਉਸ ਨੂੰ ਕੋਈ ਨਹੀਂ ਸੀ ਰੋਕਦਾ। ਹੁਣ ਡਾਕਟਰ ਦੀ ਕੀ ਮਜਾਲ ਸੀ ਕਿ ਉਹ ਗੁਰਨਾਮ ਤੋਂ ਬੈੱਡ ਖ਼ਾਲੀ ਕਰਵਾਏ।

ਦੋ ਨੰਬਰ ਬੈੱਡ ਸੁਰਜਣ ਸਿੰਘ ਕੋਲ ਸੀ। ਦੋ ਸਾਲ ਪਹਿਲਾਂ ਉਸ ਨੇ ਮਾਇਆ ਨਗਰ ਵਿਚ ਫ਼ਾਈਨੈਂਸ ਕੰਪਨੀ ਖੋਲ੍ਹੀ ਸੀ। ਉਹ ਲੋਕਾਂ ਕੋਲੋਂ ਕਰਜ਼ਾ ਲੈਂਦਾ ਵੀ ਸੀ ਅਤੇ ਦਿੰਦਾ ਵੀ। ਉਸ ਦੇ ਵਿਆਜ ਦੀ ਦਰ ਬੈਂਕ ਨਾਲੋਂ ਡਿਉੜੀ ਸੀ। ਫ਼ਿਕਸ ਡਿਪਾਜ਼ਿਟ ਪੰਜ ਸਾਲ ਦੀ ਥਾਂ ਤਿੰਨ ਸਾਲ ਲਈ ਕਰਾਉਂਦਾ ਸੀ। ਵਿਆਜ ਦੀ ਦਰ ਉੱਚੀ ਹੋਣ ਕਾਰਨ ਮੁਲਾਜ਼ਮ ਤਬਕੇ ਨੇ ਝਟਪਟ ਉਸ ਕੋਲ ਪੈਸਾ ਜਮ੍ਹਾਂ ਕਰਾਉਣਾ ਸ਼ੁਰੂ ਕਰ ਦਿੱਤਾ। ਤਾਜ਼ੇ ਰਿਟਾਇਰ ਹੋਏ ਸਰਕਾਰੀ ਮੁਲਾਜ਼ਮ ਨੂੰ ਆਪਣੀ ਰਕਮ ਨੂੰ ਸੁਰੱਖਿਅਤ ਰੱਖਣ ਅਤੇ ਚੰਗੀ ਕਮਾਈ ਲਈ ਇਸ ਤੋਂ ਵਧੀਆ ਕੋਈ ਹੋਰ ਸਕੀਮ ਨਜ਼ਰ ਨਹੀਂ ਸੀ ਆਉਂਦੀ। ਸੁਰਜਣ ਕੋਲ ਧੜਾਧੜ ਪੈਸਾ ਜਮ੍ਹਾਂ ਹੋ ਗਿਆ। ਜਮ੍ਹਾਂ ਪੈਸੇ ਨਾਲ ਸੁਰਜਣ ਨੇ ਟਰਾਂਸਪੋਰਟ ਖੜੀ ਕਰਨੀ ਸ਼ੁਰੂ ਕਰ ਦਿੱਤੀ। ਪ੍ਰਚਾਰ ਕੀਤਾ ਗਿਆ, ਟੈਂਪੂ ਟਰੱਕਾਂ ਲਈ ਕਰਜ਼ਾ ਫ਼ਾਈਨੈਂਸ ਕੰਪਨੀ ਦੇ ਰਹੀ ਹੈ। ਕੰਪਨੀ ਦੇ ਬਾਹਰ ਲੱਗੇ ਨਵੇਂ ਟਰੱਕਾਂ ਦੀ ਕਤਾਰ ਦੇਖ ਕੇ ਲੋਕਾਂ ਦੇ ਹੌਸਲੇ ਬੁਲੰਦ ਹੋਣ ਲੱਗੇ। ਵੱਡੀਆਂ ਰਕਮਾਂ ਜਮ੍ਹਾਂ ਕਰਾਉਣ ਵਾਲੇ ਲੋਕਾਂ ਦੀ ਗਿਣਤੀ ਵਧਣ ਲੱਗੀ। ਤਿੰਨ ਸਾਲ ਸੁਰਜਣ ਨੋਟਾਂ ਵਿਚ ਖੇਡਦਾ ਰਿਹਾ। ਜਦੋਂ ਪੈਸਾ ਵਾਪਸ ਕਰਨ ਦੀ ਵਾਰੀ ਆਈ ਤਾਂ ਤਖ਼ਤ ਡੋਲਣ ਲੱਗਾ। ਦੋ ਕੁ ਅਸਾਮੀਆਂ ਦੇ ਖ਼ਾਲੀ ਹੱਥ ਮੁੜਦੇ ਹੀ ਹਵਾ ਗੰਦੀ ਹੋ ਗਈ। ਜੰਗਲ ਦੀ ਅੱਗ ਵਾਂਗ ਅਫ਼ਵਾਹਾਂ ਫੈਲਣ ਲੱਗੀਆਂ। ਪੈਸੇ ਵਾਪਸ ਮੰਗਣ ਆਉਣ ਵਾਲਿਆਂ ਦੀ ਕਤਾਰ ਲੰਬੀ ਹੋਣ ਲੱਗੀ। ਸੁਰਜਣ ਦੇ ਸਲਾਹਕਾਰਾਂ ਨੇ ਸਲਾਹ ਦਿੱਤੀ ਕਿ ਭੱਜਣ ਵਿਚ ਫ਼ਾਇਦਾ ਹੈ। ਆਪਣੀ ਟਰਾਂਸਪੋਰਟ ਪਹਿਲਾਂ ਹੀ ਉਸ ਨੇ ਕਲਕੱਤੇ ਭੇਜ ਦਿੱਤੀ ਸੀ। ਦਫ਼ਤਰ ਖ਼ਾਲੀ ਕਰ ਕੇ ਇਕ ਰਾਤ ਆਪ ਵੀ ਗੱਡੀ ਚੜ੍ਹ ਗਿਆ। ਲੋਕਾਂ ਧਰਨੇ ਮਾਰੇ, ਜਲੂਸ ਕੱਢੇ। ਕੁਝ ਨਾ ਬਣਿਆ। ਪੁਲਿਸ ਨੇ ਧੋਖਾਧੜੀ ਦਾ ਪਰਚਾ ਦਰਜ ਕਰ ਲਿਆ, ਪਰ ਕਲਕੱਤੇ ਜਾ ਕੇ ਉਸ ਨੂੰ ਫੜਨ ਦੀ ਹਿੰਮਤ ਨਾ ਪਈ। ਪੁਲਿਸ ਜਾਂਦੀ ਅਤੇ ਬੇਰੰਗ ਮੁੜ ਆਉਂਦੀ। ਹਾਰ ਥੱਕ ਕੇ ਲੋਕ ਘਰ ਬੈਠ ਗਏ। ਮਸਲਾ ਪੂਰੀ ਤਰ੍ਹਾਂ ਠੰਢਾ ਹੋ ਜਾਣ ਬਾਅਦ ਸੁਰਜਣ ਸਿੰਘ ਖ਼ੁਦ ਪੇਸ਼ ਹੋ ਗਿਆ। ਉਸ ਦੀ ਬਹੁਤ ਸਾਰੀ ਜਾਇਦਾਦ ਕੁਰਕ ਹੋਈ ਪਈ ਸੀ। ਪੇਸ਼ ਹੋ ਕੇ ਜਾਇਦਾਦ ਵੇਚਣ ਜੋਗੀ ਹੋਣੀ ਸੀ। ਮਹੀਨਾ ਦੋ ਮਹੀਨੇ ਅੰਦਰ ਰਹਿ ਕੇ ਉਸ ਦੀ ਜ਼ਮਾਨਤ ਹੋ ਜਾਣੀ ਸੀ। ਬਹੁਤੇ ਤੱਤਿਆਂ ਨਾਲ ਉਸ ਨੇ ਅੱਧ-ਪਚੱਧ ਦੇ ਕੇ ਸਮਝੌਤਾ ਕਰ ਲੈਣਾ ਸੀ। ਬਾਕੀਆਂ ਨੂੰ ਟਰਕਾ ਦੇਣਾ ਸੀ।

ਜੇਲ੍ਹ ਆਉਣ ਤੋਂ ਪਹਿਲਾਂ ਸੁਰਜਣ ਨੇ ਜੇਲ੍ਹ ਸੁਪਰਡੈਂਟ ਲਾਲ ਰਿਸ਼ਤੇਦਾਰੀ ਕੱਢੀ। ਸੁਪਰਡੈਂਟ ਖ਼ੁਦ ਸੁਰਜਣ ਨੂੰ ਡਾਕਟਰ ਦੇ ਹਵਾਲੇ ਕਰ ਕੇ ਗਿਆ ਸੀ। ਸ਼ਾਮ ਨੂੰ ਕਦੇ ਸੁਪਰਡੈਂਟ ਹਸਪਤਾਲ ਆਉਂਦਾ ਅਤੇ ਕਦੇ ਸੁਰਜਣ ਉਸ ਦੀ ਕੋਠੀ ਜਾਂਦਾ ਸੀ। ਦੇਰ ਰਾਤ ਤਕ ਗਲਾਸੀਆਂ ਖੜਕਦੀਆਂ ਸਨ।

ਖੜਕਦੀਆਂ ਗਲਾਸੀਆਂ ਦੀ ਛਣਕਾਹਟ ਮੱਧਮ ਪਾਉਣ ਵਾਲਾ ਡਾਕਟਰ ਕੌਣ ਸੀ ?

ਤੀਸਰੇ ਬੈੱਡ ਉਪਰ ਡਾਕਟਰ ਦਾ ਆਪਣਾ ਬੰਦਾ ਸੀ। ਉਸ ਨੇ ਆਪਣੇ ਸ਼ੈਲਰ ਵਿਚ ਸਰਕਾਰ ਦੀ ਰੱਖੀ ਵੀਹ ਲੱਖ ਦੀ ਜੀਰੀ ਵੇਚ ਕੇ ਹੜੱਪ ਲਈ ਸੀ। ਵੀਹ ਲੱਖ ਨਾਲ ਮੁੰਡੇ ਨੂੰ ਗੁੜਗਾਉਂ



ਫ਼ੈਕਟਰੀ ਲਗਵਾ ਦਿੱਤੀ ਸੀ। ਚਾਰ ਸਾਲ ਸਰਕਾਰ ਨੂੰ ਰਾਹ ਨਹੀਂ ਸੀ ਦਿੱਤਾ। ਹੁਣ ਉਦੋਂ ਪਰਚਾ ਦਰਜ ਹੋਇਆ ਸੀ, ਜਦੋਂ ਉਸ ਨੇ ਆਪਣੇ ਨਾਂ ਲੱਗੀ ਜ਼ਮੀਨ ਜਾਇਦਾਦ ਠਿਕਾਣੇ ਲਗਾ ਦਿੱਤੀ ਸੀ। ਮਹੀਨਾ-ਵੀਹ ਦਿਨ ਅੰਦਰ ਰਹਿ ਕੇ ਉਸ ਦੀ ਜ਼ਮਾਨਤ ਹੋ ਜਾਣੀ ਸੀ। ਏਨੇ ਦਿਨ ਹਸਪਤਾਲ ਰੱਖੀ ਰੱਖਣ ਦਾ ਡਾਕਟਰ ਨੇ ਉਸ ਨਾਲ ਠੇਕਾ ਕੀਤਾ ਸੀ। ਹਫ਼ਤੇ ਬਾਅਦ ਸ਼ਰਤ ਭੰਗ ਕਰ ਕੇ ਉਹ ਮੋਟੀ ਰਕਮ ਤੋਂ ਹੱਥ ਨਹੀਂ ਧੋ ਸਕਦਾ।

ਚੌਥੇ ਬੈੱਡ ਉਪਰ ਆਪਣੀ ਨੂੰਹ ਨੂੰ 'ਦਾਜ ਦੀ ਬਲੀ' ਚੜ੍ਹਾ ਕੇ ਆਇਆ ਅਮਰਨਾਥ ਸੀ। ਉਹ ਵਿਰੋਧੀ ਪਾਰਟੀ ਦੇ ਵਿਧਾਇਕ ਦਾ ਰਿਸ਼ਤੇਦਾਰ ਸੀ। ਦੋਵੇਂ ਵਕਤ ਖਾਣਾ ਵਿਧਾਇਕ ਦੇ ਘਰੋਂ ਆਉਂਦਾ ਸੀ। ਸਰਕਾਰ ਦੀਆਂ ਭਾਵੇਂ ਇਹ ਹਦਾਇਤਾਂ ਸਨ ਕਿ ਵਿਰੋਧੀ ਧਿਰ ਦੇ ਵਿਧਾਇਕ ਨੂੰ ਮੂੰਹ ਨਾ ਲਾਇਆ ਜਾਵੇ, ਪਰ ਕੱਚ ਦੇ ਘਰਾਂ ਵਿਚ ਰਹਿਣ ਵਾਲੇ ਹੋਰਾਂ ਉਪਰ ਰੋੜੇ ਨਹੀਂ ਸੁੱਟ ਸਕਦੇ। ਜੇਲ੍ਹ ਅਧਿਕਾਰੀ ਸਰਕਾਰ ਚਲਾ ਰਹੀ ਪਾਰਟੀ ਦੇ ਵਿਧਾਇਕ ਦਾ ਗ਼ੁੱਸਾ ਤਾਂ ਸਹਾਰ ਸਕਦੇ ਸਨ। ਉਸ ਨੇ ਕਿਹੜਾ ਵਿਧਾਨ ਸਭਾ ਵਿਚ ਹੰਗਾਮਾ ਖੜਾ ਕਰਨਾ ਸੀ। ਵਿਰੋਧੀ ਧਿਰ ਦੇ ਵਿਧਾਇਕ ਨੂੰ ਮੁੱਦਾ ਚਾਹੀਦਾ ਸੀ। ਉਸ ਨੂੰ ਨਰਾਜ਼ ਕਰ ਕੇ ਕਿਉਂ ਦਾੜ੍ਹੀ ਪਰਾਏ ਹੱਥ ਫੜਾਈ ਜਾਵੇ ?

ਪੰਜਵੇਂ ਬੈੱਡ ਉਪਰ ਕਾਲਾ ਨਾਗ ਵਾਸ ਕਰਦਾ ਸੀ। ਕਾਲੇ ਰੰਗ ਦਾ ਦੀਪਾ ਪੁਲਿਸ ਮਹਿਕਮੇ ਵਿਚੋਂ ਡਿਸਮਿਸ ਹੋਇਆ ਡੀ.ਐਸ.ਪੀ. ਸੀ। ਨੌਕਰੀ ਦੌਰਾਨ ਹੀ ਉਸ ਨੇ ਝਗੜੇ ਵਾਲੀਆਂ ਦੁਕਾਨਾਂ, ਜ਼ਮੀਨਾਂ ਅਤੇ ਕੋਠੀਆਂ ਖ਼ਰੀਦਣੀਆਂ ਸ਼ੁਰੂ ਕਰ ਦਿੱਤੀਆਂ ਸਨ। ਝਗੜੇ ਵਾਲੀ ਥਾਂ ਨੂੰ ਅੱਧੇ ਮੁੱਲ 'ਤੇ ਖ਼ਰੀਦ ਕੇ, ਵਰਦੀ ਦਾ ਰੋਹਬ ਪਾ ਕੇ ਖ਼ਾਲੀ ਕਰਵਾ ਲਿਆ ਕਰਦਾ ਸੀ। ਫੇਰ ਦੁਗਣੇ ਭਾਅ ਵੇਚ ਦਿੰਦਾ ਸੀ। ਇਸ ਕੰਮ ਵਿਚ ਉਸ ਨੇ ਕੁਝ ਪੁਲਿਸ ਮੁਲਾਜ਼ਮ ਅਤੇ ਬਦਮਾਸ਼ ਵੀ ਭਾਈਵਾਲ ਬਣਾ ਲਏ ਸਨ। ਜਦੋਂ ਜਾਬਰਾਂ ਨਾਲ ਵਾਹ ਪਿਆ ਤਾਂ ਉਹਨਾਂ ਕਤਲ ਕੇਸ ਵਿਚ ਵੀ ਉਲਝਾ ਲਿਆ ਅਤੇ ਨੌਕਰੀਉਂ ਵੀ ਕਢਵਾ ਦਿੱਤਾ। ਨੌਕਰੀ ਦੀਆਂ ਬੰਦਸ਼ਾਂ ਤੋਂ ਮੁਕਤ ਹੁੰਦਿਆਂ ਹੀ ਦੀਪੇ ਨੇ ਪੁਲਿਸ ਮਹਿਕਮੇ ਦੇ ਆਪਣੇ ਤਜਰਬੇ ਦਾ ਭਰਪੂਰ ਫ਼ਾਇਦਾ ਉਠਾਉਣਾ ਸ਼ੁਰੂ ਕਰ ਦਿੱਤਾ। ਰਿਟਾਇਰ ਹੋਏ ਪੁਲਿਸ ਮੁਲਾਜ਼ਮਾਂ, ਫ਼ੌਜੀਆਂ ਅਤੇ ਚਾਕੂਮਾਰਾਂ ਨੂੰ ਇਕੱਠੇ ਕਰ ਕੇ ਉਸ ਨੇ 'ਸੁਰੱਖਿਆ ਏਜੰਸੀ' ਬਣਾ ਲਈ। ਸੁਰੱਖਿਆ ਦੇ ਬਹਾਨੇ ਨਾਜਾਇਜ਼ ਕਬਜ਼ੇ ਕਰਨ ਜਾਂ ਕਬਜ਼ੇ ਖੋਹਣ ਵਾਲਿਆਂ ਲਈ ਗੁੰਡੇ ਮੁਹੱਈਆ ਕਰਾਉਣ ਲੱਗਾ। ਅਜਿਹਾ ਇਕ ਕਬਜ਼ਾ ਕਰਦੇ ਸਮੇਂ ਉਸ ਦੀ ਢਾਣੀ ਤੋਂ ਦੂਹਰਾ ਕਤਲ ਹੋ ਗਿਆ। ਕਤਲ ਦੇ ਦੋਸ਼ ਵਿਚ ਦੀਪੇ ਅਤੇ ਉਸ ਦੇ ਸਾਥੀਆਂ ਨੂੰ ਉਮਰ ਕੈਦ ਹੋ ਗਈ। ਉਸ ਦੇ ਸਾਥੀ ਬੈਰਕਾਂ ਵਿਚ ਸੜਦੇ ਅਤੇ ਮੁਸ਼ੱਕਤਾਂ ਕਰਦੇ ਸਨ। ਆਰਾਮ ਨਾਲ ਇਥੇ ਪਿਆ ਦੀਪਾ ਬਾਹਰ ਜਾਣ ਦੇ ਰਾਹ ਲੱਭ ਰਿਹਾ ਸੀ।

ਇਸ ਬਦਮਾਸ਼ ਨਾਲ ਡਾਕਟਰ ਪੰਗਾ ਨਹੀਂ ਸੀ ਲੈ ਸਕਦਾ।

ਬੱਸ ਇਕ ਰਾਹ ਬਾਕੀ ਸੀ, ਵਿਸ਼ੇਸ਼ ਅਧਿਕਾਰ ਦੀ ਵਰਤੋਂ। ਕੈਦੀ ਨੂੰ ਛੂਤ ਦੀ ਖ਼ਤਰਨਾਕ ਬੀਮਾਰੀ ਨਾਲ ਗ੍ਰਸਤ ਦਿਖਾਇਆ ਜਾਵੇ। ਫੇਰ ਉਸ ਨੂੰ ਅਜਿਹੇ ਕੈਦੀਆਂ ਲਈ ਵਿਸ਼ੇਸ਼ ਤੌਰ 'ਤੇ ਬਣਾਏ ਗਏ ਵੱਖਰੇ ਕਮਰਿਆਂ (Isolation Rooms) ਵਿਚ ਬੰਦ ਕਰਨ ਦੀ ਸਿਫ਼ਾਰਿਸ਼ ਕੀਤੀ ਜਾਵੇ। ਇਹ ਕਮਰੇ ਕਾਗ਼ਜ਼ਾਂ ਵਿਚ ਹੀ 'ਵੱਖਰੇ' ਕਮਰੇ ਸਨ। ਅੱਜ ਤਕ ਇਕ ਵਾਰ ਵੀ ਇਹਨਾਂ ਦੀ ਵਰਤੋਂ, ਇਸ ਕੰਮ ਲਈ ਨਹੀਂ ਸੀ ਹੋਈ। ਜਦੋਂ ਕਦੇ ਇਹਨਾਂ ਦੀ ਵਰਤੋਂ ਹੋਈ ਸੀ ਤਾਂ ਦਾਰੂ ਪੀਣ ਜਾਂ ਗੁਪਤ ਸਲਾਹ-ਮਸ਼ਵਰਾ ਕਰਨ ਲਈ ਹੋਈ ਸੀ। ਹੁਣ ਕਿਹੜਾ ਜੈਨ ਨੂੰ ਇਸ ਕਮਰੇ ਵਿਚ ਪਾਇਆ ਜਾਣਾ ਸੀ। ਕਾਗ਼ਜ਼ੀਂ ਉਸ ਨੇ ਇਥੇ ਬੰਦ ਹੋਣਾ ਸੀ। ਅਸਲ ਵਿਚ ਉਸ ਨੇ ਬਾਕੀ

ਕੈਦੀਆਂ ਵਿਚ ਬੈਠ ਕੇ ਗੱਪ-ਸ਼ੱਪ ਕਰਨਾ ਸੀ।

ਆਪਣੀ ਸਮੱਸਿਆ ਹੱਲ ਕਰਨ ਬਾਅਦ ਡਾਕਟਰ ਜੈਨ ਨੂੰ ਲੈਣ ਚੱਕਰ ਵੱਲ ਚਲਿਆ ਸੀ। ਜੈਨ ਦਾ ਮੋਟਾ-ਤਾਜ਼ਾ ਸਰੀਰ ਅਤੇ ਗੋਰਾ ਰੰਗ ਉਸ ਦੀ ਪਹਿਚਾਣ ਕਰਾਉਣ ਲਈ ਕਾਫ਼ੀ ਸੀ। ਇਸੇ ਅਨੁਮਾਨ ਦੇ ਆਧਾਰ 'ਤੇ ਉਸ ਨੇ ਹਸਪਤਾਲ ਵੱਲ ਆਉਂਦੇ ਨਵੇਂ ਕੈਦੀ ਨੂੰ 'ਸੇਠ ਜੈਨ' ਆਖ ਕੇ ਬੁਲਾ ਲਿਆ ਸੀ।

"ਮੁਆਫ਼ ਕਰਨਾ। ਮੈਨੂੰ ਇਧਰ ਆਉਣ ਵਿਚ ਦੇਰ ਹੋ ਗਈ। ਚੰਗਾ ਕੀਤਾ, ਤੁਸੀਂ ਪਹਿਲਾਂ ਹੀ ਆਪਣੇ ਆਪ ਨੂੰ ਬੀਮਾਰ ਘੋਸ਼ਿਤ ਕਰਵਾ ਲਿਆ।"

"ਮੁਨਸ਼ੀ ਵਿਚਾਰਾ ਚੰਗਾ ਸੀ। ਉਸ ਨੇ ਮੇਰੀ ਬੇਨਤੀ ਪਰਵਾਨ ਕਰ ਲਈ।"

ਹੌਂਸਲੇ 'ਚ ਆਏ ਜੈਨ ਨੇ ਮੁਨਸ਼ੀ ਦੀ ਤਾਰੀਫ਼ ਕੀਤੀ। ਦਰਿਆ ਵਿਚ ਰਹਿ ਕੇ ਮਗਰਮੱਛ ਨਾਲ ਦੁਸ਼ਮਣੀ ਨਹੀਂ ਸੀ ਰੱਖੀ ਜਾ ਸਕਦੀ। ਮੁਨਸ਼ੀ ਨਾਲ ਫੇਰ ਵੀ ਵਾਹ ਪੈਣਾ ਸੀ। ਇਹੋ ਸੋਚਦਾ ਉਹ ਸੱਚ ਨੂੰ ਛੁਪਾ ਗਿਆ ਸੀ।

"ਹੂੰ। ਕਰ ਲਈ ਬੇਨਤੀ ਪਰਵਾਨ। ਸਾਰੀ ਜੇਬ ਖ਼ਾਲੀ ਕਰਾਈ ਹੋਵੇਗੀ। ਮੈਂ ਜਾਣਦਾਂ ਦੋਹਾਂ ਨੂੰ।" ਆਪਣੇ ਮਨ ਅੰਦਰ ਡਾਕਟਰ ਨੇ ਇਹ ਸੋਚਿਆ, ਪਰ ਆਖਿਆ ਕੁਝ ਹੋਰ।

"ਉਹ ਨਾ ਕਰਦਾ ਤਾਂ ਮੈਂ ਕਰ ਲੈਣਾ ਸੀ। ਮੈਂ ਉਸ ਬੈਰਕ ਵਿਚ ਜਾਂਦਾ, ਜਿਥੇ ਤੁਹਾਨੂੰ ਬੰਦ ਕੀਤਾ ਹੁੰਦਾ। ਡਾਕਟਰੀ ਮੁਆਇਨਾ ਕਰ ਕੇ ਤੁਹਾਨੂੰ ਬੀਮਾਰ ਘੋਸ਼ਿਤ ਕਰਦਾ ਅਤੇ ਇਲਾਜ ਲਈ ਹਸਪਤਾਲ ਲੈ ਆਉਂਦਾ।"

ਡਾਕਟਰ ਨਾਲੇ ਕਾਗ਼ਜ਼-ਪੱਤਰ ਘੋਖ ਰਿਹਾ ਸੀ, ਨਾਲੇ ਹਸਪਤਾਲ ਵੱਲ ਵਧ ਰਿਹਾ ਸੀ।

ਡਾਕਟਰ ਦਾ ਆਪਣਾ ਦਫ਼ਤਰ ਪਹਿਲੀ ਮੰਜ਼ਿਲ ਉਪਰ ਸੀ। ਉਹ ਸੇਠ ਨੂੰ ਸਿੱਧਾ ਉਥੇ ਲੈ ਗਿਆ।

ਦਫ਼ਤਰ ਦੀ ਇਕ ਨੁੱਕਰ ਵਿਚ ਛੋਟਾ ਫ਼ਰਿੱਜ ਪਿਆ ਸੀ। ਫ਼ਰਿੱਜ ਵਿਚ ਸੰਭਾਲਣ ਵਾਲੀ ਦਵਾਈ ਬੂਟੀ ਕਦੀ-ਕਦਾਈਂ ਹੀ ਆਉਂਦੀ ਸੀ। ਫ਼ਰਿੱਜ ਨੂੰ ਠੰਢੇ, ਫ਼ਰੂਟ ਅਤੇ ਮਠਿਆਈਆਂ ਨਾਲ ਭਰ ਕੇ ਰੱਖਿਆ ਜਾਂਦਾ ਸੀ।

ਡਾਕਟਰ ਨੇ ਇਕ ਕੈਂਪਾ ਫ਼ਰਿੱਜ ਵਿਚੋਂ ਕੱਢਿਆ ਅਤੇ ਜੈਨ ਦੇ ਹੱਥ ਫੜਾ ਦਿੱਤਾ।

"ਸਵੇਰ ਦੇ ਪਿਆਸੇ ਹੋਵੋਗੇ। ਪਹਿਲਾਂ ਪਿਆਸ ਬੁਝਾਓ, ਫੇਰ ਚੈੱਕ-ਅੱਪ ਕਰਾਂਗੇ।"

ਜੈਨ ਸੱਚਮੁੱਚ ਪਿਆਸ ਕਾਰਨ ਮਰਦਾ ਜਾ ਰਿਹਾ ਸੀ। ਉਸ ਨੇ ਕਈ ਵਾਰ ਪਾਣੀ ਦਾ ਸਰੋਤ ਲੱਭਣ ਦਾ ਯਤਨ ਕੀਤਾ ਸੀ, ਪਰ ਹੁਣ ਤਕ ਉਸ ਨੂੰ ਕਿਸੇ ਕੂਲਰ ਤਾਂ ਕੀ, ਘੜੇ, ਟੂਟੀ ਤਕ ਦੇ ਦਰਸ਼ਨ ਨਹੀਂ ਸਨ ਹੋਏ। ਘਟਨਾਵਾਂ ਏਨੀ ਤੇਜ਼ੀ ਨਾਲ ਘਟੀਆਂ ਸਨ ਕਿ ਉਸ ਦੀ ਕਿਸੇ ਕੋਲੋਂ ਪਾਣੀ ਮੰਗਣ ਤਕ ਦੀ ਹਿੰਮਤ ਨਹੀਂ ਸੀ ਪਈ।

ਖਾਣ-ਪੀਣ ਤੋਂ ਵਿਹਲਾ ਹੋ ਕੇ ਡਾਕਟਰ ਨੇ ਆਪਣਾ ਔਜ਼ਾਰਾਂ ਵਾਲਾ ਬਕਸਾ ਖੋਲ੍ਹਿਆ ਅਤੇ ਜੈਨ ਦੇ ਬਲੱਡ ਪ੍ਰੈਸ਼ਰ ਤੋਂ ਲੈ ਕੇ ਦਿਲ ਦੀ ਧੜਕਣ ਤਕ ਨੂੰ ਘੋਖਿਆ।

ਜੈਨ ਦੇ ਦੋਸਤ ਸੱਚ ਆਖਦੇ ਸਨ, ਮਾਨਸਿਕ ਤਨਾਅ ਕਾਰਨ ਸਭ ਕੁਝ ਖ਼ਤਰੇ ਦੇ ਨਿਸ਼ਾਨ ਤਕ ਅੱਪੜਿਆ ਹੋਇਆ ਸੀ। ਜੈਨ ਨੂੰ ਤੁਰੰਤ ਤਨਾਅ ਤੋਂ ਮੁਕਤ ਕਰਨ ਵਾਲੀਆਂ ਦਵਾਈਆਂ ਦੀ ਜ਼ਰੂਰਤ ਸੀ।

ਹਸਪਤਾਲ ਦੇ ਸਟਾਕ ਵਿਚ ਇਹਨਾਂ ਵਿਚੋਂ ਇਕ ਵੀ ਦਵਾਈ ਨਹੀਂ ਸੀ।

"ਮੈਨੂੰ ਮਹਿਸੂਸ ਹੋ ਰਿਹਾ, ਮੇਰਾ ਬਲੱਡ ਪ੍ਰੈਸ਼ਰ ਵਧ ਰਿਹਾ ਹੈ। ਮੈਂ ਆਪਣੀਆਂ ਦਵਾਈਆਂ



ਨਾਲ ਨਹੀਂ ਲਿਆਂਦੀਆਂ। ਮੈਨੂੰ ਇਹ ਭਾਣਾ ਵਰਤਣ ਦੀ ਉਮੀਦ ਨਹੀਂ ਸੀ।"

"ਮੁਆਫ਼ ਕਰਨਾ। ਦਵਾਈਆਂ ਹਸਪਤਾਲ ਵਿਚ ਵੀ ਨਹੀਂ, ਇਕ-ਅੱਧ ਗੋਲੀ ਮੇਰੇ ਬੈਗ ਵਿਚ ਹੋਏਗੀ। ਉਹ ਮੈਂ ਦੇ ਦਿੰਦਾ ਹਾਂ।"

"ਦਵਾਈ ਦਾ ਕੋਈ ਇੰਤਜ਼ਾਮ ਕਰੋ, ਨਹੀਂ ਤਾਂ ਰਾਤ ਕਿਵੇਂ ਲੰਘੇਗੀ?"

"ਦਵਾਈ ਦਾ ਇੰਤਜ਼ਾਮ ਹੋ ਜਾਏਗਾ, ਪਰ ਮਹਿੰਗੀ ਪਵੇਗੀ।"

"ਕੋਈ ਗੱਲ ਨਹੀਂ, ਪਰ ਸਵੇਰ ਤਕ ਉਧਾਰ ਕਰਨਾ ਪਵੇਗਾ। ਇਸ ਸਮੇਂ ਮੇਰੇ ਕੋਲ ਫੁੱਟੀ ਕੌਡੀ ਵੀ ਨਹੀਂ।"

"ਤੁਸੀਂ ਉਸ ਦਾ ਫ਼ਿਕਰ ਨਾ ਕਰੋ। ਮੈਂ ਜ਼ਾਮਨ ਬਣ ਜਾਵਾਂਗਾ। ਤੁਸੀਂ ਕਿਹੜਾ ਭੱਜ ਜਾਣਾ ਹੈ।"

"ਇਸ ਸਮੇਂ ਦਵਾਈ ਕੌਣ ਲੈ ਕੇ ਆਵੇਗਾ? ਤੁਸੀਂ ਜਾਓਗੇ?"

ਦਵਾਈ ਦੀ ਅਣਹੋਂਦ ਨੇ ਜੈਨ ਦੀ ਚਿੰਤਾ ਹੋਰ ਵਧਾ ਦਿੱਤੀ। ਦਵਾਈ ਮੰਗਵਾਉਣ ਲਈ ਉਹ ਕਾਹਲਾ ਪੈਣ ਲੱਗਾ।

"ਫ਼ਿਕਰ ਨਾ ਕਰੋ, ਅੰਦਰੋਂ ਹੀ ਮਿਲ ਜਾਏਗੀ।"

ਜੈਨ ਦੀ ਜਗਿਆਸਾ ਸ਼ਾਂਤ ਕਰਨ ਲਈ ਡਾਕਟਰ ਨੇ ਅੰਦਰੋਂ ਦਵਾਈ ਮਿਲਣ ਦਾ ਰਹੱਸ ਖੋਲ੍ਹਿਆ।

ਹਸਪਤਾਲ ਦਾ ਫ਼ਾਰਮਾਸਿਸਟ ਜੇਲ੍ਹ ਅੰਦਰ ਦਵਾਈਆਂ ਵੇਚਦਾ ਸੀ। ਉਹ 'ਜੇਲ੍ਹ ਭਲਾਈ ਬੋਰਡ' ਦੇ ਮੈਂਬਰ ਸਰਦਾਰੀ ਲਾਲ ਦਾ ਭਾਣਜਾ ਸੀ। ਸਰਦਾਰੀ ਲਾਲ ਦੀ ਥੋਕ ਦਵਾਈਆਂ ਦੀ ਦੁਕਾਨ ਸੀ। ਸਿਹਤ ਮੰਤਰੀ ਦਾ ਉਹ ਦੂਰ-ਨੇੜੇ ਦਾ ਰਿਸ਼ਤੇਦਾਰ ਸੀ। ਸਿਹਤ ਮੰਤਰੀ ਨੇ ਸਿਫ਼ਾਰਸ਼ ਕਰ ਕੇ ਉਸ ਨੂੰ ਬੋਰਡ ਦਾ ਮੈਂਬਰ ਬਣਵਾ ਦਿੱਤਾ। ਜੇਲ੍ਹ ਨੂੰ ਦਵਾਈਆਂ ਸਪਲਾਈ ਕਰਨ ਦਾ ਠੇਕਾ ਸਰਦਾਰੀ ਲਾਲ ਨੇ ਆਪਣੀ ਮੈਂਬਰੀ ਦੇ ਜ਼ੋਰ 'ਤੇ ਲੈ ਲਿਆ। ਹੁਣ ਉਹ ਮੈਂਬਰੀ ਦਾ ਭਰਪੂਰ ਫ਼ਾਇਦਾ ਉਠਾ ਰਿਹਾ ਸੀ। ਜੇਲ੍ਹ ਅਧਿਕਾਰੀਆਂ ਉਪਰ ਰੋਹਬ ਪਾਉਂਦਾ ਰਹਿੰਦਾ ਸੀ। ਜੇਲ੍ਹ ਅੰਦਰ ਆਉਣ-ਜਾਣ ਦੀ ਖੁੱਲ੍ਹ ਸੀ। ਖੁੱਲ੍ਹ ਦਾ ਫ਼ਾਇਦਾ ਉਠਾਉਣ ਲਈ ਮੈਂਬਰ ਨੇ ਝੱਟ ਆਪਣਾ ਭਾਣਜਾ ਬਦਲਵਾ ਕੇ ਹਸਪਤਾਲ ਲੈ ਆਂਦਾ। ਸਾਰੀ ਦਵਾਈ ਫ਼ਾਰਮਾਸਿਸਟ ਦੇ ਕਬਜ਼ੇ ਵਿਚ ਹੁੰਦੀ ਹੈ। ਉਹ ਸਰਕਾਰੀ ਦਵਾਈਆਂ ਆਸਾਨੀ ਨਾਲ ਵੇਚ ਸਕਦਾ ਸੀ ਅਤੇ ਬਾਹਰੋਂ ਡੱਬਾ ਭਰ ਕੇ ਆਪਣੀਆਂ ਦਵਾਈਆਂ ਅੰਦਰ ਲਿਜਾ ਸਕਦਾ ਸੀ। ਡਾਕਟਰ ਦਵਾਈ ਲਿਖ ਦਿੰਦਾ ਸੀ। ਕੈਦੀ ਫ਼ਾਰਮਾਸਿਸਟ ਤੋਂ ਖ਼ਰੀਦ ਲੈਂਦੇ ਸਨ। ਕੈਦੀਆਂ ਨੂੰ ਬਾਹਰੋਂ ਦਵਾਈ ਮੰਗਵਾਉਣ ਲਈ ਕਈ-ਕਈ ਦਿਨ ਉਡੀਕਣਾ ਨਹੀਂ ਸੀ ਪੈਂਦਾ। ਉਹ ਖ਼ੁਸ਼ ਸਨ। ਡਾਕਟਰ ਖ਼ੁਸ਼ ਸੀ, ਬਣਦਾ ਹਿੱਸਾ ਉਸ ਨੂੰ ਮਿਲ ਜਾਂਦਾ ਸੀ। ਜੇਲ੍ਹ ਅਧਿਕਾਰੀ ਖ਼ੁਸ਼ ਸਨ। ਕੈਦੀਆਂ ਨੂੰ ਦਵਾਈ ਦੁਗਣੇ ਮੁੱਲ 'ਤੇ ਮਿਲਦੀ ਹੈ, ਮਿਲਦੀ ਰਹੇ। ਮੈਂਬਰ ਨਾ ਕਦੇ ਲੰਗਰ ਵਿਚ ਜਾਂਦਾ ਸੀ, ਨਾ ਗੋਦਾਮ ਵਿਚ। ਨਾ ਉਹ ਕੈਦੀਆਂ ਨੂੰ ਮਿਲਦਾ ਸੀ, ਨਾ ਰਜਿਸਟਰ ਫਰੋਲਦਾ ਸੀ। ਜੇਲ੍ਹ ਅਧਿਕਾਰੀ ਜੋ ਕਾਗ਼ਜ਼ ਉਸ ਅੱਗੇ ਰੱਖਦੇ ਸਨ, ਉਹ ਚੁੱਪ ਕਰ ਕੇ ਦਸਤਖ਼ਤ ਕਰ ਦਿੰਦਾ ਸੀ।

ਇਸ ਲਈ ਜੈਨ ਨੂੰ ਦਵਾਈਆਂ ਨਾ ਮਿਲਣ ਦੀ ਚਿੰਤਾ ਨਹੀਂ ਸੀ ਕਰਨੀ ਚਾਹੀਦੀ।

ਖਾਣ-ਪੀਣ ਦੀਆਂ ਵਸਤਾਂ ਦੀ ਵੀ ਜੈਨ ਨੂੰ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਸੀ। ਮਰੀਜ਼ਾਂ ਲਈ ਵਿਸ਼ੇਸ਼ ਖਾਣੇ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਗਿਆ ਸੀ। ਹਸਪਤਾਲ 'ਚ ਦਾਖ਼ਲ ਕੈਦੀਆਂ

ਦਾ ਖਾਣਾ ਬਣਾਉਣ ਲਈ ਕਿਚਨ ਵੀ ਏਥੇ ਹੀ ਸੀ। ਕਿਚਨ ਵਿਚੋਂ ਸਾਰਾ ਦਿਨ ਭੁਰਜੀ ਅਤੇ ਤੜਕੇ ਦੀ ਖ਼ੁਸ਼ਬੂ ਆਉਂਦੀ ਰਹਿੰਦੀ ਸੀ। ਜੈਨ ਜਿਸ ਤਰ੍ਹਾਂ ਦਾ ਭੋਜਨ ਚਾਹੇਗਾ, ਉਸੇ ਤਰ੍ਹਾਂ ਦਾ ਬਣੇਗਾ।

"ਕਿਸੇ ਸੂਪ ਵਗ਼ੈਰਾ ਦੀ ਜ਼ਰੂਰਤ ਹੋਵੇ ਤਾਂ ਘਰੋਂ ਮੰਗਵਾ ਦੇਵਾਂਗਾ।"

ਡਾਕਟਰ ਦੇ ਘਰ ਖਾਣਾ ਇਸੇ ਕਿਚਨ ਵਿਚੋਂ ਜਾਂਦਾ ਸੀ। ਖ਼ਾਸ ਜ਼ਰੂਰਤ ਸਮੇਂ ਘਰੋਂ ਵਿਸ਼ੇਸ਼ ਪਕਵਾਨ ਬਣ ਕੇ ਆ ਜਾਂਦਾ ਸੀ। ਘਰੇ ਕਿਹੜਾ ਡਾਕਟਰ ਦੀ ਪਤਨੀ ਨੇ ਹੱਥ ਸਾੜਨੇ ਸਨ। ਉਥੇ ਵੀ ਕੈਦੀ ਹੀ ਖਾਣਾ ਬਣਾਉਂਦੇ ਸਨ।

ਸੇਠ ਦੇ ਨਾਂ ਨਾਲ ਜੈਨ ਜ਼ਰੂਰ ਉਚਾਰਿਆ ਜਾਂਦਾ ਸੀ, ਉਂਝ ਉਹ ਕਾਰੋਬਾਰੀ ਇਨਸਾਨ ਸੀ।

"ਫੇਰ ਫ਼ਿਕਰ ਕਰਨ ਦੀ ਲੋੜ ਨਹੀਂ। ਦੂਜੇ ਮਰੀਜ਼ਾਂ ਨਾਲ ਮੈਂ ਤੁਹਾਡੀ ਜਾਣ-ਪਹਿਚਾਣ ਕਰਵਾ ਦਿੰਦਾ ਹਾਂ। ਉਹਨਾਂ ਨੂੰ ਸ਼ਾਮ ਨੂੰ ਕੈਂਪਰ ਵਿਚ ਵਿਸਕੀ ਅਤੇ ਸੋਡਾ ਭਰ ਕੇ ਆਉਂਦਾ ਹੈ। ਉਹ ਤੁਹਾਨੂੰ ਸਾਂਝੀਦਾਰ ਬਣਾ ਲੈਣਗੇ।"

ਡਾਕਟਰ ਜੈਨ ਦੀ ਹਰ ਸਮੱਸਿਆ ਦਾ ਹੱਲ ਕਰਦਾ ਜਾ ਰਿਹਾ ਸੀ। ਉਸ ਦੇ ਦੋਸਤਾਂ ਨੇ ਉਸ ਦੇ ਮੋਢਿਆਂ 'ਤੇ ਇਹੋ ਭਾਰ ਪਾਇਆ ਸੀ।

ਜੈਨ ਨੂੰ ਸਾਫ਼-ਸੁਥਰੀ ਚਾਦਰ ਵਾਲਾ ਬੈੱਡ ਅਲਾਟ ਹੋ ਗਿਆ। ਸਾਥੀ ਮਰੀਜ਼ਾਂ ਨਾਲ ਜਾਣ-ਪਹਿਚਾਣ ਹੋ ਗਈ। ਉਪਰੋਂ ਡਾਕਟਰ ਦੀ ਸਿਫ਼ਾਰਸ਼ ਹੋ ਗਈ।

ਜੈਨ ਨੂੰ ਪੂਰਾ ਯਕੀਨ ਹੋ ਗਿਆ ਕਿ ਹੁਣ ਸੁਖ ਦੀ ਨੀਂਦ ਸੌਣ ਵਿਚ ਉਸ ਨੂੰ ਕੋਈ ਦਿੱਕਤ ਪੇਸ਼ ਨਹੀਂ ਆਵੇਗੀ।



# 11

ਸਿੰਘਾਂ ਦੀ ਬੈਰਕ ਵਿਚ ਸੰਤਰੀ ਦੀ ਦਾੜ੍ਹੀ ਖੁੱਲ੍ਹੀ ਸੀ। ਵਰਦੀ ਦੀ ਥਾਂ ਉਸ ਨੇ ਹਲਕੇ ਨੀਲੇ ਰੰਗ ਦਾ ਕੁੜਤਾ-ਪਜਾਮਾ ਪਾਇਆ ਹੋਇਆ ਸੀ। ਪੈਰੀਂ ਤਿੱਲੇਦਾਰ ਜੁੱਤੀ ਸੀ। ਉਹ ਖ਼ਾਲੀ ਹੱਥ ਸੀ। ਬੈਰਕ ਵਿਚ ਸੰਤਰੀ ਦਾ ਅਤੇ ਸੰਤਰੀ ਕੋਲ ਬੰਦੂਕ ਦਾ ਹੋਣਾ ਜ਼ਰੂਰੀ ਸੀ। ਇਹ ਸੰਤਰੀ ਸੀ ਜਾਂ ਕੋਈ ਸਿੰਘ, ਮੀਤਾ ਇਹ ਸਮਝਣ ਦਾ ਯਤਨ ਕਰਨ ਲੱਗਾ।

ਸੰਤਰੀ ਨੇ ਮੀਤੇ ਨੂੰ ਗੇਟ ਕੋਲ ਖੜ੍ਹਾਇਆ ਅਤੇ ਆਪ ਕਾਗ਼ਜ਼-ਪੱਤਰ ਲੈ ਕੇ ਮੁਨਸ਼ੀ ਦੇ ਦਫ਼ਤਰ ਜਾ ਵੜਿਆ।

ਵਿਹਲਾ ਖੜਾ ਮੀਤਾ ਆਪਣੀ ਨਵੀਂ ਰਿਹਾਇਸ਼ ਦਾ ਜਾਇਜ਼ਾ ਲੈਣ ਲੱਗਾ।

ਹੁਣ ਤਕ ਮੀਤਾ ਕਈ ਜੇਲ੍ਹਾਂ ਗਾਹ ਚੁੱਕਾ ਸੀ। ਬਹੁਤੀਆਂ ਬੈਰਕਾਂ ਦੇ ਵਿਹੜੇ ਵਿਰਾਨ ਅਤੇ ਰੜੇ ਮੈਦਾਨ ਹੁੰਦੇ ਸਨ। ਵਿਹੜੇ ਬਣਦੇ ਤਾਂ ਕੈਦੀਆਂ ਦੇ ਸੈਰ-ਸਪਾਟੇ ਅਤੇ ਖੇਲ-ਕੁੱਦ ਲਈ ਹਨ, ਪਰ ਸਹੂਲਤਾਂ ਦੀ ਘਾਟ ਕਾਰਨ ਉਹ ਇਹ ਕੰਮ ਘੱਟ-ਵੱਧ ਹੀ ਆਉਂਦੇ ਹਨ।

ਪਰ ਇਸ ਅਹਾਤੇ ਦੇ ਰੰਗ ਨਿਆਰੇ ਸਨ। ਬੈਰਕਾਂ ਵਾਲੀ ਬਾਹੀ ਨੂੰ ਛੱਡ ਕੇ ਤਿੰਨਾਂ ਪਾਸਿਆਂ ਦੀਆਂ ਦੀਵਾਰਾਂ ਦੇ ਨਾਲ ਛਾਂਦਾਰ ਦਰੱਖ਼ਤ ਸਨ। ਦਰੱਖ਼ਤਾਂ ਦੇ ਨਾਲ-ਨਾਲ ਸੈਰ ਲਈ ਤਿੰਨ ਫ਼ੁੱਟ ਚੌੜੀ ਸੀਮਿੰਟ ਦੀ ਪਟੜੀ ਸੀ। ਬਾਕੀ ਬਚਦੇ ਵਿਹੜੇ ਵਿਚ ਅਮਰੀਕਨ ਘਾਹ ਸੀ। ਘਾਹ ਦੇ ਮੈਦਾਨ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਇਕ ਹਿੱਸੇ ਵਿਚ ਵਾਲੀਬਾਲ ਦਾ ਨੈੱਟ ਸੀ ਅਤੇ ਦੂਜੇ ਵਿਚ ਬੈਡਮਿੰਟਨ ਦਾ। ਇਕ ਕੋਨੇ ਵਿਚ ਕੁਸ਼ਤੀ ਲਈ ਛੋਟਾ ਜਿਹਾ ਅਖਾੜਾ ਸੀ।

ਆਰਜ਼ੀ ਰਸੋਈਆਂ ਵਾਲੇ ਕਮਰਿਆਂ ਨੂੰ ਬਤੌਰ ਸਟੋਰ ਵਰਤਿਆ ਜਾ ਰਿਹਾ ਸੀ। ਸਟੋਰਾਂ ਵਿਚ ਦੇਸੀ ਘਿਓ ਦੇ ਪੀਪੇ, ਸੁੱਕੇ ਦੁੱਧ ਦੇ ਡੱਬੇ, ਆਟੇ ਦੇ ਗੱਟੇ, ਵੇਸਣ ਦੀਆਂ ਥੈਲੀਆਂ, ਮਸਾਲਿਆਂ ਦੇ ਪੈਕਟ ਅਤੇ ਹੋਰ ਨਿੱਕ-ਸੁੱਕ ਪਿਆ ਸੀ।

ਸਟੋਰ ਦੇ ਨਾਲ ਪਾਣੀ ਵਾਲੀ ਡਿੱਗੀ ਸੀ। ਉਹ ਸਾਫ਼-ਸੁਥਰੇ ਪਾਣੀ ਨਾਲ ਨੱਕੋ-ਨੱਕ ਭਰੀ ਹੋਈ ਸੀ। ਟੂਟੀ ਹੁਣ ਵੀ ਪਾਣੀ ਦੀ ਰਹਿਮਤ ਬਰਸਾ ਰਹੀ ਸੀ। ਡਿੱਗੀ ਦੀਆਂ ਕੰਧਾਂ ਉਪਰੋਂ ਛਲਕ ਕੇ ਪਾਣੀ ਨਾਲੀਆਂ ਰਾਹੀਂ ਘਾਹ ਦੇ ਮੈਦਾਨ ਵਿਚ ਜਾ ਰਿਹਾ ਸੀ। ਕੋਲ ਲੱਕੜ ਦੇ ਪਟੜੇ, ਪਲਾਸਟਿਕ ਦੀਆਂ ਬਾਲਟੀਆਂ ਅਤੇ ਤੇਲ ਸਾਬਣ ਪਿਆ ਸੀ। ਸਟੋਰ ਤੋਂ ਲੈ ਕੇ ਗੇਟ ਤਕ ਰੱਸੀਆਂ ਬੰਨ੍ਹੀਆਂ ਹੋਈਆਂ ਸਨ। ਰੱਸੀਆਂ ਉਪਰ ਹਵਾਲਾਤੀਆਂ ਦੇ ਸੁੱਕਣੇ ਪਾਏ ਕੱਪੜੇ ਲਟਕ ਰਹੇ ਸਨ। ਨੀਲੇ ਪੀਲੇ ਪਟਕਿਆਂ, ਕਛਹਿਰੀਆਂ ਅਤੇ ਸਫ਼ੈਦ ਕੁੜਤੇ ਪਜਾਮਿਆਂ ਤੋਂ ਇਹਨਾਂ ਕੱਪੜਿਆਂ ਨੂੰ ਪਹਿਨਣ ਵਾਲੇ ਹਵਾਲਾਤੀਆਂ ਦੀ ਪਹਿਚਾਣ ਹੋ ਰਹੀ ਸੀ।

ਕੁਝ ਦੇਰ ਬਾਅਦ ਸੰਤਰੀ ਮੁੜਿਆ ਅਤੇ ਬਾਹੋਂ ਫੜ ਕੇ ਉਸ ਨੂੰ ਮੁਨਸ਼ੀ ਕੋਲ ਲੈ ਗਿਆ।

ਪੀਲੇ ਪਟਕੇ, ਖੁੱਲ੍ਹੀ ਦਾਹੜੀ ਅਤੇ ਸਰਬਲੋਹ ਦੇ ਮੋਟੇ ਕੜੇ ਵਾਲੇ ਮੁਨਸ਼ੀ ਦੀਆਂ ਅੱਖਾਂ ਸੂਹੀਆਂ ਸਨ। ਪਾਰਖੂਆਂ ਵਾਂਗ ਉਹ ਮੀਤੇ ਨੂੰ ਸਿਰ ਤੋਂ ਪੈਰਾਂ ਤਕ ਘੋਖਣ ਲੱਗਾ।

ਅਜੀਬ ਢੰਗ ਨਾਲ ਹੋ ਰਹੀ ਇਸ ਪੜਤਾਲ ਨੇ ਮੀਤੇ ਨੂੰ ਧੁਰ ਅੰਦਰ ਤਕ ਹਿਲਾ ਦਿੱਤਾ। ਕੜਿੱਕੀ ਵਿਚ ਫਸਿਆ ਉਹ ਮਨ ਹੀ ਮਨ ਲਾਭ ਸਿੰਘ ਨੂੰ ਗਾਲ੍ਹਾਂ ਕੱਢਣ ਲੱਗਾ।

"ਅੱਛਾ, ਤੂੰ ਹੈਂ ਮੀਤਾ ! ਫਿਰੌਤੀ ਵਸੂਲਣ ਲਈ ਬੱਚਿਆਂ ਨੂੰ ਅਗਵਾ ਕਰਨ ਵਾਲਾ। ਫਿਰੌਤੀ ਨਾ ਮਿਲਣ 'ਤੇ ਉਹਨਾਂ ਨੂੰ ਮਾਰਨ ਵਾਲਾ। ਇਕ ਖ਼ੂੰਖ਼ਾਰ ਅੱਤਵਾਦੀ। ਸਾਨੂੰ ਪਤਾ ਹੈ, ਨਾ ਤੂੰ ਬੰਟੀ ਨੂੰ ਅਗਵਾ ਕੀਤਾ ਹੈ, ਨਾ ਉਸ ਨੂੰ ਮਾਰਿਆ ਹੈ। ਸਾਨੂੰ ਇਹ ਵੀ ਪਤਾ ਹੈ, ਤੂੰ ਸਾਡਾ ਸਿੰਘ ਨਹੀਂ, ਪਰ ਕਿਉਂਕਿ ਅਦਾਲਤ ਨੇ ਤੈਨੂੰ ਸਿੰਘ ਘੋਸ਼ਿਤ ਕੀਤਾ ਹੈ, ਇਸ ਲਈ ਇਸ ਬੈਰਕ ਵਿਚ ਤੇਰਾ ਸਵਾਗਤ ਹੈ।"

ਖੜਾ ਹੋ ਕੇ ਪਹਿਲਾਂ ਮੁਨਸ਼ੀ ਨੇ ਮੀਤੇ ਦੀ ਪਿੱਠ ਥਾਪੜੀ, ਫੇਰ ਹੱਥ ਫੜ ਕੇ ਉਸ ਨੂੰ ਬੈਰਕ ਅੰਦਰ ਲੈ ਗਿਆ।

ਬੈਰਕ ਅੰਦਰਲਾ ਮਾਹੌਲ ਇਕ ਚੰਗੇ ਗੁਰਦੁਆਰੇ ਨਾਲ ਮਿਲਦਾ ਸੀ। ਤਾਜ਼ੀ ਹੋਈ ਸਫ਼ੈਦੀ ਕਾਰਨ ਕੰਧਾਂ ਚਮਕ ਰਹੀਆਂ ਸਨ। ਸਾਰੀਆਂ ਕੰਧਾਂ ਉਪਰ ਗੁਰੂਆਂ ਦੀਆਂ ਵੱਡੀਆਂ ਫ਼ੋਟੋਆਂ ਲੱਗੀਆਂ ਹੋਈਆਂ ਸਨ। ਵਿਚਕਾਰਲੀ ਖ਼ਾਲੀ ਥਾਂ ਉਪਰ ਗੁਰਬਾਣੀ ਦੀਆਂ ਤੁਕਾਂ ਉੱਕਰੀਆਂ ਹੋਈਆਂ ਸਨ। ਕਿਧਰੇ 'ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ', ਕਿਧਰੇ 'ਸਵਾ ਲਾਖ ਸੇ ਏਕ ਲੜਾਊਂ" ਅਤੇ ਕਿਧਰੇ, 'ਪੁਰਜਾ ਪੁਰਜਾ ਕਟਿ ਮਰੇ ਕਬਹੂ ਨਾ ਛਾਡੈ ਖੇਤ' ਦਾ ਮਹਾਂਵਾਕ ਹਵਾਲਾਤੀਆਂ ਨੂੰ ਸੰਘਰਸ਼ ਲਈ ਪ੍ਰੇਰ ਰਿਹਾ ਸੀ।

ਬੈਰਕ ਦੇ ਇਕ ਥੜ੍ਹੇ ਉਪਰ ਦੋ ਮੇਜ਼ ਅਤੇ ਚਾਰ ਕੁਰਸੀਆਂ ਪਈਆਂ ਸਨ। ਮੇਜ਼ਾਂ ਉਪਰ ਹੱਥ ਦੀ ਕਢਾਈ ਵਾਲੇ ਮੇਜ਼-ਪੋਸ਼ ਵਿਛੇ ਹੋਏ ਸਨ। ਮੇਜ਼-ਪੋਸ਼ ਉਪਰ ਲਿਖਣ-ਸਮੱਗਰੀ ਪਈ ਸੀ। ਮੇਜ਼ਾਂ ਵਿਚਕਾਰ ਪਈ ਤਪਾਈ ਉੱਪਰ ਪੁਸਤਕਾਂ ਅਤੇ ਅਖ਼ਬਾਰ ਪਏ ਸਨ। ਜੇਲ੍ਹ ਨਿਯਮਾਂ ਅਨੁਸਾਰ ਬੈਰਕ ਅੰਦਰ ਸਾਰੀ ਰਾਤ ਬਲਬ ਜਲਣਾ ਚਾਹੀਦਾ ਸੀ। ਬੈਰਕ ਵਿਚ ਬਲਬ ਤਾਂ ਸੀ ਪਰ ਉਸ ਦਾ ਹੁਲੀਆ ਬਦਲਿਆ ਹੋਇਆ ਸੀ। ਇਕ ਕਿੱਲੋ ਵਾਲੇ ਘਿਓ ਦੇ ਟੀਨ ਦੇ ਡੱਬੇ ਵਿਚ ਮੋਰੀਆਂ ਕਰ ਕੇ ਉਸ ਨੂੰ ਬਲਬ ਉਪਰ ਫਿੱਟ ਕੀਤਾ ਹੋਇਆ ਸੀ। ਬਿਜਲੀ ਦੀ ਵਾਧੂ ਤਾਰ ਦਾ ਪ੍ਰਬੰਧ ਕਰ ਕੇ ਬਲਬ ਨੂੰ ਨੀਵਾਂ ਕਰ ਲਿਆ ਗਿਆ ਸੀ। ਪੜ੍ਹਨ ਵਾਲਿਆਂ ਲਈ ਇਹ ਬਲਬ ਟੇਬਲ-ਲੈਂਪ ਦਾ ਕੰਮ ਦਿੰਦਾ ਸੀ ਅਤੇ ਬਾਕੀਆਂ ਨੂੰ ਆਰਾਮ ਨਾਲ ਸੌਣ ਵਿਚ ਸਹਾਈ ਹੁੰਦਾ ਸੀ। ਇਕ ਅਲਮਾਰੀ ਦੀਆਂ ਸੈਲਫ਼ਾਂ ਵਿਚ ਟਰੰਕ, ਸੂਟਕੇਸ, ਬੈਡ, ਰੇਡੀਓ ਅਤੇ ਹੋਰ ਨਿੱਕ-ਸੁੱਕ ਪਿਆ ਸੀ। ਦੂਜੀ ਦੀਆਂ ਸੈਲਫ਼ਾਂ ਵਿਚ ਸ਼ਹੀਦ ਸਿੰਘਾਂ ਦੀਆਂ ਸੁਨਹਿਰੀ ਫ਼ਰੇਮਾਂ ਵਿਚ ਜੜੀਆਂ ਤਸਵੀਰਾਂ ਪਈਆਂ ਸਨ।

ਵੱਡੀ ਕੰਧ 'ਤੇ ਟੀ.ਵੀ. ਫਿੱਟ ਸੀ। ਟੀ.ਵੀ ਦੇ ਦੋਹੀਂ ਪਾਸੀਂ ਦੋ ਸਪੀਕਰ ਸਨ। ਕੁਝ ਨੌਜਵਾਨ ਧਿਆਨ-ਮੁਦਰਾ ਵਿਚ ਬੈਠੇ ਸਨ। ਗੁਰਬਾਣੀ ਦਾ ਰਸ-ਭਿੰਨਾ ਕੀਰਤਨ ਉਹਨਾਂ ਨੂੰ 'ਉਪਰਲੇ' ਨਾਲ ਲਿਵ ਲਾਉਣ ਵਿਚ ਸਹਾਈ ਹੋ ਰਿਹਾ ਸੀ।

ਬੈਰਕ ਦੇ ਦੂਜੇ ਥੜ੍ਹੇ ਉਪਰ ਦਰੀਆਂ ਵਿਛੀਆਂ ਹੋਈਆਂ ਸਨ। ਦਰੀਆਂ ਉਪਰ ਸਫ਼ੈਦ ਚਾਦਰਾਂ ਸਨ। ਚਾਦਰਾਂ ਉਪਰ ਗਾਵੇ ਸਨ। ਥੜ੍ਹੇ ਦੇ ਅਖ਼ੀਰ 'ਤੇ ਗੱਦੀ ਸੀ। ਗੱਦੀ ਉਪਰ ਜਥੇਦਾਰ ਬੈਠਾ ਸੀ।

ਜਥੇਦਾਰ ਸੰਤਾਂ ਵਾਲੇ ਭੇਸ ਵਿਚ ਸੀ। ਉਸ ਦੇ ਚਿਹਰੇ ਉਪਰ ਸ਼ਾਂਤੀ ਅਤੇ ਅੱਖਾਂ ਵਿਚ ਨੂਰ ਸੀ। ਮੀਤਾ ਕੌਣ ਹੈ ਅਤੇ ਉਸ ਨੂੰ ਇਸ ਬੈਰਕ ਵਿਚ ਕਿਉਂ ਭੇਜਿਆ ਗਿਆ ਹੈ ? ਇਸ ਬਾਰੇ ਉਸ ਨੂੰ ਪਹਿਲਾਂ ਹੀ ਪਤਾ ਸੀ।

ਸਤਿਕਾਰ ਵਜੋਂ ਮੀਤੇ ਨੇ ਜਥੇਦਾਰ ਅੱਗੇ ਸਿਰ ਝੁਕਾਇਆ।

ਆਪਣਾ ਸੱਜਾ ਹੱਥ ਉਤਾਂਹ ਚੁੱਕ ਕੇ ਜਥੇਦਾਰ ਨੇ ਉਸ ਨੂੰ ਅਸ਼ੀਰਵਾਦ ਦਿੱਤਾ।



"ਜੇਲ੍ਹ ਵਾਲਿਆਂ ਨੇ ਤੈਨੂੰ ਇਥੇ ਮੁਸ਼ੱਕਤੀ ਬਣਾ ਕੇ ਭੇਜਿਆ ਹੈ, ਪਰ ਅਸੀਂ ਤੈਨੂੰ ਮੁਸ਼ੱਕਤੀ ਨਹੀਂ ਸਮਝਦੇ। ਤੂੰ ਸਾਡਾ ਭਰਾ ਹੈਂ। ਅਸੀਂ ਸਰਕਾਰ ਦੇ ਫ਼ੈਸਲੇ 'ਤੇ ਫੁੱਲ ਚੜ੍ਹਾਵਾਂਗੇ। ਤੈਨੂੰ ਪੂਰਾ ਸਿੰਘ ਸਜਾਵਾਂਗੇ। ਤੇਰੇ ਹੱਥ ਸਟੇਨਗੰਨ ਫੜਾਵਾਂਗੇ।"

"ਪਹਿਲਾਂ ਆਪਣੀਆਂ ਭੈੜੀਆਂ ਆਦਤਾਂ ਛੱਡ। ਨਿਤਨੇਮ ਕਰਨਾ ਸਿੱਖ। ਹਾਲੇ ਤੂੰ ਲਾਂਗਰੀ ਨਾਲ ਰਹਿ। ਜੋ ਆਖੇ ਉਹ ਕਰ।"

"ਸਤਿ ਬਚਨ" ਆਖ ਕੇ ਮੀਤੇ ਨੇ ਹੁਕਮ ਸਵੀਕਾਰ ਕੀਤਾ।

ਜਥੇਦਾਰ ਦਾ ਹੱਥ ਹੇਠ ਹੁੰਦਿਆਂ ਹੀ ਉਸ ਕੋਲ ਬੈਠਾ ਇਕ ਸਿੰਘ ਉਠਿਆ ਅਤੇ ਮੀਤੇ ਨੂੰ ਲੰਗਰ ਵੱਲ ਲੈ ਤੁਰਿਆ।

ਲੰਗਰ ਵਿਚ ਜਾਣ ਲਈ ਉਹਨਾਂ ਨੂੰ ਬੈਰਕ ਦੀ ਆਖ਼ਰੀ ਵਿਚਕਾਰਲੀ ਕੰਧ ਵਿਚ ਬਣੇ ਦਰਵਾਜ਼ੇ ਥਾਣੀਂ ਲੰਘਣਾ ਪਿਆ।

ਦਰਵਾਜ਼ੇ ਦੇ ਅੰਦਰ ਖੱਬੇ ਹੱਥ ਚਾਰ ਫ਼ਲੱਸ਼ ਅਤੇ ਚਾਰ ਗੁਸਲਖ਼ਾਨੇ ਸਨ। ਵਾਸ਼-ਵੇਸਨ ਅਤੇ ਮੂੰਹ ਦੇਖਣ ਵਾਲੇ ਸ਼ੀਸ਼ੇ ਸਨ। ਹੱਥ ਧੋਣ ਲਈ ਸਾਬਣ ਅਤੇ ਤੌਲੀਏ ਸਨ। ਫ਼ਲੱਸ਼ਾਂ ਵਿਚੋਂ ਤਾਜ਼ੀ ਛਿੜਕੀ ਫਨੈਲ ਦੀ ਖ਼ੁਸ਼ਬੂ ਆ ਰਹੀ ਸੀ।

ਸੱਜੇ ਪਾਸੇ ਸੈਲਫ਼ਾਂ ਪਾ ਕੇ ਇੰਨੀ ਹੀ ਥਾਂ ਵਿਚ ਰਸੋਈ ਬਣਾਈ ਗਈ ਸੀ। ਰਸੋਈ ਵਿਚ ਸਰਦੇ-ਪੁੱਜਦੇ ਘਰ ਜਿੰਨਾ ਭਾਂਡਾ-ਠੀਕਰ ਸੀ। ਵਿਚਕਾਰਲੀ ਸ਼ੈਲਫ਼ ਕਾਜੂਆਂ, ਬਦਾਮਾਂ, ਕਿਸ਼ਮਿਸ਼ ਅਤੇ ਮਗਜ਼ਾਂ ਨਾਲ ਭਰੇ ਡੱਬਿਆਂ ਨਾਲ ਭਰੀ ਹੋਈ ਸੀ।

ਜਦੋਂ ਉਹ ਲੰਗਰ ਵਿਚ ਵੜੇ, ਲਾਂਗਰੀ ਭਾਂਡੇ ਮਾਂਜ ਰਿਹਾ ਸੀ।

ਮੀਤੇ ਦੇ ਖਾਨਿਉਂ ਗਈ। ਜਾਪਦਾ ਸੀ ਲੰਗਰ ਮਸਤਾਨਾ ਹੋ ਚੁੱਕਾ ਹੈ।

ਲਾਂਗਰੀ ਦਾ ਹੁਲੀਆ ਦੇਖ ਕੇ ਮੀਤਾ ਇਕ ਵਾਰ ਫੇਰ ਭੰਬਲ-ਭੂਸੇ ਵਿਚ ਪੈ ਗਿਆ।

ਉਸ ਦੀ ਉਮਰ ਚਾਲੀ ਦੇ ਕਰੀਬ ਸੀ। ਸ਼ਕਲ ਸੂਰਤ ਤੋਂ ਉਹ ਨਿਪਾਲੀ ਜਾਪਦਾ ਸੀ। ਮੂੰਹ 'ਤੇ ਦਾੜ੍ਹੀ ਮੁੱਛ ਨਹੀਂ ਸੀ, ਪਰ ਸੀ ਉਹ ਪੂਰਨ ਸਿੱਖੀ ਬਾਣੇ ਵਿਚ।

"ਪਹੇਲੀਆਂ ਫੇਰ ਬੁੱਝ ਲਵਾਂਗੇ। ਪਹਿਲਾਂ ਪੇਟ ਦੀ ਅੱਗ ਬੁਝਾਈਏ।"

ਸੋਚਦੇ ਮੀਤੇ ਨੇ ਆਪਣੀ ਜਾਣ-ਪਹਿਚਾਣ ਕਰਾਉਣ ਵਰਗੀ ਕੋਈ ਉਪਚਾਰਕਤਾ ਨਿਭਾਏ ਬਿਨਾਂ ਲਾਂਗਰੀ ਕੋਲ ਅਰਜ਼ੋਈ ਕੀਤੀ।

"ਬਾਬਿਓ, ਭੁੱਖ ਲੱਗੀ ਹੈ। ਕੁਝ ਖਾਣ ਨੂੰ ਮਿਲੂ ?"

"ਜ਼ਰੂਰ ਮਿਲੂ। ਆਪਾਂ ਹੁਣੇ ਬਣਾਉਂਦੇ ਹਾਂ। ਓਨਾ ਚਿਰ ਆਹ ਕੜਾਹ ਪ੍ਰਸ਼ਾਦ ਛਕੋ।"

ਆਖਦੇ ਲਾਂਗਰੀ ਨੇ ਸਟੀਲ ਦੇ ਇਕ ਵੱਡੇ ਡੋਲੂ ਦਾ ਢੱਕਣ ਖੋਲ੍ਹਿਆ, ਉਸ ਵਿਚੋਂ ਕੜਾਹ ਪ੍ਰਸ਼ਾਦ ਕੱਢ ਕੇ ਲੋਹੇ ਦੇ ਇਕ ਬਾਟੇ ਵਿਚ ਪਾਇਆ ਅਤੇ ਉਸ ਅੱਗੇ ਪਰੋਸ ਦਿੱਤਾ।

ਬਾਟੇ 'ਤੇ ਟੁੱਟਣ ਤੋਂ ਪਹਿਲਾਂ ਮੀਤੇ ਨੇ ਦੋਵੇਂ ਹੱਥ ਜੋੜ ਕੇ ਰੱਬ ਦਾ ਸ਼ੁਕਰ ਕੀਤਾ।

ਢਿੱਡ ਭਰਨ ਬਾਅਦ ਉਸ ਨੇ ਰੱਬ ਜਿੰਨਾ ਹੀ ਲਾਭ ਸਿੰਘ ਦਾ ਧੰਨਵਾਦ ਕੀਤਾ। ਉਸੇ ਦੀ ਕਿਰਪਾ ਨਾਲ ਅੱਜ ਉਸ ਨੂੰ ਜ਼ਿੰਦਗੀ ਵਿਚ ਪਹਿਲੀ ਵਾਰ ਛੱਤੀ ਪ੍ਰਕਾਰ ਦਾ ਭੋਜਨ ਨਸੀਬ ਹੋਇਆ ਸੀ।

# 12

ਭੁੱਖ ਨਾਲੋਂ ਵੱਧ ਖਾ ਜਾਣ ਕਾਰਨ ਪਾਲੇ ਨੂੰ ਭੱਸ ਡਕਾਰ ਲੱਗੇ ਹੋਏ ਸਨ। ਫੇਰ ਵੀ ਉਹ, ਉਸ ਅਪਾਰ ਕਿਰਪਾ ਲਈ ਲਾਭ ਸਿੰਘ ਨੂੰ ਅਸੀਸਾਂ ਦੇ ਰਿਹਾ ਸੀ। ਨੌਕਰਾਂ ਵਾਲੇ ਕਮਰੇ 'ਚ, ਸਾਫ਼-ਸੁਥਰੇ ਬਿਸਤਰੇ 'ਤੇ ਪਿਆ ਉਹ ਮੀਤੇ ਨੂੰ ਵੀ ਯਾਦ ਕਰ ਰਿਹਾ ਸੀ। ਕੱਲ੍ਹ ਚੱਕਰ ਵਿਚ ਉਸ ਨੂੰ ਲਾਭ ਸਿੰਘ ਨੇ ਠੀਕ ਹੀ ਕਿਹਾ ਸੀ। "ਰਾਤ ਨੂੰ ਜਦੋਂ ਢਿੱਡ ਭਰ ਕੇ ਸੌਂਵਾਂਗੇ ਤਾਂ ਤੁਹਾਨੂੰ ਅਸੀਸਾਂ ਦੇਵਾਂਗੇ।"

ਪਾਲਾ ਕਈ ਬੈਰਕਾਂ ਵਿਚ ਪੈੜਾਂ ਪਾ ਚੁੱਕਾ ਸੀ, ਪਰ ਜੇਲ੍ਹ ਵਿਚ ਕੋਠੀ ਅਤੇ ਕੋਠੀ ਵਿਚ ਮਹਾਰਾਜਿਆਂ ਵਰਗੇ ਕੈਦੀ ਉਸ ਨੇ ਪਹਿਲੀ ਵਾਰ ਦੇਖੇ ਸਨ।

ਪੁੱਛਣ 'ਤੇ ਪਤਾ ਲੱਗਾ ਕਿ ਇਸ ਕੋਠੀ ਦਾ ਨਿਰਮਾਣ, ਐਮਰਜੈਂਸੀ ਦੇ ਦਿਨਾਂ ਵਿਚ ਫੜੇ ਉੱਚਕੋਟੀ ਦੇ ਨੇਤਾਵਾਂ ਨੂੰ ਨਜ਼ਰਬੰਦ ਕਰਨ ਲਈ ਕੀਤਾ ਗਿਆ ਸੀ। ਨੇਤਾਵਾਂ ਦੀ ਸੁਵਿਧਾ ਨੂੰ ਧਿਆਨ ਵਿਚ ਰੱਖਦਿਆਂ ਇਸ ਇਮਾਰਤ ਨੂੰ ਬੈਰਕਾਂ ਦੇ ਸ਼ੋਰ-ਸ਼ਰਾਬੇ ਤੋਂ ਦੂਰ ਇਕ ਨੁੱਕਰ ਵਿਚ ਬਣਾਇਆ ਗਿਆ ਸੀ। ਮਹਿਮਾਨ ਕੈਦੀਆਂ ਦੇ ਫ਼ਰਾਰ ਹੋਣ ਦਾ ਕੋਈ ਖ਼ਤਰਾ ਨਹੀਂ ਸੀ, ਇਸ ਲਈ ਕੋਠੀ ਦੀ ਬਾਹਰਲੀ ਚਾਰਦੀਵਾਰੀ ਨੌਂ ਦੀ ਥਾਂ ਚਾਰ ਫ਼ੁੱਟ ਉੱਚੀ ਰੱਖੀ ਗਈ ਸੀ। ਚਿੰਤਨ ਅਤੇ ਖਾਧਾ ਪੀਤਾ ਹਜ਼ਮ ਕਰਨ ਲਈ ਨੇਤਾਵਾਂ ਦਾ ਚਹਿਲ-ਕਦਮੀਂ ਕਰਨਾ ਜ਼ਰੂਰੀ ਸੀ। ਇਸ ਲਈ ਕੋਠੀ ਦੇ ਬਾਹਰ ਲੰਬੇ ਚੌੜੇ ਲਾਅਨ ਬਣਾਏ ਗਏ ਸਨ। ਲਾਅਨਾਂ ਵਿਚ ਗੱਦੇਦਾਰ ਘਾਹ ਅਤੇ ਵੰਨ-ਸੁਵੰਨੇ ਫੁੱਲ ਉਗਾਏ ਗਏ ਸਨ। ਧੁੱਪ ਸੇਕਣ ਲਈ ਬਾਂਸ ਦੀਆਂ ਕੁਰਸੀਆਂ ਸਨ, ਜੋ ਸਾਰਾ ਦਿਨ ਲਾਅਨ ਵਿਚ ਪਈਆਂ ਰਹਿੰਦੀਆਂ ਸਨ।

ਕੋਠੀ ਵਿਚ ਚਾਰ ਬੈੱਡਰੂਮ ਸਨ। ਹਰ ਕਮਰੇ ਵਿਚ ਡਬਲ ਬੈੱਡ ਸੀ। ਪੜ੍ਹਨ-ਲਿਖਣ ਲਈ ਛੋਟਾ ਮੇਜ਼ ਸੀ। ਮੇਜ਼ ਉਪਰ ਟੇਬਲ ਲੈਂਪ ਸੀ। ਮੁਲਾਕਾਤੀਆਂ ਦੇ ਬੈਠਣ ਲਈ ਦੋ-ਦੋ ਸੀਟਾਂ ਵਾਲੀਆਂ ਦੋ ਸੈਟੀਆਂ ਸਨ। ਵਿਚਕਾਰ ਇਕ ਛੋਟਾ ਮੇਜ਼ ਸੀ। ਦੀਵਾਰਾਂ ਉਪਰ ਪੇਂਟਿੰਗ ਲੱਗੀਆਂ ਹੋਈਆਂ ਸਨ। ਜ਼ਿਆਦਾ ਰੌਸ਼ਨੀ ਲਈ ਟਿਊਬ ਸੀ। ਰਾਤ ਨੂੰ ਜਗਾਉਣ ਲਈ ਜ਼ੀਰੋ ਵਾਟ ਦਾ ਹਲਕਾ ਨੀਲਾ ਬਲਬ। ਕੱਪੜਾ-ਲੀੜਾ ਰੱਖਣ ਲਈ ਕੱਪ-ਬੋਰਡ ਸੀ। ਛੋਟਾ ਡਰੈਸਿੰਗ ਟੇਬਲ ਸੀ। ਗਰਮੀਆਂ ਲਈ ਕੂਲਰ ਸੀ।

ਹਰ ਬੈੱਡਰੂਮ ਵਿਚ ਬਾਥਰੂਮ ਸੀ। ਬਾਥਰੂਮ ਵਿਚ ਗਰਮ ਪਾਣੀ ਲਈ ਗੀਜ਼ਰ ਸੀ। ਨਹਾਉਣ ਲਈ ਟੱਬ ਅਤੇ ਸ਼ਾਵਰ ਸੀ।

ਇਕ ਸਾਂਝਾ ਡਰਾਇੰਗ ਰੂਮ ਸੀ। ਉਸ ਵਿਚ ਤਿੰਨ-ਤਿੰਨ ਸੀਟਾਂ ਵਾਲੇ ਚਾਰ ਸੋਫ਼ੇ ਸਨ। ਵਿਚਕਾਰ ਸ਼ੀਸ਼ੇ ਦਾ ਵੱਡਾ ਮੇਜ਼ ਸੀ। ਮੇਜ਼ ਉੱਪਰ ਤਾਜ਼ੇ ਫੁੱਲਾਂ ਦਾ ਗੁਲਦਸਤਾ ਸੀ। ਇਕ ਪਾਸੇ ਸ਼ੀਸ਼ਿਆਂ ਵਾਲੀ ਅਲਮਾਰੀ ਸੀ। ਅਲਮਾਰੀ ਵਿਚ ਸੋਹਣੀਆਂ-ਸੋਹਣੀਆਂ ਜਿਲਦਾਂ ਵਾਲੀਆਂ ਸੈਂਕੜੇ ਕਿਤਾਬਾਂ ਸਨ। ਅਖ਼ਬਾਰ ਸਨ, ਰਸਾਲੇ ਸਨ। ਦੀਵਾਰ ਉਪਰ ਨਹਿਰੂ, ਗਾਂਧੀ ਅਤੇ ਸੁਭਾਸ਼ ਦੀਆਂ ਤਸਵੀਰਾਂ ਸਨ।



ਡਰਾਇੰਗ ਰੂਮ ਦੀ ਇਕ ਨੁੱਕਰ ਵਿਚ ਡਾਈਨਿੰਗ ਹਾਲ ਸੀ। ਛੇ ਕੁਰਸੀਆਂ ਵਾਲਾ ਡਾਈਨਿੰਗ ਸੈੱਟ ਸੀ। ਨਾਲ ਵੱਡਾ ਫ਼ਰਿੱਜ ਸੀ। ਫ਼ਰਿੱਜ ਸੋਡੇ, ਪੈਪਸੀ ਅਤੇ ਮੀਟ ਮੁਸੱਲਮ ਨਾਲ ਭਰਿਆ ਹੋਇਆ ਸੀ।

ਇਕ ਪਾਸੇ ਕਿਚਨ ਸੀ। ਕਿਚਨ ਵਿਚ ਹਰ ਆਧੁਨਿਕ ਸਹੂਲਤ ਉਪਲਬਧ ਸੀ।

ਕਈਆਂ ਸਾਲਾਂ ਤੋਂ ਰਾਜਨੀਤਿਕ ਮਾਹੌਲ ਸ਼ਾਂਤ ਸੀ। ਨੇਤਾਵਾਂ ਦੀ ਫੜ-ਫੜਾਈ ਬੰਦ ਸੀ। ਉਚਿਤ ਕੈਦੀਆਂ ਦੇ ਨਾ ਹੋਣ ਕਾਰਨ ਕੋਠੀ ਬੰਦ ਸੀ। ਕਦੇ-ਕਦੇ ਇਸ ਨੂੰ ਸਟੋਰ ਦੇ ਤੌਰ 'ਤੇ ਵਰਤ ਲਿਆ ਜਾਂਦਾ ਸੀ।

ਮੁੱਖ ਮੰਤਰੀ ਦੀ ਪਾਰਟੀ ਦੇ ਇਕ ਵਿਧਾਇਕ ਨੂੰ ਕਤਲ ਕੇਸ ਵਿਚ ਸਜ਼ਾ ਹੋਈ ਸੀ। ਹੁਣ ਉਸ ਦੀ ਰਿਹਾਈ ਹੋਣ ਵਾਲੀ ਸੀ। ਮੁੱਖ ਮੰਤਰੀ ਚਾਹੁੰਦਾ ਸੀ ਕਿ ਰਿਹਾਈ ਤੋਂ ਪਹਿਲਾਂ ਵਿਧਾਇਕ ਨੂੰ ਘਰ ਵਰਗਾ ਮਾਹੌਲ ਮਿਲਣਾ ਚਾਹੀਦਾ ਹੈ।

ਲੋਕਾਂ ਨੂੰ ਸ਼ੱਕ ਸੀ ਕਿ ਉਸ ਨੂੰ ਜੇਲ੍ਹ ਮੁੱਖ ਮੰਤਰੀ ਨੇ ਹੀ ਪਹੁੰਚਾਇਆ ਸੀ।

ਨਛੱਤਰ ਸਿੰਘ ਪਹਿਲੀ ਵਾਰੀ ਵਿਧਾਇਕ ਬਣਿਆ ਸੀ। ਉਸ ਦੇ ਮਨ ਵਿਚ ਲੋਕਾਂ ਦੀ ਸੇਵਾ ਕਰਨ ਦੀ ਰੀਝ ਸੀ। ਉਸ ਦਾ ਹਲਕਾ ਪੱਛੜਿਆ ਹੋਇਆ ਸੀ। ਦਸਾਂ ਪਿੰਡਾਂ ਪਿੱਛੇ ਮਸਾਂ ਇਕ ਸਕੂਲ ਸੀ। ਸਕੂਲ ਸੀ ਤਾਂ ਅਧਿਆਪਕ ਨਹੀਂ ਸਨ। ਇਹੋ ਹਾਲ ਹਸਪਤਾਲਾਂ ਦਾ ਸੀ। ਬਿਜਲੀ ਸੀ, ਟਿਊਬਵੈੱਲਾਂ ਲਈ ਕੁਨੈਕਸ਼ਨ ਨਹੀਂ ਸਨ। "ਉਹ ਸੱਤਾਧਾਰੀ ਪਾਰਟੀ ਦਾ ਵਿਧਾਇਕ ਸੀ। ਉਸ ਦੇ ਕੰਮ ਪਹਿਲ ਦੇ ਆਧਾਰ 'ਤੇ ਹੋਣੇ ਚਾਹੀਦੇ ਸਨ।" ਇਹ ਉਸ ਦੀ ਸੋਚ ਸੀ।

ਉਤਸ਼ਾਹ ਨਾਲ ਭਰਿਆ ਉਹ ਨਵੀਆਂ-ਨਵੀਆਂ ਯੋਜਨਾਵਾਂ ਘੜਦਾ ਅਤੇ ਸਰਕਾਰ ਅੱਗੇ ਜਾ ਧਰਦਾ। ਬਹੁਤੀਆਂ ਯੋਜਨਾਵਾਂ ਬਾਬੂਆਂ ਦੇ ਮੇਜ਼ਾਂ ਉਪਰ ਦਮ ਤੋੜ ਜਾਂਦੀਆਂ। ਜੁੱਤੀਆਂ ਘਸਾ ਕੇ ਕੋਈ ਯੋਜਨਾ ਕਿਸੇ ਮੰਤਰੀ ਦੇ ਮੇਜ ਤਕ ਪੁੱਜਦੀ ਤਾਂ ਆਨੇ-ਬਹਾਨੇ ਮੰਤਰੀ ਟਾਲ ਦਿੰਦਾ।

ਇਹ ਸਮੱਸਿਆ ਇਕੱਲੇ ਨਛੱਤਰ ਸਿੰਘ ਦੀ ਨਹੀਂ ਸੀ, ਉਸ ਵਰਗੇ ਕਈ ਹੋਰ ਵਿਧਾਇਕ ਵੀ ਸਨ। ਕਈਆਂ ਨੂੰ ਤਾਂ ਅਗਲੀਆਂ ਚੋਣਾਂ ਜਿੱਤਣੀਆਂ ਅਸੰਭਵ ਲੱਗਣ ਲੱਗ ਪਈਆਂ ਸਨ।

ਸਰਕਾਰ ਉਪਰ ਦਬਾਅ ਪਾਉਣ ਲਈ ਇਹਨਾਂ ਵਿਧਾਇਕਾਂ ਨੇ ਇਕ ਧੜਾ ਬਣਾ ਲਿਆ। ਏਕੇ ਦਾ ਵਿਖਾਵਾ ਕਰਨ ਲਈ ਇਕ-ਦੂਜੇ ਦੇ ਘਰ ਚਾਹ ਜਾਂ ਖਾਣੇ 'ਤੇ ਇਕੱਠੇ ਹੋਣ ਦਾ ਪ੍ਰੋਗਰਾਮ ਬਣਾ ਲਿਆ। ਵਿਧਾਨ ਸਭਾ ਵਿਚ ਉਹ ਸਰਕਾਰ ਵਿਰੁੱਧ ਦੱਬਵੀਂ ਸੁਰ ਵਿਚ ਬੋਲਦੇ। ਪਾਰਟੀ ਮੀਟਿੰਗਾਂ ਵਿਚ ਸੁਰ ਉੱਚੀ ਹੋ ਜਾਂਦੀ। ਸਾਂਝੀ ਸੁਰ ਰੰਗ ਲਿਆਉਣ ਲੱਗੀ। ਮੰਤਰੀਆਂ ਦੇ ਹਲਕਿਆਂ ਲਈ ਮਨਜ਼ੂਰ ਹੋਏ ਸਕੂਲ ਅਤੇ ਹਸਪਤਾਲ ਖਿਸਕ ਕੇ ਇਹਨਾਂ ਵਿਧਾਇਕਾਂ ਦੇ ਹਲਕਿਆਂ ਵਿਚ ਆਉਣ ਲੱਗੇ। ਪਹੇ, ਪੱਕੀਆਂ ਸੜਕਾਂ ਵਿਚ ਬਦਲਣ ਲੱਗੇ।

"ਸਾਡੀ ਬਿੱਲੀ, ਸਾਨੂੰ ਮਿਆਉਂ।" ਧੜੇ ਦੀ ਵਧਦੀ ਤਾਕਤ ਮੁੱਖ ਮੰਤਰੀ ਨੂੰ ਖ਼ਤਰੇ ਦੀ ਘੰਟੀ ਜਾਪਣ ਲੱਗੀ। ਸੱਪ ਨੂੰ ਖੁੱਡ ਵਿਚੋਂ ਨਿਕਲਣ ਤੋਂ ਪਹਿਲਾਂ ਹੀ ਨੱਪ ਦੇਣ ਲਈ ਉਚਿਤ ਮੌਕੇ ਦੀ ਤਲਾਸ਼ ਹੋਣ ਲੱਗੀ।

ਕੁਝ ਮਹੀਨਿਆਂ ਬਾਅਦ ਬਟੇਰਾ ਆਪੇ ਪੈਰ ਹੇਠ ਆ ਗਿਆ।

ਵਿਧਾਇਕ ਚੁਣੇ ਜਾਣ ਤੋਂ ਪਹਿਲਾਂ ਨਛੱਤਰ ਸਿੰਘ ਦਸ ਸਾਲ ਪਿੰਡ ਦਾ ਸਰਪੰਚ ਰਿਹਾ ਸੀ। ਸਰਪੰਚ ਉਹ ਗਿੱਲਾਂ ਦੀ ਹਮਾਇਤ ਅਤੇ ਉਹਨਾਂ ਦੀਆਂ ਵੋਟਾਂ ਦੇ ਸਿਰ 'ਤੇ ਬਣਦਾ ਸੀ।

ਅਹਿਸਾਨ ਦਾ ਬਦਲਾ ਚੁਕਾਉਣ ਲਈ ਪੰਚਾਇਤ ਦੀ ਵੀਹ ਏਕੜ ਜ਼ਮੀਨ ਉਸ ਨੇ ਗਿੱਲਾਂ ਨੂੰ ਠੇਕੇ ਉਪਰ ਦੇ ਰੱਖੀ ਸੀ। ਸਰਪੰਚ ਦੀ ਗੱਲ ਮੋੜਨ ਦੀ ਕਿਸੇ ਵਿਚ ਹਿੰਮਤ ਨਹੀਂ ਸੀ। ਸੌ ਦੋ ਸੌ ਰੁਪਏ ਵੱਧ ਕੇ ਬੋਲੀ ਹਰ ਸਾਲ ਗਿੱਲਾਂ ਦੇ ਹੱਕ ਵਿਚ ਟੁੱਟ ਜਾਂਦੀ ਸੀ।

ਪਿਛਲੀਆਂ ਚੋਣਾਂ ਵਿਚ ਨਛੱਤਰ ਸਿੰਘ ਦੇ ਪਿੰਡ ਦੀ ਸਰਪੰਚੀ ਦਲਿਤਾਂ ਲਈ ਰਾਖਵੀਂ ਹੋ ਗਈ। ਉਸ ਦੀ ਢਾਣੀ ਵਿਚ ਸਰਪੰਚ ਦੀ ਚੋਣ ਜਿੱਤਣ ਵਾਲਾ ਇਕ ਵੀ ਦਲਿਤ ਨਹੀਂ ਸੀ। ਆਪਣੀ ਹਾਰ ਦਾ ਬਦਲਾ ਲੈਣ ਲਈ ਲੰਬੜਾਂ ਨੇ ਪੂਛ ਚੁੱਕ ਲਈ। ਉਹਨਾਂ ਨੇ ਆਪਣੀ ਸਾਰੀ ਤਾਕਤ ਮਾੜਾ ਸਿੰਘ ਪਿੱਛੇ ਝੋਕ ਦਿੱਤੀ।

ਸਰਪੰਚੀ ਦੇ ਨਾਲ-ਨਾਲ ਮਾੜਾ ਸਿੰਘ ਨੇ ਇਕ ਹੋਰ ਸਹੁੰ ਚੁੱਕੀ।

"ਚੋਣ ਮੈਂ ਨਹੀਂ, ਲੰਬੜਾਂ ਨੇ ਜਿੱਤੀ ਹੈ। ਮੈਂ ਉਹਨਾਂ ਦੀ ਰਬੜ ਦੀ ਮੋਹਰ ਹਾਂ। ਜਿਥੇ ਆਖਣਗੇ ਅੱਖਾਂ ਮੀਚ ਕੇ ਅੰਗੂਠਾ ਲਾ ਦੇਵਾਂਗਾ।"

ਲੰਬੜਾਂ ਦੀਆਂ ਅੱਖਾਂ ਵਿਚ ਗਿੱਲਾਂ ਵਾਲੀ ਜ਼ਮੀਨ ਰੜਕਦੀ ਸੀ।

ਗਿੱਲਾਂ ਨੂੰ ਕਾਗ਼ਜ਼ੀਂ-ਪੱਤਰੀਂ ਹੋਈ ਬੋਲੀ ਦਾ ਪਤਾ ਉਦੋਂ ਹੀ ਲੱਗਾ, ਜਦੋਂ ਲੰਬੜਾਂ ਦੇ ਟਰੈਕਟਰ ਜ਼ਮੀਨ ਵਿਚ ਭੜਥੂ ਪਾਉਣ ਲੱਗੇ।

ਉਸ ਸਮੇਂ ਗਿੱਲ ਚੁੱਪ ਰਹੇ। ਵਿਧਾਇਕ ਬਾਹਰ ਗਿਆ ਹੋਇਆ ਸੀ। ਉਸ ਦੀ ਗ਼ੈਰ-ਹਾਜ਼ਰੀ ਵਿਚ ਮੌਕਾ ਸੰਭਾਲਣਾ ਮੁਸ਼ਕਿਲ ਸੀ।

ਨਛੱਤਰ ਦੇ ਪਿੰਡ ਵੜਦਿਆਂ ਹੀ ਉਹਨਾਂ ਜ਼ਮੀਨ ਵਿਚ ਆਪਣੇ ਹਲ ਚਲਾ ਦਿੱਤੇ।

ਦੋਵੇਂ ਧਿਰਾਂ ਆਪਣਾ-ਆਪਣਾ ਕਬਜ਼ਾ ਜਤਾਉਣ ਲੱਗੀਆਂ।

ਲੰਬੜਾਂ ਦੇ ਨਾਲ-ਨਾਲ ਨਛੱਤਰ ਸਿੰਘ ਨੂੰ ਨਵੇਂ ਸਰਪੰਚ ਨਾਲ ਗਿਲਾ ਸੀ। ਉਹ ਬਿਨਾਂ ਮਤਲਬ ਪਾਰਟੀਬਾਜ਼ੀ ਨੂੰ ਸ਼ਹਿ ਦੇ ਰਿਹਾ ਸੀ। ਜੇ ਬੋਲੀ ਸੱਥ ਵਿਚ ਹੋਈ ਹੁੰਦੀ ਤਾਂ ਵਿਧਾਇਕ ਆਪੇ ਗਿੱਲਾਂ ਤੋਂ ਕਬਜ਼ਾ ਲੈ ਕੇ ਦਿੰਦਾ। ਧੋਖਾ ਉਸ ਨੂੰ ਮਨਜ਼ੂਰ ਨਹੀਂ ਸੀ।

ਜ਼ਮੀਨ ਹੱਥੋਂ ਖੁੱਸਦੀ ਦੇਖ ਕੇ ਲੰਬੜਾਂ ਨੇ ਮਸਲੇ ਨੂੰ ਨਵਾਂ ਰੰਗ ਚਾੜ੍ਹ ਦਿੱਤਾ। ਪਿੰਡ ਦੇ ਨਾਲ-ਨਾਲ ਉਹ ਅਖ਼ਬਾਰਾਂ ਵਿਚ ਭੰਡੀ ਪ੍ਰਚਾਰ ਕਰਨ ਲੱਗੇ।

"ਨਛੱਤਰ ਸਿੰਘ ਤੋਂ ਦਲਿਤ ਸਰਪੰਚ ਬਰਦਾਸ਼ਤ ਨਹੀਂ ਹੋ ਰਿਹਾ। ਉਸ ਨੂੰ ਨੀਚਾ ਦਿਖਾਉਣ ਲਈ ਉਹ ਪੰਚਾਇਤ ਦੇ ਸਰਬਸੰਮਤੀ ਨਾਲ ਹੋਏ ਫ਼ੈਸਲੇ ਲਾਗੂ ਨਹੀਂ ਹੋਣ ਦਿੰਦਾ। ਉਹ ਸਰਪੰਚ ਨੂੰ ਗੱਦੀਉਂ ਲਾਹੁਣ ਲਈ ਮਨਸੂਬੇ ਘੜ ਰਿਹਾ ਹੈ।"

ਤੈਸ਼ ਵਿਚ ਆਏ ਮਾੜਾ ਸਿੰਘ ਨੇ ਆਪਣੇ ਭਾਈਚਾਰੇ ਨੂੰ ਉਸ ਦੀ ਹਮਾਇਤ 'ਤੇ ਆਉਣ ਅਤੇ ਵਿਧਾਇਕ ਵਿਰੁੱਧ ਮੋਰਚਾ ਲਾਉਣ ਦਾ ਸੱਦਾ ਦੇ ਦਿੱਤਾ।

ਵਿਰੋਧੀ ਧਿਰ ਨੂੰ ਸਰਕਾਰ ਨੂੰ ਘੇਰਨ ਦਾ ਮੌਕਾ ਮਿਲ ਗਿਆ। ਵਿਰੋਧੀ ਧਿਰ ਦੇ ਨੇਤਾ ਨੇ ਪ੍ਰੈੱਸ ਕਾਨਫ਼ਰੰਸ ਬੁਲਾਈ ਅਤੇ ਦਲਿਤ ਸਰਪੰਚ ਦੀ ਹਮਾਇਤ ਦਾ ਐਲਾਨ ਕਰ ਦਿੱਤਾ।

ਮੁੱਖ ਮੰਤਰੀ ਦੀ ਹਾਲਤ ਪਹਿਲਾਂ ਹੀ ਪਤਲੀ ਸੀ। ਮੁਫ਼ਤ ਵਿਚ ਵਿਰੋਧੀ ਧਿਰ ਦੇ ਹੱਥ ਮਜ਼ਬੂਤ ਹੁੰਦੇ ਉਸ ਤੋਂ ਬਰਦਾਸ਼ਤ ਨਾ ਹੋਏ। ਉਸ ਨੇ ਝੱਟ ਨਛੱਤਰ ਸਿੰਘ ਨੂੰ ਰਾਜਧਾਨੀ ਬੁਲਾਇਆ। ਆਪਣੇ ਸਮਰਥਕਾਂ ਕੋਲੋਂ ਝੱਟ ਜ਼ਮੀਨ ਖ਼ਾਲੀ ਕਰਾਉਣ ਦਾ ਹੁਕਮ ਸੁਣਾਇਆ।

ਨਛੱਤਰ ਸਿੰਘ ਲਈ ਇਹ ਕੰਮ ਓਨਾ ਆਸਾਨ ਨਹੀਂ ਸੀ, ਜਿੰਨਾ ਮੁੱਖ ਮੰਤਰੀ ਸਮਝ ਰਿਹਾ ਸੀ। ਗਿੱਲ ਹਮੇਸ਼ਾ ਉਸ ਨਾਲ ਸੱਜੀ ਬਾਂਹ ਬਣ ਕੇ ਖੜਦੇ ਰਹੇ ਸਨ। ਚੋਣਾਂ ਸਮੇਂ ਪੈਸਾ ਪਾਣੀ ਵਾਂਗ ਵਹਾਉਂਦੇ ਸਨ ਅਤੇ ਵੋਟਾਂ ਕੋਲ ਖੜ੍ਹ-ਖੜ੍ਹ ਪਵਾਉਂਦੇ ਸਨ। ਨਛੱਤਰ ਤੱਕ ਉਹਨਾਂ ਨੂੰ ਪਹਿਲੀ ਵਾਰੀ ਕੰਮ ਪਿਆ ਸੀ। ਉਹ ਉਹਨਾਂ ਨੂੰ ਪਿੱਠ ਨਹੀਂ ਸੀ ਦਿਖਾ ਸਕਦਾ।

ਉਹ ਕਿਸੇ ਅਜਿਹੇ ਹੱਲ ਦੀ ਤਲਾਸ਼ ਵਿਚ ਸੀ ਜਿਸ ਨਾਲ ਸੱਪ ਵੀ ਮਰ ਜਾਵੇ ਅਤੇ ਲਾਠੀ ਵੀ ਨਾ ਟੁੱਟੇ।



ਮਿੱਤਰ ਨੂੰ ਕੁੜਿੱਕੀ ਵਿਚ ਫਸਿਆ ਦੇਖ ਕੇ ਗਿੱਲਾਂ ਨੇ ਖ਼ੁਦ ਹੱਲ ਲੱਭਿਆ। ਉਹ ਚਾਰ ਸਿਆੜਾਂ ਦੇ ਭੁੱਖੇ ਨਹੀਂ ਸਨ। ਸਵਾਲ ਪੱਗ ਨੂੰ ਪਏ ਹੱਥ ਦਾ ਸੀ। ਉਹ ਜ਼ਮੀਨ ਨੂੰ ਅੱਧੋ-ਅੱਧ ਕਰਨ ਲਈ ਰਾਜ਼ੀ ਹੋ ਗਏ।

ਸਮਝੌਤੇ ਦੀ ਪੇਸ਼ਕਸ਼ ਨੂੰ ਵਿਰੋਧੀ ਆਪਣੀ ਜਿੱਤ ਸਮਝਣ ਲੱਗੇ। ਉਹ ਪੂਰੀ ਜ਼ਮੀਨ ਖ਼ਾਲੀ ਕਰਾਉਣ ਲਈ ਅੜਨ ਲੱਗੇ।

ਵਿਧਾਇਕ ਨੇ ਕੱਚੀਆਂ ਗੋਲੀਆਂ ਨਹੀਂ ਸਨ ਖੇਡੀਆਂ। ਉਸ ਨੇ ਮਾੜਾ ਸਿੰਘ ਦੇ ਸਮਰਥਕ ਕੁਝ ਪੰਚਾਂ ਨੂੰ ਟੋਹਣਾ ਸ਼ੁਰੂ ਕਰ ਦਿੱਤਾ। ਦੋ ਪੰਚ ਉਸ ਦੀ ਤਜਵੀਜ਼ ਨਾਲ ਸਹਿਮਤ ਹੋ ਗਏ। ਤਜਵੀਜ਼ ਸਿੱਧੀ ਸੀ। ਗਿੱਲਾਂ ਦੀ ਗੱਲ ਮੰਨ ਕੇ ਦੁਬਾਰਾ ਬੋਲੀ ਕਰਵਾ ਲਈ ਜਾਵੇ। ਗਿੱਲ ਬੋਲੀ ਵਿਚ ਹਿੱਸਾ ਨਹੀਂ ਲੈਣਗੇ। ਜ਼ਮੀਨ ਆਪੇ ਲੰਬੜਾਂ ਕੋਲ ਰਹਿ ਜਾਏਗੀ। ਸਭ ਦੀ ਇੱਜ਼ਤ ਬਚ ਜਾਏਗੀ।

ਸਮਝੌਤੇ ਨੂੰ ਅੰਤਿਮ ਛੋਹਾਂ ਦੇਣ ਲਈ ਪੰਚਾਇਤ ਦੀ ਮੀਟਿੰਗ ਬੁਲਾਈ ਗਈ। ਦੋਹਾਂ ਧਿਰਾਂ ਦੇ ਸਮਰਥਕ ਬਿਨਾਂ ਬੁਲਾਏ ਆ ਗਏ।

ਕੁਝ ਪੰਚਾਂ ਨੂੰ ਨਾਲ ਲੈ ਕੇ ਵਿਧਾਇਕ ਪੰਚਾਇਤ ਘਰ ਦੇ ਬੰਦ ਕਮਰੇ ਵਿਚ ਆਖ਼ਰੀ ਗੇੜ ਦੀ ਗੱਲ ਕਰਨ ਲੱਗਾ। ਕੁਝ ਸਾਂਝੇ ਬੰਦੇ ਉਸ ਦੇ ਨਾਲ ਚਲੇ ਗਏ।

ਐਨ ਆਖ਼ਰੀ ਸਮੇਂ ਲੰਬੜਾਂ ਨੂੰ ਹੋਣ ਜਾ ਰਹੇ ਫ਼ੈਸਲੇ ਦੀ ਭਿਣਕ ਪੈ ਗਈ। ਉਹਨਾਂ ਨੂੰ ਗ਼ੁੱਸਾ ਚੜ੍ਹ ਗਿਆ। "ਅੱਜ ਵਿਧਾਇਕ ਨੇ ਕੁਝ ਪੰਚ ਤੋੜੇ ਹਨ। ਕੱਲ੍ਹ ਨੂੰ ਪੰਚਾਇਤ ਤੋੜ ਦੇਵੇਗਾ। ਸਮਝੌਤਾ ਟਲਣਾ ਚਾਹੀਦਾ ਹੈ।"

ਪੰਚਾਇਤ ਦੇ ਕਿਸੇ ਸਿੱਟੇ 'ਤੇ ਪੁੱਜਣ ਤੋਂ ਪਹਿਲਾਂ ਲੰਬੜਾਂ ਨੇ ਸਰਪੰਚ ਨੂੰ ਉਂਗਲ ਲਾ ਦਿੱਤੀ। ਕੁਝ ਪੰਚਾਂ ਦੀ ਗ਼ਦਾਰੀ ਦੀ ਸੂਚਨਾ ਵੀ ਦੇ ਦਿੱਤੀ। ਸਰਪੰਚੀ ਖੁੱਸਦੀ ਦੇਖ ਕੇ ਮਾੜਾ ਸਿੰਘ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ।

ਲੰਬੜਾਂ ਨੇ ਮਿੰਟਾਂ ਵਿਚ ਮਾਹੌਲ ਬਦਲ ਦਿੱਤਾ।

ਨਵੀਂ ਘੜੀ ਯੋਜਨਾ ਤਹਿਤ ਇਕ ਪੰਚ ਨੇ ਗਿੱਲਾਂ ਵੱਲੋਂ ਕੀਤੀ ਜਾ ਰਹੀ ਦੇਰੀ 'ਤੇ ਇਤਰਾਜ਼ ਪ੍ਰਗਟ ਕੀਤਾ। ਇਕ ਹੋਰ ਪੰਚ ਨੇ ਬਿਨਾਂ ਸ਼ਰਤ ਜ਼ਮੀਨ ਖ਼ਾਲੀ ਕਰਨ ਦੀ ਮੰਗ ਰੱਖ ਦਿੱਤੀ।

ਲੰਬੜਾਂ ਦੇ ਸਮਰਥਕਾਂ ਨੇ ਇਹਨਾਂ ਪੰਚਾਂ ਦੇ ਹੱਕ ਵਿਚ ਨਾਅਰੇ ਮਾਰ ਦਿੱਤੇ।

ਕਾਵਾਂ-ਰੌਲੀ ਪੈ ਗਈ। ਕੋਈ ਲੰਬੜਾਂ ਦੇ ਹੱਕ ਵਿਚ ਬੋਲਣ ਲੱਗਾ, ਕੋਈ ਗਿੱਲਾਂ ਦੇ। ਕਿਸੇ ਨੇ ਸਰਪੰਚ ਨੂੰ ਬੁਰਾ-ਭਲਾ ਕਹਿਣਾ ਸ਼ੁਰੂ ਕਰ ਦਿੱਤਾ ਅਤੇ ਕਿਸੇ ਨੇ ਨਛੱਤਰ ਨੂੰ।

ਵਧਦਾ-ਵਧਦਾ ਤਕਰਾਰ ਵਿਧਾਇਕ ਦੇ ਬੰਦ ਕਮਰੇ ਵਿਚੋਂ ਬਾਹਰ ਆਉਣ ਅਤੇ ਸਮਝੌਤੇ ਦੀਆਂ ਸ਼ਰਤਾਂ ਜਨਤਾ ਸਾਹਮਣੇ ਰੱਖਣ ਵਿਚ ਬਦਲ ਗਿਆ।

ਫੇਰ ਕਿਸੇ ਤੱਤੇ ਨੇ ਨਛੱਤਰ ਸਿੰਘ ਨੂੰ ਕਮਰੇ ਵਿਚੋਂ ਕੱਢ ਲਿਆਉਣ ਦਾ ਸੁਝਾਅ ਦਿੱਤਾ। ਕਿਸੇ ਹੋਰ ਨੇ ਉਸ ਦਾ ਵਿਰੋਧ ਕੀਤਾ। ਹੁੱਲੜਬਾਜ਼ੀ ਸ਼ੁਰੂ ਹੋ ਗਈ।

ਭੀੜ ਦੋ ਧੜਿਆਂ ਵਿਚ ਵੰਡੀ ਗਈ। ਇਕ ਪਾਸੇ ਸਰਪੰਚ ਦੇ ਸਮਰਥਕ ਸਨ। ਦੂਜੇ ਪਾਸੇ ਵਿਧਾਇਕ ਦੇ।

ਕਿਸੇ ਪਾਸਿਉਂ ਆਇਆ ਇਕ ਰੋੜਾ ਸਰਪੰਚ ਸਮਰਥਕਾਂ ਉਪਰ ਆ ਡਿੱਗਾ। ਝੱਟ ਰੋੜਿਆਂ ਦੀ ਬਰਸਾਤ ਸ਼ੁਰੂ ਹੋ ਗਈ। ਕੁਝ ਨੇ ਵਿਚ ਬਚਾਅ ਕਰਨ ਦੀ ਕੋਸ਼ਿਸ਼ ਕੀਤੀ। ਵਿਚੇ ਉਹਨਾਂ ਦੀ ਛਤਰੌਲ ਹੋ ਗਈ।

ਭੀੜ ਨੂੰ ਹਿੰਸਕ ਹੁੰਦਾ ਦੇਖ ਕੇ ਗੰਨਮੈਨਾਂ ਨੂੰ ਆਪਣਾ ਫ਼ਰਜ਼ ਯਾਦ ਆਇਆ। ਉਹਨਾਂ ਨੇ ਬੰਦ ਕਮਰੇ ਦੇ ਦਰਵਾਜ਼ੇ ਅੱਗੇ ਖੜ ਕੇ ਪੋਜ਼ੀਸ਼ਨਾਂ ਲੈ ਲਈਆਂ।

ਗੰਨਮੈਨਾਂ ਦੀਆਂ ਤਣੀਆਂ ਬੰਦੂਕਾਂ ਦੇਖ ਕੇ ਕਈਆਂ ਨੂੰ ਮੱਛ ਚੜ੍ਹ ਗਈ। ਮਛਰੇ ਲੋਕ ਪੁਲਿਸ ਨੂੰ ਗਾਲ੍ਹਾਂ ਕੱਢਣ ਲੱਗੇ। ਇਕ ਨੇ ਗੰਨਮੈਨਾਂ ਵੱਲ ਜੁੱਤੀ ਵਗਾਹ ਦਿੱਤੀ। ਦੂਜੇ ਨੇ 'ਚੁੱਕ ਦਿਓ' ਦਾ ਲਲਕਾਰਾ ਮਾਰ ਦਿੱਤਾ।

ਗੰਨਮੈਨਾਂ ਨੂੰ ਆਪਣੀ ਜਾਨ ਖ਼ਤਰੇ ਵਿਚ ਦਿੱਸੀ। ਉਹਨਾਂ ਨੇ ਲੋਕਾਂ ਨੂੰ ਖਿੰਡ ਜਾਣ ਦੀ ਚਿਤਾਵਨੀ ਦਿੱਤੀ। ਖਿੰਡਣ ਦੀ ਥਾਂ ਲੋਕ ਹੋਰ ਭੜਕ ਗਏ। ਬੰਦੂਕਾਂ ਖੋਹਣ ਦੇ ਇਰਾਦੇ ਨਾਲ ਗਾਲ੍ਹਾਂ ਕੱਢਦੇ ਉਹ ਸਿਪਾਹੀਆਂ ਵੱਲ ਵਧਣ ਲੱਗੇ।

ਘਬਰਾਏ ਸਿਪਾਹੀਆਂ ਨੇ ਪਹਿਲਾਂ ਹਵਾਈ ਫ਼ਾਇਰ ਕੀਤੇ।

ਜਦੋਂ ਡਾਂਗ ਇਕ ਗੰਨਮੈਨ ਦੇ ਸਿਰ ਵਿਚ ਪਈ ਤਾਂ ਦੂਜੇ ਨੇ ਹਮਲਾਵਰ 'ਤੇ ਗੋਲੀ ਚਲਾ ਦਿੱਤੀ। ਉਹ ਥਾਏਂ ਚਿੱਤ ਹੋ ਗਿਆ। ਕੁਝ ਭੀੜ ਪਿਛਾਂਹ ਨੂੰ ਭੱਜੀ। ਕੁਝ ਅਗਾਂਹ ਵਧੀ। ਅਗਾਂਹ ਵਧਣ ਵਾਲਿਆਂ ਨੂੰ ਰੋਕਣ ਲਈ ਗੰਨਮੈਨਾਂ ਨੇ ਫ਼ਾਇਰ ਪੈਰਾਂ ਵੱਲ ਕੀਤੇ। ਪੈਰ ਅਗਾਂਹ ਵਧਣੋਂ ਰੁਕ ਗਏ।

ਗੋਲੀ ਦੀ ਆਵਾਜ਼ ਸੁਣ ਕੇ ਨਛੱਤਰ ਬਾਹਰ ਨਿਕਲਿਆ।

ਉਸ ਸਮੇਂ ਤਕ ਭਾਣਾ ਵਰਤ ਚੁੱਕਾ ਸੀ ।

ਗੰਨਮੈਨਾਂ ਨੇ ਵਿਧਾਇਕ ਨੂੰ ਘੇਰੇ ਵਿਚ ਲਿਆ। ਹੁਸ਼ਿਆਰੀ ਨਾਲ ਗੱਡੀ ਵਿਚ ਬਿਠਾਇਆ ਅਤੇ ਆਪਣਾ ਫ਼ਰਜ਼ ਨਿਭਾਉਂਦੇ ਹੋਏ ਵਿਧਾਇਕ ਨੂੰ ਖ਼ਤਰੇ ਵਿਚੋਂ ਕੱਢ ਕੇ ਲੈ ਗਏ।

ਲੰਬੜਾਂ ਦੇ ਘੁੱਗੀ ਲੋਟ ਆ ਗਈ। ਮਰਨ ਵਾਲਾ ਦਲਿਤ ਸੀ। ਸਮਰਥਕਾਂ ਸਮੇਤ ਉਹ ਧਰਨੇ 'ਤੇ ਬੈਠ ਗਏ। "ਜਿੰਨਾ ਚਿਰ ਗੰਨਮੈਨਾਂ ਨੂੰ ਸ਼ਹਿ ਦੇ ਕੇ ਗੋਲੀ ਚਲਵਾਉਣ ਵਾਲੇ ਵਿਧਾਇਕ ਵਿਰੁੱਧ ਕਤਲ ਦਾ ਮੁਕੱਦਮਾ ਦਰਜ ਨਹੀਂ ਹੁੰਦਾ, ਅਸੀਂ ਲਾਸ਼ ਨਹੀਂ ਚੁੱਕਣ ਦੇਣੀ।" ਇਹ ਮੰਗ ਲੈ ਕੇ ਉਹ ਨਾਅਰੇਬਾਜ਼ੀ ਕਰਨ ਲੱਗੇ।

ਮੌਕੇ 'ਤੇ ਹਾਜ਼ਰ ਲੋਕਾਂ ਨੇ ਲੰਬੜਾਂ ਦੀ ਇਸ ਮੰਗ ਦਾ ਵਿਰੋਧ ਕੀਤਾ। ਨਛੱਤਰ ਸਿੰਘ ਤਾਂ ਬੇਕਸੂਰ ਸੀ, ਗੰਨਮੈਨਾਂ ਨੇ ਵੀ ਗੋਲੀ ਮਜਬੂਰੀ ਵਿਚ ਚਲਾਈ ਸੀ, ਪਰ ਉਹਨਾਂ ਦੀ ਗੱਲ ਵੱਲ ਕਿਸੇ ਨੇ ਧਿਆਨ ਨਾ ਦਿੱਤਾ।

ਪੁਲਿਸ ਨੂੰ ਸੂਚਨਾ ਮਿਲੀ। "ਗੁਆਂਢੀ ਪਿੰਡ ਦੇ ਦਲਿਤ ਟਰੱਕਾਂ ਟਰਾਲੀਆਂ ਵਿਚ ਬੈਠ-ਬੈਠ ਕੇ ਪਿੰਡ ਵੱਲ ਕੂਚ ਕਰਨ ਲੱਗੇ ਹਨ। ਪਰਚਾ ਦਰਜ ਹੋਣ 'ਚ ਹੋਰ ਦੇਰ ਹੋਣ ਲਾਲ ਹਾਲਾਤ ਵਿਗੜ ਸਕਦੇ ਹਨ।"

ਮੌਕਾ ਸੰਭਾਲਣ ਲਈ ਪੁਲਿਸ ਨੂੰ ਪਰਚਾ ਕੱਟਣਾ ਪਿਆ। ਵਿਚੇ ਵਿਧਾਇਕ ਨੂੰ ਘੜੀਸਣਾ ਪਿਆ। ਪੁਲਿਸ ਅਧਿਕਾਰੀਆਂ ਦਾ ਵਿਚਾਰ ਸੀ, ਪਿੱਛੋਂ ਵਿਧਾਇਕ ਆਪੇ ਮੌਕਾ ਸੰਭਾਲ ਲਏਗਾ।

ਵਿਧਾਇਕ ਮੁੱਖ ਮੰਤਰੀ 'ਤੇ ਜ਼ੋਰ ਪਾਉਣ ਲੱਗਾ, "ਮੈਂ ਬੇਕਸੂਰ ਹਾਂ। ਪੁਲਿਸ ਨੂੰ ਆਖ ਕੇ ਮੁਕੱਦਮੇ ਵਿਚੋਂ ਮੇਰਾ ਨਾਂ ਕਢਵਾਇਆ ਜਾਵੇ।"

"ਕਾਨੂੰਨ ਸਭ ਲਈ ਬਰਾਬਰ ਹੈ।" ਆਖਦਾ ਮੁੱਖ ਮੰਤਰੀ ਮਾਂਹ ਦੇ ਆਟੇ ਵਾਂਗ ਆਕੜਿਆ ਰਿਹਾ।

ਉਲਟਾ ਉਹ ਨਛੱਤਰ ਸਿੰਘ ਨੂੰ ਬਹਾਦਰੀ ਦਿਖਾ ਕੇ ਪੇਸ਼ ਹੋਣ ਦੀ ਸਲਾਹ ਦੇਣ ਲੱਗਾ। ਨਾਲ ਮਿੱਠੀ ਗੋਲੀ ਦੇਣ ਲੱਗਾ, "ਤੇਰੇ ਪੇਸ਼ ਹੁੰਦਿਆਂ ਹੀ ਲੋਕਾਂ ਦਾ ਗ਼ੁੱਸਾ ਠੰਢਾ ਹੋ ਜਾਵੇਗਾ। ਮਸਲਾ ਠੰਢਾ ਹੁੰਦਿਆਂ ਹੀ ਤੇਰੀ ਜ਼ਮਾਨਤ ਕਰਵਾ ਦੇਵਾਂਗਾ ਅਤੇ ਕੇਸ ਵਿਚੋਂ ਕਢਵਾ ਦੇਵਾਂਗਾ।"



ਵਿਧਾਇਕ ਧੜਾ ਇਸ ਸਲਾਹ ਨਾਲ ਸਹਿਮਤ ਨਹੀਂ ਸੀ, ਉਹਨਾਂ ਨੂੰ ਦਾਲ ਵਿਚ ਕਾਲਾ ਨਜ਼ਰ ਆਉਣ ਲੱਗਾ। ਨਛੱਤਰ ਦੇ ਈਨ ਮੰਨ ਲੈਣ ਨਾਲ ਧੜੇ ਦਾ ਵਜੂਦ ਖ਼ਤਰੇ ਵਿਚ ਪੈ ਜਾਣਾ ਸੀ। ਫੇਰ ਇਕ-ਇਕ ਕਰਕੇ ਇਹ ਭਾਣਾ ਸਭ ਨਾਲ ਵਰਤਣਾ ਸੀ।

ਧੜੇ ਦੀ ਸਲਾਹ ਮੰਨ ਕੇ ਨਛੱਤਰ ਸਿੰਘ ਨੇ ਪੇਸ਼ਗੀ ਜ਼ਮਾਨਤ ਲਈ ਦਰਖ਼ਾਸਤ ਲਾ ਦਿੱਤੀ।

ਪੁਲਿਸ ਅਤੇ ਸਰਕਾਰੀ ਵਕੀਲ ਨੇ ਅੱਡੀ ਚੋਟੀ ਦਾ ਜ਼ੋਰ ਲਾ ਕੇ ਦਰਖ਼ਾਸਤ ਰੱਦ ਕਰਵਾ ਦਿੱਤੀ।

ਜਦੋਂ ਸਾਰੇ ਰਸਤੇ ਬੰਦ ਹੋ ਗਏ ਤਾਂ ਵਿਧਾਇਕ ਨੇ ਪੁਲਿਸ ਅੱਗੇ ਪੇਸ਼ ਹੋਣ ਦਾ ਮਨ ਬਣਾ ਲਿਆ।

ਲੋਕਾਂ ਨੇ ਉਸ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਲੋਕਾਂ ਨੇ ਪੁਲਿਸ ਅਤੇ ਸਰਕਾਰ ਦੀ ਵਧੀਕੀ ਵਿਰੁੱਧ ਜਲਸੇ ਕੀਤੀ, ਜਲੂਸ ਕੱਢੇ। ਹਾਰਾਂ ਨਾਲ ਲੱਦ ਕੇ ਉਸ ਨੂੰ ਥਾਣੇ ਛੱਡ ਆਏ।

ਜੇਲ੍ਹ ਅੰਦਰ ਬੈਠੇ ਵਿਧਾਇਕ ਨੂੰ ਭੈੜੀਆਂ-ਭੈੜੀਆਂ ਖ਼ਬਰਾਂ ਮਿਲਣ ਲੱਗੀਆਂ। "ਮੁੱਖ ਮੰਤਰੀ ਤੇਰੇ ਨਾਲ ਡਾਢਾ ਗ਼ੁੱਸੇ ਹੈ। ਕਹਿੰਦਾ ਹੈ, ਚੇਲਾ ਗੁਰੂ ਦਾ ਆਖਾ ਨਹੀਂ ਮੰਨਦਾ।"

ਫੇਰ ਸਾਰੇ ਸੂਬੇ ਵਿਚੋਂ ਆਵਾਜ਼ਾਂ ਉੱਠਣ ਲੱਗੀਆਂ, "ਦਾਗ਼ੀ ਵਿਧਾਇਕ ਅਸਤੀਫ਼ਾ ਦੇਵੇ।"

ਪਹਿਲਾਂ ਇਹ ਆਵਾਜ਼ ਵਿਰੋਧੀ ਧਿਰ ਉਠਾਉਂਦੀ ਸੀ। ਹੌਲੀ-ਹੌਲੀ ਇਹ ਮੰਗ ਪਾਰਟੀ ਅੰਦਰ ਹੋਣ ਲੱਗੀ।

ਨਛੱਤਰ ਦੇ ਸਮਰਥਕਾਂ ਨੇ ਸੂਹ ਕੱਢੀ। ਇਹ ਮੰਗ ਮੁੱਖ ਮੰਤਰੀ ਦੀ ਸ਼ਹਿ 'ਤੇ ਹੋ ਰਹੀ ਸੀ।

"ਮੈਂ ਇਕੱਲਾ ਅਜਿਹਾ ਵਿਧਾਇਕ ਨਹੀਂ, ਜਿਸ 'ਤੇ ਮੁਕੱਦਮਾ ਦਰਜ ਹੋਇਆ ਹੈ। ਅਜਿਹੇ ਵਿਧਾਇਕ ਅਤੇ ਸ਼ਾਸਕਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਕਈ ਮੰਤਰੀ ਬਣੇ ਬੈਠੇ ਹਨ। ਜਿੰਨਾ ਚਿਰ ਅਦਾਲਤ ਮੈਨੂੰ ਮੁਜਰਮ ਕਰਾਰ ਨਹੀਂ ਦਿੰਦੀ, ਮੈਂ ਅਸਤੀਫ਼ਾ ਨਹੀਂ ਦੇਵਾਂਗਾ।"

ਇਹ ਤਰਕ ਦੇ ਕੇ ਵਿਧਾਇਕ ਨੇ ਅਸਤੀਫ਼ਾ ਦੇਣੋਂ ਨਾਂਹ ਕਰ ਦਿੱਤੀ।

ਮੁੱਖ ਮੰਤਰੀ ਨੇ ਇਹ ਚੁਣੌਤੀ ਪਰਵਾਨ ਕਰ ਲਈ।

ਜਿਸ ਮੁਕੱਦਮੇ ਨੇ ਕਈ ਸਾਲ ਲਟਕਣਾ ਸੀ, ਉਹ ਕੁਝ ਮਹੀਨਿਆਂ ਵਿਚ ਨਿੱਬੜ ਗਿਆ।

ਲੋਕਾਂ ਨੂੰ ਆਸ ਸੀ ਕਿ ਵਿਧਾਇਕ ਬਰੀ ਹੋਏਗਾ। ਉਸ ਦੇ ਵਿਰੁੱਧ ਕੇਵਲ ਦੋ ਗਵਾਹ ਭੁਗਤੇ ਸਨ ਹੱਕ ਵਿਚ ਚਾਲੀ। ਵਿਧਾਇਕ ਦੇ ਸਮਰਥਕਾਂ ਨੇ ਜੱਜ ਤਕ ਪਹੁੰਚ ਕੀਤੀ। ਉਹ ਇਹੋ ਆਖਣ ਲੱਗਾ, "ਮੈਨੂੰ ਚਾਲੀ ਗਵਾਹਾਂ ਦੀ ਮੰਨਣੀ ਪਏਗੀ।"

ਫ਼ੈਸਲਾ ਕਰਦੇ ਸਮੇਂ ਜੱਜ ਨੂੰ ਪਤਾ ਨਹੀਂ ਕਿਹੜਾ ਸੱਪ ਸੁੰਘ ਗਿਆ। ਉਸ ਨੂੰ ਸਰਕਾਰੀ ਗਵਾਹਾਂ ਦੀ ਗਵਾਹੀ ਜ਼ਿਆਦਾ ਵਜ਼ਨਦਾਰ ਲੱਗੀ। ਗੰਨਮੈਨਾਂ ਦੇ ਨਾਲ ਉਸ ਨੇ ਵਿਧਾਇਕ ਨੂੰ ਸਜ਼ਾ ਸੁਣਾ ਦਿੱਤੀ।

ਨਛੱਤਰ ਦੇ ਸਜ਼ਾ ਹੁੰਦਿਆਂ ਹੀ ਧੜੇ ਦੇ ਬਾਕੀ ਵਿਧਾਇਕਾਂ ਨੂੰ ਕੰਨ ਹੋ ਗਏ। ਮੁਕੱਦਮੇ ਦੀਆਂ ਤੰਦਾਂ ਕਿਥੋਂ ਸ਼ੁਰੂ ਹੁੰਦੀਆਂ ਅਤੇ ਕਿਥੇ ਮੁੱਕਦੀਆਂ ਸਨ, ਸਭ ਨੂੰ ਦਿਖਾਈ ਦੇਣ ਲੱਗਾ। ਕਈਆਂ ਨੂੰ ਲੱਗਾ, ਜਿਵੇਂ ਇਹ ਕਤਲ ਕਿਸੇ ਖ਼ਾਸ ਸਾਜ਼ਿਸ਼ ਤਹਿਤ ਹੋਇਆ ਸੀ।

ਜੇਲ੍ਹ ਪੱਲੇ ਪੈਂਦੀ ਦੇਖ ਕੇ ਵਿਧਾਇਕ ਚਾਹ ਪੀਣੀ ਛੱਡ ਗਏ। ਧੜੇ ਦਾ ਨਾਂ ਲੈਣੋਂ ਹਟ ਗਏ।

ਨਛੱਤਰ ਸਿੰਘ ਦੇ ਸਿਆਸੀ ਦੋਸਤਾਂ ਨੇ ਉਸ ਦਾ ਸਾਥ ਕਿਥੋਂ ਤਕ ਨਿਭਾਇਆ, ਇਸ ਨਾਲ ਲੋਕਾਂ ਨੂੰ ਕੋਈ ਮਤਲਬ ਨਹੀਂ ਸੀ। ਉਸ ਦੇ ਹਲਕਾ ਨਿਵਾਸੀ ਹੱਕ-ਸੱਚ ਨਾਲ ਮੋਢਾ ਜੋੜ

ਕੇ ਖੜੇ ਰਹੇ। ਉਹਨਾਂ ਨੂੰ ਜਦੋਂ ਵੀ ਮੌਕਾ ਮਿਲਦਾ, ਉਹ ਆਪਣੇ ਨੇਤਾ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦੇ। ਮੰਦਰਾਂ, ਗੁਰਦੁਆਰਿਆਂ ਵਿਚ ਜਾ ਕੇ ਸਹੁੰਆਂ ਖਾਂਦੇ। "ਜੇ ਵਿਧਾਇਕ ਨੂੰ ਬਰੀ ਨਾ ਕੀਤਾ ਗਿਆ ਤਾਂ ਜ਼ਿਮਨੀ ਚੋਣਾਂ ਵਿਚ ਅਸੀਂ ਉਸ ਦੀ ਪਤਨੀ ਨੂੰ ਲੜਾਵਾਂਗੇ ਅਤੇ ਬਹੁਮੱਤ ਨਾਲ ਜਿਤਾਵਾਂਗੇ।"

ਮੁੱਖ ਮੰਤਰੀ ਲੋਕਾਂ ਦੀ ਨਬਜ਼ ਪਛਾਣਨ ਲੱਗਾ। ਉਸ ਦੀ ਕਿਹੜਾ ਨਛੱਤਰ ਨਾਲ ਨਿੱਜੀ ਦੁਸ਼ਮਣੀ ਸੀ। ਵਿਧਾਇਕ ਦਾ ਧੜਾ ਖੇਰੂੰ-ਖੇਰੂੰ ਕਰ ਕੇ ਉਸ ਦਾ ਮਸਲਾ ਹੱਲ ਹੋ ਚੁੱਕਾ ਸੀ।

ਉਹ ਪਈਆਂ ਤਰੇੜਾਂ ਭਰਨ ਲੱਗਾ।

ਮੁੱਖ ਮੰਤਰੀ ਦੀ ਇਸੇ ਨਵੀਂ ਯੋਜਨਾ ਤਹਿਤ, ਜੇਲ੍ਹ ਪ੍ਰਸ਼ਾਸਨ ਨੂੰ, ਵਿਧਾਇਕ ਨੂੰ 'ਘਰ ਵਰਗੀਆਂ ਸਹੂਲਤਾਂ' ਉਪਲਬਧ ਕਰਾਉਣ ਦੀ ਹਦਾਇਤ ਹੋਈ ਸੀ।

ਜੇਲ੍ਹ ਅਧਿਕਾਰੀ ਪਹਿਲਾਂ ਹੀ ਅਜਿਹੇ ਕਿਸੇ ਮੌਕੇ ਦੀ ਤਲਾਸ਼ ਵਿਚ ਸਨ।

ਜੇਲ੍ਹ ਵਿਭਾਗ ਦਾ ਮੁਖੀ ਕਈ ਮਹੀਨਿਆਂ ਤੋਂ ਜੇਲ੍ਹ ਸੁਪਰਡੈਂਟ 'ਤੇ ਜ਼ੋਰ ਪਾ ਰਿਹਾ ਸੀ। ਕਿਸੇ ਨਾ ਕਿਸੇ ਬਹਾਨੇ ਸਾਲਾਂ ਤੋਂ ਬੰਦ ਪਈ ਕੋਠੀ ਨੂੰ ਕੈਦੀਆਂ ਲਈ ਖੋਲ੍ਹਿਆ ਜਾਵੇ।

ਇੰਸਪੈਕਟਰ ਜਨਰਲ ਦਾ ਬੈਚ ਮੇਟ ਅਤੇ ਗੂੜ੍ਹਾ ਮਿੱਤਰ ਡੀ.ਆਈ.ਜੀ. ਸਤਿੰਦਰ ਕੁਮਾਰ ਇਹਨੀਂ ਦਿਨੀਂ ਇਸੇ ਜੇਲ੍ਹ ਵਿਚ ਬੰਦ ਸੀ। ਉਹ ਆਪਣੇ ਮਿੱਤਰ ਨੂੰ ਘਰ ਵਰਗਾ ਮਾਹੌਲ ਦੇਣਾ ਚਾਹੁੰਦਾ ਸੀ। ਇਹ ਕੋਠੀ ਦੇ ਖੁੱਲ੍ਹਣ ਨਾਲ ਸੰਭਵ ਹੋਣਾ ਸੀ।

ਕੁਝ ਸਾਲ ਪਹਿਲਾਂ ਜਦੋਂ ਸਤਿੰਦਰ ਕੁਮਾਰ ਮਾਇਆ ਨਗਰ ਵਿਚ ਤਾਇਨਾਤ ਸੀ, ਉਸ ਦਾ ਭਾਰਤ ਸੁੰਦਰੀ ਨਾਦੀਆ ਨਾਲ ਇਸ਼ਕ ਹੋ ਗਿਆ ਸੀ।

ਜਦੋਂ ਉਸ ਦੇ ਗਰਭਵਤੀ ਹੋਣ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪੀਆਂ ਤਾਂ ਕਈ ਹੋਰਾਂ ਦੇ ਨਾਲ-ਨਾਲ ਸਤਿੰਦਰ ਕੁਮਾਰ ਦੀ ਨੀਂਦ ਵੀ ਹਰਾਮ ਹੋ ਗਈ। ਕਿਸੇ ਅਖ਼ਬਾਰ ਨੇ ਸਤਿੰਦਰ ਨੂੰ ਬੱਚੇ ਦਾ ਬਾਪ ਘੋਸ਼ਿਤ ਕਰ ਦਿੱਤਾ ਅਤੇ ਕਿਸੇ ਨੇ ਇਕ ਨੌਜਵਾਨ ਕੇਂਦਰੀ ਰਾਜ ਮੰਤਰੀ ਨੂੰ।

ਸਤਿੰਦਰ ਦੀ ਪਤਨੀ ਕਾਲਜ ਵਿਚ ਪ੍ਰੋਫ਼ੈਸਰ ਸੀ। ਬੇਟੀ ਬੀ.ਏ. ਵਿਚ ਪੜ੍ਹਦੀ ਸੀ। ਬੇਟਾ ਬਾਰ੍ਹਵੀਂ ਵਿਚ। ਸਾਰੇ ਅਖ਼ਬਾਰ ਪੜ੍ਹਦੇ ਸਨ। ਨਾਦੀਆ ਦੇ ਕਿੱਸੇ ਅਖ਼ਬਾਰਾਂ ਵਿਚ ਛਪਦਿਆਂ ਹੀ ਘਰ ਵਿਚ ਤਨਾਅ ਰਹਿਣ ਲੱਗਾ। ਬੋਲਦਾ ਭਾਵੇਂ ਕੋਈ ਕੁਝ ਨਹੀਂ ਸੀ, ਪਰ ਰੋਸ ਛੁਪਾਏ ਛੁਪ ਨਹੀਂ ਸੀ ਰਿਹਾ।

ਨਾਦੀਆ ਕਹਿੰਦੀ ਸੀ, "ਤੂੰ ਮੇਰੇ ਬੱਚੇ ਦਾ ਬਾਪ ਹੈਂ।"

ਸਤਿੰਦਰ ਨੂੰ ਉਹ ਝੂਠੀ ਜਾਪਦੀ ਸੀ। 'ਹਰ ਔਰਤ ਆਪਣੀ ਵਫ਼ਾਦਾਰੀ ਸਿੱਧ ਕਰਨ ਲਈ ਇੰਝ ਹੀ ਆਖਦੀ ਹੈ।' ਸਤਿੰਦਰ ਗਰਭ ਗਿਰਾਉਣਾ ਚਾਹੁੰਦਾ ਸੀ। ਨਾਦੀਆ ਬੱਚਾ ਪੈਦਾ ਕਰਨਾ ਚਾਹੁੰਦੀ ਸੀ। ਨਾਦੀਆ ਨੂੰ ਵਿਆਹ ਕਰਾਉਣ ਦਾ ਲਾਲਚ ਨਹੀਂ ਸੀ। ਉਹ ਬੱਚੇ ਨੂੰ ਬਾਪ ਦਾ ਨਾਂ ਦੇਣਾ ਚਾਹੁੰਦੀ ਸੀ।

ਸਤਿੰਦਰ ਨੂੰ ਬੁਰੇ ਦਿਨ ਦਿਖਾਈ ਦੇਣ ਲੱਗੇ। "ਜੇ ਮਸਲਾ ਹੁਣੇ ਨਾ ਨਜਿੱਠਿਆ ਤਾਂ ਘਰ ਟੁੱਟ ਜਾਏਗਾ" ਸੋਚਦੇ ਸਤਿੰਦਰ ਨੇ ਦੋ ਭਾੜੇ ਦੇ ਟੱਟੂਆਂ ਦਾ ਪ੍ਰਬੰਧ ਕੀਤਾ ਅਤੇ ਨਾਦੀਆ ਨੂੰ ਹਮੇਸ਼ਾ ਲਈ ਚੁੱਪ ਕਰਵਾ ਦਿੱਤਾ। ਮਾਤਹਿਤ ਪੁਲਿਸ ਕਰਮਚਾਰੀਆਂ ਨੇ ਹੱਤਿਆ ਨੂੰ ਆਤਮ-ਹੱਤਿਆ ਗਰਦਾਨ ਕੇ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ।

ਕੰਮ ਮੁਕਾ ਕੇ ਪੁਲਿਸ ਕਪਤਾਨ ਸੁਖ ਦੀ ਨੀਂਦ ਸੌਂ ਗਿਆ। ਕੇਂਦਰੀ ਮੰਤਰੀ ਦੀ ਨੀਂਦ ਹਰਾਮ ਹੋ ਗਈ। ਸੁਪਨਿਆਂ ਵਿਚ ਆ ਕੇ ਨਾਦੀਆ ਉਸ ਨੂੰ ਮਿਹਣੇ ਮਾਰਨ ਲੱਗੀ, "ਮੈਂ ਤੇਰੀ ਸੀ ਅਤੇ



ਬੱਚਾ ਵੀ। ਸਾਡਾ ਦੋਹਾਂ ਦਾ ਕਤਲ ਹੋਇਆ ਹੈ। ਤੈਨੂੰ ਬਦਲਾ ਲੈਣਾ ਚਾਹੀਦਾ ਹੈ।"

ਭਾੜੇ ਦੇ ਟੱਟੂਆਂ ਦੀ ਸ਼ਨਾਖ਼ਤ ਹੋਣ ਤਕ ਮੰਤਰੀ ਨੇ ਖ਼ੁਫ਼ੀਆ ਵਿਭਾਗ ਨੂੰ ਭੜਥੂ ਪਾਈ ਰੱਖਿਆ।

ਕਾਤਲ ਫੜੇ ਗਏ। ਪੱਤਰਕਾਰਾਂ ਸਾਹਮਣੇ ਪੇਸ਼ ਕੀਤੇ ਗਏ। ਸਾਜ਼ਿਸ਼ ਨੰਗੀ ਕਰਾਈ ਗਈ ਤਾਂ ਮੰਤਰੀ ਨੂੰ ਚੈਨ ਆਇਆ।

ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਣ ਦੀ ਉਡੀਕ ਵਿਚ ਸਤਿੰਦਰ ਜੇਲ੍ਹ ਦੀ ਹਵਾ ਖਾ ਰਿਹਾ ਸੀ। ਪਿਛਲੇ ਤਿੰਨ ਮਹੀਨਿਆਂ ਵਿਚ ਆਈ.ਜੀ. ਜੇਲ੍ਹ ਦੇ ਤਿੰਨ ਦੌਰੇ ਕਰ ਚੁੱਕਾ ਸੀ। ਹਰ ਵਾਰ ਸਤਿੰਦਰ ਦਾ ਇਕੋ ਗਿਲਾ ਹੁੰਦਾ, "ਬੀ ਕਲਾਸ ਵਿਚ ਮੈਨੂੰ ਅਟ-ਪਟਾ ਮਹਿਸੂਸ ਹੁੰਦਾ ਹੈ।"

ਆਈ.ਜੀ. ਮਿੱਤਰ ਦੀ ਹਰ ਮਦਦ ਲਈ ਤਿਆਰ ਸੀ, ਪਰ ਹਾਲੇ ਕੇਂਦਰੀ ਮੰਤਰੀ ਉਸ 'ਤੇ ਅੱਖ ਰੱਖ ਰਿਹਾ ਸੀ। ਰਾਤ ਕਟਾਉਣ ਲਈ ਸਤਿੰਦਰ ਨੂੰ ਨਾ ਕਿਸੇ ਅਫ਼ਸਰ ਦੀ ਕੋਠੀ ਲਿਜਾਇਆ ਜਾ ਸਕਦਾ ਸੀ, ਨਾ ਜੇਲ੍ਹੋਂ ਬਾਹਰ ਕੱਢਿਆ ਜਾ ਸਕਦਾ ਸੀ।

ਸਾਰੀਆਂ ਸਮੱਸਿਆਵਾਂ ਦਾ ਇਕੋ ਹੱਲ ਸੀ। ਕਿਸੇ ਨਾ ਕਿਸੇ ਢੰਗ ਨਾਲ ਕੋਠੀ ਖੁਲ੍ਹਵਾਈ ਜਾਵੇ। ਕੋਠੀ ਵਿਚ ਫੇਰ ਮੁਜਰੇ ਹੋਣ ਜਾਂ ਜ਼ਿੰਦਾ ਡਾਂਸ। ਇਸ ਦੀ ਸੂਹ ਮੰਤਰੀ ਨੂੰ ਤਾਂ ਕੀ ਜੇਲ੍ਹ ਦੇ ਸੰਤਰੀ ਤੱਕ ਨੂੰ ਨਹੀਂ ਸੀ ਮਿਲਣੀ।

ਆਈ.ਜੀ. ਜੇਲ੍ਹ ਸੁਪਰਡੈਂਟ ਉਪਰ ਜ਼ੋਰ ਪਾ ਰਿਹਾ ਸੀ। ਉਹ ਕੋਠੀ ਖੋਲ੍ਹਣ ਦੀ ਸਿਫ਼ਾਰਸ਼ ਭੇਜੇ। ਬਾਕੀ ਉਹ ਆਪੇ ਸੰਭਾਲ ਲਏਗਾ।

ਜੇਲ੍ਹ ਸੁਪਰਡੈਂਟ ਖ਼ੁਦ ਇਹੋ ਚਾਹੁੰਦਾ ਸੀ। ਆਪਣੇ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣ ਲਈ ਉਸ ਨੂੰ ਪ੍ਰੋਫ਼ੈਸਰ ਨੂੰ ਸਵੇਰੇ ਸ਼ਾਮ ਬੈਰਕੋਂ ਬਾਹਰ ਕੱਢਣਾ ਪੈਂਦਾ ਸੀ। ਇਸ 'ਤੇ ਦੂਜੇ ਕੈਦੀ ਇਤਰਾਜ਼ ਕਰਦੇ ਸਨ।

ਪ੍ਰੋਫ਼ੈਸਰ ਨੇ ਸੁਪਰਡੈਂਟ ਉਪਰ ਬਹੁਤ ਵੱਡਾ ਅਹਿਸਾਨ ਕੀਤਾ ਸੀ, ਉਸ ਨੇ ਉਸ ਦੇ ਨਲਾਇਕ ਭਾਣਜੇ ਨੂੰ ਪੜ੍ਹਾ-ਪੜ੍ਹਾ ਕੇ ਤੋਤਾ ਬਣਾ ਦਿੱਤਾ ਸੀ। ਜਿਸ ਮੁੰਡੇ ਨੂੰ ਪਲੱਸ-ਟੂ ਜਮਾਤ ਪਾਸ ਕਰਨ ਲਈ ਚਾਰ ਸਾਲ ਲੱਗੇ ਸਨ, ਉਹ ਪਹਿਲੇ ਸਾਲ ਹੀ ਦਾਖ਼ਲਾ ਟੈਸਟ ਪਾਸ ਕਰ ਕੇ ਐਮ.ਬੀ.ਬੀ.ਐਸ. ਵਿਚ ਦਾਖ਼ਲ ਹੋ ਚੁੱਕਾ ਸੀ।

ਅੱਜ ਕੱਲ੍ਹ ਪ੍ਰੋਫ਼ੈਸਰ ਸੁਪਰਡੈਂਟ ਦੇ ਮੁੰਡੇ ਨੂੰ ਤਿਆਰੀ ਕਰਵਾ ਰਿਹਾ ਸੀ। ਮੁੰਡਾ ਕਹਿੰਦਾ ਸੀ, "ਪ੍ਰੋਫ਼ੈਸਰ ਕੋਲ ਫ਼ਾਰਮੂਲੇ ਸਮਝਾਉਣ ਦਾ ਜਾਦੂ ਹੈ। ਜਿਹੜੀ ਗੱਲ ਮਹੀਨਾ-ਮਹੀਨਾ ਸਮਝ ਨਹੀਂ ਸੀ ਆਉਂਦੀ, ਉਹ ਮਿੰਟਾਂ ਵਿਚ ਸਮਝ ਆਉਂਦੀ ਹੈ।"

ਮੁੱਢਲੇ ਟੈਸਟਾਂ ਵਿਚ ਮੁੰਡੇ ਦੇ ਚੰਗੇ ਨੰਬਰ ਆ ਰਹੇ ਸਨ। ਅੰਤਿਮ ਨਤੀਜਾ ਵੀ ਚੰਗਾ ਨਿਕਲੇਗਾ। ਸੁਪਰਡੈਂਟ ਨੂੰ ਆਸ ਸੀ।

ਬਦਲੇ ਵਿਚ ਸੁਪਰਡੈਂਟ ਆਪਣੇ ਮਿੱਤਰ ਨੂੰ ਕੁਝ ਵਾਧੂ ਰਿਆਇਤਾਂ ਦੇ ਰਿਹਾ ਸੀ। ਬਾਕੀ ਕੈਦੀਆਂ ਨੂੰ ਉਹ ਰੜਕਦੀਆਂ ਸਨ।

ਸੁਪਰਡੈਂਟ ਪ੍ਰੋਫ਼ੈਸਰ ਨੂੰ ਕੋਠੀ ਲਿਜਾਣਾ ਚਾਹੁੰਦਾ ਸੀ। ਉਥੇ ਨਾ ਬੈਰਕ ਸੀ, ਨਾ ਜਿੰਦਾ। ਨਾ ਮੁਨਸ਼ੀ, ਨਾ ਰੋਜ਼ਨਾਮਚਾ। ਕੈਦੀ ਜਦੋਂ ਮਰਜ਼ੀ, ਜਿਥੇ ਮਰਜ਼ੀ ਆਵੇ-ਜਾਵੇ।

ਜੇਲ੍ਹ ਅਧਿਕਾਰੀਆਂ ਨੇ ਮੌਕੇ ਦਾ ਭਰਪੂਰ ਫ਼ਾਇਦਾ ਉਠਾਇਆ।

ਕੋਠੀ ਖੋਲ੍ਹੇ ਜਾਣ ਦੇ ਨਾਲ ਸੁਪਰਡੈਂਟ ਨੇ ਜੇਲ੍ਹ ਵਿਭਾਗ ਨੂੰ ਇਕ ਸੁਝਾਅ ਭੇਜਿਆ।

"ਕੋਠੀ ਪਹਾੜ ਜਿੱਡੀ ਹੈ, ਉਥੇ ਇਕ ਕੈਦੀ ਨੂੰ ਬੰਦ ਕਰਨਾ ਹੈ, ਉਸ ਨੂੰ ਤਨਹਾਈ ਕੈਦ

ਵਿਚ ਰੱਖਣ ਵਾਂਗ ਹੈ। ਇਹ ਜੇਲ੍ਹ ਨਿਯਮਾਂ ਦੇ ਵਿਰੁੱਧ ਹੈ। ਦਿਲ-ਪ੍ਰਚਾਵੇ ਲਈ ਵਿਧਾਇਕ ਦੇ ਨਾਲ ਕੁਝ ਹੋਰ ਕੈਦੀਆਂ ਨੂੰ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ।"

ਮੁਖੀ ਨੇ ਝੱਟ ਸੁਝਾਅ ਨੂੰ ਪ੍ਰਵਾਨਗੀ ਦੇ ਦਿੱਤੀ।

ਵਿਧਾਇਕ ਦੇ ਨਾਲ ਸਤਿੰਦਰ ਕੁਮਾਰ ਅਤੇ ਪ੍ਰੋਫ਼ੈਸਰ ਦੇ ਦਿਨ ਵੀ ਤੀਆਂ ਵਾਂਗ ਨਿਕਲਣ ਲੱਗੇ।

ਲਾਭ ਸਿੰਘ ਦੀ ਕਿਰਪਾ ਨਾਲ ਇਸ ਸਵਰਗ ਦੇ ਕੁਝ ਝੂਟੇ ਪਾਲੇ ਨੂੰ ਵੀ ਨਸੀਬ ਹੋਣ ਲੱਗੇ।

ਕੋਈ ਕਹਿੰਦਾ ਸੀ, "ਕਦੇ ਇਸ ਕੋਠੀ ਵਿਚ ਜੈ ਪ੍ਰਕਾਸ਼ ਨਰਾਇਣ ਬੰਦ ਰਿਹਾ ਹੈ।" ਕੋਈ ਚੰਦਰ ਸ਼ੇਖ਼ਰ ਦਾ ਨਾਂ ਲੈਂਦਾ ਸੀ।

ਇਥੇ ਕੌਣ-ਕੌਣ ਬੰਦ ਰਿਹਾ, ਇਸ ਨਾਲ ਪਾਲੇ ਨੂੰ ਕੋਈ ਮਤਲਬ ਨਹੀਂ ਸੀ।

ਉਸ ਨੂੰ ਫ਼ਖ਼ਰ ਸੀ, ਭਾਵੇ ਮੁਸ਼ੱਕਤੀ ਬਣ ਕੇ ਹੀ ਸਹੀ, ਹੁਣ ਇਸ ਕੋਠੀ ਵਿਚ ਉਹ ਰਹਿ ਰਿਹਾ ਸੀ।



# 13

ਅਦਾਲਤ ਪਾਲੇ ਹੋਰਾਂ ਨਾਲ ਇੰਨੀ ਬੇਰਹਿਮੀ ਨਾਲ ਪੇਸ਼ ਆਏਗੀ, ਇਸ ਦੀ ਸੰਮਤੀ ਨੂੰ ਉੱਕਾ ਆਸ ਨਹੀਂ ਸੀ। ਪੁਲਿਸ ਵੱਲੋਂ ਰੱਖੇ ਕਈ ਗਵਾਹਾਂ ਨੂੰ ਮੁਕਰਾ ਕੇ ਅਤੇ ਕਈ ਪਤਵੰਤੇ ਗਵਾਹਾਂ ਨੂੰ ਸਫ਼ਾਈ ਵਿਚ ਭੁਗਤਾ ਕੇ ਸੰਮਤੀ ਵਾਲਿਆਂ ਨੇ ਸੋਚਿਆ ਸੀ, ਉਹਨਾਂ ਨੇ ਪਾਲੇ ਹੋਰਾਂ ਨੂੰ ਨਿਰਦੋਸ਼ ਸਿੱਧ ਕਰਨ ਦਾ ਆਪਣਾ ਟੀਚਾ ਪ੍ਰਾਪਤ ਕਰ ਲਿਆ ਹੈ, ਪਰ ਅਦਾਲਤ ਨੇ ਉਹਨਾਂ ਦੀ ਇਕ ਨਹੀਂ ਸੀ ਸੁਣੀ। ਸਰਕਾਰ ਵੱਲੋਂ ਪੇਸ਼ ਕੀਤੇ ਗਏ ਗਵਾਹਾਂ ਨੂੰ ਸਹੀ ਮੰਨ ਕੇ ਮੀਤੇ ਅਤੇ ਪਾਲੇ ਨੂੰ ਬੰਟੀ ਦਾ ਕਾਤਲ ਗਰਦਾਨ ਕੇ ਦੋਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਸੀ।

ਸਭ ਨੂੰ ਪਤਾ ਸੀ, ਪਹਿਲਾਂ ਪਾਲਾ ਅਤੇ ਮੀਤਾ ਛੋਟੇ-ਛੋਟੇ ਜੁਰਮ ਕਰਿਆ ਕਰਦੇ ਸਨ। ਥਾਣੇ ਵਿਚ ਉਹਨਾਂ ਦੀ ਹਿਸਟਰੀ ਸ਼ੀਟ ਖੁੱਲ੍ਹੀ ਹੋਈ ਸੀ। ਹਰ ਪੰਦਰਵੇਂ ਦਿਨ ਥਾਣੇ ਹਾਜ਼ਰੀ ਲੱਗਦੀ ਸੀ।

ਹੁਣ ਉਹ ਸੁਧਰ ਚੁੱਕੇ ਸਨ। ਰੋਟੀ ਕਮਾਉਣ ਲਈ ਜੇਬਾਂ ਕੱਟਣ ਜਾਂ ਚੋਰੀ ਕਰਨ ਦੀ ਥਾਂ ਉਹ ਹੱਡ-ਭੰਨਵੀਂ ਮਿਹਨਤ ਕਰਦੇ ਸਨ।

ਸ਼ਹਿਰ ਦੇ ਮਸ਼ਹੂਰ ਸਮਾਜ ਸੇਵਕ ਲਾਲਾ ਜੀ ਦੇ ਪੋਤੇ ਦਾ ਅਪਹਰਣ ਹੋ ਗਿਆ ਸੀ। ਚਿੱਠੀ ਲੇਟ ਮਿਲਣ ਕਾਰਨ ਫਿਰੌਤੀ ਦੀ ਰਕਮ ਸਮੇਂ ਸਿਰ ਨਹੀਂ ਸੀ ਪੁੱਜ ਸਕੀ। ਖਿਝੇ ਅਗਵਾਕਾਰਾਂ ਨੇ ਬੰਟੀ ਨੂੰ ਕਤਲ ਕਰ ਕੇ ਉਸ ਦੀ ਲਾਸ਼ ਡੰਗਰਾਂ ਵਾਲੇ ਹਸਪਤਾਲ ਵਿਚ ਸੁੱਟ ਦਿੱਤੀ ਸੀ।

ਮੁੱਖ ਮੰਤਰੀ ਇਸੇ ਸ਼ਹਿਰ ਦਾ ਰਹਿਣ ਵਾਲਾ ਸੀ। ਆਪਣਾ ਹੱਕ ਜਤਾਉਂਦੇ ਹੋਏ ਲੋਕਾਂ ਨੇ ਉਸ 'ਤੇ ਜ਼ੋਰ ਪਾਇਆ, "ਕਾਤਲਾਂ ਨੂੰ ਤੁਰੰਤ ਫੜੋ।" ਭਾਵੁਕ ਹੋਏ ਮੁੱਖ ਮੰਤਰੀ ਨੇ ਐਲਾਨ ਕੀਤਾ, "ਬੰਟੀ ਦੇ ਭੋਗ ਤਕ ਕਾਤਲ ਫੜ ਲਏ ਜਾਣਗੇ।"

ਘਬਰਾਈ ਪੁਲਿਸ ਨੇ ਮੁਲਜ਼ਮਾਂ ਦੇ ਕਾਰਨਾਮਿਆਂ ਵਾਲੇ ਪੁਰਾਣੇ ਸਾਰੇ ਬਸਤੇ ਖੋਲ੍ਹ ਲਏ। ਹਰ ਸ਼ੱਕੀ ਬੰਦੇ ਦੀ ਫੜ-ਫੜਾਈ ਅਤੇ ਕੁਟਾਈ ਹੋਈ।

ਕੁੱਟ ਤੋਂ ਡਰਦੇ ਪਾਲਾ ਅਤੇ ਮੀਤਾ ਆਪ ਪੁਲਿਸ ਅੱਗੇ ਪੇਸ਼ ਹੋ ਗਏ। ਉਹ ਮੋਹਤਬਰ ਬੰਦਿਆਂ ਰਾਹੀਂ ਪੇਸ਼ ਹੋਏ ਸਨ, ਇਸ ਲਈ ਖਿੱਚ-ਧੂਹ ਤੋਂ ਬਚ ਗਏ।

ਉਸ ਕਾਲੇ ਦੌਰ ਵਿਚ ਬਾਬਾ ਗੁਰਦਿੱਤ ਸਿੰਘ ਸਮੇਤ ਸੰਮਤੀ ਦੇ ਕਈ ਕਾਰਕੁਨਾਂ ਨੂੰ ਹਵਾਲਾਤ ਦੀ ਹਵਾ ਖਾਣੀ ਪਈ ਸੀ। ਉਹਨਾਂ ਸਾਰਿਆਂ ਨੇ ਪਾਲੇ ਅਤੇ ਮੀਤੇ ਨੂੰ ਥਾਣੇ ਬੈਠਿਆਂ ਦੇਖਿਆ ਸੀ।

ਜਦੋਂ ਭੋਗ ਦਾ ਦਿਨ ਨੇੜੇ ਆ ਗਿਆ ਅਤੇ ਸਫ਼ਲਤਾ ਹੱਥ ਨਾ ਲੱਗੀ ਤਾਂ ਆਪਣੀ ਖੱਲ ਬਚਾਉਣ ਲਈ ਪੁਲਿਸ ਨੇ ਸੌਖਾ ਰਾਹ ਲੱਭਿਆ। ਪਾਲੇ ਮੀਤੇ ਨੂੰ ਅੱਤਵਾਦੀਆਂ ਵਾਲੇ ਕੱਪੜੇ ਪਵਾ ਦਿੱਤੇ, ਸ਼ਹਿਰੋਂ ਬਾਹਰ ਲਿਜਾ ਕੇ ਪੁਲਿਸ ਨਾਲ ਮੁਕਾਬਲਾ ਕਰਦੇ ਵਿਖਾ ਦਿੱਤੇ।

ਉਹਨਾਂ ਦੀ ਗ੍ਰਿਫ਼ਤਾਰੀ ਸਮੇਂ ਸ਼ਹਿਰ ਵਿਚ ਗੁਰਮੀਤ ਸਿੰਘ ਸਰਕਾਰੀ ਵਕੀਲ ਲੱਗਾ ਹੋਇਆ ਸੀ। ਮੀਤੇ ਨੂੰ ਸਿੱਧੇ ਰਾਹ ਪਾਉਣ ਵਿਚ ਉਸ ਨੇ ਅਹਿਮ ਭੂਮਿਕਾ ਨਿਭਾਈ ਸੀ। ਜੀਵਨ ਆੜ੍ਹਤੀਆ ਉਸ ਦਾ ਮਿੱਤਰ ਸੀ। ਪਾਲਾ ਉਸ ਦੀ ਦੁਕਾਨ 'ਤੇ ਦਿਹਾੜੀ ਕਰਦੇ ਧਾਨਕਿਆਂ ਦਾ ਮੁੰਡਾ ਸੀ। ਜੀਵਨ ਦੀ ਸਿਫ਼ਾਰਸ਼ 'ਤੇ ਪਾਲੇ ਨੂੰ ਵੀ ਗੁਰਮੀਤ ਨੇ ਥਾਣੇ ਪੇਸ਼ ਕੀਤਾ ਸੀ।

ਸਰਕਾਰੀ ਕੰਮ ਥਾਣੇ ਗਿਆ ਗੁਰਮੀਤ ਉਹਨਾਂ ਨੂੰ ਮਿਲਦਾ ਰਹਿੰਦਾ ਸੀ। "ਜੇ ਪੁੱਛ-ਗਿੱਛ ਪੂਰੀ ਹੋ ਗਈ ਤਾਂ ਇਹਨਾਂ ਨੂੰ ਛੱਡ ਦਿਉ।" ਇਹ ਸਿਫ਼ਾਰਸ਼ ਕਰਦਾ ਰਹਿੰਦਾ ਸੀ। ਫੜ-ਫੜਾਈ ਜ਼ਿਆਦਾ ਹੋਣ ਕਾਰਨ ਪੁਲਿਸ 'ਤੇ ਭਾਰ ਵਧਿਆ ਹੋਇਆ ਸੀ। ਪੁਰਾਣੇ ਪਾਪੀ ਹੋਣ ਕਾਰਨ ਪਾਲੇ ਮੀਤੇ ਨੂੰ ਪੁਲਿਸ ਦੇ ਕੰਮ-ਕਾਰ ਦੀ ਸਮਝ ਸੀ। ਇਸੇ ਕਾਰਨ ਬੇਕਸੂਰ ਹੁੰਦਿਆਂ ਹੋਇਆਂ ਵੀ ਉਹਨਾਂ ਦੀ ਰਿਹਾਈ ਟਲਦੀ ਰਹੀ ਸੀ।

ਜਦੋਂ ਪਾਲੇ ਅਤੇ ਮੀਤੇ ਨੂੰ ਖ਼ਤਰਨਾਕ ਅੱਤਵਾਦੀ ਗਰਦਾਨ ਕੇ ਇਸ ਕੇਸ ਵਿਚ ਫੜਿਆ ਗਿਆ ਅਤੇ ਗੁਰਮੀਤ ਨੂੰ ਉਹਨਾਂ ਵਿਰੁੱਧ ਪੇਸ਼ ਹੋਣ ਲਈ ਆਖਿਆ ਗਿਆ ਤਾਂ ਗੁਰਮੀਤ ਤੋਂ ਇਹ ਬੇਇਨਸਾਫ਼ੀ ਸਹਿਣ ਨਾ ਹੋਈ। ਸਰਕਾਰੀ ਵਰਦੀ ਸਰਕਾਰ ਦੇ ਹਵਾਲੇ ਕਰ ਕੇ ਉਸ ਨੇ ਇਹਨਾਂ ਨਿਰਦੋਸ਼ਾਂ ਦਾ ਪੱਖ ਪੂਰਨ ਦਾ ਮਨ ਬਣਾ ਲਿਆ।

ਗੁਰਮੀਤ ਦੀ ਇਸ ਪਹਿਲ ਨੇ ਬਾਬਾ ਗੁਰਦਿੱਤ ਸਿੰਘ ਅਤੇ ਉਸ ਦੀ ਰਹਿਨੁਮਾਈ ਵਿਚ ਕੰਮ ਕਰਦੀਆਂ ਸੰਸਥਾਵਾਂ ਨੂੰ ਪ੍ਰੇਰਿਆ। ਹਮ-ਖ਼ਿਆਲ ਲੋਕ 'ਲੋਕ ਸੰਘਰਸ਼ ਸੰਮਤੀ' ਦੇ ਝੰਡੇ ਹੇਠ ਇਕੱਠੇ ਹੋ ਗਏ।

ਦੋਹਾਂ ਨਿਰਦੋਸ਼ਾਂ ਨੂੰ ਬਰੀ ਕਰਾਉਣ ਲਈ ਸੰਮਤੀ ਨੇ ਲੰਬਾ ਸੰਘਰਸ਼ ਕੀਤਾ, ਪਰ ਸਿਰ ਤੋੜ ਯਤਨਾਂ ਦੇ ਬਾਵਜੂਦ ਕਾਮਯਾਬੀ ਹੱਥ ਨਾ ਲੱਗੀ।

ਸੰਮਤੀ ਵਾਲੇ ਹਤਾਸ਼ ਹੋ ਕੇ ਘਰ ਬੈਠਣ ਵਾਲਿਆਂ ਵਿਚੋਂ ਨਹੀਂ ਸਨ।

ਸੰਘਰਸ਼ ਤੇਜ਼ ਕਰਨ ਲਈ ਅੱਗੋਂ ਕੀ ਨੀਤੀ ਅਪਣਾਈ ਜਾਵੇ ? ਇਹ ਵਿਚਾਰਨ ਲਈ ਸੰਮਤੀ ਦੇ ਕਾਰਕੁੰਨਾਂ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ।

"ਗੁਰਮੀਤ ਸਿਆਂ ! ਬੜਾ ਅਜੀਬ ਹੈ ਬਈ ਤੁਹਾਡਾ ਕਾਨੂੰਨੀ ਢਾਂਚਾ। ਝੂਠੇ ਗਵਾਹਾਂ ਨੂੰ ਸੱਚੇ ਮੰਨ ਕੇ ਜੱਜ ਨੇ ਨਿਰਦੋਸ਼ਾਂ ਨੂੰ ਸਜ਼ਾ ਸੁਣਾ ਦਿੱਤੀ। ਪੁਲਿਸ ਦੀ ਗ਼ਲਤ ਕਾਰਵਾਈ 'ਤੇ ਮੋਹਰ ਲਾ ਦਿੱਤੀ। ਪੁਲਿਸ ਹੁਣ ਚੁੱਪ ਕਰ ਕੇ ਘਰ ਬੈਠ ਜਾਏਗੀ। ਅਸਲ ਮੁਲਜ਼ਮਾਂ ਵੱਲ ਮੂੰਹ ਕਰਨ ਦੀ ਕਿਸੇ ਨੂੰ ਲੋੜ ਨਹੀਂ ਪਏਗੀ। ਉਹ ਬਿਨਾਂ ਥਾਣਾ ਕਚਹਿਰੀ ਦੇਖੇ ਬਰੀ ਹੋ ਗਏ।"

ਬਾਬਾ ਪਹਿਲਾਂ ਆਏ ਗੁਰਮੀਤ ਨਾਲ ਕਾਨੂੰਨੀ ਢਾਂਚੇ ਦੀਆਂ ਖ਼ਾਮੀਆਂ ਵਿਚਾਰਨ ਲੱਗਾ।

"ਤਸਵੀਰ ਦਾ ਦੂਜਾ ਪਾਸਾ ਵੀ ਓਨਾ ਹੀ ਘਿਨਾਉਣਾ ਹੈ। "ਮਾਮਲਾ ਸ਼ੱਕੀ ਜਾਪਦਾ ਹੈ।" ਆਖ ਕੇ ਅਸਲ ਦੋਸ਼ੀ ਬਰੀ ਕਰ ਦਿੱਤੇ ਜਾਂਦੇ ਹਨ। ਪੁਲਿਸ ਫੇਰ ਚੁੱਪ ਕਰ ਕੇ ਬੈਠ ਜਾਂਦੀ ਹੈ। ਰੋਂਦੀ-ਕੁਰਲਾਉਂਦੀ ਪੀੜਤ ਧਿਰ ਪੁੱਛਦੀ ਹੈ, "ਸਾਡੇ ਬੰਦੇ ਦਾ ਕਤਲ ਹੋਇਆ ਹੈ। ਜੇ ਇਹ ਨਹੀਂ, ਫੇਰ ਅਸਲ ਮੁਲਜ਼ਮ ਕੌਣ ਹਨ ? ਉਹਨਾਂ ਨੂੰ ਕੌਣ ਫੜੇਗਾ ? ਗੂੰਗਾ ਕਾਨੂੰਨ ਇਸ ਪ੍ਰਸ਼ਨ ਦਾ ਕੋਈ ਉੱਤਰ ਨਹੀਂ ਦਿੰਦਾ।"

ਗੁਰਮੀਤ ਦੀ ਇਸ ਟਿੱਪਣੀ ਨੇ ਬਾਬੇ ਦੇ ਫ਼ਿਕਰਾਂ ਵਿਚ ਹੋਰ ਵਾਧਾ ਕਰ ਦਿੱਤਾ।

"ਮਤਲਬ ਇਹ ਕਿ ਸਾਧਾਰਨ ਬੰਦੇ ਨੂੰ ਮੌਜੂਦਾ ਨਿਆਂ-ਪ੍ਰਬੰਧ ਕੋਲੋਂ ਇਨਸਾਫ਼ ਦੀ ਉਮੀਦ ਨਹੀਂ ਰੱਖਣੀ ਚਾਹੀਦੀ ?"



'ਇੰਝ ਹੀ ਸਮਝ ਲਓ।"

"ਜਦੋਂ ਧੱਕੇਸ਼ਾਹੀ ਸਾਰੇ ਹੱਦਾਂ-ਬੰਨੇ ਟੱਪ ਜਾਵੇ ਤਾਂ ਲੋਕ ਅਦਾਲਤ ਦਾ ਦਰਵਾਜ਼ਾ ਖੜਕਾਉਂਦੇ ਹਨ। ਜਾਪਦਾ ਹੈ ਲੋਕਾਂ ਦੀ ਆਖ਼ਰੀ ਆਸ ਦੀ ਲੋਅ ਵੀ ਧੁੰਦਲੀ ਪੈ ਗਈ ਹੈ। ਬਾਬਾ ਜੀ, ਕੁਝ ਕਰੋ।'

ਗੁਰਮੀਤ ਤੋਂ ਬਾਅਦ ਆਇਆ ਸ਼ਾਮੂ, ਕੁਝ ਕਰਨ ਲਈ ਕਾਹਲਾ ਪੈਣ ਲੱਗਾ।

"ਪਾਲੇ ਮੀਤੇ ਨੂੰ ਬਰੀ ਕਰਾਉਣ ਨਾਲ ਸਮੱਸਿਆ ਹੱਲ ਨਹੀਂ ਹੋਣੀ। ਸਾਨੂੰ ਆਪਣੇ ਸੰਘਰਸ਼ ਦਾ ਘੇਰਾ ਵਸੀਹ ਕਰਨਾ ਚਾਹੀਦਾ ਹੈ।"

ਨੌਜਵਾਨ ਸਭਾ ਦਾ ਕਰਤਾ-ਧਰਤਾ ਅਸ਼ੋਕ ਆਉਂਦੇ ਹੀ ਬਹਿਸ ਵਿਚ ਕੁੱਦ ਪਿਆ।

"ਇਕੱਲੇ ਕਾਨੂੰਨੀ ਢਾਂਚੇ ਦੇ ਸੁਧਰਨ ਨਾਲ ਕੁਝ ਨਹੀਂ ਸੰਵਰਨਾ। ਸਮੱਸਿਆ ਸਮੁੱਚਾ ਰਾਜਸੀ ਢਾਂਚਾ ਬਦਲ ਕੇ ਹੱਲ ਹੋਣੀ ਹੈ।"

ਕ੍ਰਾਂਤੀਕਾਰੀ ਫ਼ਰੰਟ ਦੇ ਰਜਿੰਦਰ ਨੂੰ ਸਮੱਸਿਆ ਦੀ ਜੜ੍ਹ ਦਾ ਪਤਾ ਹੈ, ਉਹ ਇਹ ਜਤਾਉਣ ਲੱਗਾ।

"ਤੁਸੀਂ ਸਭ ਠੀਕ ਕਹਿੰਦੇ ਹੋ। ਚਿੰਤਾ ਨਾ ਕਰੋ। ਆਪਾਂ ਠੀਕ ਰਾਹ ਤੁਰ ਰਹੇ ਹਾਂ। ਪਾਲੇ ਮੀਤੇ ਲਈ ਸੰਘਰਸ਼ ਕਰ ਕੇ ਅਸੀਂ ਨਿਆਂ-ਪ੍ਰਬੰਧ ਦੇ ਲੋਕ-ਵਿਰੋਧੀ ਖ਼ਾਸੇ ਨੂੰ ਨੰਗਾ ਕਰ ਰਹੇ ਹਾਂ। ਨਿਆਂ-ਪ੍ਰਬੰਧ ਸਰਕਾਰ ਦਾ ਮੋਹਰਾ ਹੈ। ਨਿਆਂ-ਪ੍ਰਬੰਧ ਵਿਰੁੱਧ ਲੜ ਕੇ ਅਸੀਂ ਸਰਕਾਰ ਵਿਰੁੱਧ ਹੀ ਲੜ ਰਹੇ ਹਾਂ। ਉਚਿਤ ਮੌਕੇ 'ਤੇ ਉਚਿਤ ਕਦਮ ਚੁੱਕਿਆ ਜਾਏਗਾ। ਹਾਲ ਦੀ ਘੜੀ ਅਸੀਂ ਉਹਨਾਂ ਔਕੜਾਂ ਬਾਰੇ ਸੋਚੀਏ, ਜਿਨ੍ਹਾਂ ਨੂੰ ਦੂਰ ਕਰਨ ਲਈ ਅਸੀਂ ਇਕੱਠੇ ਹੋਏ ਹਾਂ।"

ਸਾਰੇ ਕਾਰਕੁੰਨਾਂ ਦੇ ਆਉਣ ਬਾਅਦ ਬਾਬੇ ਨੇ ਗੱਲਬਾਤ ਦਾ ਰੁਖ਼ ਅੱਜ ਦੇ ਏਜੰਡੇ ਵੱਲ ਮੋੜਿਆ।

ਰਜਿੰਦਰ ਕਹਿੰਦਾ, "ਪਾਲੇ ਮੀਤੇ ਨੂੰ ਸਜ਼ਾ ਹੋਣ ਨਾਲ ਲੋਕਾਂ ਅਤੇ ਸੰਮਤੀ ਦੇ ਸਧਾਰਨ ਸਮਰਥਕਾਂ ਦਾ ਮਨੋਬਲ ਗਿਰਿਆ ਹੈ। ਮਨੋਬਲ ਉੱਚਾ ਚੁੱਕਣ ਲਈ ਦੋਸ਼ੀਆਂ ਦੀ ਜ਼ਮਾਨਤ ਹੋਣੀ ਜ਼ਰੂਰੀ ਹੈ। ਸਾਨੂੰ ਪਾਲੇ ਮੀਤੇ ਦੀ ਜ਼ਮਾਨਤ ਦਾ ਹੀਲਾ ਕਰਨਾ ਚਾਹੀਦਾ ਹੈ।"

ਗੁਰਮੀਤ ਨੂੰ ਇੰਨੀ ਜਲਦੀ ਜ਼ਮਾਨਤ ਮਨਜ਼ੂਰ ਹੁੰਦੀ ਨਜ਼ਰ ਨਹੀਂ ਸੀ ਆ ਰਹੀ। ਦਰਖ਼ਾਸਤ ਕਿਉਂ ਰੱਦ ਹੋਏਗੀ, ਉਸ ਇਸ ਦੇ ਕਾਰਨ ਗਿਣਾਉਣ ਲੱਗਾ।

ਪੁਲਿਸ ਨੇ ਇਸ ਵਾਰਦਾਤ ਨੂੰ 'ਅੱਤਵਾਦੀ ਕਾਰਵਾਈ' ਕਹਿ ਕੇ ਪ੍ਰਚਾਰਿਆ ਹੈ। ਇਹ ਹੈ ਵੀ ਅੱਤਵਾਦੀ ਕਾਰਵਾਈ। ਪਾਲਾ ਮੀਤਾ ਅੱਤਵਾਦੀ ਨਹੀਂ ਹਨ। ਇਸ ਗੱਲ ਦਾ ਜੱਜ ਨੂੰ ਪਤਾ ਹੈ। ਉਹਨਾਂ ਨੂੰ ਨਿਧੜਕ ਹੋ ਕੇ ਸਜ਼ਾ ਸੁਣਾਉਣ ਦਾ ਇਹੋ ਕਾਰਨ ਹੈ। ਅਖ਼ਬਾਰ ਅਤੇ ਸਰਕਾਰ ਜੱਜ ਦੀ ਦਲੇਰੀ ਦੇ ਸੋਹਲੇ ਗਾ ਰਹੇ ਹਨ। 'ਬਾਕੀ ਜੱਜ ਉਸ ਦੇ ਰਾਹ 'ਤੇ ਚੱਲਣਗੇ।' ਇਹ ਆਸ ਲਾ ਰਹੇ ਹਨ। ਪਾਲੇ ਅਤੇ ਮੀਤੇ ਦੀ ਝੱਟਪਟ ਜ਼ਮਾਨਤ ਮਨਜ਼ੂਰ ਕਰ ਕੇ ਹਾਈ ਕੋਰਟ ਜੱਜਾਂ ਦੇ ਮਨੋਬਲ ਨੂੰ ਢਾਹ ਲਾਉਣ ਦਾ ਜ਼ੋਖ਼ਮ ਨਹੀਂ ਉਠਾਏਗੀ।

ਇਸ ਵਾਰਦਾਤ ਵਿਚ ਕਤਲ ਇਕ ਮਾਸੂਮ ਬੱਚੇ ਦਾ ਹੋਇਆ ਹੈ। ਅਦਾਲਤ ਬੱਚੇ ਦੇ ਕਾਤਲਾਂ ਨੂੰ ਰਾਹਤ ਦੇਣ ਤੋਂ ਝਿਜਕੇਗੀ।

ਪਾਲੇ ਮੀਤੇ ਦਾ ਪਿਛੋਕੜ ਉਹਨਾਂ ਦੀ ਜ਼ਮਾਨਤ ਮਨਜ਼ੂਰ ਹੋਣ ਵਿਚ ਰੋੜਾ ਅਟਕਾਏਗਾ। ਉਹਨਾਂ ਦੀਆਂ ਦਸ-ਦਸ ਸਾਲ ਪੁਰਾਣੀਆਂ ਮਿਸਲਾਂ ਨੂੰ ਕਬਰ ਵਿਚੋਂ ਕੱਢ ਲਿਆ ਜਾਏਗਾ।

ਮੁਦੱਈ ਧਿਰ ਦੀ ਪੈਰਵੀ ਕਰ ਰਹੇ ਯੁਵਾ ਸੰਘ ਅਤੇ ਸਰਕਾਰ ਵੱਲੋਂ ਵੀ ਇਸ ਕੰਮ ਵਿਚ ਪੂਰੀ ਟੰਗ ਅੜਾਈ ਜਾਏਗੀ।

ਸੰਮਤੀ ਦੇ ਸਾਰੇ ਕਾਰਕੁੰਨ ਵਕੀਲ ਦੀਆਂ ਦਲੀਲਾਂ ਨਾਲ ਸਹਿਮਤ ਹੋ ਗਏ। ਪਾਲੇ ਅਤੇ ਮੀਤੇ ਦੀ ਜ਼ਮਾਨਤ ਕਰਾਉਣ ਦਾ ਖ਼ਿਆਲ ਤਿਆਗ ਦਿੱਤਾ ਗਿਆ।

"ਇਸ ਫ਼ੈਸਲੇ ਵਿਰੁੱਧ ਅਪੀਲ ਕਰਾਂਗੇ। ਅਪੀਲ ਦੀ ਵਾਰੀ ਦਸ ਸਾਲ ਬਾਅਦ ਆਏਗੀ। ਕੀ ਓਨਾ ਚਿਰ ਅਸੀਂ ਹੱਥ 'ਤੇ ਹੱਥ ਧਰ ਕੇ ਬੈਠ ਜਾਈਏ। ਸੰਘਰਸ਼ ਸੰਮਤੀ ਭੰਗ ਕਰ ਦੇਈਏ ? ਸੰਘਰਸ਼ ਠੱਪ ਕਰ ਦੇਈਏ ?"

ਰਜਿੰਦਰ ਨੂੰ ਸੰਘਰਸ਼ ਦੇ ਮੱਠਾ ਪੈਣ ਦਾ ਡਰ ਲੱਗਾ ਹੋਇਆ ਸੀ। ਉਸ ਨੇ ਆਪਣੀ ਚਿੰਤਾ ਪ੍ਰਗਟਾਈ।

ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਬਾਬੇ ਅਤੇ ਗੁਰਮੀਤ ਵਿਚਕਾਰ ਕੁਝ ਵਿਚਾਰ-ਵਟਾਂਦਰਾ ਹੋਇਆ ਸੀ। ਉਸ ਸਮੇਂ ਤੋਂ ਬਾਬੇ ਦੇ ਮਨ ਵਿਚ ਇਕ ਵਿਚਾਰ ਉਸਲਵੱਟੇ ਲੈ ਰਿਹਾ ਸੀ। ਬਾਬੇ ਨੂੰ ਮਹਿਸੂਸ ਹੋ ਰਿਹਾ ਸੀ ਕਿ ਸੰਮਤੀ ਕੋਲੋਂ ਇਕ ਵੱਡੀ ਗ਼ਲਤੀ ਹੋਈ ਹੈ। ਹੁਣ ਤਕ ਸੰਮਤੀ ਇਕ-ਪਾਸੜ ਲੜਾਈ ਲੜਦੀ ਰਹੀ ਹੈ। ਪਾਲੇ ਮੀਤੇ ਨੂੰ ਨਿਰਦੋਸ਼ ਸਿੱਧ ਕਰਨ ਦੀ ਲੜਾਈ। ਸੰਮਤੀ ਨੂੰ ਪਤਾ ਹੈ ਕਿ ਬੰਟੀ ਦੇ ਕਾਤਲ ਹੋਰ ਹਨ। ਪਾਲੇ ਮੀਤੇ ਸਿਰ ਦੋਸ਼ ਮੜ੍ਹ ਕੇ ਪੁਲਿਸ ਆਪਣੀ ਅਸਲ ਜ਼ਿੰਮੇਵਾਰੀ ਤੋਂ ਭੱਜ ਗਈ ਹੈ। ਇਹ ਕੰਮ ਸੰਮਤੀ ਨੂੰ ਕਰਨਾ ਚਾਹੀਦਾ ਸੀ। ਅਸਲ ਕਾਤਲ ਲੱਭ ਕੇ ਲੋਕਾਂ ਅਤੇ ਅਦਾਲਤ ਸਾਹਮਣੇ ਪੇਸ਼ ਕਰਨੇ ਚਾਹੀਦੇ ਸਨ।

ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਸੀ ਵਿਗੜਿਆ। ਸੰਮਤੀ ਨੂੰ ਅੱਜ ਤੋਂ ਇਹ ਯਤਨ ਆਰੰਭ ਕਰ ਦੇਣੇ ਚਾਹੀਦੇ ਸਨ। ਇੰਝ ਹੋਣ ਨਾਲ ਸੰਮਤੀ-ਸਮਰਥਕਾਂ ਦਾ ਘੇਰਾ ਵਧੇਗਾ, ਪੁਲਿਸ ਅਤੇ ਨਿਆਂ-ਪਾਲਿਕਾ ਦੀ ਪੋਲ ਖੁੱਲ੍ਹੇਗੀ।

ਸੰਘਰਸ਼ ਲਈ ਨਵੇਂ ਰਾਹ ਖੋਲ੍ਹਦੇ ਬਾਬੇ ਦੇ ਇਸ ਸੁਝਾਅ ਨੂੰ ਝੱਟ ਪ੍ਰਵਾਨ ਕਰ ਲਿਆ ਗਿਆ। ਸਰਬ-ਸੰਮਤੀ ਨਾਲ ਫ਼ੈਸਲਾ ਹੋਇਆ ਕਿ ਸੰਮਤੀ ਦੇ ਕਾਰਕੁੰਨ ਹੁਣੇ ਤੋਂ ਅਸਲ ਕਾਤਲਾਂ ਨੂੰ ਲੱਭਣ ਲਈ ਸਿਰਤੋੜ ਯਤਨ ਆਰੰਭ ਦੇਣਗੇ।

ਪਿਆਰੇ ਲਾਲ ਵਕੀਲ ਨੇ ਇਕ ਹੋਰ ਸੁਝਾਅ ਦਿੱਤਾ, "ਜਿੰਨਾ ਚਿਰ ਅਸਲ ਕਾਤਲਾਂ ਦਾ ਖੁਰਾ ਨਹੀਂ ਖੋਜ ਲਿਆ ਜਾਂਦਾ, ਓਨਾ ਚਿਰ ਪਾਲੇ ਮੀਤੇ ਵਿਰੁੱਧ ਭੁਗਤੇ ਗਵਾਹਾਂ ਨੂੰ ਪ੍ਰੇਰਿਆ ਜਾਵੇ। ਗਵਾਹਾਂ ਨੂੰ ਗ਼ਲਤੀ ਦਾ ਅਹਿਸਾਸ ਕਰਾਇਆ ਜਾਏ। ਜੇ ਉਹ ਮੰਨ ਜਾਣ ਕਿ ਉਹਨਾਂ ਕਚਹਿਰੀ ਵਿਚ ਝੂਠ ਬੋਲਿਆ ਹੈ ਤਾਂ ਸੱਚ ਬਿਆਨਦੇ ਉਹਨਾਂ ਦੇ ਹਲਫ਼ੀਆ ਬਿਆਨ ਹਾਸਲ ਕੀਤੇ ਜਾਣ। ਇਹਨਾਂ ਤੱਥਾਂ ਦੇ ਆਧਾਰ 'ਤੇ ਪੁਲਿਸ ਨੂੰ ਦੁਬਾਰਾ ਤਫ਼ਤੀਸ਼ ਕਰਨ ਅਤੇ ਹਾਈ ਕੋਰਟ ਨੂੰ ਦੋਸ਼ੀਆਂ ਨੂੰ ਬਰੀ ਕਰਨ ਲਈ ਮਜਬੂਰ ਕੀਤਾ ਜਾਵੇ।

ਇਹ ਸੁਝਾਅ ਵੀ ਪਰਵਾਨ ਹੋ ਗਿਆ।

ਮੇਘ ਰਾਜ ਚਾਹੁੰਦਾ ਸੀ, ਲੋਕਾਂ ਵਿਚ ਜਾਗੀ ਚੇਤਨਾ ਨੂੰ ਮੱਠਾ ਨਾ ਪੈਣ ਦਿੱਤਾ ਜਾਵੇ। ਪਾਲੇ ਅਤੇ ਮੀਤੇ ਵਰਗੇ ਬਹੁਤ ਲੋਕ ਕਾਨੂੰਨ ਦੀ ਜਾੜ੍ਹ ਹੇਠ ਆਏ ਹੋਏ ਹਨ। ਉਹਨਾਂ ਲਈ ਵੀ ਕੁਝ ਕੀਤਾ ਜਾਵੇ।

ਇਸ ਸੁਝਾਅ ਉਪਰ ਕਿੰਤੂ-ਪਰੰਤੂ ਦੀ ਕੋਈ ਸੰਭਾਵਨਾ ਨਹੀਂ ਸੀ। ਝੱਟ ਫ਼ੈਸਲਾ ਹੋ ਗਿਆ, "ਕੱਲ੍ਹ ਤੋਂ ਸੰਮਤੀ ਨਵੇਂ ਕੇਸ ਫੜਨੇ ਸ਼ੁਰੂ ਕਰੇਗੀ।"



ਮੀਟਿੰਗ ਦੇ ਅੰਤ ਵਿਚ ਬਾਬੇ ਨੇ ਐਲਾਨ ਕੀਤਾ :

"ਪਾਲੇ ਮੀਤੇ ਨੂੰ ਹੋਈ ਇਸ ਨਾਜਾਇਜ਼ ਸਜ਼ਾ ਵਿਰੁੱਧ ਕੱਲ੍ਹ ਨੂੰ ਵੱਡਾ ਰੋਸ ਮੁਜ਼ਾਹਰਾ ਕੀਤਾ ਜਾਏਗਾ। ਘਸੇ-ਪਿਟੇ ਅਤੇ ਲੋਕ-ਵਿਰੋਧੀ ਕਾਨੂੰਨੀ ਢਾਂਚੇ ਵਿਰੁੱਧ ਲੋਕਾਂ ਨੂੰ ਜਾਗਰੂਕ ਕੀਤਾ ਜਾਏਗਾ। ਇਸ ਬਹਾਨੇ ਸਰਕਾਰ ਵਿਰੁੱਧ ਘੋਲ ਵਿੱਢੇ ਜਾਣ ਦਾ ਐਲਾਨ ਕੀਤਾ ਜਾਏਗਾ। ਲੋਕਾਂ ਨੂੰ ਸੰਮਤੀ ਦੇ ਨਵੇਂ ਫ਼ੈਸਲਿਆਂ ਬਾਰੇ ਜਾਣੂ ਕਰਵਾਇਆ ਜਾਏਗਾ।"

ਉਤਸ਼ਾਹ ਨਾਲ ਭਰੇ ਨੌਜਵਾਨ ਹੁਣੇ ਤੋਂ ਕੰਮਾਂ ਵਿਚ ਜੁੱਟ ਜਾਣ ਲਈ ਉੱਠ ਖੜੋਤੇ।

# 14

ਇਸ ਬੈਰਕ ਵਿਚ ਮੀਤੇ ਦਾ ਅੱਜ ਪੰਦਰ੍ਹਵਾਂ ਦਿਨ ਸੀ। ਨਾ ਉਸ ਨੂੰ ਸਿੰਘਾਂ ਦੀ ਬੈਰਕ ਵਿਚ ਜਾਣ ਦੀ ਇਜਾਜ਼ਤ ਸੀ, ਨਾ ਜਥੇਦਾਰਾਂ ਦੀਆਂ ਕੋਠੜੀਆਂ ਵਿਚ।

ਉਸ ਨੂੰ ਰਸੋਈ ਵਿਚ ਸੌਣ ਦਾ ਹੁਕਮ ਹੋਇਆ।

ਬਚਪਨ ਤੋਂ ਮੀਤਾ ਟੁੰਡ-ਮਰੁੰਡ ਸੀ। ਜੇਲ੍ਹ ਉਸ ਦੇ ਬਾਹਰਲੇ ਘਰ ਵਾਂਗ ਸੀ। ਇਸ ਲਈ ਨਾ ਉਸ ਨੂੰ ਜੇਲ੍ਹ ਤੋਂ ਡਰ ਲੱਗਦਾ ਸੀ, ਨਾ ਇਕੱਲੇ ਰਹਿਣ ਤੋਂ।

ਮੀਤੇ ਦਾ ਧੰਦਾ ਹੀ ਅਜਿਹਾ ਸੀ। ਉਸ ਨੂੰ ਉੱਲੂਆਂ ਵਾਂਗ ਰਾਤ ਨੂੰ ਜਾਗਣ ਦੀ ਆਦਤ ਪਈ ਹੋਈ ਸੀ, ਪਰ ਜਦੋਂ ਤੋਂ ਉਹ ਬੈਰਕ ਵਿਚ ਆਇਆ ਸੀ, ਉਸ ਦੀ ਅੱਖ ਸੂਰਜ ਚੜ੍ਹਨ ਬਾਅਦ ਖੁੱਲ੍ਹਦੀ ਸੀ।

ਰਾਤ ਉਹ ਸਿੰਘਾਂ ਲਈ ਵਿਸ਼ੇਸ਼ ਤੌਰ 'ਤੇ ਬਣਦਾ 'ਕੇਸਰ ਵਾਲਾ ਦੁੱਧ' ਪੀਣਾ ਭੁੱਲ ਗਿਆ ਸੀ। ਸ਼ਾਇਦ ਇਸੇ ਲਈ ਅੱਜ ਉਸ ਦੀ ਅੱਖ ਅੱਧੀ ਰਾਤ ਨੂੰ ਖੁੱਲ੍ਹ ਗਈ ਸੀ।

ਜੇਲ੍ਹ ਰੋਹੀ ਬੀਆਬਾਨ ਵਿਚ ਸੀ। ਥੱਕੇ-ਹਾਰੇ ਕੈਦੀ ਘੂਕ ਸੁੱਤੇ ਪਏ ਸਨ। ਜੇਲ੍ਹ ਅੰਦਰ ਬੀਂਡਿਆਂ ਅਤੇ ਗਿੱਦੜਾਂ ਦੀਆਂ ਆਵਾਜ਼ਾਂ ਸੁਣਾਈ ਦੇਣੀਆਂ ਚਾਹੀਦੀਆਂ ਹਨ, ਪਰ ਸੰਗੀਤ ਦੀਆਂ ਧੁੰਨਾਂ ਦੇ ਨਾਲ-ਨਾਲ ਕੁਝ ਹੋਰ ਆਵਾਜ਼ਾਂ ਆ ਰਹੀਆਂ ਸਨ। ਉਹ ਆਵਾਜ਼ਾਂ ਉਸ ਨੂੰ ਭੈ-ਭੀਤ ਕਰ ਰਹੀਆਂ ਸਨ।

ਮੀਤਾ ਕਈ ਸਾਲ ਚੋਰੀਆਂ ਕਰਦਾ ਰਿਹਾ ਸੀ। ਚੋਰੀ ਲਈ ਘਰ ਨੂੰ ਪਾੜ ਲਾਉਂਦਾ ਸੀ। ਖੁਰਪਿਆਂ, ਛੈਣੀਆਂ ਅਤੇ ਸੱਬਲਾਂ ਦੀਆਂ ਆਵਾਜ਼ਾਂ ਨੂੰ ਸਾਧਾਰਨ ਆਵਾਜ਼ਾਂ ਵਿਚ ਰਲਗੱਡ ਕਰਨਾ ਉਸ ਨੂੰ ਚੰਗੀ ਤਰ੍ਹਾਂ ਆਉਂਦਾ ਸੀ।

ਮੀਤੇ ਦਾ ਤਜਰਬਾ ਆਖ ਰਿਹਾ ਸੀ। ਹੁਣ ਵੀ ਉਹੋ ਕੁਝ ਹੋ ਰਿਹਾ ਸੀ।

ਇਹ ਪਾੜ ਕਿਥੇ ਲੱਗ ਰਿਹਾ ਹੈ ? ਪਾੜ ਕੌਣ ਲਾ ਰਿਹਾ ਹੈ ? ਮੀਤੇ ਦੇ ਜ਼ਿਹਨ ਵਿਚ ਇਹ ਪ੍ਰਸ਼ਨ ਉੱਠਣ ਲੱਗੇ।

ਜਦੋਂ ਦਾ ਉਹ ਇਸ ਬੈਰਕ ਵਿਚ ਆਇਆ ਸੀ, ਉਦੋਂ ਦਾ ਅਜਿਹੇ ਅਜੀਬ-ਅਜੀਬ ਪ੍ਰਸ਼ਨਾਂ ਨਾਲ ਘਿਰਿਆ ਹੋਇਆ ਸੀ।

ਪਿਛਲੇ ਕੁਝ ਸਾਲਾਂ ਤੋਂ ਅਗਵਾ, ਡਕੈਤੀ ਅਤੇ ਕਤਲਾਂ ਦੀਆਂ ਵਾਰਦਾਤਾਂ ਵਿਚ ਕਈ ਗੁਣਾਂ ਵਾਧਾ ਹੋਇਆ ਸੀ। ਸਭ ਨੂੰ ਪਤਾ ਸੀ ਕਿ ਇਹ ਵਾਰਦਾਤਾਂ ਸਿੰਘ ਕਰਦੇ ਸਨ। ਸਿੰਘਾਂ ਦੇ ਹੌਸਲੇ ਬਹੁਤ ਬੁਲੰਦ ਸਨ। ਇਕੋ ਝਟਕੇ ਵਿਚ ਉਹ ਸੈਂਕੜੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੰਦੇ ਸਨ। ਨਾ ਉਹਨਾਂ ਨੂੰ ਪੁਲਿਸ ਫੜਦੀ ਸੀ, ਨਾ ਅਦਾਲਤ ਸਜ਼ਾ ਕਰਦੀ ਸੀ। ਨਾ ਉਹਨਾਂ ਨੂੰ ਹਥਿਆਰਾਂ ਦੀ ਘਾਟ ਸੀ, ਨਾ ਪੈਸੇ ਦੀ।



ਮੀਤੇ ਦਾ ਖ਼ੂੰਖ਼ਾਰ ਤੋਂ ਖ਼ੂੰਖ਼ਾਰ ਮੁਜਰਮ ਨਾਲ ਵਾਹ ਰਿਹਾ ਸੀ। ਉਹਨਾਂ ਵਿਚੋਂ ਇਕ ਵੀ ਸਿੰਘਾਂ ਜਿੰਨਾ ਬਹਾਦਰ ਨਹੀਂ ਸੀ।

ਇਹ ਸਿੰਘ ਕੌਣ ਹਨ, ਇਹਨਾਂ ਕੋਲ ਹਥਿਆਰ ਕਿਥੋਂ ਆਉਂਦੇ ਹਨ, ਇਹ ਮਾਸੂਮਾਂ ਨੂੰ ਕਿਉਂ ਮਾਰਦੇ ਹਨ, ਜੁਰਮ ਕਰ ਕੇ ਕਿਥੇ ਛੁਪਦੇ ਹਨ ? ਮੀਤੇ ਨੂੰ ਕੀ, ਕਿਸੇ ਨੂੰ ਪਤਾ ਨਹੀਂ ਸੀ। ਮੀਤੇ ਦਾ ਬਹੁਤ ਦਿਲ ਕਰਦਾ ਸੀ ਕਿ ਉਹ ਕਿਸੇ ਸਿੰਘ ਨੂੰ ਮਿਲੇ, ਬੈਠ ਕੇ ਉਸ ਨਾਲ ਢੇਰ ਸਾਰੀਆਂ ਗੱਲਾਂ ਕਰੇ, ਪਰ ਲੱਖ ਯਤਨਾਂ ਦੇ ਬਾਵਜੂਦ ਉਸ ਦਾ ਕਿਸੇ ਸਿੰਘ ਨਾਲ ਟਾਕਰਾ ਨਹੀਂ ਸੀ ਹੋਇਆ।

ਸਿੰਘਾਂ ਦੀ ਬੈਰਕ ਵਿਚ ਆ ਕੇ ਉਸ ਨੂੰ ਲੱਗਾ ਸੀ, ਉਸ ਦੇ ਸਾਰੇ ਪ੍ਰਸ਼ਨ ਹੱਲ ਹੋ ਜਾਣਗੇ।

ਪਰ ਸੁਲਝਣ ਦੀ ਥਾਂ, ਮਸਲਾ ਉਲਝਦਾ ਜਾ ਰਿਹਾ ਸੀ।

ਮੀਤੇ ਨੇ ਸਿੰਘਾਂ ਨੂੰ ਰਾਵਣ ਦੀ ਫ਼ੌਜ ਦੇ ਭਿਆਨਕ ਰਾਖ਼ਸ਼ਾਂ ਵਰਗਾ ਕਿਆਸਿਆ ਸੀ, ਪਰ ਇਸ ਬੈਰਕ ਵਿਚ ਬੰਦ ਸਿੰਘਾਂ ਵਿਚੋਂ ਇਕ ਵੀ ਉਸ ਦੀ ਕਲਪਨਾ ਨਾਲ ਮੇਲ ਨਹੀਂ ਸੀ ਖਾਂਦਾ। ਇਹ ਸਭ ਸ਼ਾਂਤ-ਚਿੱਤ ਅਤੇ ਸਾਰਾ ਦਿਨ ਭਜਨ-ਬੰਦਗੀ ਕਰਨ ਵਾਲੇ ਸਨ।

ਬੈਰਕ ਵਿਚ ਬੰਦ ਨੌਂ ਸਿੰਘਾਂ ਵਿਚੋਂ ਚਾਰ ਵੱਖ-ਵੱਖ ਜਥੇਬੰਦੀਆਂ ਦੇ ਮੁਖੀ ਸਨ। ਹਰ ਜਥੇਦਾਰ ਉਪਰ ਵੀਹ-ਵੀਹ ਮੁਕੱਦਮੇ ਦਰਜ ਸਨ।

ਸਰਕਾਰ ਨੂੰ ਜੈਲਾ ਸਿਪਾਹੀ ਸਭ ਤੋਂ ਵੱਧ ਕੱਟੜ ਖ਼ਿਆਲਾਂ ਦਾ ਜਾਪਦਾ ਸੀ। ਉਸ ਦੀ ਜਥੇਬੰਦੀ ਨੇ ਸੂਬੇ ਵਿਚੋਂ ਹਿੰਦੂਆਂ ਦਾ ਬੀ ਨਾਸ਼ ਕਰਨ ਦਾ ਬੀੜਾ ਚੁੱਕਿਆ ਹੋਇਆ ਸੀ। ਰੇਲ ਗੱਡੀਆਂ ਵਿਚ ਫ਼ਾਇਰਿੰਗ ਅਤੇ ਬੱਸਾਂ ਵਿਚੋਂ ਹਿੰਦੂਆਂ ਨੂੰ ਉਤਾਰ ਕੇ ਇਹੋ ਮਾਰਦੇ ਸਨ। ਹੋਰ ਮੁਕੱਦਮਿਆਂ ਦੇ ਨਾਲ-ਨਾਲ ਜੈਲੇ ਉਪਰ ਸੀ.ਆਰ.ਪੀ. ਦੀ ਵੈਨ ਨੂੰ ਬਾਰੂਦ ਨਾਲ ਉਡਾ ਕੇ ਛੇ ਜਵਾਨ ਸ਼ਹੀਦ ਕਰਨ ਦਾ ਦੋਸ਼ ਵੀ ਸੀ।

ਸੁੱਖੇ ਜਰਨੈਲ ਦੀ ਜਥੇਬੰਦੀ ਮਿੱਤਰ ਮੁਲਕਾਂ ਨਾਲ ਸੰਪਰਕ ਸਥਾਪਿਤ ਕਰਦੀ ਸੀ। ਉਹਨਾਂ ਕੋਲੋਂ ਹਥਿਆਰ ਮੰਗਵਾਉਂਦੀ ਸੀ। ਅਸਲੇ ਲਈ ਪੈਸਾ ਜੁਟਾਉਣ ਲਈ ਬੈਂਕ ਲੁੱਟਦੀ ਸੀ। ਨੌਜਵਾਨਾਂ ਨੂੰ ਜਥੇਬੰਦੀ ਵਿਚ ਭਰਤੀ ਕਰ ਕੇ ਸਿਖਲਾਈ ਕੈਂਪਾਂ ਵਿਚ ਭੇਜਦੀ ਸੀ। ਕਿਸੇ ਜ਼ਿਲ੍ਹੇ ਦੀ ਪੁਲਿਸ ਨੇ ਉਸ ਕੋਲੋਂ ਏ.ਕੇ. ਸੰਤਾਲੀ ਰਾਇਫ਼ਲਾਂ ਫੜਨ ਦਾ ਦਾਅਵਾ ਕੀਤਾ ਸੀ, ਕਿਸੇ ਨੇ ਆਰ.ਡੀ.ਐਕਸ. ਬਾਰੂਦ ਅਤੇ ਕਿਸੇ ਨੇ ਵਿਦੇਸ਼ੀ ਪਿਸਤੌਲਾਂ ਦਾ ਭੰਡਾਰ।

ਦਾਨੇਵਾਲੀਏ ਦੀ ਜਥੇਬੰਦੀ ਸਨਅਤਕਾਰਾਂ, ਡਾਕਟਰਾਂ ਅਤੇ ਵਕੀਲਾਂ ਨੂੰ ਅਗਵਾ ਕਰਨ ਅਤੇ ਫੇਰ ਉਹਨਾਂ ਕੋਲੋਂ ਭਾਰੀ ਫਿਰੌਤੀ ਵਸੂਲਣ ਵਿਚ ਮਾਹਿਰ ਸੀ। ਉਸ ਉਪਰ ਅਜਿਹੇ ਮੁਕੱਦਮੇ ਦਰਜ ਸਨ।

ਚੀਫ਼ ਕਮਾਂਡਰ ਮਿੱਠੇ ਦੀ ਜਥੇਬੰਦੀ ਵਿਰੋਧੀ ਸੁਰ ਨੂੰ ਦਬਾਉਣ ਦਾ ਕੰਮ ਕਰਦੀ ਸੀ। ਝੂਠੇ ਪੁਲਿਸ ਮੁਕਾਬਲਿਆਂ ਵਿਚ ਸਿੰਘਾਂ ਨੂੰ ਸ਼ਹੀਦ ਕਰਨ ਵਾਲੇ ਥਾਣੇਦਾਰਾਂ ਤੋਂ ਲੈ ਕੇ ਪੁਲਿਸ ਕਪਤਾਨਾਂ ਤਕ ਨੂੰ ਇਹਨਾਂ ਨੇ ਸੋਧਿਆ ਸੀ। ਪੁਲਿਸ ਹਮਾਇਤੀ ਦੋ ਮੈਜਿਸਟ੍ਰੇਟ, ਚੀਫ਼ ਨੇ ਭਰੀ ਕਚਹਿਰੀ ਵਿਚ ਭੁੰਨੇ ਸਨ। ਸਿੰਘਾਂ ਨੂੰ ਸਜ਼ਾ ਕਰਨ ਦੀ ਤਾਕ ਵਿਚ ਬੈਠੇ, ਇਕ ਸੈਸ਼ਨ ਜੱਜ ਦੀ ਕਲਮ ਨੂੰ ਨਕਾਰਾ ਕੀਤਾ ਸੀ। ਜਥੇਬੰਦੀ ਨੇ ਜਿਉਂ ਹੀ ਇਕ ਕੇਂਦਰੀ ਮੰਤਰੀ ਦੇ ਜਵਾਈ ਨੂੰ ਸੋਧਣ ਦਾ ਮਤਾ ਪਕਾਇਆ, ਸੂਬੇ ਦੀ ਸਾਰੀ ਪੁਲਿਸ ਹੱਥ ਧੋ ਕੇ ਉਸ ਦੇ ਪਿੱਛੇ ਪੈ ਗਈ। ਮਿੱਠੇ ਨੂੰ ਸੀਖਾਂ ਪਿੱਛੇ ਪਹੁੰਚਾ ਕੇ ਉਸ ਨੂੰ ਨੀਂਦ ਆਈ।

ਕਈ-ਕਈ ਸਾਲ ਜੇਲ੍ਹ ਵਿਚ ਬੰਦ ਰਹਿਣ ਦੇ ਬਾਵਜੂਦ ਜਥੇਦਾਰ ਆਪਣੀ-ਆਪਣੀ ਜਥੇਬੰਦੀ ਦੇ ਮੁਖੀ ਬਣੇ ਹੋਏ ਸਨ। ਸੂਬੇ ਦਾ ਕੋਈ ਅਜਿਹਾ ਜ਼ਿਲ੍ਹਾ ਨਹੀਂ ਸੀ, ਜਿਥੇ ਉਹਨਾਂ 'ਤੇ

ਮੁਕੱਦਮਾ ਨਹੀਂ ਸੀ ਚੱਲਦਾ। ਸੱਤਾਂ ਵਿਚੋਂ ਛੇ ਦਿਨ, ਪੇਸ਼ੀਆਂ ਭੁਗਤਣ, ਉਹ ਬਾਹਰ ਜਾਂਦੇ ਸਨ। ਖ਼ੁਫ਼ੀਆ ਏਜੰਸੀਆਂ ਦੀ ਨਜ਼ਰ ਉਹਨਾਂ ਦਾ ਪਿੱਛਾ ਕਰਦੀ ਸੀ। ਫੇਰ ਵੀ ਅੱਖ ਬਚਾ ਕੇ ਉਹ ਆਪਣੇ ਸਮਰਥਕਾਂ ਨਾਲ ਸੰਪਰਕ ਸਥਾਪਿਤ ਕਰ ਕੇ, ਸੂਚਨਾਵਾਂ ਦਾ ਆਦਾਨ-ਪ੍ਰਦਾਨ ਕਰ ਲੈਂਦੇ ਸਨ। ਸੂਬੇ ਵਿਚ ਹੋਣ ਵਾਲੀਆਂ ਵਾਰਦਾਤਾਂ ਦੀ ਓਨੀ ਜਾਣਕਾਰੀ ਖ਼ੁਫ਼ੀਆ ਵਿਭਾਗ ਨੂੰ ਨਹੀਂ ਸੀ ਹੁੰਦੀ, ਜਿੰਨੀ ਸਿੰਘਾਂ ਨੂੰ ਹੁੰਦੀ ਸੀ।

ਜੇਲ੍ਹ ਦੇ ਬਾਹਰ ਜਥੇਬੰਦੀਆਂ ਖ਼ੁਦ-ਮੁਖ਼ਤਿਆਰ ਸਨ। ਉਹ ਆਪਣੇ ਮੁਖੀ ਦਾ ਕਹਿਣਾ ਮੰਨਦੀਆਂ ਸਨ। ਜੇਲ੍ਹ ਅੰਦਰ ਜਥੇਦਾਰਾਂ ਨੇ ਸੁੱਖੇ ਨੂੰ ਆਪਣਾ ਮੁਖੀ ਥਾਪ ਰੱਖਿਆ ਸੀ। ਜਦੋਂ ਕਿਸੇ ਮਸਲੇ 'ਤੇ ਸਰਬ-ਸੰਮਤੀ ਨਹੀਂ ਸੀ ਹੁੰਦੀ ਤਾਂ ਉਸੇ ਦਾ ਹੁਕਮ ਚੱਲਦਾ ਸੀ।

ਸਰਕਾਰ ਸਿੰਘਾਂ ਨੂੰ ਜ਼ਾਲਮ ਆਖਦੀ ਸੀ। ਬੋਲਚਾਲ ਅਤੇ ਕਾਰ-ਵਿਹਾਰ ਤੋਂ ਉਹ ਮੀਤੇ ਨੂੰ ਭੋਲੇ-ਭਾਲੇ ਜਾਪਦੇ ਸਨ। ਜਥੇਬੰਦੀ ਵਿਚ ਜਿੰਨਾ ਉਸ ਦਾ ਰੁਤਬਾ ਉੱਚਾ ਸੀ, ਓਨਾ ਉਸ ਦਾ ਕਿਰਦਾਰ ਸੁੱਚਾ ਸੀ।

ਸਰਕਾਰ ਸੱਚ ਬੋਲਦੀ ਸੀ ਜਾਂ ਮੀਤੇ ਦੀਆਂ ਅੱਖਾਂ ? ਮੀਤੇ ਤੋਂ ਇਹ ਪਹੇਲੀ ਬੁੱਝੀ ਨਹੀਂ ਸੀ ਜਾ ਰਹੀ।

ਚਾਰੇ ਜਥੇਦਾਰਾਂ ਦੀਆਂ ਸ਼ਕਲਾਂ-ਸੂਰਤਾਂ ਇਕੋ ਜਿਹੀਆਂ ਸਨ। ਉਹਨਾਂ ਵਿਚੋਂ ਸੁੱਖਾ ਕਿਹੜਾ ਹੈ, ਜੈਲਾ ਕਿਹੜਾ ਹੈ ? ਇਸ ਦੀ ਮੀਤੇ ਨੂੰ ਉੱਕਾ ਪਛਾਣ ਨਹੀਂ ਸੀ।

ਪਛਾਣ ਹੋਵੇ ਵੀ ਕਿਸ ਤਰ੍ਹਾਂ ? ਪੇਸ਼ੀਆਂ ਭੁਗਤਣ ਦੇ ਚੱਕਰ ਵਿਚ ਦਿਨੇ ਉਹ ਜੇਲ੍ਹੋਂ ਬਾਹਰ ਰਹਿੰਦੇ ਸਨ। ਰਾਤ ਨੂੰ ਆਪਣੀਆਂ-ਆਪਣੀਆਂ ਕੋਠੜੀਆਂ ਵਿਚ ਵੜ ਜਾਂਦੇ ਸਨ।

ਸਿੰਘ ਜਿਨ੍ਹਾਂ ਕੋਠੜੀਆਂ ਵਿਚ ਰਹਿੰਦੇ ਸਨ, ਉਹਨਾਂ ਦੀ ਗਿਣਤੀ ਛੇ ਸੀ। ਕੋਠੜੀਆਂ ਦੇ ਬਾਹਰ ਤਿੰਨ ਫ਼ੁੱਟਾ ਵਰਾਂਡਾ ਸੀ। ਵਰਾਂਡਾ ਇਕ ਪਾਸਿਉਂ ਬੰਦ ਸੀ। ਦੂਜਾ ਪਾਸਾ ਉਸ ਨੂੰ ਬੈਰਕ ਦੇ ਮੁੱਖ ਵਰਾਂਡੇ ਨਾਲ ਜੋੜਦਾ ਸੀ। ਦੋਹਾਂ ਵਰਾਂਡਿਆਂ ਦੇ ਵਿਚਕਾਰ ਲੋਹੇ ਦਾ ਇਕ ਵੱਡਾ ਗੇਟ ਸੀ ਜੋ ਅਕਸਰ ਬੰਦ ਰਹਿੰਦਾ ਸੀ। ਇਹ ਗੇਟ ਕੋਠੜੀਆਂ ਵਿਚ ਬੰਦ ਕੈਦੀਆਂ ਨੂੰ ਆਮ ਕੈਦੀਆਂ ਨਾਲੋਂ ਵਿਛੋੜਦਾ ਸੀ।

ਕੋਠੜੀਆਂ ਬਣੀਆਂ ਤਾਂ ਸ਼ਰਾਰਤੀ ਕੈਦੀਆਂ ਨੂੰ ਬੰਦ ਕਰਨ ਲਈ ਸਨ, ਪਰ ਜਦੋਂ ਤੋਂ ਸਿੰਘ ਇਸ ਬੈਰਕ ਵਿਚ ਆਏ ਸਨ, ਇਹਨਾਂ ਦੀ ਵਰਤੋਂ ਨਹੀਂ ਸੀ ਹੋਈ।

ਸਿੰਘਾਂ ਨੇ ਜੇਲ੍ਹ ਪ੍ਰਸ਼ਾਸਨ ਕੋਲ ਮੰਗ ਰੱਖੀ ਸੀ ਕਿ ਘੱਟੋ-ਘੱਟ ਜਥੇਦਾਰਾਂ ਨੂੰ ਕੋਠੜੀਆਂ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਜਾਵੇ।

ਥੋੜ੍ਹੀ ਜਿਹੀ ਆਨਾ-ਕਾਨੀ ਬਾਅਦ ਦਰੋਗੇ ਨੇ ਸਿੰਘਾਂ ਦੀ ਮੰਗ ਮੰਨ ਲਈ।

ਜਥੇਦਾਰਾਂ ਨੂੰ ਕੋਠੜੀਆਂ ਵਿਚ ਸਜ਼ਾ ਦੇਣ ਲਈ ਬੰਦ ਨਹੀਂ ਸੀ ਕੀਤਾ ਗਿਆ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਬੰਦੀ ਬਾਅਦ, ਉਹਨਾਂ ਦੀਆਂ ਕੋਠੜੀਆਂ ਨੂੰ ਜਿੰਦਾ ਨਹੀਂ ਸੀ ਵੱਜਦਾ। ਉਹਨਾਂ ਨੂੰ ਵਰਾਂਡਿਆਂ ਵਿਚ ਟਹਿਲਣ ਅਤੇ ਇਕ-ਦੂਜੇ ਦੀ ਕੋਠੜੀ ਵਿਚ ਆਉਣ-ਜਾਣ ਦੀ ਖੁੱਲ੍ਹ ਸੀ।

ਸਿੰਘਾਂ ਦੀ ਧਾਰਮਿਕ ਬਿਰਤੀ ਨੂੰ ਧਿਆਨ ਵਿਚ ਰੱਖ ਕੇ ਅਦਾਲਤ ਨੇ ਉਹਨਾਂ ਨੂੰ ਗੁਰਬਾਣੀ ਸੁਣਨ ਦੀ ਇਜਾਜ਼ਤ ਦੇ ਰੱਖੀ ਸੀ। ਕੋਠੜੀਆਂ ਵਿਚ ਬਲਬ ਤਾਂ ਸਨ, ਪਰ ਪਲੱਗ ਨਹੀਂ ਸਨ। ਸਿੰਘਾਂ ਦਾ ਟੇਪ ਰਿਕਾਰਡ ਅਤੇ ਗੁਰਬਾਣੀ ਵਾਲੀਆਂ ਕੈਸਟਾਂ ਬੇਕਾਰ ਹੋਈਆਂ ਪਈਆਂ ਸਨ। ਉਹਨਾਂ



ਨਵੀਂ ਮੰਗ ਰੱਖੀ। ਉਹਨਾਂ ਦੀਆਂ ਕੋਠੜੀਆਂ ਵਿਚ ਪਲੱਗ ਲਗਵਾ ਕੇ ਦਿੱਤੇ ਜਾਣ। ਤਾਰ ਦਾ ਪ੍ਰਬੰਧ ਉਹਨਾਂ ਆਪ ਕਰ ਲਿਆ। ਪਲੱਗ ਲਗਵਾ ਕੇ ਦੇਣ ਦਾ ਹੁਕਮ ਅਦਾਲਤ ਨੇ ਦੇ ਦਿੱਤਾ। ਰਸ-ਭਿੰਨਾ ਗਾਇਨ ਕੋਠੜੀਆਂ ਨੂੰ ਪਵਿੱਤਰ ਕਰਨ ਲੱਗਾ।

ਨਿਤਨੇਮ ਲਈ ਸਿੰਘ ਸਾਜਰੇ ਉੱਠਦੇ ਸਨ। ਬੈਰਕ ਦੀ ਰਸੋਈ ਕੋਠੜੀਆਂ ਨਾਲੋਂ ਫ਼ਰਕ ਨਾਲ ਸੀ। ਇਹ ਔਕੜ ਦੂਰ ਕਰਨ ਲਈ ਇਕ ਕੋਠੜੀ ਲਾਂਗਰੀ ਨੂੰ ਦਿੱਤੀ ਗਈ। ਦੂਜੀ ਵਿਚ ਆਰਜ਼ੀ ਰਸੋਈ ਬਣਾਈ ਗਈ।

ਲਾਂਗਰੀ ਸਾਰਾ ਦਿਨ ਜਥੇਦਾਰਾਂ ਵਿਚ ਰਹਿੰਦਾ ਸੀ। ਉਸ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਦਾਨੇਵਾਲੀਆ ਕਿਹੜਾ ਹੈ ਅਤੇ ਮਿੱਠਾ ਕਿਹੜਾ ਹੈ।

ਲਾਂਗਰੀ ਨੇ ਝੋਟੇ ਵਾਂਗ ਸਿਰ ਫੇਰ ਦਿੱਤਾ, "ਇਕ ਜਥੇਦਾਰ ਦੂਜੇ ਦਾ ਨਾਂ ਲੈ ਕੇ ਨਹੀਂ ਬੁਲਾਉਂਦਾ।"

ਲਾਂਗਰੀ ਸੱਚ ਬੋਲ ਰਿਹਾ ਸੀ ਜਾਂ ਝੂਠ ? ਮੀਤੇ ਤੋਂ ਇਹ ਪ੍ਰਸ਼ਨ ਹੱਲ ਨਹੀਂ ਸੀ ਹੋ ਰਿਹਾ।

ਲਾਂਗਰੀ ਨੇ ਜਥੇਦਾਰਾਂ ਦੇ ਪਿਛੋਕੜ ਬਾਰੇ ਕੁਝ ਨਹੀਂ ਸੀ ਦੱਸਿਆ। ਆਪਣੇ ਬਾਰੇ ਦੱਸਣ ਲੱਗਿਆਂ ਕੁਝ ਨਹੀਂ ਸੀ ਛੁਪਾਇਆ।

ਕਤਲ ਕੇਸ ਵਿਚ ਫਸਣ ਤੋਂ ਪਹਿਲਾਂ ਲਾਂਗਰੀ ਮਾਇਆ ਨਗਰ ਦੇ ਇਕ ਤੀਜੇ ਦਰਜੇ ਦੇ ਹੋਟਲ ਵਿਚ ਕੁੱਕ ਸੀ। ਜਦੋਂ ਰਸੋਈ ਵਿਚ ਕੰਮ ਨਹੀਂ ਸੀ ਹੁੰਦਾ, ਉਦੋਂ ਉਹ ਵੇਟਰ ਦੇ ਫ਼ਰਜ਼ ਨਿਭਾਉਂਦਾ ਸੀ। ਹੋਟਲ ਦੀ ਆਮਦਨ ਦਾ ਮੁੱਖ ਸਰੋਤ, ਉਹ ਜੋੜੇ ਸਨ ਜੋ ਅੱਯਾਸ਼ੀ ਕਰਨ ਹੋਟਲ ਆਉਂਦੇ ਸਨ। ਮਾਲਕ ਨੇ ਕਮਰੇ ਦਾ ਕਿਰਾਇਆ ਜਾਣ-ਬੁਝ ਕੇ ਘੱਟ ਰੱਖਿਆ ਸੀ। ਭਾਂਗਾ, ਸੋਡੇ, ਵਿਸਕੀ ਅਤੇ ਭੁਰਜੀ ਦੇ ਰੇਟਾਂ ਵਿਚ ਕੱਢ ਲਿਆ ਜਾਂਦਾ ਸੀ। ਬਿੱਲ ਨੂੰ ਲੈ ਕੇ ਮਾਲਕ ਅਤੇ ਗਾਹਕ ਵਿਚਕਾਰ ਅਕਸਰ ਝਗੜਾ ਹੁੰਦਾ ਰਹਿੰਦਾ ਸੀ। ਸਿਆਣਾ ਗਾਹਕ ਸਬਰ ਦਾ ਘੁੱਟ ਭਰ ਲੈਂਦਾ ਸੀ। ਕੁਝ ਕਮਲੇ ਹੱਥੋ-ਪਾਈ 'ਤੇ ਉੱਤਰ ਆਉਂਦੇ ਸਨ। ਹੋਟਲ ਵਿਚ ਹੁੰਦੀਆਂ ਗਤੀਵਿਧੀਆਂ ਦੀ ਪੁਲਿਸ ਨੂੰ ਸੂਹ ਸੀ। ਮਾਲਕ ਦੀ ਪੁਲਿਸ ਨਾਲ ਬੁੱਕਲ ਸਾਂਝੀ ਸੀ। ਝਗੜਾ ਕਰ ਕੇ ਗਾਹਕ ਦੇ ਪੱਲੇ ਕੁਝ ਨਹੀਂ ਸੀ ਪੈਂਦਾ। ਨਮਕ-ਹਲਾਲ ਪੁਲਿਸ ਮਾਲਕ ਦਾ ਪੱਖ ਪੂਰਦੀ ਸੀ। ਲੋੜ ਪੈਣ 'ਤੇ ਵੇਟਰਾਂ ਨੂੰ ਗਾਹਕਾਂ ਦੀ ਲਾਹ-ਪਾਹ ਅਤੇ ਛਤਰੌਲ ਕਰਨੀ ਪੈਂਦੀ ਸੀ।

ਜਦੋਂ ਮਾਲਕ ਦੋ ਘੁੱਟ ਵੱਧ ਪੀ ਲੈਂਦਾ ਤਾਂ ਜੋੜੇ ਦੇ ਰੰਗ ਵਿਚ ਭੰਗ ਪਾ ਦਿੰਦਾ। ਪਰਾਈ ਔਰਤ ਨਾਲ ਜ਼ਬਰਦਸਤੀ ਕਰਦਾ। ਬਹੁਤੀ ਵਾਰ ਗਾਹਕ ਝੁਕ ਜਾਂਦੇ। ਪਤਾ ਸੀ, ਝਗੜਾ ਹੋਇਆ ਤਾਂ ਪੁਲਿਸ ਆਏਗੀ। ਪੁਲਿਸ ਆਈ ਤਾਂ ਪੱਗ ਗਾਹਕ ਦੀ ਰੁਲੇਗੀ।

ਇਕ ਰਾਤ ਮਾਲਕ ਦਾ ਝਗੜਾ ਕੁਝ ਜ਼ਿਆਦਾ ਵਧ ਗਿਆ। ਗਾਹਕ ਦੁਹਾਈ ਦੇ ਰਿਹਾ ਸੀ, "ਇਹ ਔਰਤ ਬਜ਼ਾਰੂ ਨਹੀਂ ਹੈ। ਮੇਰੀ ਮੰਗੇਤਰ ਹੈ।" ਮਾਲਕ ਕਹਿੰਦਾ ਸੀ, "ਹਰ ਮਰਦ ਇਸੇ ਤਰ੍ਹਾਂ ਆਖਦਾ ਹੈ।"

ਇੱਜ਼ਤ ਬਚਾਉਂਦੀ ਔਰਤ ਨੇ ਕਮਰੇ ਵਿਚ ਪਿਆ ਜੱਗ ਚੁੱਕ ਕੇ ਮਾਲਕ ਦੇ ਮੌਰਾਂ ਵਿਚ ਜੜ੍ਹ ਦਿੱਤਾ। ਗਾਹਕ ਦੇ ਮਾਲਕ 'ਤੇ ਭਾਰੂ ਹੋਣ ਤੋਂ ਪਹਿਲਾਂ ਵੇਟਰਾਂ ਨੂੰ ਝਗੜੇ ਦੀ ਖ਼ਬਰ ਮਿਲ ਗਈ। ਡੰਡੇ ਅਤੇ ਰਾਡ ਚੁੱਕ ਕੇ ਉਹ ਮਾਲਕ ਦੀ ਹਿਫ਼ਾਜ਼ਤ ਲਈ ਆ ਗਏ। ਆਪਣੇ ਬਚਾਅ ਲਈ ਪਿੱਛੇ ਹਟਦਾ-ਹਟਦਾ ਗਾਹਕ ਬਾਲਕੋਨੀ ਵਿਚ ਚਲਾ ਗਿਆ। ਗਰਿੱਲ ਵਿਚ ਅਟਕ ਕੇ ਹੇਠਾਂ ਡਿੱਗ ਪਿਆ। ਡਿੱਗਦੇ ਦੀ ਧੌਣ ਟੁੱਟ ਗਈ।

ਮੰਗੇਤਰ ਦੇ ਬਿਆਨ 'ਤੇ ਪਰਚਾ ਦਰਜ ਹੋ ਗਿਆ।

ਮਾਲਕ ਦੇ ਕਹਿਣ 'ਤੇ ਪੁਲਿਸ ਨੇ ਪਾਣੀ ਲਾਂਗਰੀ ਵੱਲ ਨੂੰ ਰੋੜ੍ਹ ਦਿੱਤਾ। ਨਾਲ ਨੌਕਰ ਦੇ ਸਿਰ ਕੋਈ ਜਾਦੂ ਧੂੜ ਦਿੱਤਾ। ਵੱਡੀਆਂ-ਵੱਡੀਆਂ ਫੜ੍ਹਾਂ ਮਾਰੀਆਂ।

"ਮੈਂ ਤੇਰੇ ਲਈ ਵੱਡਾ ਵਕੀਲ ਕਰਾਂਗਾ। ਗਵਾਹਾਂ ਨੂੰ ਮੁਕਰਾ ਦੇਵਾਂਗਾ। ਮਹੀਨੇ ਦੇ ਅੰਦਰ-ਅੰਦਰ ਤੈਨੂੰ ਬਰੀ ਕਰਵਾ ਦੇਵਾਂਗਾ।"

ਵਫ਼ਾਦਾਰੀ ਦੇ ਨਸ਼ੇ ਵਿਚ ਚੂਰ ਹੋਏ ਲਾਂਗਰੀ ਨੇ ਜੁਰਮ ਦਾ ਇਕਬਾਲ ਕਰ ਲਿਆ।

ਚਲਾਨ ਅਦਾਲਤ ਵਿਚ ਪੇਸ਼ ਹੁੰਦਿਆਂ ਹੀ ਮਾਲਕ ਨੇ ਮੂੰਹ ਫੇਰ ਲਿਆ। ਵਕੀਲ ਜਾਂ ਗਵਾਹਾਂ 'ਤੇ ਖ਼ਰਚ ਕੀ ਕਰਨਾ ਸੀ, ਉਹ ਕਦੇ ਮੁਲਾਕਾਤ ਕਰਨ ਤਕ ਨਾ ਆਇਆ।

ਨਿਪਾਲੀ ਬਰਾਦਰੀ ਨੇ ਉਸ ਦੇ ਬਚਾਅ ਲਈ ਨੱਠ-ਭੱਜ ਕੀਤੀ। ਬਹੁਤ ਸਾਰੇ ਨਿਪਾਲੀ ਅਫ਼ਸਰਾਂ ਦੇ ਘਰਾਂ ਵਿਚ ਨੌਕਰ ਸਨ। ਨੌਕਰਾਂ ਨੇ ਮਾਲਕਨਾਂ ਦੀ ਮੁੱਠੀ-ਚਾਪੀ ਕੀਤੀ। ਮਾਲਕਨਾਂ ਨੇ ਆਪਣੇ ਪਤੀ ਪੁਚਕਾਰੇ। ਪਤੀਆਂ ਨੇ ਜੱਜ ਕੋਲ ਸਿਫ਼ਾਰਸ਼ ਕੀਤੀ। ਮਾਮਲਾ ਗੰਭੀਰ ਸੀ। ਮੂੰਹ ਮੁਲਾਹਜ਼ੇ ਖ਼ਾਤਰ ਕਤਲ ਦੇ ਦੋਸ਼ੀ ਨੂੰ ਬਰੀ ਨਹੀਂ ਸੀ ਕੀਤਾ ਜਾ ਸਕਦਾ। ਫੇਰ ਵੀ ਜੱਜ ਨੇ ਰਿਆਇਤ ਕੀਤੀ, ਕਤਲ ਦੀ ਦਫ਼ਾ ਤੋੜ ਕੇ ਗੰਭੀਰ ਸੱਟਾਂ ਮਾਰਨ ਦੇ ਦੋਸ਼ ਵਿਚ ਸੱਤ ਸਾਲ ਕੈਦ ਦੀ ਸਜ਼ਾ ਕਰ ਦਿੱਤੀ।

ਨਿਪਾਲੀ ਦਾ ਲਾਂਗਰੀ ਹੋਣਾ ਉਸ ਲਈ ਲਾਭਕਾਰੀ ਸਿੱਧ ਹੋਇਆ। ਚੰਗਾ ਖਾਣਾ ਬਣਾਉਣ ਵਾਲੇ ਦੀ ਜੇਲ੍ਹ ਵਿਚ ਬਹੁਤ ਮੰਗ ਰਹਿੰਦੀ ਹੈ। ਨਿਪਾਲੀ ਨੂੰ ਆਪਣਾ ਮੁਸ਼ੱਕਤੀ ਬਣਾਉਣ ਲਈ ਕੈਦੀਆਂ ਵਿਚਕਾਰ ਬੋਲੀ ਹੋਣ ਲੱਗੀ। ਸਿਫ਼ਾਰਸ਼ਾਂ ਜੇਲ੍ਹ ਮੰਤਰੀ ਤਕ ਗਈਆਂ। ਕੈਦੀ ਭਲਾਈ ਬੋਰਡ ਦੇ ਮੈਂਬਰ ਖ਼ੁਦ ਚੱਲ ਕੇ ਜੇਲ੍ਹ ਆਏ।

ਜਿੱਤ ਸਿੰਘਾਂ ਦੀ ਹੋਈ। ਉਹਨਾਂ ਦਾ ਹੁਕਮਨਾਮਾ ਜਾਰੀ ਹੁੰਦਿਆਂ ਹੀ ਬੋਲੀ ਅਤੇ ਸਿਫ਼ਾਰਸ਼ਾਂ ਬੰਦ ਹੋ ਗਈਆਂ। ਲਾਂਗਰੀ ਇਸ ਅਹਾਤੇ ਵਿਚ ਪੁੱਜ ਗਿਆ।

ਦੋ ਸਾਲ ਤੋਂ ਉਹ ਸਿੰਘਾਂ ਦਾ ਲੰਗਰ ਤਿਆਰ ਕਰ ਰਿਹਾ ਸੀ।

ਥੋੜ੍ਹੀ ਬਹੁਤ ਪੰਜਾਬੀ ਉਸ ਨੂੰ ਪਹਿਲਾਂ ਆਉਂਦੀ ਸੀ। ਬਾਕੀ ਸਿੰਘਾਂ ਕੋਲੋਂ ਸਿੱਖ ਲਈ। ਦਾੜ੍ਹੀ ਮੁੱਛਾਂ ਉੱਗੀਆਂ ਨਹੀਂ ਸਨ। ਕੇਸ ਉਸ ਨੇ ਪੂਰੇ ਵਧਾ ਲਏ। ਸਿੰਘਾਂ ਦੇ ਅਹਿਸਾਨ ਅਤੇ ਪ੍ਰਭਾਵ ਹੇਠ ਅੰਮ੍ਰਿਤ ਛਕ ਕੇ ਪਿਛਲੇ ਸਾਲ ਉਹ ਪੂਰਨ ਸਿੰਘ ਬਣ ਗਿਆ। ਹੁਣ ਉਹ ਲਾਂਗਰੀ ਨਹੀਂ ਰਣਜੀਤ ਸਿੰਘ ਸੀ।

"ਜੇਲ੍ਹ ਵਿਚ ਸਿੰਘਾਂ ਦੀ ਜੇਲ੍ਹ ਮੰਤਰੀ ਨਾਲੋਂ ਵੱਧ ਚੱਲਦੀ ਹੈ।" ਲਾਂਗਰੀ ਦੀ ਇਹ ਫੜ੍ਹ ਮੀਤੇ ਦੇ ਹਜ਼ਮ ਨਹੀਂ ਸੀ ਹੋ ਰਹੀ।

ਉਂਝ ਸੀ ਇਹ ਸੱਚ। ਇਸੇ ਲਈ ਜੇਲ੍ਹ ਦਾ ਕੋਈ ਕਾਇਦਾ-ਕਾਨੂੰਨ ਇਸ ਅਹਾਤੇ 'ਤੇ ਲਾਗੂ ਨਹੀਂ ਸੀ। ਨਾ ਇਥੇ ਸਵੇਰੇ ਸ਼ਾਮ ਗਿਣਤੀ ਹੁੰਦੀ ਸੀ, ਨਾ ਬੈਰਕ ਨੂੰ ਜਿੰਦਾ ਲੱਗਦਾ ਸੀ। ਇਸ ਬੈਰਕ ਦਾ ਸੰਤਰੀ ਸਿੰਘ ਸੀ ਅਤੇ ਮੁਨਸ਼ੀ ਵੀ।

ਹਫ਼ਤਾਵਾਰੀ ਦੌਰੇ 'ਤੇ ਆਇਆ ਦਰੋਗ਼ਾ ਬਸ ਜ਼ਾਬਤਾ ਪੂਰਾ ਕਰਦਾ ਸੀ। ਅਹਾਤੇ ਦੇ ਗੇਟ 'ਤੇ ਖੜੋ ਕੇ ਉਹ ਸਿੰਘਾਂ ਦਾ ਹਾਲ-ਚਾਲ ਪੁੱਛਦਾ ਸੀ। ਦੁੱਖ-ਤਕਲੀਫ਼ ਸੁਣ ਕੇ ਉਸ ਨੂੰ ਦੂਰ ਕਰਨ ਦਾ ਭਰੋਸਾ ਦੇ ਕੇ ਤੁਰ ਜਾਂਦਾ ਸੀ।

ਜੇਲ੍ਹ ਅਧਿਕਾਰੀਆਂ 'ਤੇ ਸਿੰਘਾਂ ਦਾ ਛੱਪਾ ਉਂਝ ਨਹੀਂ ਸੀ ਪੈ ਗਿਆ, ਇਸ ਲਈ ਉਹਨਾਂ ਨੂੰ ਲੰਮਾ ਸੰਘਰਸ਼ ਕਰਨਾ ਪਿਆ ਸੀ।



ਪਹਿਲਾਂ-ਪਹਿਲ ਇੱਕਾ-ਦੁੱਕਾ ਸਿੰਘ ਫੜਿਆ ਜਾਂਦਾ ਸੀ। ਉਸ ਨੂੰ ਸਰਕਾਰ ਦਾ ਦੁਸ਼ਮਣ ਨੰਬਰ ਇਕ ਸਮਝਿਆ ਜਾਂਦਾ ਸੀ। ਸਿੰਘ ਉਪਰ ਪੂਰੀ ਸਖ਼ਤੀ ਹੁੰਦੀ ਸੀ। ਬੈਰਕ ਦੀ ਥਾਂ ਸਿੰਘਾਂ ਨੂੰ ਕੋਠੜੀਆਂ ਵਿਚ ਬੰਦ ਕੀਤਾ ਜਾਂਦਾ ਸੀ। ਹੱਥਕੜੀਆਂ ਅਤੇ ਬੇੜੀਆਂ ਵਿਚ ਜਕੜਿਆ ਜਾਂਦਾ ਸੀ। ਭੁੱਖਾ-ਤਿਹਾਇਆ ਰੱਖਿਆ ਜਾਂਦਾ ਸੀ। ਸਾਰੀ-ਸਾਰੀ ਰਾਤ ਸੌਣ ਨਹੀਂ ਸੀ ਦਿੱਤਾ ਜਾਂਦਾ।

ਸਿੰਘਾਂ ਦੀ ਗਿਣਤੀ ਵਧਣ ਨਾਲ ਜੇਲ੍ਹ ਪ੍ਰਸ਼ਾਸਨ ਦੀਆਂ ਪ੍ਰੇਸ਼ਾਨੀਆਂ ਵਧਣ ਲੱਗੀਆਂ। ਵੱਖ-ਵੱਖ ਬੈਰਕਾਂ ਵਿਚੋਂ ਕੱਢ ਕੇ ਉਹਨਾਂ ਨੂੰ ਇਕ ਬੈਰਕ ਵਿਚ ਲਿਆਂਦਾ ਗਿਆ। ਬੈਰਕ ਦੇ ਬਾਹਰ ਅਤੇ ਛੱਤ ਉਪਰ ਹਥਿਆਰਬੰਦ ਪਹਿਰਾ ਲਾਇਆ ਗਿਆ।

ਨਿੱਤ ਦੀਆਂ ਵਧੀਕੀਆਂ ਤੋਂ ਤੰਗ ਆਏ ਸਿੰਘਾਂ ਨੇ ਫ਼ੈਸਲਾ ਕੀਤਾ, "ਸ਼ਹੀਦੀ ਲਈ ਤਿਆਰ ਰਿਹਾ ਜਾਵੇ। ਕਿਸੇ ਨਾ ਕਿਸੇ ਬਹਾਨੇ ਪ੍ਰਸ਼ਾਸਨ ਨਾਲ ਆਢਾ ਲਾ ਕੇ ਉਸ ਨੂੰ ਸਬਕ ਸਿਖਾਇਆ ਜਾਵੇ।"

ਗੁਰਪੁਰਬ ਤੋਂ ਇਕ ਹਫ਼ਤਾ ਪਹਿਲਾਂ ਉਹਨਾਂ ਮੰਗ ਰੱਖੀ, "ਇਸ ਵਾਰ ਗੁਰਪੁਰਬ ਅਸੀਂ ਜੇਲ੍ਹ ਦੇ ਗੁਰਦੁਆਰੇ ਜਾ ਕੇ ਮਨਾਵਾਂਗੇ।"

ਜੇਲ੍ਹ ਸੁਪਰਡੈਂਟ ਨੂੰ ਇਹ ਮੰਗ ਪ੍ਰਵਾਨ ਨਹੀਂ ਸੀ। ਸਿੰਘਾਂ ਦੀ ਬੈਰਕ ਅਤੇ ਗੁਰਦੁਆਰੇ ਵਿਚ ਅੱਧਾ ਕਿੱਲੋਮੀਟਰ ਦਾ ਫ਼ਰਕ ਸੀ। ਸਾਧਾਰਨ ਕੈਦੀਆਂ ਨੇ ਵੀ ਗੁਰਦੁਆਰੇ ਆਉਣਾ ਸੀ। ਸਿੰਘਾਂ ਨੂੰ ਸਾਧਾਰਨ ਕੈਦੀਆਂ ਨਾਲ ਰਲਾਉਣ ਵਿਚ ਖ਼ਤਰਾ ਹੀ ਖ਼ਤਰਾ ਸੀ।

ਸਿੰਘਾਂ ਨੇ ਯਕੀਨ ਦਿਵਾਇਆ, "ਗੁਰਪੁਰਬ ਵਾਲੇ ਦਿਨ ਨਾ ਅਸੀਂ ਕੋਈ ਗੜਬੜ ਕਰਾਂਗੇ, ਨਾ ਕਿਧਰੇ ਭੱਜਾਂਗੇ।"

ਪਰ ਦਰੋਗ਼ੇ ਦੇ ਕੰਨ 'ਤੇ ਜੂੰ ਨਾ ਸਰਕੀ।

ਸਾਰੀ ਰਾਤ ਬੈਰਕ ਵਿਚ ਨਾਅਰੇਬਾਜ਼ੀ ਹੁੰਦੀ ਰਹੀ। ਸਵੇਰੇ ਭੁੱਖ-ਹੜਤਾਲ ਸ਼ੁਰੂ ਹੋ ਗਈ।

ਘਬਰਾਏ ਦਰੋਗ਼ੇ ਨੇ ਮਾਮਲਾ ਇੰਸਪੈਕਟਰ ਜਨਰਲ ਦੇ ਧਿਆਨ ਵਿਚ ਲਿਆਂਦਾ। ਉਹ ਮਰਿਆ ਸੱਪ ਗਲ ਪਾਉਣ ਨੂੰ ਤਿਆਰ ਨਹੀਂ ਸੀ। ਇਕ-ਇਕ ਸਿੰਘ ਉਪਰ ਵੀਹ-ਵੀਹ ਮੁਕੱਦਮੇ ਦਰਜ ਸਨ। ਮੁਕੱਦਮਿਆਂ ਦੀ ਸੁਣਵਾਈ ਜੇ ਪੂਰੀ ਤੇਜ਼ੀ ਨਾਲ ਹੋਵੇ ਅਤੇ ਹਰ ਮੁਕੱਦਮੇ ਵਿਚ ਉਹ ਬਰੀ ਹੋਣ ਤਾਂ ਵੀ ਉਹਨਾਂ ਨੂੰ ਦਸ-ਪੰਦਰਾਂ ਸਾਲ ਜੇਲ੍ਹ ਵਿਚ ਸੜਨਾ ਪੈਣਾ ਸੀ। ਸਿੰਘ ਆਪਣੇ ਆਪ ਨੂੰ 'ਬੱਬਰ ਸ਼ੇਰ' ਅਖਵਾਉਂਦੇ ਸਨ। ਪਿੰਜਰੇ ਵਿਚ ਚੂਹਾ ਰਹਿ ਕੇ ਰਾਜ਼ੀ ਨਹੀਂ। ਦੁਸ਼ਮਣ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਦੁਸ਼ਮਣ ਨੂੰ ਭੱਜਣ ਦਾ ਮੌਕਾ ਨਹੀਂ ਦਿੱਤਾ ਜਾ ਸਕਦਾ। ਸੋਚ-ਵਿਚਾਰ ਕੇ ਇੰਸਪੈਕਟਰ ਜਨਰਲ ਨੇ ਦਰੋਗ਼ੇ ਨਾਲ ਸਹਿਮਤੀ ਪ੍ਰਗਟਾ ਦਿੱਤੀ।

ਗੁਰਦੁਆਰੇ ਜਾ ਕੇ ਗੁਰਪੁਰਬ ਮਨਾਉਣ ਦੀ ਮਨਾਹੀ ਦੀਆਂ ਖ਼ਬਰਾਂ ਮਿਸਲਾਂ ਵਿਚੋਂ ਨਿਕਲ ਕੇ ਸਾਰੇ ਸੂਬੇ ਵਿਚ ਫੈਲ ਗਈਆਂ। ਬਾਕੀ ਜੇਲ੍ਹਾਂ ਵਿਚ ਬੰਦ ਸਿੰਘਾਂ ਨੇ ਵੀ ਭੁੱਖ ਹੜਤਾਲ ਕਰ ਦਿੱਤੀ।

ਮਾਨਵ-ਅਧਿਕਾਰ ਸੰਸਥਾਵਾਂ ਨੇ ਹਵਾਲਾਤੀਆਂ ਦੇ ਧਾਰਮਿਕ ਹੱਕਾਂ ਉਪਰ ਛਾਪਾ ਮਾਰਨ ਵਾਲੇ ਇਸ ਹੁਕਮ ਦੀ ਸਖ਼ਤ ਨਿੰਦਾ ਕੀਤੀ।

ਕੁਝ ਸਿੱਖ ਜਥੇਬੰਦੀਆਂ ਨੇ ਕਾਲਾ ਦਿਵਸ ਮਨਾਉਣ ਦਾ ਸੱਦਾ ਦੇ ਦਿੱਤਾ।

ਖ਼ੁਫ਼ੀਆ ਵਿਭਾਗ ਨੇ ਸਰਕਾਰ ਨੂੰ ਸਾਵਧਾਨ ਕੀਤਾ, ਸੁਲਗਦੀ ਅੱਗ ਨੂੰ ਭਾਂਬੜ ਬਣਨ ਤੋਂ ਰੋਕਿਆ ਜਾਵੇ। ਹਾਲਾਤ ਨੂੰ ਕਾਬੂ ਕਰਨ ਲਈ ਵਿਚਕਾਰਲਾ ਰਾਹ ਲੱਭਿਆ ਗਿਆ।

ਸਿੰਘਾਂ ਨੂੰ ਗੁਰਦੁਆਰੇ ਜਾਣ ਦੀ ਇਜਾਜ਼ਤ ਦਿੱਤੀ ਗਈ। ਨਾਲ ਇਕ ਸ਼ਰਤ ਰੱਖੀ ਗਈ

ਕਿ ਇਕੱਲਾ-ਇਕੱਲਾ ਸਿੰਘ ਗੁਰਦੁਆਰੇ ਜਾਏਗਾ। ਰਸਤੇ ਵਿਚ ਸਿੰਘਾਂ ਨੂੰ ਹੱਥਕੜੀ ਪਹਿਨਾਈ ਜਾਏਗੀ।

ਸਿੰਘਾਂ ਨੂੰ ਇਹ ਸ਼ਰਤ ਮਨਜ਼ੂਰ ਨਹੀਂ ਸੀ।

ਮੁੱਖ ਮੰਤਰੀ ਦੇ ਦਖ਼ਲ 'ਤੇ ਮਸਲਾ ਸੁਲਝਾਇਆ ਗਿਆ।

ਆਮ ਕੈਦੀਆਂ ਨੂੰ ਬੈਰਕਾਂ ਵਿਚ ਬੰਦ ਕੀਤਾ ਗਿਆ। ਜੇਲ੍ਹ ਦੇ ਅੰਦਰ ਅਤੇ ਬਾਹਰ ਨੀਮ-ਫ਼ੌਜੀ ਦਸਤੇ ਲਾ ਕੇ ਸੁਰੱਖਿਆ ਪ੍ਰਬੰਧ ਸਖ਼ਤ ਕੀਤੇ ਗਏ। ਸਿੰਘਾਂ ਨੂੰ ਬੰਦ ਗੱਡੀਆਂ ਵਿਚ ਬਿਠਾ ਕੇ ਗੁਰਦੁਆਰੇ ਲਿਆਂਦਾ ਗਿਆ। ਉਸੇ ਤਰ੍ਹਾਂ ਵਾਪਸ ਪਹੁੰਚਾਇਆ ਗਿਆ।

"ਬਿਨਾਂ ਮਤਲਬ ਸਰਕਾਰ ਨੂੰ ਸਿੰਘਾਂ ਅੱਗੇ ਝੁਕਣਾ ਪਿਆ। ਸਰਕਾਰ ਦੀ ਮੁਫ਼ਤ ਵਿਚ ਬਦਨਾਮੀ ਹੋਈ।"

ਦਰੋਗੇ ਨੂੰ ਅਯੋਗ ਪ੍ਰਬੰਧਕ ਠਹਿਰਾ ਕੇ ਉਸ ਦਾ ਤਬਾਦਲਾ ਕੀਤਾ ਗਿਆ। ਸਿੰਘਾਂ ਦੇ ਪੈਰ ਹੇਠ ਬਟੇਰਾ ਆ ਗਿਆ। ਨਵੇਂ ਦਰੋਗ਼ੇ ਦੇ ਰਿਟਾਇਰ ਹੋਣ ਵਿਚ ਇਕ ਸਾਲ ਰਹਿੰਦਾ ਸੀ। ਨੌਕਰੀ ਦਾ ਬਾਕੀ ਰਹਿੰਦਾ ਸਮਾਂ ਸੁਖ-ਸਾਂਦ ਨਾਲ ਲੰਘਾਉਣ ਦੇ ਇਰਾਦੇ ਨਾਲ ਉਹ ਸਿੰਘਾਂ ਨੂੰ ਰਿਆਇਤਾਂ 'ਤੇ ਰਿਆਇਤਾਂ ਦੇਣ ਲੱਗਾ।

ਬਦਲ ਕੇ ਗਿਆ ਦਰੋਗਾ ਜੇਲ੍ਹ ਅੰਦਰ ਸੁੱਕੇ ਦੁੱਧ ਦਾ ਡੱਬਾ ਤਕ ਨਹੀਂ ਸੀ ਆਉਣ ਦਿੰਦਾ। ਨਵੇਂ ਦਰੋਗ਼ੇ ਨੇ ਇਹ ਸਖ਼ਤੀ ਨਰਮ ਕੀਤੀ। ਪਹਿਲਾਂ ਉਹ ਚੀਜ਼ਾਂ ਲਿਆਉਣ ਦੀ ਇਜਾਜ਼ਤ ਮਿਲੀ ਜਿਹੜੀਆਂ ਜੇਲ੍ਹ ਦੇ ਗੋਦਾਮ ਵਿਚ ਨਹੀਂ ਸਨ ਮਿਲਦੀਆਂ। ਕੜਾਹ ਪ੍ਰਸ਼ਾਦ ਲਈ ਦੇਸੀ ਘਿਓ, ਕਾਜੂ ਅਤੇ ਬਦਾਮ ਆਏ। ਫੇਰ ਕਣਕ ਦਾ ਆਟਾ ਅਤੇ ਵੇਸਣ ਲਿਆਉਣ ਦੀ ਖੁੱਲ੍ਹ ਮਿਲੀ। ਫੇਰ ਫ਼ਲ-ਫ਼ਰੂਟ, ਸ਼ਰਬਤ ਅਤੇ ਮੁਰੱਬੇ ਦੀ।

ਪਤਾ ਵੀ ਨਾ ਲੱਗਾ ਕਦੋਂ ਸਾਲ ਲੰਘਿਆ ਅਤੇ ਕਦੋਂ ਦਰੋਗ਼ਾ ਰਿਟਾਇਰ ਹੋਇਆ।

ਉਸ ਦੀ ਥਾਂ 'ਤੇ ਆਇਆ ਦਰੋਗਾ ਦੋ ਸਾਲ ਮੁਅੱਤਲ ਰਹਿ ਕੇ ਮਸਾਂ-ਮਸਾਂ ਬਹਾਲ ਹੋਇਆ ਸੀ। ਉਸ ਦੀ ਪਹਿਲੀ ਜੇਲ੍ਹ ਵਿਚ ਬੰਦ ਸਿੰਘਾਂ ਨੇ ਅੱਠ ਫ਼ੁੱਟ ਡੂੰਘੀ ਅਤੇ ਤੀਹ ਫ਼ੁੱਟ ਲੰਬੀ ਸੁਰੰਗ ਪੁੱਟ ਲਈ ਸੀ। ਕਈ ਟਰੱਕ ਮਿੱਟੀ ਇਧਰ-ਉਧਰ ਖਪ ਗਈ ਸੀ। ਸੁਰੰਗ ਪੁੱਟਦੇ ਸਮੇਂ ਸਿੰਘਾਂ ਤੋਂ ਇਕ ਗ਼ਲਤੀ ਹੋ ਗਈ। ਉਹਨਾਂ ਨੂੰ ਨਹੀਂ ਸੀ ਪਤਾ ਕਿ ਜੇਲ੍ਹ ਦੀ ਬਾਹਰਲੀ ਕੰਧ ਦੀ ਨੀਂਹ ਪੰਦਰ੍ਹਾਂ ਫ਼ੁੱਟ ਡੂੰਘੀ ਹੈ। ਅਖ਼ੀਰ 'ਤੇ ਆ ਕੇ ਉਹਨਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਉਹਨਾਂ ਨੇ ਸੁਰੰਗ ਬੰਦ ਵੀ ਕਰ ਦਿੱਤੀ। ਇਸ ਘੁੱਗੂ ਨੂੰ ਫਿਰ ਵੀ ਪਤਾ ਨਾ ਲੱਗਾ।

ਦੁੱਧ ਦਾ ਫੂਕਿਆ ਦਰੋਗ਼ਾ ਲੱਸੀ ਨੂੰ ਵੀ ਫੂਕਾਂ ਮਾਰ ਰਿਹਾ ਸੀ। ਪਹਿਲੀ ਜੇਲ੍ਹ ਵਿਚ ਸੁਰੰਗ ਪੁੱਟਣ ਦਾ ਸਾਮਾਨ ਘਿਓ ਦੇ ਪੀਪਿਆਂ ਅਤੇ ਕਣਕ ਦੀਆਂ ਬੋਰੀਆਂ ਵਿਚ ਛੁਪ ਕੇ ਆਇਆ ਸੀ।

ਨਵਾਂ ਦਰੋਗ਼ਾ ਸਿੰਘਾਂ ਦੀ ਬੈਰਕ ਵਿਚ ਸਾਮਾਨ ਲਿਜਾਣ 'ਤੇ ਪਾਬੰਦੀ ਲਾਉਣਾ ਚਾਹੁੰਦਾ ਸੀ।

ਵਾਰਡਰ ਤੋਂ ਲੈ ਕੇ ਡਿਪਟੀ ਤਕ ਇਸ ਫ਼ੈਸਲੇ ਦਾ ਵਿਰੋਧ ਕਰਨ ਲੱਗੇ। ਤਰਕ ਉਹ ਇਹ ਦਿੰਦੇ ਸਨ ਕਿ ਇਸ ਬੈਰਕ ਵਿਚ ਬੰਦ ਸਿੰਘ ਬਹੁਤ ਖ਼ਤਰਨਾਕ ਹਨ। ਰੱਬ-ਰੱਬ ਕਰ ਕੇ ਉਹ ਮਸਾਂ ਦਿਨ-ਕਟੀ ਕਰ ਰਹੇ ਹਨ। ਸਿੰਘਾਂ ਨਾਲ ਪੰਗਾ ਲੈ ਕੇ ਉਹਨਾਂ ਦੀਆਂ ਜਾਨਾਂ ਨੂੰ ਖ਼ਤਰੇ ਵਿਚ ਨਾ ਪਾਇਆ ਜਾਵੇ।

ਦਰੋਗਾ ਉਹਨਾਂ ਦੀ ਸ਼ਰਾਰਤ ਸਮਝਦਾ ਸੀ। ਉਹਨਾਂ ਦੇ ਵਿਰੋਧ ਦਾ ਅਸਲ ਕਾਰਨ ਹੋਰ ਸੀ। ਸਿੰਘਾਂ ਦੇ ਸ਼ਰਧਾਲੂਆਂ ਦੀ ਕਮੀ ਨਹੀਂ ਸੀ। ਡੇਰਿਆਂ, ਗੁਰਦੁਆਰਿਆਂ ਵਿਚੋਂ ਟੈਂਪੂ ਭਰ-ਭਰ



ਰਾਸ਼ਨ ਦੇ ਆਉਂਦੇ ਸਨ। ਸਿੰਘਾਂ ਦੇ ਨਾਲ-ਨਾਲ ਜੇਲ੍ਹ ਕਰਮਚਾਰੀਆਂ ਨੂੰ ਮੌਜਾਂ ਲੱਗੀਆਂ ਹੋਈਆਂ ਸਨ। ਪਹਿਲਾਂ ਕਰਮਚਾਰੀ ਬਚਿਆ ਰਾਸ਼ਨ ਲਿਜਾਂਦੇ ਸਨ। ਫੇਰ ਪਹਿਲਾਂ ਹੀ ਹਿੱਸੇ ਪੈਣ ਲੱਗੇ। ਪਹਿਲਾਂ ਛੋਟੇ ਕਰਮਚਾਰੀ ਸਾਮਾਨ ਲਿਜਾਂਦੇ ਸਨ। ਫੇਰ ਸਵਾਦ ਵੱਡੇ ਅਧਿਕਾਰੀਆਂ ਨੂੰ ਪੈ ਗਿਆ। ਕਾਜੂਆਂ, ਬਦਾਮਾਂ ਦੇ ਪੈਕਟ ਅਤੇ ਦੇਸੀ ਘਿਓ ਦੇ ਪੀਪੇ ਉਪਰ ਤਕ ਜਾਣ ਲੱਗੇ।

ਕਰਮਚਾਰੀ ਇਸ ਸਹੂਲਤ ਤੋਂ ਵਾਂਝਾ ਨਹੀਂ ਸਨ ਹੋਣਾ ਚਾਹੁੰਦੇ। ਪ੍ਰਬੰਧ ਨੂੰ ਸੁਚੱਜਤਾ ਨਾਲ ਚਲਾਉਣ ਲਈ ਅਮਲੇ ਫੈਲੇ ਦਾ ਸਹਿਯੋਗ ਜ਼ਰੂਰੀ ਸੀ।

ਮਨ 'ਤੇ ਪੱਥਰ ਰੱਖ ਕੇ ਦਰੋਗ਼ੇ ਨੇ ਆਪਣੇ ਹੁਕਮ ਵਿਚ ਸੋਧ ਕੀਤੀ।

"ਅੱਗੋਂ ਤੋਂ ਓਨਾ ਰਾਸ਼ਨ ਬੈਰਕ ਵਿਚ ਜਾਏਗਾ, ਜਿੰਨਾ ਖਪਤ ਹੁੰਦਾ ਹੋਏਗਾ। ਅੰਦਰ ਆਉਣ ਵਾਲੀ ਤੀਲਾਂ ਦੀ ਡੱਬੀ ਤਕ ਦੀ ਤਲਾਸ਼ੀ ਹੋਏਗੀ। ਉਹ ਵੀ ਦਰੋਗ਼ੇ ਦੀ ਹਾਜ਼ਰੀ ਵਿਚ।"

ਖਿਝੇ ਕਰਮਚਾਰੀਆਂ ਨੇ ਸਿੰਘਾਂ ਕੋਲ ਮੁਖ਼ਬਰੀ ਕੀਤੀ, "ਕਿਸੇ ਵੀ ਸਮੇਂ ਬੈਰਕ ਦੀ ਤਲਾਸ਼ੀ ਹੋ ਸਕਦੀ ਹੈ। ਬੈਰਕ ਬਦਲੀ ਜਾ ਸਕਦੀ ਹੈ।"

ਸਿੰਘਾਂ ਨੂੰ ਫ਼ਿਕਰ ਲੱਗਾ। ਜੇ ਇੰਝ ਹੋ ਗਿਆ ਤਾਂ ਉਹਨਾਂ ਦੀ ਸਾਲ ਦੀ ਮਿਹਨਤ 'ਤੇ ਪਾਣੀ ਫਿਰ ਜਾਏਗਾ। ਜਲਦੀ ਰਿਹਾਅ ਹੋਣ ਦੇ ਸੁਪਨੇ ਚੂਰ ਹੋ ਜਾਣਗੇ।

"ਬੈਰਕ ਦੀ ਤਲਾਸ਼ੀ ਰੁਕਣੀ ਚਾਹੀਦੀ ਹੈ ਅਤੇ ਬੈਰਕ ਵੀ ਇਹੋ ਰਹਿਣੀ ਚਾਹੀਦੀ ਹੈ।" ਪਰ ਇਹ ਕਾਰਵਾਈ ਰੁਕੇ ਤਾਂ ਕਿਸ ਤਰ੍ਹਾਂ ? ਇਹ ਹੱਲ ਲੱਭਣ ਲਈ ਜਥੇਦਾਰਾਂ ਵਿਚਕਾਰ ਕਈ ਦਿਨ ਬਹਿਸ ਹੁੰਦੀ ਰਹੀ।

ਅਗਲੇ ਹਫ਼ਤਾਵਾਰੀ ਦੌਰ 'ਤੇ ਆਏ ਦਰੋਗ਼ੇ ਨੂੰ ਸਿੰਘਾਂ ਨੇ ਧਮਕਾਇਆ, "ਸਾਨੂੰ ਰਾਸ਼ਨ ਪਾਣੀ ਦੀ ਤਲਾਸ਼ੀ ਮਨਜ਼ੂਰ ਨਹੀਂ ਹੈ। ਇਹ ਸਾਡੀ ਬੇਇੱਜ਼ਤੀ ਹੈ। ਸਾਡੀ ਤੌਹੀਨ ਬੰਦ ਕਰ। ਨਹੀਂ ਤਾਂ ਨਤੀਜਿਆਂ ਲਈ ਤਿਆਰ ਰਹਿ।"

ਦਰੋਗਾ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੋਇਆ ਸੀ। ਧਮਕੀਆਂ ਉਸ ਨੇ ਇਕ ਕੰਨੋਂ ਸੁਣੀਆਂ ਅਤੇ ਦੂਸਰਿਉਂ ਕੱਢ ਦਿੱਤੀਆਂ।

ਉਸ ਤੋਂ ਅਗਲੇ ਦੌਰੇ 'ਤੇ ਖ਼ੁਦ ਜਥੇਦਾਰ ਨੇ ਉਸ ਨੂੰ ਲਲਕਾਰਿਆ :

"ਅਸੀਂ ਬਾਹਰਲੇ ਸਿੰਘਾਂ ਨੂੰ ਹੁਕਮਨਾਮਾ ਭੇਜ ਰਹੇ ਹਾਂ। ਸੁਧਰ ਜਾ ਨਹੀਂ ਤਾਂ ਸੋਧ ਦਿੱਤਾ ਜਾਵੇਂਗਾ।"

ਇਸ ਦੌਰੇ ਦੇ ਤੀਸਰੇ ਦਿਨ ਭਾਣਾ ਵਰਤ ਗਿਆ।

ਪੇਸ਼ੀ ਭੁਗਤਣ ਗਏ ਦੋ ਸਿੰਘ ਰਸਤੇ ਵਿਚ ਸ਼ਹੀਦ ਹੋ ਗਏ। ਅਗਲੇ ਦਿਨ ਅਖ਼ਬਾਰਾਂ ਵਿਚ ਖ਼ਬਰਾਂ ਛਪੀਆਂ, "ਹਾਜਤ ਮਿਟਾਉਣ ਦੇ ਬਹਾਨੇ ਸਿੰਘਾਂ ਨੇ ਡਰੇਨ ਦੇ ਪੁਲ ਲਾਗੇ ਵੈਨ ਰੁਕਵਾਈ। ਹੱਥਕੜੀਆਂ ਸਮੇਤ ਮੁੱਕੇ ਮਾਰ-ਮਾਰ ਸਿਪਾਹੀਆਂ ਨੂੰ ਫੱਟੜ ਕੀਤਾ। ਫੇਰ ਫ਼ਰਾਰ ਹੋਣ ਲਈ ਕੋਲ ਖੜ੍ਹੀ ਜੀਪ ਵਿਚ ਬੈਠ ਗਏ। ਚੌਕਸ ਪੁਲਿਸ ਨੇ ਉਹਨਾਂ ਦੀ ਯੋਜਨਾ ਨਾਕਾਮ ਕਰ ਦਿੱਤੀ। ਪੁਲਿਸ ਅਤੇ ਜੀਪ ਵਿਚ ਬੈਠੇ ਸਿੰਘਾਂ ਵਿਚਕਾਰ ਦੋ ਘੰਟੇ ਗੋਲੀ ਚੱਲੀ। ਦੁਵੱਲੀ ਗੋਲੀਬਾਰੀ ਵਿਚ ਫਸ ਕੇ ਦੋਵੇਂ ਸਿੰਘ ਸ਼ਹੀਦ ਹੋ ਗਏ। ਜੀਪ ਵਾਲੇ ਸਿੰਘ ਭੱਜਣ ਵਿਚ ਕਾਮਯਾਬ ਹੋ ਗਏ।"

ਸ਼ਹੀਦ ਹੋਏ ਸਿੰਘ ਬਾਹਰਲੇ ਸਿੰਘਾਂ ਲਈ ਹੁਕਮਨਾਮਾ ਲੈ ਕੇ ਜਾ ਰਹੇ ਸਨ। ਜਥੇਦਾਰਾਂ ਨੂੰ ਸ਼ੱਕ ਹੋਇਆ। ਦਰੋਗ਼ੇ ਨੂੰ ਇਸ ਦੀ ਭਿਣਕ ਪੈ ਗਈ ਹੋਵੇਗੀ। ਇਹ ਕਾਰਵਾਈ ਉਸੇ ਨੇ ਕਰਵਾਈ ਹੋਏਗੀ।

ਸਿੰਘਾਂ ਦੇ ਭੋਗ ਤੋਂ ਪਹਿਲਾਂ-ਪਹਿਲਾਂ ਚੀਫ਼ ਕਮਾਂਡਰ ਨੇ ਭਾਜੀ ਮੋੜ ਦਿੱਤੀ।

ਬਾਹਰਲੇ ਸਿੰਘਾਂ ਨੇ ਪੇਸ਼ੀ ਭੁਗਤਣ ਆਏ ਚਾਰ ਸਿੰਘਾਂ ਨੂੰ ਗੋਲੀਆਂ ਦੀ ਬੁਛਾੜ ਕਰ ਕੇ ਕਚਹਿਰੀ ਵਿਚ ਹੀ ਛੁਡਾ ਲਿਆ। ਇਹ ਅਸਲ ਮੁਕਾਬਲਾ ਸੀ। ਇਸ ਮੁਕਾਬਲੇ ਵਿਚ ਸਿੰਘਾਂ ਦੀ ਥਾਂ ਪੁਲਿਸ ਵਾਲੇ ਮਰੇ ਸਨ।

ਸਿੰਘਾਂ ਦੇ ਫ਼ਰਾਰ ਹੁੰਦਿਆਂ ਹੀ ਦਰੋਗ਼ੇ ਦੇ ਘਰ ਮਾਤਮ ਛਾ ਗਿਆ। ਵਾਰਦਾਤ ਦੇ ਦੋ ਘੰਟਿਆਂ ਬਾਅਦ ਦਰੋਗ਼ੇ ਦੀ ਕੋਠੀ ਫ਼ੋਨ ਖੜਕਣ ਲੱਗੇ। "ਦਰੋਗ਼ਾ ਅਤੇ ਪਰਿਵਾਰ ਵਾਲੇ ਉੱਪਰ ਜਾਣ ਲਈ ਤਿਆਰ ਰਹਿਣ।"

ਗੱਲ ਆਈ-ਗਈ ਕਰਨ ਵਾਲੀ ਨਹੀਂ ਸੀ। ਧਮਕੀਆਂ ਨੂੰ ਨਸ਼ਰ ਕਰਨਾ ਵੀ ਸਿਆਣਪ ਨਹੀਂ ਸੀ। ਦਰੋਗੇ ਨੇ ਉੱਚ ਅਧਿਕਾਰੀਆਂ ਨਾਲ ਗੱਲ ਕੀਤੀ।

ਉਸ ਦਾ ਭਲਾ ਚਾਹੁਣ ਵਾਲੇ ਅਧਿਕਾਰੀਆਂ ਨੇ ਚੌਕਸ ਰਹਿਣ, ਸਿੰਘਾਂ ਕੋਲੋਂ ਮੁਆਫ਼ੀ ਮੰਗਣ ਅਤੇ ਸੁਲਾਹ-ਸਫ਼ਾਈ ਦੀ ਸਲਾਹ ਦਿੱਤੀ।

ਧੱਕੜ ਅਫ਼ਸਰਾਂ ਨੇ ਕੋਠੀ ਪਹਿਰਾ ਬਿਠਾਉਣ ਅਤੇ ਗੰਨਮੈਨਾਂ ਦੀ ਗਿਣਤੀ ਵਧਾਉਣ ਦੀ ਸਲਾਹ ਦਿੱਤੀ।

ਜੇਲ੍ਹ ਸੁਪਰਡੈਂਟ ਨੂੰ ਕੋਈ ਵੀ ਰਾਏ ਪਸੰਦ ਨਾ ਆਈ। ਉਹ ਰਾਜਪੂਤ ਸੀ। ਮੁਆਫ਼ੀ ਮੰਗਣਾ ਉਸ ਦੇ ਸੁਭਾਅ ਵਿਚ ਨਹੀਂ ਸੀ। ਉਹ ਮਰ ਸਕਦਾ ਸੀ, ਪਰ ਝੁਕ ਨਹੀਂ ਸੀ ਸਕਦਾ। ਚੇਤਾਵਨੀਆਂ ਗਿੱਦੜ-ਭਬਕੀਆਂ ਨਹੀਂ ਸਨ। ਕਿਸੇ ਵੀ ਸਮੇਂ ਸੱਚ ਵਿਚ ਬਦਲ ਸਕਦੀਆਂ ਸਨ। ਵਧੀ ਸੁਰੱਖਿਆ ਨੇ ਕੰਮ ਨਹੀਂ ਸੀ ਆਉਣਾ।

ਦਰੋਗੇ ਦੇ ਰਿਸ਼ਤੇਦਾਰ ਨੇ ਹੱਲ ਸੁਲਝਾਇਆ :

"ਹੁਣ ਭੀੜ ਪੈ ਚੁੱਕੀ ਹੈ। ਸਰਕਾਰ ਜਾਂ ਅਫ਼ਸਰਾਂ ਵੱਲ ਝਾਕਣ ਦੀ ਲੋੜ ਨਹੀਂ। ਸਰਕਾਰ ਕੋਲੋਂ ਝੂਠੇ ਵਾਅਦਿਆਂ ਤੋਂ ਸਿਵਾ ਕੁਝ ਨਹੀਂ ਮਿਲਣਾ। ਚੁੱਪ ਕਰ ਕੇ, ਸਮੇਤ ਪਰਿਵਾਰ ਕੈਨੇਡਾ ਚਲਿਆ ਜਾ। ਕੈਨੇਡਾ ਵਿਚ ਬਥੇਰੇ ਰਿਸ਼ਤੇਦਾਰ ਹਨ। ਹੱਥਾਂ 'ਤੇ ਚੁੱਕ ਲੈਣਗੇ। ਹਾਲਾਤ ਹਮੇਸ਼ਾ ਇਕੋ ਜਿਹੇ ਨਹੀਂ ਰਹਿੰਦੇ। ਅੱਤਵਾਦ ਢਹਿੰਦੀ ਕਲਾ ਵੱਲ ਜਾ ਰਿਹਾ ਹੈ। ਹਾਲਾਤ ਦੇ ਸੁਧਰਦੇ ਹੀ ਮੁੜ ਆਉਣਾ।"

ਦਰੋਗੇ ਦੇ ਪਰਿਵਾਰ ਸਮੇਤ ਰੂਪੋਸ਼ ਹੋਣ 'ਤੇ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਫੈਲੀਆਂ। ਕਿਸੇ ਨੇ ਉਸ ਨੂੰ ਕਾਇਰ ਅਤੇ ਭਗੌੜਾ ਆਖਿਆ। ਕਿਸੇ ਨੇ ਕਿਹਾ ਸਿੰਘਾਂ ਨੇ ਉਸ ਨੂੰ ਮਾਰ ਕੇ ਖਪਾ ਦਿੱਤਾ ਹੈ। ਸਰਕਾਰ ਜਾਣ-ਬੁਝ ਕੇ ਉਸ ਦੇ ਮਰਨ ਦੀ ਖ਼ਬਰ ਛੁਪਾ ਰਹੀ ਹੈ, ਤਾਂ ਜੋ ਜੇਲ੍ਹ ਅਧਿਕਾਰੀਆਂ ਦਾ ਮਨੋਬਲ ਨਾ ਗਿਰੇ।

ਜੇਲ੍ਹ ਅਧਿਕਾਰੀਆਂ ਦਾ ਮਨੋਬਲ ਡਿੱਗਣੋਂ ਬਚਿਆ ਜਾਂ ਨਾ, ਇਸ ਬਾਰੇ ਕੁਝ ਨਹੀਂ ਆਖਿਆ ਜਾ ਸਕਦਾ, ਪਰ ਇਹ ਗੱਲ ਯਕੀਨੀ ਹੋ ਗਈ ਕਿ ਸਿੰਘ ਉੱਨੀ ਕਰਨ ਜਾਂ ਇੱਕੀ, ਉਹਨਾਂ ਨੂੰ ਟੋਕਣ ਵਾਲਾ ਕੋਈ ਨਹੀਂ ਸੀ ਰਿਹਾ।

ਹੁਣ ਅੱਧੀ ਰਾਤ ਨੂੰ ਸਿੰਘ ਉਹੋ ਉੱਨੀ-ਇੱਕੀ ਕਰ ਰਹੇ ਸਨ। ਰਸੋਈ ਵਿਚ ਇਕੱਲੇ ਪਏ ਮੀਤੇ ਦਾ ਮਨ ਸ਼ਾਂਤ ਹੋਣ ਲੱਗਾ। ਸਥਿਤੀ ਸਪੱਸ਼ਟ ਹੋਣ ਲੱਗੀ। ਜੇਲ੍ਹ ਨੂੰ ਪਾੜ ਲੱਗ ਰਿਹਾ ਸੀ। ਭੱਜਣ ਦੇ ਇਰਾਦੇ ਨਾਲ ਸਿੰਘ ਸੁਰੰਗ ਪੁੱਟ ਰਹੇ ਸਨ।

ਮੀਤੇ ਨੂੰ ਆਪਣੇ ਪ੍ਰਸ਼ਨਾਂ ਦੇ ਉੱਤਰ ਮਿਲਣ ਲੱਗੇ। ਬੈਰਕ ਦੀਆਂ ਸੈਲਫ਼ਾਂ ਉਪਰ ਅਤੇ



ਪਰਦਿਆਂ ਪਿੱਛੇ ਪਈਆਂ ਬੋਰੀਆਂ ਵਿਚ ਕੀ ਹੈ ? ਸਵੇਰੇ ਅਖਾੜੇ ਵਿਚ ਨਵੀਂ ਗਿੱਲੀ ਮਿੱਟੀ ਕਿਥੋਂ ਆਉਂਦੀ ਹੈ ? ਸ਼ਾਮ ਨੂੰ ਸੁੱਕੀ ਮਿੱਟੀ ਕਿਥੇ ਚਲੀ ਜਾਂਦੀ ਹੈ ? ਜਥੇਦਾਰਾਂ ਦੀਆਂ ਕੋਠੜੀਆਂ ਵਾਲੀ ਫ਼ਲੱਸ਼ ਦੀ ਵਰਤੋਂ ਵਾਰ-ਵਾਰ ਕਿਉਂ ਹੁੰਦੀ ਹੈ ? ਰਾਤ ਨੂੰ ਲਾਂਗਰੀ ਆਪਣੀ ਕੋਠੜੀ ਵਿਚ ਜਲਦੀ ਕਿਉਂ ਚਲਾ ਜਾਂਦਾ ਹੈ ? ਸਾਰਾ ਦਿਨ ਉਹ ਸੁੱਤਾ ਕਿਉਂ ਰਹਿੰਦਾ ਹੈ ? ਜਲਦੀ ਹੀ ਆਪਣੇ ਦੇਸ਼ ਪੁੱਜਣ ਦੇ ਸੁਪਨੇ ਕਿਉਂ ਲੈਂਦਾ ਹੈ ? ਮੀਤੇ ਨਾਲ ਆਪਣੇ ਦੇਸ਼ ਦੀ ਸੈਰ ਕਰਾਉਣ ਦੇ ਵਾਅਦੇ ਕਿਉਂ ਕਰਦਾ ਹੈ ?

ਪ੍ਰਸ਼ਨਾਂ ਦੇ ਉੱਤਰ ਮਿਲਣ 'ਤੇ ਮੀਤੇ ਨੂੰ ਕਾਂਬਾ ਛਿੜਨ ਲੱਗਾ।

ਸਿੰਘਾਂ ਨਾਲ ਰਲ ਕੇ ਉਹ ਜੇਲ੍ਹੋਂ ਭੱਜੇ ਤਾਂ ਸਿੰਘਾਂ ਕੋਲੋਂ ਖਹਿੜਾ ਛੁਡਾਉਣ ਲਈ ਬੈਰਕੋਂ ਭੱਜੇ।

ਪੈਦਾ ਹੋਏ ਇਸ ਨਵੇਂ ਪ੍ਰਸ਼ਨ ਦਾ ਉਹ ਉੱਤਰ ਸੋਚਣ ਲੱਗਾ।

# 15

ਸਵੇਰ ਤੋਂ ਜਥੇਦਾਰਾਂ ਦੀ ਪੰਚਾਇਤ ਜੁੜੀ ਹੋਈ ਸੀ। ਖ਼ਾਸ ਮਸਲੇ ਵਿਚਾਰੇ ਜਾ ਰਹੇ ਸਨ। ਉਹਨਾਂ ਵਿਚੋਂ ਦੋ ਦਾ ਮੀਤੇ ਨੂੰ ਪਤਾ ਸੀ।

ਇਕ ਮਾਮਲਾ ਮੀਤੇ ਨਾਲ ਸੰਬੰਧਿਤ ਸੀ।

ਪਿਛਲੇ ਹਫ਼ਤੇ ਜਥੇਦਾਰ ਨੇ ਘੋਸ਼ਣਾ ਕੀਤੀ ਸੀ।

"ਸਾਨੂੰ ਪਤਾ ਹੈ ਤੁਸੀਂ ਬੇਕਸੂਰ ਹੋ। ਇਹ ਸੱਚ ਦਾ ਪਤਾ ਲੋਕਾਂ ਨੂੰ ਲੱਗਣਾ ਚਾਹੀਦਾ ਹੈ। ਮੈਂ ਆਪਣੇ ਬਾਹਰਲੇ ਸਿੰਘਾਂ ਨੂੰ ਹੁਕਮਨਾਮਾ ਜਾਰੀ ਕੀਤਾ ਹੈ। ਉਹ ਬੰਟੀ ਦੇ ਅਸਲ ਕਾਤਲਾਂ ਦੇ ਖੁਰੇ ਖੋਜਣਗੇ।"

ਬੰਟੀ ਦੇ ਕਾਤਲਾਂ ਦੇ ਨਾਂ ਪਤੇ ਆ ਗਏ ਹੋਣਗੇ। ਉਹਨਾਂ ਨਾਲ ਕਿਸ ਤਰ੍ਹਾਂ ਨਜਿੱਠਣਾ ਹੈ ? ਇਕ ਇਹ ਫ਼ੈਸਲਾ ਹੋਣਾ ਸੀ।

ਦੂਜਾ ਮਾਮਲਾ ਡੇਰੇ ਦੇ ਇਕ ਸਾਧ ਦਾ ਸੀ। ਇਕ ਸੇਵਾਦਾਰਨੀ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ ਉਸ ਨੂੰ ਦਸ ਸਾਲ ਕੈਦ ਦੀ ਸਜ਼ਾ ਹੋਈ ਸੀ।

ਪਹਿਲੇ ਦਿਨ ਤੋਂ ਸਾਧ ਜੇਲ੍ਹ ਅਧਿਕਾਰੀਆਂ 'ਤੇ ਜ਼ੋਰ ਪਾ ਰਿਹਾ ਸੀ।

"ਮੈਂ ਧਾਰਮਿਕ ਵਿਅਕਤੀ ਹਾਂ, ਮੈਨੂੰ ਸਿੱਖੀ ਮਾਹੌਲ ਵਾਲੀ ਬੈਰਕ ਵਿਚ ਭੇਜਿਆ ਜਾਵੇ।"

ਪਰ ਜਥੇਦਾਰਾਂ ਨੂੰ ਉਸ ਦੀ ਬੇਨਤੀ ਪ੍ਰਵਾਨ ਨਹੀਂ ਸੀ। ਸਾਧ ਉਪਰ ਜੇ ਸੌ ਕਤਲਾਂ ਦੇ ਦੋਸ਼ ਹੁੰਦੇ ਤਾਂ ਵੀ ਉਸ ਨੂੰ ਬੈਰਕ ਵਿਚ ਪਨਾਹ ਦੇ ਦਿੰਦੇ, ਪਰ ਬਲਾਤਕਾਰ ਵਰਗੇ ਅਨੈਤਿਕ ਦੋਸ਼ ਵਿਚ ਸਜ਼ਾ ਹੋਏ ਸਾਧ ਨੂੰ ਉਹ ਮੂੰਹ ਲਾਉਣ ਲਈ ਤਿਆਰ ਨਹੀਂ ਸੀ।

"ਮੈਂ ਬੇਕਸੂਰ ਹਾਂ।" ਸਾਧ ਵਾਰ-ਵਾਰ ਇਹੋ ਗੁਹਾਰ ਲਾ ਰਿਹਾ ਸੀ।

ਉਹ ਕਹਿੰਦਾ ਸੀ, "ਵਿਰੋਧੀਆਂ ਨੇ ਮੈਨੂੰ ਝੂਠੀ ਸਾਜ਼ਿਸ਼ ਤਹਿਤ ਫਸਾਇਆ ਹੈ।"

ਆਪਣੇ ਤਪ-ਤੇਜ ਦੇ ਸਹਾਰੇ ਉਸ ਨੇ ਭੂਤਾਂ ਦੇ ਵਾਸ ਵਾਲੇ ਇਕ ਵੀਰਾਨ ਸ਼ਮਸ਼ਾਨ ਨੂੰ ਰਮਣੀਕ ਡੇਰੇ ਵਿਚ ਬਦਲ ਲਿਆ ਸੀ। ਲੱਖਾਂ ਸ਼ਰਧਾਲੂ ਪੈਦਾ ਕਰ ਲਏ ਸਨ। ਡੇਰੇ ਵਿਚ ਹਰ ਸੰਗਰਾਂਦ ਅਤੇ ਮੱਸਿਆ ਨੂੰ ਅੰਮ੍ਰਿਤ ਪ੍ਰਚਾਰ ਹੁੰਦਾ ਸੀ। ਕਈ ਵਿਦੇਸ਼ੀ ਸ਼ਰਧਾਲੂ ਡੇਰੇ ਆਉਣ ਲੱਗੇ ਸਨ। ਉਹਨਾਂ ਨੇ ਸੰਗਤ ਦੀ ਸਹੂਲਤ ਲਈ ਆਧੁਨਿਕ ਸਹੂਲਤਾਂ ਵਾਲੇ ਲੰਗਰ ਅਤੇ ਕੀਰਤਨ ਲਈ ਦੋ ਵਿਸ਼ਾਲ ਹਾਲ ਉਸਾਰ ਦਿੱਤੇ ਸਨ। ਡੇਰੇ ਦੀ ਜ਼ਮੀਨ ਅਤੇ ਆਮਦਨ ਵਿਚ ਦਿਨੋ-ਦਿਨ ਵਾਧਾ ਹੋ ਰਿਹਾ ਸੀ। ਇਸ ਵਿਸਾਖੀ ਨੂੰ ਇਕ ਮਾਈ ਨੇ ਕਾਰ ਦੇਣੀ ਸੀ। ਸਾਧ ਦਾ ਵੀਜ਼ਾ ਲੱਗ ਚੁੱਕਾ ਸੀ। ਧਰਮ-ਪ੍ਰਚਾਰ ਲਈ ਉਸ ਦਾ ਅਮਰੀਕਾ, ਕੈਨੇਡਾ ਜਾਣ ਦਾ ਪ੍ਰੋਗਰਾਮ ਬਣ ਰਿਹਾ ਸੀ।

ਸਾਧ ਦੀ ਚੜ੍ਹਤ ਵਿਰੋਧੀਆਂ ਦੇ ਸੀਨੇ ਸੂਲਾਂ ਚੋਭਣ ਲੱਗੀ। ਉਹ ਸਾਧ ਨੂੰ ਡੇਰਿਉਂ ਕੱਢਣ ਦੀਆਂ ਸਾਜ਼ਿਸ਼ਾਂ ਘੜਨ ਲੱਗੇ।



ਪਹਿਲਾਂ ਪਿੰਡ ਦੇ ਸਰਪੰਚ ਨਾਲ ਮਿਲ ਕੇ ਉਹਨਾਂ ਨੇ ਡੇਰੇ ਦੇ ਪ੍ਰਬੰਧ ਲਈ ਪੰਜ ਮੈਂਬਰੀ ਕਮੇਟੀ ਬਣਾਈ। ਪਹਿਲੀ ਬੈਠਕ ਵਿਚ ਹੀ ਕਮੇਟੀ ਨੇ ਮਤੇ ਪਾਸ ਕਰ ਦਿੱਤੇ : "ਕਮੇਟੀ ਗੋਲਕ ਨੂੰ ਆਪਣਾ ਜਿੰਦਾ ਲਾਏਗੀ। ਚੜ੍ਹਾਵੇ ਦਾ ਹਿਸਾਬ-ਕਿਤਾਬ ਰੱਖਿਆ ਜਾਏਗਾ। ਜ਼ਮੀਨ ਠੇਕੇ 'ਤੇ ਦਿੱਤੀ ਜਾਏਗੀ।"

ਸਾਧ ਦੇ ਸ਼ਰਧਾਲੂ ਵੀ ਘੱਟ ਨਹੀਂ ਸਨ। ਬੰਦੂਕਾਂ ਲੈ ਕੇ ਡੇਰੇ ਦੇ ਦਰਵਾਜ਼ੇ 'ਤੇ ਖੜ੍ਹੋ ਗਏ। ਡਰਦੇ ਵਿਰੋਧੀਆਂ ਦੀ ਡੇਰੇ ਦੇ ਅੰਦਰ ਦਾਖ਼ਲ ਹੋਣ ਦੀ ਹਿੰਮਤ ਨਾ ਪਈ।

ਸਾਧ ਨੂੰ ਬਦਨਾਮ ਕਰਨ ਲਈ ਨਵੀਂ ਸਾਜ਼ਿਸ਼ ਘੜੀ ਗਈ।

ਨੋਟਾਂ ਨਾਲ ਜੇਬ ਭਰ ਕੇ ਡੇਰੇ ਦੇ ਡਰਾਈਵਰ ਨੂੰ ਖ਼ਰੀਦਿਆ ਗਿਆ। ਨਾਲ ਉਸ ਦੀ ਪਤਨੀ ਨੂੰ ਕੁਕਰਮ ਵਿਚ ਸ਼ਾਮਿਲ ਕੀਤਾ ਗਿਆ।

ਘੜੀ ਸਾਜ਼ਿਸ਼ ਮੁਤਾਬਕ ਰਾਤ ਨੂੰ ਡਰਾਈਵਰ ਦੀ ਪਤਨੀ ਨੇ ਸ਼ੋਰ ਮਚਾਇਆ, "ਵੇ ਲੋਕੋ, ਮੈਨੂੰ ਛੁਡਾਓ। ਆਪਣੇ ਸਥਾਨ 'ਤੇ ਬੁਲਾ ਕੇ ਸਾਧ ਮੇਰੀ ਇੱਜ਼ਤ ਲੁੱਟ ਰਿਹੈ।"

ਸ਼ਹਿਰ ਗਿਆ ਡਰਾਈਵਰ ਅਚਾਨਕ ਘਰ ਮੁੜ ਆਇਆ। ਪਤਨੀ ਦੀ ਦੁਹਾਈ ਸੁਣ ਕੇ ਉਹ ਸਥਾਨ ਵੱਲ ਦੌੜਿਆ। ਮਸਾਂ ਉਸ ਨੇ ਪਤਨੀ ਨੂੰ ਸਾਧ ਹੇਠੋਂ ਕੱਢਿਆ।

ਪਰਚਾ ਦਰਜ ਹੁੰਦਿਆਂ ਹੀ ਪੁਲਿਸ ਨੇ ਸਾਧ ਨੂੰ ਗ੍ਰਿਫ਼ਤਾਰ ਕਰ ਲਿਆ। ਵਿਰੋਧੀਆਂ ਨੇ ਝੱਟ ਡੇਰੇ 'ਤੇ ਕਬਜ਼ਾ ਕਰ ਲਿਆ।

ਡੇਰੇ ਦੀ ਕਮਾਈ ਨਾਲ ਪੁਲਿਸ ਅਤੇ ਜੱਜ ਨੂੰ ਖ਼ਰੀਦਿਆ ਗਿਆ। ਕੂੜ ਦੇ ਸਹਾਰੇ ਉਸ ਨੂੰ ਜੇਲ੍ਹ ਪਹੁੰਚਾ ਦਿੱਤਾ ਗਿਆ।

ਆਪਣੀ ਸਫ਼ਾਈ ਪੇਸ਼ ਕਰਦਾ ਸਾਧ ਆਖਦਾ ਸੀ :

"ਸਥਾਨ ਅਤੇ ਡਰਾਈਵਰ ਦੇ ਕੁਆਰਟਰ ਵਿਚ ਪੰਜ ਕਿੱਲਿਆਂ ਦਾ ਫ਼ਰਕ ਹੈ। ਅੱਧੀ ਰਾਤ ਨੂੰ ਮੁਟਿਆਰ ਸਥਾਨ 'ਤੇ ਕਿਉਂ ਆਈ ? ਸ਼ਹਿਰ ਡੇਰੇ ਤੋਂ ਵੀਹ ਮੀਲ ਦੂਰ ਹੈ। ਵਾਪਰਨ ਵਾਲੀ ਘਟਨਾ ਦੀ ਡਰਾਈਵਰ ਨੂੰ ਪਹਿਲਾਂ ਆਕਾਸ਼ਬਾਣੀ ਕਿਵੇਂ ਹੋਈ ? ਸਾਰੀ ਕਹਾਣੀ ਮਨਘੜਤ ਹੈ।"

ਦੁਨਿਆਵੀ ਅਦਾਲਤ ਨੇ ਸਾਧ ਦੀ ਇਕ ਨਹੀਂ ਸੁਣੀ। ਹੁਣ ਉਹ 'ਹੱਕ ਸੱਚ' ਦੀ ਅਦਾਲਤ ਵਿਚ ਫ਼ਰਿਆਦ ਲੈ ਕੇ ਆਇਆ ਸੀ। ਉਸ ਨੂੰ ਇਨਸਾਫ਼ ਚਾਹੀਦਾ ਸੀ।

ਜਥੇਦਾਰਾਂ ਨੂੰ ਸਾਧ ਦੀਆਂ ਗੱਲਾਂ ਸੱਚੀਆਂ ਲੱਗੀਆਂ। ਉਹਨਾਂ ਨੇ ਸਾਧ ਨੂੰ ਯਕੀਨ ਦਿਵਾਇਆ, "ਅਸੀਂ ਬਾਹਰਲੇ ਸਿੰਘਾਂ ਤੋਂ ਰਿਪੋਰਟ ਮੰਗੀ ਹੈ। ਜੇ ਤੂੰ ਨਿਰਦੋਸ਼ ਹੋਇਆ, ਤੈਨੂੰ ਬਰੀ ਕਰਵਾਵਾਂਗੇ ਅਤੇ ਕਬਜ਼ਾ ਵੀ ਦਿਵਾਵਾਂਗੇ।"

ਬਾਹਰਲੇ ਸਿੰਘਾਂ ਨੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰ ਕੇ ਭੇਜਿਆ ਸੀ।

ਇਸ ਰਿਪੋਰਟ ਉਪਰ ਵਿਚਾਰ ਹੋਣੀ ਸੀ।

ਅਹਾਤੇ ਦੇ ਵਿਹੜੇ ਵਿਚ ਬੈਠਾ ਮੀਤਾ ਡਰ ਰਿਹਾ ਸੀ। ਉਸ ਨੂੰ ਲੱਗ ਰਿਹਾ ਸੀ, ਜਿਵੇਂ ਇਕ ਫ਼ੈਸਲਾ ਹੋਰ ਹੋਣ ਵਾਲਾ ਸੀ। ਸਿੰਘਾਂ ਦਾ ਹੁਕਮ ਨਾ ਮੰਨਣ ਕਾਰਨ ਉਸ ਨੂੰ ਬੈਰਕ ਵਿਚੋਂ ਕੱਢਿਆ ਜਾਣ ਵਾਲਾ ਸੀ।

ਸਿੰਘਾਂ ਨੇ ਪਹਿਲੇ ਦਿਨ ਉਸ ਨੂੰ ਆਖਿਆ ਸੀ ਕਿ ਉਹ ਸਿੰਘ ਸੱਜ ਜਾਵੇ, ਪਰ ਮੀਤੇ ਨੇ ਗੱਲ ਆਈ-ਗਈ ਕਰ ਦਿੱਤੀ ਸੀ।

ਹੁਣ ਜਦੋਂ ਤੋਂ ਮੀਤੇ ਦੀ ਲਾਂਗਰੀ ਨਾਲ ਬੁੱਕਲ ਖੁੱਲ੍ਹੀ ਸੀ, ਉਹ ਵੀ ਉਹੋ ਰਟ ਲਾ ਰਿਹਾ ਸੀ।

"ਸਿੰਘ ਸਜਣ ਦਾ ਸੱਦਾ ਦੇ ਕੇ ਸਿੰਘਾਂ ਨੇ ਤੇਰੇ 'ਤੇ ਮਿਹਰ ਕੀਤੀ ਹੈ। ਉਹਨਾਂ ਦੀ ਗੱਲ ਮੰਨ। ਝੱਟਪੱਟ ਸਿੰਘ ਸਜ ਜਾ। ਸਿੰਘ ਬਣਿਆ ਦੇਖ ਕੇ ਜੱਜ ਤੈਨੂੰ ਉਂਝ ਹੀ ਬਰੀ ਕਰ ਦੇਣਗੇ। ਜੇਲ੍ਹ ਵਿਚ ਕਿਉਂ ਸੜਨਾ ਹੈ ? ਬਾਹਰ ਜਾ ਕੇ ਕੌਮ ਦੀ ਸੇਵਾ ਕਰੀਂ। ਗ਼ਰੀਬ-ਗ਼ੁਰਬਿਆਂ ਦੀਆਂ ਜੇਬਾਂ ਕੱਟਣ ਦੀ ਥਾਂ ਸੇਠਾਂ ਦੇ ਖ਼ਜ਼ਾਨੇ ਲੁੱਟੀਂ। ਜ਼ਾਲਮ ਪੁਲਸੀਆਂ ਦੇ ਢਿੱਡ ਪਾੜੀਂ। ਜਿਉਂਦਾ ਰਿਹਾ ਤਾਂ ਸਵਰਗ ਭੋਗੇਂਗਾ, ਮਰ ਗਿਆ ਤਾਂ ਕੌਮ ਦਾ ਸ਼ਹੀਦ ਅਖਵਾਏਂਗਾ। ਇਤਿਹਾਸ ਵਿਚ ਤੇਰਾ ਨਾਂ ਆਏਗਾ। ਸੰਮਤੀ ਵਾਲਿਆਂ ਦਾ ਖਹਿੜਾ ਛੱਡ। ਉਹਨਾਂ ਪਿੱਛੇ ਲੱਗ ਕੇ ਤੂੰ ਜੁਰਮ ਕਰਨੇ ਛੱਡੇ, ਪਰ ਖੱਟਿਆ ਕੀ ? ਉਮਰ ਕੈਦ। ਉਹ ਵੀ ਝੂਠੇ ਕੇਸ ਵਿਚ। ਵੱਧੋ-ਵੱਧ ਅਪੀਲ ਦੇ ਫ਼ੈਸਲੇ ਤਕ ਉਹ ਤੇਰੇ ਨਾਲ ਖੜੋਨਗੇ। ਫੇਰ ਕਿਸੇ ਹੋਰ ਦੇ ਕੇਸ ਦੀ ਪੈਰਵਾਈ ਵਿਚ ਰੁਝ ਜਾਣਗੇ। ਤੈਨੂੰ ਭੁੱਲ ਜਾਣਗੇ।"

ਲਾਂਗਰੀ ਦੀਆਂ ਗੱਲਾਂ ਸੁਣ ਕੇ ਮੀਤੇ ਨੂੰ ਲੱਗਦਾ ਸੀ ਕਿ ਉਹ ਸੱਚ ਆਖਦਾ ਸੀ। ਹੱਕ-ਸੱਚ ਦੀ ਕਮਾ ਕੇ ਖਾਣ ਵਾਲੇ ਦੀ ਸਮਾਜ ਵਿਚ ਕੋਈ ਥਾਂ ਨਹੀਂ ਹੈ। ਫੇਰ ਉਹ ਨਾਲੀ ਦਾ ਕੀੜਾ ਬਣ ਕੇ ਕਿਉਂ ਜੀਵੇ ? ਮਰਨਾ ਸਭ ਨੇ ਹੈ। ਉਹ ਖਾਂਦਾ-ਪੀਂਦਾ ਅਤੇ ਬਹਾਦਰਾਂ ਵਾਲੀ ਮੌਤ ਕਿਉਂ ਨਾ ਮਰੇ ?

ਲਾਂਗਰੀ ਦਾ ਦੂਜਾ ਅਖਾਣ ਵੀ ਸੱਚ ਸੀ। ਸਾਧ ਮਹੀਨੇ ਤੋਂ ਇਸ ਬੈਰਕ ਵਿਚ ਆਉਣ ਲਈ ਸਿੰਘਾਂ ਦੇ ਹਾੜੇ ਕੱਢ ਰਿਹਾ ਸੀ। ਬੈਰਕ ਵਿਚ ਆਉਣਾ ਤਾਂ ਦੂਰ ਦੀ ਗੱਲ ਸੀ, ਹਾਲੇ ਤਕ ਉਸ ਨੂੰ ਸਿੰਘਾਂ ਦੇ ਦਰਸ਼ਨ ਤਕ ਨਹੀਂ ਸਨ ਹੋਏ।

ਮੀਤੇ ਨੂੰ ਸਿੰਘ ਸਜਣ ਦਾ ਸੱਦਾ ਸਿੰਘਾਂ ਨੇ ਖ਼ੁਦ ਦਿੱਤਾ ਸੀ। ਉਹ ਸੱਦੇ ਦੀ ਪ੍ਰਵਾਹ ਨਹੀਂ ਸੀ ਕਰ ਰਿਹਾ।

ਮੀਤੇ ਨੂੰ ਲਾਂਗਰੀ ਦੀ ਤੀਜੀ ਗੱਲ 'ਤੇ ਕਿੰਤੂ ਸੀ। ਸੰਮਤੀ ਵਾਲਿਆਂ ਦੇ ਉਸ ਉਪਰ ਬਹੁਤ ਅਹਿਸਾਨ ਸਨ। ਜੇ ਉਹ ਭੀੜ ਸਮੇਂ ਮੀਤੇ ਪਾਲੇ ਦੀ ਬਾਂਹ ਨਾ ਫੜਦੇ ਤਾਂ ਉਹ ਕਦੋਂ ਦੇ ਫਾਂਸੀ ਚੜ੍ਹ ਗਏ ਹੁੰਦੇ। ਸੰਮਤੀ ਵਾਲੇ ਉਹਨਾਂ ਦਾ ਸਾਥ ਛੱਡਣ ਵਾਲੇ ਨਹੀਂ ਸਨ। ਹਾਈ ਕੋਰਟ ਉਹਨਾਂ ਨੇ ਅਪੀਲ ਕਰ ਦਿੱਤੀ ਸੀ। ਕਹਿੰਦੇ ਸੀ, "ਹਰ ਹੀਲੇ ਰਿਹਾਅ ਕਰਾ ਕੇ ਛੱਡਾਂਗੇ।" ਉਹ ਜੋ ਕਹਿੰਦੇ ਸਨ, ਉਸ 'ਤੇ ਫੁੱਲ ਚੜ੍ਹਾਉਂਦੇ ਸਨ।

ਮੀਤਾ ਜੱਕੋ-ਤੱਕੀ ਵਿਚ ਸੀ। ਉਹ ਸਿੰਘਾਂ ਵਾਂਗ ਤੱਤਾ ਵਗੇ ਜਾਂ ਸੰਮਤੀ ਵਾਲਿਆਂ ਵਾਂਗ ਠਰ੍ਹੰਮੇ ਨਾਲ ਚੱਲੇ। ਉਹ ਜੇਲ੍ਹੋਂ ਭੱਜੇ ਜਾਂ ਬਾਇੱਜ਼ਤ ਬਰੀ ਹੋ ਕੇ ਬਾਹਰ ਨਿਕਲੇ। ਉਹ ਆਪਣੇ ਵਰਗਿਆਂ ਨਾਲ ਹੁੰਦੇ ਧੱਕੇ ਦਾ ਬਦਲਾ ਸਟੇਨਗੰਨ ਨਾਲ ਲਵੇ ਜਾਂ ਸੰਮਤੀ ਵਾਲਿਆਂ ਵਾਂਗ ਲੋਕ-ਰਾਏ ਬਣਾ ਕੇ ਰਾਜ ਪਲਟਾ ਲਿਆਏ।

ਉਹ ਕਿਧਰ ਜਾਵੇ ? ਮੀਤਾ ਇਹ ਸਿੱਟਾ ਨਹੀਂ ਸੀ ਕੱਢ ਸਕਿਆ।

ਪਰ ਜਥੇਦਾਰ ਸਿੱਟੇ ਕੱਢ ਚੁੱਕੇ ਸਨ।

ਇਕ ਸਿੰਘ ਨੂੰ ਸਾਧ ਨੂੰ ਬੁਲਾਉਣ ਲਈ ਛੜਿਆਂ ਦੀ ਬੈਰਕ ਭੇਜਿਆ ਗਿਆ।

ਸਾਧ ਨੇ ਪੈਰ ਜੁੱਤੀ ਨਾ ਪਾਈ। ਉਸ ਨੂੰ ਯਕੀਨ ਸੀ, ਫ਼ੈਸਲਾ ਉਸ ਦੇ ਹੱਕ ਵਿਚ ਹੋਏਗਾ।

ਬਾਹਰਲੇ ਸਿੰਘਾਂ ਨੇ ਜੋ ਰਿਪੋਰਟ ਭੇਜੀ ਸੀ, ਪਹਿਲਾਂ ਉਹ ਪੜ੍ਹ ਕੇ ਸੁਣਾਈ ਗਈ।

"ਇਹ ਸਾਧ ਨਹੀਂ, ਪਖੰਡੀ ਹੈ। ਕਾਂਗੜੇ ਦੀ ਅਦਾਲਤ ਵਿਚ ਚੱਲਦੇ ਇਕ ਕਤਲ ਕੇਸ ਵਿਚ ਭਗੌੜਾ ਹੈ। ਰੂਪੋਸ਼ੀ ਦੇ ਦਿਨਾਂ ਵਿਚ ਤਿੰਨ ਸਾਲ ਇਹ ਇਕ ਡੇਰੇ ਵਿਚ ਲੁਕਿਆ ਰਿਹਾ। ਉਥੇ ਇਸ ਨੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖੇਡਣਾ ਸਿੱਖ ਕੇ ਲੋਕਾਂ ਨੂੰ ਖ਼ੂਬ ਲੁੱਟਿਆ ਹੈ। ਪਸ਼ੂ ਬਿਰਤੀ ਇਸ ਦਾ ਖਹਿੜਾ ਨਹੀਂ ਛੱਡ ਰਹੀ। ਡਰਾਈਵਰ ਦੀ ਪਤਨੀ ਹੀ ਨਹੀਂ, ਇਸ ਨੇ ਹੋਰ ਸੇਵਾਦਾਰਨੀਆਂ ਦੀ ਇੱਜ਼ਤ ਵੀ ਖ਼ਰਾਬ ਕੀਤੀ ਹੈ। ਡਰਾਈਵਰ ਦੇ ਮੌਕੇ 'ਤੇ ਪੁੱਜਣ ਵਾਲੀ ਗੱਲ ਝੂਠੀ ਹੈ। ਪੁਲਿਸ ਨੇ ਡਰਾਈਵਰ ਕੋਲੋਂ ਇਹ ਝੂਠ ਕੇਸ ਨੂੰ ਮਜ਼ਬੂਤ ਕਰਨ ਲਈ ਬੁਲਵਾਇਆ ਸੀ। ਸਾਧ ਨੂੰ ਗੁਰਬਾਣੀ ਦੀ ਇਕ ਤੁਕ ਤਕ ਨਹੀਂ ਉਚਾਰਨੀ ਆਉਂਦੀ, ਗੁਰਬਾਣੀ ਦੀ ਵਿਆਖਿਆ ਕਰਨੀ ਤਾਂ ਦੂਰ ਦੀ ਗੱਲ ਹੈ। ਪਿੰਡ ਵਾਲੇ ਸਹੀ ਹਨ। ਉਹਨਾਂ ਜੋ ਕੀਤਾ ਹੈ, ਠੀਕ ਕੀਤਾ ਹੈ।"



ਬਾਹਰਲੇ ਸਿੰਘਾਂ ਦੀ ਰਾਏ ਸੀ ਕਿ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਇਸ ਪਾਖੰਡੀ ਨੂੰ ਜੇਲ੍ਹ ਵਿਚ ਹੀ ਸੋਧ ਦਿੱਤਾ ਜਾਵੇ।

ਆਪਣਾ ਕੱਚਾ ਚਿੱਠਾ ਸੁਣ ਕੇ ਸਾਧ ਥਰ-ਥਰ ਕੰਬਣ ਲੱਗਾ। ਪੈਰੀਂ ਪੈ-ਪੈ ਮਾਫ਼ੀਆਂ ਮੰਗਣ ਲੱਗਾ।

ਪਹਿਲਾਂ ਉਸ ਦਾ ਮੂੰਹ ਕਾਲਾ ਕੀਤਾ ਗਿਆ। ਫੇਰ ਛਿੱਤਰ ਮਾਰ ਕੇ ਉਸ ਨੂੰ ਬੈਰਕ ਵਿਚੋਂ ਭਜਾਇਆ ਗਿਆ।

ਮੀਤੇ ਨੂੰ ਲੱਗਣ ਲੱਗਾ, ਹੁਕਮ-ਅਦੂਲੀ ਕਾਰਨ ਉਸ ਨਾਲ ਵੀ ਉਹੋ ਜਿਹਾ ਸਲੂਕ ਹੋਣ ਵਾਲਾ ਹੈ।

ਗ਼ੁੱਸੇ ਦੀ ਥਾਂ ਪਿਆਰ ਨਾਲ ਉਸ ਨੂੰ ਕੋਲ ਬੁਲਾਇਆ ਗਿਆ। ਮੁੱਖ ਸੇਵਾਦਾਰ ਵੱਲੋਂ ਖ਼ੁਦ ਉਸ ਨੂੰ ਸਮਝਾਇਆ ਗਿਆ।

"ਬੰਟੀ ਦੇ ਕਾਤਲ ਬੜੇ ਹੁਸ਼ਿਆਰ ਹਨ। ਪਿੱਛੇ ਕੋਈ ਸੁਰਾਗ਼ ਨਹੀਂ ਛੱਡ ਕੇ ਗਏ। ਜਾਪਦੈ ਵਾਰਦਾਤ ਪੁਲਸੀਆਂ ਨੇ ਕੀਤੀ ਹੈ, ਪਰ ਤੂੰ ਘਬਰਾ ਨਾ। ਸਿੰਘ ਉਹਨਾਂ ਨੂੰ ਲੱਭ ਕੇ ਛੱਡਣਗੇ। ਹਾਈਕੋਰਟ ਵਿਚ ਪੇਸ਼ ਕਰ ਕੇ ਉਹਨਾਂ ਤੋਂ ਜੁਰਮ ਦਾ ਇਕਬਾਲ ਕਰਾਉਣਗੇ। ਉਹਨਾਂ ਨੂੰ ਜੇਲ੍ਹ ਅਤੇ ਤੁਹਾਨੂੰ ਰਿਹਾਅ ਕਰਾਉਣਗੇ।"

ਜਥੇਦਾਰ ਦੇ ਇਸ ਥਾਪੜੇ ਨੇ ਮੀਤੇ ਨੂੰ ਦੋਚਿੱਤੀ ਵਿਚੋਂ ਕੱਢ ਦਿੱਤਾ। ਉਸ ਨੇ ਮਨ ਹੀ ਮਨ ਫ਼ੈਸਲਾ ਕੀਤਾ, "ਅੱਜ ਤੋਂ ਕੇਸ ਪਤਿਤ ਕਰਨੇ ਬੰਦ। ਨਿਤਨੇਮ ਸ਼ੁਰੂ। ਮੈਂ ਪੂਰਨ ਸਿੰਘ ਬਣ ਕੇ ਰਹਾਂਗਾ।"

# 16

ਮੰਤਰੀ-ਮੰਡਲ ਦੀ ਮੀਟਿੰਗ ਦੇਰ ਰਾਤ ਤਕ ਚੱਲਦੀ ਰਹੀ। ਫ਼ੈਸਲੇ ਦੀ ਜਾਣਕਾਰੀ ਮਿਲਦਿਆਂ ਹੀ ਸੁਪਰਡੈਂਟ ਭੱਜਾ-ਭੱਜਾ ਆਇਆ। ਨਛੱਤਰ ਸਿੰਘ ਨੂੰ ਕੱਚੀ ਨੀਂਦੋਂ ਜਗਾਇਆ। ਫੇਰ ਮੰਤਰੀ-ਮੰਡਲ ਵੱਲੋਂ ਲਿਆ ਗਿਆ ਫ਼ੈਸਲਾ ਉਸ ਨੂੰ ਸੁਣਾਇਆ। ਨਾਲੇ ਸਰਕਾਰ ਵੱਲੋਂ ਯਕੀਨ ਦਿਵਾਇਆ, "ਇਹ ਕਾਰਵਾਈ ਗੁਪਤ ਰੱਖੀ ਗਈ ਹੈ। ਤੁਹਾਡੀ ਰਿਹਾਈ ਤਕ ਫ਼ੈਸਲੇ ਦੀ ਕਿਸੇ ਨੂੰ ਭਿਣਕ ਨਹੀਂ ਪਏਗੀ। ਹੁਕਮ ਵਿਸ਼ੇਸ਼ ਦੂਤ ਰਾਹੀਂ ਆਏਗਾ। ਬੱਸ, ਰਿਹਾਈ ਲਈ ਤਿਆਰ ਰਹੋ।"

ਇਸ ਸਮੇਂ ਕੋਠੀ ਵਿਚ ਚਾਰ ਕੈਦੀ ਬੰਦ ਸਨ। ਵਿਧਾਇਕ ਅਤੇ ਪ੍ਰੋਫ਼ੈਸਰ। ਰਾਮੂ ਲਾਂਗਰੀ ਅਤੇ ਪਾਲਾ। ਪ੍ਰੋਫ਼ੈਸਰ ਅਤੇ ਰਾਮੂ ਦੀ ਰਿਹਾਈ ਨਛੱਤਰ ਨਾਲ ਜੁੜੀ ਹੋਈ ਸੀ। ਸੁਪਰਡੈਂਟ ਦੇ ਜਾਣ ਬਾਅਦ ਵਿਧਾਇਕ ਨੇ ਇਹ ਖ਼ੁਸ਼ਖ਼ਬਰੀ ਉਹਨਾਂ ਨੂੰ ਵੀ ਸੁਣਾ ਦਿੱਤੀ।

ਖ਼ੁਸ਼ ਹੋਣ ਦੀ ਥਾਂ ਉਸ ਸਮੇਂ ਤੋਂ ਚਾਰੇ ਕੈਦੀ ਆਪਣੇ-ਆਪਣੇ ਬਿਸਤਰਿਆਂ ਵਿਚ ਪਏ ਉੱਸਲਵੱਟੇ ਲੈ ਰਹੇ ਸਨ।

ਵਿਧਾਇਕ ਨੂੰ ਲੱਗ ਰਿਹਾ ਸੀ ਕਿ ਮੁੱਖ ਮੰਤਰੀ ਨੇ ਹਾਲੇ ਉਸ ਨੂੰ ਮਨੋਂ ਮੁਆਫ਼ ਨਹੀਂ ਕੀਤਾ। ਨਛੱਤਰ ਸਿੰਘ ਦੀਆਂ ਅੱਖਾਂ ਪੂੰਝਣ ਲਈ ਉਹ ਰਿਹਾਈ ਦੇ ਹੁਕਮ ਜਾਰੀ ਕਰ ਦਿੰਦਾ ਹੈ। ਫੇਰ ਕਿਸੇ ਨਾ ਕਿਸੇ ਬਹਾਨੇ ਰੋੜਾ ਅਟਕਾ ਦਿੰਦਾ ਹੈ। ਦੋ ਵਾਰ ਪਹਿਲਾਂ ਇੰਝ ਹੋ ਚੁੱਕਾ ਹੈ। ਉਸਨੂੰ ਜਾਪ ਰਿਹਾ ਸੀ, ਇਸ ਵਾਰ ਵੀ ਇੰਝ ਹੀ ਹੋਣਾ ਹੈ।

ਇਹੋ ਜਿਹਾ ਕੁਝ ਲਾਂਗਰੀ ਰਾਮੂ ਸੋਚ ਰਿਹਾ ਸੀ। ਉਹ ਮੁਲਜ਼ਮ ਨਹੀਂ ਸੀ। ਉਸ ਨੂੰ ਉੱਚ ਵਰਗ ਦੇ ਲੋਕਾਂ ਦੀ ਪਸੰਦ ਦਾ ਖਾਣਾ ਬਣਾਉਣਾ ਅਤੇ ਫੇਰ ਢੰਗ ਨਾਲ ਵਰਤਾਉਣਾ ਆਉਂਦਾ ਸੀ। ਇਸੇ ਕਸੂਰ ਕਾਰਨ ਉਸ ਨੂੰ ਜੇਲ੍ਹ ਵਿਚ ਸੁੱਟਿਆ ਗਿਆ ਸੀ।

ਜੇਲ੍ਹ ਮੁਖੀ ਦੇ ਦੌਰੇ ਸਮੇਂ ਸਤਿੰਦਰ ਕੁਮਾਰ ਇਕੋ ਗਿਲਾ ਕਰਦਾ ਸੀ, "ਮੈਨੂੰ ਚੰਗਾ ਲਾਂਗਰੀ ਦਿਓ।"

ਸੁਪਰਡੈਂਟ ਨੇ ਇਕ-ਇਕ ਕਰਕੇ ਵੀਹ ਲਾਂਗਰੀ ਉਸ ਦੀ ਸੇਵਾ ਵਿਚ ਹਾਜ਼ਰ ਕੀਤੇ। ਇਕ ਵੀ ਉਸ ਦੇ ਨੱਕ ਹੇਠ ਨਾ ਆਇਆ। ਕਿਸੇ ਨੂੰ ਟਰੇਅ ਫੜਨੀ ਨਹੀਂ ਸੀ ਆਉਂਦੀ, ਕਿਸੇ ਨੂੰ ਗਲਾਸ ਢੱਕਣਾ ਨਹੀਂ ਸੀ ਆਉਂਦਾ। ਕਿਸੇ ਨੂੰ ਸਾਹਿਬ ਨਾਲ ਗੱਲ ਕਰਨ ਦੀ ਸੂਝ ਨਹੀਂ ਸੀ, ਕਿਸੇ ਨੂੰ ਸਾਹਿਬ ਦੇ ਕਮਰੇ ਅੰਦਰ ਵੜਨ ਦੀ। ਕਿਸੇ ਨੂੰ ਸੂਪ ਨਹੀਂ ਸੀ ਬਣਾਉਣਾ ਆਉਂਦਾ, ਕਿਸੇ ਨੂੰ ਬਰਿਆਨੀ।

ਇਹ ਪੁਲਿਸ ਲਾਈਨ ਦੀ ਮੈੱਸ ਨਹੀਂ, ਜੇਲ੍ਹ ਸੀ। ਲਾਂਗਰੀ ਕੈਦੀਆਂ ਵਿਚੋਂ ਲਾਇਆ ਜਾਣਾ ਸੀ। ਸਾਹਿਬ ਦੀ ਪਸੰਦ ਦਾ ਕੈਦੀ ਕਿਥੋਂ ਲਿਆਂਦਾ ਜਾਵੇ ? ਸੁਪਰਡੈਂਟ ਨੂੰ ਸਮਝ ਨਹੀਂ ਸੀ ਆ ਰਹੀ।

ਅਖ਼ੀਰ ਮਸਲਾ ਸੁਲਝਾਉਣ ਲਈ ਪੁਲਿਸ ਕਪਤਾਨ ਦੀ ਮਦਦ ਲਈ ਗਈ।



ਪੁਲਿਸ ਨੇ ਇਕ ਦਰਮਿਆਨੇ ਹੋਟਲ 'ਤੇ ਛਾਪਾ ਮਾਰਿਆ। ਬਿਨਾਂ ਮਜ਼ਦੂਰੀ ਤੋਂ ਸ਼ਰਾਬ ਪਿਆ ਰਹੇ ਮੈਨੇਜਰ ਅਤੇ ਵੇਟਰ ਨੂੰ ਫੜਿਆ। ਮੈਨੇਜਰ ਅੱਗੇ ਸ਼ਰਤ ਰੱਖੀ, "ਜੇ ਮੁਕੱਦਮੇ ਵਿਚੋਂ ਨਿਕਲਣਾ ਹੈ ਤਾਂ ਕੁਝ ਮਹੀਨਿਆਂ ਲਈ ਵੇਟਰ ਨੂੰ ਭੁੱਲ ਜਾ।"

ਮੈਨੇਜਰ ਹੱਥ ਜੋੜ ਕੇ ਖੜੋ ਗਿਆ, "ਮੇਰੇ ਕੋਲ ਇਸ ਵਰਗੇ ਵੀਹ ਵੇਟਰ ਹਨ। ਇਸ ਨੂੰ ਜਿੰਨਾ ਚਿਰ ਮਰਜ਼ੀ ਰੱਖੋ।"

ਰਾਮੂ ਮਨ ਲਾ ਕੇ ਕੰਮ ਕਰੇ, ਇਸ ਲਈ ਸੁਪਰਡੈਂਟ ਨੇ ਉਸ ਨੂੰ ਭਰੋਸਾ ਦਿੱਤਾ, "ਸਾਹਿਬ ਕੁਝ ਦਿਨਾਂ ਦੇ ਮਹਿਮਾਨ ਹਨ। ਜੇ ਖ਼ੁਸ਼ ਹੋ ਗਏ ਤਾਂ ਤੈਨੂੰ ਨਾਲ ਲੈ ਜਾਣਗੇ। ਪੁਲਿਸ ਵਿਚ ਭਰਤੀ ਕਰਵਾ ਦੇਣਗੇ।"

ਜਲਦੀ ਮੁਕਤੀ ਅਤੇ ਪੁਲਿਸ ਦੀ ਨੌਕਰੀ ਦੇ ਸੁਪਨੇ ਲੈਂਦਾ ਰਾਮੂ ਦਿਨ ਰਾਤ ਸਾਹਿਬ ਦੀ ਸੇਵਾ ਕਰਦਾ ਰਿਹਾ।

ਉਸ ਦੇ ਮਾੜੇ ਭਾਗਾਂ ਨੂੰ ਸਤਿੰਦਰ ਦੀ ਰਿਹਾਈ ਦੇ ਹੁਕਮ ਵਿਧਾਇਕ ਨਾਲੋਂ ਪਹਿਲਾਂ ਆ ਗਏ।

ਰਾਮੂ ਦਾ ਕੰਮ ਨਛੱਤਰ ਨੂੰ ਵੀ ਪਸੰਦ ਸੀ।

"ਮੇਰੀ ਰਿਹਾਈ ਵੀ ਹੋਣ ਵਾਲੀ ਹੈ। ਦੋ-ਚਾਰ ਦਿਨਾਂ ਲਈ ਨਵਾਂ ਖਸਮ ਕਿਥੋਂ ਕਰਾਂਗੇ। ਕੁਝ ਦਿਨ ਔਖੇ ਕੱਟ ਲੈ। ਮੈਂ ਤੈਨੂੰ ਆਪਣੇ ਕੋਲ ਰੱਖ ਲਵਾਂਗਾ।"

ਆਖਦੇ ਵਿਧਾਇਕ ਨੇ ਸਤਿੰਦਰ ਕੋਲੋਂ ਰਾਮੂ ਦਾ ਰੱਸਾ ਫੜ ਲਿਆ। 'ਕੁਝ ਦਿਨ' ਕਈ ਮਹੀਨਿਆਂ ਵਿਚ ਬਦਲ ਗਏ। ਨਾ ਨਛੱਤਰ ਦਾ ਖਹਿੜਾ ਛੁੱਟਾ, ਨਾ ਰਾਮੂ ਦਾ।

ਰਾਮੂ ਨੂੰ ਲੱਗ ਰਿਹਾ ਸੀ, ਖਹਿੜਾ ਇਕੱਲੇ ਨਛੱਤਰ ਦਾ ਛੁੱਟੇਗਾ। ਰਾਮੂ ਦਾ ਰੱਸਾ ਕੋਈ ਹੋਰ ਜ਼ੋਰਾਵਰ ਕੈਦੀ ਫੜ ਕੇ ਲੈ ਜਾਏਗਾ।

ਪਾਲੇ ਦਾ ਫ਼ਿਕਰ ਉਹਨਾਂ ਨਾਲੋਂ ਵੱਖਰਾ ਸੀ। ਉਹ ਉਮਰ ਕੈਦ ਕੱਟ ਰਿਹਾ ਸੀ। ਬਾਕੀਆਂ ਦੀ ਰਿਹਾਈ ਨਾਲ ਉਸ ਦਾ ਕੋਈ ਲੈਣਾ-ਦੇਣਾ ਨਹੀਂ ਸੀ। ਲਾਭ ਸਿੰਘ ਨਾਂ ਦੇ ਇਕ ਮਹਾਂਰਿਸ਼ੀ ਨੇ ਉਸ ਨੂੰ ਚੂਹੇ ਤੋਂ ਰਾਜਕੁਮਾਰ ਬਣਾ ਦਿੱਤਾ ਸੀ। ਸਵਰਗ ਭੋਗਣ ਲਈ ਇਥੇ ਭੇਜ ਦਿੱਤਾ ਸੀ। ਬੇਫ਼ਿਕਰੀ ਅਤੇ ਖੁੱਲ੍ਹਾ ਖਾਣ-ਪੀਣ ਕਾਰਨ ਉਸ ਦੀ ਗੋਗੜ ਵਧ ਗਈ ਸੀ, ਗਰਦਨ ਮੋਟੀ ਹੋ ਗਈ ਸੀ। ਵਿਧਾਇਕ ਦੇ ਰਿਹਾਅ ਹੁੰਦਿਆਂ ਹੀ ਉਸ ਦਾ ਸਵਰਗ ਉੱਜੜ ਜਾਣਾ ਸੀ।

ਰਾਜਕੁਮਾਰ ਤੋਂ ਮੁੜ ਚੂਹਾ ਬਣਨ ਦਾ ਖ਼ਿਆਲ ਆਉਂਦੇ ਹੀ ਉਸ ਨੂੰ ਕਾਂਬਾ ਛਿੜ ਜਾਂਦਾ ਸੀ। ਆਪਣੇ ਬਿਸਤਰੇ ਵਿਚ ਪਿਆ ਪਾਲਾ, ਵਿਧਾਇਕ ਦੀ ਰਿਹਾਈ ਰੋਕਣ ਲਈ ਸੁੱਖਾਂ ਸੁੱਖਣ ਲੱਗਾ।

ਪਾਲੇ ਨੇ ਕਈ ਜੇਲ੍ਹਾਂ ਦੇਖੀਆਂ ਸਨ। ਸੈਂਕੜੇ ਜੇਲ੍ਹ ਕਰਮਚਾਰੀਆਂ ਨਾਲ ਵਾਹ ਪਿਆ ਸੀ। ਉਹ ਸਭ ਖ਼ੂੰਖ਼ਾਰ ਸਨ, ਪਰ ਇਸ ਕੋਠੀ ਦੀ ਹੱਦ ਵਿਚ ਪਤਾ ਨਹੀਂ ਕਿਸੇ ਕੀ ਜਾਦੂ ਧੂੜਿਆ ਸੀ। ਕੋਠੀ ਦੇ ਗੇਟ ਕੋਲ ਪੁੱਜਦੇ ਹੀ ਅਫ਼ਸਰ ਮੋਮ ਵਾਂਗ ਨਰਮ ਹੋ ਜਾਂਦੇ ਸਨ, ਜਾਨਵਰਾਂ ਵਾਂਗ ਪੂਛ ਮਾਰਨ ਲੱਗਦੇ ਸਨ।

ਲੋਕ ਕੋਠੀ ਨੂੰ ਭਾਗਾਂ ਵਾਲੀ ਸਮਝਦੇ ਸਨ। ਸਾਲਾਂ ਬਾਅਦ ਇਹ ਇਕ-ਅੱਧ ਵਾਰ ਖੁੱਲ੍ਹਦੀ ਸੀ। ਜਦੋਂ ਖੁੱਲ੍ਹਦੀ ਸੀ, ਕਈ ਰੰਕਾਂ ਨੂੰ ਰਾਜੇ ਬਣਾ ਦਿੰਦੀ ਸੀ।

ਐਮਰਜੈਂਸੀ ਦੇ ਦਿਨਾਂ ਵਿਚ ਇਥੇ ਸ਼ੇਖ਼ਰ ਬਾਬਾ ਬੰਦ ਰਹੇ ਸਨ। ਜੇਲ੍ਹ ਦਾ ਇਕ ਡਿਪਟੀ ਉਹਨਾਂ ਦਾ ਉਪਾਸ਼ਕ ਸੀ। ਸਰਕਾਰ ਦੀਆਂ ਹਦਾਇਤਾਂ ਨੂੰ ਛਿੱਕੇ ਟੰਗ ਕੇ, ਆਪਣੀ ਨੌਕਰੀ ਨੂੰ ਜ਼ੋਖ਼ਮ ਵਿਚ ਪਾ ਕੇ ਉਸ ਨੇ ਨੇਤਾ ਜੀ ਦੀ ਖ਼ੂਬ ਸੇਵਾ ਕੀਤੀ। ਐਮਰਜੈਂਸੀ ਖ਼ਤਮ ਹੁੰਦਿਆਂ ਹੀ ਰਾਜ-ਪਲਟਾ ਆ ਗਿਆ। ਸ਼ੇਖ਼ਰ ਸਾਹਿਬ ਬਹੁਤ ਵੱਡੀ ਕੁਰਸੀ 'ਤੇ ਜਾ ਬੈਠੇ। ਭੀੜ ਵਿਚ ਕੰਮ

ਆਇਆ ਮਿੱਤਰ ਉਹਨਾਂ ਨੂੰ ਯਾਦ ਆਇਆ। ਸਹੁੰ ਚੁੱਕਦਿਆਂ ਹੀ ਉਹਨਾਂ ਨੇ ਹੁਕਮ ਜਾਰੀ ਕੀਤਾ। ਤਰੱਕੀ ਦੇ ਕੇ ਉਸ ਨੂੰ ਡਿਪਟੀ ਤੋਂ ਸੁਪਰਡੈਂਟ ਬਣਾਇਆ। ਫੇਰ ਵਿਸ਼ੇਸ਼ ਤਰੱਕੀਆਂ ਦੇ ਕੇ ਜੇਲ੍ਹ ਵਿਭਾਗ ਦਾ ਮੁਖੀ ਬਣਾਇਆ। ਰਿਟਾਇਰ ਹੋਣ ਲੱਗਾ ਤਾਂ ਦੋ ਸਾਲ ਹੋਰ ਬਖ਼ਸ਼ ਦਿੱਤੇ। ਜਿੰਨਾ ਚਿਰ ਸੇਖ਼ਰ ਸਾਹਿਬ ਹੇਠ ਕੁਰਸੀ ਰਹੀ, ਡਿਪਟੀ ਮੌਜਾਂ ਮਾਣਦਾ ਰਿਹਾ।

ਫੇਰ ਕਈ ਸਾਲਾਂ ਬਾਅਦ ਇਹ ਕੋਠੀ ਬਰਨਾਲਾ ਸਾਹਿਬ ਲਈ ਖੁੱਲ੍ਹੀ। ਉਹਨਾਂ ਦਾ ਦਿਲ ਲਗਾਉਣ ਲਈ ਇਕ ਮਖ਼ੌਲੀਏ ਕੈਦੀ ਨੂੰ ਕੋਠੀ ਭੇਜਿਆ ਗਿਆ। ਗੱਲਾਂ ਮਾਰ-ਮਾਰ ਕੈਦੀ ਨੇ ਬਰਨਾਲਾ ਸਾਹਿਬ ਦਾ ਮਨ ਜਿੱਤ ਲਿਆ। ਬਾਹਰ ਜਾ ਕੇ ਪਹਿਲਾਂ ਉਹਨਾਂ ਗਾਲੜੀ ਨੂੰ ਵਿਧਾਇਕ ਬਣਾਇਆ। ਫੇਰ ਜਦੋਂ ਉਹਨਾਂ ਦੀ ਸਰਕਾਰ ਬਣੀ, ਉਹਨਾਂ ਉਸ ਨੂੰ ਮੰਤਰੀ ਬਣਾ ਦਿੱਤਾ। ਅੱਜ-ਕੱਲ੍ਹ ਗਾਲੜੀ ਸਾਹਿਬ ਦੀ ਸੂਬੇ ਦੀ ਸਿਆਸਤ ਵਿਚ ਆਪਣੀ ਥਾਂ ਹੈ।

ਕਈਆਂ ਸਾਲਾਂ ਬਾਅਦ ਕੋਠੀ ਨੂੰ ਭਾਗ ਲੱਗੇ ਸਨ। ਜੇਲ੍ਹ ਅਧਿਕਾਰੀਆਂ ਨੇ ਇਤਿਹਾਸ ਤੋਂ ਸਬਕ ਸਿੱਖ ਰੱਖਿਆ ਸੀ। ਕਿਸੇ ਦਾ ਮਨ ਮੰਤਰੀ ਬਣਨ ਨੂੰ ਕਰਦਾ ਸੀ, ਕਿਸੇ ਦਾ ਵਿਭਾਗ ਦਾ ਮੁਖੀ।

ਜਿੰਨਾ ਚਿਰ ਨਛੱਤਰ ਹੁਰਾਂ ਦੇ ਸਿਤਾਰੇ ਗਰਦਿਸ਼ ਵਿਚ ਰਹੇ, ਮੁਲਾਜ਼ਮ ਉਹਨਾਂ ਕੋਲੋਂ ਪਾਸਾ ਵੱਟਦੇ ਰਹੇ। ਗੱਡੀ ਦੇ ਲੀਹ 'ਤੇ ਆਉਂਦਿਆਂ ਹੀ ਉਹਨਾਂ ਕਾਂਟੇ ਬਦਲ ਲਏ। ਕੋਠੀ ਖੁੱਲ੍ਹਣ ਦਾ ਹੁਕਮ ਮਿਲਦੇ ਹੀ ਸੁਪਰਡੈਂਟ ਨੇ ਤਾੜ ਲਿਆ। 'ਗੁਰੂ ਚੇਲੇ ਵਿਚਕਾਰ ਸੰਬੰਧ ਸੁਧਰ ਗਏ ਹਨ।' ਸਭ ਨੂੰ ਪਤਾ ਹੈ, ਵਿਧਾਇਕ ਨੂੰ ਸਜ਼ਾ ਮੁੱਖ ਮੰਤਰੀ ਦੇ ਇਸ਼ਾਰੇ 'ਤੇ ਹੋਈ ਸੀ। ਹਾਈ ਕੋਰਟ ਦੇ ਅੱਧੇ ਜੱਜ ਮੁੱਖ ਮੰਤਰੀ ਦੇ ਲਾਏ ਹੋਏ ਸਨ। ਨਜ਼ਰ ਸਵੱਲੀ ਹੁੰਦੇ ਹੀ ਉਸ ਨੇ ਵਿਧਾਇਕ ਨੂੰ ਬਰੀ ਕਰਵਾ ਦੇਣਾ ਸੀ। ਨਛੱਤਰ ਸਿੰਘ ਨੌਜਵਾਨ ਹੈ, ਸਿਆਸਤ ਵਿਚ ਹਾਲੇ ਉਸ ਨੇ ਹੋਰ ਤਰੱਕੀ ਕਰਨੀ ਹੈ। ਦੂਰ-ਅੰਦੇਸ਼ ਸੁਪਰਡੈਂਟ ਉਸ ਨੂੰ ਹੁਣ ਤੋਂ ਮੰਤਰੀ ਮੰਨ ਕੇ ਚੱਲਣ ਲੱਗਾ।

ਇਸੇ ਤਰ੍ਹਾਂ ਸਤਿੰਦਰ ਕੁਮਾਰ ਪੁਲਿਸ ਵਿਭਾਗ ਦਾ ਵੱਡਾ ਅਫ਼ਸਰ ਹੈ। ਮਾੜੇ ਦਿਨਾਂ ਨੇ ਲੰਘ ਹੀ ਜਾਣਾ ਹੈ। ਉਹ ਕਿਸੇ ਵੀ ਦਿਨ ਵਿਭਾਗ ਦਾ ਮੁਖੀ ਬਣ ਸਕਦਾ ਹੈ। ਇਸ ਸਮੇਂ ਵੀ ਉਸ ਦੀ ਬਹੁਤ ਚੱਲਦੀ ਹੈ। ਛੋਟੇ ਕਰਮਚਾਰੀਆਂ ਦੇ ਵਾਰੇ-ਨਿਆਰੇ ਉਹ ਜੇਲ੍ਹ 'ਚ ਬੈਠਾ ਕਰ ਸਕਦਾ ਹੈ। ਭਵਿੱਖ ਦੇ ਮੁਖੀ ਨੂੰ ਖ਼ੁਸ਼ ਰੱਖਣਾ ਛੋਟੇ ਕਰਮਚਾਰੀਆਂ ਦਾ ਫ਼ਰਜ਼ ਹੈ।

ਸਿਆਸੀ ਕੈਦੀ ਉਡਾਰੀ ਮਾਰਨ ਹੀ ਵਾਲੇ ਸਨ। ਜੇਲ੍ਹ ਸੁਪਰਡੈਂਟ ਇਕ ਮਿੰਟ ਵੀ ਅਜਾਈਂ ਨਹੀਂ ਸੀ ਗਵਾ ਰਿਹਾ।

ਕੋਠੀ ਦੇ ਪਿਛਵਾੜੇ ਮੁਲਾਜ਼ਮਾਂ ਦੇ ਕੁਆਰਟਰ ਸਨ। ਕੁਆਰਟਰਾਂ ਅਤੇ ਕੋਠੀ ਵਿਚਕਾਰ ਇਕ ਕੰਧ ਸੀ। ਮੁਲਾਜ਼ਮਾਂ ਦੇ ਆਉਣ-ਜਾਣ ਲਈ ਕੰਧ ਵਿਚ ਇਕ ਛੋਟਾ ਜਿਹਾ ਦਰਵਾਜ਼ਾ ਸੀ।

ਸੁਪਰਡੈਂਟ ਇਸ ਦਰਵਾਜ਼ੇ ਦਾ ਭਰਪੂਰ ਫ਼ਾਇਦਾ ਉਠਾ ਰਿਹਾ ਸੀ।

ਦਫ਼ਤਰ ਜਾਂਦਾ-ਜਾਂਦਾ ਪਹਿਲਾਂ ਉਹ ਕੋਠੀ ਦੇ ਦਰਵਾਜ਼ੇ 'ਤੇ ਦਸਤਕ ਦਿੰਦਾ। ਤਿੰਨੇ ਕੈਦੀਆਂ ਨੂੰ ਗੁੱਡ-ਮਾਰਨਿੰਗ ਆਖਦਾ। "ਰਾਤ ਕੋਈ ਦਿੱਕਤ ਪੇਸ਼ ਤਾਂ ਨਹੀਂ ਆਈ।" ਇਹ ਪੁੱਛਦਾ, ਫੇਰ ਆਪ ਸਾਰੀ ਕੋਠੀ ਦਾ ਮੁਆਇਨਾ ਕਰਦਾ। ਸਫ਼ਾਈ ਠੀਕ ਹੋਈ ਹੈ ? ਇਹ ਦੇਖਦਾ। "ਰਸੋਈ ਵਿਚ ਕਿਸੇ ਚੀਜ਼ ਦੀ ਕਮੀ ਤਾਂ ਨਹੀਂ ?" ਲਾਂਗਰੀ ਕੋਲੋਂ ਪੁੱਛਦਾ। ਦੋਹਾਂ ਮੁਸ਼ੱਕਤੀਆਂ ਨੂੰ ਤਾੜਦਾ। "ਸਾਹਿਬ ਲੋਕਾਂ ਦੀ ਸੇਵਾ ਵਿਚ ਕਮੀ ਰਹਿ ਗਈ ਤਾਂ ਕੋਠੀ ਬੰਦ ਕਰ ਦਊਂ।"

ਡਿਊਟੀ ਖ਼ਤਮ ਹੋਣ ਬਾਅਦ, ਘਰ ਮੁੜਦਾ ਵੀ ਇੰਝ ਹੀ ਕਰਦਾ। ਨਹਾ-ਧੋ ਕੇ ਫੇਰ ਕੋਠੀ



ਆ ਧਮਕਦਾ। ਗੱਪ-ਸ਼ੱਪ ਹੁੰਦੀ। ਗਲਾਸੀਆਂ ਖੜਕਦੀਆਂ। ਸ਼ਾਇਰੋ-ਸ਼ਾਇਰੀ ਹੁੰਦੀ।

ਵਿਧਾਇਕ ਅਤੇ ਡੀ.ਆਈ.ਜੀ. ਜੇਲ੍ਹ ਪ੍ਰਸ਼ਾਸਨ 'ਤੇ ਪੂਰੇ ਖ਼ੁਸ਼ ਸਨ। ਉਹਨਾਂ ਨੂੰ 'ਘਰ ਵਰਗੀਆਂ ਸਹੂਲਤਾਂ ਉਪਲਬਧ' ਕਰਾਉਣ ਦੀ ਸਰਕਾਰ ਦੀ ਹਦਾਇਤ ਦੀ ਪੂਰੀ ਤਰ੍ਹਾਂ ਪਾਲਣਾ ਹੋ ਰਹੀ ਸੀ।

ਉਹਨਾਂ ਦੇ ਰਹਿਣ ਲਈ ਬੈਰਕ ਦੀ ਥਾਂ ਕੋਠੀ ਸੀ। ਖਾਣਾ ਬਣਾਉਣ ਅਤੇ ਪਰੋਸਣ ਲਈ ਉੱਚ ਕੋਟੀ ਦਾ ਰਸੋਈਆ ਕੱਪੜੇ ਧੋਣ, ਜੁੱਤੀ ਪਾਲਿਸ਼ ਕਰਨ ਅਤੇ ਮੁੱਠੀ-ਚਾਪੀ ਲਈ ਪਾਲਾ ਸੀ।

ਦਿਨੇ ਮੁਲਾਕਾਤੀ ਦਿਲ ਲਵਾਈ ਰੱਖਦੇ ਸਨ। ਨਾ ਉਹਨਾਂ ਦੀ ਗਿਣਤੀ ਉਪਰ ਪਾਬੰਦੀ ਸੀ, ਨਾ ਉਹਨਾਂ ਦੀ ਤਲਾਸ਼ੀ ਹੁੰਦੀ ਸੀ। ਦਿਨ ਚੜ੍ਹਦਿਆਂ ਉਹ ਆਉਣੇ ਸ਼ੁਰੂ ਹੋ ਜਾਂਦੇ ਸਨ। ਦੇਰ ਰਾਤ ਤਕ ਬੈਠੇ ਰਹਿੰਦੇ। ਕੋਈ ਖ਼ਾਲੀ ਹੱਥ ਨਹੀਂ ਸੀ ਆਉਂਦਾ। ਕਿਸੇ ਦੇ ਹੱਥ ਵਿਚ ਦੁੱਧ ਵਾਲੀ ਢੋਲੀ ਹੁੰਦੀ, ਕਿਸੇ ਦੇ ਪਰਾਂਠਿਆਂ ਵਾਲਾ ਡੱਬਾ। ਕੋਈ ਮੱਖਣ-ਬਰੈੱਡ ਚੁੱਕ ਲਿਆਉਂਦਾ, ਕੋਈ ਆਂਡਿਆਂ ਵਾਲੀ ਟਰੇਅ। ਕੋਈ ਵਿਸਕੀ ਦਾ ਡੱਬਾ ਅਤੇ ਕੋਈ ਮੁਰਗ਼-ਮੁਸੱਲਮ ਨਾਲ ਭਰਿਆ ਟਿਫ਼ਨ। ਉਹ ਖਾਣ ਵਾਲੇ ਚਾਰ ਸਨ। ਖਾਣਾ ਚਾਲੀਆਂ ਦਾ ਆ ਜਾਂਦਾ ਸੀ। ਬਚਿਆ ਖਾਣਾ ਸ਼ਾਮ ਨੂੰ ਮੁਲਾਜ਼ਮਾਂ ਦੇ ਕੁਆਰਟਰਾਂ ਵਿਚ ਪੁੱਜ ਜਾਂਦਾ ਸੀ। ਕੈਦੀਆਂ ਦੇ ਨਾਲ-ਨਾਲ ਕਰਮਚਾਰੀ ਵੀ ਮੌਜਾਂ ਕਰ ਰਹੇ ਸਨ।

ਜੇਲ੍ਹ ਫੇਰ ਵੀ ਜੇਲ੍ਹ ਸੀ। ਵਧੀਆ ਖਾਣ-ਪੀਣ ਸਭ ਕੁਝ ਨਹੀਂ ਹੁੰਦਾ। ਦਿਨ ਘੁੰਮਦੇ-ਫਿਰਦੇ, ਮੁਲਾਕਾਤੀਆਂ ਨਾਲ ਗੱਪਾਂ ਮਾਰਦੇ ਲੰਘ ਜਾਂਦਾ ਸੀ। ਰਾਤ ਪੈਂਦਿਆਂ ਹੀ ਹੌਲ ਪੈਣ ਲੱਗਦੇ ਸਨ। ਕਦੇ ਅੱਖਾਂ ਭਰੀ ਬੀਵੀ ਸਾਹਮਣੇ ਆ ਖੜ੍ਹਦੀ, ਕਦੇ ਗੋਦੀ ਚੜ੍ਹਨ ਲਈ ਉਤਾਵਲੇ ਪਏ ਬੱਚੇ। ਕਦੇ ਬਾਪ ਦੇ ਹਉਕੇ ਸੁਣਾਈ ਦਿੰਦੇ, ਕਦੇ ਮਾਂ ਦੇ ਕੀਰਨੇ। ਕਦੇ ਉਜੜੀ ਫ਼ਸਲ ਦਿਖਾਈ ਦਿੰਦੀ, ਕਦੇ ਧੁੰਦਲਾ ਪੈਂਦਾ ਜਾ ਰਿਹਾ ਸਿਆਸੀ ਭਵਿੱਖ।

ਵਿਧਾਇਕ ਦਾ ਮਨ ਜੇਲ੍ਹੋਂ ਨਿਕਲਣ ਲਈ ਕਾਹਲਾ ਪੈਣ ਲੱਗਦਾ।

"ਤੁਹਾਡੇ ਮੇਰੇ ਉਪਰ ਪਹਿਲਾਂ ਹੀ ਬਹੁਤ ਅਹਿਸਾਨ ਹਨ। ਇਕ ਅਹਿਸਾਨ ਹੋਰ ਕਰ ਦੇਵੋ। ਕੋਈ ਹੀਲਾ-ਵਸੀਲਾ ਕਰ ਕੇ ਮੇਰੀ ਪੱਕੀ ਰਿਹਾਈ ਦਾ ਇੰਤਜ਼ਾਮ ਕਰ ਦਿਓ।"

ਵਿਧਾਇਕ ਨੇ ਸੁਪਰਡੈਂਟ ਕੋਲ ਮਿੰਨਤ ਕੀਤੀ। ਨਾਲ ਜੇਲ੍ਹ ਮੰਤਰੀ ਤੋਂ ਇਸ਼ਾਰਾ ਕਰਾਇਆ, "ਜੇ ਤਜਵੀਜ਼ ਆਏਗੀ, ਉਸ 'ਤੇ ਫੁੱਲ ਚੜ੍ਹਨਗੇ।"

ਜੇਲ ਜੁਪਰਡੈਂਟ ਝੱਟ ਦਿਮਾਗ਼ ਦੇ ਘੋੜੇ ਦੁੜਾਉਣ ਲੱਗਾ।

ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸਮਝਣਾ ਅਤੇ ਫੇਰ ਉਹਨਾਂ ਦੇ ਹੱਲ ਸੁਝਾਉਣੇ ਜੇਲ੍ਹ ਵਿਭਾਗ ਦਾ ਕੰਮ ਸੀ। ਆਪਣਾ ਫ਼ਰਜ਼ ਨਿਭਾਉਣ ਲਈ ਜੇਲ੍ਹ ਸੁਪਰਡੈਂਟ ਨੇ ਨਿਯਮਾਂ ਦਾ ਡੂੰਘਾ ਅਧਿਐਨ ਕੀਤਾ। ਫੇਰ ਸਿੱਟਾ ਕੱਢਿਆ।

"ਪਹਿਲੇ ਸਮਿਆਂ ਵਿਚ ਕੈਦੀ ਨੂੰ ਚਾਰ-ਦੀਵਾਰੀ ਪਿੱਛੇ ਰੱਖਣ ਦਾ ਉਦੇਸ਼ ਉਸ ਨੂੰ ਤਸੀਹੇ ਦੇਣਾ ਸੀ। ਅੱਜ-ਕੱਲ੍ਹ ਕੈਦ ਦਾ ਉਦੇਸ਼ ਉਸ ਦੀਆਂ ਭੈੜੀਆਂ ਆਦਤਾਂ ਨੂੰ ਸੁਧਾਰਨਾ ਅਤੇ ਚੰਗੇ ਸ਼ਹਿਰੀ ਬਣਨ ਵਿਚ ਉਸ ਦੀ ਮਦਦ ਕਰਨਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਕੈਦੀਆਂ ਦੀਆਂ ਸਮਾਜਿਕ, ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਨੂੰ ਸਮਝਣਾ ਅਤੇ ਸੁਲਝਾਉਣਾ ਜ਼ਰੂਰੀ ਸੀ।"

"ਪਰਿਵਾਰ ਅਤੇ ਸਮਾਜ ਨਾਲੋਂ ਲੰਮਾ ਸਮਾਂ ਵੱਖ ਰਹਿਣ ਕਾਰਨ ਕੈਦੀਆਂ ਦੀਆਂ ਮਾਨਸਿਕ ਗੁੰਝਲਾਂ ਪੀਡੀਆਂ ਹੋ ਜਾਂਦੀਆਂ ਹਨ। ਸੰਤੁਲਨ ਬਣਾਈ ਰੱਖਣ ਲਈ ਕੈਦੀ ਨੂੰ ਘਰ ਜਾਣ ਦਾ

ਵੱਧ ਤੋਂ ਵੱਧ ਮੌਕਾ ਦੇਣਾ ਚਾਹੀਦਾ ਹੈ।"

ਇਹ ਮੌਕਾ, ਕਿਸ ਨਿਯਮ ਵਿਚ, ਕਿਹੜੀ-ਕਿਹੜੀ ਸੋਧ ਕਰ ਕੇ ਦਿੱਤਾ ਜਾ ਸਕਦਾ ਹੈ, ਫੇਰ ਪ੍ਰਸ਼ਾਸਨ ਨੂੰ ਇਹ ਸੁਝਾਇਆ।

ਮੌਜੂਦਾ ਨਿਯਮਾਂ ਅਨੁਸਾਰ ਕੈਦੀ ਨੂੰ ਇਕ ਸਾਲ ਕੈਦ ਕੱਟਣ ਬਾਅਦ ਇਕ ਮਹੀਨੇ ਦੀ ਛੁੱਟੀ ਮਿਲਦੀ ਹੈ। ਹਵਾਲਾਤੀਆਂ ਨੂੰ ਇਹ ਸਹੂਲਤ ਵੀ ਉਪਲਬਧ ਨਹੀਂ ਹੈ। ਗ੍ਰਿਫ਼ਤਾਰੀ ਵਾਲੇ ਦਿਨ ਤੋਂ ਲੈ ਕੇ ਫ਼ੈਸਲੇ ਤਕ ਉਸ ਨੂੰ ਜੇਲ੍ਹ ਵਿਚ ਸੜਨਾ ਪੈਂਦਾ ਹੈ। ਕਚਹਿਰੀਆਂ ਮੁਕੱਦਮਿਆਂ ਨਾਲ ਭਰੀਆਂ ਪਈਆਂ ਹਨ। ਸੁਣਵਾਈ ਮੁਕੰਮਲ ਹੋਣ ਨੂੰ ਕਈ-ਕਈ ਸਾਲ ਲੱਗਦੇ ਹਨ। ਕਈ ਵਾਰ ਇਹ ਉਡੀਕ ਦਸ-ਦਸ, ਬਾਰਾਂ-ਬਾਰਾਂ ਸਾਲ ਤੱਕ ਚੱਲਦੀ ਹੈ।

ਕੈਦੀਆਂ ਦੇ ਨਾਲ-ਨਾਲ ਛੁੱਟੀ ਦੀ ਸਹੂਲਤ ਹਵਾਲਾਤੀਆਂ ਨੂੰ ਵੀ ਦਿੱਤੀ ਜਾਵੇ। ਇਕ ਸਾਲ ਕੈਦ ਕੱਟਣ ਬਾਅਦ ਛੁੱਟੀ ਮਿਲਣ ਵਾਲੀ ਸ਼ਰਤ ਨਰਮ ਕੀਤੀ ਜਾਵੇ। ਕੈਦੀ ਨੂੰ ਕਿਸੇ ਵੀ ਸਮੇਂ ਛੁੱਟੀ ਜਾਣ ਦੀ ਖੁੱਲ੍ਹ ਹੋਵੇ। ਇਕ ਮਹੀਨੇ ਦੀ ਛੁੱਟੀ ਘੱਟ ਹੈ। ਇਸ ਨੂੰ ਛੇ ਮਹੀਨੇ ਤਕ ਵਧਾ ਦਿੱਤਾ ਜਾਵੇ। ਕੈਦੀ ਨੂੰ ਪੂਰੀ ਸਜ਼ਾ ਤਾਂ ਕੱਟਣੀ ਹੀ ਪੈਣੀ ਹੈ। ਜੇ ਵੱਧ ਛੁੱਟੀ ਜਾਣ ਨਾਲ ਕੈਦੀ ਦੀ ਰਿਹਾਈ ਲਟਕਦੀ ਹੈ ਤਾਂ ਇਸ ਨਾਲ ਸਰਕਾਰ ਨੂੰ ਕੀ ਫ਼ਰਕ ਪੈਂਦਾ ਹੈ।

ਪ੍ਰਸ਼ਾਸਨ ਵੱਲੋਂ ਇਕ ਹੋਰ ਨਿਯਮ ਨੂੰ ਸੋਧਣ ਦੀ ਮੰਗ ਕੀਤੀ ਗਈ। ਅੱਜ-ਕੱਲ੍ਹ ਕੈਦੀ ਨੂੰ ਕੇਵਲ ਆਪਣਾ ਇਲਾਜ ਕਰਾਉਣ ਲਈ ਛੁੱਟੀ ਮਿਲਦੀ ਹੈ। ਛੁੱਟੀ ਦੀ ਇਸ ਸਹੂਲਤ ਦਾ ਘੇਰਾ ਵਧਾਇਆ ਜਾਵੇ। ਨਜ਼ਦੀਕੀ ਰਿਸ਼ਤੇਦਾਰਾਂ ਦਾ ਖ਼ਿਆਲ ਰੱਖਣਾ ਵੀ ਕੈਦੀ ਦਾ ਫ਼ਰਜ਼ ਹੈ। ਨਜ਼ਦੀਕੀ ਰਿਸ਼ਤੇਦਾਰਾਂ ਦੇ ਬੀਮਾਰ ਹੋਣ 'ਤੇ ਵੀ ਇਹ ਛੁੱਟੀ ਦਿੱਤੀ ਜਾਵੇ।

ਅਜਿਹੀਆਂ ਖੁੱਲ੍ਹਾਂ ਨਾਲ ਕੈਦੀ ਦੇ ਮਨ ਵਿਚੋਂ ਕੁੜੱਤਣ ਨਿਕਲ ਜਾਵੇਗੀ। ਉਸ ਦੇ ਸੁਧਰਨ ਦੀ ਆਸ ਵਧ ਜਾਵੇਗੀ। ਜੇਲ੍ਹ ਵਿਭਾਗ ਦੇ ਮੁਖੀ ਦੀ ਨਜ਼ਰ ਆਪਣੇ ਹਵਾਲਾਤੀ ਮਿੱਤਰ ਉਪਰ ਸੀ। ਹਵਾਲਾਤੀਆਂ ਨੂੰ ਛੁੱਟੀ ਮਿਲਣ ਦੀ ਤਜਵੀਜ਼ ਮਨਜ਼ੂਰ ਹੁੰਦਿਆਂ ਹੀ ਸਤਿੰਦਰ ਕੁਮਾਰ ਨੇ ਛੁੱਟੀ 'ਤੇ ਚਲੇ ਜਾਣਾ ਸੀ। ਛੁੱਟੀ ਦੌਰਾਨ ਉਸ ਨੇ ਰੁੱਸੇ ਬਾਸ ਨੂੰ ਮਨਾ ਲੈਣਾ ਸੀ ਤੇ ਛੁੱਟੀ ਖ਼ਤਮ ਹੋਣ ਤੋਂ ਪਹਿਲਾਂ-ਪਹਿਲਾਂ ਬਰੀ ਹੋ ਜਾਣਾ ਸੀ।

ਸੁਝਾਅ ਨਾਲ ਸਹਿਮਤੀ ਪ੍ਰਗਟਾ ਕੇ ਝੱਟ ਉਸ ਨੇ ਮਿਸਲ ਜੇਲ੍ਹ ਮੰਤਰੀ ਦੇ ਮੇਜ਼ 'ਤੇ ਪਹੁੰਚਾ ਦਿੱਤੀ।

ਜੇਲ੍ਹ ਮੰਤਰੀ ਦੀ ਨਜ਼ਰ ਆਪਣੇ ਮਿੱਤਰ ਉਪਰ ਸੀ। ਸੋਧ ਦੇ ਪ੍ਰਵਾਨ ਹੁੰਦਿਆਂ ਹੀ ਨਛੱਤਰ ਸਿੰਘ ਨੂੰ ਲੰਬੀ ਛੁੱਟੀ ਮਿਲ ਜਾਣੀ ਸੀ। ਰਿਸ਼ਤੇਦਾਰਾਂ ਨੇ ਬੀਮਾਰ ਹੁੰਦੇ ਰਹਿਣਾ ਹੈ। ਹਰ ਰਿਸ਼ਤੇਦਾਰ ਦੇ ਇਲਾਜ ਲਈ ਛੁੱਟੀ ਮਨਜ਼ੂਰ ਕਰਨ ਲਈ ਜੇਲ੍ਹ ਮੰਤਰੀ ਲਈ ਰਾਹ ਪੱਧਰਾ ਹੋ ਜਾਣਾ ਸੀ। ਅਪੀਲ ਦੇ ਮਨਜ਼ੂਰ ਹੋਣ ਤਕ ਨਛੱਤਰ ਸਿੰਘ ਨੇ ਛੁੱਟੀ 'ਤੇ ਰਹਿਣਾ ਸੀ।

ਸਾਰੀਆਂ ਉਪਚਾਰਕਤਾਵਾਂ ਮੁਕੰਮਲ ਕਰਵਾ ਕੇ ਜੇਲ੍ਹ ਮੰਤਰੀ ਨੇ ਮਿਸਲ ਮੁੱਖ ਮੰਤਰੀ ਦੇ ਦਫ਼ਤਰ ਪਹੁੰਚਾ ਦਿੱਤੀ। ਮੁੱਖ ਮੰਤਰੀ ਨੇ ਆਪਣੀ ਮੋਹਰ ਲਾ ਦਿੱਤੀ। ਮੰਤਰੀ ਮੰਡਲ ਦੀ ਸਹਿਮਤੀ ਲਈ ਤਜਵੀਜ਼ ਮੀਟਿੰਗ ਦੇ ਏਜੰਡੇ ਵਿਚ ਪਵਾ ਦਿੱਤੀ।

ਏਜੰਡੇ ਦੀ ਕਾਪੀ ਮੁਲਜ਼ਮਾਂ ਹੱਥੋਂ ਸਤਾਏ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਵਾਲੀ ਇਕ 'ਪੀੜਤ ਭਲਾਈ ਸੰਸਥਾ' ਨਾਂ ਦੀ ਜਥੇਬੰਦੀ ਦੇ ਹੱਥ ਲੱਗ ਗਈ। ਜਥੇਬੰਦੀ ਨੇ ਸੋਧਾਂ ਵਿਰੁੱਧ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਕਹਿੰਦੀ, "ਇਕੱਲੇ ਮੁਲਜ਼ਮਾਂ ਦੀ ਭਲਾਈ ਦਾ ਖ਼ਿਆਲ ਕਿਉਂ ਰੱਖਿਆ ਜਾਵੇ ? ਉਹਨਾਂ ਅਨਾਥ ਬੱਚਿਆਂ ਦੇ ਹੰਝੂਆਂ ਵੱਲ ਕਿਉਂ ਨਾ ਤੱਕਿਆ ਜਾਵੇ ਜਿਨ੍ਹਾਂ ਦੇ ਮਾਪਿਆਂ



ਨੂੰ ਇਹਨਾਂ ਨੇ ਦਿਨ-ਦਿਹਾੜੇ ਕਤਲ ਕੀਤਾ ਹੈ ? ਉਹਨਾਂ ਮੁਟਿਆਰਾਂ ਦੇ ਉਜੜੇ ਭਵਿੱਖ ਨੂੰ ਧਿਆਨ ਵਿਚ ਕਿਉਂ ਨਾ ਰੱਖਿਆ ਜਾਵੇ, ਜਿਨ੍ਹਾਂ ਦੀਆਂ ਇੱਜ਼ਤਾਂ ਸੱਥਾਂ ਵਿਚ ਲੁੱਟੀਆਂ ਗਈਆਂ, ਜਿਹੜੀਆਂ ਨਾ ਘਰ ਦੀਆਂ ਰਹੀਆਂ, ਨਾ ਘਾਟ ਦੀਆਂ। ਮਾਨਸਿਕਤਾ ਪੀੜਤ ਧਿਰ ਦੀ ਵੀ ਹੁੰਦੀ ਹੈ। ਮੁਜਰਮਾਂ ਦੇ ਜੇਲ੍ਹ ਜਾਂਦਿਆਂ ਹੀ ਵਾਪਸ ਆ ਜਾਣ 'ਤੇ ਉਹਨਾਂ ਦੇ ਸੀਨਿਆਂ 'ਤੇ ਸੱਪ ਨਹੀਂ ਲਿਟਣਗੇ ? ਮਨਮਰਜ਼ੀ ਦੀ ਛੁੱਟੀ ਦਾ ਅਧਿਕਾਰ ਮਿਲਣ ਬਾਅਦ ਕੈਦੀ ਦਾ ਮਰਨ ਤਕ ਜੇਲ੍ਹ ਜਾਣ ਨੂੰ ਦਿਲ ਨਹੀਂ ਕਰਨਾ। ਛੁੱਟੀ ਨੂੰ ਕਦੋਂ ਤਕ ਵਧਾਉਂਦੇ ਰਹੋਗੇ ? ਹਵਾਲਾਤੀ ਬਾਹਰ ਆ ਕੇ ਗਵਾਹਾਂ ਨੂੰ ਧਮਕਾਉਣਗੇ। ਕਾਮਯਾਬੀ ਨਾ ਮਿਲੀ ਤਾਂ ਗੱਡੀ ਚੜ੍ਹਾ ਦੇਣਗੇ। ਕਿੰਨੇ ਮੁਕੱਦਮਿਆਂ ਵਿਚ ਉਹਨਾਂ ਨੂੰ ਜੁਰਮ ਕਰਨ ਦੀ ਛੁੱਟੀ ਦੇਵੋਗੇ ? ਨਿੱਜੀ ਫ਼ਾਇਦਿਆਂ ਲਈ ਮੁਜਰਮਾਂ ਨੂੰ ਸਜ਼ਾਵਾਂ ਦੇਣ ਅਤੇ ਜੇਲ੍ਹੀਂ ਸੁੱਟਣ ਪਿੱਛੇ ਕੰਮ ਕਰਦੇ ਸਿਧਾਂਤਾਂ ਦੀ ਖਿੱਲੀ ਨਾ ਉਡਾਓ।"

ਸੰਸਥਾ ਵੱਲੋਂ ਪੀੜਤਾਂ ਦੇ ਹੱਕਾਂ ਵਿਚ ਪੇਸ਼ ਕੀਤੇ ਤਰਕਾਂ ਨੇ ਕਈ ਹੋਰ ਸੰਸਥਾਵਾਂ ਦੇ ਰੌਂਗਟੇ ਖੜੇ ਕਰ ਦਿੱਤੇ। ਸੋਧਾਂ ਵਿਰੁੱਧ ਥਾਂ-ਥਾਂ ਮਤੇ ਪਾਸ ਹੋਣ ਲੱਗੇ।

ਆਲੋਚਨਾ ਤੋਂ ਡਰੀ ਸਰਕਾਰ ਨੂੰ ਹੱਥ ਪਿਛਾਂਹ ਖਿੱਚਣਾ ਪਿਆ। 'ਅਜਿਹੀ ਕੋਈ ਤਜਵੀਜ਼ ਨਹੀਂ' ਦਾ ਬਿਆਨ ਦਾਗ਼ ਕੇ ਮੁੱਖ ਮੰਤਰੀ ਨੂੰ ਸੋਧਾਂ ਵਾਲੀ ਮਿਸਲ ਨੂੰ ਠੰਢੇ ਬਸਤੇ ਵਿਚ ਸੁੱਟਣਾ ਪਿਆ।

ਇਕ ਤੀਰ ਦੇ ਨਿਸ਼ਾਨੇ ਤੋਂ ਖੁੰਝ ਜਾਣ ਨਾਲ ਜੇਲ ਸੁਪਰਡੈਂਟ ਦਾ ਤਰਕਸ਼ ਖ਼ਾਲੀ ਹੋਣ ਵਾਲਾ ਨਹੀਂ ਸੀ। ਉਸ ਨੇ ਨਵਾਂ ਤੀਰ ਕੱਢ ਲਿਆ।

ਸਰਕਾਰ ਨੂੰ ਜੇ ਨਿਯਮਾਂ ਵਿਚ ਸੋਧ ਕਰਨੀ ਮੁਸ਼ਕਲ ਜਾਪਦੀ ਹੈ ਤਾਂ ਉਹ ਮੁਸ਼ਕਲ ਵਿਚ ਨਾ ਪਵੇ। ਵਰਤਮਾਨ ਨਿਯਮਾਂ ਦਾ ਸਹਾਰਾ ਲੈ ਕੇ ਆਪਣੇ ਚਹੇਤੇ ਕੈਦੀਆਂ ਦੀ ਮਦਦ ਕਰੇ।

ਲੋਕ ਰਾਏ ਨਛੱਤਰ ਸਿੰਘ ਦੇ ਹੱਕ ਵਿਚ ਸੀ। ਉਸ ਨੂੰ ਰਿਹਾਅ ਕਰਨ ਦੀ ਮੰਗ ਲੈ ਕੇ ਲੋਕ ਆਏ ਦਿਨ ਜਲਸੇ ਕਰਦੇ ਅਤੇ ਜਲੂਸ ਕੱਢਦੇ ਸਨ। ਸਰਕਾਰ ਖ਼ੁਫ਼ੀਆ ਪੜਤਾਲ ਕਰਵਾ ਚੁੱਕੀ ਸੀ। ਕਤਲ ਗੰਨਮੈਨਾਂ ਨੇ ਆਪਣੀ ਮਰਜ਼ੀ ਨਾਲ ਕੀਤਾ ਸੀ। ਵਿਧਾਇਕ ਦੀ ਉਸ ਵਿਚ ਕੋਈ ਭੂਮਿਕਾ ਨਹੀਂ ਸੀ। ਲੋਕਤੰਤਰ ਵਿਚ ਲੋਕਾਂ ਦੀ ਰਾਏ ਬਹੁਤ ਅਹਿਮੀਅਤ ਰੱਖਦੀ ਹੈ। ਸਰਕਾਰ ਲੋਕ ਰਾਏ ਅੱਗੇ ਸਿਰ ਝੁਕਾਏ। ਲੋਕ ਹਿੱਤ ਨੂੰ ਧਿਆਨ ਵਿਚ ਰੱਖ ਕੇ ਮੁਕੱਦਮਾ ਵਾਪਸ ਲਏ।

ਸਰਕਾਰ ਨੇ ਇਸ ਉਦੇਸ਼ ਦੀ ਪੂਰਤੀ ਲਈ ਹਾਈਕੋਰਟ ਵਿਚ ਅਰਜ਼ੀ ਲਾਈ। ਅਰਜ਼ੀ ਦੀ ਸੂਹ ਗੰਨਮੈਨਾਂ ਦੇ ਵਕੀਲਾਂ ਨੂੰ ਲੱਗ ਗਈ। ਉਹਨਾਂ ਨੇ ਵੰਝ ਗੱਡ ਦਿੱਤਾ। 'ਸਰਕਾਰ ਦਾ ਰਵੱਈਆ ਪੱਖਪਾਤੀ ਹੈ' ਆਖ ਕੇ ਦਰਖ਼ਾਸਤ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਗੰਨਮੈਨਾਂ ਨੇ ਆਪਣਾ ਫ਼ਰਜ਼ ਨਿਭਾਇਆ ਸੀ। ਉਹ ਬੇਕਸੂਰ ਸਨ। ਸਾਰਾ ਮੁਕੱਦਮਾ ਵਾਪਸ ਲਿਆ ਜਾਵੇ ਜਾਂ ਸਾਰੇ ਮੁਲਜ਼ਮਾਂ ਨੂੰ ਇਕੋ ਅੱਖ ਨਾਲ ਦੇਖਿਆ ਜਾਵੇ।

ਹਾਈਕੋਰਟ ਗੰਨਮੈਨਾਂ ਦੇ ਵਕੀਲਾਂ ਨਾਲ ਸਹਿਮਤ ਹੋ ਗਈ।

ਅਦਾਲਤ ਦੀ ਦਖ਼ਲ-ਅੰਦਾਜ਼ੀ ਕਾਰਨ ਰਿਹਾਈ ਇਕ ਵਾਰ ਫੇਰ ਟਲ ਗਈ।

ਇਸੇ ਦੌਰਾਨ ਸਤਿੰਦਰ ਕੁਮਾਰ ਦਾ ਪਾਸਾ ਸਿੱਧਾ ਪੈ ਗਿਆ। ਮਿੰਨਤ-ਤਰਲਾ ਕਰ ਕੇ ਉਸ ਨੇ ਕੇਂਦਰੀ ਮੰਤਰੀ ਨਾਲ ਸੁਲਾਹ ਕਰ ਲਈ। ਮੰਤਰੀ ਦੇ ਤੇਵਰ ਢਿੱਲੇ ਪੈਂਦੇ ਹੀ ਜੱਜ ਗੱਠਿਆ, ਜ਼ਮਾਨਤ ਮਨਜ਼ੂਰ ਕਰਾਈ ਅਤੇ ਪੱਤਰੇ ਵਾਚ ਗਿਆ।

ਇਕੱਲੇ ਰਹਿ ਗਏ ਨਛੱਤਰ ਨੂੰ ਜੇਲ੍ਹ ਹੋਰ ਵੱਢ-ਵੱਢ ਖਾਣ ਲੱਗੀ। ਮਨ ਜਲਦੀ ਰਿਹਾਅ ਹੋਣ ਲਈ ਕਾਹਲਾ ਪੈਣ ਲੱਗਾ। ਉਹ ਜੇਲ੍ਹ ਮੰਤਰੀ ਰਾਹੀਂ ਜੇਲ੍ਹ ਪ੍ਰਸ਼ਾਸਨ 'ਤੇ ਦਬਾਅ ਵਧਾਉਣ ਲੱਗਾ।

ਜੇਲ੍ਹ ਸੁਪਰਡੈਂਟ ਨੇ ਕਿੰਗ ਬਰੂਸ ਵਾਲੀ ਕਹਾਣੀ ਨੂੰ ਚੰਗੀ ਤਰ੍ਹਾਂ ਘੋਟਾ ਲਾਇਆ ਹੋਇਆ ਸੀ। ਉਹ ਵਿਧਾਇਕ ਦੀ ਰਿਹਾਈ ਲਈ ਨਵੇਂ ਸਿਰਿਉਂ ਯਤਨ ਕਰਨ ਲੱਗਾ।

ਸਰਕਾਰ ਦੀ ਕੈਦੀ ਨੂੰ ਬਚਾਉਣ ਦੀ ਇੱਛਾ ਮਜ਼ਬੂਤ ਹੋਣੀ ਚਾਹੀਦੀ ਹੈ। ਇੱਛਾ ਨੂੰ ਲਾਗੂ ਕਰਨ ਲਈ ਸਰਕਾਰ ਕੋਲ ਅਧਿਕਾਰਾਂ ਦੀ ਕਮੀ ਨਹੀਂ ਹੈ। ਜੇ ਮੁੱਖ ਮੰਤਰੀ ਚਾਹੇ ਤਾਂ ਫ਼ਾਂਸੀ ਦੇ ਤਖ਼ਤੇ 'ਤੇ ਜਾ ਕੇ ਖੜ੍ਹੇ ਕੈਦੀ ਨੂੰ ਜੀਵਨ-ਦਾਨ ਦੇ ਕੇ ਹੇਠਾਂ ਉਤਰਵਾ ਸਕਦਾ ਹੈ।

ਸੁਪਰਡੈਂਟ ਨੇ ਸਰਕਾਰ ਨੂੰ ਯਾਦ ਕਰਾਇਆ। ਸੰਵਿਧਾਨ ਨੇ ਉਸ ਨੂੰ ਹਰ ਤਰ੍ਹਾਂ ਦੇ ਕੈਦੀ ਦੀ, ਹਰ ਤਰ੍ਹਾਂ ਦੀ ਸਜ਼ਾ ਮੁਆਫ਼ ਕਰਨ ਦਾ ਅਧਿਕਾਰ ਦਿੱਤਾ ਹੋਇਆ ਹੈ। ਭਾਵੇਂ ਇਹ ਅਧਿਕਾਰ ਮਿਲਿਆ ਅਜਿਹੀਆਂ ਪ੍ਰਸਥਿਤੀਆਂ ਨੂੰ ਨਜਿੱਠਣ ਲਈ ਹੈ, ਜਿਥੇ ਕੈਦੀ ਨਾਲ ਘੋਰ ਅਨਿਆਂ ਹੋਇਆ ਹੋਵੇ ਅਤੇ ਕਾਨੂੰਨੀ ਅੜਚਨਾਂ ਕਾਰਨ, ਚਾਹੁੰਦੇ ਹੋਏ ਵੀ ਅਦਾਲਤ ਇਨਸਾਫ਼ ਨਾ ਕਰ ਸਕੀ ਹੋਵੇ, ਪਰ ਸਰਕਾਰ ਵੱਲੋਂ ਇਸ ਅਧਿਕਾਰ ਦੀ ਬਹੁਤੀ ਵਰਤੋਂ ਆਪਣੇ ਹਮਾਇਤੀਆਂ ਦੇ ਭਲੇ ਲਈ ਹੀ ਹੋ ਰਹੀ ਹੈ।

ਸੁਪਰਡੈਂਟ ਨੇ ਅਜਿਹੇ ਕੁਝ ਕੇਸਾਂ ਦਾ ਹਵਾਲਾ ਦਿੱਤਾ, ਜਿਨ੍ਹਾਂ ਵਿਚ ਇਸ ਅਧਿਕਾਰ ਦੀ ਵਰਤੋਂ ਸਫ਼ਲਤਾਪੂਰਵਕ ਹੋ ਚੁੱਕੀ ਹੈ। ਸੰਗੀਨ ਜੁਰਮਾਂ ਦੇ ਮੁਜਰਮ ਚੁੱਪ-ਚਾਪ ਘਰਾਂ ਨੂੰ ਤੁਰ ਗਏ। ਉਹਨਾਂ ਦੇ ਰਿਹਾਅ ਹੋਣ ਦੀ ਸੂਹ ਨਾ ਕਿਸੇ ਸੰਸਥਾ ਨੂੰ ਮਿਲੀ, ਨਾ ਕਿਸੇ ਅਦਾਲਤ ਨੂੰ।

ਸੰਜੇ ਖ਼ਾਨ ਉਪਰ ਦੋ ਵਿਦਿਆਰਥੀਆਂ ਦੇ ਕਤਲ ਦਾ ਕੇਸ ਸੀ। ਬੁੱਢੇ ਮਾਂ-ਬਾਪ ਦਾ ਉਹ ਇਕਲੌਤਾ ਪੁੱਤਰ ਸੀ। ਪਿੱਛੇ ਉਹਨਾਂ ਦੀ ਦੇਖ-ਭਾਲ ਕਰਨ ਵਾਲਾ ਕੋਈ ਨਹੀਂ ਸੀ। ਇਸ ਬਹਾਨੇ ਉਸ ਦੀ ਸਜ਼ਾ ਮੁਆਫ਼ ਕੀਤੀ ਗਈ ਸੀ।

ਬੱਚੇ ਚੁੱਕ ਕੇ ਉਹਨਾਂ ਨੂੰ ਮੰਗਤੇ ਬਣਾਉਣ ਵਾਲੇ ਗਰੋਹ ਦੇ ਸਰਗਨੇ ਪ੍ਰਤਾਪ ਸਿੰਘ ਦੀ ਪਤਨੀ ਸਖ਼ਤ ਬੀਮਾਰ ਸੀ। ਉਹ ਕਿਸੇ ਵੀ ਸਮੇਂ ਦਮ ਤੋੜ ਸਕਦੀ ਸੀ। ਉਸ ਦਾ ਦਮ ਆਪਣੀ ਪਤੀ ਦੀ ਗੋਦ ਵਿਚ ਨਿਕਲ ਸਕੇ, ਇਸ ਲਈ ਸਰਕਾਰ ਨੇ ਇਸ ਅਧਿਕਾਰ ਦੀ ਵਰਤੋਂ ਕੀਤੀ ਸੀ।

ਵਿਦੇਸ਼ਾਂ ਵਿਚੋਂ ਹੈਰੋਇਨ ਲਿਆ ਕੇ ਵੇਚਣ ਦੇ ਜੁਰਮ ਵਿਚ ਵੀਹ ਸਾਲ ਦੀ ਸਜ਼ਾ ਭੁਗਤ ਰਹੇ ਫ਼ਰਾਂਸਿਸ ਦੇ ਬੱਚੇ ਬਹੁਤ ਛੋਟੇ ਸਨ। ਪਾਪਾ ਦੀ ਰਿਹਾਈ ਦੀ ਗੁਹਾਰ ਬੱਚਿਆਂ ਵੱਲੋਂ ਆਈ ਸੀ। ਬੱਚਿਆਂ ਨੂੰ ਖ਼ੁਸ਼ ਕਰਨ ਲਈ ਸਰਕਾਰ ਨੂੰ ਆਪਣੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕਰਨੀ ਪਈ ਸੀ।

ਵਿਧਾਇਕ ਦਾ ਪੱਖ ਇਹਨਾਂ ਸਭ ਨਾਲੋਂ ਮਜ਼ਬੂਤ ਸੀ। ਉਸ ਨੂੰ ਸਜ਼ਾ ਸਿਆਸੀ ਕਾਰਨਾਂ ਕਰਕੇ ਹੋਈ ਸੀ। ਦੋਹਾਂ ਧਿਰਾਂ ਵਿਚ ਹੁਣ ਸਮਝੌਤਾ ਹੋ ਚੁੱਕਾ ਸੀ। ਪਿੰਡ ਵਿਚ ਅਮਨ-ਚੈਨ ਸੀ। ਅਮਨ-ਚੈਨ ਨੂੰ ਸਥਾਈ ਰੂਪ ਦੇਣ ਲਈ ਲੋਕਾਂ ਵਿਚ ਉਹਨਾਂ ਦੇ ਨੁਮਾਇੰਦੇ ਦਾ ਹੋਣਾ ਜ਼ਰੂਰੀ ਸੀ। ਇਸ ਆਧਾਰ 'ਤੇ ਵਿਧਾਇਕ ਦੀ ਰਹਿੰਦੀ ਸਜ਼ਾ ਮੁਆਫ਼ ਹੋਣੀ ਚਾਹੀਦੀ ਸੀ।

ਲੱਕੜ ਨਾਲ ਲੋਹੇ ਨੂੰ ਤਾਰਨ ਦੇ ਇਰਾਦੇ ਨਾਲ ਸੁਪਰਡੈਂਟ ਨੇ ਪ੍ਰੋਫ਼ੈਸਰ ਦੀ ਮੁਆਫ਼ੀ ਦਾ ਕੇਸ ਵੀ ਤਿਆਰ ਕਰ ਦਿੱਤਾ। ਪ੍ਰੋਫ਼ੈਸਰ ਨੂੰ ਕਾਲਜ ਦੀ ਪ੍ਰਯੋਗਸ਼ਾਲਾ ਵਿਚ ਆਪਣੀ ਵਿਦਿਆਰਥਣ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ ਸਜ਼ਾ ਹੋਈ ਸੀ। ਪ੍ਰੋਫ਼ੈਸਰ ਇਸ ਗੱਲ ਨੂੰ ਝੁਠਲਾਉਂਦਾ ਸੀ। ਉਹ ਕਹਿੰਦਾ ਸੀ, "ਮੈਂ ਨਵਾਂ-ਨਵਾਂ ਮਾਇਆ ਨਗਰ ਆਇਆ ਸੀ। ਆਉਂਦਿਆਂ ਹੀ ਮੇਰੀ



ਕਾਬਲੀਅਤ ਦੀ ਚੜ੍ਹਤ ਸਾਰੇ ਮਾਇਆ ਨਗਰ ਵਿਚ ਹੋ ਗਈ। ਕਈ ਪ੍ਰੋਫ਼ੈਸਰਾਂ ਦੀ ਦੁਕਾਨਦਾਰੀ ਬੰਦ ਹੋ ਗਈ। ਭੁੱਖੇ ਮਰਦੇ ਪ੍ਰੋਫ਼ੈਸਰਾਂ ਨੇ ਸਾਜ਼ਿਸ਼ ਤਹਿਤ ਮੈਨੂੰ ਫਸਾਇਆ ਹੈ। ਮੇਰੀ ਉਮਰ ਪੋਤੀਆਂ ਦੇ ਹਾਣ ਦੀ ਕੁੜੀ ਨਾਲ ਖੇਹ ਖਾਣ ਦੀ ਨਹੀਂ ਹੈ।" ਸੱਚ ਕੀ ਹੈ, ਕੋਈ ਨਹੀਂ ਜਾਣਦਾ। ਸੁਪਰਡੈਂਟ ਨੇ ਸੁਝਾਅ ਦਿੱਤਾ, "ਜੇ ਲੱਗੇ ਦੋਸ਼ ਨੂੰ ਸੱਚ ਮੰਨ ਲਿਆ ਜਾਵੇ ਤਾਂ ਵੀ ਭਾਵੁਕਤਾ ਵੱਸ ਹੋਈ ਇਕ ਛੋਟੀ ਜਿਹੀ ਗ਼ਲਤੀ ਲਈ ਇਕ ਉੱਚ-ਕੋਟੀ ਦੇ ਵਿਦਵਾਨ ਨੂੰ ਸਾਰੀ ਉਮਰ ਜੇਲ੍ਹ 'ਚ ਡੱਕੀ ਰੱਖਣਾ ਉਚਿਤ ਨਹੀਂ ਹੈ। ਪ੍ਰੋਫ਼ੈਸਰ ਦੇ ਪੜ੍ਹਾਏ ਸੈਂਕੜੇ ਬੱਚੇ ਮਾਹਿਰ ਡਾਕਟਰ, ਇੰਜੀਨੀਅਰ ਅਤੇ ਵਿਗਿਆਨੀ ਬਣੇ ਬੈਠੇ ਹਨ। ਬਾਹਰ ਨੌਜਵਾਨਾਂ ਨੂੰ ਉਸ ਦੀ ਰਹਿਨੁਮਾਈ ਦੀ ਜ਼ਰੂਰਤ ਹੈ। ਉਸ ਦੀ ਸਜ਼ਾ ਮੁਆਫ਼ ਹੋਣੀ ਚਾਹੀਦੀ ਹੈ।

ਸਜ਼ਾ ਮੁਆਫ਼ੀ ਦੇ ਹੁਕਮ ਉਪਰ ਰਾਜਪਾਲ ਦੇ ਦਸਤਖ਼ਤ ਹੋਣੇ ਸਨ। ਰਾਜਪਾਲ ਤਕ ਪੁੱਜਣ ਤੋਂ ਪਹਿਲਾਂ ਮਿਸਲ ਨੂੰ ਹਜ਼ਾਰਾਂ ਚੋਟੀਆਂ ਸਰ ਕਰਨੀਆਂ ਪੈਣੀਆਂ ਸਨ। ਪ੍ਰੋਫ਼ੈਸਰ ਦੀ ਪੈਰਵੀ ਕਰਨ ਵਾਲੇ ਏਨੇ ਹਿੰਮਤੀ ਨਹੀਂ ਸਨ। ਹੁਸ਼ਿਆਰੀ ਨਾਲ ਸੁਪਰਡੈਂਟ ਨੇ ਉਸ ਦੀ ਮਿਸਲ ਵਿਧਾਇਕ ਦੀ ਮਿਸਲ ਨਾਲ ਬੰਨ੍ਹ ਦਿੱਤੀ। ਜਦੋਂ ਹਾਥੀ ਲੰਘ ਗਿਆ ਤਾਂ ਪੂਛ ਵੀ ਲੰਘ ਜਾਵੇਗੀ ਅਤੇ ਰਾਤੀਂ ਸੁਪਰਡੈਂਟ ਹਾਥੀ ਅਤੇ ਪੂਛ ਦੋਹਾਂ ਦੇ ਲੰਘ ਜਾਣ ਦੀ ਖ਼ਬਰ ਸੁਣਾ ਕੇ ਗਿਆ ਸੀ।

ਇਸ ਖ਼ਬਰ 'ਤੇ ਕਿਸੇ ਨੂੰ ਬਹੁਤੀ ਖ਼ੁਸ਼ੀ ਨਹੀਂ ਸੀ ਹੋਈ। ਉਹਨਾਂ ਦਾ ਮਨ ਆਖਦਾ ਸੀ, ਇਸ ਵਾਰ ਮਿਹਨਤ ਪੱਲੇ ਪਏਗੀ। ਦਿਮਾਗ਼ ਆਖਦਾ ਸੀ, ਇਹ ਹੁਕਮ ਵੀ ਛਲਾਵਾ ਸੀ। ਪੂਰੀ ਸਜ਼ਾ ਭੁਗਤਣੀ ਪਏਗੀ।

ਦੁਚਿੱਤੀ ਵਿਚ ਪਏ ਉਹ ਦੁਪਹਿਰ ਦਾ ਇੰਤਜ਼ਾਰ ਕਰਨ ਲੱਗੇ।

ਦੁਪਹਿਰ ਆਈ। ਹੁਕਮ ਦੀ ਥਾਂ ਭੈੜੀ ਖ਼ਬਰ ਲਿਆਈ।

"ਘਰ ਦੇ ਕਿਸੇ ਭੇਤੀ ਨੇ ਫੇਰ ਲੰਕਾ ਢਾਹ ਦਿੱਤੀ ਹੈ। ਗੁਪਤ ਦਸਤਾਵੇਜ਼ ਪੀੜਤ ਭਲਾਈ ਸੰਸਥਾ ਕੋਲ ਪੁੱਜ ਚੁੱਕੇ ਹਨ। ਸੰਸਥਾ ਦੇ ਅਹੁਦੇਦਾਰ ਹਾਈਕੋਰਟ 'ਚ ਬੈਠੇ ਹਨ। ਉਹ ਰਿਟ ਦੀ ਤਿਆਰੀ ਕਰ ਰਹੇ ਹਨ। ਉਹਨਾਂ ਨੂੰ ਗਿਲਾ ਹੈ। ਸਰਕਾਰ ਆਪਣੇ ਅਧਿਕਾਰ ਦੀ ਦੁਰਵਰਤੋਂ ਕਰ ਰਹੀ ਹੈ। ਆਪਣਾ ਪੱਖ ਮਜ਼ਬੂਤ ਕਰਨ ਲਈ ਉਹਨਾਂ ਨੇ ਅੰਕੜੇ ਜੁਟਾ ਲਏ ਹਨ। ਉਹਨਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਫਰਾਂਸਿਸ ਦੀ ਬੀਵੀ ਹੀ ਨਹੀਂ, ਬੱਚੇ ਕਿਥੋਂ ਹੋਣਗੇ? ਬਾਹਰ ਨਿਕਲ ਕੇ ਉਹ ਮੁੜ ਹੈਰੋਇਨ ਇਧਰ-ਉਧਰ ਕਰਨ ਲੱਗ ਪਿਆ ਹੈ। ਅੱਜ-ਕੱਲ੍ਹ ਉਹ ਦਿੱਲੀ ਪੁਲਿਸ ਦੀ ਹਿਰਾਸਤ ਵਿਚ ਹੈ। ਸੰਜੇ ਖ਼ਾਨ ਨੇ ਇਕ ਰਾਹਗੀਰ ਦੇ ਪੇਟ ਵਿਚ ਖ਼ੰਜਰ ਮਾਰ ਦਿੱਤਾ ਹੈ। ਉਹ ਵੀ ਜੇਲ੍ਹ ਦੀ ਹਵਾ ਖਾ ਰਿਹਾ ਹੈ। ਪ੍ਰਤਾਪ ਸਿੰਘ ਦੇ ਘਰ ਨੂੰ ਜਿੰਦਾ ਲੱਗਾ ਹੋਇਆ ਹੈ। ਉਹ ਬੱਚੇ ਚੁੱਕਣ ਦਿੱਲੀ-ਦੱਖਣ ਵੱਲ ਨਿਕਲਿਆ ਹੋਇਆ ਹੈ। ਸੰਸਥਾ ਸਹੇ ਦੀ ਥਾਂ ਪਹੇ ਤੋਂ ਡਰ ਰਹੀ ਹੈ। ਬੀਸੀਆਂ ਹੋਰ ਫਰਾਂਸਿਸਾਂ, ਖ਼ਾਨਾਂ ਅਤੇ ਪ੍ਰਤਾਪ ਸਿੰਘਾਂ ਦੀ ਰਿਹਾਈ ਦੀ ਯੋਜਨਾ ਬਣ ਰਹੀ ਹੈ। ਉਮਰ ਕੈਦ ਵਾਲੇ ਖ਼ਤਰਨਾਕ ਮੁਜਰਮਾਂ ਨੂੰ ਛੇ ਮਹੀਨੇ ਬਾਅਦ ਰਿਹਾਅ ਕਰ ਕੇ ਸਰਕਾਰ ਨਾਲੇ ਅਦਾਲਤਾਂ ਦਾ ਮਜ਼ਾਕ ਉਡਾ ਰਹੀ ਹੈ, ਨਾਲੇ ਲੋਕਾਂ ਦੀ ਸੁਰੱਖਿਆ ਲਈ ਖ਼ਤਰਾ ਖੜ੍ਹਾ ਕਰ ਰਹੀ ਹੈ। ਅਜਿਹੀਆਂ ਪੱਖਪਾਤੀ ਰਿਹਾਈਆਂ 'ਤੇ ਰੋਕ ਲੱਗਣੀ ਚਾਹੀਦੀ ਹੈ।"

ਇਹ ਖ਼ਬਰ ਸੁਣ ਕੇ ਨਛੱਤਰ ਹੋਰਾਂ ਦੇ ਚਿਹਰਿਆਂ 'ਤੇ ਹਵਾਈਆਂ ਉੱਡਣ ਲੱਗੀਆਂ। ਨਛੱਤਰ ਪ੍ਰੋਫ਼ੈਸਰ ਕੋਲ ਜਾ ਬੈਠਾ ਅਤੇ ਰਾਮੂ ਪਾਲੇ ਕੋਲ।

ਰਾਮੂ ਰੀਂ-ਰੀਂ ਕਰਨ ਲੱਗਾ।

"ਮੇਰੇ ਘਰ ਬੱਚਾ ਹੋਣ ਵਾਲਾ ਹੈ। ਮੈਂ ਬੜੇ ਸੁਪਨੇ ਲਏ ਸਨ। ਹਰ ਮਹੀਨੇ, ਪਤਨੀ ਦੀ ਜਾਂਚ ਡਾਕਟਰ ਕੋਲੋਂ ਕਰਵਾਵਾਂਗਾ। ਉਸ ਨੂੰ ਵਧੀਆ ਤੋਂ ਵਧੀਆ ਖ਼ੁਰਾਕ ਦੇਵਾਂਗਾ। ਪਤਨੀ ਨੂੰ ਖ਼ੁਸ਼ ਰੱਖਾਂਗਾ। ਮੇਰੀਆਂ ਸਾਰੀਆਂ ਯੋਜਨਾਵਾਂ ਧਰੀਆਂ-ਧਰਾਈਆਂ ਰਹਿ ਗਈਆਂ। ਇਕੱਲੀ ਬੈਠੀ ਮੇਰੀ ਪਤਨੀ ਸਾਰਾ ਦਿਨ ਰੋਂਦੀ ਰਹਿੰਦੀ ਹੈ। ਹੋਟਲ ਵਾਲਿਆਂ ਨੇ ਉਧਾਰ ਦੇਣਾ ਬੰਦ ਕਰ ਦਿੱਤਾ ਹੈ। ਕੋਠੀਆਂ ਵਿਚ ਸਫ਼ਾਈ ਕਰ ਕੇ ਉਹ ਮਸਾਂ ਪੇਟ ਪਾਲਦੀ ਹੈ।"

ਰਾਮੂ ਡਰ ਰਿਹਾ ਸੀ। ਉਸ ਦੀ ਗ਼ੈਰ-ਹਾਜ਼ਰੀ ਲੰਬੀ ਹੋਣ ਨਾਲ ਉਸ ਦਾ ਬੱਚਾ ਮਰ ਸਕਦਾ ਹੈ, ਪਤਨੀ 'ਤੇ ਕੋਈ ਡੋਰੇ ਪਾ ਸਕਦਾ ਹੈ, ਵੱਸਿਆ-ਵਸਾਇਆ ਘਰ ਉੱਜੜ ਸਕਦਾ ਹੈ। ਰਾਮੂ ਦੀਆਂ ਗੱਲਾਂ ਸੁਣ ਕੇ ਪਾਲਾ ਵਿਧਾਇਕ 'ਤੇ ਖਿਝਣ ਲੱਗਾ, "ਆਪਣੀ ਰਿਹਾਈ ਲਈ ਤਰਲੋ-ਮੱਛੀ ਹੋ ਰਹੇ ਵਿਧਾਇਕ ਨੂੰ ਰਾਮੂ ਦੇ ਮਨ ਦੀ ਪੀੜ ਦੀ ਸਮਝ ਕਿਉਂ ਨਹੀਂ ਆ ਰਹੀ? ਜੇਲ੍ਹ ਵਿਚ ਰਹਿਣਾ ਵਿਧਾਇਕ ਦੀ ਮਜਬੂਰੀ ਹੈ। ਉਹ ਸਜ਼ਾ ਭੁਗਤ ਰਿਹਾ ਹੈ। ਰਾਮੂ ਦੀ ਰਿਹਾਈ ਵਿਚ ਕੋਈ ਕਾਨੂੰਨੀ ਅੜਚਨ ਨਹੀਂ ਹੈ। ਬੱਸ, ਵਿਧਾਇਕ ਦਾ ਇਸ਼ਾਰਾ ਚਾਹੀਦਾ ਹੈ। ਨਛੱਤਰ ਨੂੰ ਕਿਸੇ ਦੀ ਆਜ਼ਾਦੀ ਨਾਲੋਂ ਪਤਾ ਨਹੀਂ ਜੀਭ ਦਾ ਸੁਆਦ ਕਿਉਂ ਪਿਆਰਾ ਹੈ?

ਪਾਲਾ ਰਾਮੂ ਵਾਂਗ ਝੁਰ ਸਕਦਾ ਸੀ, ਉਹ ਝੁਰਣ ਲੱਗਾ।

ਬਾਅਦ ਦੁਪਹਿਰ ਫੇਰ ਖ਼ਬਰ ਆਈ, "ਇਸ ਸਮੇਂ ਸੁਣਵਾਈ ਹੋ ਰਹੀ ਹੈ। ਸੰਗੀਨ ਜੁਰਮਾਂ ਦੇ ਕੈਦੀਆਂ ਦੀ ਥੋਕ ਦੇ ਭਾਅ ਹੋ ਰਹੀ ਰਿਹਾਈ 'ਤੇ ਹਾਈ ਕੋਰਟ ਹੈਰਾਨ ਹੋ ਰਹੀ ਹੈ।"

ਰਾਮੂ ਮੂੰਹ ਸਿਰ ਲਪੇਟ ਕੇ ਪੈ ਗਿਆ। ਪਾਲਾ ਛੋਟੇ-ਮੋਟੇ ਕੰਮ ਵਿਚ ਰੁੱਝ ਗਿਆ।

ਸ਼ਾਮ ਨੂੰ ਉਹੋ ਖ਼ਬਰ ਆਈ ਜਿਸ ਦਾ ਡਰ ਸੀ, "ਇਸ ਆਪ-ਹੁਦਰੇਪਣ 'ਤੇ ਸਰਕਾਰ ਨੂੰ ਖ਼ੂਬ ਝਿੜਕਾਂ ਪਈਆਂ। ਹਾਲ ਦੀ ਘੜੀ ਹਾਈ ਕੋਰਟ ਨੇ ਹੋਰ ਰਿਹਾਈਆਂ 'ਤੇ ਪਾਬੰਦੀ ਲਾ ਦਿੱਤੀ ਹੈ। ਪਿਛਲੇ ਤਿੰਨ ਸਾਲਾਂ ਵਿਚ ਕਿਨ੍ਹਾਂ-ਕਿਨ੍ਹਾਂ ਕੈਦੀਆਂ ਨੂੰ, ਕਿਸ-ਕਿਸ ਬਹਾਨੇ ਛੱਡਿਆ ਗਿਆ ਹੈ? ਅਗਲੇ ਤਿੰਨ ਮਹੀਨਿਆਂ ਵਿਚ ਕਿਸ-ਕਿਸ ਨੂੰ ਛੱਡਣ ਦਾ ਇਰਾਦਾ ਹੈ? ਇਸ ਦੀ ਵਿਸਤਰਿਤ ਰਿਪੋਰਟ ਮੰਗੀ ਗਈ ਹੈ।

ਬਾਕੀਆਂ ਲਈ ਇਹ ਖ਼ਬਰ ਮਾੜੀ ਸੀ ਪਰ ਪਾਲੇ ਲਈ ਚੰਗੀ। ਕੁਝ ਦਿਨ ਕੋਠੀ ਹੋਰ ਖੁੱਲ੍ਹੀ ਰਹੇਗੀ। ਕੁਝ ਦਿਨ ਪਾਲੇ ਨੂੰ ਹੋਰ ਮੌਜਾਂ ਬਣੀਆਂ ਰਹਿਣਗੀਆਂ।

ਸਵੇਰੇ ਭਾਵੇਂ ਪਾਲੇ ਨੇ ਇਹੋ ਸੁੱਖ ਸੁੱਖੀ ਸੀ, ਪਰ ਰਾਮੂ ਦਾ ਉਤਰਿਆ ਮੂੰਹ ਦੇਖ ਕੇ ਹੁਣ ਉਸ ਨੂੰ ਆਪਣੀ ਸੁੱਖ ਪੂਰੀ ਹੋਣ 'ਤੇ ਦੁੱਖ ਹੋ ਰਿਹਾ ਸੀ।



# 17

ਇਕ ਪਾਸੇ ਥਾਣੇ ਵਿਚ ਨਫ਼ਰੀ ਘੱਟ ਸੀ, ਦੂਜੇ ਪਾਸੇ ਖ਼ੁਫ਼ੀਆ ਵਿਭਾਗ ਨੇ ਸਖ਼ਤ ਤਾੜਨਾ ਕੀਤੀ ਸੀ, "ਜਲਸਾ ਅੱਤਵਾਦੀਆਂ ਦੇ ਹੱਕ ਵਿਚ ਹੋ ਰਿਹਾ ਹੈ। ਜੋਸ਼ 'ਚ ਆਈ ਭੀੜ ਕੁਝ ਵੀ ਕਰ ਸਕਦੀ ਹੈ। ਸਥਾਨਕ ਪੁਲਿਸ ਅਤੀ ਚੌਕਸ ਰਹੇ।"

ਜਲਸੇ 'ਤੇ ਨਜ਼ਰ ਰੱਖ ਰਹੀ ਪੁਲਿਸ ਪਾਰਟੀ ਦੀ ਅਗਵਾਈ ਮੁੱਖ ਅਫ਼ਸਰ ਖ਼ੁਦ ਕਰ ਰਿਹਾ ਸੀ। ਉਹ ਕਈ ਦਿਨਾਂ ਬਾਅਦ ਬਿਸਤਰੇ ਵਿਚੋਂ ਉੱਠਿਆ ਸੀ। ਹਾਲੇ ਵੀ ਗਲਾ ਖ਼ਰਾਬ ਸੀ, ਨਿੱਛਾਂ ਆ ਰਹੀਆਂ ਸਨ ਅਤੇ ਹੱਡ ਟੁੱਟ ਰਹੇ ਸਨ। ਧੁੱਪ ਅਤੇ ਧੂੜ ਹਾਲ ਨੂੰ ਹੋਰ ਬੇਹਾਲ ਕਰ ਰਹੀ ਸੀ।

ਸਰੀਰਕ ਦੇ ਨਾਲ-ਨਾਲ ਉਹ ਮਾਨਸਿਕ ਤਨਾਅ ਵਿਚ ਵੀ ਸੀ। ਜਿਸ ਬੰਟੀ ਕਤਲ ਕੇਸ ਦੀ ਗੁੱਥੀ ਸੂਬੇ ਦੀ ਸਾਰੀ ਪੁਲਿਸ ਤੋਂ ਦੋ ਸਾਲ ਤਕ ਨਹੀਂ ਸੀ ਸੁਲਝੀ, ਉਹ ਇਕੱਲੇ ਮਨਿੰਦਰ ਨੇ ਸੁਲਝਾ ਲਈ ਸੀ। ਕਾਤਲ ਫੜ ਵੀ ਲਏ ਸਨ ਅਤੇ ਜੁਰਮ ਦਾ ਇਕਬਾਲ ਵੀ ਕਰਵਾ ਲਿਆ ਸੀ। ਸ਼ਾਬਾਸ਼, ਤਰੱਕੀ ਅਤੇ ਇਨਾਮ ਦੇਣ ਦੀ ਥਾਂ ਨਾਲੇ ਅਫ਼ਸਰਾਂ ਨੇ ਉਸ ਦੀ ਖੁੰਭ ਠੱਪੀ, ਨਾਲੇ ਕਾਤਲ ਛੱਡ ਦਿੱਤੇ।

ਇਹ ਗੱਲ ਕਈ ਮਹੀਨੇ ਪੁਰਾਣੀ ਸੀ। ਹਾਲੇ ਤਕ ਮਨਿੰਦਰ ਦਾ ਗ਼ੁੱਸਾ ਠੰਢਾ ਨਹੀਂ ਸੀ ਹੋਇਆ। ਉਸ ਨੇ ਮਨ ਵਿਚ ਠਾਣ ਰੱਖੀ ਸੀ, "ਮੈਂ ਕਾਤਲਾਂ ਨੂੰ ਫੜਵਾ ਕੇ ਛੱਡਾਂਗਾ।" ਉਸ ਨੂੰ ਕਿਸੇ ਅਜਿਹੇ ਉਚਿਤ ਬੰਦੇ ਦੀ ਤਲਾਸ਼ ਸੀ, ਜਿਹੜਾ ਮੁਖ਼ਬਰ ਦਾ ਨਾਂ ਵੀ ਜ਼ਾਹਰ ਨਾ ਕਰੇ, ਅਤੇ ਮੁਲਜ਼ਮਾਂ ਨੂੰ ਹੱਥ ਵੀ ਪਾ ਲਏ।

ਸੰਮਤੀ ਵਾਲਿਆਂ ਨੇ ਪਤਾ ਨਹੀਂ ਕਿੰਨੇ ਕੁ ਬੁਲਾਰੇ ਬੁਲਾਏ ਸਨ। ਜਲਸਾ ਹਨੂੰਮਾਨ ਦੀ ਪੂਛ ਵਾਂਗ ਵਧਦਾ ਜਾ ਰਿਹਾ ਸੀ।

ਬੁੜ-ਬੁੜ ਕਰਦਾ ਮਨਿੰਦਰ ਕਾਰ ਦੀ ਪਿਛਲੀ ਸੀਟ 'ਤੇ ਲੁਟਕ ਗਿਆ ਅਤੇ ਨੀਮ-ਬੇਹੋਸ਼ੀ ਦੀ ਹਾਲਤ ਵਿਚ ਜਲਸਾ ਖ਼ਤਮ ਹੋਣ ਦਾ ਇੰਤਜ਼ਾਰ ਕਰਨ ਲੱਗਾ।

ਆਖ਼ਰ ਸਟੇਜ ਸਕੱਤਰ ਨੇ ਐਲਾਨ ਕੀਤਾ, "ਅੰਤਿਮ ਬੁਲਾਰਾ ਲੋਕਾਂ ਦੇ ਸਨਮੁਖ ਹੋ ਰਿਹਾ ਹੈ।"

ਬਾਬਾ ਗੁਰਦਿੱਤ ਸਿੰਘ ਜਦੋਂ ਬੋਲਦਾ ਸੀ, ਲੋਕਾਂ ਦੇ ਰੌਂਗਟੇ ਖੜੇ ਹੋ ਜਾਂਦੇ ਸਨ। ਮਨਿੰਦਰ ਸਿੰਘ ਉਸ ਦੇ ਵਿਚਾਰਾਂ ਨਾਲ ਬਹੁਤਾ ਸਹਿਮਤ ਨਹੀਂ ਸੀ, ਪਰ ਬਾਬੇ ਦੀਆਂ ਕਰਾਰੀਆਂ-ਕਰਾਰੀਆਂ ਗੱਲਾਂ ਸੁਣ ਕੇ ਉਸ ਨੂੰ ਆਨੰਦ ਆਉਂਦਾ ਸੀ। ਹਿੰਮਤ ਬਟੋਰ ਕੇ ਉਹ ਬਾਬੇ ਦੀਆਂ ਗੱਲਾਂ ਵੱਲ ਧਿਆਨ ਦੇਣ ਲੱਗਾ।

'ਲੋਟੂ ਸਰਕਾਰ', 'ਲੁੱਟੇ ਜਾ ਰਹੇ ਲੋਕ' ਇਹ ਟੋਟਕੇ ਉਹ ਕਈ ਵਾਰ ਸੁਣਾ ਚੁੱਕਾ ਸੀ। ਘਸਿਆ-ਪਿਟਿਆ ਵਿਸ਼ਾ ਉਸ ਨੂੰ ਅਕਾਉਣ ਲੱਗਾ।

ਮਨਿੰਦਰ ਮੁੜ ਅੱਖਾਂ ਮੀਚਣ ਹੀ ਲੱਗਾ ਸੀ ਕਿ ਬਾਬਾ ਐਲਾਨ ਕਰਨ ਲੱਗਾ:

"ਸੰਮਤੀ ਕੋਲੋਂ ਇਹ ਭੁੱਲ ਹੋਈ ਹੈ। ਅਸੀਂ ਉਹ ਭੁੱਲ ਸੋਧਾਂਗੇ। ਬੰਟੀ ਦੇ ਅਸਲ ਕਾਤਲ ਲੱਭਾਂਗੇ। ਫੇਰ ਉਹਨਾਂ ਨੂੰ ਲੋਕ-ਕਚਹਿਰੀ ਵਿਚ ਪੇਸ਼ ਕਰਾਂਗੇ।"

ਇਹ ਐਲਾਨ ਸੁਣ ਕੇ ਮਨਿੰਦਰ ਦਾ ਮਨ ਗੁਲਾਬ ਵਾਂਗ ਖਿੜ ਗਿਆ। ਉਸ ਦੀ ਹੱਡ-ਭੰਨਣੀ ਦੂਰ ਹੋ ਗਈ। ਉਹ ਇੰਝ ਨੌਂ-ਬਰ-ਨੌਂ ਮਹਿਸੂਸ ਕਰਨ ਲੱਗਾ, ਜਿਵੇਂ ਸੰਜੀਵਨੀ ਬੂਟੀ ਸੁੰਘ ਲਈ ਹੋਵੇ।

ਅਜਿਹੇ ਉਚਿਤ ਮੌਕੇ 'ਤੇ ਅਜਿਹੀ ਸੰਸਥਾ ਦੀ ਉਸ ਨੂੰ ਤਲਾਸ਼ ਸੀ।

ਇਸ ਸ਼ੁਭ ਕੰਮ ਲਈ ਬਾਬੇ ਨੇ ਲੋਕਾਂ ਕੋਲੋਂ ਸਹਿਯੋਗ ਦੀ ਮੰਗ ਕੀਤੀ। "ਮੈਂ ਫੜਾਵਾਂਗਾ ਤੁਹਾਨੂੰ ਅਸਲ ਕਾਤਲ।" ਮਨਿੰਦਰ ਯੋਗਦਾਨ ਪਾਉਣ ਦਾ ਮਨ ਬਣਾਉਣ ਲੱਗਾ।

"ਅੱਗੇ ਲੋਕ ਪੁਲਿਸ ਕੋਲ ਮੁਖ਼ਬਰੀ ਕਰਦੇ ਹਨ। ਅੱਜ ਪੁਲਿਸ ਲੋਕ-ਨੁਮਇੰਦੇ ਕੋਲ ਮੁਖ਼ਬਰੀ ਕਰੇਗੀ।" ਸੋਚਦਾ ਮਨਿੰਦਰ ਜਲਸੇ ਦੇ ਖ਼ਤਮ ਹੋਣ ਦਾ ਇੰਤਜ਼ਾਰ ਕਰਨ ਲੱਗਾ।

"ਮੁਖ਼ਬਰ ਨੂੰ ਮੁਲਜ਼ਮ ਫੜਾਉਣ ਦੀ ਤੜਪ ਇਕੱਲੀ ਪੈਸਾ ਕਮਾਉਣ ਲਈ ਨਹੀਂ ਹੁੰਦੀ, ਇਸ ਪਿੱਛੇ ਉਸ ਦੀ ਸ਼ੁਭ ਭਾਵਨਾ ਵੀ ਕੰਮ ਕਰ ਰਹੀ ਹੁੰਦੀ ਹੈ।" ਇਹ ਸੂਤਰ ਮਨਿੰਦਰ ਨੂੰ ਖ਼ੁਦ ਮੁਖ਼ਬਰ ਬਣਨ ਬਾਅਦ ਸਮਝ ਆਇਆ।

ਸ਼ਾਇਦ ਅਜਿਹੇ ਹੀ ਤੀਬਰ ਜਜ਼ਬੇ ਤਹਿਤ ਮਨਿੰਦਰ ਦਾ ਮੁਖ਼ਬਰ ਉਸ ਦੇ ਪਿੱਛੇ ਪਿਆ ਹੋਇਆ ਸੀ, "ਢਾਬੇ 'ਤੇ ਛਾਪਾ ਮਾਰੋ। ਨਾਲੇ ਉਥੇ ਨਸ਼ਾ ਵਿਕਦਾ ਹੈ, ਨਾਲੇ ਧੰਦਾ ਹੁੰਦਾ ਹੈ।"

ਢਾਬਾ ਮਨਿੰਦਰ ਦੇ ਇਕ ਮਿੱਤਰ ਦੇ ਰਿਸ਼ਤੇਦਾਰਾਂ ਦਾ ਸੀ। "ਕਿਧਰੇ ਸਿਰ ਮੁਨਾਉਂਦੇ ਹੀ ਔਲੇ ਨਾ ਪੈ ਜਾਣ।" ਢਾਬੇ ਦੇ ਮਹੂਰਤ ਵਾਲੇ ਦਿਨ ਮਿੱਤਰ ਉਸ ਕੋਲ ਸਿਫ਼ਾਰਸ਼ ਕਰ ਗਿਆ ਸੀ।

ਤਿੰਨ ਦਿਨ ਮਨਿੰਦਰ ਮੁਖ਼ਬਰੀ ਦੀ ਤਸਦੀਕ ਕਰਦਾ ਰਿਹਾ।

ਦੋ ਸਿਪਾਹੀਆਂ ਨੂੰ ਢਾਬੇ ਦੁਆਲੇ ਗੇੜਾ ਦੇਣ 'ਤੇ ਲਾਇਆ। ਸੋਚਿਆ ਸੀ, ਪੁਲਿਸ ਘੁੰਮਦੀ ਦੇਖ ਕੇ ਮਾਲਕ ਇਸ਼ਾਰਾ ਸਮਝ ਜਾਣਗੇ। ਗਾਹਕ ਸਥਿਤੀ ਦੀ ਗੰਭੀਰਤਾ ਸਮਝ ਕੇ ਇਥੇ ਆਉਣੋਂ ਹਟ ਜਾਣਗੇ।

ਪਰ ਮਾਲਕਾਂ ਅਤੇ ਗਾਹਕਾਂ ਨੂੰ ਆਪਣੇ ਆਪ 'ਤੇ ਪਤਾ ਨਹੀਂ ਕਿੰਨਾ ਕੁ ਭਰੋਸਾ ਸੀ। ਉਹਨਾਂ ਦੇ ਕੰਨ 'ਤੇ ਜੂੰ ਤਕ ਨਾ ਸਰਕੀ।

ਮਨਿੰਦਰ ਮੁਖ਼ਬਰ ਨੂੰ ਨਰਾਜ਼ ਨਹੀਂ ਸੀ ਕਰ ਸਕਦਾ। ਉਹ ਮਨਿੰਦਰ ਨੂੰ ਬਹੁਤ ਕੰਮ ਦਿੰਦਾ ਸੀ। ਜੇ ਮਨਿੰਦਰ ਨੇ ਛਾਪਾ ਨਾ ਮਾਰਿਆ ਤਾਂ ਉਸ ਨੇ ਕਿਸੇ ਹੋਰ ਕੋਲੋਂ ਛਾਪਾ ਮਰਵਾ ਦੇਣਾ ਹੈ। ਮਨਿੰਦਰ ਨੇ ਸੋਚਿਆ, ਛਾਪਾ ਮਾਰ ਲੈਂਦੇ ਹਾਂ। ਫੜ-ਫੜਾਈ ਕਰ ਕੇ, ਲੈ-ਦੇ ਕੇ ਛੱਡ ਦੇਵਾਂਗੇ। ਦੋਹਾਂ ਪਾਸਿਉਂ ਰਹਿ ਜਾਏਗੀ। ਦਿਹਾੜੀ ਬਣਾ ਕੇ ਮੁਖ਼ਬਰ ਪਿੱਛੋਂ ਲਹਿ ਜਾਏਗਾ।

ਅੱਗੇ ਚੰਗਾ ਮੁਰਗ਼ਾ ਹੱਥ ਲੱਗ ਗਿਆ।

ਫੜਿਆ ਗਿਆ ਆਸ਼ਕ, ਧਾਗਾ ਮਿੱਲ ਦੇ ਮਾਲਕ ਦਾ ਸ਼ਹਿਜ਼ਾਦਾ ਸੀ।

ਪਹਿਰਾਵੇ ਅਤੇ ਮੇਕਅਪ ਤੋਂ ਕੁੜੀ ਚੰਗੇ ਘਰ ਦੀ ਜਾਪਦੀ ਸੀ, ਪਰ ਖੋਦਿਆ ਪਹਾੜ ਨਿਕਲੀ ਚੂਹੀ। ਉਹ ਸਾਂਸੀਆਂ ਦੀ ਤਾਰੋ ਸੀ। ਇਧਰ-ਉਧਰ ਜਾਣ ਦਾ ਤਿੰਨ ਸੌ ਲੈਂਦੀ ਸੀ।

ਦੋ ਥੱਪੜ ਖਾ ਕੇ ਮੁੰਡੇ ਨੇ ਜੋ ਸੱਚ ਉਗਲਿਆ, ਪਹਿਲੇ ਹੱਲੇ ਮਨਿੰਦਰ ਨੂੰ ਉਸ 'ਤੇ ਯਕੀਨ ਨਾ ਆਇਆ। ਲੱਗਾ, ਪੁਲਿਸ ਤੋਂ ਡਰਦਾ ਅਤੇ ਨਸ਼ੇ ਦੀ ਲੋਰ ਕਾਰਨ ਊਲ-ਜਲੂਲ ਬੋਲ ਰਿਹਾ ਹੈ।

ਤਸਦੀਕ ਕਰਨ ਲਈ ਉਸ ਨੇ ਦੋ ਡਰਾਈਵਰ ਦੇ ਜੜੀਆਂ। ਉਹ ਵੀ ਜੁਰਮ ਕਬੂਲ ਕਰ ਗਿਆ।



ਹੋਰ ਪੱਕਾ ਹੋਣ ਲਈ ਕਾਕਾ ਜੀ ਦੇ ਨਿਪਾਲੀ ਨੌਕਰ ਨੂੰ ਚੁੱਕ ਲਿਆ। ਉਹ ਵੀ ਜੁਰਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਰਿਹਾ ਸੀ। ਉਸ ਨੇ ਵੀ ਹਾਮੀ ਭਰ ਦਿੱਤੀ।

ਮਨਿੰਦਰ ਨੇ ਢਾਬੇ ਦੇ ਮਾਲਕਾਂ ਤੋਂ ਪੰਜ ਸੌ ਰੁਪਿਆ ਫੜਿਆ। ਮੁਖ਼ਬਰ ਨੂੰ ਫੜਾਇਆ। ਤਾਰੋ ਨੂੰ ਝਿੜਕਾਂ ਮਾਰੀਆਂ, ਫੇਰ ਦੋਹਾਂ ਨੂੰ ਛੱਡ ਦਿੱਤਾ। ਉਸ ਦੇ ਹੱਥ ਗੁਪਤ ਖ਼ਜ਼ਾਨਾ ਲੱਗ ਚੁੱਕਾ ਸੀ। ਉਸ ਨੇ ਅਵਾਰਾਗਰਦੀ ਦੇ ਟੁੱਟੇ ਜਿਹੇ ਮੁਕੱਦਮੇ ਤੋਂ ਕੀ ਲੈਣਾ ਸੀ।

ਇਹ ਤਿੰਨੇ ਬੰਟੀ ਦੇ ਅਗਵਾਕਾਰ ਸਨ ਅਤੇ ਕਾਤਲ ਵੀ। ਹਰਮਨਬੀਰ ਨੇ ਇਹ ਕਾਰਾ ਪੈਸਿਆਂ ਦੀ ਤੋਟ ਕਾਰਨ ਨਹੀਂ ਸੀ ਕੀਤਾ। ਪੈਸੇ ਉਹਨਾਂ ਕੋਲ ਅੱਗ ਲਾਇਆਂ ਨਹੀਂ ਸਨ ਮੁੱਕਦੇ। ਲਾਡ ਪਿਆਰ ਅਤੇ ਪੈਸੇ ਦੀ ਖੁੱਲ੍ਹ ਨੇ ਉਸ ਨੂੰ ਵਿਗਾੜਿਆ ਸੀ। ਵਪਾਰ ਵਿਚ ਰੁੱਝੇ ਬਾਪ ਅਤੇ ਸਮਾਜ ਸੇਵਾ ਵਿਚ ਮਸਤ ਮਾਂ ਨੂੰ ਮੁੰਡੇ ਕੋਲ ਬੈਠਣ ਦੀ ਵਿਹਲ ਨਹੀਂ ਸੀ। ਉਹਨਾਂ ਨੂੰ ਪਤਾ ਨਾ ਲੱਗਾ ਕਦੋਂ ਮੁੰਡਾ ਸਮੇਂ ਤੋਂ ਪਹਿਲਾਂ ਜਵਾਨ ਹੋਇਆ। ਕਦੋਂ ਕਾਲਜ ਦੀ ਥਾਂ ਹੋਟਲ, ਟਿਊਸ਼ਨ ਦੀ ਥਾਂ ਕਲੱਬ ਜਾਣ ਲੱਗਾ। ਕਦੋਂ ਉਸ ਦਾ ਬੀਅਰ ਤੋਂ ਸ਼ੁਰੂ ਹੋਇਆ ਸਫ਼ਰ ਹੈਰੋਇਨ 'ਤੇ ਪੁੱਜਾ। ਕਦੋਂ 'ਖ਼ੁੱਸੀ ਤਾਕਤ ਹਾਸਲ ਕਰਨ' ਲਈ ਉਹ ਨਸ਼ੇ ਦੇ ਅੱਡਿਆਂ 'ਤੇ ਜਾਣ ਲੱਗਾ।

ਹਰਮਨਬੀਰ ਦੇ ਦੇਰ ਰਾਤ ਤਕ ਬਾਹਰ ਰਹਿਣ ਵਿਚ ਨੌਕਰ ਅੜਿੱਕਾ ਬਣਦੇ ਸਨ। ਹੌਲੀ-ਹੌਲੀ ਇਹ ਅੜਿੱਕਾ ਦੂਰ ਕਰ ਲਿਆ। ਪਹਿਲਾਂ ਕਲੱਬ ਦੇ ਬਾਹਰ ਖੜੀ ਗੱਡੀ ਵਿਚ ਬੈਠਾ ਡਰਾਈਵਰ ਉੱਚੀ ਚਾਰਦੀਵਾਰੀ ਅੰਦਰ ਹੁੰਦੀਆਂ ਰੰਗਰਲੀਆਂ ਦੀ ਕੇਵਲ ਕਲਪਨਾ ਕਰਦਾ ਸੀ। ਹਰਮਨਬੀਰ ਉਸ ਨੂੰ ਨਾਲ ਲਿਜਾ ਕੇ ਉਸ ਦੇ ਸੁਪਨੇ ਸਾਕਾਰ ਕਰਨ ਲੱਗਾ।

ਥਾਪਾ ਬੀਅਰ ਦਾ ਸ਼ੌਕੀਨ ਸੀ। ਪਹਿਲਾਂ ਉਹ ਬੀਅਰ ਦੀਆਂ ਬੋਤਲਾਂ ਵਿਚ ਬਚਦੀ ਤੁਪਕਾ-ਤੁਪਕਾ ਬੀਅਰ ਇੱਕਠੀ ਕਰ ਕੇ ਆਪਣਾ ਸ਼ੌਕ ਪੂਰਾ ਕਰਦਾ ਸੀ। ਹਰਮਨਬੀਰ ਉਸ ਨੂੰ ਬੀਅਰ ਦੀ ਥਾਂ ਵਿਦੇਸ਼ੀ ਸਕਾਚ ਦਾ ਸਵਾਦ ਚਖਾਉਣ ਲੱਗਾ।

ਅਹਿਸਾਨ ਦੇ ਦੱਬੇ ਨੌਕਰ ਉਸ ਦੇ ਗ਼ੁਲਾਮ ਬਣ ਗਏ। ਕੱਠਪੁਤਲੀਆਂ ਵਾਂਗ ਉਸ ਦੇ ਇਸ਼ਾਰੇ 'ਤੇ ਨੱਚਣ ਲੱਗੇ।

ਸ਼ੌਕ ਪੂਰੇ ਕਰਨ ਲਈ ਹਰਮਨ ਨੂੰ ਪੈਸੇ ਦੀ ਘਾਟ ਨਹੀਂ ਸੀ, ਪਰ ਪੈਸਾ ਹਾਸਲ ਕਰਨ ਲਈ ਉਸ ਨੂੰ ਕਈ ਹੱਥਾਂ ਵੱਲ ਝਾਕਣਾ ਪੈਂਦਾ ਸੀ। ਪਹਿਲਾਂ ਪਾਪਾ ਤੋਂ ਪੈਸਿਆਂ ਦੀ ਮਨਜ਼ੂਰੀ ਲੈਣੀ ਪੈਂਦੀ ਸੀ, ਫੇਰ ਮੈਨੇਜਰ ਕੋਲ ਜਾ ਕੇ ਪਰਚੀ ਲੈਣੀ ਪੈਣੀ ਸੀ, ਫੇਰ ਕੈਸ਼ੀਅਰ ਕੈਸ਼ ਦਿੰਦਾ ਸੀ। ਏਨਾ ਕੁਝ ਕਰਦੇ ਹਰਮਨ ਨੂੰ ਸ਼ਰਮ ਆਉਂਦੀ ਸੀ।

ਹਰਮਨ ਨੇ ਆਪਣਾ ਖ਼ਰਚਾ ਆਪ ਕੱਢਣ ਦੀ ਯੋਜਨਾ ਬਣਾਈ। ਅਖ਼ਬਾਰਾਂ ਵਿਚ ਬੰਦੇ ਅਗਵਾ ਕਰ ਕੇ ਫਿਰੌਤੀ ਮੰਗਣ ਦੀਆਂ ਘਟਨਾਵਾਂ ਦੀਆਂ ਖ਼ਬਰਾਂ ਆਮ ਛਪਦੀਆਂ ਰਹਿੰਦੀਆਂ ਸਨ। ਉਹ ਫ਼ਿਲਮਾਂ ਦੇਖਣ ਦਾ ਸ਼ੌਕੀਨ ਸੀ। ਫ਼ਿਲਮੀ ਨਾਇਕਾਂ ਦੇ ਕਾਰਨਾਮੇ ਉਸ ਦੇ ਪ੍ਰੇਰਨਾ ਸਰੋਤ ਬਣੇ।

ਹਰਮਨ ਨੇ ਆਪਣੀ ਯੋਜਨਾ ਆਪਣੇ ਸਾਥੀਆਂ ਨਾਲ ਵਿਚਾਰੀ। ਗ਼ੁਲਾਮਾਂ ਦਾ ਫ਼ਰਜ਼ ਸੋਚ-ਵਿਚਾਰ ਕਰਨਾ ਨਹੀਂ, ਹੁਕਮ ਮੰਨਣਾ ਸੀ। ਉਹ ਝੱਟ ਸਹਿਮਤ ਹੋ ਗਏ।

ਅਗਲੇ ਦਿਨ ਡਰਾਈਵਰ ਅਤੇ ਥਾਪੇ ਨੇ ਯੋਜਨਾ ਸਿਰੇ ਚਾੜ੍ਹ ਦਿੱਤੀ। ਅਮੀਰਾਂ ਦੇ ਬੱਚਿਆਂ ਦੇ ਸਕੂਲ ਅੱਗੋਂ ਇਕ ਬੱਚਾ ਖਿਸਕਾ ਲਿਆਏ। ਨੌਕਰ ਉਸ ਨੂੰ ਮਿੱਲ ਅੰਦਰਲੇ ਆਪਣੇ ਕੁਆਰਟਰ ਵਿਚ ਲੈ ਗਿਆ। ਡਰਾਈਵਰ ਨੇ ਟੁੱਟੀ-ਭੱਜੀ ਪੰਜਾਬੀ ਵਿਚ ਚਿੱਠੀ ਲਿਖੀ ਅਤੇ ਵਾਰਿਸਾਂ ਤਕ ਪੁੱਜਦੀ ਕਰ ਦਿੱਤੀ। ਘੰਟੇ ਦੇ ਅੰਦਰ-ਅੰਦਰ ਰਕਮ ਮਿਥੀ ਥਾਂ 'ਤੇ ਪੁੱਜ ਗਈ।

'ਆਪਣੀ ਕਮਾਈ' ਨਾਲ ਤਿੰਨਾਂ ਨੇ ਹਫ਼ਤਾ ਸਵਰਗ ਭੋਗਿਆ।

ਪੈਸੇ ਖ਼ਤਮ ਹੁੰਦਿਆਂ ਹੀ ਉਹਨਾਂ ਇਹ ਕਾਰਵਾਈ ਦੁਹਰਾ ਦਿੱਤੀ। ਕਾਮਯਾਬੀ ਨੇ ਇਕ ਵਾਰ ਫੇਰ ਪੈਰ ਚੁੰਮੇ। ਪੈਸਾ ਚੰਗਾ ਮਿਲਿਆ ਅਤੇ ਕਿਸੇ ਨੂੰ ਕਨਸੋਅ ਵੀ ਨਾ ਹੋਈ।

ਤਿੰਨਾਂ ਦੇ ਹੌਸਲੇ ਬੁਲੰਦ ਹੋ ਗਏ। ਅਗਲੇ ਹਫ਼ਤੇ ਉਹ ਬੰਟੀ ਨੂੰ ਚੁੱਕ ਲਿਆਏ।

ਬੰਟੀ ਦੇ ਵਾਰਸਾਂ ਨੂੰ ਕਹਾਣੀ ਦੀ ਸਮਝ ਨਾ ਆਈ। ਅਣਜਾਣ-ਪੁਣੇ ਵਿਚ ਉਹ ਪੁਲਿਸ ਨੂੰ ਇਤਲਾਹ ਦੇ ਬੈਠੇ। ਪੁਲਿਸ ਹਰਕਤ ਵਿਚ ਆ ਗਈ। ਸ਼ਹਿਰ ਵਿਚ ਕਰਫ਼ਿਊ ਲੱਗਾ, ਘਰ-ਘਰ ਦੀ ਤਲਾਸ਼ੀ ਹੋਈ।

ਕੁੜਿੱਕੀ ਵਿਚ ਫਸੇ ਹਰਮਨ ਨੂੰ ਕਈ ਦਿਨ ਬੰਟੀ ਨੂੰ ਥਾਪੇ ਦੇ ਕੁਆਰਟਰ ਵਿਚ ਲੁਕਾਉਣਾ ਪਿਆ। ਮਿਲ ਦੀ ਬਾਹਰਲੀ ਚਾਰਦੀਵਾਰੀ ਦਸ ਫ਼ੁਟ ਉੱਚੀ ਸੀ। ਕੰਧ ਦੇ ਉਪਰ ਦੋ ਫ਼ੁੱਟ ਉੱਚੀ ਕੰਡਿਆਲੀ ਤਾਰ ਸੀ। ਕਿਸੇ ਅਗਵਾਕਾਰ ਦਾ ਸਣੇ ਬੱਚੇ ਕੰਧ ਟੱਪ ਕੇ ਅੰਦਰ ਆ ਜਾਣਾ ਅਸੰਭਵ ਸੀ। ਮਿੱਲ ਦੇ ਦੋ ਗੇਟ ਸਨ। ਦੋਹਾਂ ਉਪਰ ਚੌਵੀ ਘੰਟੇ ਪਹਿਰਾ ਰਹਿੰਦਾ ਸੀ। ਹਰ ਅੰਦਰ ਜਾਣ ਵਾਲੇ ਦੀ ਤਲਾਸ਼ੀ ਹੁੰਦੀ ਸੀ ਅਤੇ ਰਜਿਸਟਰ ਵਿਚ ਇੰਦਰਾਜ ਹੁੰਦਾ ਸੀ।

ਇਹਨਾਂ ਕਾਰਨਾਂ ਕਰ ਕੇ ਪੁਲਿਸ ਨੇ ਸ਼ਹਿਰ ਦਾ ਚੱਪਾ-ਚੱਪਾ ਛਾਣਿਆ, ਪਰ ਮਿੱਲ ਅੰਦਰ ਨਾ ਵੜੀ। ਇਹ ਕਿਸੇ ਦੇ ਚਿੱਤ-ਚੇਤੇ ਨਹੀਂ ਸੀ ਕਿ ਕਾਲੇ ਸ਼ੀਸ਼ਿਆਂ ਵਾਲੇ ਮਿੱਲ ਦੀ ਗੱਡੀ ਵਿਚ ਮਿੱਲ ਦਾ ਮਾਲਕ ਖ਼ੁਦ ਬੰਟੀ ਨੂੰ ਅੰਦਰ ਲੈ ਗਿਆ ਹੋਵੇਗਾ।

ਬਾਪ ਦੀ ਚੰਗੀ ਪੜ੍ਹਤ ਨੇ ਹਰਮਨ ਨੂੰ ਰੰਗੇ ਹੱਥੀ ਫੜੇ ਜਾਣ ਤੋਂ ਬਚਾ ਲਿਆ ਸੀ।

ਬੰਟੀ ਦੇ ਰੋਣ ਦੀ ਆਵਾਜ਼ ਨਾਲ ਦੇ ਕੁਆਟਰਾਂ ਵਾਲਿਆਂ ਨੂੰ ਨਾ ਸੁਣੇ, ਇਸ ਲਈ ਬੰਟੀ ਨੂੰ ਨਸ਼ਾ ਖੁਆ ਕੇ ਬੇਹੋਸ਼ ਰੱਖਿਆ ਗਿਆ। ਨਸ਼ੇ ਅਤੇ ਭੁੱਖ ਕਾਰਨ ਬੰਟੀ ਦਮ ਤੋੜ ਗਿਆ।

ਮੌਕਾ ਤਾੜ ਕੇ ਲਾਸ਼ ਉਹਨਾਂ ਨੇ ਮਿਲ ਦੇ ਬਾਹਰ ਖਤਾਨਾਂ ਵਿਚ ਸੁੱਟ ਦਿੱਤੀ ਅਤੇ ਅੱਜ ਤਕ ਢੋਲ ਢੱਕਿਆ ਰਿਹਾ। ਅੱਜ ਵੀ ਭਾਂਡਾ ਹਰਮਨਬੀਰ ਨੇ ਖ਼ੁਦ ਭੰਨਿਆ ਸੀ। ਅਗਲੀ ਕਾਰਵਾਈ ਲਈ ਮਨਿੰਦਰ ਉਹਨਾਂ ਨੂੰ ਥਾਣੇ ਲੈ ਗਿਆ। ਪਿੱਛੇ ਹੀ ਮਿੱਲ ਦਾ ਮੈਨੇਜਰ ਆ ਗਿਆ। ਕਿਸੇ ਨੇ ਬੰਬੇ ਬੈਠੇ ਅਰੋੜਾ ਸਾਹਿਬ ਨੂੰ ਹਰਮਨਬੀਰ ਦੇ ਸ਼ਰਾਬੀ ਹਾਲਤ ਵਿਚ ਫੜੇ ਜਾਣ ਦੀ ਸੂਚਨਾ ਦੇ ਦਿੱਤੀ ਸੀ।

ਅਰੋੜਾ ਸਾਹਿਬ ਦੀ ਉਪਰ ਤਕ ਪਹੁੰਚ ਸੀ, ਪਰ ਮਾੜੀ ਜਿਹੀ ਗੱਲ ਖ਼ਾਤਰ ਉਹ ਕਿਸੇ ਦਾ ਅਹਿਸਾਨ ਨਹੀਂ ਸੀ ਲੈਣਾ ਚਾਹੁੰਦਾ। ਬੰਬੇ ਬੈਠਿਆਂ ਹੀ ਉਸ ਨੇ ਮੈਨੇਜਰ ਨੂੰ ਹਦਾਇਤ ਕੀਤੀ, "ਲੈ-ਦੇ ਕੇ ਮਾਮਲਾ ਰਫ਼ਾ-ਦਫ਼ਾ ਕਰੋ।"

ਮਹਿੰਦਰ ਅਹਿਸਾਨ-ਫ਼ਰਾਮੋਸ਼ ਨਹੀਂ ਸੀ। ਮਿੱਲ ਵੱਲੋਂ ਪੁਲਿਸ ਨੂੰ ਬੱਝਵਾਂ ਮਹੀਨਾ ਆਉਂਦਾ ਸੀ। ਵੇਲੇ-ਕੁਵੇਲੇ ਵਾਧੂ ਵਗਾਰ ਵੀ ਮਿੱਲ ਝੱਲਦੀ ਸੀ, ਪਰ ਜੋ ਜੁਰਮ ਹਰਮਨ ਨੇ ਕੀਤੇ ਸਨ, ਉਹਨਾਂ ਵਿਚੋਂ ਬਰੀ ਕਰਨਾ ਉਸ ਦੇ ਵੱਸ ਵਿਚ ਨਹੀਂ ਸੀ।

ਜੁਰਮਾਂ ਦਾ ਖ਼ੁਲਾਸਾ ਸੁਣ ਕੇ ਮੈਨੇਜਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਝਟ ਉਸ ਨੇ ਮਾਲਕ ਨਾਲ ਸੰਪਰਕ ਕੀਤਾ। ਮਾਲਕ ਨੇ ਮਨਿੰਦਰ ਦੀ ਮਿੰਨਤ ਕੀਤੀ, ਪਰ ਮਨਿੰਦਰ ਨੂੰ ਪੈਸੇ ਨਾਲੋਂ ਆਪਣੀ ਤਰੱਕੀ ਅਤੇ ਮੈਡਲ ਵੱਧ ਪਿਆਰਾ ਸੀ। ਉਹ ਟੱਸ ਤੋਂ ਮੱਸ ਨਾ ਹੋਇਆ।

ਜਦੋਂ ਮਨਿੰਦਰ ਕਾਬੂ ਨਾ ਆਇਆ ਤਾਂ ਅਰੋੜਾ ਸਾਹਿਬ ਨੇ ਉਪਰ ਤੱਕ ਫ਼ੋਨ ਖੜਕਾਏ। ਝੱਟ ਨਤੀਜੇ ਨਿਕਲਣ ਲੱਗੇ।

ਕਪਤਾਨ ਕਿਸੇ ਜ਼ਰੂਰੀ ਮੀਟਿੰਗ ਵਿਚ ਬੈਠਾ ਸੀ। ਝੱਟ ਉਸ ਨੂੰ ਮੀਟਿੰਗ ਵਿਚੋਂ ਉਠਾਇਆ



ਗਿਆ। ਕਪਤਾਨ ਵੱਲੋਂ ਮਨਿੰਦਰ ਨੂੰ ਹੁਕਮ ਸੁਣਾਇਆ ਗਿਆ, "ਹਾਲਾਤ ਦਾ ਜਾਇਜ਼ਾ ਲੈਣ ਲਈ ਮੈਂ ਸ਼ਹਿਰ ਪੁੱਜ ਰਿਹਾ ਹਾਂ। ਮੇਰੇ ਪੁੱਜਣ ਤਕ ਕੋਈ ਕਾਰਵਾਈ ਨਾ ਕੀਤੀ ਜਾਵੇ।"

ਕਪਤਾਨ ਨੇ ਮਨਿੰਦਰ ਨੂੰ ਪੁੱਤਾਂ ਵਾਂਗ ਸਮਝਾਇਆ, "ਬੰਟੀ ਕਤਲ ਕੇਸ ਦੀ ਸੁਣਵਾਈ ਮੁਕੰਮਲ ਹੋ ਚੁੱਕੀ ਹੈ। ਅਦਾਲਤ ਫ਼ੈਸਲਾ ਸੁਣਾ ਚੁੱਕੀ ਹੈ। ਸਾਰੇ ਗਵਾਹਾਂ ਨੇ ਪਾਲੇ ਅਤੇ ਮੀਤੇ ਨੂੰ ਕਾਤਲ ਠਹਿਰਾਇਆ ਹੈ। ਲੜਾਈ ਦੇ ਮੈਦਾਨ ਵਿਚ ਘੋੜੇ ਬਦਲਣੇ ਬੇਵਕੂਫ਼ੀ ਹੁੰਦੀ ਹੈ। ਪਾਲੇ ਮੀਤੇ ਨੂੰ ਨਿਰਦੋਸ਼ ਠਹਿਰਾਉਣ ਨਾਲ ਪੁਲਿਸ ਦੇ ਨਾਲ-ਨਾਲ ਸਰਕਾਰ 'ਤੇ ਥੂ-ਥੂ ਹੋਏਗੀ। ਪਹਿਲੇ ਪੁਲਿਸ ਅਫ਼ਸਰਾਂ ਦੀ ਖਿਚਾਈ ਹੋਏਗੀ। ਕਈਆਂ ਨੂੰ ਨੌਕਰੀ ਤੋਂ ਹੱਥ ਧੋਣੇ ਪੈਣਗੇ। ਸੰਮਤੀ ਵਾਲਿਆਂ ਨੇ ਸਰਕਾਰ ਅਤੇ ਪੁਲਿਸ ਦੇ ਪਹਿਲਾਂ ਹੀ ਨੱਕ ਵਿਚ ਦਮ ਕਰ ਰੱਖਿਆ ਹੈ। ਉਹਨਾਂ ਨੂੰ ਲੋਕਾਂ ਨੂੰ ਭੜਕਾਉਣ ਦਾ ਮੌਕਾ ਮਿਲ ਜਾਏਗਾ। ਮੁੱਖ ਮੰਤਰੀ ਖ਼ੁਦ ਇਸ ਕੇਸ ਉਪਰ ਨਜ਼ਰ ਰੱਖ ਰਹੇ ਹਨ। ਉਹਨਾਂ ਨੇ ਗ੍ਰਿਫ਼ਤਾਰੀ ਦੀ ਇਜਾਜ਼ਤ ਨਹੀਂ ਦੇਣੀ।

"ਅਰੋੜਾ ਸਾਹਿਬ ਸਭ ਦੇ ਮੂੰਹ ਮੱਥੇ ਲੱਗਦੇ ਹਨ। ਉਸ ਦੀ ਇੱਜ਼ਤ ਦਾ ਸਵਾਲ ਹੈ। ਅਸੀਂ ਉਹਨਾਂ ਨੂੰ ਨਾਰਾਜ਼ ਨਹੀਂ ਕਰ ਸਕਦੇ।"

ਕਪਤਾਨ ਨੇ ਮਾਤਹਿਤ ਨੂੰ ਸਮਝਾਉਣ ਦਾ ਆਪਣਾ ਫ਼ਰਜ਼ ਨਿਭਾਇਆ।

ਅਗਲੀ ਕਿਸੇ ਕਾਰਵਾਈ ਲਈ ਉਸ ਨੂੰ ਮਨਿੰਦਰ ਦੀ ਸਹਿਮਤੀ ਦੀ ਜ਼ਰੂਰਤ ਨਹੀਂ ਸੀ।

ਜਦੋਂ ਮਨਿੰਦਰ ਨੇ ਚੁੱਪ ਨਾ ਤੋੜੀ ਤਾਂ ਖਿਝੇ ਕਪਤਾਨ ਨੇ ਦੋਸ਼ੀਆਂ ਨੂੰ ਆਪਣੇ ਕੋਲ ਬੁਲਾਇਆ। ਸਮਝਾ-ਬੁਝਾ ਕੇ ਮੈਨੇਜਰ ਦੇ ਹਵਾਲੇ ਕਰ ਦਿੱਤਾ।

ਰਾਤ ਨੂੰ ਮੈਨੇਜਰ ਮਨਿੰਦਰ ਦੇ ਕੁਆਰਟਰ ਆਇਆ। ਉਸ ਦੇ ਹੱਥ ਵਿਚ ਪੰਜਾਹ ਹਜ਼ਾਰ ਦੀ ਗੁੱਟੀ ਸੀ। ਮਨਿੰਦਰ ਦਾ ਮਾਣ-ਤਾਣ ਕਰਨ ਦਾ ਹੁਕਮ ਕਪਤਾਨ ਨੇ ਸੁਣਾਇਆ ਸੀ।

ਕਪਤਾਨ ਨਾਰਾਜ਼ ਨਾ ਹੋਵੇ, ਇਸ ਗੱਲੋਂ ਡਰਦਾ ਮਨਿੰਦਰ ਕੋਈ ਹਿੱਲ-ਜੁਲ ਨਾ ਕਰ ਸਕਿਆ।

ਪਰ ਜ਼ਖ਼ਮੀ ਸੱਪਣੀ ਵਾਂਗ ਅੱਜ ਤਕ ਉਹ ਅੰਦਰ ਹੀ ਅੰਦਰ ਵਿਸ਼ ਘੋਲਦਾ ਰਿਹਾ ਸੀ। ਡੰਗ ਮਾਰਨ ਦਾ ਅੱਜ ਵਧੀਆ ਮੌਕਾ ਸੀ।

# 18

ਅਸਲ ਮੁਲਜ਼ਮਾਂ ਦੀ ਸ਼ਨਾਖ਼ਤ ਹੋਣ ਦਾ ਐਲਾਨ ਕਰਨ ਤੋਂ ਪਹਿਲਾਂ ਸੰਮਤੀ ਆਪਣੇ ਤੌਰ 'ਤੇ ਤੱਥਾਂ ਦੀ ਪੁਸ਼ਟੀ ਕਰਨ ਲੱਗੀ।

ਸਾਜਰੇ ਹੀ ਬਾਬਾ, ਸ਼ੰਕਰ ਦਾਸ ਆੜ੍ਹਤੀਏ ਦੇ ਘਰ ਜਾ ਵੜਿਆ। ਪਹਿਲਾਂ ਉਸ ਦੇ ਪੋਤੇ ਨੂੰ ਅਗਵਾ ਕੀਤਾ ਗਿਆ ਸੀ।

ਕੋਈ ਹੋਰ ਇਸ ਵਾਰਦਾਤ ਬਾਰੇ ਪੁੱਛਦਾ ਤਾਂ ਸ਼ੰਕਰ ਦਾਸ ਝੋਟੇ ਵਾਂਗ ਸਿਰ ਮਾਰ ਦਿੰਦਾ। ਬਾਬੇ ਅੱਗੇ ਝੂਠ ਬੋਲਣ ਦੀ ਹਿੰਮਤ ਨਾ ਪਈ।

ਘਰ ਮੁੜ ਕੇ ਬੱਚੇ ਨੇ ਅਗਵਾਕਾਰਾਂ ਬਾਰੇ ਜੋ ਵੇਰਵੇ ਦਿੱਤੇ ਸਨ, ਉਹ ਹਰਮਨਬੀਰ ਹੋਰਾਂ ਦੇ ਅਗਵਾਕਾਰ ਹੋਣ ਦੀ ਪੁਸ਼ਟੀ ਕਰਦੇ ਸਨ। ਟੀਟੂ ਨੂੰ ਇਕ ਕਾਲੇ ਸ਼ੀਸ਼ਿਆਂ ਵਾਲੀ ਕਾਰ ਵਿਚ ਬਿਠਾ ਕੇ ਲਿਜਾਇਆ ਗਿਆ ਸੀ। ਕਾਰ ਨੂੰ ਇਕ ਸਰਦਾਰ ਚਲਾ ਰਿਹਾ ਸੀ। ਉਸ ਦੇ ਨਾਲ ਬੈਠਾ ਬੰਦਾ ਮੋਨਾ ਸੀ। ਉਸ ਨੂੰ ਜਿਥੇ ਬੰਦ ਕੀਤਾ ਗਿਆ, ਉਹ ਕਿਸੇ ਨੌਕਰ ਦਾ ਕੁਆਰਟਰ ਜਾਪਦਾ ਸੀ।

ਸ਼ਾਇਦ ਕਦੇ ਮੁਲਜ਼ਮ ਫੜੇ ਜਾਣ। ਇਸ ਆਸ ਨਾਲ ਸ਼ੰਕਰ ਦਾਸ ਨੇ ਅਗਵਾਕਾਰਾਂ ਵੱਲੋਂ ਲਿਖੇ ਖ਼ਤ ਸੰਭਾਲ ਰੱਖੇ ਸਨ। ਉਹ ਉਸ ਨੇ ਬਾਬੇ ਦੇ ਹਵਾਲੇ ਕਰ ਦਿੱਤੇ।

ਬੈਂਕ ਮੈਨੇਜਰ ਦਾ ਦਰਵਾਜ਼ਾ ਜੀਵਨ ਆੜ੍ਹਤੀਏ ਨੇ ਖੜਕਾਇਆ। ਉਸ ਦਾ ਖਾਤਾ ਮੈਨੇਜਰ ਦੇ ਬੈਂਕ ਵਿਚ ਸੀ। ਦੋਹਾਂ ਦਾ ਦੋਸਤਾਨਾ ਵੀ ਸੀ। ਉਸ ਨੇ ਵੀ ਤੱਥਾਂ ਦੀ ਪੁਸ਼ਟੀ ਕਰ ਦਿੱਤੀ।

ਹੱਥ-ਲਿਖਤ ਮਾਹਿਰਾਂ ਕੋਲੋਂ ਦੋਹਾਂ ਚਿੱਠੀਆਂ ਦਾ ਮਿਲਾਨ ਕਰਾਇਆ ਗਿਆ। ਦੋਵੇਂ ਪੱਤਰ ਇਕੋ ਵਿਅਕਤੀ ਦੇ ਲਿਖੇ ਹੋਏ ਸਨ। ਇਸ ਰਿਪੋਰਟ ਬਾਅਦ ਕੜੀ ਨਾਲ ਕੜੀ ਜੁੜਨ ਲੱਗੀ।

ਅਸਲ ਮਸਲਾ ਤਾਂ ਹੱਲ ਹੁੰਦਾ ਜੇ ਬੰਟੀ ਦੇ ਘਰਦਿਆਂ ਨੂੰ ਲਿਖੀਆਂ ਗਈਆਂ ਚਿੱਠੀਆਂ ਸੁਰੱਖਿਅਤ ਹੁੰਦੀਆਂ। ਅਸਲ ਧਮਕੀ-ਪੱਤਰਾਂ ਨੂੰ ਪੁਲਿਸ ਨੇ ਮਿਸਲ ਨਾਲੋਂ ਲਾਹ ਲਿਆ ਸੀ। ਉਸ ਦੀ ਥਾਂ ਪਾਲੇ ਕੋਲੋਂ ਨਵੀਆਂ ਚਿੱਠੀਆਂ ਲਿਖਵਾ ਕੇ ਮਿਸਲ ਨਾਲ ਲਾ ਦਿੱਤੀਆਂ ਸਨ।

ਸਿੱਟੇ 'ਤੇ ਪੁੱਜਣ ਲਈ ਸੰਮਤੀ ਨੂੰ ਹੋਰ ਮਿਹਨਤ ਦੀ ਲੋੜ ਮਹਿਸੂਸ ਹੋਈ।

ਰਜਿੰਦਰ ਨੇ ਧਾਗਾ ਮਿੱਲ ਵਿਚ ਕੰਮ ਕਰਦੇ ਟਰੇਡ ਯੂਨੀਅਨ ਦੇ ਨੇਤਾਵਾਂ ਨੂੰ ਚੌਕਸ ਕੀਤਾ। "ਤੁਸੀਂ ਤਿੰਨਾਂ ਦੋਸ਼ੀਆਂ ਦੀਆਂ ਗਤੀਵਿਧੀਆਂ ਉੱਤੇ ਨਜ਼ਰ ਰੱਖੋ। ਸਮੇਂ-ਸਮੇਂ ਸੰਮਤੀ ਨੂੰ ਸੂਚਿਤ ਕਰੋ।"

ਤਿੰਨ ਦਿਨਾਂ ਬਾਅਦ ਸੰਮਤੀ ਨੂੰ ਮੁੱਢਲੀ ਜਾਣਕਾਰੀ ਮਿਲ ਗਈ।

ਕੋਠੀ ਅੰਦਰ ਕੰਮ ਕਰਦੇ ਨੌਕਰਾਂ ਨੇ ਦੱਸਿਆ, "ਹਰਮਨਬੀਰ ਦੋ ਮਹੀਨੇ ਤੋਂ ਗ਼ਾਇਬ ਹੈ। ਪਹਿਲਾਂ ਉਸ ਨੂੰ ਦਿੱਲੀ ਭੇਜਿਆ ਗਿਆ। ਉਥੋਂ ਬਾਹਰਲੇ ਮੁਲਕ ਲਈ ਜਹਾਜ਼ ਚੜ੍ਹਾ ਦਿੱਤਾ ਗਿਆ।



ਉਹ ਕਿਸ ਦੇਸ਼ ਅਤੇ ਕਿਸ ਰਿਸ਼ਤੇਦਾਰ ਕੋਲ ਠਹਿਰਿਆ ਹੈ, ਇਸ ਦਾ ਪਤਾ ਲਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਮਿੱਲ ਮਾਲਕ ਕਾਕੇ ਨੂੰ ਪੁੱਠੇ ਰਾਹ ਪਾਉਣ ਵਾਲੇ ਨੌਕਰਾਂ 'ਤੇ ਡਾਢਾ ਦੁਖੀ ਹੈ। ਜੁੱਤੀਆਂ ਮਾਰ ਕੇ ਦੋਹਾਂ ਨੂੰ ਨੌਕਰੀਉਂ ਕੱਢਿਆ ਜਾ ਚੁੱਕਿਆ ਹੈ।

ਮਾਲਕ ਵੱਲੋਂ ਅਫ਼ਵਾਹ ਫੈਲਾਈ ਗਈ ਹੈ, "ਨਿਪਾਲੀ ਨਿਪਾਲ ਨੂੰ ਦੌੜ ਗਿਆ ਹੈ।" ਪਰ ਇਹ ਸੱਚ ਨਹੀਂ ਹੈ। ਮਾਲਕ ਨੇ ਥਾਪੇ ਨੂੰ ਦਿੱਲੀਉਂ ਲਿਆਂਦਾ ਸੀ। ਉਸ ਨੂੰ ਉਥੇ ਹੀ ਪਹੁੰਚਾਇਆ ਗਿਆ ਹੈ। ਥਾਪੇ ਦੇ ਰਿਸ਼ਤੇਦਾਰਾਂ ਨੂੰ ਤਾੜਨਾ ਕੀਤੀ ਗਈ ਹੈ, "ਜਲਦੀ ਇਸ ਨੂੰ ਅੱਗੇ ਪਿੱਛੇ ਕਰ ਦਿਉ। ਪੁਲਿਸ ਕਿਸੇ ਵੀ ਸਮੇਂ ਇਸ ਨੂੰ ਫੜਨ ਆ ਸਕਦੀ ਹੈ।" ਹੁਕਮ ਮੰਨ ਕੇ ਰਿਸ਼ਤੇਦਾਰਾਂ ਨੇ ਥਾਪੇ ਨੂੰ ਕਿਧਰੇ ਦੂਰ-ਦੁਰਾਡੇ ਭੇਜ ਦਿੱਤਾ ਹੈ। ਯੂਨੀਅਨ ਵਾਲਿਆਂ ਦਾ ਉਸ ਨਾਲ ਸੰਪਰਕ ਸਥਾਪਤ ਹੋਣ ਵਾਲਾ ਹੈ।

ਨਸ਼ਿਆਂ ਦੀ ਤੋਟ ਕਾਰਨ ਅੱਧ-ਮੋਇਆ ਹੋਇਆ ਡਰਾਈਵਰ ਸਰਕਾਰੀ ਹਸਪਤਾਲ ਦੇ ਨਸ਼ਾ-ਛੁਡਾਊ ਵਾਰਡ ਵਿਚ ਪਿਆ ਮੌਤ ਨਾਲ ਜੂਝ ਰਿਹਾ ਹੈ।

ਪੈਰਾ-ਮੈਡੀਕਲ ਸਾਥੀਆਂ ਦੀ ਸਹਾਇਤਾ ਨਾਲ ਉਸ ਦੀ ਹੱਥ-ਲਿਖਤ ਦਾ ਨਮੂਨਾ ਹਾਸਲ ਕੀਤਾ ਗਿਆ।

"ਸ਼ੰਕਰ ਦਾਸ ਅਤੇ ਮੈਨੇਜਰ ਕੋਲੋਂ ਮਿਲੀਆਂ ਚਿੱਠੀਆਂ ਡਰਾਈਵਰ ਦੀਆਂ ਲਿਖੀਆਂ ਹੋਈਆਂ ਸਨ।"

ਇਹ ਰਿਪੋਰਟ ਮਿਲਦਿਆਂ ਹੀ ਸੰਮਤੀ ਵਾਲਿਆਂ ਨੇ ਪ੍ਰੈਸ ਕਾਨਫ਼ਰੰਸ ਬੁਲਾਈ ਅਤੇ ਸਮੇਤ ਸਬੂਤਾਂ ਦੇ ਬੰਟੀ ਦੇ ਕਾਤਲਾਂ ਦੇ ਨਾਂ ਨਸ਼ਰ ਕਰ ਦਿੱਤੇ।

# 19

ਸੁੰਦਰ ਹੋਰਾਂ ਨੂੰ ਰਾਤ ਨੂੰ ਪਤਾ ਲੱਗ ਗਿਆ ਸੀ। ਉਹਨਾਂ ਦੀ ਗਿਣਤੀ ਵਿਚ ਵਾਧਾ ਹੋਣ ਵਾਲਾ ਹੈ।

ਜੇਲ੍ਹ ਅਧਿਕਾਰੀ ਇਸ ਬੈਰਕ ਵਿਚ ਬੰਦ ਕੈਦੀਆਂ ਨੂੰ ਬਦਮਾਸ਼ ਆਖਦੇ ਹਨ। ਇਸ ਲਈ ਜੇਲ੍ਹ ਰਿਕਾਰਡ ਵਿਚ ਇਸ ਬੈਰਕ ਦਾ ਨਾਂ 'ਬਦਮਾਸ਼ਾਂ ਵਾਲੀ ਬੈਰਕ' ਹੈ। ਸੁੰਦਰ ਹੋਰੀਂ ਆਖਦੇ ਹਨ, ਉਹਨਾਂ ਨੂੰ ਕੈਦ ਬਹਾਦਰੀ ਵਾਲੇ ਕੰਮ ਕਾਰਨ ਹੋਈ ਹੈ। ਉਹ ਆਪਣੇ ਆਪ ਨੂੰ ਸੂਰਮੇ ਸਮਝਦੇ ਹਨ। ਇਸ ਲਈ ਜੇਲ੍ਹ ਦੇ ਬਾਕੀ ਕੈਦੀ ਇਸ ਨੂੰ 'ਬਹਾਦਰਾਂ ਵਾਲੀ ਬੈਰਕ' ਆਖਦੇ ਹਨ।

"ਉਹਨਾਂ ਦੀ ਬੈਰਕ ਵਿਚ ਆਉਣ ਵਾਲੇ ਪਾਲੇ ਨੇ ਕਿਹੜੀਆਂ-ਕਿਹੜੀਆਂ ਮੱਲਾਂ ਮਾਰੀਆਂ ਹਨ ? ਉਹ ਕਿਥੋਂ ਦਾ ਸੂਰਮਾ ਹੈ ?" ਸਵੇਰ ਤੋਂ ਸਿਰ ਜੋੜ ਕੇ ਉਹ ਸੋਚ ਰਹੇ ਹਨ।

ਤਿੰਨ ਮਹੀਨੇ ਤਕ ਕੋਠੀ ਵਿਚ ਬੰਦ ਕੈਦੀਆਂ ਨੂੰ ਇਹ ਸੋਚਣ ਦੀ ਵਿਹਲ ਨਹੀਂ ਸੀ ਮਿਲੀ ਕਿ ਉਹਨਾਂ ਦੇ ਮੁਸ਼ੱਕਤੀ ਦਾ ਪਿਛੋਕੜ ਕੀ ਹੈ ? ਉਹਨਾਂ ਲਈ ਬੱਸ ਏਨਾ ਹੀ ਕਾਫ਼ੀ ਸੀ ਕਿ ਉਹ ਭਲਾਮਾਣਸ ਹੈ ਅਤੇ ਉਹਨਾਂ ਦੀ ਦਿਲੋਂ ਸੇਵਾ ਕਰ ਰਿਹਾ ਹੈ।

ਜਦੋਂ ਵਿਧਾਇਕ ਨੂੰ ਪਤਾ ਲੱਗਾ, ਉਹਨਾਂ ਦਾ ਮੁਸ਼ੱਕਤੀ ਅੱਤਵਾਦੀ ਹੈ ਤਾਂ ਉਸ ਦਾ ਦਿਲ ਧੜਕਣ ਲੱਗਾ। ਉਹ ਇਕ ਸਿੰਘ ਕੋਲੋਂ ਜੁੱਤੀਆਂ ਪਾਲਸ਼ ਕਰਾਉਂਦਾ ਹੈ, ਲੱਤਾਂ ਘੁਟਵਾਉਂਦਾ ਹੈ, ਇਹ ਜਾਣ ਕੇ ਕੋਈ ਅੱਤਵਾਦੀ ਜਥੇਬੰਦੀ ਭੜਕ ਨਾ ਜਾਵੇ। ਉਸ ਵਿਰੁੱਧ ਹੁਕਮਨਾਮਾ ਜਾਰੀ ਨਾ ਕਰ ਦੇਵੇ। ਇਹ ਮੁੱਖ ਮੰਤਰੀ ਦੀ ਕੋਈ ਨਵੀਂ ਸ਼ਰਾਰਤ ਨਾ ਹੋਵੇ। 'ਇਸ ਦੇ ਅੱਤਵਾਦੀਆਂ ਨਾਲ ਸੰਬੰਧ ਹਨ' ਇਸ ਬਹਾਨੇ ਰਿਹਾਈ ਨਾ ਰੁਕਵਾਉਣੀ ਹੋਵੇ। ਉਸ ਦੀ ਪੈਰਵਾਈ ਲੋਕ ਸੰਘਰਸ਼ ਸੰਮਤੀ ਨਾਂ ਦੀ ਕੋਈ ਸੰਸਥਾ ਕਰ ਰਹੀ ਹੈ। ਵਿਧਾਇਕ ਨੂੰ ਜੇਲ੍ਹ ਅੰਦਰ ਪੰਜ ਸਿਤਾਰਾ ਸਹੂਲਤਾਂ ਮਿਲਦੀਆਂ ਹਨ, ਕਦੇ ਉਸ ਨੂੰ ਇਹ ਪਤਾ ਨਾ ਲੱਗ ਜਾਏ।

ਡਰਦੇ ਵਿਧਾਇਕ ਨੇ ਜੇਲ੍ਹ ਸੁਪਰਡੈਂਟ ਕੋਲ ਗਿਲਾ ਕੀਤਾ, "ਤੂੰ ਜਾਣ-ਬੁਝ ਕੇ ਮੈਨੂੰ ਖ਼ਤਰੇ ਵਿਚ ਪਾਇਆ ਹੈ।"

ਜੇਲ੍ਹ ਸੁਪਰਡੈਂਟ ਨੇ ਸਹੁੰਆਂ ਖਾਧੀਆਂ, "ਪਾਲਾ ਖ਼ਤਰਨਾਕ ਬੰਦਾ ਨਹੀਂ ਹੈ। ਉਸ ਦਾ ਅੱਤਵਾਦੀਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਸ ਦੇ ਕੇਸ ਕੱਟੇ ਹੋਏ ਹਨ, ਇਸ ਦਾ ਇਹੋ ਸਬੂਤ ਬਥੇਰਾ ਹੈ। ਜੇ ਉਹ ਅੱਤਵਾਦੀ ਹੁੰਦਾ ਤਾਂ ਉਸ ਨੂੰ ਸਿੰਘਾਂ ਵਾਲੀ ਬੈਰਕ ਵਿਚ ਨਾ ਭੇਜਦੇ ? ਫੇਰ ਵੀ ਗੋਲੀ ਕਿਹਦੀ, ਗਹਿਣੇ ਕੀਹਦੇ। ਜੇ ਕੋਈ ਸ਼ੱਕ ਹੈ ਤਾਂ ਹੁਣੇ ਉਸ ਨੂੰ ਇਥੋਂ ਭਜਾ ਦਿੰਦਾ ਹਾਂ।"

"ਪਾਲੇ ਨੂੰ ਕਿਸ ਬੈਰਕ ਵਿਚ ਭੇਜਿਆ ਜਾਵੇ ?" ਸੁਪਰਡੈਂਟ ਨੇ ਕੋਠੀ ਬੈਠੇ-ਬੈਠੇ ਹੀ ਹਿਸਾਬ ਲਾ ਲਿਆ।



ਪਾਲੇ ਦੇ ਸਾਥੀ ਪੰਛੀਆਂ ਵਾਲੀ ਬੈਰਕ ਵਿਚ ਬੰਦ ਸਨ, ਪਰ ਇਸ ਵਾਰ ਉਸ ਨੂੰ ਸਜ਼ਾ ਚੋਰੀ ਜਾਂ ਜੇਬਾਂ ਕੱਟਣ ਦੇ ਜੁਰਮ ਵਿਚ ਨਹੀਂ ਸੀ ਹੋਈ। ਇਸ ਲਈ ਉਸ ਨੂੰ ਪੰਛੀਆਂ ਵਾਲੀ ਬੈਰਕ ਵਿਚ ਨਹੀਂ ਸੀ ਭੇਜਿਆ ਜਾ ਸਕਦਾ। ਅਦਾਲਤ ਨੇ ਉਸ ਨੂੰ ਅੱਤਵਾਦੀ ਆਖਿਆ ਸੀ, ਪਰ ਸਿੰਘਾਂ ਨੇ ਉਸ ਨੂੰ ਆਪਣੀ ਬੈਰਕ ਵਿਚ ਵੜਨ ਨਹੀਂ ਸੀ ਦੇਣਾ। ਇਸ ਕਾਤਲ ਲਈ ਬਦਮਾਸ਼ਾਂ ਵਾਲੀ ਬੈਰਕ ਠੀਕ ਰਹਿਣੀ ਸੀ।

ਉਸੇ ਹੁਕਮ ਦੀ ਪਾਲਣਾ ਲਈ ਪਾਲਾ ਬਹਾਦਰਾਂ ਦੀ ਬੈਰਕ ਵਿਚ ਆ ਰਿਹਾ ਸੀ।

ਸੋਚ-ਵਿਚਾਰ ਬਾਅਦ ਸੁੰਦਰ ਹੋਰਾਂ ਨੇ ਸਿੱਟਾ ਕੱਢਿਆ, "ਪਾਲੇ ਹੋਰਾਂ ਨੇ ਕਿਸੇ ਅਮੀਰ ਘਰ ਨਾਲ ਪੰਗਾ ਨਹੀਂ ਸੀ ਲਿਆ। ਰਕਮ ਵੀ ਮਾਮੂਲੀ ਜਿਹੀ ਮੰਗੀ ਸੀ। ਕਿਸੇ ਅੱਤਵਾਦੀ ਧੜੇ ਨੇ ਨਾ ਇਸ ਵਾਰਦਾਤ ਦੀ ਜ਼ਿੰਮੇਵਾਰੀ ਲਈ ਸੀ, ਨਾ ਉਹਨਾਂ ਨੂੰ ਕਬੂਲਿਆ ਸੀ। ਇਸ ਲਈ ਪਾਲਾ ਅੱਤਵਾਦੀ ਨਹੀਂ ਸੀ।"

ਫੇਰ ਵੀ ਉਹ ਕੋਈ ਬਲਾ ਜ਼ਰੂਰ ਸੀ। ਉਹਨਾਂ ਕਾਰਨ ਸ਼ਹਿਰ ਦੋ ਧੜਿਆਂ ਵਿਚ ਵੰਡਿਆ ਜਾ ਚੁੱਕਾ ਸੀ। ਮੁੱਖ ਧੜਾ ਉਹਨਾਂ ਦੀ ਪਿੱਠ 'ਤੇ ਸੀ। ਉਹਨਾਂ ਨੂੰ ਨਿਰਦੋਸ਼ ਸਿੱਧ ਕਰਨ ਲਈ ਸਿਰਤੋੜ ਯਤਨ ਕਰ ਰਿਹਾ ਸੀ।

ਸੁੰਦਰ ਹੋਰੀਂ ਦੋਚਿੱਤੀ ਵਿਚ ਪੈ ਗਏ। ਸਮਝ ਨਹੀਂ ਆਈ, ਉਹ ਪਾਲੇ ਨੂੰ ਬਹਾਦਰ ਮੰਨ ਕੇ ਉਸ ਦਾ ਸਵਾਗਤ ਕਰਨ ਜਾਂ ਚੋਰ-ਉਚੱਕਾ ਸਮਝ ਕੇ ਉਸ ਤੋਂ ਵਗਾਰ ਲੈਣ।

ਬਹਾਦਰਾਂ ਵਿਚੋਂ ਸੁੰਦਰ ਸਭ ਤੋਂ ਵੱਧ ਚੁਸਤ-ਚਲਾਕ ਸੀ। ਉਸੇ ਦੀ ਡਿਊਟੀ ਲਾਈ ਗਈ। ਉਹ ਪਾਲੇ ਨੂੰ ਪੈਰੋਂ ਕੱਢੇ।

ਇਹ ਬੈਰਕ ਛੋਟੀ ਸੀ ਅਤੇ ਕੈਦੀਆਂ ਦੀ ਗਿਣਤੀ ਵੀ ਥੋੜ੍ਹੀ ਸੀ। ਖੁੱਡਾ ਲੱਭਣ ਲਈ ਪਾਲੇ ਨੂੰ ਕੋਈ ਦਿੱਕਤ ਪੇਸ਼ ਨਹੀਂ ਆਈ।

ਆਸਨ ਲਾਉਣ ਬਾਅਦ, ਬੈਰਕ ਦਾ ਜਾਇਜ਼ਾ ਲੈਣ ਲਈ ਪਾਲੇ ਨੇ ਇਧਰ-ਉਧਰ ਨਜ਼ਰ ਦੌੜਾਈ।

ਦੋਵੇਂ ਚਬੂਤਰੇ ਰੰਗ-ਬਰੰਗੇ ਵਿਛੌਣਿਆਂ ਨਾਲ ਢੱਕੇ ਹੋਏ ਸਨ। ਇੰਜ ਜਾਪਦਾ ਸੀ ਜਿਵੇਂ ਕੋਈ ਗਲੀਚਾ ਵਿਛਿਆ ਹੋਵੇ।

ਸ਼ੈਲਫ਼ਾਂ ਕੀਮਤੀ ਸਮਾਨ ਨਾਲ ਤੁੰਨੀਆਂ ਹੋਈਆਂ ਸਨ।

ਇਹ ਸੁੱਖ-ਸਹੂਲਤਾਂ ਦੇਖ ਕੇ ਪਾਲੇ ਨੂੰ ਸੁੱਖ ਦਾ ਸਾਹ ਆਇਆ। ਇਸ ਬੈਰਕ ਕੇ ਬਸ਼ਿੰਦੇ ਖਾਂਦੇ-ਪੀਂਦੇ ਘਰਾਂ ਦੇ ਅਤੇ ਅਸਰ-ਰਸੂਖ਼ ਵਾਲੇ ਸਨ। ਇਥੇ ਵੀ ਦਿਨ ਚੰਗੇ ਨਿਕਲਣਗੇ। ਪਾਲੇ ਨੇ ਸੋਚਿਆ।

ਵਿਹਲਾ ਹੋ ਕੇ ਉਸ ਨੇ ਅੰਗੜਾਈ ਭੰਨੀ ਹੀ ਸੀ ਕਿ ਸੁੰਦਰ ਹੋਰਾਂ ਨੇ ਆ ਘੇਰਿਆ।

"ਤੂੰ ਬਹਾਦਰ ਕਿਵੇਂ ਹੋਇਆ ? ਤੂੰ ਇਕ ਬੱਚੇ ਨੂੰ ਮਾਰਿਆ ਹੈ। ਉਹ ਵੀ ਸਿਰਫ਼ ਪੰਜ ਹਜ਼ਾਰ ਖ਼ਾਤਰ।"

"ਮੈਂ ਕਿਸੇ ਨੂੰ ਨਹੀਂ ਮਾਰਿਆ। ਮੈਨੂੰ ਝੂਠਾ ਫਸਾਇਆ ਗਿਆ ਹੈ।"

ਅਚਾਨਕ ਬਾਹੋਂ ਫੜ ਕੇ ਝੰਜੋੜੇ ਜਾਣ ਕਾਰਨ ਡਰੇ ਪਾਲੇ ਨੇ ਸਫ਼ਾਈ ਪੇਸ਼ ਕੀਤੀ।

"ਮੈਂ ਕਤਲ ਨਹੀਂ ਕੀਤਾ, ਮੈਂ ਬੇਕਸੂਰ ਹਾਂ। ਬੇਵਕੂਫ਼ ! ਇਹ ਪਾਠ ਵਕੀਲ ਅਦਾਲਤ ਵਿਚ ਸੁਣਾਉਣ ਲਈ ਪੜ੍ਹਾਉਂਦੇ ਹਨ। ਹੁਣ ਤੂੰ ਅਦਾਲਤ ਵਿਚ ਨਹੀਂ, ਜੇਲ੍ਹ ਵਿਚ ਖੜਾ ਏਂ। ਇਥੇ

ਹਰ ਕੋਈ ਸੱਚ ਬੋਲਦਾ ਹੈ। ਸੱਚ ਬੋਲਣ 'ਤੇ ਦੁਬਾਰਾ ਸਜ਼ਾ ਨਹੀਂ ਹੋਣ ਲੱਗੀ। ਤੇਰਾ ਡਰ ਦੂਰ ਕਰਨ ਲਈ ਪਹਿਲਾਂ ਮੈਂ ਆਪਣੇ ਕਾਰਨਾਮਿਆਂ ਬਾਰੇ ਦੱਸਦਾ ਹਾਂ। ਹੁਣ ਤਕ ਮੈਂ ਤਿੰਨ ਕਤਲ ਕਰ ਚੁੱਕਾ ਹਾਂ। ਦੋ ਦੀ ਅਜੇ ਤਕ ਮੁਸ਼ਕ ਨਹੀਂ ਨਿਕਲੀ, ਤੀਜੇ ਵਿਚ ਫਸਿਆ ਹਾਂ।"

ਆਖਦਾ ਸੁੰਦਰ ਆਪਣੀ ਬਹਾਦਰੀ ਦੇ ਕਿੱਸੇ ਸੁਣਾਉਣ ਲੱਗਾ।

ਸੁੰਦਰ ਨੇ ਪਹਿਲਾ ਕਤਲ ਇਕ ਸੇਠ ਤੋਂ ਸੁਪਾਰੀ ਲੈ ਕੇ ਕੀਤਾ ਸੀ। ਸੇਠ ਨੇ ਆਪਣਾ ਸਾਂਝੂ ਮਰਵਾਇਆ ਸੀ। ਦੋਹਾਂ ਦਾ ਵਪਾਰ ਸਾਂਝਾ ਸੀ। ਵਪਾਰ ਵਿਚੋਂ ਚੋਖਾ ਪੈਸਾ ਬਣ ਗਿਆ ਸੀ। ਦੋਹਾਂ ਨੂੰ ਵਾਧੂ ਪੈਸਾ ਹਜ਼ਮ ਕਰਨਾ ਔਖਾ ਹੋ ਰਿਹਾ ਸੀ। ਦੋਹਾਂ ਵਿਚ ਤਕਰਾਰ ਰਹਿਣ ਲੱਗਾ। ਤਕਰਾਰ ਵਧ ਕੇ ਇਕ-ਦੂਜੇ ਦੇ ਖ਼ੂਨ ਦੇ ਪਿਆਸੇ ਹੋਣ ਤਕ ਪੁੱਜ ਗਿਆ। ਇਸ ਤੋਂ ਪਹਿਲਾਂ ਕਿ ਦੂਜਾ ਪਹਿਲੇ ਦੀ ਜਾਨ ਲੈਂਦਾ, ਪਹਿਲਾ ਸੁੰਦਰ ਦੀ ਸ਼ਰਨ ਆ ਗਿਆ। ਕਿਸੇ ਨੂੰ ਅੱਜ ਤਕ ਪਤਾ ਨਹੀਂ ਲੱਗਾ, ਸੀਵਰੇਜ ਦੇ ਗਟਰ ਵਿਚ ਸਾਂਝੂ ਅਚਾਨਕ ਡਿੱਗਾ ਸੀ ਜਾਂ ਕਿਸੇ ਨੇ ਡੇਗਿਆ ਸੀ।

ਦੂਜੇ ਕਤਲ ਦਾ ਪਿਛੋਕੜ ਵੀ ਪਹਿਲੇ ਵਰਗਾ ਸੀ। ਉਥੇ ਝਗੜਾ ਮਾਲਕ ਅਤੇ ਕਿਰਾਏਦਾਰ ਦਾ ਸੀ। ਵੀਹ ਸਾਲ ਪਹਿਲਾਂ ਕਿਰਾਏਦਾਰ ਮਾਲਕ ਦਾ ਹੁੱਕਾ ਭਰਿਆ ਕਰਦਾ ਸੀ। ਲੰਬੀ ਸੇਵਾ ਦਾ ਫਲ ਦੇਣ ਲਈ ਮਾਲਕ ਨੇ ਨੌਕਰ ਨੂੰ ਹੱਟੀ ਪਾਉਣ ਲਈ ਪੈਸਾ ਵੀ ਦਿੱਤਾ ਅਤੇ ਹੱਟੀ ਲਈ ਥਾਂ ਵੀ। ਮਿਹਨਤੀ ਨੌਕਰ ਨੇ ਦਿਨਾਂ ਵਿਚ ਕੰਮ ਚਮਕਾ ਲਿਆ। ਦੁਕਾਨ ਫ਼ੈਕਟਰੀ ਵਿਚ ਬਦਲ ਗਈ।

ਮਾਲਕ ਨੂੰ ਨੌਕਰ ਦੀ ਤਰੱਕੀ 'ਤੇ ਕੋਈ ਸਾੜਾ ਨਹੀਂ ਸੀ।

ਸਮੱਸਿਆ ਉਸ ਸਮੇਂ ਸ਼ੁਰੂ ਹੋਈ ਜਦੋਂ ਫ਼ੈਕਟਰੀ ਕੋਲ ਦੀ ਬਾਈਪਾਸ ਨਿਕਲਿਆ। ਜ਼ਮੀਨ ਦਾ ਭਾਅ ਸੌ ਗੁਣਾ ਵਧ ਗਿਆ। ਗੱਡੀਆਂ ਦੇ ਸ਼ੋਅ-ਰੂਮ ਇਸੇ ਬਾਈਪਾਸ 'ਤੇ ਖੁੱਲ ਗਏ। ਟਾਟਾ ਕੰਪਨੀ ਵੱਲੋਂ ਮਾਲਕ ਦੇ ਮੁੰਡਿਆਂ ਕੋਲ ਪੇਸ਼ਕਸ਼ ਆਈ। 'ਕੰਪਨੀ ਨੂੰ ਜਗ੍ਹਾ ਪਸੰਦ ਹੈ। ਜੇ ਫ਼ੈਕਟਰੀ ਵਾਲੀ ਥਾਂ ਖ਼ਾਲੀ ਕਰਵਾ ਕੇ ਉਥੇ ਵੱਡਾ ਸ਼ੋਅ-ਰੂਮ ਬਣਾ ਦਿੱਤਾ ਜਾਵੇ ਤਾਂ ਕੰਪਨੀ ਮਾਲਕਾਂ ਨੂੰ ਜ਼ਿਲ੍ਹਿਆਂ ਦਾ ਡਿਸਟਰੀਬਿਊਟਰ ਬਣਾ ਸਕਦੀ ਹੈ।' ਮੁੰਡਿਆਂ ਦੇ ਮੂੰਹ ਵਿਚ ਪਾਣੀ ਆ ਗਿਆ। ਕੰਪਨੀ ਦਾ ਨਾਂ ਵਿਕਦਾ ਸੀ। ਦਿਨ ਵਿਚ ਤਿੰਨ-ਤਿੰਨ, ਚਾਰ-ਚਾਰ ਗੱਡੀਆਂ ਵਿਕਦੀਆਂ ਸਨ। ਗੱਦੀ 'ਤੇ ਬੈਠੇ-ਬਿਠਾਏ ਲੱਖਾਂ ਰੁਪਿਆ ਬਣਨਾ ਸੀ। ਆਪਣੇ ਪੁਰਾਣੇ ਅਹਿਸਾਨ ਦੀ ਯਾਦ ਦਿਵਾ ਕੇ ਉਹ ਨੌਕਰ ਨੂੰ ਥਾਂ ਖ਼ਾਲੀ ਕਰਨ ਲਈ ਪ੍ਰੇਰਨ ਲੱਗੇ। ਨੌਕਰ ਦਾ ਨੁਕਸਾਨ ਨਾ ਹੋਵੇ, ਇਸ ਲਈ ਫ਼ੈਕਟਰੀ ਜਿੰਨੀ ਥਾਂ ਕਿਧਰੇ ਹੋਰ ਖ਼ਰੀਦ ਕੇ ਦੇਣ ਦੀ ਪੇਸ਼ਕਸ਼ ਕਰਨ ਲੱਗੇ।

ਪਰ ਕਰਿੰਦਾ ਕਿਸੇ ਤਰ੍ਹਾਂ ਲੋਟ ਨਾ ਆਇਆ। ਅਖ਼ੀਰ ਮਾਲਕਾਂ ਨੂੰ ਕੌੜਾ ਘੁੱਟ ਕਰਨਾ ਪਿਆ। ਅੱਜ ਤਕ ਕਿਸੇ ਨੂੰ ਪਤਾ ਨਹੀਂ ਲੱਗਾ, ਉਸ ਉਪਰ ਟਰੱਕ ਅਚਾਨਕ ਆ ਚੜ੍ਹਿਆ ਸੀ ਜਾਂ ਕਿਸੇ ਨੇ ਜਾਣ-ਬੁਝ ਕੇ ਚੜ੍ਹਾਇਆ ਸੀ।

ਜਦੋਂ ਸੁੰਦਰ ਫਸਣ 'ਤੇ ਆਇਆ ਤਾਂ ਉਂਝ ਹੀ ਫਸ ਗਿਆ।

ਕੈਨੇਡਾ ਤੋਂ ਆਈ ਇਕ ਕੁੜੀ ਨੇ ਪਿੰਡ ਦੇ ਮੁੰਡੇ ਨਾਲ ਇਸ਼ਕ-ਪੇਚੇ ਪਾ ਲਏ। ਕੁੜੀ ਨੂੰ ਸੈਰ ਕਰਾਉਣ ਲਈ ਰਿਸ਼ਤੇਦਾਰਾਂ ਨੇ ਇਕ ਮਹੀਨੇ ਲਈ ਟੈਕਸੀ ਕਰਾ ਦਿੱਤੀ। ਮੁੰਡਾ ਟੈਕਸੀ ਡਰਾਈਵਰ ਸੀ। ਕੁੜੀ ਨੂੰ ਮੁੰਡੇ ਦੀ ਜ਼ਿੰਦਾਦਿਲੀ ਪਸੰਦ ਆ ਗਈ। ਉਸ ਨੇ ਕੈਨੇਡਾ ਦੀਆਂ ਰੰਗੀਨੀਆਂ ਨੂੰ ਭੁਲਾ ਕੇ ਮੁੰਡੇ ਨਾਲ ਵਿਆਹ ਕਰਵਾ ਲਿਆ। ਕੈਨੇਡਾ ਬੈਠੇ ਕੁੜੀ ਦੇ ਮਾਪਿਆਂ ਨੂੰ ਕੁੜੀ ਦੇ ਇਸ ਕਾਰਨਾਮੇ 'ਤੇ ਨਮੋਸ਼ੀ ਹੋਈ। ਉਥੇ ਬੈਠਿਆਂ ਹੀ ਇਧਰਲੇ ਰਿਸ਼ਤੇਦਾਰਾਂ ਰਾਹੀਂ ਉਹਨਾਂ ਨੇ ਮੁੰਡੇ ਵਿਰੁੱਧ ਕੁੜੀ ਨੂੰ ਵਰਗਲਾਉਣ ਅਤੇ ਵਿਆਹ ਕਰਾਉਣ ਲਈ ਉਕਸਾਉਣ ਦਾ



ਮੁਕੱਦਮਾ ਦਰਜ ਕਰਵਾ ਦਿੱਤਾ। ਕੁੜੀ ਨੇ ਮਾਪਿਆਂ ਦੀ ਯੋਜਨਾ ਸਿਰੇ ਨਾ ਚੜ੍ਹਨ ਦਿੱਤੀ। ਕਚਹਿਰੀ ਆ ਕੇ ਉਸ ਨੇ ਬਿਆਨ ਦੇ ਦਿੱਤਾ, "ਮੈਂ ਮਰਜ਼ੀ ਨਾਲ ਮੁੰਡੇ ਨਾਲ ਵਿਆਹ ਕਰਵਾਇਆ ਹੈ।" ਵਿਦੇਸ਼ੀ ਕੁੜੀ ਦੇ ਬਿਆਨਾਂ ਨੂੰ ਨਜ਼ਰਅੰਦਾਜ਼ ਕਰਨਾ ਜੱਜ ਲਈ ਔਖਾ ਹੋ ਗਿਆ। ਮੁਕੱਦਮਾ ਖਾਰਜ ਹੋ ਗਿਆ। ਮੁੰਡੇ-ਕੁੜੀ ਦੇ ਰਿਸ਼ਤੇ ਉਪਰ ਕਾਨੂੰਨ ਦੀ ਮੋਹਰ ਲੱਗ ਗਈ। ਕੁੜੀ ਦੇ ਮਾਪਿਆਂ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਬਦਲਾ ਲੈਣ ਲਈ ਉਹਨਾਂ ਨੇ ਸੁੰਦਰ ਨਾਲ ਸੰਪਰਕ ਕੀਤਾ। ਦੋ ਕਤਲ ਕਰਨ ਕਾਰਨ ਸੁੰਦਰ ਦੇ ਹੌਸਲੇ ਬੁਲੰਦ ਸਨ। ਮੋਟੀ ਰਕਮ ਲੈ ਕੇ ਉਸ ਨੇ ਤੀਜਾ ਖ਼ੂਨ ਵੀ ਕਰ ਦਿੱਤਾ। ਇਧਰਲੀ ਪੁਲਿਸ ਨੇ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ, ਪਰ ਕੈਨੇਡਾ ਸਰਕਾਰ ਦੀ ਪੈਰਵੀ ਕਾਰਨ ਪੁਲਿਸ ਨੂੰ ਕਾਤਲ ਦਾ ਖੁਰਾ ਲੱਭਣਾ ਪਿਆ। ਪੈੜ ਦੱਬਦੀ-ਦੱਬਦੀ ਪੁਲਿਸ ਸੁੰਦਰ ਤਕ ਅੱਪੜ ਗਈ।

ਪਰ ਉਸ ਨੂੰ ਕੋਈ ਪਛਤਾਵਾ ਨਹੀਂ ਸੀ। ਘਟਨਾ ਦਾ ਕੋਈ ਚਸ਼ਮਦੀਦ ਗਵਾਹ ਨਹੀਂ ਸੀ। ਅਖ਼ੀਰ ਉਸ ਨੇ ਬਰੀ ਹੋ ਜਾਣਾ ਸੀ। ਬਾਹਰ ਜਾ ਕੇ ਫੇਰ ਇਹੋ ਜਿਹੇ ਕਾਰੇ ਕਰਨੇ ਸਨ।

"ਲੈ ਮੈਂ ਤਿੰਨਾਂ ਕਤਲਾਂ ਦਾ ਜੁਰਮ ਕਬੂਲ ਕਰ ਲਿਆ, ਜਿਸ ਨੇ ਮੇਰਾ ਫਨੂੰ ਪੱਟਣਾ ਹੈ, ਪੱਟ ਲਏ।"

ਸੁੰਦਰ ਨੇ ਹਿੱਕ ਥਾਪੜ ਕੇ ਆਖਿਆ।

"ਇਕੱਲਾ ਮੈਂ ਹੀ ਨਹੀਂ, ਇਥੇ ਸਭ ਆਪਣੀ ਬਹਾਦਰੀ ਦੇ ਕਿੱਸੇ ਸੁਣਾਉਂਦੇ ਹਨ। ਲੈ ਇਹਨਾਂ ਦੇ ਮੂੰਹੋਂ ਹੀ ਸੁਣ, ਕਿਸ ਨੇ ਕੀ ਚੰਨ ਚਾੜ੍ਹਿਆ ਹੈ।"

ਸੀਤਲ ਸਿੰਘ ਨੇ ਵੀਹ ਸਾਲਾਂ ਬਾਅਦ ਆਪਣੇ ਬਾਪ ਦੇ ਕਾਤਲਾਂ ਨੂੰ ਭਾਜੀ ਮੋੜੀ ਸੀ। ਜਦੋਂ ਦਾ ਉਹ ਜੇਲ੍ਹ ਆਇਆ ਸੀ, ਉਸ ਦਾ ਸੇਰ ਖ਼ੂਨ ਵਧ ਗਿਆ ਸੀ। ਉਸ ਦੇ ਬੁੱਢੇ ਦਾਦੇ ਅਤੇ ਵਿਧਵਾ ਮਾਂ ਦਾ ਵੀ ਧਰਤੀ 'ਤੇ ਪੱਬ ਨਹੀਂ ਲੱਗਦਾ। ਜੇਲ੍ਹ ਵਿਚ ਸੀਤਲ ਅਤੇ ਪਿੰਡ 'ਚ ਦਾਦਾ ਹੁੱਬ-ਹੁੱਬ ਸੀਤਲ ਦੇ ਕਾਰਨਾਮੇ ਸੁਣਾਉਂਦੇ ਸਨ।

ਸੀਤਲ ਨੇ ਲੋਕ ਭਲਾਈ ਦਾ ਕੰਮ ਕੀਤਾ ਸੀ। ਆਪਣੇ ਪਿੰਡ ਦੇ ਬਦਮਾਸ਼ ਨੂੰ ਸੱਥ ਵਿਚ ਢਾਹ ਕੇ ਪਹਿਲਾਂ ਉਸ ਦੇ ਮੂੰਹ ਵਿਚ ਪਿਸ਼ਾਬ ਕੀਤਾ ਸੀ। ਦਾੜ੍ਹੀ ਮੁੰਨੀ, ਫੇਰ ਡੱਕਰੇ ਕੀਤੇ। ਬਦਮਾਸ਼ ਨੇ ਦਸ ਸਾਲ ਤੋਂ ਅੱਤ ਚੁੱਕੀ ਹੋਈ ਸੀ। ਧੀ-ਭੈਣ ਦਾ ਬਾਹਰ ਨਿਕਲਣਾ ਦੁੱਭਰ ਹੋਇਆ ਪਿਆ ਸੀ। ਬਦਮਾਸ਼ ਦੇ ਕਤਲ ਵਾਲੀ ਰਾਤ ਸਾਰੇ ਪਿੰਡ ਵਿਚ ਦੀਪਮਾਲਾ ਹੋਈ। ਹੁਣ ਪੇਸ਼ੀ ਵਾਲੇ ਦਿਨ ਸਾਰਾ ਪਿੰਡ ਸੀਤਲ ਨੂੰ ਮਿਲਣ ਕਚਹਿਰੀ ਆਉਂਦਾ ਸੀ। ਉਸ ਦੀ ਬਹਾਦਰੀ ਦੇ ਸੋਹਲੇ ਗਾਉਂਦਾ ਸੀ। ਪਿੰਡ ਦੇ ਏਕੇ ਤੋਂ ਡਰ ਕੇ ਚਸ਼ਮਦੀਦ ਗਵਾਹਾਂ ਨੇ ਪੁਲਿਸ ਅਨੁਸਾਰ ਬਿਆਨ ਦੇਣੋਂ ਨਾਂਹ ਕਰ ਦਿੱਤੀ। ਕਿਸੇ ਵੀ ਦਿਨ ਉਹ ਬਰੀ ਹੋ ਸਕਦਾ ਸੀ। ਪਿੰਡ ਵਾਲਿਆਂ ਨੇ ਫ਼ੈਸਲਾ ਕੀਤਾ ਹੈ ਕਿ ਸੀਤਲ ਨੂੰ ਉਹ ਜਲੂਸ ਦੀ ਸ਼ਕਲ ਵਿਚ ਪਿੰਡ ਲਿਜਾਣਗੇ। ਅਗਲੀ ਵਾਰ ਸਰਬ-ਸੰਮਤੀ ਨਾਲ ਸਰਪੰਚ ਚੁਣਨਗੇ। ਸੀਤਲ ਨੂੰ ਉਸ ਦਿਨ ਦੀ ਬੇਸਬਰੀ ਨਾਲ ਉਡੀਕ ਸੀ।

ਅਵਤਾਰ ਨੇ ਆਪਣੀ ਨਾਨੀ ਦਾ ਫਾਹਾ ਵੱਢਿਆ ਸੀ। ਉਸ ਦਾ ਕੋਈ ਮਾਮਾ ਨਹੀਂ ਸੀ। ਵੱਡੀ ਮਾਸੀ ਨੇ ਨਾਨੀ ਹੱਥ ਉੱਤੇ ਚੜ੍ਹਾ ਰੱਖੀ ਸੀ। ਦਸੇ ਕਿੱਲੇ ਆਪਣੇ ਨਾਂ ਕਰਾਉਣ ਨੂੰ ਫਿਰਦੀ ਸੀ। ਉੱਡਦੀ-ਉੱਡਦੀ ਖ਼ਬਰ ਅਵਤਾਰ ਨੂੰ ਮਿਲ ਗਈ। "ਮਾਸੀ ਨੇ ਤਹਿਸੀਲ ਜਾ ਕੇ ਪੱਕੀ ਵਸੀਅਤ ਕਰਵਾ ਲਈ ਹੈ।" ਜੇ ਇਹ ਸੱਚ ਹੋਇਆ ਤਾਂ ਅਵਤਾਰ ਹੋਰਾਂ ਦੀ ਜ਼ਿੰਦਗੀ ਨਰਕ ਬਣ ਜਾਏਗੀ। ਅਵਤਾਰ ਦੇ ਬਾਪ ਦੇ ਹਿੱਸੇ ਮਸਾਂ ਦੋ ਕਿੱਲੇ ਜ਼ਮੀਨ ਆਉਂਦੀ ਸੀ। ਅਵਤਾਰ

ਨੂੰ ਰਿਸ਼ਤਾ ਨਾਨਕਿਆਂ ਵੱਲੋਂ ਆਉਣ ਵਾਲੀ ਜ਼ਮੀਨ ਦੇ ਸਿਰ ’ਤੇ ਹੋਇਆ ਸੀ। ਜੇ ਜ਼ਮੀਨ ਹੱਥੋਂ ਖੁੱਸ ਗਈ ਤਾਂ ਅਵਤਾਰ ਦੇ ਬਾਕੀ ਭੈਣ-ਭਰਾ ਕੁਆਰੇ ਰਹਿ ਜਾਣਗੇ। ਮਾਂ-ਬਾਪ ਦੀ ਹੱਲਾਸ਼ੇਰੀ ਮਿਲਣ ਬਾਅਦ, ਮਿਲਣ ਦੇ ਬਹਾਨੇ ਮਾਸੀ ਕੋਲ ਗਿਆ। ਅਵਤਾਰ ਬੁੱਢੀ ਨੂੰ ਜ਼ਬਰਦਸਤੀ ਕਾਰ ਵਿਚ ਸੁੱਟ ਲਿਆਇਆ ਸੀ। ਆਪਣੀ ਮਾਂ ਦੇ ਨਾਂ ਸਾਰੀ ਜ਼ਮੀਨ ਦੀ ਰਜਿਸਟਰੀ ਕਰਵਾ ਕੇ ਉਸ ਨੇ ਬੁੜੀ ਦਾ ਗਲਾ ਘੁੱਟ ਦਿੱਤਾ ਸੀ। ਮਾਸੀ ਦੇ ਆਉਣ ਤਕ ਬੁੜੀ ਦਾ ਸੰਸਕਾਰ ਹੋ ਚੁੱਕਾ ਸੀ।

ਅਵਤਾਰ ਦੇ ਵਿਰੁੱਧ ਕਤਲ ਦਾ ਮੁਕੱਦਮਾ ਦਰਜ ਹੋਇਆ ਸੀ, ਪਰ ਕੀ ਬੁੜੀ ਦਾ ਸੱਚਮੁੱਚ ਕਤਲ ਹੋਇਆ ਹੈ ? ਇਸ ਦਾ ਕੋਈ ਸਬੂਤ ਨਹੀਂ ਸੀ। ਵਕੀਲਾਂ ਨੇ ਮਾਸੀ ਨੂੰ ਸਮਝਾਇਆ। ਚਸ਼ਮਦੀਦ ਗਵਾਹਾਂ ਦੀ ਅਣਹੋਂਦ ਕਾਰਨ ਅਵਤਾਰ ਨੇ ਦੇਰ-ਸਵੇਰ ਬਰੀ ਹੋਣਾ ਹੈ। ਦੋ-ਚਾਰ ਕਿੱਲੇ ਜ਼ਮੀਨ ਮਿਲਦੀ ਹੋਵੇ ਤਾਂ ਸਮਝੌਤਾ ਕਰ ਲੈਣ ਵਿਚ ਭਲਾ ਹੈ। ਜਾੜ੍ਹ ਹੇਠ ਆਈ ਮਾਸੀ ਤਿੰਨ ਕਿੱਲੇ ਲੈ ਕੇ ਘਰ ਬੈਠ ਗਈ। ਇਕ ਕਿੱਲਾ ਮੁਕੱਦਮੇ ਉਪਰ ਲੱਗ ਗਿਆ। ਛੇ ਕਿੱਲੇ ਬਚ ਰਹਿਣ ਕਾਰਨ ਸਾਰਾ ਟੱਬਰ ਅਵਤਾਰ ਦੇ ਪੈਰ ਧੋ-ਧੋ ਪੀਂਦਾ ਸੀ। ਕਚਹਿਰੀ ਵਿਚ ਓਹ ਵੀ ਆਖੇਗਾ, ‘ਮੈਂ ਬੁੜੀ ਨਹੀਂ ਮਾਰੀ।’ ਇਥੇ ਭਾਈਚਾਰੇ ਵਿਚ ਉਹ ਆਪਣੇ ਜੁਰਮ ਦਾ ਇਕਬਾਲ ਹਿੱਕ ਤਾਣ ਕੇ ਕਰਦਾ ਸੀ।

ਰਹਿਮਾਨ ਹੋਰਾਂ ਨੂੰ ਦੋਹਰੇ ਕਤਲ ’ਤੇ ਕੋਈ ਪਛਤਾਵਾ ਨਹੀਂ। ਅਹਿਮਦੀਏ ਮੁਸਲਮਾਨਾਂ ਦਾ ਬੋਲਬਾਲਾ ਵਧਦਾ ਜਾ ਰਿਹਾ ਸੀ। ਦਿਨਾਂ ਵਿਚ ਉਹਨਾਂ ਨੇ ਇਲਾਕੇ ਵਿਚ ਦੋ ਮਸੀਤਾਂ ਅਤੇ ਤਿੰਨ ਮਦਰੱਸੇ ਉਸਾਰ ਲਏ ਸਨ। ਉਹਨਾਂ ਦੇ ਪੈਰੋਕਾਰਾਂ ਦੀ ਗਿਣਤੀ ਵਧਦੀ ਜਾ ਰਹੀ ਸੀ। ਰਹਿਮਾਨ ਹੋਰਾਂ ਲਈ ਅਹਿਮਦੀਏ ਕਾਲੇ ਨਾਗਾਂ ਵਾਂਗ ਖ਼ਤਰਨਾਕ ਸਨ। ਉਹਨਾਂ ਦਾ ਅਮਾਮ ਸਪੋਲੀਆਂ ਦੇ ਸਿਰ ਜਲਦੀ ਤੋਂ ਜਲਦੀ ਕਲਮ ਕਰਨ ਲਈ ਆਖਦਾ ਸੀ। ਮੌਕਾ ਤਾੜ ਕੇ ਉਹਨਾਂ ਦੋ ਸਪੋਲੀਏ ਮਸੀਤ ਵਿਚ ਚੁੱਕ ਲਿਆਂਦੇ। ਕੁੱਟ-ਕੁੱਟ ਉਹਨਾਂ ਨੂੰ ਦੋਜ਼ਖ਼ ਵਿਚ ਪਹੁੰਚ ਦਿੱਤਾ।

ਰਹਿਮਾਨ ਦੇ ਨਾਲ-ਨਾਲ ਉਹਨਾਂ ਦੀ ਜਮਾਤ ਨੂੰ ਉਹਨਾਂ ਦੇ ਇਸ ਕਾਰਨਾਮੇ ’ਤੇ ਫ਼ਖ਼ਰ ਸੀ। ਜੁਮੇਂ ਦੀ ਨਮਾਜ਼ ਵਾਲੇ ਦਿਨ ਉਹਨਾਂ ਦੀ ਬਹਾਦਰੀ ਦਾ ਗੁਣ-ਗਾਣ ਹੁੰਦਾ ਸੀ। ਹੋਰ ਨੌਜਵਾਨਾਂ ਲਈ ਉਹ ਪ੍ਰੇਰਨਾ-ਸ੍ਰੋਤ ਸਨ।

“ਕੰਜਰਾ, ਹੁਣ ਤਾਂ ਮੰਨ ਜਾ ਕਿ ਕਤਲ ਮੈਂ ਕੀਤਾ ਹੈ। ਅਸੀਂ ਤੈਨੂੰ ਬਹਾਦਰ ਮੰਨੀਏ ਅਤੇ ਆਪਣੇ ਭਾਈਚਾਰੇ ਵਿਚ ਸ਼ਾਮਲ ਕਰ ਲਈਏ।”

ਸੱਚ ਉਗਲਾਉਣ ਲਈ ਸੁੰਦਰ ਹਰ ਹੀਲਾ ਵਰਤ ਰਿਹਾ ਸੀ।

“ਮੈਂ ਸੱਚ ਕਹਿੰਨਾਂ ਭਾਅ ਜੀ, ਮੈਂ ਕਤਲ ਨਹੀਂ ਕੀਤਾ। ਪਹਿਲਾਂ ਮੈਂ ਛੋਟੇ-ਮੋਟੇ ਜੁਰਮ ਕਰਦਾ ਹੁੰਦਾ ਸੀ, ਹੁਣ ਉਹ ਵੀ ਛੱਡੇ ਹੋਏ ਹਨ ।”

“ਨਹੀਂ ਕੀਤਾ ਤਾਂ ਹੁਣ ਕਰ। ਛੋਟੇ-ਮੋਟੇ ਜੁਰਮਾਂ ਵਿਚ ਕੁਝ ਨਹੀਂ ਪਿਆ। ਵੱਡੇ ਜੁਰਮ ਕਰ ਕੇ ਵੱਡੀਆਂ ਰਕਮਾਂ ਵਸੂਲ। ਤੂੰ ਮੇਰੀ ਢਾਣੀ ਵਿਚ ਰਲ ਜਾ। ਬਿਨਾਂ ਕਤਲ ਕੀਤਿਆਂ ਤੈਨੂੰ ਸਜ਼ਾ ਹੋ ਗਈ। ਫੇਰ ਦੇਖੀਂ। ਭਰੀ ਸੱਥ ਵਿਚ ਕਤਲ ਕਰ ਕੇ ਵੀ ਬਰੀ ਹੋਏਂਗਾ। ਲਿਆ ਕੱਢ ਹੱਥ।”

ਪਾਲਾ ਸੁੰਦਰ ਨਾਲ ਹੱਥ ਮਿਲਾਉਣ ਦੇ ਹੱਕ ਵਿਚ ਨਹੀਂ ਸੀ। ਨਾਂਹ ਕਰ ਕੇ ਮਗਰਮੱਛ ਨਾਲ ਦੁਸ਼ਮਣੀ ਵੀ ਮੁੱਲ ਨਹੀਂ ਸੀ ਲਈ ਜਾ ਸਕਦੀ।

ਪਾਲੇ ਨੇ ਚੁੱਪ ਵੱਟ ਲਈ।



ਸੁੰਦਰ ਨੇ ਵੀ ਘਾਟ-ਘਾਟ ਦਾ ਪਾਣੀ ਪੀਤਾ ਹੋਇਆ ਸੀ। ਝੱਟ ਤਾੜ ਗਿਆ। “ਪਾਲਾ ਸਾਧਾਰਨ ਬੰਦਾ ਨਹੀਂ ਹੈ। ਗੁੱਝੀ ਸ਼ੈਅ ਹੈ। ਤਾਂ ਹੀ ਕਈ-ਕਈ ਧੜਿਆਂ ਨਾਲ ਪਿੱਠ ਜੋੜੀ ਫਿਰਦਾ ਹੈ।”

ਹਾਲ ਦੀ ਘੜੀ ਸੁੰਦਰ ਨੂੰ ਚੁੱਪ ਰਹਿਣ ਵਿਚ ਹੀ ਭਲਾਈ ਲੱਗੀ।

“ਚੰਗਾ, ਸੋਚ ਕੇ ਦੱਸੀਂ।”

ਆਖਦੇ ਸੁੰਦਰ ਨੇ ਵੀ ਦੜ ਵੱਟ ਲਈ।

# 20

ਬੰਟੀ ਦੇ ਅਸਲ ਕਾਤਲਾਂ ਦੇ ਨਾਂ ਉਜਾਗਰ ਹੋ ਚੁੱਕੇ ਸਨ। ਸੰਮਤੀ ਨੇ ਹਰਮਨਬੀਰ ਹੋਰਾਂ ਵਿਰੁੱਧ ਜੋ ਸਬੂਤ ਇਕੱਠੇ ਕੀਤੇ ਸਨ, ਉਹ ਲੋਕਾਂ ਸਾਮਹਣੇ ਪੇਸ਼ ਹੋ ਚੁੱਕੇ ਸਨ। ਅਸਲ ਮੁਜਰਮਾਂ ਨੂੰ ਫੜਨ ਦੀ ਮੰਗ ਤੇਜ਼ ਹੋ ਰਹੀ ਸੀ। ਦਿਨੋ-ਦਿਨ ਸੰਮਤੀ ਨਾਲ ਸਹਿਮਤ ਹੋਣ ਵਾਲੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਸੀ।

ਲੋਕਾਂ ਵਿਚ ਇਕ ਧਾਰਨਾ ਬਣਨ ਲੱਗੀ, "ਇਕ ਦਿਨ ਪੁਲਿਸ ਨੂੰ ਅਸਲ ਦੋਸ਼ੀਆਂ ਨੂੰ ਫੜਨਾ ਪੈਣਾ ਹੈ। ਅਦਾਲਤ ਨੂੰ ਪਾਲੇ ਮੀਤੇ ਨੂੰ ਬਰੀ ਕਰਨਾ ਪੈਣਾ ਹੈ। ਫੇਰ ਸੰਮਤੀ ਵਾਲਿਆਂ ਨੇ ਉਹਨਾਂ ਵਿਰੁੱਧ ਭੁਗਤੇ ਗਵਾਹਾਂ ਨੂੰ ਕਟਹਿਰੇ ਵਿਚ ਖੜੇ ਕਰਨਾ ਹੈ।"

ਜਿਹੜੇ ਗਵਾਹਾਂ ਨੇ ਯੁਵਾ ਸੰਘ ਦੀ ਪ੍ਰੇਰਨਾ ਅਤੇ ਪੁਲਿਸ ਦੇ ਦਬਾਅ ਹੇਠ ਆ ਕੇ ਗਵਾਹੀ ਦਿੱਤੀ ਸੀ, ਉਹਨਾਂ ਨੂੰ ਭਾਜੜਾਂ ਪੈ ਗਈਆਂ।

ਸੰਮਤੀ ਇਕ ਸ਼ਰਤ 'ਤੇ ਝੂਠ ਬੋਲਣ ਵਾਲੇ ਗਵਾਹਾਂ ਦੀ ਭੁੱਲ ਬਖ਼ਸ਼ਣ ਲਈ ਤਿਆਰ ਸੀ। ਉਹ ਆਪਣੀ ਗ਼ਲਤੀ ਮੰਨਣ ਅਤੇ ਝੂਠ ਬੋਲਣ ਦਾ ਇਕਬਾਲ ਕਰ ਕੇ ਸੰਮਤੀ ਨੂੰ ਹਲਫ਼ੀਆ ਬਿਆਨ ਦੇਣ। ਸੰਮਤੀ ਦੀ ਨੀਤੀ ਸਪੱਸ਼ਟ ਸੀ। ਉਹਨਾਂ ਦੀ ਲੜਾਈ ਕਿਸੇ ਵਿਅਕਤੀ ਨਾਲ ਨਹੀਂ, ਪ੍ਰਬੰਧ ਨਾਲ ਸੀ।

ਯੁਵਾ ਸੰਘ ਅਤੇ ਉਸ ਦੇ ਵਕੀਲ ਗਵਾਹਾਂ ਨੂੰ ਅਜਿਹਾ ਕਰਨ ਤੋਂ ਰੋਕ ਰਹੇ ਸਨ, ਨਾਲੇ ਡਰਾ ਰਹੇ ਸਨ, "ਅਦਾਲਤ ਵੱਲੋਂ ਤੁਹਾਡੇ ਬਿਆਨਾਂ ਨੂੰ ਸੱਚ ਮੰਨਿਆ ਜਾ ਚੁੱਕਾ ਹੈ। ਤੁਹਾਡੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮਾਂ ਨੂੰ ਸਜ਼ਾ ਸੁਣਾਈ ਜਾ ਚੁੱਕੀ ਹੈ। ਪਾਲੇ ਮੀਤੇ ਨੂੰ ਬਚਾਉਣ ਲਈ ਸੰਮਤੀ ਨੇ ਇਹ ਝੂਠੀ ਕਹਾਣੀ ਘੜੀ ਹੈ। ਬੰਟੀ ਤੋਂ ਪਹਿਲਾਂ ਨਾ ਕੋਈ ਬੱਚਾ ਅਗਵਾ ਹੋਇਆ ਸੀ, ਨਾ ਕਿਸੇ ਨੇ ਫਿਰੌਤੀ ਦਿੱਤੀ ਸੀ। ਬੈਂਕ ਮੈਨੇਜਰ ਅਤੇ ਸ਼ੰਕਰ ਦਾਸ ਦੋ ਸਾਲ ਚੁੱਪ ਕਿਉਂ ਰਹੇ ? ਸੱਚ ਇਹ ਹੈ ਕਿ ਨਸ਼ਿਆਂ ਦੀ ਤੋਟ ਕਾਰਨ ਡਰਾਈਵਰ ਤੜਫ ਰਿਹਾ ਹੈ। ਉਸ ਦੀ ਮਜਬੂਰੀ ਦਾ ਨਾਜਾਇਜ਼ ਫ਼ਾਇਦਾ ਉਠਾ ਕੇ ਸੰਮਤੀ ਨੇ ਉਸ ਨੂੰ ਖ਼ਰੀਦ ਲਿਆ ਹੈ। ਉਸ ਕੋਲੋਂ ਪਿਛਲੀਆਂ ਤਰੀਕਾਂ ਵਿਚ ਧਮਕੀ-ਪੱਤਰ ਲਿਖਵਾ ਲਏ ਹਨ। ਪੈਸੇ ਬਟੋਰਨ ਲਈ ਸ਼ਹਿਰ ਦੇ ਸਭ ਤੋਂ ਅਮੀਰ ਬੰਦੇ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ। ਸਰਕਾਰ ਸੰਮਤੀ ਦੀਆਂ ਬਾਂਦਰ-ਘੁਰਕੀਆਂ ਤੋਂ ਡਰਨ ਵਾਲੀ ਨਹੀਂ। ਸੰਮਤੀ ਦੀਆਂ ਗੱਲਾਂ ਵਿਚ ਆ ਕੇ ਕਿਧਰੇ ਹਲਫ਼ੀਆ ਬਿਆਨ ਨਾ ਦੇ ਦੇਣਾ। ਆਪਣੇ ਲਈ ਆਪ ਹੀ ਫ਼ਾਂਸੀ ਦਾ ਫੰਦਾ ਤਿਆਰ ਨਾ ਕਰ ਲੈਣਾ।"

ਘਬਰਾਏ ਗਵਾਹਾਂ ਨੂੰ ਸਮਝ ਨਹੀਂ ਸੀ ਆ ਰਹੀ, ਉਹ ਕਿਸ ਧਿਰ ਨਾਲ ਖੜੋਣ।

ਪੁਲਿਸ ਨੇ ਪਾਲੇ ਅਤੇ ਮੀਤੇ ਨੂੰ ਦੋਸ਼ੀ ਸਿੱਧ ਕਰਨ ਲਈ ਬਹੁਤ ਗਵਾਹਾਂ ਦੇ ਬਿਆਨ ਲਿਖੇ ਸਨ। ਉਹਨਾਂ ਵਿਚੋਂ ਬਹੁਤੇ ਪਹਿਲਾਂ ਹੀ ਸੱਚ ਬੋਲ ਗਏ ਸਨ। ਉਹਨਾਂ ਨੇ ਹਿੱਕ ਠੋਕ ਕੇ ਆਖਿਆ, "ਇਸ ਵਾਰਦਾਤ ਵਿਚ ਪਾਲੇ ਮੀਤੇ ਦਾ ਹੱਥ ਨਹੀਂ ਹੈ।"



ਚਾਰ ਗਵਾਹਾਂ ਨੇ ਗਵਾਹੀ ਪੁਲਿਸ ਮੁਤਾਬਿਕ ਦਿੱਤੀ ਸੀ।

ਰਾਮ ਸਰੂਪ ਦਾ ਬਿਆਨ ਸੀ ਕਿ ਪੁਲਿਸ ਨੇ ਦੋਹਾਂ ਦੋਸ਼ੀਆਂ ਕੋਲੋਂ ਉਸ ਦੇ ਸਾਹਮਣੇ ਪੁੱਛ-ਗਿੱਛ ਕੀਤੀ ਸੀ। ਦੋਹਾਂ ਨੇ ਆਪਣੇ ਜੁਰਮ ਦਾ ਇਕਬਾਲ ਕੀਤਾ ਸੀ। ਉਸ ਦੇ ਸਾਹਮਣੇ ਮੀਤੇ ਨੇ ਪੁਲਿਸ ਨੂੰ ਖੰਡਰਾਂ ਵਿਚ ਲਿਜਾ ਕੇ ਉਹ ਰਾਡ ਬਰਾਮਦ ਕਰਾਈ ਸੀ, ਜਿਸ ਨਾਲ ਉਹਨਾਂ ਨੇ ਬੰਟੀ ਦਾ ਕਤਲ ਕੀਤਾ ਸੀ। ਪਾਲੇ ਨੇ ਆਪਣੇ ਘਰੋਂ ਉਹ ਵਰਦੀ ਬਰਾਮਦ ਕਰਾਈ ਸੀ, ਜਿਹੜਾ ਅਗਵਾ ਹੋਣ ਸਮੇਂ ਬੰਟੀ ਨੇ ਪਹਿਨੀ ਹੋਈ ਸੀ।

ਦੇਸ ਰਾਜ ਦੀ ਭਾਂਡਿਆਂ ਦੀ ਦੁਕਾਨ ਸੀ। ਦੁਕਾਨ ਉਪਰ ਉਹ ਟੁੱਟ-ਭੁੱਟ ਵੀ ਖ਼ਰੀਦਦਾ ਸੀ। ਪਾਲਾ ਉਸ ਕੋਲ ਚੋਰੀ ਦਾ ਸਾਮਾਨ ਵੇਚਿਆ ਕਰਦਾ ਸੀ। ਇਸ ਲਈ ਉਸ ਨੂੰ ਪਹਿਲਾਂ ਤੋਂ ਜਾਣਦਾ ਸੀ। ਲਾਲਾ ਜੀ ਦੇ ਘਰ ਅੱਗੇ ਜਿਸ ਟੋਪੀਏ ਹੇਠੋਂ ਧਮਕੀ-ਪੱਤਰ ਮਿਲਿਆ ਸੀ, ਉਹ ਉਸੇ ਦੀ ਦੁਕਾਨ ਤੋਂ ਵਿਕਿਆ ਸੀ। ਟੋਪੀਆ ਪਾਲੇ ਨੇ ਦੋ ਦਿਨ ਪਹਿਲਾਂ ਖ਼ਰੀਦਿਆ ਸੀ। ਉਪਰ ਆਪਣਾ ਨਾਂ ਖੁਦਵਾਇਆ ਸੀ। ਇਸ ਢੰਗ ਨਾਲ ਦੇਸ ਰਾਜ ਨੇ ਪਾਲੇ ਨੂੰ ਇਸ ਵਾਰਦਾਤ ਨਾਲ ਜੋੜਿਆ ਸੀ।

ਤੀਜਾ ਗਵਾਹ ਕਮਲਾ ਪ੍ਰਿੰਟਿੰਗ ਪ੍ਰੈਸ ਦਾ ਮਾਲਕ ਕਮਲ ਪ੍ਰਸ਼ਾਦ ਸੀ। ਡਰਾ-ਧਮਕਾ ਕੇ ਮੀਤੇ ਨੇ ਉਸੇ ਕੋਲੋਂ ਲੈਟਰ ਪੈਡ ਛਪਵਾਇਆ ਸੀ, ਜਿਸ ਉਪਰ ਉਹਨਾਂ ਨੇ ਫਿਰੌਤੀ ਦੀ ਮੰਗ ਕੀਤੀ ਸੀ।

ਰਾਮ ਸਰੂਪ ਯੁਵਾ ਸੰਘ ਦਾ ਪ੍ਰਧਾਨ ਸੀ। ਲਾਲਾ ਜੀ ਦਾ ਅੰਨ੍ਹਾ ਭਗਤ ਸੀ। ਉਸੇ ਦੀ ਅਗਵਾਈ ਵਿਚ ਯੁਵਾ ਸੰਘ ਨੇ ਪਹਿਲਾਂ ਬੰਟੀ ਦੇ ਕਾਤਲਾਂ ਨੂੰ ਫੜਨ ਤੇ ਫੇਰ ਉਹਨਾਂ ਨੂੰ ਫਾਹੇ ਲਾਉਣ ਦੀ ਮੰਗ ਨੂੰ ਲੈ ਕੇ ਲੰਬਾ ਸੰਘਰਸ਼ ਕੀਤਾ ਸੀ। ਪਾਲਾ ਮੀਤਾ ਸੱਚੇ ਫਸੇ ਜਾਂ ਝੂਠੇ, ਇਸ ਨਾਲ ਉਸ ਨੂੰ ਕੋਈ ਮਤਲਬ ਨਹੀਂ ਸੀ। ਉਹ ਆਪਣੇ ਪਹਿਲੇ ਸਟੈਂਡ 'ਤੇ ਕਾਇਮ ਸੀ।

ਆਪਣੇ ਬਚਾਅ ਲਈ ਕਿਹੜਾ ਰਸਤਾ ਅਪਣਾਇਆ ਜਾਵੇ ? ਜਦੋਂ ਇਹ ਵਿਚਾਰਨ ਲਈ ਬਾਕੀ ਗਵਾਹਾਂ ਨੇ ਰਾਮ ਸਰੂਪ ਨਾਲ ਸੰਪਰਕ ਕੀਤਾ ਤਾਂ ਉਸ ਨੇ ਕੋਰਾ ਜਵਾਬ ਦੇ ਦਿੱਤਾ। ਕਹਿੰਦਾ ਨਾ ਮੈਂ ਕਿਸੇ ਤੋਂ ਡਰਦਾ ਹਾਂ, ਨਾ ਮੈਂ ਕੋਈ ਬਚਾਅ ਕਰਨਾ ਹੈ।

ਰਾਮ ਸਰੂਪ ਇਕੱਲਾ ਹੀ ਲਾਲਾ ਜੀ ਦਾ ਉਪਾਸ਼ਕ ਨਹੀਂ ਸੀ। ਉਹ ਤਿੰਨੋਂ ਹੀ ਲਾਲਾ ਜੀ ਦੇ ਚੇਲੇ ਸਨ।

ਦੇਸ ਰਾਜ ਗੀਤਾ ਭਵਨ ਦਾ ਪ੍ਰਧਾਨ ਸੀ। ਗੀਤਾ ਭਵਨ ਲਾਲਾ ਜੀ ਦੀ ਪ੍ਰੇਰਣਾ ਸਦਕਾ ਉਸਰਿਆ ਸੀ। ਦੇਸ ਰਾਜ ਗੀਤਾ ਭਵਨ ਦਾ ਪ੍ਰਧਾਨ ਲਾਲਾ ਜੀ ਦੇ ਆਸ਼ੀਰਵਾਦ ਨਾਲ ਬਣਿਆ ਸੀ। ਗੀਤਾ ਦੀ ਕਸਮ ਖਾ ਕੇ ਝੂਠ ਉਹ ਲਾਲਾ ਜੀ ਕਾਰਨ ਹੀ ਬੋਲਿਆ ਸੀ। ਉਸ ਸਮੇਂ ਉਸ ਨੂੰ ਪੱਕਾ ਯਕੀਨ ਦਿਵਾਇਆ ਗਿਆ ਸੀ ਕਿ "ਬੰਟੀ ਦੇ ਕਾਤਲ ਇਹੋ ਹਨ। ਕਾਨੂੰਨੀ ਅੜਚਨਾਂ ਦੂਰ ਕਰਨ ਲਈ ਕੁਝ ਝੂਠ ਬੋਲਣਾ ਪੈਣਾ ਹੈ।" ਇਸ ਝੂਠ ਨੂੰ ਸੱਚ ਮੰਨ ਕੇ ਉਹ ਝੂਠ ਬੋਲਿਆ ਸੀ।

ਕਮਲ ਪ੍ਰਸ਼ਾਦ ਸੇਵਾ ਸੰਮਤੀ ਦਾ ਪ੍ਰਧਾਨ ਸੀ। ਪ੍ਰਧਾਨ ਉਹ ਨਾਂ ਦਾ ਸੀ। ਕਰਤਾ-ਧਰਤਾ ਲਾਲਾ ਜੀ ਸਨ। ਕਮਲ ਨੇ ਇਹ ਲੈਟਰ ਪੈਡ ਮੀਤੇ ਦੀ ਥਾਂ ਪੁਲਿਸ ਦੇ ਆਖਣ 'ਤੇ ਛਾਪੀ ਸੀ। ਇੰਜ ਕਰਨ ਦੀ ਹਦਾਇਤ ਖ਼ੁਦ ਰਾਮ ਸਰੂਪ ਨੇ ਉਸ ਨੂੰ ਦਿੱਤੀ ਸੀ।

ਇਹੋ ਹਾਲ ਰਾਧੇ ਸ਼ਿਆਮ ਦਾ ਸੀ। ਦੁਕਾਨ ਦਾ ਮਾਲਕ ਉਸ ਨੂੰ ਲਾਲਾ ਜੀ ਨੇ ਬਣਾਇਆ ਸੀ। ਪਹਿਲਾਂ ਉਹ ਇਕ ਹਲਵਾਈ ਦੀ ਦੁਕਾਨ 'ਤੇ ਨੌਕਰ ਸੀ ਅਤੇ ਲੋਕਾਂ ਦੇ ਜੂਠੇ ਭਾਂਡੇ ਮਾਂਜਦਾ ਸੀ। ਅਹਿਸਾਨ ਦਾ ਬਦਲਾ ਚੁਕਾਉਣ ਲਈ ਉਸ ਨੇ ਪਾਲੇ ਮੀਤੇ ਵੱਲੋਂ ਉਸ ਦੀ ਦੁਕਾਨ ਵਿਚ

ਸਾਜ਼ਿਸ਼ ਘੜਨ ਦੀ ਮਨ-ਘੜਤ ਕਹਾਣੀ ਘੜੀ ਸੀ।

ਜਿਰਾਹ ਦੌਰਾਨ ਸਫ਼ਾਈ ਧਿਰ ਦੇ ਵਕੀਲਾਂ ਨੇ ਉਹਨਾਂ ਦਾ ਝੂਠ ਫੜ ਲਿਆ ਸੀ। ਫੇਰ ਵੀ ਅਦਾਲਤ ਨੇ ਪਤਾ ਨਹੀਂ ਕਿਵੇਂ, ਉਹਨਾਂ ਨੂੰ ਦੋਸ਼ੀ ਠਹਿਰਾ ਦਿੱਤਾ ਸੀ।

ਰਹਿਨੁਮਾਈ ਲਈ ਇਹਨਾਂ ਗਵਾਹਾਂ ਨੇ ਲਾਲਾ ਜੀ ਨਾਲ ਸੰਪਰਕ ਕੀਤਾ। ਉਹ ਵੀ ਦੁਬਿਧਾ ਵਿਚ ਸਨ। 'ਸੱਚ ਦੇ ਚੰਗੀ ਤਰ੍ਹਾਂ ਨਿੱਤਰ ਜਾਣ ਤਕ ਇੰਤਜ਼ਾਰ ਕਰਨ ਦੀ' ਉਹਨਾਂ ਸਲਾਹ ਦਿੱਤੀ।

ਗਵਾਹ ਕਾਰੋਬਾਰੀ ਬੰਦੇ ਸਨ। ਬਹੁਤੀ ਦੇਰ ਖੱਜਲ-ਖ਼ੁਆਰ ਨਹੀਂ ਸਨ ਹੋ ਸਕਦੇ। ਉਪਰੋਂ ਸੰਘਰਸ਼ ਸੰਮਤੀ ਵਾਲੇ ਉਹਨਾਂ ਦੇ ਪਿੱਛੇ ਪਏ ਹੋਏ ਸਨ। 'ਜਲਦੀ ਕੋਈ ਫ਼ੈਸਲਾ ਕਰਨ ਲਈ' ਆਖ ਰਹੇ ਸਨ।

ਪਹਿਲਾਂ ਤਫ਼ਤੀਸ਼ ਦੌਰਾਨ ਅਤੇ ਫੇਰ ਗਵਾਹੀਆਂ ਸਮੇਂ ਉਹਨਾਂ ਨੂੰ ਕਈ ਪੁਲਿਸ ਅਫ਼ਸਰਾਂ ਅੱਗੇ ਪੇਸ਼ ਕੀਤਾ ਗਿਆ ਸੀ। ਹਰ ਇਕ ਨੇ ਹਿੱਕ ਥਾਪੜ ਕੇ ਆਖਿਆ ਸੀ, "ਨਿਧੜਕ ਹੋ ਕੇ ਗਵਾਹੀ ਦਿਉ, ਕੋਈ ਸੋਡੀ ਵਾ ਵੱਲ ਨਹੀਂ ਝਾਕ ਸਕਦਾ।"

ਉਹ ਸਾਰੇ ਅਫ਼ਸਰ ਇਥੋਂ ਬਦਲ ਚੁੱਕੇ ਸਨ। ਕੋਈ ਰਾਜਧਾਨੀ ਜਾ ਲੱਗਾ ਸੀ ਅਤੇ ਕੋਈ ਸਰਹੱਦੀ ਜ਼ਿਲ੍ਹੇ ਵਿਚ।

ਪਹਿਲਾਂ ਉਹ ਤਫ਼ਤੀਸ਼ੀ ਅਫ਼ਸਰ ਨੂੰ ਮਿਲਣ ਸਰਹੱਦ 'ਤੇ ਗਏ। ਦੋ ਦਿਨ ਉਸ ਨੇ ਡਾਹ ਨਾ ਦਿੱਤੀ। ਮਿਲਿਆ ਤਾਂ ਪਹਿਚਾਨਣੋ ਨਾਂਹ ਕਰ ਦਿੱਤੀ। ਕਹਿੰਦਾ, "ਮੈਂ ਸੈਂਕੜੇ ਕੇਸਾਂ ਵਿਚ ਤਫ਼ਤੀਸ਼ ਕੀਤੀ ਹੈ। ਹਜ਼ਾਰਾਂ ਗਵਾਹਾਂ ਦੇ ਬਿਆਨ ਲਿਖੇ ਹਨ। ਕਿਸ-ਕਿਸ ਦਾ ਨਾਂ ਯਾਦ ਰੱਖਾਂ।"

ਜਦੋਂ ਨਾਂ-ਪਤੇ ਯਾਦ ਕਰਾਏ ਤਾਂ ਭੱਜ ਕੇ ਪਿਆ। ਕਹਿੰਦਾ, "ਇਸ ਕੇਸ ਨੇ ਮੈਨੂੰ ਮੁਸੀਬਤ ਵਿਚ ਪਾਇਆ ਹੋਇਆ ਹੈ। ਜੇ ਕੇਸ ਖੁੱਲ੍ਹ ਗਿਆ ਤਾਂ ਸਭ ਤੋਂ ਪਹਿਲਾਂ ਰੱਸਾ ਮੇਰੇ ਗਲ ਵਿਚ ਪਏਗਾ। ਮੈਂ ਆਪਣੀ ਜਾਨ ਛੁਡਾਵਾਂ ਜਾਂ ਤੁਹਾਡੀ।"

ਕਪਤਾਨ ਤੋਂ ਸਹਾਇਤਾ ਲੈਣ ਉਹ ਰਾਜਧਾਨੀ ਗਏ।

ਕਪਤਾਨ ਨੇ ਉਹਨਾਂ ਨੂੰ ਪਹਿਚਾਨਿਆ ਵੀ ਅਤੇ ਠੰਢਾ-ਤੱਤਾ ਵੀ ਪਿਆਇਆ। ਫਿਰ ਸਲਾਹ ਦਿੱਤੀ, "ਤੁਹਾਨੂੰ ਮੌਜੂਦਾ ਕਪਤਾਨ ਨੂੰ ਮਿਲਣਾ ਚਾਹੀਦਾ ਹੈ। ਸੁਰੱਖਿਆ ਲਈ ਉਸ ਕੋਲੋਂ ਗੰਨਮੈਨ ਲੈਣੇ ਚਾਹੀਦੇ ਹਨ।" ਹਮਦਰਦੀ ਵਜੋਂ ਉਸ ਨੇ ਕਪਤਾਨ ਨੂੰ ਫ਼ੋਨ ਕੀਤਾ।

ਸ਼ਹਿਰ ਵਾਪਸ ਆ ਕੇ ਉਹ ਮੌਜੂਦਾ ਕਪਤਾਨ ਨੂੰ ਮਿਲੇ। ਉਸ ਨੇ ਵੀ ਮਜਬੂਰੀ ਜ਼ਾਹਰ ਕੀਤੀ।

"ਸੈਂਕੜੇ ਕੇਸਾਂ ਵਿਚ ਹਜ਼ਾਰਾਂ ਗਵਾਹ ਭੁਗਤਦੇ ਹਨ। ਹਰ ਗਵਾਹ ਨੂੰ ਵਿਰੋਧੀ ਧਿਰ ਦੇ ਗ਼ੁੱਸੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਸੋਨੂੰ ਗਵਾਹ ਬਣਨ ਤੋਂ ਪਹਿਲਾਂ ਸੋਚਣਾ ਚਾਹੀਦਾ ਸੀ। ਮੈਂ ਕਿਸ-ਕਿਸ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲਵਾਂ। ਮੈਂ ਇਕ ਕੰਮ ਕਰ ਸਕਦਾ ਹਾਂ। ਬਾਡੀਗਾਰਡਾਂ ਦਾ ਇੰਤਜ਼ਾਮ ਤੁਸੀਂ ਕਰੋ। ਅਸਲੇ ਅਤੇ ਲਾਇਸੈਂਸਾਂ ਦਾ ਪ੍ਰਬੰਧ ਮੈਂ ਕਰ ਦਿੰਦਾ ਹਾਂ।"

ਤਿੰਨੇ ਗਵਾਹ ਧਰਮੀ-ਕਰਮੀ ਬੰਦੇ ਸਨ। ਗਵਾਹੀ ਦੇਣ ਤੋਂ ਪਹਿਲਾਂ ਤਿੰਨਾਂ ਨੂੰ ਪਰਮਾਤਮਾ ਨੂੰ ਹਾਜ਼ਰ-ਨਾਜ਼ਰ ਮੰਨ ਦੇ ਸੱਚ ਬੋਲਣ ਦੀ ਸਹੁੰ ਖਾਧੀ ਸੀ। ਲੋਕ ਉਹਨਾਂ ਦੇ ਧਰਮੀ-ਕਰਮੀ ਹੋਣ 'ਤੇ ਉਂਗਲ ਉਠਾਉਣ ਲੱਗ ਪਏ ਸਨ।

ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਉਹਨਾਂ ਨੇ ਝੂਠ ਬੋਲਿਆ ਸੀ, ਪਰ ਇਹ ਵੀ ਸੱਚ ਸੀ ਕਿ ਝੂਠ ਉਹਨਾਂ ਧੋਖੇ ਵਿਚ ਆ ਕੇ ਬੋਲਿਆ ਸੀ।

ਗਵਾਹਾਂ ਦੀ ਆਤਮਾ ਲਾਹਨਤਾਂ ਪਾਉਣ ਲੱਗੀ। ਹੋ ਸਕਦਾ ਹੈ ਪਾਲਾ ਮੀਤਾ ਕਾਤਲ



ਹੋਣ, ਪਰ ਉਹਨਾਂ ਨੇ ਉਹਨਾਂ ਨੂੰ ਕਤਲ ਨਾਲ ਸੰਬੰਧਿਤ ਕੋਈ ਕੰਮ ਕਰਦਿਆਂ ਨਹੀਂ ਸੀ ਦੇਖਿਆ। ਉਹਨਾਂ ਨੇ ਅਦਾਲਤ ਵਿਚ ਜੋ ਆਖਿਆ ਸੀ, ਉਹ ਝੂਠ ਸੀ। ਅਦਾਲਤ ਨੇ ਝੂਠ ਨੂੰ ਸੱਚ ਮੰਨ ਲਿਆ ਸੀ। ਉਹਨਾਂ ਦੇ ਝੂਠ ਨੇ ਦੋ ਬੰਦਿਆਂ ਨੂੰ ਸਜ਼ਾ ਕਰਵਾ ਦਿੱਤੀ ਸੀ। ਜੇ ਸੰਮਤੀ ਦੇ ਆਖਣ ਅਨੁਸਾਰ ਉਹ ਨਿਰਦੋਸ਼ ਹੋਏ ਤਾਂ ਹੋਈ ਸਜ਼ਾ ਦਾ ਪਾਪ ਉਹਨਾਂ ਨੂੰ ਲੱਗੇਗਾ।

ਗਵਾਹਾਂ ਨੇ ਫ਼ੈਸਲਾ ਕੀਤਾ ਕਿ ਉਹ ਆਪਣੇ ਮਨਾਂ 'ਤੇ ਬੋਝ ਨਹੀਂ ਰੱਖਣਗੇ।

ਆਪਣੇ ਪਾਪ ਦਾ ਪਛਤਾਵਾ ਕਰਨ ਲਈ ਉਹ ਕਚਹਿਰੀ ਗਏ, ਸੱਚ ਬਿਆਨਦੇ ਹਲਫ਼ੀਆ ਬਿਆਨ ਤਸਦੀਕ ਕਰਾਏ।

ਹਲਫ਼ੀਆ ਬਿਆਨ ਸੰਮਤੀ ਹਵਾਲੇ ਕਰਦਿਆਂ ਉਹਨਾਂ ਵਾਅਦਾ ਕੀਤਾ, "ਸਾਰੀਆਂ ਧਿਰਾਂ ਨਾਲ ਇਨਸਾਫ਼ ਹੋਣਾ ਚਾਹੀਦਾ ਹੈ। ਸਾਡੀ ਗ਼ਲਤੀ ਲਈ ਸਾਨੂੰ ਜੇ ਕੋਈ ਸਜ਼ਾ ਭੁਗਤਣੀ ਪਏ, ਉਸ ਲਈ ਅਸੀਂ ਤਿਆਰ ਹਾਂ।"

ਆਪਣੇ ਮਨਾਂ ਤੋਂ ਬੋਝ ਲਾਹ ਕੇ ਗਵਾਹ ਇਨਸਾਫ਼ ਦੀ ਉਡੀਕ ਕਰਨ ਲੱਗੇ।

# 21

ਪੰਛੀਆਂ ਦੀ ਬੈਰਕ ਵੱਲ ਜਾਂਦੇ ਮੀਤੇ ਨੂੰ ਲੱਗ ਰਿਹਾ ਸੀ, ਜਿਵੇਂ ਉਹ ਨਰਕਾਂ 'ਚੋਂ ਛੁੱਟ ਕੇ ਆਇਆ ਹੋਵੇ।

ਇਕ ਸਾਲ ਰਹਿ ਕੇ ਵੀ ਸਿੰਘਾਂ ਦੀ ਬੈਰਕ ਉਸ ਨੂੰ ਆਪਣੀ ਨਹੀਂ ਸੀ ਲੱਗੀ।

ਪਹਿਲੇ ਕੁਝ ਮਹੀਨੇ ਉਸ ਨੇ ਲੰਬੇ-ਚੌੜੇ ਸੁਪਨੇ ਲਏ ਸਨ। ਸਿੰਘ ਸਜਣ ਦਾ ਭੂਤ ਉਸ ਦੇ ਸਿਰ 'ਤੇ ਸਵਾਰ ਰਿਹਾ ਸੀ। ਜਥੇਬੰਦੀ ਦੇ ਮੁੱਢਲੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਉਸ ਨੇ ਦਾੜ੍ਹੀ ਕੇਸ ਵਧਾ ਲਏ ਸਨ। ਨਿੱਤਨੇਮ ਕਰਨਾ ਸ਼ੁਰੂ ਕਰ ਦਿੱਤਾ ਸੀ। ਪਿਛਲਿਆਂ ਨਾਲੋਂ ਨਾਤਾ ਤੋੜ ਲਿਆ ਸੀ। ਸੰਮਤੀ ਵਾਲਿਆਂ ਨਾਲ ਮਜਬੂਰੀ ਵੱਸ ਗਿਣਤੀ ਦੀਆਂ ਮੁਲਾਕਾਤਾਂ ਕੀਤੀਆਂ ਸਨ। ਭਰਾਵਾਂ ਵਰਗਾ ਪਾਲਾ ਕਿਸ ਖੂਹ ਖਾਤੇ ਵਿਚ ਰੁਲ ਰਿਹਾ ਹੈ, ਇਸ ਦੀ ਪ੍ਰਵਾਹ ਨਹੀਂ ਸੀ ਕੀਤੀ।

ਜਿੰਨਾ ਉਹ ਸਿੰਘਾਂ ਦੇ ਨੇੜੇ ਜਾਂਦਾ ਰਿਹਾ, ਓਨਾ ਉਸ ਦਾ ਮਨ ਖੱਟਾ ਹੁੰਦਾ ਰਿਹਾ।

ਉਸ ਨੂੰ ਪਤਾ ਲੱਗਾ ਕਿ ਸਿੰਘ ਘੜੇ ਵਿਚ ਪਰਚੀਆਂ ਪਾਉਂਦੇ ਹਨ, ਜਿਸ ਦਾ ਨਾਂ ਨਿਕਲ ਆਵੇ, ਉਸ ਨੂੰ ਪਾਰ ਬੁਲਾਉਣ ਦਾ ਹੁਕਮਨਾਮਾ ਜਾਰੀ ਕਰਦੇ ਹਨ। ਡਾਕਟਰਾਂ, ਵਕੀਲਾਂ ਅਤੇ ਸਨਅਤਕਾਰਾਂ ਨੂੰ ਅਗਵਾ ਕਰਦੇ ਹਨ। ਭਾਰੀ ਫਿਰੌਤੀਆਂ ਵਸੂਲਦੇ ਹਨ। ਉਹ ਰਕਮ ਨਾਲ ਗੁਆਂਢੀ ਦੇਸ਼ਾਂ ਕੋਲੋਂ ਘਾਤਕ ਹਥਿਆਰ ਖ਼ਰੀਦਦੇ ਹਨ। ਉਹਨਾਂ ਹਥਿਆਰਾਂ ਨਾਲ ਭੋਲੇ-ਭਾਲੇ ਲੋਕਾਂ ਨੂੰ ਦਾਨਿਆਂ ਵਾਂਗ ਭੁੰਨਦੇ ਹਨ।

ਫੇਰ ਉਸ ਨੂੰ ਪਤਾ ਲੱਗਾ, ਸੁਰੰਗ ਦਾ ਕੰਮ ਮੁਕੰਮਲ ਹੋਣ ਵਾਲਾ ਹੈ। ਕਿਸੇ ਵੀ ਸਮੇਂ ਉਹ ਜੇਲ੍ਹ ਤੋਂ ਗ਼ਾਇਬ ਹੋ ਸਕਦੇ ਹਨ।

ਮੀਤੇ ਦਾ ਜੇਲ੍ਹੋਂ ਭੱਜਣ ਦਾ ਕੋਈ ਇਰਾਦਾ ਨਹੀਂ ਸੀ। ਪਤਾ ਸੀ ਦਸਾਂ-ਵੀਹਾਂ ਦਿਨਾਂ ਵਿਚ ਉਸ ਨੇ ਫੜੇ ਜਾਣਾ ਹੈ। ਨਾ ਸਿੰਘਾਂ ਦਾ ਮੀਤੇ ਨੂੰ ਨਾਲ ਲਿਜਾਣ ਦਾ ਇਰਾਦਾ ਸੀ।

ਸਿੰਘਾਂ ਦੇ ਜੇਲ੍ਹੋਂ ਭੱਜ ਜਾਣ ਬਾਅਦ ਮੀਤੇ ਨਾਲ ਕੀ ਬੀਤੇਗੀ, ਇਸ ਦਾ ਉਸ ਨੂੰ ਚੰਗੀ ਤਰ੍ਹਾਂ ਪਤਾ ਸੀ।

ਘਬਰਾਇਆ ਮੀਤਾ ਸਿੰਘਾਂ ਕੋਲੋਂ ਖਹਿੜਾ ਛੁਡਾਉਣ ਦੀ ਤਾਕ ਵਿਚ ਸੀ, ਪਰ ਉਸ ਦੇ ਬੁੱਧੂ ਦਿਮਾਗ਼ ਨੂੰ ਕੋਈ ਤਰਕੀਬ ਨਹੀਂ ਸੀ ਸੁੱਝ ਰਹੀ।

ਮੀਤੇ ਦੀ ਇਹ ਸਮੱਸਿਆ ਖ਼ੁਦ ਸਰਕਾਰ ਨੇ ਹੱਲ ਕਰ ਦਿੱਤੀ।

ਆਪਣੇ ਗੁਪਤ ਸੂਤਰਾਂ ਰਾਹੀਂ ਸਿੰਘਾਂ ਨੂੰ ਪਤਾ ਲੱਗਾ ਕਿ ਜੇਲ੍ਹਾਂ ਵਿਚ ਬੰਦ ਸਿੰਘਾਂ ਨਾਲ ਨਿਬੜਨ ਲਈ ਸਰਕਾਰ ਨੇ ਨਵੀਂ ਨੀਤੀ ਘੜੀ ਹੈ।

ਅਦਾਲਤਾਂ ਦੇ ਕੰਮ-ਕਾਜ ਦੀ ਮੱਠੀ ਰਫ਼ਤਾਰ ਕਾਰਨ ਸਰਕਾਰ ਕਾਫ਼ੀ ਸਮੇਂ ਤੋਂ ਪਰੇਸ਼ਾਨ ਸੀ। ਸਿੰਘਾਂ 'ਤੇ ਚੱਲ ਰਹੇ ਮੁਕੱਦਮਿਆਂ ਦੀ ਗਿਣਤੀ ਧੜਾ-ਧੜ ਵਧ ਰਹੀ ਸੀ, ਪਰ ਨਿਪਟਾਰੇ ਨਾ ਬਰਾਬਰ ਸਨ। ਫ਼ੈਸਲਾ ਹੁੰਦੇ ਮੁਕੱਦਮਿਆਂ ਦੇ ਸਿੱਟੇ ਤਸੱਲੀ-ਬਖ਼ਸ਼ ਨਹੀਂ ਸਨ।



ਪੇਸ਼ੀ ਭੁਗਤਣ ਲਈ ਸਿੰਘਾਂ ਨੂੰ ਦੂਰ-ਦੁਰਾਡੇ ਦੀਆਂ ਅਦਾਲਤਾਂ ਵਿਚ ਲਿਜਾਣਾ ਪੈਂਦਾ ਸੀ। ਇਕ ਅੱਤਵਾਦੀ ਲਈ ਘੱਟੋ-ਘੱਟ ਇਕ ਬੁਲਟ ਪਰੂਫ਼ ਗੱਡੀ ਅਤੇ ਚਾਰ ਪੁਲਿਸ ਮੁਲਾਜ਼ਮਾਂ ਦੀ ਗੈਂਗ ਚਾਹੀਦੀ ਸੀ। ਸੂਬੇ ਦੀ ਅੱਧੀ ਪੁਲਿਸ ਇਸੇ ਕੰਮ 'ਚ ਲੱਗੀ ਹੋਈ ਸੀ।

ਪੇਸ਼ੀ ਭੁਗਤਣ ਜਾ ਰਹੇ ਸਿੰਘਾਂ ਨੂੰ ਛੁਡਾਉਣ ਦੀਆਂ ਵਾਰਦਾਤਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਸੀ। ਲੋਕ ਉਸ ਮੁਕਾਬਲੇ ਨੂੰ ਸਹੀ ਸਮਝਦੇ ਸਨ, ਜਿਸ ਵਿਚ ਕੋਈ ਪੁਲਿਸ ਮੁਲਾਜ਼ਮ ਮਾਰਿਆ ਜਾਂ ਫੱਟੜ ਹੋਇਆ ਹੋਵੇ। ਨਹੀਂ ਤਾਂ ਉਹ ਸੋਚਦੇ ਸਨ ਕਿ ਸਰਕਾਰ ਝੂਠ ਬੋਲ ਰਹੀ ਸੀ। ਪੁਲਿਸ ਹਿਰਾਸਤ ਵਿਚੋਂ ਭੱਜਣ ਦੇ ਬਹਾਨੇ ਉਸ ਨੂੰ ਗੱਡੀ ਚੜ੍ਹਾ ਦਿੱਤਾ ਗਿਆ ਸੀ।

ਖ਼ਰਚਿਆਂ ਅਤੇ ਬਦਨਾਮੀ ਤੋਂ ਡਰਦੀ ਸਰਕਾਰ ਨੇ ਨਵੀਂ ਨੀਤੀ ਘੜ ਲਈ ਸੀ।

ਨਾਭੇ ਦੀ ਜੇਲ੍ਹ ਨੂੰ 'ਅਤੀ ਸੁਰੱਖਿਅਤ' ਘੋਸ਼ਿਤ ਕਰ ਦਿੱਤਾ ਗਿਆ। ਉਸ ਦੇ ਆਲੇ-ਦੁਆਲੇ ਸੁਰੱਖਿਆ-ਪ੍ਰਬੰਧ ਸਖ਼ਤ ਕਰ ਦਿੱਤੇ ਗਏ। ਕਾਨੂੰਨ ਵਿਚ ਸੋਧ ਕਰ ਕੇ ਇਕ ਵਿਸ਼ੇਸ਼ ਅਦਾਲਤ ਦਾ ਗਠਨ ਕੀਤਾ ਗਿਆ। ਉਸ ਜੱਜ ਦੀ ਕੁਰਸੀ ਨੂੰ ਜੇਲ੍ਹ ਵਿਚ ਡਾਹਿਆ ਗਿਆ। ਵੱਖ-ਵੱਖ ਅਦਾਲਤਾਂ ਵਿਚ ਚੱਲਦੇ ਮੁਕੱਦਮਿਆਂ ਨੂੰ ਬਦਲਾਇਆ ਗਿਆ। ਸੂਬੇ ਦੀਆਂ ਬਾਕੀ ਜੇਲ੍ਹਾਂ ਵਿਚ ਬੰਦ ਸਾਰੇ ਸਿੰਘਾਂ ਨੂੰ ਨਾਭਾ ਜੇਲ੍ਹ ਬਦਲਣ ਦਾ ਹੁਕਮ ਸੁਣਾਇਆ ਗਿਆ।

ਇਸੇ ਨੀਤੀ ਤਹਿਤ ਇਸ ਜੇਲ੍ਹ ਵਿਚ ਬੰਦ ਸਿੰਘਾਂ ਨੂੰ ਤਿਆਰ ਰਹਿਣ ਲਈ ਆਖਿਆ ਜਾਣ ਵਾਲਾ ਸੀ।

ਇਸ ਨੀਤੀ ਦੀ ਭਿਣਕ ਮਿਲਦਿਆਂ ਹੀ ਜਥੇਦਾਰ ਨੇ ਬੈਠਕ ਬੁਲਾਈ। ਪੁੱਟੀ ਜਾ ਰਹੀ ਸੁਰੰਗ ਦਾ ਜਾਇਜ਼ਾ ਲਿਆ। ਜਦੋਂ ਕਿਸੇ ਵੀ ਢੰਗ ਨਾਲ ਇਹ ਸਮੇਂ ਸਿਰ ਮੁਕੰਮਲ ਹੁੰਦੀ ਨਜ਼ਰ ਨਾ ਆਈ ਤਾਂ ਭਰੇ ਮਨ ਨਾਲ ਫ਼ੈਸਲਾ ਲਿਆ ਗਿਆ ਕਿ ਸਰਕਾਰ ਨੂੰ ਸਿੰਘਾਂ ਦੇ ਜੇਲ੍ਹੋਂ ਫ਼ਰਾਰ ਹੋਣ ਦੀ ਯੋਜਨਾ ਦੀ ਸੂਹ ਨਾ ਮਿਲੇ, ਇਸ ਲਈ ਪੁੱਟੀ ਸੁਰੰਗ ਨੂੰ ਪੂਰ ਦਿੱਤਾ ਜਾਵੇ।

ਸਾਲ ਭਰ ਦੀ ਮਿਹਨਤ ਨੂੰ ਮਿੱਟੀ ਹੇਠ ਦਬਾ ਕੇ ਸਿੰਘ ਹੁਕਮਾਂ ਦੀ ਉਡੀਕ ਕਰਨ ਲੱਗੇ।

ਮੀਤਾ ਇਕ ਸਾਲ ਸਿੰਘਾਂ ਨਾਲ ਰਿਹਾ ਸੀ। ਉਹਨਾਂ ਦੀ ਸੁਹਬਤ ਕਾਰਨ ਉਹ ਸਿੰਘ ਸਜ ਚੁੱਕਾ ਸੀ। ਅਦਾਲਤ ਪਹਿਲਾਂ ਹੀ ਉਸ ਨੂੰ ਅੱਤਵਾਦੀ ਘੋਸ਼ਿਤ ਕਰ ਚੁੱਕੀ ਸੀ। ਇਸ ਲਈ ਜਥੇਦਾਰ ਉਸ ਨੂੰ ਆਪਣੇ ਨਾਲ ਨਾਭੇ ਲਿਜਾਣਾ ਚਾਹੁੰਦੇ ਸਨ।

ਜੇਲ੍ਹ ਸੁਪਰਡੈਂਟ ਨੇ ਸਿੰਘਾਂ ਦੀ ਇਸ ਮੰਗ ਨਾਲ ਅਸਹਿਮਤੀ ਪ੍ਰਗਟਾਈ। ਉਸ ਨੂੰ ਅੱਤਵਾਦੀ ਕਾਰਵਾਈਆਂ ਵਾਲੇ ਕੇਸ ਵਿਚ ਸਜ਼ਾ ਜ਼ਰੂਰ ਹੋਈ ਸੀ, ਪਰ ਉਹ ਅੱਤਵਾਦੀ ਨਹੀਂ ਸੀ। ਉਸ ਦਾ ਨਾਂ ਸਿੰਘਾਂ ਦੀ ਸੂਚੀ ਵਿਚੋਂ ਕਟਾਉਣ ਲਈ ਉਸਨੇ ਸਰਕਾਰ ਨੂੰ ਭੇਜੀ ਆਪਣੀ ਰਿਪੋਰਟ ਵਿਚ ਟਿੱਪਣੀ ਕੀਤੀ, "ਮੀਤਾ ਸਿੰਘਾਂ ਦਾ ਪ੍ਰਭਾਵ ਕਬੂਲਦਾ ਜਾ ਰਿਹਾ ਹੈ। ਜੇ ਉਸ ਨੂੰ ਨਾਭੇ ਭੇਜ ਦਿੱਤਾ ਗਿਆ ਤਾਂ ਉਸ ਨੇ ਪੱਕਾ ਅੱਤਵਾਦੀ ਬਣ ਜਾਣਾ ਹੈ।"

ਸਰਕਾਰ ਤੋਂ ਆਪੇ ਬਣੇ ਅੱਤਵਾਦੀ ਕਾਬੂ ਨਹੀਂ ਸਨ ਆ ਰਹੇ। ਉਹ ਇਕ ਸਾਧਾਰਨ ਕੈਦੀ ਨੂੰ ਅੱਤਵਾਦੀ ਬਣਨ ਦਾ ਮੌਕਾ ਦੇਣ ਦਾ ਖ਼ਤਰਾ ਨਹੀਂ ਸੀ ਸਹੇੜ ਸਕਦੀ। ਜੇਲ੍ਹ ਸੁਪਰਡੈਂਟ ਦੀ ਟਿੱਪਣੀ ਨਾਲ ਸਹਿਮਤੀ ਪ੍ਰਗਟਾ ਕੇ ਸਰਕਾਰ ਨੇ ਮੀਤੇ ਦਾ ਨਾਂ ਸਿੰਘਾਂ ਵਾਲੀ ਸੂਚੀ ਵਿਚੋਂ ਕੱਟ ਦਿੱਤਾ।

ਅੱਜ ਸਿੰਘਾਂ ਨੂੰ ਨਾਭੇ ਅਤੇ ਮੀਤੇ ਨੂੰ ਪੰਛੀਆਂ ਦੀ ਬੈਰਕ ਵਿਚ ਭੇਜਿਆ ਗਿਆ ਸੀ।

ਸਿੰਘ ਕੈਦੀਆਂ ਵਾਲੀ ਵਰਦੀ ਨਹੀਂ ਸਨ ਪਾਉਂਦੇ। ਉਂਝ ਉਹਨਾਂ ਨੇ ਆਪਣੀ ਪੁਸ਼ਾਕ ਤਹਿ ਕੀਤੀ ਹੋਈ ਸੀ। ਤੇੜ ਕੁੜਤਾ-ਪਜਾਮਾ ਪਹਿਨਦੇ ਸਨ। ਸਿਰ 'ਤੇ ਕਾਲੀ ਪੱਗ ਬੰਨ੍ਹਦੇ ਸਨ। ਸਰਦੀਆਂ ਵਿਚ ਕਾਲੀ ਲੋਈ ਲੈਂਦੇ ਸਨ।

ਉਹਨਾਂ ਦੀ ਰੀਸੀਂ ਮੀਤਾ ਵੀ ਉਹੋ ਵਰਦੀ ਪਹਿਨਦਾ ਸੀ। ਪਹਿਲਾਂ-ਪਹਿਲ ਇਹ ਪੁਸ਼ਾਕ ਪਾ ਕੇ ਉਹ ਆਕੜ-ਆਕੜ ਤੁਰਦਾ ਸੀ। ਹੁਣ ਕੁਝ ਸਮੇਂ ਤੋਂ ਉਹ ਇਸ ਵਰਦੀ ਤੋਂ ਉਕਤਾਇਆ ਹੋਇਆ ਸੀ। ਉਹ ਕਾਹਲਾ ਸੀ, ਕਦੋਂ ਉਹ ਬੈਰਕ ਪੁੱਜੇ ਅਤੇ ਕਦੋਂ ਇਸ ਪੁਸ਼ਾਕ ਤੋਂ ਖਹਿੜਾ ਛੁਡਾਵੇ।

ਮੀਤਾ ਸਿੰਘਾਂ ਬਾਰੇ ਕੁਝ ਵੀ ਸੋਚਦਾ ਹੋਵੇ। ਸਿੰਘਾਂ ਨੇ ਉਸ ਬਾਰੇ ਚੰਗਾ ਹੀ ਸੋਚਿਆ ਸੀ। ਵਿਛੜਨ ਤੋਂ ਪਹਿਲਾਂ ਉਹਨਾਂ ਨੇ ਉਸ ਨੂੰ ਕੁਝ ਤੋਹਫ਼ੇ ਦਿੱਤੇ ਸਨ।

ਉਹਨਾਂ ਵਿਚੋਂ ਇਕ ਗੁੱਟ ’ਤੇ ਬੰਨ੍ਹਣ ਵਾਲੀ ਸੁਨਹਿਰੀ ਘੜੀ ਸੀ ਅਤੇ ਇਕ ਜੇਬ ਵਿਚ ਪਾਉਣ ਵਾਲਾ ਟਰਾਂਜ਼ਿਸਟਰ।

ਇਕ ਤਣੀਆਂ ਵਾਲਾ ਵੱਡਾ ਖੱਦਰ ਦਾ ਝੋਲਾ। ਝੋਲੇ ਵਿਚ ਦੋ ਨਵੇਂ ਕੁੜਤੇ-ਪਜਾਮੇ ਸਨ। ਇਕ ਲੋਈ, ਸਫ਼ੈਦ ਚਾਦਰ, ਨਵੀਂ ਦਰੀ ਅਤੇ ਖੇਸ। ਕੁਝ ਸਟੀਲ ਦੇ ਭਾਂਡੇ। ਉਸ ਦੇ ਇਕ ਹੱਥ ਵਿਚ ਚਾਰ ਕਿੱਲੋ ਵਾਲੀ ਪੀਪੀ ਸੀ। ਪੀਪੀ ਵਿਚ ਖੋਏ ਦੀਆਂ ਪਿੰਨੀਆਂ ਅਤੇ ਪੰਜੀਰੀ ਸੀ।

ਸਿੰਘਾਂ ਦਾ ਮੁਸ਼ੱਕਤੀ ਹੋਣ ਕਾਰਨ ਮੀਤੇ ਤੋਂ ਕੈਦੀਆਂ ਦੇ ਨਾਲ-ਨਾਲ ਜੇਲ੍ਹ ਕਰਮਚਾਰੀ ਵੀ ਤ੍ਰਬਕਦੇ ਸਨ। ਮੀਤੇ ਦਾ ਖ਼ਿਆਲ ਸੀ ਕਿ ਉਸ ਰੋਹਬ-ਦਾਅਬ ਕਾਰਨ ਉਸ ਨੂੰ ਬਿਨਾਂ ਤਲਾਸ਼ੀਉਂ ਅਤੇ ਬਿਨਾਂ ਲੁੱਟ-ਖੋਹ ਤੋਂ ਬੈਰਕ ਅੰਦਰ ਜਾਣ ਦਿੱਤਾ ਜਾਵੇਗਾ।

ਮੀਤੇ ਨੇ ਸੁਣ ਰੱਖਿਆ ਸੀ ਕਿ ਥਾਣੇਦਾਰ ਦੀ ਮਾਂ ਦੇ ਭੋਗ ’ਤੇ ਹਜ਼ਾਰਾਂ ਚਮਚੇ ਜੁੜਦੇ ਹਨ। ਥਾਣੇਦਾਰ ਦੇ ਭੋਗ ’ਤੇ ਦਸ ਨਹੀਂ ਆਉਂਦੇ। ਉਸੇ ਤਰ੍ਹਾਂ ਜਾਪਦਾ ਸੀ, ਸਿੰਘਾਂ ਦਾ ਰੋਹਬ ਵੀ ਉਹਨਾਂ ਦੇ ਨਾਲ ਹੀ ਚਲਿਆ ਗਿਆ ਸੀ।

ਪੰਛੀਆਂ ਦੀ ਬੈਰਕ ਦੇ ਮੁਨਸ਼ੀ ਨੇ ਮੀਤੇ ਨਾਲ ਸਾਧਾਰਨ ਕੈਦੀਆਂ ਵਰਗਾ ਵਿਵਹਾਰ ਕਰਨਾ ਸ਼ੁਰੂ ਕੀਤਾ।

ਮੀਤੇ ਨੇ ਪਹਿਲਾਂ ਹੀ ਧਾਰੀ ਹੋਈ ਸੀ ਕਿ ਜੇ ਮੁਨਸ਼ੀ ਨੇ ਟੰਗ ਅੜਾਈ ਤਾਂ ਉਹ ਖੋਏ ਦੀਆਂ ਪਿੰਨੀਆਂ ਵਾਲੀ ਪੀਪੀ ਉਸ ਦੇ ਹਵਾਲੇ ਕਰ ਦੇਵੇਗਾ। ਮਲਕ ਭਾਗੋ ਦੀ ਇਸ ਕੜਾਹ ਪੂਰੀ ਵਿਚੋਂ ਮੀਤੇ ਨੂੰ ਲਹੂ ਦੀ ਬੂਅ ਆਉਂਦੀ ਸੀ।

ਮੁਨਸ਼ੀ ਬਹੁਤਾ ਅੜਿਆ ਤਾਂ ਉਹ ਕੱਪੜਿਆਂ ਵਾਲਾ ਝੋਲਾ ਉਸ ਦੇ ਹਵਾਲੇ ਕਰ ਦੇਵੇਗਾ। ਉਸ ਲਈ ਇਹ ਹੁਣ ਬੇਕਾਰ ਸਨ।

ਉਸ ਨੂੰ ਬੱਸ ਘੜੀ ਅਤੇ ਟਰਾਂਜ਼ਿਸਟਰ ਨਾਲ ਮੋਹ ਸੀ।

ਮੁਨਸ਼ੀ ਜਿਵੇਂ ਸੱਤਾਂ ਪੱਤਣਾਂ ਦਾ ਤਾਰੂ ਸੀ। ਉਸ ਨੇ ਉਹੋ ਚੀਜ਼ਾਂ ਝਪਟੀਆਂ ਜੋ ਮੀਤੇ ਨੂੰ ਪਿਆਰੀਆਂ ਸਨ।

ਸਬਰ ਦਾ ਘੁੱਟ ਭਰ ਕੇ ਮੀਤਾ ਬੈਰਕ ਅੰਦਰ ਜਾ ਵੜਿਆ।



# 22

ਰੋਟੀ-ਟੁੱਕ ਤੋਂ ਵਿਹਲੇ ਹੋਏ ਕੈਦੀ ਟੋਲੀਆਂ ਬਣਾਈ ਬੈਠੇ ਸਨ। ਕੋਈ ਤਾਸ਼ ਕੁੱਟ ਰਿਹਾ ਸੀ, ਕੋਈ ਗਾ-ਵਜਾ ਰਿਹਾ ਸੀ। ਕੋਈ ਭੰਗ ਰਗੜ ਰਿਹਾ ਸੀ ਅਤੇ ਕੋਈ ਸੁਲਫ਼ਾ ਪੀ ਰਿਹਾ ਸੀ।

ਮੀਤੇ ਨੂੰ ਉਹਨਾਂ ਦਿਨਾਂ ਦੀ ਯਾਦ ਆਈ, ਜਦੋਂ ਉਹ ਆਪਣੇ ਧੰਦੇ ਵਿਚ ਪੂਰੀ ਤਰ੍ਹਾਂ ਖੁੱਭਿਆ ਹੋਇਆ ਸੀ। ਉਦੋਂ ਸਾਲ ਵਿਚੋਂ ਅੱਠ ਮਹੀਨੇ ਉਹ ਜੇਲ੍ਹ ਵਿਚ ਰਹਿੰਦਾ ਸੀ। ਜੇਲ੍ਹ ਮੇਲੇ ਵਾਂਗ ਲੱਗਦੀ ਹੁੰਦੀ ਸੀ। ਬਹੁਤੇ ਕੈਦੀ ਹਮ-ਉਮਰ, ਹਮ-ਪੇਸ਼ਾ ਅਤੇ ਹਮ-ਖ਼ਿਆਲ ਹੁੰਦੇ ਸਨ। ਸਾਰਾ ਦਿਨ ਹਾਸੇ-ਮਜ਼ਾਕ ਅਤੇ ਖੇਡ-ਕੁੱਦ ਵਿਚ ਲੰਘਦਾ ਸੀ।

ਉਸ ਸਮੇਂ ਮੀਤੇ ਦੇ ਵਾਕਫ਼ਾਂ ਦਾ ਘੇਰਾ ਬਹੁਤ ਵਿਸ਼ਾਲ ਸੀ। ਇੱਟ ਚੁੱਕੋ ਤੋਂ ਮਿੱਤਰ ਨਿਕਲ ਆਉਂਦਾ ਸੀ। ਇਕ ਵਾਰ ਉਸ ਨੂੰ ਦਿੱਲੀ ਦੀ ਅਤੇ ਇਕ ਵਾਰ ਕੁੱਲੂ ਦੀ ਜੇਲ੍ਹ ਦੀ ਹਵਾ ਖਾਣੀ ਪਈ ਸੀ। ਉਥੇ ਵੀ ਉਸ ਨੂੰ ਜਾਣਕਾਰ ਮਿਲ ਗਏ ਸਨ।

ਮੀਤੇ ਨੂੰ ਧੰਦਾ ਛੱਡਿਆਂ ਕਈ ਸਾਲ ਹੋ ਗਏ ਸਨ। ਧੰਦਾ ਛੱਡਦੇ ਸਮੇਂ ਉਸ ਨੇ ਪੱਕਾ ਫ਼ੈਸਲਾ ਕੀਤਾ ਸੀ ਕਿ ਕੁਝ ਵੀ ਹੋਵੇ, ਮੁੜ ਇਸ ਰਸਤੇ ’ਤੇ ਨਹੀਂ ਚੱਲੇਗਾ। ਇਸੇ ਲਈ ਉਸ ਨੇ ਪੁਰਾਣੇ ਸਾਥੀਆਂ ਨਾਲੋਂ ਨਾਤਾ ਤੋੜ ਲਿਆ ਸੀ। ਨਾ ਕਦੇ ਉਸ ਨੇ ਕਿਸੇ ਨੂੰ ਥਾਂ ਟਿਕਾਣਾ ਦੱਸਿਆ ਸੀ, ਨਾ ਕਿਸੇ ਤੋਂ ਪੁੱਛਿਆ ਸੀ।

ਆਪਣੇ ਉਸ ਫ਼ੈਸਲੇ ’ਤੇ ਹੁਣ ਉਸ ਨੂੰ ਪਛਤਾਵਾ ਹੋ ਰਿਹਾ ਸੀ। ਕੀ ਪਤਾ ਸੀ ਕਦੇ ਮੁਸੀਬਤ ਦਾ ਪਹਾੜ ਸਿਰ ’ਤੇ ਆ ਡਿੱਗੇਗਾ। ਕੀ ਪਤਾ ਸੀ, ਉਮਰ ਭਰ ਲਈ ਜੇਲ੍ਹ ਵਿਚ ਰਹਿਣਾ ਪੈ ਜਾਏਗਾ।

ਫੇਰ ਵੀ ਮੀਤੇ ਨੇ ਪੂਰੀ ਤਰ੍ਹਾਂ ਆਸ ਨਹੀਂ ਸੀ ਛੱਡੀ। ਜਾਪਦਾ ਸੀ ਦਿਨ ਕੱਟੀ ਲਈ ਇਥੇ ਵੀ ਕੋਈ ਵਾਕਫ਼ ਮਿਲ ਜਾਏਗਾ।

ਆਮ ਬੈਰਕਾਂ ਵਾਂਗ ਇਹ ਬੈਰਕ ਵੀ ਖਚਾ-ਖਚ ਭਰੀ ਹੋਈ ਸੀ। ਕਿਧਰੇ ਦਰੀ ਵਿਛਾਉਣ ਲਈ ਥਾਂ ਮਿਲੂ ਜਾਂ ਨਹੀਂ ? ਇਹ ਜਾਇਜ਼ਾ ਲੈਣ ਲਈ ਉਹ ਬੈਰਕ ਨੂੰ ਇਕ ਸਿਰੇ ਤੋਂ ਦੂਜੇ ਸਿਰੇ ਤਕ ਘੋਖਣ ਲੱਗਾ।

ਇੰਨੇ ਵਿਚ ਤਾਸ਼ ਖੇਡ ਰਹੀ ਇਕ ਟੋਲੀ ਵਿਚੋਂ ਇਕ ਹੱਟਾ-ਕੱਟਾ ਨੌਜਵਾਨ ਉਠਿਆ। ਉਸ ਨੇ ਮੀਤੇ ਦੇ ਪੈਰੀਂ ਹੱਥ ਲਾਏ ਅਤੇ ‘ਮੀਤਾ ਉਸਤਾਦ’ ਆਖਦਾ ਉਹ ਉਸ ਨਾਲ ਲਿਪਟ ਗਿਆ।

“ਭੋਲੇ ਤੂੰ !” ਜੱਫੀ ਢਿੱਲੀ ਹੁੰਦੇ ਹੀ ਮੀਤੇ ਨੇ ਜੱਫੀ ਪਾਉਣ ਵਾਲੇ ਨੂੰ ਪਹਿਚਾਣ ਲਿਆ।

ਭੋਲਾ ਉਸ ਦਾ ਸਭ ਤੋਂ ਚਹੇਤਾ ਸ਼ਾਗਿਰਦ ਸੀ। ਉਸ ਨੂੰ ਉਸ ਨੇ ਪੁੱਤਾਂ ਵਾਂਗ ਪਾਲਿਆ ਸੀ।

ਟੀ.ਬੀ. ਦੀ ਬੀਮਾਰੀ ਕਾਰਨ ਜਦੋਂ ਭੋਲੇ ਦੀ ਮਾਂ ਮਰੀ ਸੀ, ਉਸ ਸਮੇਂ ਉਸ ਦੀ ਉਮਰ ਛੇ-ਸੱਤ ਸਾਲ ਸੀ। ਮਤਰੇਈ ਮਾਂ ਨੇ ਭੋਲੇ 'ਤੇ ਉਹ ਸਭ ਜ਼ੁਲਮ ਕੀਤੇ, ਜਿਨ੍ਹਾਂ ਦਾ ਜ਼ਿਕਰ ਪੁਰਾਣੇ ਕਿੱਸੇ ਕਹਾਣੀਆਂ ਵਿਚ ਹੁੰਦਾ ਹੈ। ਰੋਜ਼ ਦੇ ਟੰਟੇ ਤੋਂ ਤੰਗ ਆਇਆ ਭੋਲਾ ਇਕ ਦਿਨ ਗੱਡੀ ਚੜ੍ਹ ਗਿਆ। ਕਿਸੇ ਆਸਮੀ ਦਾ ਪਿੱਛਾ ਕਰਦਾ ਮੀਤਾ ਉਸੇ ਗੱਡੀ ਵਿਚ ਸਵਾਰ ਸੀ। ਗੱਡੀ ਦੀ ਦੌੜ ਅੰਬਾਲੇ ਜਾ ਕੇ ਮੁੱਕ ਗਈ। ਸਵਾਰੀਆਂ ਉਤਰ ਕੇ ਘਰਾਂ ਨੂੰ ਚਲੀਆਂ ਗਈਆਂ। ਭਵੰਤਰਿਆ ਭੋਲਾ ਚਿੰਘਾੜਾਂ ਮਾਰਨ ਲੱਗਾ। ਮੀਤੇ ਨੇ ਸਵਾਰੀ ਦਾ ਖਹਿੜਾ ਛੱਡ ਕੇ ਭੋਲੇ ਨੂੰ ਸੰਭਾਲ ਲਿਆ। ਬਾਂਦਰੀ ਵਾਂਗ ਉਸ ਨੂੰ ਹਿੱਕ ਨਾਲ ਲਾ ਲਿਆ। ਭੋਲੇ ਨੂੰ ਦੇਣ ਲਈ ਮੀਤੇ ਕੋਲ ਸੋਨਾ ਚਾਂਦੀ ਤਾਂ ਹੈ ਨਹੀਂ ਸੀ। ਧੰਦੇ ਦੇ ਜਿੰਨੇ ਗੁਰ ਉਸ ਨੇ ਸਿੱਖੇ ਸਨ, ਉਹ ਸਾਰੇ ਉਸ ਦੀ ਝੋਲੀ ਪਾ ਦਿੱਤੇ । ਦਿਨਾਂ ਵਿਚ ਹੀ ਭੋਲਾ ਉਡਾਰ ਹੋ ਗਿਆ ਅਤੇ ਆਪਣਾ ਸ਼ਿਕਾਰ ਆਪ ਮਾਰਨ ਲੱਗਾ।

ਧੰਦੇ ਦਾ ਤਿਆਗ ਕਰਦੇ ਸਮੇਂ ਮੀਤੇ ਨੇ ਪਹਿਲਾਂ ਭੋਲੇ ਨੂੰ ਆਪਣਾ ਵਾਰਿਸ ਘੋਸ਼ਿਤ ਕੀਤਾ ਅਤੇ ਫੇਰ ਜੇਬ-ਕਤਰਾ ਬਰਾਦਰੀ ਕੋਲੋਂ ਆਪਣਾ ਇਲਾਕਾ ਉਸ ਨੂੰ ਦਿਵਾਇਆ।

"ਉਸਤਾਦ, ਤੂੰ ਧੰਦਾ ਛੱਡ ਗਿਆ ਸੀ। ਫੇਰ ਇਥੇ ਕਿਸ ਤਰ੍ਹਾਂ ?"

ਮੀਤੇ ਕੋਲੋਂ ਪੀਪੀ ਅਤੇ ਝੋਲਾ ਫੜ ਕੇ ਉਸ ਨੂੰ ਆਪਣੇ ਖੱਡੇ ਵੱਲ ਲਿਜਾਂਦੇ ਭੋਲੇ ਨੇ ਪੁੱਛਿਆ। ਮੀਤੇ ਨੇ ਸੰਖੇਪ ਸ਼ਬਦਾਂ ਵਿਚ ਆਪਣੀ ਵਿਥਿਆ ਸੁਣਾ ਦਿੱਤੀ।

"ਇਹ ਮੇਰਾ ਉਸਤਾਦ ਮੀਤਾ ਹੈ। ਜਿਸ ਦੀਆਂ ਸਾਰਾ ਦਿਨ ਮੈਂ ਗੱਲਾਂ ਕਰਦਾ ਹੁੰਨਾਂ।"

ਮੀਤੇ ਦੀ ਆਪਣੇ ਟੋਲੀਦਾਰਾਂ ਨਾਲ ਜਾਣ-ਪਹਿਚਾਣ ਭੋਲੇ ਨੇ ਬੜੇ ਮਾਣ ਨਾਲ ਕਰਾਈ।

ਆਪਣੇ ਉਸਤਾਦ ਦੇ ਉਸਤਾਦ ਲਈ ਸਤਿਕਾਰ ਪ੍ਰਗਟ ਕਰਨ ਲਈ ਭੋਲੇ ਦੇ ਟੋਲੀਦਾਰ ਉੱਠ ਕੇ ਖੜੇ ਹੋਏ ਅਤੇ ਇਕ-ਇਕ ਕਰ ਕੇ ਗੋਡੀਂ ਹੱਥ ਲਾਉਣ ਲੱਗੇ।

ਭੋਲੇ ਦੇ ਚੇਲਿਆਂ ਨੇ ਇਕ ਕੰਬਲ ਦੂਹਰਾ ਕਰ ਕੇ ਦਰੀ ਉਪਰ ਵਿਛਾਇਆ ਹੋਇਆ ਸੀ। ਉਸ ਨੂੰ ਉਹ ਗੱਦੀ ਕਹਿੰਦੇ ਸਨ। ਇਸ ਉਪਰ ਕੇਵਲ ਉਸਤਾਦ ਬੈਠ ਸਕਦਾ ਸੀ।

ਸਤਿਕਾਰ ਵਜੋਂ ਭੋਲੇ ਨੇ ਉਹ ਗੱਦੀ ਆਪਣੇ ਉਸਤਾਦ ਨੂੰ ਬਖ਼ਸ਼ੀ। ਆਪ ਉਹ ਆਪਣੇ ਚੇਲਿਆਂ ਕੋਲ ਬੈਠ ਗਿਆ।

ਮੀਤੇ ਦਾ ਚੇਲਿਆਂ ਵਿਚ ਰਲਣ ਦਾ ਕੋਈ ਇਰਾਦਾ ਨਹੀਂ ਸੀ। ਇਸ ਲਈ ਕੰਬਲ ਇਕੱਠਾ ਕਰ ਕੇ ਇਕ ਪਾਸੇ ਰੱਖ ਦਿੱਤਾ ਅਤੇ ਸਾਧਾਰਨ ਕੈਦੀ ਵਾਂਗ ਦਰੀ ਉਪਰ ਬੈਠ ਗਿਆ।

ਭੋਲਾ ਉਸਤਾਦ ਦਾ ਇਰਾਦਾ ਸਮਝ ਗਿਆ। ਉਹ ਉਸਤਾਦ ਨੂੰ ਜੁਰਮ ਦੀ ਦੁਨੀਆਂ ਵਿਚ ਮੁੜ ਸ਼ਾਮਲ ਕਰਨ ਲਈ ਕਾਹਲਾ ਨਹੀਂ ਸੀ।

"ਉਸਤਾਦ, ਤੂੰ ਸਿੰਘ ਸਜ ਗਿਐਂ ?" ਮੀਤੇ ਦੇ ਪਹਿਰਾਵੇ ਤੋਂ ਅੰਦਾਜ਼ਾ ਲਾ ਕੇ ਭੋਲੇ ਨੇ ਪੁੱਛਿਆ।

"ਨਹੀਂ, ਖ਼ਰਬੂਜ਼ਿਆਂ 'ਚ ਰਹਿ ਕੇ ਖ਼ਰਬੂਜ਼ਾ ਰੰਗ ਫੜਨ ਲੱਗ ਪਿਆ ਸੀ।" ਫੇਰ ਮੀਤੇ ਨੇ ਸਿੰਘਾਂ ਦੀ ਬੈਰਕ ਅੰਦਰਲੇ ਤਜਰਬੇ ਉਹਨਾਂ ਨਾਲ ਸਾਂਝੇ ਕੀਤੇ।

"ਲੈ ਪਹਿਲਾਂ ਇਹ ਭੁਲੇਖਾ ਪਾਊ ਬਾਣਾ ਬਦਲੀਏ।"

ਆਖਦੇ ਮੀਤੇ ਨੇ ਆਪਣਾ ਝੋਲਾ ਚੁੱਕਿਆ, ਉਸ ਵਿਚੋਂ ਲਾਭ ਸਿੰਘ ਕੋਲੋਂ ਪਹਿਲੇ ਦਿਨ ਤੋਹਫ਼ੇ ਵਿਚ ਮਿਲਿਆ ਨਵਾਂ ਕੁੜਤਾ-ਪਜਾਮਾ ਕੱਢਿਆ ਅਤੇ ਪਹਿਨ ਲਿਆ।



ਉਸਤਾਦ ਦੀ ਮਨਸ਼ਾ ਸਮਝ ਕੇ ਭੋਲੇ ਨੇ ਪਹਿਲਾਂ ਜਰਦਾ ਪੇਸ਼ ਕੀਤਾ ਅਤੇ ਫਿਰ ਉਸ ਦੀ ਮਨਭਾਉਂਦੀ 'ਫੋਰ ਸੁਕੇਅਰ' ਦੀ ਸਿਗਰਟ।

ਮੀਤੇ ਨੂੰ ਬੀੜੀ ਸਿਗਰਟ ਛੱਡਿਆਂ ਕਈ ਸਾਲ ਹੋ ਗਏ ਸਨ। ਤਮਾਕੂ ਨਾਲ ਉਸ ਨੂੰ ਮਨੋਂ ਨਫ਼ਰਤ ਹੋ ਗਈ ਸੀ। ਹੁਣ ਨਾ ਉਸ ਦਾ ਦਿਲ ਜਰਦਾ ਲਾਉਣ ਨੂੰ ਕਰਦਾ ਸੀ, ਨਾ ਸਿਗਰਟ ਪੀਣ ਨੂੰ।

ਪਰ ਆਪਣੇ ਆਪ ਨੂੰ ਅਤੇ ਸਾਥੀ ਕੈਦੀਆਂ ਨੂੰ ਇਹ ਯਕੀਨ ਦਿਵਾਉਣ ਲਈ ਕਿ ਉਹ ਸਿੰਘ ਨਹੀਂ ਹੈ, ਉਸ ਨੇ ਜਰਦਾ ਲਾਇਆ ਅਤੇ ਸਿਗਰਟ ਪੀਤੀ।

"ਉਸਤਾਦ! ਹੁਣ ਸਮੈਕ ਦਾ ਦੌਰ ਚੱਲਣਾ ਚਾਹੀਦਾ ਹੈ।"

ਨੰਦੂ ਨੂੰ ਜਰਦਾ, ਸਿਗਰਟ 'ਤੇ ਤਸੱਲੀ ਨਹੀਂ ਸੀ ਹੋਈ। ਉਹ ਦਾਦਾ ਉਸਤਾਦ ਦੀ ਭਰਪੂਰ ਸੇਵਾ ਕਰਨੀ ਚਾਹੁੰਦਾ ਸੀ।

"ਤੂੰ ਉਸਤਾਦ ਬਣ ਗਿਐਂ ਭੋਲੇ ?"

ਮੀਤੇ ਨੂੰ ਭੋਲੇ ਦੇ ਉਸਤਾਦ ਬਣਨ 'ਤੇ ਖ਼ੁਸ਼ੀ ਦੀ ਥਾਂ ਅਫ਼ਸੋਸ ਹੋਇਆ।

"ਸਾਧ ਬਣ ਕੇ ਤੂੰ ਨਜ਼ਾਰਾ ਦੇਖ ਤਾਂ ਲਿਆ ਉਸਤਾਦ। ਰੰਡੀ ਰੰਡੇਪਾ ਕੱਟ ਲਏ ਪਰ ਮੁਸ਼ਟੰਡੇ ਕੱਟਣ ਨਹੀਂ ਦਿੰਦੇ। ਆਪਾਂ ਇਥੇ ਠੀਕ ਹਾਂ। ਇਹ ਮੇਰੇ ਚੇਲੇ ਹਨ। ਮੈਂ ਇਹਨਾਂ ਬਾਰੇ ਤੈਨੂੰ ਦੱਸਦਾ ਹਾਂ।"

ਆਖਦੇ ਭੋਲੇ ਨੇ ਪਹਿਲਾਂ ਨੰਦੂ ਦੇ ਮੋਢੇ 'ਤੇ ਹੱਥ ਰੱਖਿਆ। ਨੰਦੂ ਦਾ ਬਾਪ ਭੱਠੇ 'ਤੇ ਇੱਟਾਂ ਪੱਥਦਾ ਸੀ। ਭੱਠੇ ਤੋਂ ਸੌ ਗ਼ਜ਼ ਦੀ ਦੂਰੀ 'ਤੇ ਸਕੂਲ ਸੀ। ਨੰਦੂ ਦਾ ਬਾਪ ਚਾਹੁੰਦਾ ਸੀ, ਉਹ ਪੜ੍ਹ-ਲਿਖ ਕੇ ਇਸ ਜ਼ਿੱਲਤ ਵਿਚੋਂ ਨਿਕਲੇ। ਸਰਕਾਰੀ ਨੌਕਰ ਨਹੀਂ ਬਣ ਸਕਦਾ ਤਾਂ ਘੱਟੋ-ਘੱਟ ਭੱਠੇ ਦਾ ਮੁਨਸ਼ੀ ਤਾਂ ਬਣੇ। ਬੜੇ ਅਰਮਾਨਾਂ ਨਾਲ ਉਸ ਨੇ ਨੰਦੂ ਨੂੰ ਸਕੂਲ ਪਾਇਆ ਪਰ ਉਹ ਸਕੂਲ ਸਰਕਾਰੀ ਸੀ। ਅਧਿਆਪਕਾਵਾਂ ਦੀ ਸਾਰੀ ਦਿਹਾੜੀ ਸਵੈਟਰ ਬੁਣਦਿਆਂ ਅਤੇ ਚੁਗਲੀਆਂ ਕਰਦਿਆਂ ਲੰਘ ਜਾਂਦੀ ਸੀ। ਨੰਦੂ ਦੇ ਘਰ ਸਕੂਲ ਦਾ ਕੰਮ ਕਰਾਉਣ ਵਾਲਾ ਕੋਈ ਨਹੀਂ ਸੀ। ਕੰਮ ਨਾ ਕਰ ਕੇ ਲਿਆਉਣ ਕਾਰਨ ਸਕੂਲ ਵਿਚ ਅਧਿਆਪਕਾਵਾਂ ਕੁੱਟਦੀਆਂ ਸਨ। ਪੜ੍ਹਾਈ ਵਿਚ ਨਾਲਾਇਕ ਹੋਣ ਕਾਰਨ ਘਰੇ ਬਾਪੂ ਕੁੱਟਦਾ ਸੀ। ਮਾਰ ਤੋਂ ਡਰਦਾ ਉਹ ਸਕੂਲੋਂ ਟਲ ਕੇ ਕਦੇ ਸਟੇਸ਼ਨ 'ਤੇ ਜਾ ਬੈਠਦਾ, ਕਦੇ ਬੱਸ ਸਟੈਂਡ 'ਤੇ। ਭੋਲੇ ਅਤੇ ਨੰਦੂ ਦੀ ਮੁਲਾਕਾਤ ਬੱਸ ਸਟੈਂਡ 'ਤੇ ਹੋਈ ਸੀ। ਆਪਣਾ ਪਰਿਵਾਰ ਛੱਡ ਕੇ ਉਹ ਹੁਣ ਪੱਕੇ ਤੌਰ 'ਤੇ ਭੋਲੇ ਨਾਲ ਆ ਰਲਿਆ ਸੀ।

ਦੂਸਰਾ ਚੇਲਾ ਰਾਜੂ ਪਹਾੜੀਆ ਸੀ। ਉਸ ਦਾ ਬਾਪ ਪਿੱਛੇ ਪਹਾੜ ਵਿਚ ਕਤੂਰਿਆਂ ਵਾਂਗ ਬੱਚੇ ਪੈਦਾ ਕਰਦਾ ਸੀ। ਮੁੰਡੇ ਨੂੰ ਛੇ-ਸੱਤ ਸਾਲ ਦਾ ਹੁੰਦੇ ਹੀ ਇਧਰ ਹਲਵਾਈ ਦੀ ਦੁਕਾਨ 'ਤੇ ਛੱਡ ਜਾਂਦਾ ਸੀ। ਖਾਣ-ਪੀਣ ਦਾ ਇੰਤਜ਼ਾਮ ਹਲਵਾਈ ਦੇ ਜ਼ਿੰਮੇ ਹੁੰਦਾ ਸੀ। ਤਨਖ਼ਾਹ ਉਹ ਸਾਲ ਭਰ ਪਹਿਲਾਂ ਫੜ ਕੇ ਲੈ ਜਾਂਦਾ ਸੀ। ਬਾਰ੍ਹਾਂ-ਤੇਰਾਂ ਸਾਲ ਦਾ ਹੋਣ 'ਤੇ ਵਿਆਹ ਦਿੰਦਾ ਸੀ। ਨੂੰਹ ਨੂੰ ਘਰ ਰੱਖ ਲੈਂਦਾ ਸੀ। ਦੋਹਾਂ ਜੀਆਂ ਦੀ ਕਮਾਈ 'ਤੇ ਉਹ ਗੁਲਸ਼ਰੇ ਉਡਾਉਂਦਾ ਸੀ।

ਦੀਵਾਲੀ ਦੇ ਨੇੜੇ ਹਲਵਾਈ ਦੀ ਦੁਕਾਨ 'ਤੇ ਕੰਮ ਵਧ ਜਾਂਦਾ ਸੀ। ਨੀਲਾ ਹਲਵਾਈ ਨੌਕਰਾਂ ਨੂੰ ਦਿਨ ਰਾਤ ਜੋੜੀ ਰੱਖਦਾ ਸੀ। ਮੁੰਡੇ ਥੱਕ ਨਾ ਜਾਣ ਇਸ ਲਈ ਕਦੇ ਭੁੱਕੀ ਉਬਾਲ ਕੇ ਦੇ ਦਿੰਦਾ ਸੀ। ਕਦੇ ਅਫ਼ੀਮ ਖੁਆ ਦਿੰਦਾ ਸੀ। ਹੋਰ ਨੌਕਰਾਂ ਵਾਂਗ ਰਾਜੂ ਨੂੰ ਭੁੱਕੀ ਖਾਣ ਦੀ ਲੱਤ ਲੱਗ ਗਈ ਸੀ। ਦੀਵਾਲੀ ਬਾਅਦ ਨਾ ਉਹਨਾਂ ਨੂੰ ਭੁੱਕੀ ਮਿਲਦੀ, ਨਾ ਅਫ਼ੀਮ। ਤਨਖ਼ਾਹ

ਵਿਚੋਂ ਪੈਸਾ ਲੈਣ ਦਾ ਹੁਕਮ ਨਹੀਂ ਸੀ। ਭੁੱਕੀ ਖ਼ਰੀਦਨ ਦਾ ਵੱਲ ਉਸ ਨੂੰ ਭੁੱਕੀ ਵੇਚਣ ਵਾਲਿਆਂ ਨੇ ਸਿਖਾਇਆ। ਕਹਿੰਦੇ, "ਹਲਵਾਈ ਨੂੰ ਬਥੇਰੀ ਵੱਟਤ ਹੈ। ਦਿਨ ਵਿਚ ਪੰਜ-ਚਾਰ ਰੁਪਏ ਖਿਸਕਾ ਲੈਣ ਨਾਲ ਉਸ ਨੂੰ ਕੋਈ ਪਤਾ ਨਹੀਂ ਲੱਗਣਾ।" ਕਮਾਈ ਘਟਦੀ ਵੇਖ ਕੇ ਹਲਵਾਈ ਨੂੰ ਸ਼ੱਕ ਹੋਣ ਲੱਗਾ। ਕੜਿੱਕੀ ਲਾ ਕੇ ਉਸ ਨੇ ਰਾਜੂ ਨੂੰ ਚੂਹੇ ਵਾਂਗ ਮੂੰਹ ਮਾਰਦੇ ਰੰਗੇ ਹੱਥੀਂ ਫੜ ਲਿਆ। ਨਾਲੇ ਕੁੱਟਿਆ, ਨਾਲੇ ਨੌਕਰੀਉਂ ਕੱਢ ਦਿੱਤਾ। ਬਾਪ ਦੀ ਛਿਤਰੌਲ ਤੋਂ ਡਰਦਾ ਰਾਜੂ ਸ਼ਹਿਰ ਛੱਡਣ ਦੀਆਂ ਤਰਕੀਬਾਂ ਸੋਚਣ ਲੱਗਾ।

ਹਲਵਾਈ ਦੀ ਦੁਕਾਨ ਸਟੇਸ਼ਨ ਦੇ ਬਾਹਰ ਸੀ। ਭੋਲਾ ਆਪਣਾ ਵਿਹਲਾ ਸਮਾਂ ਉਥੇ ਗੁਜ਼ਾਰਦਾ ਸੀ। ਦੋਹਾਂ ਦੀ ਪਹਿਲਾਂ ਤੋਂ ਜਾਣ-ਪਹਿਚਾਣ ਸੀ। ਔਖੇ ਵੇਲੇ ਭੋਲੇ ਨੇ ਰਾਜੂ ਦੀ ਬਾਂਹ ਫੜੀ। ਹੁਣ ਪਰਛਾਵੇਂ ਵਾਂਗ ਉਹ ਹਮੇਸ਼ਾ ਭੋਲੇ ਦੇ ਨਾਲ ਰਹਿੰਦਾ ਸੀ।

ਭੋਲੇ ਦੇ ਚੇਲਿਆਂ ਨੇ ਮੀਤੇ ਦੀ ਖ਼ੂਬ ਸੇਵਾ ਕੀਤੀ। ਹੁਣ ਵਾਰੀ ਉਸ ਦੀ ਸੀ।

ਆਪਣਾ ਫ਼ਰਜ਼ ਨਿਭਾਉਣ ਲਈ ਮੀਤੇ ਨੇ ਝੋਲੇ ਵਿਚੋਂ ਸਟੀਲ ਦੀਆਂ ਪਲੇਟਾਂ ਕੱਢੀਆਂ ਅਤੇ ਉਹਨਾਂ ਵਿਚ ਸਾਰੀ ਪੰਜੀਰੀ ਅਤੇ ਪਿੰਨੀਆਂ ਉਲਟਾ ਦਿੱਤੀਆਂ।

"ਲਓ, ਮੂੰਹ ਮਿੱਠਾ ਕਰੋ।"

ਆਖਦੇ ਮੀਤੇ ਨੇ ਪਲੇਟਾਂ ਭੋਲੇ ਵੱਲ ਖਿਸਕਾ ਦਿੱਤੀਆਂ।

ਖ਼ੁਸ਼ੀ ਵਿਚ ਖੀਵੇ ਹੋਏ ਭੋਲੇ ਨੇ ਮਹਾਂ ਭੋਜ ਵਿਚ ਸ਼ਾਮਲ ਹੋਣ ਲਈ ਆਪਣੇ ਮਿੱਤਰਾਂ ਨੂੰ ਆਵਾਜ਼ ਮਾਰ ਲਈ।

ਭੋਲਾ ਨਾਲੇ ਦੋਸਤਾਂ ਵਿਚ ਪਿੰਨੀਆਂ ਵੰਡਦਾ ਰਿਹਾ, ਨਾਲੇ ਆਪਣੇ ਅਤੇ ਉਸਤਾਦ ਦੀ ਹੱਡ-ਬੀਤੀ ਸੁਣਾਉਂਦਾ ਰਿਹਾ।

ਆਨੇ-ਬਹਾਨੇ ਭੋਲਾ ਉਸਤਾਦ ਨੂੰ ਦੱਸਣ ਲੱਗਾ। ਹੁਣ ਉਹ ਇਕੱਲਾ ਰਹਿ ਜਾਣ 'ਤੇ ਬੜਾਉਣ ਵਾਲਾ ਭੋਲਾ ਨਹੀਂ ਸੀ। ਹੁਣ ਉਸ ਦਾ ਨਾਂ ਸੁਣ ਕੇ ਲੋਕ ਡਰਦੇ ਸਨ। ਹੁਣ ਉਹ ਪੰਜ-ਪੰਜ ਸੌ ਦੀ ਜੇਬ ਨਹੀਂ ਕੱਟਦਾ। ਸੁਪਾਰੀਆਂ ਲੈਂਦਾ ਹੈ। ਉਹ ਭਾਂਡਾ-ਠੀਕਰ ਚੋਰੀ ਕਰਨ ਦੇ ਜੁਰਮ ਵਿਚ ਜੇਲ੍ਹ ਨਹੀਂ ਆਇਆ। ਮੀਤੇ ਉਸਤਾਦ ਵਾਂਗ ਉਸ ਉਪਰ ਵੀ ਕਤਲ ਦਾ ਕੇਸ ਹੈ।

ਭੋਲਾ ਜੇਲ੍ਹ 'ਚ ਕੁਝ ਦਿਨਾਂ ਦਾ ਪ੍ਰਾਹੁਣਾ ਸੀ। ਉਸ ਦੇ ਜੇਲ੍ਹੋਂ ਬਾਹਰਲੇ ਦੋਸਤਾਂ ਨੇ ਸਭ ਇੰਤਜ਼ਾਮ ਕਰ ਰੱਖਿਆ ਸੀ। ਮੁਕੱਦਮੇ ਦੀ ਸੁਣਵਾਈ ਸ਼ੁਰੂ ਹੁੰਦੇ ਹੀ ਉਸ ਨੇ ਬਰੀ ਹੋ ਜਾਣਾ ਸੀ।

"ਭੋਲੇ, ਮੇਰੇ ਜ਼ਿੰਮੇ ਕੋਈ ਸੇਵਾ ਲਾ। ਹੁਕਮ ਹੋਵੇ ਤਾਂ ਉਸਤਾਦ ਵਿਰੁੱਧ ਝੂਠੀ ਗਵਾਹੀ ਦੇਣ ਵਾਲੇ ਗਵਾਹਾਂ ਵਿਰੁੱਧ ਹੁਕਮਨਾਮਾ ਜਾਰੀ ਕਰ ਦੇਵਾਂ।"

ਬਿੱਲੂ ਉਸਤਾਦ ਨੂੰ ਮੀਤੇ ਦੇ ਝੂਠੇ ਮੁਕੱਦਮੇ ਵਿਚ ਸਜ਼ਾ ਹੋਣ 'ਤੇ ਦੁੱਖ ਸੀ। ਇਸ ਸਜ਼ਾ ਲਈ ਗਵਾਹ ਜ਼ਿੰਮੇਵਾਰ ਸਨ। ਬਿੱਲੂ ਨੇ ਗਵਾਹਾਂ ਨੂੰ ਸਬਕ ਸਿਖਾਉਣ ਲਈ ਆਪਣੇ ਸਹਿਯੋਗ ਦੀ ਪੇਸ਼ਕਸ਼ ਕੀਤੀ।

ਬਿੱਲੂ ਫੜ੍ਹਾਂ ਨਹੀਂ ਸੀ ਮਾਰ ਰਿਹਾ। ਉਹ ਜੋ ਕਹਿੰਦਾ ਸੀ, ਕਰ ਦਿਖਾਉਂਦਾ ਸੀ।

ਲੋਕ ਬਿੱਲੂ ਨੂੰ 'ਸਟੇਸ਼ਨ ਦਾ ਬਾਦਸ਼ਾਹ' ਆਖਦੇ ਸਨ। ਇਸ ਲਈ ਨਹੀਂ ਕਿ ਉਹ ਸਟੇਸ਼ਨ ਦੇ ਪੁਲ 'ਤੇ ਬੈਠ ਕੇ ਮੰਗਦੀ ਮੰਗਤੀ ਦੇ ਪੇਟੋਂ ਜੰਮਿਆ ਸੀ, ਬਲਕਿ ਇਸ ਲਈ ਕਿਉਂਕਿ ਸਟੇਸ਼ਨ 'ਤੇ ਹੁੰਦਾ ਹਰ ਜੁਰਮ ਉਸ ਦੀ ਸਹਿਮਤੀ ਨਾਲ ਹੁੰਦਾ ਸੀ।



ਬਿੱਲੂ ਦਾ ਗਰੋਹ ਮੁਸਾਫ਼ਿਰਾਂ ਨਾਲ ਘੁਲਣ-ਮਿਲਣ, ਉਹਨਾਂ ਦਾ ਦਿਲ ਜਿੱਤਣ ਅਤੇ ਫੇਰ ਖਾਣ-ਪੀਣ ਸਾਂਝਾ ਕਰਨ ਦਾ ਮਾਹਿਰ ਸੀ। ਉਹ ਖਾਣ-ਪੀਣ ਵਾਲੇ ਸਾਮਾਨ ਵਿਚ ਨਸ਼ੀਲਾ ਪਦਾਰਥ ਮਿਲਾ ਕੇ ਸਵਾਰੀ ਨੂੰ ਖਵਾ ਦਿੰਦੇ ਸਨ। ਸਵਾਰੀ ਜਦੋਂ ਬੇਹੋਸ਼ ਹੋ ਜਾਂਦੀ, ਉਹ ਸਾਮਾਨ ਲੈ ਕੇ ਪੱਤਰਾ ਵਾਚ ਜਾਂਦੇ। ਸਟੇਸ਼ਨ ਛੋਟਾ ਸੀ। ਦਿਨ ਵਿਚ ਦੋ ਸ਼ਿਕਾਰ ਮਾਰ ਹੁੰਦੇ ਸਨ। ਪਿਛਲੇ ਕੁਝ ਮਹੀਨਿਆਂ ਤੋਂ ਉਹਨਾਂ ਦੇ ਦਿਨ ਗਰਦਸ਼ ਵਿਚ ਸਨ। ਉਹਨਾਂ ਵਰਗੇ ਕੰਮ ਕਰਨ ਵਾਲੀ ਇਕ ਹੋਰ ਟੋਲੀ ਸਟੇਸ਼ਨ 'ਤੇ ਆ ਉਤਰੀ ਸੀ। ਤਿੰਨ-ਚਾਰ ਦਿਨਾਂ ਵਿਚ ਉਹਨਾਂ ਨੇ ਅਠਾਰਾਂ-ਵੀਹ ਚੇਨੀਆਂ ਝਪਟ ਲਈਆਂ। ਰੇਲਵੇ ਵਿਭਾਗ ਦੇ ਨਾਲ-ਨਾਲ ਰੇਲਵੇ ਪੁਲਿਸ ਦੀ ਬਦਨਾਮੀ ਹੋਣ ਲੱਗੀ। ਮਾਮਲਾ ਦਿੱਲੀ ਤਕ ਪੁੱਜ ਗਿਆ। ਰੇਲ ਵਿਭਾਗ ਨੇ ਮੁਸਾਫ਼ਰਾਂ ਨੂੰ ਚੌਕਸ ਕਰਨ ਲਈ ਸਟੇਸ਼ਨ ਉਪਰ ਵੱਡੇ-ਵੱਡੇ ਬੋਰਡ ਲਗਵਾ ਦਿੱਤੇ। ਨਾਲ ਹਰ ਪੰਦਰਾਂ-ਮਿੰਟਾਂ ਬਾਅਦ ਲਾਊਡ ਸਪੀਕਰ ਤੇ ਚਿਤਾਵਨੀ ਦੇਣੀ ਸ਼ੁਰੂ ਕਰ ਦਿੱਤੀ। ਸੁਚੇਤ ਹੋਏ ਮੁਸਾਫ਼ਰਾਂ ਨੇ ਅਣਜਾਣ ਬੰਦਿਆਂ ਨਾਲ ਖਾਣਾ-ਪੀਣਾ ਤਾਂ ਦੂਰ, ਗੱਲ ਤਕ ਕਰਨੀ ਵੀ ਛੱਡ ਦਿੱਤੀ।

ਮਾਮਲੇ ਦੇ ਠੰਢਾ ਹੋਣ ਤਕ ਬਿੱਲੂ ਹੋਰਾਂ ਨੂੰ ਵਾਰਦਾਤ ਦਾ ਤਰੀਕਾ ਬਦਲਣਾ ਪਿਆ।

ਉਹਨਾਂ ਨੇ ਇਕ ਪੁਰਾਣਾ ਥਰੀ-ਵ੍ਹੀਲਰ ਖ਼ਰੀਦ ਲਿਆ। ਸਵਾਰੀਆਂ ਚੜ੍ਹਾਉਣ ਲਈ ਥਰੀ-ਵ੍ਹੀਲਰ ਨੂੰ ਸਟੇਸ਼ਨ ਅੱਗੇ ਖੜ੍ਹਾਉਣ ਲੱਗੇ। ਟੋਲੀ ਦੇ ਦੋ-ਤਿੰਨ ਮੈਂਬਰ ਪਹਿਲਾਂ ਹੀ ਸਵਾਰੀਆਂ ਬਣ ਕੇ ਥਰੀ-ਵ੍ਹੀਲਰ ਵਿਚ ਬੈਠ ਜਾਂਦੇ। ਜਦੋਂ ਕੋਈ ਮਾਲਦਾਰ ਸਵਾਰੀ ਥਰੀ-ਵ੍ਹੀਲਰ ਵਿਚ ਬੈਠਦੀ, ਉਹ ਥਰੀ-ਵ੍ਹੀਲਰ ਲੈ ਕੇ ਤੁਰ ਪੈਂਦੇ। ਸੁੰਨਸਾਨ ਜਗ੍ਹਾ 'ਤੇ ਲਿਜਾ ਕੇ ਸਵਾਰੀ ਨੂੰ ਲੁੱਟ ਲੈਂਦੇ। ਕੁਝ ਮੁਸਾਫ਼ਰ ਨੰਗ-ਮਲੰਗ ਹੋ ਕੇ ਘਰ ਨੂੰ ਮੁੜ ਜਾਂਦੇ। ਕੁਝ ਥਾਣੇ ਪੁੱਜ ਜਾਂਦੇ। ਪੁਲਿਸ ਵਾਲੇ ਥੋੜ੍ਹੀ-ਬਹੁਤ ਭੱਜ-ਨੱਠ ਕਰ ਕੇ ਮਾਮਲਾ ਠੱਪ ਦਿੰਦੇ।

ਇਕ ਫ਼ੁਰਤੀਲੀ ਸਵਾਰੀ ਨੇ ਬੇੜੀ ਵਿਚ ਵੱਟੇ ਪਾ ਦਿੱਤੇ। ਸਵਾਰੀ ਕਦੇ ਟੈਂਪੂ ਯੂਨੀਅਨ ਦੀ ਪ੍ਰਧਾਨ ਰਹੀ ਸੀ। ਉਹ ਸਭ ਟੈਂਪੂ ਵਾਲਿਆਂ ਨੂੰ ਜਾਣਦੀ ਸੀ। ਬਿੱਲੂ ਹੋਰਾਂ ਦੇ ਹੁਲੀਏ ਦੱਸ ਕੇ ਉਸ ਨੇ ਪੁਲਿਸ ਕੰਟਰੋਲ ਰੂਮ ਤੋਂ ਸਭ ਨਾਕਿਆਂ 'ਤੇ ਫ਼ੋਨ ਕਰਵਾ ਦਿੱਤੇ। ਚੌਕਸ ਹੋਈ ਪੁਲਿਸ ਨੇ ਗਿਰੋਹ ਦੇ ਖਿੰਡਣ ਤੋਂ ਪਹਿਲਾਂ ਉਹਨਾਂ ਨੂੰ ਦਬੋਚ ਲਿਆ ।

ਜੇਲ੍ਹ ਬਿੱਲੂ ਲਈ ਸਹੁਰੇ ਘਰ ਵਾਂਗ ਸੀ। ਆਉਣਾ-ਜਾਣਾ ਲੱਗਾ ਰਹਿੰਦਾ ਸੀ। ਇੰਸ ਵਾਰ ਜੇਲ੍ਹ ਆਉਣ 'ਤੇ ਉਸ ਨੂੰ ਖ਼ੁਸ਼ੀ ਹੋਈ ਸੀ। ਜੇਲ੍ਹ ਵਿਚ ਉਸ ਦਾ ਭੋਲੇ ਉਸਤਾਦ ਨਾਲ ਵਾਹ ਪਿਆ ਸੀ। ਭੋਲੇ ਨੇ ਵੱਖ-ਵੱਖ ਗਿਰੋਹਾਂ ਦੇ ਉਸਤਾਦਾਂ ਨੂੰ ਇਕੱਠੇ ਕਰ ਕੇ ਯੂਨੀਅਨ ਬਣਾ ਰੱਖੀ ਸੀ। ਬਿੱਲੂ ਨੂੰ ਇਸ ਯੂਨੀਅਨ ਵਿਚ ਸ਼ਾਮਿਲ ਹੋਣ ਦਾ ਸੱਦਾ ਮਿਲਿਆ ਸੀ। ਧੰਦੇ ਦੇ ਗੁਰ ਬਿੱਲੂ ਨੂੰ ਪਹਿਲਾਂ ਬਥੇਰੇ ਆਉਂਦੇ ਸਨ। ਯੂਨੀਅਨ ਨੇ ਉਸ ਨੂੰ ਮੁਕੱਦਮੇ ਵਿਚੋਂ ਬਰੀ ਹੋਣ ਦੇ ਗੁਰ ਦੱਸੇ। ਉਹਨਾਂ ਵਿਚੋਂ ਇਕ ਗੁਰ ਡਰਾ-ਧਮਕਾ ਕੇ ਗਵਾਹਾਂ ਨੂੰ ਗਵਾਹੀ ਤੋਂ ਮੁਕਰਾਉਣਾ ਸੀ। ਬਿੱਲੂ ਹੋਰੀ ਸਭ ਜੇਲ੍ਹ ਦੇ ਅੰਦਰ ਸਨ। ਗਵਾਹਾਂ ਨੂੰ ਡਰਾਏ ਤਾਂ ਕੌਣ ? ਯੂਨੀਅਨ ਦੇ ਮੈਂਬਰ ਬਣਦੇ ਹੀ ਇਹ ਸਮੱਸਿਆ ਹੱਲ ਹੋ ਗਈ। ਝੱਟ ਬਾਹਰਲੇ ਮੈਂਬਰਾਂ ਨੇ ਗਵਾਹਾਂ ਨੂੰ ਸਮਝਾਇਆ, 'ਜੇ ਅਦਾਲਤ ਵਿਚ ਜਾ ਕੇ ਗਵਾਹੀ ਦਿੱਤੀ, ਬਾਹਰ ਨਿਕਲਦੇ ਹੀ ਉਸਤਾਦ ਨੂੰ ਮਿਲੀ ਸਜ਼ਾ ਨਾਲੋਂ ਦੁੱਗਣੀ ਸਜ਼ਾ ਮਿਲੇਗੀ।" ਡਰਦੇ ਗਵਾਹਾਂ ਨੂੰ ਕੰਬਣੀ ਛਿੜ ਗਈ। ਬਿੱਲੂ ਦੇ ਮੁਕੱਦਮੇ ਦੇ ਸਾਰੇ ਗਵਾਹ ਮੁੱਕਰ ਚੁੱਕੇ ਸਨ। ਉਹ ਬਰੀ ਹੋਣ ਵਾਲਾ ਸੀ।

"ਕਮਲਿਆ, ਮੇਰੇ ਮੁਕੱਦਮੇ ਦਾ ਫ਼ੈਸਲਾ ਹੋ ਚੁੱਕਿਆ ਹੈ। ਹੁਣ ਕਿਹੜੇ ਗਵਾਹਾਂ ਨੂੰ

ਮੁਰਕਾਏਂਗਾ ?"

ਮੀਤੇ ਨੇ ਬਿੱਲੂ ਦਾ ਧੰਨਵਾਦ ਕੀਤਾ ਅਤੇ ਆਪਣੇ ਮੁਕੱਦਮੇ ਦੀ ਸਥਿਤੀ ਸਮਝਾਈ।

"ਫੇਰ ਹਾਈ ਕੋਰਟ ਲਈ ਵਧੀਆ ਵਕੀਲ ਕਰ ਦਿੰਦੇ ਹਾਂ। ਪਹਿਲਾਂ ਉਹ ਜ਼ਮਾਨਤ ਕਰਾਏਗਾ, ਫੇਰ ਬਰੀ, ਪੈਸਾ ਯੂਨੀਅਨ ਦੇਵੇਗੀ।"

ਮੀਤੇ ਦੀ ਮਦਦ ਵਿਚ ਉਸਤਾਦ ਨੀਲੇ ਖ਼ਾਂ ਪਿੱਛੇ ਨਹੀਂ ਸੀ ਰਹਿਣਾ ਚਾਹੁੰਦਾ। ਯੂਨੀਅਨ ਦਾ ਮੈਂਬਰ ਬਣ ਕੇ ਉਸ ਨੂੰ ਜਿਸ ਗੱਲ ਦਾ ਸਭ ਤੋਂ ਵੱਧ ਫ਼ਾਇਦਾ ਹੋਇਆ ਸੀ, ਉਹ ਉਹੋ ਸੁਝਾਅ ਪੇਸ਼ ਕਰਨ ਲੱਗਾ।

"ਏਕੇ ਵਿਚ ਬਰਕਤ ਹੁੰਦੀ ਹੈ," ਇਸ ਟੋਟਕੇ ਦੀ ਸਮਝ ਨੀਲੇ ਖ਼ਾਂ ਨੂੰ ਯੂਨੀਅਨ ਦਾ ਮੈਂਬਰ ਬਣ ਕੇ ਆਈ ਸੀ।

ਉਸ ਦੇ ਗਿਰੋਹ ਵਿਚ ਸੱਤ ਮੈਂਬਰ ਸਨ। ਉਹ ਸੱਤੇ ਹੁਣ ਉਸ ਦੇ ਨਾਲ ਸਨ। ਅੱਜ ਕੱਲ੍ਹ 'ਕਾਲੇ ਕੱਛਿਆਂ ਵਾਲੇ' ਗਿਰੋਹ ਦੇ ਨਾਂ ਨਾਲ ਮਸ਼ਹੂਰ ਸਨ।

ਪਹਿਲਾਂ ਉਹ ਇਸ ਤਰ੍ਹਾਂ ਦੇ ਨਹੀਂ ਸਨ। ਬਿਹਾਰੋਂ ਰੁਜ਼ਗਾਰ ਦੀ ਭਾਲ ਵਿਚ ਇਧਰ ਆਏ ਸਨ। ਆਉਂਦੇ ਹੀ ਇਕ ਫ਼ੈਕਟਰੀ ਵਿਚ ਕੰਮ ਵੀ ਮਿਲ ਗਿਆ। ਜਲਦੀ ਹੀ ਹੱਥ ਸੁਖਾਲਾ ਹੋ ਗਿਆ। ਉਸੇ ਸੌਖ ਨੇ ਉਹਨਾਂ ਦੇ ਮੁਜਰਮ ਬਣਨ ਦੀ ਨੀਂਹ ਰੱਖੀ। ਹੋਲੀ ਵਾਲੇ ਦਿਨ ਦਾਰੂ ਪੀ ਕੇ ਉਹਨਾਂ ਹੁੱਲੜਬਾਜ਼ੀ ਕੀਤੀ। ਸ਼ਾਮ ਨੂੰ ਹੁੱਲੜਬਾਜ਼ੀ ਲੜਾਈ ਵਿਚ ਬਦਲ ਗਈ। ਰਾਤ ਨੂੰ ਇਹ ਲੜਾਈ ਉਹਨਾਂ ਨੂੰ ਹਵਾਲਾਤ ਲੈ ਗਈ।

ਉਹਨਾਂ ਨੂੰ ਛੱਡਣ ਲਈ ਪੁਲਿਸ ਨੇ ਜਿੰਨੇ ਪੈਸੇ ਉਹਨਾਂ ਕੋਲੋਂ ਮੰਗੇ, ਓਨੇ ਨਾ ਉਹਨਾਂ ਕੋਲ ਸਨ ਨਾ ਉਹਨਾਂ ਦੇਣੇ ਸਨ। ਉਹਨਾਂ ਸੋਚਿਆ ਅਸੀਂ ਕਿਹੜਾ ਕਿਸੇ ਦਾ ਸਿਰ ਪਾੜਿਆ ਹੈ। ਆਪਸ ਵਿਚ 'ਤੂੰ-ਤੂੰ ਮੈਂ-ਮੈਂ' ਹੋਏ ਹਾਂ। ਸਾਡਾ ਰਾਜ਼ੀਨਾਮਾ ਹੋ ਗਿਆ। ਆਪੇ ਦੋ-ਚਾਰ ਦਿਨਾਂ ਬਾਅਦ ਛੱਡ ਦੇਣਗੇ।

ਪਰ ਮਾਮਲਾ ਹੋਰ ਹੀ ਰੂਪ ਧਾਰ ਗਿਆ।

ਉਸ ਥਾਣੇ ਦੇ ਥਾਣੇਦਾਰਾਂ ਨੇ ਪਹਿਲੇ ਮਹੀਨੇ 'ਡਕੈਤੀ ਦੀ ਤਿਆਰੀ 'ਚ ਰੁੱਝੇ' ਚਾਰ ਗਿਰੋਹ ਫੜੇ ਸਨ। ਇਸ ਵਾਰ ਮਹੀਨੇ ਦੇ ਅਖ਼ੀਰ ਤੱਕ ਇਕ ਗਿਰੋਹ ਵੀ ਹੱਥ ਨਹੀਂ ਸੀ ਲੱਗਾ। ਅਫ਼ਸਰਾਂ ਦੀਆਂ ਝਿੜਕਾਂ ਤੋਂ ਡਰਦੀ ਅਤੇ ਮੰਗੇ ਪੈਸੇ ਨਾ ਦੇਣ ਦੇ ਹੱਠ ਤੋਂ ਖਿਝੀ ਪੁਲਿਸ ਨੇ ਝੱਟ ਇਹਨਾਂ 'ਤੇ ਇਸ ਧਾਰਾ ਤਹਿਤ ਮੁਕੱਦਮਾ ਦਰਜ ਕਰ ਦਿੱਤਾ। ਮੁਕੱਦਮਾ ਮਜ਼ਬੂਤ ਕਰਨ ਲਈ ਪੁਲਿਸ ਨੇ ਕਿਸੇ ਕੋਲੋਂ ਦੇਸੀ ਪਿਸਤੌਲ ਅਤੇ ਕਿਸੇ ਕੋਲੋਂ ਚਾਕੂ ਫੜਿਆ ਦਿਖਾ ਦਿੱਤਾ।

ਉਹਨੀਂ ਦਿਨੀਂ 'ਕਾਲੇ ਕੱਛਿਆਂ ਵਾਲਾ' ਗਿਰੋਹ ਸੱਚਮੁੱਚ ਸਰਗਰਮ ਸੀ। ਆਏ ਦਿਨ ਲੁੱਟ-ਖਸੁੱਟ ਅਤੇ ਮਾਰ-ਕੁਟਾਈ ਹੁੰਦੀ ਸੀ। ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਜੱਜ ਨੇ ਪਹਿਲਾਂ ਉਹਨਾਂ ਨੂੰ ਜ਼ਮਾਨਤ 'ਤੇ ਛੱਡਣੋਂ ਨਾਂਹ ਕਰ ਦਿੱਤੀ, ਫੇਰ ਤੇਜ਼ੀ ਨਾਲ ਸੁਣਵਾਈ ਮੁਕੰਮਲ ਕਰ ਕੇ ਤਿੰਨ-ਤਿੰਨ ਸਾਲ ਦੀ ਸਜ਼ਾ ਸੁਣਾ ਦਿੱਤੀ।

ਪਿੱਛੋਂ ਬੌਰੀਆ ਬਰਾਦਰੀ ਨਾਲ ਸੰਬੰਧਿਤ ਕਾਲੇ ਕੱਛਿਆਂ ਵਾਲਿਆਂ ਦਾ ਅਸਲੀ ਗਿਰੋਹ ਫੜਿਆ ਗਿਆ। ਉਹ ਵੀ ਨੀਲੇ ਖ਼ਾਂ ਵਾਲੀ ਬੈਰਕ ਵਿਚ ਪੁੱਜ ਗਏ।

ਆਪਣਾ ਭਾਈਚਾਰਾ ਮੰਨ ਕੇ ਬੌਰੀਆਂ ਨੇ ਉਹਨਾਂ ਨੂੰ ਆਪਣੇ ਗਿਰੋਹ ਵਿਚ ਸ਼ਾਮਲ ਕਰ ਲਿਆ ਅਤੇ ਕੰਮ-ਕਾਰ ਦੇ ਢੰਗ ਸਿਖਾ ਦਿੱਤੇ।



ਤਿੰਨ ਸਾਲ ਬਾਅਦ ਨਾ ਉਹ ਹੱਥੀਂ ਕੰਮ ਕਰਨ ਦੇ ਯੋਗ ਰਹੇ, ਨਾ ਉਹਨਾਂ ਨੇ ਇਸ ਦੀ ਜ਼ਰੂਰਤ ਸਮਝੀ। ਮਿਹਨਤ ਮਜ਼ਦੂਰੀ ਨਾਲੋਂ ਇਸ ਧੰਦੇ ਵਿਚ ਦਿਹਾੜੀ ਸੌਖੀ ਅਤੇ ਵੱਧ ਮਿਲਦੀ ਸੀ।

ਹੁਣ ਕਦੇ ਉਹ ਫੜੇ ਜਾਂਦੇ ਸਨ, ਕਦੇ ਛੁੱਟ ਜਾਂਦੇ ਸਨ।

ਨੀਲੇ ਖ਼ਾਂ ਦੇ ਉਸਤਾਦ ਸਾਰੇ ਸੂਬੇ ਵਿਚ ਮਾਰ ਕਰਦੇ ਸਨ। ਉਹਨਾਂ ਨੇ ਹਰ ਥਾਂ ਆਪਣੇ ਪੱਕੇ ਵਕੀਲ ਕੀਤੇ ਹੋਏ ਸਨ। ਹਰ ਮਹੀਨੇ ਉਹਨਾਂ ਨੂੰ ਬੱਝਵੀਂ ਫ਼ੀਸ ਦਿੰਦੇ ਸਨ। ਜਦੋਂ ਗਿਰੋਹ ਦਾ ਕੋਈ ਮੈਂਬਰ ਫੜਿਆ ਜਾਂਦਾ, ਵਕੀਲ ਆਪੇ ਪੈਰਵੀ ਸ਼ੁਰੂ ਕਰ ਦਿੰਦਾ। ਵਕੀਲ ਹਾਈਕੋਰਟ ਤਕ ਤਾਰਾਂ ਖੜਕਾ ਦਿੰਦਾ, "ਪੁਲਿਸ ਨੇ ਮੇਰੇ ਸਾਇਲ ਨੂੰ ਸਟੇਸ਼ਨ ਤੋਂ ਚੁੱਕ ਲਿਆ ਹੈ। ਝੂਠੇ ਮੁਕੱਦਮੇ ਵਿਚ ਫਸਾਏ ਜਾਣ ਦਾ ਡਰ ਹੈ।" ਫੜੇ ਮੈਂਬਰ 'ਤੇ ਕਿਹੜਾ ਕੇਸ ਬਣਾਇਆ ਜਾਵੇ ? ਇਹ ਸੋਚਦੀ-ਸੋਚਦੀ ਪੁਲਿਸ ਕਈ ਦਿਨ ਲੰਘਾ ਦਿੰਦੀ ਸੀ। ਤਾਰ ਦੇ ਆਧਾਰ 'ਤੇ ਉਹਨਾਂ ਦੀ ਗ੍ਰਿਫ਼ਤਾਰੀ ਪੁਲਿਸ ਵੱਲੋਂ ਦਿਖਾਈ ਗ੍ਰਿਫ਼ਤਾਰੀ ਤੋਂ ਪਹਿਲਾਂ ਹੀ ਸਿੱਧ ਹੋ ਜਾਂਦੀ ਸੀ। ਸ਼ੱਕ ਦੇ ਆਧਾਰ 'ਤੇ ਉਹ ਬਰੀ ਹੋ ਜਾਂਦੇ ਸਨ।

ਬੌਰੀਆਂ ਵੱਲੋਂ ਵਰਤਿਆ ਜਾਂਦਾ ਇਹ ਗੁਰ ਨੀਲੇ ਖ਼ਾਂ ਨੇ ਯੂਨੀਅਨ ਵਾਲਿਆਂ ਨੂੰ ਦੱਸਿਆ। ਯੂਨੀਅਨ ਵਾਲਿਆਂ ਨੇ ਝੱਟ ਇਸ ਨੂੰ ਅਪਣਾ ਲਿਆ। ਯੂਨੀਅਨ ਨੇ ਹਾਈ ਕੋਰਟ ਤਕ ਪੱਕੇ ਵਕੀਲ ਕਰ ਲਏ, ਉਹ ਵੀ ਉੱਚ ਕੋਟੀ ਦੇ। ਬੱਝਵੀਂ ਫ਼ੀਸ ਮਿਲਣ ਦੇ ਲਾਲਚ ਵਿਚ ਚੰਗੇ ਵਕੀਲ ਸਸਤੇ ਭਾਅ ਮਿਲ ਗਏ। ਦੋਹਾਂ ਧਿਰਾਂ ਨੂੰ ਫ਼ਾਇਦਾ ਹੋਇਆ। ਹਰ ਮੈਂਬਰ ਨੂੰ ਦੋ-ਤਿੰਨ ਸੌ ਰੁਪਏ ਮਹੀਨਾ ਦੇਣਾ ਪੈਂਦਾ ਸੀ। ਵਕੀਲਾਂ ਦਾ ਬੂੰਦ-ਬੂੰਦ ਨਾਲ ਘੜਾ ਭਰ ਜਾਂਦਾ ਸੀ।

ਯੂਨੀਅਨ ਦੇ ਇਸ ਉੱਦਮ ਦੇ ਸਿੱਟੇ ਚੰਗੇ ਨਿਕਲ ਰਹੇ ਸਨ। ਪਹਿਲਾਂ ਪੁਲਿਸ ਫੜੇ ਦੋਸ਼ੀ ਨੂੰ ਕਈ-ਕਈ ਦਿਨ ਥਾਣੇ ਬਿਠਾਈ ਰੱਖਦੀ। ਯੂਨੀਅਨ ਦੇ ਵਕੀਲ ਹੁਣ ਝੱਟ ਹਾਈ ਕੋਰਟ ਦਾ ਰੇਡ ਕਰਵਾ ਦਿੰਦੇ ਹਨ। ਡਰਦੀ ਪੁਲਿਸ ਫੜਨ ਸਾਰ ਮੁਕੱਦਮਾ ਦਰਜ ਕਰਦੀ ਹੈ । ਪਹਿਲਾਂ ਬਿਨਾਂ ਕਾਰਨ ਮੈਜਿਸਟ੍ਰੇਟ ਦਸ-ਦਸ ਦਿਨਾਂ ਦਾ ਪੁਲਿਸ ਰਿਮਾਂਡ ਦੇ ਦਿੰਦਾ ਸੀ। ਹੁਣ ਇਕ-ਦੋ ਦਿਨਾਂ ਤੋਂ ਵੱਧ ਨਹੀਂ ਦਿੰਦਾ। ਹੱਡ ਟੁੱਟਣੋਂ ਬਚ ਜਾਂਦੇ ਹਨ। ਅੱਗੇ ਪੁਲਿਸ ਫੜਦੀ ਕੁਝ ਸੀ, ਪਾਉਂਦੀ ਕੁਝ ਸੀ। ਹੁਣ ਹੇਰਾਫੇਰੀ ਦੀ ਸੰਭਾਵਨਾ ਘਟ ਗਈ ਹੈ। ਅੱਗੇ ਵਕੀਲਾਂ ਦੀਆਂ ਫ਼ੀਸਾਂ ਤੋਂ ਡਰਦੇ ਛੋਟੇ-ਮੋਟੇ ਮੁਜਰਮ ਅਪੀਲ ਨਹੀਂ ਸਨ ਕਰਦੇ। ਕਈ ਵਾਰ ਝੂਠੇ ਮੁਕੱਦਮੇ ਵਿਚ ਸਜ਼ਾ ਕੱਟਣੀ ਪੈ ਜਾਂਦੀ ਸੀ। ਹੁਣ ਹਰ ਫ਼ੈਸਲੇ ਵਿਰੁੱਧ ਅਪੀਲ ਹੁੰਦੀ ਹੈ। ਬਹੁਤੀਆਂ ਅਪੀਲਾਂ ਮਨਜ਼ੂਰ ਹੁੰਦੀਆਂ ਹਨ।

ਇਸੇ ਲਈ ਨੀਲੇ ਖ਼ਾਂ ਚਾਹੁੰਦਾ ਸੀ ਕਿ ਉਸਤਾਦ ਨੂੰ ਵਕੀਲ ਯੂਨੀਅਨ ਵੱਲੋਂ ਕਰ ਕੇ ਦਿੱਤਾ ਜਾਵੇ।

"ਨਹੀਂ ਭਾਈ ! ਮੇਰਾ ਕੇਸ ਸੰਮਤੀ ਲੜ ਰਹੀ ਹੈ। ਮੈਨੂੰ ਉਹਨਾਂ 'ਤੇ ਪੂਰੀ ਤਸੱਲੀ ਹੈ। ਉਹ ਮੇਰੀ ਅਪੀਲ ਮਨਜ਼ੂਰ ਕਰਵਾ ਕੇ ਛੱਡਣਗੇ।"

ਮੀਤੇ ਨੂੰ ਆਪਣੇ ਸਮਰਥਕਾਂ 'ਤੇ ਭਰੋਸਾ ਸੀ।

"ਬਾਬਿਓ ! ਸੰਮਤੀ ਵਾਲਿਆਂ ਦਾ ਖਹਿੜਾ ਛੱਡੋ। ਉਹਨਾਂ ਬਾਬੂਆਂ ਤੋਂ ਕੁਝ ਨਹੀਂ ਹੋਣਾ। ਲੋਹੇ ਨੂੰ ਕੱਟਣ ਲਈ ਲੋਹਾ ਚਾਹੀਦੈ। ਇਹ ਕੇਸ ਸਾਡੇ ਹਵਾਲੇ ਕਰੋ। ਫੇਰ ਦੇਖੋ ਸਾਡੇ ਹੱਥ। ਦਿਨਾਂ ਵਿਚ ਬਰੀ ਕਰਵਾ ਦੇਵਾਂਗੇ।"

ਪੱਟ 'ਤੇ ਥਾਪੀ ਮਾਰ ਕੇ ਬੰਤੇ ਫ਼ੌਜੀ ਨੇ ਫੜ੍ਹ ਮਾਰੀ।

ਬੰਤਾ ਅਫ਼ੀਮ ਅਤੇ ਭੁੱਕੀ ਵੇਚਣ ਵਾਲੀ ਟੋਲੀ ਦਾ ਮੁਖੀਆ ਸੀ।

ਪੈਨਸ਼ਨ ਆਉਂਦਾ ਹੀ ਉਹ ਸੁੱਖੇ ਨੰਬਰਦਾਰ ਦਾ ਬਾਡੀਗਾਰਡ ਬਣ ਗਿਆ ਸੀ। ਸੁੱਖਾ ਅਫ਼ੀਮ ਦੀ ਸਮਗਲਿੰਗ ਕਰਦਾ ਸੀ। ਜਿਸ ਗੱਡੀ ਵਿਚ ਮਾਲ ਹੁੰਦਾ, ਸੁੱਖੇ ਦੀ ਕਾਰ ਉਸ ਦੇ ਅੱਗੇ-ਅੱਗੇ ਚੱਲਦੀ। ਸੁੱਖਾ ਰਸਤੇ ਵਿਚ ਆਉਂਦੀਆਂ ਔਕੜਾਂ ਦੂਰ ਕਰਦਾ ਜਾਂਦਾ। ਬਿਨਾਂ ਰੋਕ-ਟੋਕ ਗੱਡੀ ਆਪਣੀ ਮੰਜ਼ਿਲ 'ਤੇ ਪੁੱਜ ਜਾਂਦੀ।

ਬੰਤੇ ਦੇ ਮਾੜੇ ਦਿਨ ਉਸ ਸਮੇਂ ਸ਼ੁਰੂ ਹੋਏ, ਜਦੋਂ ਸੁੱਖੇ ਦਾ ਡੋਡਿਆਂ ਦਾ ਭਰਿਆ ਟਰੱਕ ਫੜਿਆ ਗਿਆ। ਉਸ ਦਿਨ ਬੰਤਾ ਸੁੱਖੇ ਦੇ ਨਾਲ ਸੀ। ਸੁੱਖੇ ਨੂੰ ਸ਼ੱਕ ਹੋਇਆ, ਇਹ ਕਾਰਸਤਾਨੀ ਬੰਤੇ ਦੀ ਹੈ। ਸਚਾਈ ਜਾਨਣ ਲਈ ਸੁੱਖੇ ਨੇ ਆਪਣੇ ਵਾਕਫ਼ ਥਾਣੇਦਾਰ ਰਾਹੀਂ ਉਸ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਥਾਣੇਦਾਰ ਨੇ ਰਿਪੋਰਟ ਦਿੱਤੀ। ਬੰਤਾ ਬੇਕਸੂਰ ਹੈ, ਪਰ ਸੁੱਖੇ ਨੂੰ ਯਕੀਨ ਨਾ ਆਇਆ। ਭੱਜ-ਨੱਠ ਕਰ ਕੇ ਉਸ ਨੇ ਬੰਤੇ ਨੂੰ ਸਜ਼ਾ ਕਰਵਾ ਦਿੱਤੀ।

ਉਸ ਦਾ ਸਾਥੀ ਮਹਿੰਦਰ, ਭਦੌੜੀਏ ਦੇ ਟਰੱਕ ਦਾ ਡਰਾਈਵਰ ਸੀ। ਭੁੱਕੀ ਦੇ ਭਰੇ ਬਹੁਤੇ ਟਰੱਕ ਉਹੋ ਰਾਜਸਥਾਨੋਂ ਲਿਆਉਂਦਾ ਸੀ। ਮਹਿੰਦਰ ਦੇ ਮਾੜੇ ਕਰਮ, ਇਕ ਦਿਨ ਕਾਰ ਹਾਦਸੇ ਵਿਚ ਭਦੌੜੀਏ ਦੀ ਮੌਤ ਹੋ ਗਈ। ਮਹਿੰਦਰ ਨੇ ਇਕੱਲਿਆਂ ਹੱਥ-ਪੈਰ ਮਾਰਨ ਦੀ ਕੋਸ਼ਿਸ਼ ਕੀਤੀ। ਵੱਡੇ ਵਪਾਰੀਆਂ ਨੇ ਉਸ ਦੇ ਪੈਰ ਨਾ ਲੱਗਣ ਦਿੱਤੇ। ਪਹਿਲੇ ਗੇੜੇ ਹੀ ਫੜਾ ਦਿੱਤਾ।

ਬੰਤੇ ਅਤੇ ਮਹਿੰਦਰ ਦੀ ਥੋੜ੍ਹੀ-ਬਹੁਤ ਜਾਣ-ਪਹਿਚਾਣ ਪਹਿਲਾਂ ਵੀ ਸੀ। ਜੇਲ੍ਹ 'ਚ ਉਹ ਪੱਕੇ ਯਾਰ ਬਣ ਗਏ। ਬਾਹਰ ਨਿਕਲ ਕੇ ਉਹਨਾਂ ਨੇ ਧੰਦਾ ਨਵੇਂ ਸਿਰੇ ਤੋਂ ਸ਼ੁਰੂ ਕਰ ਲਿਆ, ਹੁਣ ਕਾਮਯਾਬ ਹਨ।

ਯੂਨੀਅਨ ਵਾਲਿਆਂ ਨੂੰ ਉਹਨਾਂ ਨੇ ਆਪਣੀ ਕਾਮਯਾਬੀ ਦਾ ਰਾਜ਼ 'ਪੁਲਿਸ ਨਾਲ ਗੰਢ-ਤੁੱਪ' ਦੱਸਿਆ ਸੀ।

ਯੂਨੀਅਨ ਨੇ ਉਹਨਾਂ ਦੇ ਆਖੇ ਲੱਗ ਕੇ ਪੁਲਿਸ ਨਾਲ ਗੱਲ ਨਬੇੜ ਲਈ। ਰੁਤਬੇ ਅਨੁਸਾਰ ਹਰ ਅਫ਼ਸਰ ਨਾਲ ਮਹੀਨਾ ਬੰਨ੍ਹ ਲਿਆ। ਮੈਂਬਰਾਂ ਨੂੰ ਮੌਜਾਂ ਹੋ ਗਈਆਂ। ਪਹਿਲਾਂ ਜੇ ਕੋਈ ਪੰਜ ਸੌ ਦੀ ਜੇਬ ਕੱਟਦਾ ਤਾਂ ਚਾਰ ਸੌ ਪੁਲਿਸ ਲੈ ਜਾਂਦੀ ਸੀ। ਹੁਣ ਮੈਂਬਰ ਨੇ ਬੱਸ ਮੈਂਬਰਸ਼ਿਪ ਦੇਣੀ ਹੈ, ਬਾਕੀ ਕੰਮ ਪ੍ਰਧਾਨ ਨੇ ਕਰਨਾ ਹੈ। ਏਕੇ ਦੀ ਬਰਕਤ ਦੇਖੋ। ਹੁਣ ਕੋਈ ਦਸ ਹਜ਼ਾਰ ਦੀ ਜੇਬ ਕੱਟੇ ਜਾਂ ਪੰਜ ਹਜ਼ਾਰ ਦੀ ਚੋਰੀ ਕਰੇ, ਕੋਈ ਪੰਜ ਕਿੱਲੋ ਅਫ਼ੀਮ ਵੇਚੇ ਜਾਂ ਪੰਜ ਬੋਰੀਆਂ ਭੁੱਕੀ, ਪੁਲਿਸ ਵੱਲੋਂ ਕੋਈ ਅਕਾਅਬਾਜ਼ੀ ਨਹੀਂ।

ਆਪਣੇ ਇਸ ਤਜਰਬੇ ਦੇ ਆਧਾਰ 'ਤੇ ਬੰਤਾ ਚਾਹੁੰਦਾ ਸੀ, ਮੀਤਾ ਯੂਨੀਅਨ ਦਾ ਮੈਂਬਰ ਬਣੇ ਅਤੇ ਆਪਣੇ ਸਾਰੇ ਫ਼ਿਕਰ ਮਿਟਾਵੇ।

"ਪਹਿਲਾਂ ਮੈਂ ਤੁਹਾਡੇ ਵਾਂਗ ਸੋਚਿਆ ਕਰਦਾ ਸੀ, ਪਰ ਮਿੱਤਰੋ, ਵਧੀਆ ਜ਼ਿੰਦਗੀ ਜਿਊਣ ਦਾ ਇਹ ਤਰੀਕਾ ਨਹੀਂ। ਔਖਾ ਰਹਾਂ, ਸੌਖਾ ਰਹਾਂ, ਹੁਣ ਮੈਂ ਪਹਿਲੇ ਰਾਹ ਨਹੀਂ ਪੈਣਾ।"

ਮੀਤੇ ਨੇ ਗੱਲ ਮੁਕਾਈ।

"ਉਸਤਾਦ! ਇਕ ਗੱਲ ਦੱਸ। ਨਵੇਂ ਰਾਹ ਪੈ ਕੇ ਖੱਟਿਆ ਕੀ ? ਉਮਰ ਕੈਦ। ਹੈ ਨਾ। ਪੰਛੀਆਂ ਵਰਗੀ ਪਹਿਲੀ ਬੇਫ਼ਿਕਰ ਜ਼ਿੰਦਗੀ ਵਿਚ ਕੀ ਘਾਟ ਸੀ ? ਜੇ ਤੂੰ ਪਹਿਲਾਂ ਵਾਲਾ ਮੀਤਾ ਉਸਤਾਦ ਹੁੰਦਾ, ਨਾ ਤੈਨੂੰ ਪੁਲਿਸ ਇਸ ਮੁਕੱਦਮੇ ਵਿਚ ਘੜੀਸਦੀ, ਨਾ ਗਵਾਹ ਝੂਠੀ ਗਵਾਹੀ ਦੇਣ ਦੀ ਹਿੰਮਤ ਕਰਦੇ। ਸਾਨੂੰ ਤੇਰਾ ਇਹ ਰਾਹ ਚੰਗਾ ਨਹੀਂ ਲੱਗਦਾ।"

ਮੀਤੇ ਨਾਲ ਹੋਏ ਧੱਕੇ ਕਾਰਨ ਭੋਲਾ ਤਲਖ਼ ਹੋਣ ਲੱਗਾ।



"ਕੋਈ ਨੀ, ਸੰਮਤੀ ਵਾਲਿਆਂ ਨੂੰ ਆ ਲੈਣ ਦੇ, ਸੋਨੂੰ ਉਹਨਾਂ ਨਾਲ ਮਿਲਾਵਾਂਗਾ। ਫੇਰ ਸੋਨੂੰ ਪਤਾ ਲੱਗੂ ਅਸਲੀ ਰਾਹ ਕਿਹੜਾ ਹੈ।"

ਮੀਤੇ ਨੂੰ ਆਪਣੀ ਗੱਲ ਮੁਕਾਉਣ ਲਈ ਬਹੁਤੇ ਤਰਕ ਨਹੀਂ ਸਨ ਦੇਣੇ ਆਉਂਦੇ। ਇਸ ਲਈ ਬਾਕੀ ਦੀ ਗੱਲ ਉਸ ਨੇ ਸੰਮਤੀ 'ਤੇ ਛੱਡ ਦਿੱਤੀ।

"ਕੌਣ ਸਿੱਧੇ ਰਾਹ 'ਤੇ ਹੈ ਅਤੇ ਕੌਣ ਪੁੱਠੇ, ਇਹ ਗੱਲ ਛੱਡੋ। ਆਓ, ਹੁਣ ਉਸਤਾਦ ਦੇ ਮਿਲਣ 'ਤੇ ਜਸ਼ਨ ਮਨਾਈਏ।" ਪੰਜੀਰੀ ਖ਼ਤਮ ਕਰ ਕੇ ਹੱਥ ਝਾੜਦੇ ਨੀਲੇ ਖ਼ਾਂ ਨੇ ਤਰਕ-ਬਤਰਕ ਨੂੰ ਬੰਦ ਕਰਨ ਦੀ ਘੋਸ਼ਣਾ ਕੀਤੀ। ਫੇਰ ਖ਼ੁਸ਼ੀ-ਖ਼ੁਸ਼ੀ ਉਹ ਰਾਤ ਨੂੰ ਮਨਾਏ ਜਾਣ ਵਾਲੇ ਜਸ਼ਨ ਦੀ ਤਿਆਰੀ ਵਿਚ ਰੁੱਝ ਗਏ।

# 23

ਸੰਘਰਸ਼ ਸੰਮਤੀ ਦੇ ਕੰਮ ਦੀਆਂ ਖ਼ਬਰਾਂ ਦੂਰ-ਦੂਰ ਤਕ ਫੈਲਣ ਲੱਗੀਆਂ। ਪੁਲਿਸ ਵੱਲੋਂ ਧੱਕੇ ਵਿਰੁੱਧ ਲੋਕ ਫ਼ਰਿਆਦ ਲੈ-ਲੈ ਆਉਣ ਲੱਗੇ। ਝੂਠੇ ਕੇਸਾਂ ਵਿਚ ਫਸੇ ਅਤੇ ਜੇਲ੍ਹਾਂ ਵਿਚ ਸੜਦੇ ਬੇਕਸੂਰ ਕੈਦੀਆਂ ਦੀਆਂ ਦਰਖ਼ਾਸਤਾਂ ਆਉਣ ਲੱਗੀਆਂ।

ਹਲਕੇ ਵਿਚ ਕੰਮ ਕਰਦੀਆਂ ਛੋਟੀਆਂ-ਛੋਟੀਆਂ ਸੰਸਥਾਵਾਂ ਨੇ ਸੰਮਤੀ ਵੱਲ ਰੁਖ਼ ਕੀਤਾ। ਇਹ ਸੰਸਥਾਵਾਂ ਆਪਣੇ ਤੌਰ 'ਤੇ ਸਰਕਾਰ, ਪੁਲਿਸ ਜਾਂ ਅਦਾਲਤ ਨਾਲ ਨਜਿੱਠਣ ਦੇ ਯੋਗ ਨਹੀਂ ਸਨ। ਬੂੰਦ-ਬੂੰਦ ਰਲ ਕੇ ਸਮੁੰਦਰ ਦਾ ਰੂਪ ਧਾਰ ਸਕਦੀ ਹੈ। ਆਪਣੇ ਆਪ ਨੂੰ ਸਮੁੰਦਰ ਵਿਚ ਸਮਾਉਣ ਲਈ ਇਹ ਸੰਸਥਾਵਾਂ ਆਪਣੇ ਸਹਿਯੋਗ ਦੀ ਪੇਸ਼ਕਸ਼ ਕਰਨ ਲੱਗੀਆਂ ਅਤੇ ਆਪਣੀਆਂ ਸਮੱਸਿਆਵਾਂ ਵੀ ਲੈ ਕੇ ਆਉਣ ਲੱਗੀਆਂ।

ਸੰਘਰਸ਼ ਸੰਮਤੀ ਦਾ ਉਤਸ਼ਾਹ ਵਧਣ ਲੱਗਾ। ਕਾਰਕੁੰਨਾਂ ਨੂੰ ਮਹਿਸੂਸ ਹੋਣ ਲੱਗਾ ਕਿ "ਇਕੱਲੇ ਪਾਲੇ ਮੀਤੇ ਨੂੰ ਬਰੀ ਕਰਾਉਣ ਨਾਲ ਮਸਲਾ ਹੱਲ ਨਹੀਂ ਹੋਣਾ, ਉਹਨਾਂ ਵਰਗਿਆਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ। ਇਸ ਬਾਰੇ ਸੋਚਣਾ ਚਾਹੀਦਾ ਹੈ।"

ਸੰਮਤੀ ਨੂੰ ਇਹ ਵੀ ਮਹਿਸੂਸ ਹੋਣ ਲੱਗਾ, "ਸੰਘਰਸ਼ ਨੂੰ ਥਾਣੇ ਕਚਹਿਰੀ ਤਕ ਸੀਮਤ ਰੱਖ ਕੇ ਅਸਲ ਮੰਜ਼ਿਲ ਪ੍ਰਾਪਤ ਹੋਣ ਵਾਲੀ ਨਹੀਂ। ਲੜਾਈ ਦਾ ਘੇਰਾ ਵਸੀਹ ਕਰਨਾ ਪਏਗਾ। ਸੰਘਰਸ਼ ਨੂੰ ਸੜਕਾਂ ਤਕ ਲਿਜਾਣਾ ਪਏਗਾ। ਜਨ-ਸਾਧਾਰਨ ਨੂੰ ਨਾਲ ਜੋੜਨਾ ਪਏਗਾ।"

ਸੋਚ-ਵਿਚਾਰ ਬਾਅਦ ਸੰਮਤੀ ਨੇ ਐਲਾਨ ਕੀਤਾ, "ਸੰਮਤੀ ਹਰ ਉਸ ਵਿਅਕਤੀ ਲਈ ਕਾਨੂੰਨੀ ਸੰਘਰਸ਼ ਕਰੇਗੀ, ਜਿਸ ਨਾਲ ਥਾਣੇ ਜਾਂ ਕਚਹਿਰੀ ਵਿਚ ਧੱਕਾ ਹੋਇਆ ਹੈ।"

ਇਹ ਐਲਾਨ ਹੁੰਦਿਆਂ ਹੀ ਸਭ ਤੋਂ ਪਹਿਲਾਂ ਇਸਤਰੀ ਸਭਾ ਨੇ ਸੰਮਤੀ ਵੱਲ ਹੱਥ ਵਧਾਇਆ। ਸਭਾ ਨੂੰ ਅਜਿਹੇ ਕਈ ਮਾਮਲਿਆਂ ਵਿਚ ਸੰਮਤੀ ਦੀ ਸਹਾਇਤਾ ਦੀ ਜ਼ਰੂਰਤ ਸੀ ਜਿਨ੍ਹਾਂ ਵਿਚ ਔਰਤਾਂ ਨਾਲ ਸਰਾਸਰ ਧੱਕਾ ਹੋਇਆ ਸੀ। ਆਪਣੇ ਸੀਮਤ ਸਾਧਨਾਂ ਅਤੇ ਕਾਨੂੰਨ ਦੀ ਜਾਣਕਾਰੀ ਦੀ ਘਾਟ ਕਾਰਨ ਇਸਤਰੀ ਸਭਾ ਚਾਹੁੰਦੀ ਹੋਈ ਵੀ ਪੀੜਤ ਔਰਤਾਂ ਦੀ ਮਦਦ ਨਹੀਂ ਸੀ ਕਰ ਸਕੀ।

ਪ੍ਰਧਾਨ ਇੰਦਰਜੀਤ ਕੌਰ ਦੀ ਪੁਰਜ਼ੋਰ ਸਿਫ਼ਾਰਸ਼ ਸੀ ਕਿ ਨੌਜਵਾਨ ਕੁੜੀਆਂ ਨੂੰ ਵਰਗਲਾ ਕੇ ਉਹਨਾਂ ਕੋਲੋਂ ਧੰਦਾ ਕਰਾਉਣ ਦੇ ਦੋਸ਼ ਵਿਚ ਬੰਦ ਨੀਲਮ ਨੂੰ ਤੁਰੰਤ ਕਾਨੂੰਨੀ ਸਹਾਇਤਾ ਦਿੱਤੀ ਜਾਵੇ।

ਏਡਜ਼ ਵਰਗੀ ਭਿਆਨਕ ਬੀਮਾਰੀ ਨਾਲ ਪੀੜਤ ਨੀਲਮ ਜੇ ਹਫ਼ਤੇ ਦੇ ਅੰਦਰ-ਅੰਦਰ ਬਾਹਰ ਨਾ ਆਈ ਤਾਂ ਉਸ ਦੀ ਲਾਸ਼ ਬਾਹਰ ਆਏਗੀ ਅਤੇ ਜੇ ਇੰਝ ਹੋਇਆ ਤਾਂ ਇਸ ਦੀ ਜ਼ਿੰਮੇਵਾਰ ਇਸਤਰੀ ਸਭਾ ਹੋਏਗੀ।

ਨੀਲਮ ਦੀ ਇਹ ਦੁਰਦਸ਼ਾ ਸਭਾ ਦੀ ਅਣਗਹਿਲੀ ਅਤੇ ਲਾਪ੍ਰਵਾਹੀ ਕਾਰਨ ਹੋਈ ਸੀ।



ਉਹਨੀਂ ਦਿਨੀਂ ਅਖ਼ਬਾਰਾਂ ਵਿਚ ਪੁਲਿਸ ਦੇ ਸੋਹਲੇ ਗਾਏ ਜਾ ਰਹੇ ਸਨ। ਪੁਲਿਸ ਨੇ ਨੌਜਵਾਨ ਕੁੜੀਆਂ ਕੋਲੋਂ ਧੰਦਾ ਕਰਾਉਣ ਵਾਲੇ ਇਕ ਬਹੁਤ ਵੱਡੇ ਗਿਰੋਹ ਦਾ ਭੰਡਾ ਫੋੜ ਦਿੱਤਾ ਸੀ। ਛਾਪੇ ਦੌਰਾਨ ਗਿਰੋਹ ਦੀ ਸਰਗਨਾ ਨੀਲਮ ਦੇ ਘਰੋਂ ਇਕ ਸੋਲ੍ਹਾਂ ਸਾਲ ਦੀ ਕੁੜੀ ਬਰਾਮਦ ਹੋਈ ਸੀ। ਨੀਲਮ ਕਿਸ ਤਰ੍ਹਾਂ ਉਸ ਕੁੜੀ ਨੂੰ ਇਸ ਧੰਦੇ ਵਿਚ ਲਿਆਈ ਅਤੇ ਕਿਸ-ਕਿਸ ਤਰ੍ਹਾਂ ਉਸ ਨੂੰ ਜ਼ਲੀਲ ਕੀਤਾ, ਇਸ ਦੇ ਕਿੱਸੇ ਲੂਣ-ਮਿਰਚ ਲੱਗ-ਲੱਗ ਅਖ਼ਬਾਰਾਂ ਵਿਚ ਛਪ ਰਹੇ ਸਨ।

ਪੁਲਿਸ ਕੋਲ ਦਰਜ ਕਰਾਏ ਆਪਣੇ ਬਿਆਨ ਵਿਚ ਕੁੜੀ ਨੇ ਦੱਸਿਆ ਕਿ ਉਹ ਅਨਾਥ ਸੀ। ਉਸ ਦੇ ਮਾਂ-ਬਾਪ ਦੀ ਮੌਤ ਬਚਪਨ ਵਿਚ ਹੀ ਹੋ ਗਈ ਸੀ। ਨੀਲਮ ਉਸ ਦੀ ਮਾਸੀ ਸੀ॥ ਰਾਜੀ ਨੂੰ ਉਸ ਦੀ ਚਾਚੀ ਕੋਲੋਂ ਉਹ ਇਹ ਕਹਿ ਕੇ ਲੈ ਆਈ ਸੀ ਕਿ ਮਾਸੀ ਉਸ ਨੂੰ ਦਿਲ ਦਾ ਟੁਕੜਾ ਬਣਾ ਕੇ ਰੱਖੇਗੀ, ਪਰ ਕੁੜੀ ਦੇ ਜਵਾਨੀ ਵਿਚ ਪੈਰ ਧਰਦਿਆਂ ਹੀ ਮਾਸੀ ਨੇ ਉਸ ਦੀ ਜਵਾਨੀ ਦਾ ਮੁੱਲ ਵੱਟਣਾ ਸ਼ੁਰੂ ਕਰ ਦਿੱਤਾ। ਪੈਸੇ ਦੀ ਹਵਸ ਕਾਰਨ ਨੀਲਮ ਰਾਜੀ ਨੂੰ ਇਕੋ ਰਾਤ ਵਿਚ ਪੰਜ-ਪੰਜ, ਸੱਤ-ਸੱਤ ਬੰਦਿਆਂ ਅੱਗੇ ਪੇਸ਼ ਕਰਦੀ ਸੀ। ਪੇਂਡੂ ਸ਼ਰਾਬੀ ਗਾਹਕਾਂ ਨੂੰ ਕੁੜੀ ਮਸਾਂ ਮਿਲਦੀ ਸੀ। ਉਹ ਉਸਨੂੰ ਹਾਬੜ ਕੇ ਪੈਂਦੇ ਸਨ। ਕੁੜੀ ਦੀ ਹੱਡੀ-ਹੱਡੀ ਨੋਚ ਦਿੰਦੇ ਸਨ। ਉਸ ਦਾ ਕਈ ਵਾਰ ਗਰਭਪਾਤ ਹੋ ਚੁੱਕਾ ਸੀ। ਇਲਾਜ ਦੀ ਘਾਟ ਕਾਰਨ ਉਸ ਦੇ ਅੰਦਰ ਜ਼ਖ਼ਮ ਹੋ ਗਏ ਸਨ ਅਤੇ ਜ਼ਖ਼ਮਾਂ ਵਿਚ ਪੀਕ ਪੈ ਗਈ ਸੀ। ਪੁਲਿਸ ਦੇ ਛਾਪਿਆਂ ਤੋਂ ਡਰਦੀ ਨੀਲਮ ਹਰ ਮਹੀਨੇ ਘਰ ਅਤੇ ਹਰ ਛਿਮਾਹੀ ਪਿੰਡ ਬਦਲ ਲਿਆ ਕਰਦੀ ਸੀ। ਗ੍ਰਿਫ਼ਤਾਰੀ ਸਮੇਂ ਰਾਜੀ ਦਾ ਜੋ ਹਾਲ ਸੀ ਉਸ ਤੋਂ ਨੀਲਮ ਦੇ ਜੰਗਲੀ ਸੁਭਾਅ ਦੀ ਔਰਤ ਹੋਣ ਦਾ ਸਬੂਤ ਮਿਲਦਾ ਸੀ। ਕੁੜੀ ਦੇ ਸਰੀਰ ਵਿਚੋਂ ਬੂਅ ਮਾਰਦੀ ਸੀ। ਇਕ ਹਫ਼ਤੇ ਤੋਂ ਉਹ ਨਹਾਤੀ ਨਹੀਂ ਸੀ। ਉਸ ਦੇ ਕੱਪੜੇ ਮੈਲੇ-ਕੁਚੈਲੇ ਹੀ ਨਹੀਂ, ਟਾਕੀਆਂ ਲੱਗੇ ਵੀ ਸਨ। ਹੱਥਾਂ-ਪੈਰਾਂ ਉਪਰ ਮੈਲ ਜੰਮੀ ਹੋਈ ਸੀ। ਛੋਟੀ ਉਮਰ ਵਿਚ ਹੀ ਉਹ ਕਈ ਬੀਮਾਰੀਆਂ ਸਹੇੜ ਬੈਠੀ ਸੀ। ਪਤਾ ਨਹੀਂ ਮਰਦ ਕਿਸ ਤਰ੍ਹਾਂ ਉਸ ਦੇ ਨੇੜੇ ਜਾਂਦੇ ਹੋਣਗੇ।

ਪੁਲਿਸ ਨੇ ਇਕ ਹੋਰ ਬਿਆਨ ਦਾਗਿਆ ਸੀ। ਨੀਲਮ ਨੇ ਰਾਜੀ ਵਰਗੀਆਂ ਕਈ ਕੁੜੀਆਂ ਨੂੰ ਵੱਸ ਵਿਚ ਕੀਤਾ ਹੋਇਆ ਸੀ। ਲੁਕ-ਛਿਪ ਕੇ ਪਹਿਲਾਂ ਉਹ ਨੰਗੀਆਂ ਕੁੜੀਆਂ ਦੀਆਂ ਤਸਵੀਰਾਂ ਖਿੱਚ ਲੈਂਦੀ ਸੀ ਅਤੇ ਫੇਰ ਤਸਵੀਰਾਂ ਦਿਖਾ-ਦਿਖਾ ਉਹਨਾਂ ਨੂੰ ਡਰਾਉਂਦੀ ਸੀ। ਬਦਨਾਮੀ ਤੋਂ ਡਰਦੀਆਂ ਕੁੜੀਆਂ ਉਹੋ ਕਰਦੀਆਂ ਸਨ, ਜੋ ਨੀਲਮ ਆਖਦੀ ਸੀ।

ਖ਼ਬਰਾਂ ਪੜ੍ਹ ਕੇ ਇਸਤਰੀ ਸਭਾ ਹਰਕਤ ਵਿਚ ਆ ਗਈ। ਸਭਾ ਨੇ ਨੀਲਮ ਵਿਰੁੱਧ ਜਲੂਸ ਕੱਢਿਆ ਅਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ। ਅਦਾਲਤ ਵੱਲੋਂ ਦਰਖ਼ਾਸਤ ਦੇ ਕੇ ਰਾਜੀ ਨੂੰ ਨਾਰੀ ਨਿਕੇਤਨ ਭੇਜਣ ਦੀ ਥਾਂ ਆਪਣੇ ਕੋਲ ਠਹਿਰਾਉਣ ਦੀ ਇਜਾਜ਼ਤ ਲੈ ਲਈ ਸੀ।

ਇਸਤਰੀ ਸਭਾ ਦੀ ਸੇਵਾ 'ਤੇ ਪਿੱਜਣ ਅਤੇ ਸਭਾ ਦੇ ਆਪਣੀ ਹਮਦਰਦ ਹੋਣ ਦੇ ਯਕੀਨ ਬਾਅਦ ਰਾਜੀ ਨੇ ਜੋ ਰਾਮ ਕਹਾਣੀ ਸੁਣਾਈ, ਉਸ ਨੇ ਕਹਾਣੀ ਦਾ ਰੁਖ ਮੋੜ ਦਿੱਤਾ।

ਅਸਲੀਅਤ ਇਹ ਸੀ ਕਿ ਨੀਲਮ ਰਾਜੀ ਦੀ ਮਾਂ ਸੀ। ਬਦਨਾਮੀ ਤੋਂ ਡਰਦੀ ਉਹ ਉਸ ਨੂੰ ਆਪਣੀ ਭਾਣਜੀ ਆਖਦੀ ਸੀ। ਰਾਜੀ ਦਾ ਬਾਪ ਟਰੱਕ ਡਰਾਈਵਰ ਸੀ। ਬਹੁਤੀ ਦੇਰ ਘਰੋਂ ਬਾਹਰ ਰਹਿੰਦਾ ਸੀ। ਬਾਹਰੋਂ ਏਡਜ਼ ਦੀ ਬੀਮਾਰੀ ਸਹੇੜ ਲਈ। ਪਤਾ ਲੱਗਦਿਆਂ ਹੀ ਮਾਲਕ ਨੇ ਛੁੱਟੀ ਕਰ ਦਿੱਤੀ। ਘਰ ਵਿਚਲਾ ਸਾਰਾ ਪੈਸਾ-ਧੇਲਾ ਵੀ ਉਸ ਨੂੰ ਬਚਾ ਨਾ ਸਕਿਆ। ਮਰਨ ਤੋਂ ਪਹਿਲਾਂ ਉਹ ਨੀਲਮ ਨੂੰ ਏਡਜ਼ ਦਾ ਤੋਹਫ਼ਾ ਦੇ ਗਿਆ। ਨੀਲਮ ਤੋਂ ਨਾ ਆਪਣੇ ਸਰੀਰ ਦੀ ਸੰਭਾਲ

ਹੋ ਰਹੀ ਸੀ ਨਾ ਧੀ ਦੀ ਇੱਜ਼ਤ ਦੀ। 'ਮਾੜੇ ਦੀ ਰੰਨ ਸਭ ਦੀ ਭਰਜਾਈ' ਵਾਂਗ ਹਰ ਲੰਡਾ ਚਿੜਾ ਰਾਜੀ 'ਤੇ ਅੱਖ ਰੱਖਣ ਲੱਗਾ। ਇਕੱਲੀ ਅਤੇ ਬੇਵੱਸ ਸਮਝ ਕੇ ਕਈਆਂ ਨੇ ਉਸ ਨੂੰ ਘੇਰਿਆ ਵੀ। ਇਕ ਨਾ ਇਕ ਦਿਨ ਕੁੜੀ ਦੀ ਇੱਜ਼ਤ ਦਾਅ 'ਤੇ ਲੱਗਣੀ ਸੀ। ਸੋਚ ਕੇ ਨੀਲਮ ਨੇ ਰਾਜੀ ਨੂੰ ਖ਼ੁਦ ਇਸ ਧੰਦੇ ਵਿਚ ਪਾ ਲਿਆ। ਸੋਚਿਆ ਜਿੰਨੇ ਦਿਨ ਸੁਖ ਦੀ ਰੋਟੀ ਮਿਲੂ, ਉਨੇ ਦਿਨ ਸਹੀ।

ਸਰੀਰ ਵੇਚ ਕੇ ਵੀ ਸੁਖ ਦੀ ਰੋਟੀ ਨਸੀਬ ਨਾ ਹੋਈ। ਕਿਸੇ ਗਾਹਕ ਦਾ ਦਿਲ ਕਰਦਾ, ਦੋ ਪੈਸੇ ਦੇ ਜਾਂਦਾ। ਨਾ ਦਿਲ ਕਰਦਾ ਧੱਕਾ ਕਰ ਕੇ ਤੁਰਦਾ ਬਣਦਾ। ਤੀਵੀਆਂ ਨਿਮਾਣੀਆਂ ਨਾ ਬਰਾਬਰੀ ਕਰ ਸਕਦੀਆਂ ਸਨ, ਨਾ ਰੌਲਾ ਪਾ ਸਕਦੀਆਂ ਸਨ। ਇਸੇ ਕਾਰਨ ਰਾਜੀ ਦੀ ਇਹ ਹਾਲਤ ਹੋਈ ਸੀ।

ਨਾ ਨੀਲਮ ਨੇ ਕਿਸੇ ਹੋਰ ਕੁੜੀ ਦੀ ਫ਼ੋਟੋ ਖਿੱਚੀ ਸੀ, ਨਾ ਕਿਸੇ ਕੋਲੋਂ ਧੰਦਾ ਕਰਾਉਂਦੀ ਸੀ।

ਪੁਲਿਸ ਦੇ ਝੂਠ ਨੂੰ ਨੰਗਾ ਕਰਨ ਲਈ ਇਸਤਰੀ ਸਭਾ ਨੇ ਫੇਰ ਰੋਸ ਮੁਜ਼ਾਹਰਾ ਕੀਤਾ ਸੀ।

ਪਾਜ ਖੁੱਲ੍ਹਣ ਤੋਂ ਡਰਦੀ ਪੁਲਿਸ ਨੇ ਝੱਟ ਚਲਾਨ ਤਿਆਰ ਕਰ ਕੇ ਅਦਾਲਤ ਵਿਚ ਪੇਸ਼ ਕਰ ਦਿੱਤਾ।

ਯਾਦ-ਪੱਤਰ ਲੈ ਕੇ ਗਏ ਇਸਤਰੀ ਸਭਾ ਦੇ ਨੁਮਾਇੰਦਿਆਂ ਨੂੰ ਪੁਲਿਸ ਕਪਤਾਨ ਨੇ ਮਿੱਠੀਆਂ-ਮਿੱਠੀਆਂ ਗੱਲਾਂ ਮਾਰ ਕੇ ਮੋੜ ਦਿੱਤਾ।

"ਮੁਕੱਦਮਾ ਅਦਾਲਤ ਦੇ ਵਿਚਾਰ ਅਧੀਨ ਹੈ। ਹੁਣ ਜੋ ਕੁਝ ਕਰੇਗੀ, ਅਦਾਲਤ ਕਰੇਗੀ। ਪੁਲਿਸ ਕੁਝ ਨਹੀਂ ਕਰ ਸਕਦੀ। ਤੁਹਾਨੂੰ ਆਪਣਾ ਪੱਖ ਅਦਾਲਤ ਵਿਚ ਪੇਸ਼ ਕਰਨਾ ਚਾਹੀਦਾ ਹੈ।"

ਅਦਾਲਤ ਦੇ ਕੰਮ ਵਿਚ ਦਖ਼ਲ ਦੇਣ ਤੋਂ ਡਰਦੀ ਸਭਾ ਜਲਸੇ-ਜਲੂਸ ਬੰਦ ਕਰ ਕੇ ਘਰ ਬੈਠ ਗਈ ਸੀ।

ਇਸਤਰੀ ਸਭਾ ਨੂੰ ਹੁਣ ਸਮਝ ਆਈ ਸੀ। ਸੰਘਰਸ਼ ਸੰਮਤੀ ਵਾਂਗ ਚੱਲਦੇ ਮੁਕੱਦਮੇ ਦੌਰਾਨ ਲੋਕ-ਰਾਏ ਤਿਆਰ ਕਰ ਕੇ ਸੰਘਰਸ਼ ਕੀਤਾ ਜਾ ਸਕਦਾ ਸੀ।

ਨੀਲਮ ਦੀ ਬੀਮਾਰੀ ਦਿਨੋ-ਦਿਨ ਵਧ ਰਹੀ ਸੀ। ਜੇਲ੍ਹ ਡਾਕਟਰ ਜਾਣ-ਬੁਝ ਕੇ ਉਸ ਦੀ ਬੀਮਾਰੀ ਛੁਪਾ ਰਿਹਾ ਸੀ। ਉਸ ਦੀ ਬੀਮਾਰੀ ਦਾ ਇਲਾਜ ਨਾ ਜੇਲ੍ਹ ਹਸਪਤਾਲ ਵਿਚ ਸੀ ਤੇ ਨਾ ਸਿਵਲ ਹਸਪਤਾਲ ਵਿਚ। ਜ਼ਮਾਨਤ ਉਪਰ ਰਿਹਾਅ ਹੋਣ ਬਾਅਦ ਉਸਦਾ ਇਲਾਜ ਸੰਭਵ ਹੋ ਸਕਦਾ ਸੀ। ਸੰਮਤੀ ਉਸ ਦੀ ਜ਼ਮਾਨਤ ਕਰਾਏ। ਸਭਾ ਉਸ ਦਾ ਇਲਾਜ ਕਰਾਏਗੀ।

ਸੰਮਤੀ ਨੇ ਝੱਟ ਨੀਲਮ ਦੇ ਮੁਕੱਦਮੇ ਦੀ ਪੈਰਵਾਈ ਆਪਣੇ ਜ਼ਿੰਮੇ ਲੈ ਲਈ।

ਉਤਸ਼ਾਹਤ ਹੋਈ ਇਸਤਰੀ ਸਭਾ ਨੇ ਇਕ ਹੋਰ ਸਿਫ਼ਾਰਸ਼ ਕੀਤੀ।

ਨੀਲਮ ਵਾਂਗ ਪ੍ਰੀਤੋ ਵੀ ਆਪਣੇ ਪ੍ਰੇਮੀ ਨਾਲ ਰਲ ਕੇ ਆਪਣੇ ਪਤੀ ਨੂੰ ਕਤਲ ਕਰਨ ਦੇ ਦੋਸ਼ ਵਿਚ ਜੇਲ੍ਹ ਵਿਚ ਬੰਦ ਸੀ। ਪ੍ਰੀਤੋ ਦਾ ਸਹੁਰਾ ਆਪਣੇ ਕੋਲ ਰੱਖੀ ਤਿੰਨ ਕਿੱਲੇ ਜ਼ਮੀਨ ਭੇਲੀ ਵਾਂਗ ਬਾਂਦਰਾਂ ਵਿਚ ਸੁੱਟ ਗਿਆ ਸੀ। ਸਹੁਰੇ ਦੇ ਆਖ਼ਰੀ ਸਮੇਂ 'ਤੇ ਪ੍ਰੀਤੋ ਨੇ ਉਸ ਦੀ ਸੇਵਾ ਬਾਪ ਵਾਂਗ ਕੀਤੀ ਸੀ। ਝਾਕ ਉਸ ਨੂੰ ਸਹੁਰੇ ਕੋਲੋਂ ਮਿਲਣ ਵਾਲੀ ਜ਼ਮੀਨ ਦੀ ਸੀ, ਪਰ ਬੁੜ੍ਹੇ ਨੂੰ ਕਿਸੇ ਨੇ ਪੱਕਾ ਪਾਠ ਪੜ੍ਹਾਇਆ ਹੋਇਆ ਸੀ। "ਜਿੰਨਾ ਚਿਰ ਜ਼ਮੀਨ ਮੁੱਠੀ ਵਿਚ ਰੱਖੇਂਗਾ, ਓਨੀ ਦੇਰ ਇੱਜ਼ਤ ਦੀ ਰੋਟੀ ਮਿਲੂ।" ਮਰਨ ਤਕ ਬੁੜ੍ਹੇ ਨੇ ਇੱਜ਼ਤ ਦੀ ਰੋਟੀ ਤਾਂ ਖਾਧੀ ਪਰ ਪ੍ਰੀਤੋ ਦੀ ਸੇਵਾ ਦਾ ਮੁੱਲ ਨਾ ਪਾਇਆ।

ਬੁੜ੍ਹੇ ਦੇ ਅੱਖਾਂ ਮੀਚਦੇ ਹੀ ਪ੍ਰੀਤੋ ਦੇ ਜੇਠ ਨੇ ਆਪਣੇ ਹਿੱਸੇ ਦੀ ਜ਼ਮੀਨ ਵੰਡਾਉਣ ਲਈ



ਮੁਕੱਦਮਾ ਠੋਕ ਦਿੱਤਾ। ਅਗਾਂਹ ਪ੍ਰੀਤੋ ਘੱਟ ਨਹੀਂ ਸੀ। ਬੁੜ੍ਹੇ ਨੇ ਰਜਿਸਟਰਡ ਵਸੀਅਤ ਨਹੀਂ ਸੀ ਕੀਤੀ। ਉਂਜ ਉਸ ਨੂੰ ਖ਼ਾਲੀ ਕਾਗ਼ਜ਼ਾਂ 'ਤੇ ਅੰਗੂਠੇ ਲਾ ਕੇ ਦੇ ਗਿਆ ਸੀ। ਪ੍ਰੀਤੋ ਨੇ ਝੱਟ ਉਹਨਾਂ ਕਾਗ਼ਜ਼ਾਂ 'ਤੇ ਵਸੀਅਤ ਲਿਖ ਲਈ। ਉਹ ਵਸੀਅਤ ਅਦਾਲਤ ਵਚ ਪੇਸ਼ ਕਰ ਕੇ ਸਾਰੀ ਜ਼ਮੀਨ 'ਤੇ ਹੱਕ ਜਤਾਉਣ ਲੱਗੀ।

ਸ਼ਰੀਕਾਂ ਨੇ ਬਥੇਰਾ ਸਾਲਸੀ ਕਰਨ ਦੀ ਕੋਸ਼ਿਸ਼ ਕੀਤੀ। ਵੱਡੇ ਨੂੰ ਸਮਝਾਇਆ।

"ਪ੍ਰੀਤੋ ਨੇ ਬੁੜ੍ਹੇ ਦਾ ਗੂੰਹ-ਮੂਤ ਸਾਫ਼ ਕੀਤੈ। ਜ਼ਮੀਨ 'ਤੇ ਉਸੇ ਦਾ ਹੱਕ ਬਣਦੈ।"

ਪਰ ਵੱਡਾ ਟੱਸ ਤੋਂ ਮੱਸ ਨਾ ਹੋਇਆ। ਉਲਟਾ ਆਖਣ ਲੱਗਾ :

ਬੁੜ੍ਹਾ ਦਾਣੇ-ਦਾਣੇ ਨੂੰ ਤਰਸ ਕੇ ਤੇ ਕੀੜੇ ਪੈ ਕੇ ਮਰਿਐ। ਵਸੀਅਤ ਜਾਅਲੀ ਹੈ।"

ਪ੍ਰੀਤੋ ਦੇ ਜੇਠ ਨੂੰ ਆਪਣੇ ਕੇਸ ਦੀ ਕਮਜ਼ੋਰੀ ਦਾ ਪਤਾ ਸੀ। ਮੁਕੱਦਮੇ ਦੀ ਕਾਰਵਾਈ ਮੁਕੰਮਲ ਹੋ ਚੁੱਕੀ ਸੀ। ਕਿਸੇ ਵੀ ਸਮੇਂ ਫ਼ੈਸਲਾ ਹੋ ਸਕਦਾ ਸੀ। ਜ਼ਮੀਨ ਹੱਥੋਂ ਖੁੱਸਦੀ ਦੇਖ ਕੇ ਜੇਠ ਨੇ ਆਪਣੇ ਸਾਲਿਆਂ ਨਾਲ ਸਲਾਹ ਕੀਤੀ। ਸਾਲੇ ਆਏ ਦਿਨ ਪ੍ਰੀਤੋ ਨੂੰ ਧਮਕੀਆਂ ਦੇਣ ਲੱਗੇ।

"ਭਲਮਾਣਸੀ ਨਾਲ ਹਿੱਸਾ ਦੇ ਦੇ, ਨਹੀਂ ਦੋਹਾਂ ਜੀਆਂ ਦੇ ਡੱਕਰੇ ਕਰ ਦਿਆਂਗੇ।"

ਪ੍ਰੀਤੋ ਡਰਨ ਵਾਲੀ ਨਹੀਂ ਸੀ। ਦਲੇਰੀ ਨਾਲ ਫ਼ੈਸਲੇ ਦੀ ਉਡੀਕ ਕਰਨ ਲੱਗੀ।

ਫ਼ੈਸਲੇ ਤੋਂ ਪਹਿਲੀ ਰਾਤ ਕੋਈ ਪ੍ਰੀਤੋ ਦੇ ਘਰ ਵਾਲੇ ਨੂੰ ਬੁਲਾਉਣ ਆਇਆ। ਅੱਧਾ ਘੰਟਾ ਉਹ ਗਲੀ ਵਿਚ ਖੜਾ ਅਜਨਬੀ ਨਾਲ ਗੱਲਾਂ ਕਰਦਾ ਰਿਹਾ। ਫੇਰ ਉਹ ਉਸ ਨੂੰ ਨਾਲ ਜਾਣ ਲਈ ਮਜਬੂਰ ਕਰਨ ਲੱਗਾ। ਪ੍ਰੀਤੋ ਨੇ ਉਸ ਨੂੰ ਰੋਕਿਆ ਵੀ, ਪ੍ਰੀਤੋ ਦੀ ਉਸ ਨੇ ਇਕ ਨਾ ਮੰਨੀ। ਉਸ ਦੇ ਅੱਗੇ ਲੱਗ ਤੁਰਿਆ।

ਧੜਕਦੇ ਦਿਲ ਨਾਲ ਪ੍ਰੀਤੋ ਨੇ ਉਸ ਦਾ ਪਿੱਛਾ ਕੀਤਾ।

ਸੂਏ ਦੇ ਪੁਲ ਕੋਲ ਜਾ ਕੇ ਭਾਣਾ ਵਾਪਰ ਗਿਆ। ਖ਼ਤਾਨਾਂ ਵਿਚ ਛੁਪੇ ਬੈਠੇ ਚਾਰ-ਪੰਜ ਬੰਦੇ ਇਕ ਦਮ ਬਾਹਰ ਨਿਕਲੇ। ਗੰਡਾਸਿਆਂ ਅਤੇ ਕਿਰਪਾਨਾਂ ਨਾਲ ਉਸਦੇ ਘਰਵਾਲੇ ਦੇ ਸਰੀਰ ਨੂੰ ਪੱਛਿਆ ਅਤੇ ਲਲਕਾਰੇ ਮਾਰਦੇ ਫ਼ਰਾਰ ਹੋ ਗਏ।

ਕਾਤਲਾਂ ਦੇ ਮੂੰਹ-ਸਿਰ ਬੰਨ੍ਹੇ ਹੋਏ ਸਨ। ਸਰੀਰ ਚਾਂਦਰਾਂ ਨਾਲ ਢੱਕੇ ਹੋਏ ਸਨ। ਫੇਰ ਵੀ ਡੀਲ-ਡੌਲ ਅਤੇ ਚਾਲ-ਢਾਲ ਤੋਂ ਪ੍ਰੀਤੋ ਨੇ ਆਪਣੇ ਜੇਠ ਅਤੇ ਉਸ ਦੇ ਸਾਲਿਆਂ ਨੂੰ ਪਹਿਚਾਣ ਲਿਆ।

ਤੱਤੇ-ਘਾਅ ਪ੍ਰੀਤੋ ਦੇ ਬਿਆਨ ਦੇ ਆਧਾਰ 'ਤੇ ਜੇਠ ਅਤੇ ਉਸ ਦੇ ਸਾਲਿਆਂ 'ਤੇ ਮੁਕੱਦਮਾ ਦਰਜ ਹੋ ਗਿਆ।

ਪਰ ਗ੍ਰਿਫ਼ਤਾਰੀ ਤੋਂ ਪਹਿਲਾਂ ਹੀ ਜੇਠ ਦੇ ਜ਼ੋਰਾਵਰ ਸਾਲਿਆਂ ਨੇ ਨੱਕੇ ਦਾ ਮੂੰਹ ਪੁੱਠੇ ਪਾਸੇ ਵੱਲ ਮੋੜ ਦਿੱਤਾ। ਚਾਰ ਝੂਠੇ ਗਵਾਹ ਖੜੇ ਕਰ ਕੇ ਪੁਲਿਸ ਨੇ ਪ੍ਰੀਤੋ, ਉਸ ਦੇ ਬਾਪ ਅਤੇ ਇਕ ਤੀਸਰੇ ਅਣਜਾਣ ਬੰਦੇ ਨੂੰ ਪ੍ਰੀਤੋ ਦਾ ਪ੍ਰੇਮੀ ਗਰਦਾਨ ਕੇ ਤਿੰਨਾਂ ਨੂੰ ਦੋਸ਼ੀ ਠਹਿਰਾ ਦਿੱਤਾ। ਮੁਕੱਦਮੇ ਨੂੰ ਮਜ਼ਬੂਤ ਕਰਨ ਲਈ ਪੁਲਿਸ ਨੇ ਪ੍ਰੀਤੋ ਦੇ ਪ੍ਰੇਮੀ ਦਾ ਇਕਬਾਲੀਆ ਬਿਆਨ ਲਿਖ ਲਿਆ।

ਪ੍ਰੀਤੋ ਦੇ ਪ੍ਰੇਮੀ ਨੇ ਦੱਸਿਆ ਕਿ ਉਸ ਦਾ ਪ੍ਰੀਤੋ ਨਾਲ ਪੁਰਾਣਾ ਯਾਰਾਨਾ ਸੀ। ਪ੍ਰੀਤੋ ਦੇ ਵਿਆਹ ਪਿੱਛੋਂ ਉਹ ਲੁਕ-ਛਿਪ ਕੇ ਮਿਲਦੇ ਰਹਿੰਦੇ ਸਨ। ਪ੍ਰੀਤੋ ਆਪਣੇ ਨਾਲੋਂ ਦਸ ਸਾਲ ਵੱਡੇ ਪਤੀ ਤੋਂ ਖਹਿੜਾ ਛੁਡਾਉਣਾ ਚਾਹੁੰਦੀ ਸੀ। ਪ੍ਰੀਤੋ ਨੇ ਇਕ ਤੀਰ ਨਾਲ ਦੋ ਸ਼ਿਕਾਰ ਫੁੰਡਣ ਦੀ ਯੋਜਨਾ ਬਣਾਈ ਸੀ। ਨਾਲੇ ਪ੍ਰੀਤੋ ਦਾ ਘਰਵਾਲੇ ਤੋਂ ਖਹਿੜਾ ਛੁੱਟ ਜਾਣਾ ਸੀ, ਨਾਲੇ ਜੇਠ ਅਤੇ ਉਸ ਦੇ ਸਾਲਿਆਂ ਨੇ ਅੰਦਰ ਹੋ ਜਾਣਾ ਸੀ। ਚੋਖੀ ਜ਼ਮੀਨ ਜਾਇਦਾਦ ਹਥਿਆ ਕੇ ਪ੍ਰੀਤੋ ਨੇ ਪ੍ਰੇਮੀ

ਦੇ ਘਰ ਬੈਠ ਜਾਣਾ ਸੀ। ਜਰ ਅਤੇ ਜੋਰੂ ਦੇ ਲਾਲਚ ਵਿਚ ਆ ਕੇ ਉਹ ਪ੍ਰੀਤੋ ਦੇ ਘਰ ਵਾਲੇ ਦਾ ਕਤਲ ਕਰ ਬੈਠਾ ਸੀ।

ਪ੍ਰੀਤੋ ਦਾ ਬਾਪ ਉਸ ਨਾਲ ਜੇਲ੍ਹ ਵਿਚ ਸੀ। ਉਸ ਦੇ ਅਮਲੀ ਭਰਾ ਨੂੰ ਜੇਠ ਅਤੇ ਪੁਲਿਸ ਨੇ ਧਮਕਾ ਦਿੱਤਾ।

"ਜੇ ਪਿੰਡ ਜਾਂ ਕਚਹਿਰੀ ਵੱਲ ਮੂੰਹ ਕੀਤਾ ਤਾਂ ਤੈਨੂੰ ਵੀ ਕਿਸੇ ਕੇਸ ਵਿਚ ਉਲਝਾ ਦਿਆਂਗੇ।"

ਡਰਦਾ ਅਮਲੀ ਦੁਬਕ ਕੇ ਬੈਠ ਗਿਆ।

ਜਾਬਰ ਜੇਠ ਨੇ ਪ੍ਰੀਤੋ ਦੇ ਘਰ ਅਤੇ ਜ਼ਮੀਨ ਉਪਰ ਕਬਜ਼ਾ ਕਰ ਲਿਆ।

ਦੁਸ਼ਮਣੀ ਦੇ ਡਰੋਂ ਪ੍ਰੀਤੋ ਦੇ ਬਾਕੀ ਰਿਸ਼ਤੇਦਾਰ ਦੜ੍ਹ ਵੱਟ ਗਏ। ਇਕੱਲੀ ਰਹਿ ਗਈ ਪ੍ਰੀਤੋ ਨੇ ਇਸਤਰੀ ਸਭਾ ਤਕ ਪਹੁੰਚ ਕੀਤੀ ਸੀ। ਸਭਾ ਨੇ ਆਪਣੇ ਸੂਤਰਾਂ ਰਾਹੀਂ ਘੋਖ ਕਰ ਲਈ ਸੀ। ਪ੍ਰੀਤੋ ਸੱਚ ਬੋਲ ਰਹੀ ਸੀ।

ਪਰ ਸਭਾ ਕੋਲ ਨਾ ਵਕੀਲ ਨੂੰ ਫ਼ੀਸ ਦੇਣ ਦੀ ਪਰੋਖੋਂ ਸੀ, ਨਾ ਘਰ ਅਤੇ ਜ਼ਮੀਨ ਖ਼ਾਲੀ ਕਰਾਉਣ ਦੀ।

ਇਹ ਦੋਵੇਂ ਕੰਮ ਸੰਮਤੀ ਕਰਵਾ ਸਕਦੀ ਸੀ।

ਸੰਮਤੀ ਨੇ ਸਭਾ ਦੀ ਇਹ ਮੰਗ ਵੀ ਪ੍ਰਵਾਨ ਕਰ ਲਈ।



# 24

ਬੇਸਹਾਰਾ ਅਤੇ ਗ਼ਰੀਬ ਬੱਚਿਆਂ ਦੀ ਸਹਾਇਤਾ ਲਈ ਪੜ੍ਹੇ-ਲਿਖੇ ਨੌਜਵਾਨਾਂ ਵੱਲੋਂ ਬਣਾਈ ਸੰਸਥਾ ਹੈਲਪਲਾਈਨ ਆਪਣੇ ਕੰਮ ਦਾ ਘੇਰਾ ਵਸੀਹ ਕਰਨਾ ਚਾਹੁੰਦੀ ਸੀ। ਸੰਸਥਾ ਨੇ ਆਪਣੇ ਕੰਮ ਦੀ ਸ਼ੁਰੂਆਤ ਸਕੂਲੀ ਬੱਚਿਆਂ ਨੂੰ ਵਰਦੀਆਂ, ਪੁਸਤਕਾਂ ਅਤੇ ਲਿਖਣ ਸਮੱਗਰੀ ਵੰਡ ਕੇ ਕੀਤੀ ਸੀ।

ਚੰਗੇ ਸਿੱਟੇ ਨਿਕਲਦੇ ਦੇਖ ਕੇ ਸ਼ਹਿਰ ਦੇ ਪਤਵੰਤੇ ਸੱਜਣ ਸਹਾਇਤਾ ਲਈ ਹੱਥ ਵਧਾਉਣ ਲੱਗੇ।

ਉਤਸ਼ਾਹਤ ਹੋਏ ਨੌਜਵਾਨਾਂ ਨੇ ਪੜ੍ਹਾਈ ਦੇ ਨਾਲ-ਨਾਲ ਕਮਜ਼ੋਰ ਅਤੇ ਬੀਮਾਰ ਬੱਚਿਆਂ ਨੂੰ ਡਾਕਟਰੀ ਸਹਾਇਤਾ ਦੇਣ ਦਾ ਬੀੜਾ ਚੁੱਕ ਲਿਆ। ਦੋ ਡਾਕਟਰਾਂ ਨੇ ਮਹੀਨੇ ਵਿਚ ਇਕ-ਇਕ ਦਿਨ ਬੱਚਿਆਂ ਦੇ ਮੁਫ਼ਤ ਡਾਕਟਰੀ ਮੁਆਇਨੇ ਲਈ ਰਾਖਵਾਂ ਕਰ ਦਿੱਤਾ। ਦਵਾਈ ਅਤੇ ਹੋਰ ਲੋੜੀਂਦੀ ਸਮੱਗਰੀ ਉਪਲਬਧ ਕਰਾਉਣ ਦੀ ਜ਼ਿੰਮੇਵਾਰੀ ਐਨ.ਆਰ.ਆਈ. (ਨਾਨ ਰੈਜ਼ੀਡੈਂਟ ਇੰਡੀਅਨ) ਸਭਾ ਨੇ ਸੰਭਾਲ ਲਈ।

ਜਿਹੜੇ ਪੇਂਡੂ ਬੱਚਿਆਂ ਨੇ ਕਦੇ ਸ਼ਹਿਰ ਦਾ ਰੇਲਵੇ ਸਟੇਸ਼ਨ ਨਹੀਂ ਸੀ ਦੇਖਿਆ, ਉਹਨਾਂ ਨੂੰ ਪਹਾੜਾਂ ਦੀ ਸੈਰ ਕਰਾਉਣ ਲਈ ਗਰੀਨ ਟਰਾਂਸਪੋਰਟ ਕੰਪਨੀ ਨੇ ਆਏ ਮਹੀਨੇ ਇਕ ਬੱਸ ਭੇਜਣ ਦੀ ਜ਼ਿੰਮੇਵਾਰੀ ਲੈ ਲਈ। ਲੰਗਰ ਦਾ ਪ੍ਰਬੰਧ ਟਰੱਕ ਯੂਨੀਅਨ ਦੇ ਜ਼ਿੰਮੇ ਸੀ।

ਪਿਛਲੇ ਕੁਝ ਸਮੇਂ ਤੋਂ ਹੈਲਪਲਾਈਨ ਵਾਲਿਆਂ ਨੂੰ ਇਕ ਨਵੀਂ ਸਮੱਸਿਆ ਨੇ ਘੇਰਿਆ ਹੋਇਆ ਸੀ। ਸ਼ਹਿਰੀਆਂ ਵੱਲੋਂ ਹੈਲਪਲਾਈਨ ਕੋਲੋਂ ਜੇਲ੍ਹ ਵਿਚ ਬੰਦ ਕੁਝ ਬੱਚਿਆਂ ਵੱਲ ਧਿਆਨ ਦੇਣ ਦੀ ਮੰਗ ਕੀਤੀ ਜਾ ਰਹੀ ਸੀ। ਸੰਸਥਾ ਮੁਸੀਬਤ ਵਿਚ ਫਸੇ ਬੱਚਿਆਂ ਦੀ ਸਹਾਇਤਾ ਕਰਨਾ ਚਾਹੁੰਦੀ ਸੀ, ਪਰ ਸਹਾਇਤਾ ਕਿਸ ਤਰ੍ਹਾਂ ਕੀਤੀ ਜਾਵੇ, ਇਹ ਸਮਝ ਨਹੀਂ ਸੀ ਆ ਰਹੀ।

ਹੈਲਪਲਾਈਨ ਦਾ ਡਾਇਰੈਕਟਰ, ਤਰਸੇਮ, ਜੇਲ੍ਹ ਅਧਿਕਾਰੀਆਂ ਨਾਲ ਕਈ ਮੀਟਿੰਗਾਂ ਕਰ ਚੁੱਕਾ ਸੀ। ਜੇਲ੍ਹ ਵਿਚ ਬੰਦ ਬੱਚਿਆਂ ਦਾ ਪਿਛੋਕੜ ਜਾਣ ਚੁੱਕਾ ਸੀ। ਉਹਨਾਂ ਨੂੰ ਰਿਹਾਅ ਕਰਾਉਣ ਦੇ ਢੰਗ-ਤਰੀਕੇ ਸਮਝ ਚੁੱਕਾ ਸੀ।

ਜੇਲ੍ਹ ਵਿਚ ਬੰਦ ਚੌਦਾਂ ਵਿਚੋਂ ਦੋ ਬੱਚੇ ਉਮਰ ਕੈਦ ਕੱਟ ਰਹੇ ਕੈਦੀਆਂ ਦੇ ਸਨ। ਉਹਨਾਂ ਵਿਚੋਂ ਇਕ ਕੈਦੀ ਇਸਤਰੀ ਸੀ, ਇਕ ਪੁਰਸ਼। ਇਸਤਰੀ ਕੈਦਣ ਜਦੋਂ ਗ੍ਰਿਫ਼ਤਾਰ ਹੋਈ ਤਾਂ ਉਹ ਗਰਭਵਤੀ ਸੀ। ਉਸ ਉਪਰ ਆਪਣੀ ਸੱਸ ਨੂੰ ਗਲਾ ਘੁੱਟ ਕੇ ਮਾਰਨ ਦਾ ਦੋਸ਼ ਸੀ। ਕੈਦਣ ਦੇ ਸਹੁਰਿਆਂ ਨੇ ਤਾਂ ਉਸ ਦਾ ਵਿਰੋਧ ਕਰਨਾ ਹੀ ਸੀ, ਮਾਪਿਆਂ ਨੇ ਵੀ ਇਕ ਵਾਰ ਆ ਕੇ ਧੀ ਕੋਲੋਂ ਇਹ ਨਹੀਂ ਸੀ ਪੁੱਛਿਆ ਕਿ ਉਸ ਨੇ ਆਪਣੀ ਸੱਸ ਦਾ ਗਲਾ ਕਿਉਂ ਘੁੱਟਿਆ ਸੀ ? ਸ਼ੀਲਾ ਦੇ ਪੇਕਿਆਂ ਨੇ ਸਹੁਰਿਆਂ ਦੇ ਇਸ ਦੋਸ਼ ਨੂੰ ਸਹੀ ਮੰਨ ਲਿਆ ਸੀ ਕਿ ਉਸ ਦੇ ਪੇਟ ਵਿਚ ਪਲਦਾ ਬੱਚਾ ਨਾਜਾਇਜ਼ ਸੀ।

ਅੱਠ ਸਾਲ ਦੀ ਉਮਰ ਤਕ ਬੱਚਾ ਜ਼ਨਾਨਾ ਵਾਰਡ ਵਿਚ ਮਾਂ ਨਾਲ ਰਹਿੰਦਾ ਰਿਹਾ। ਜਿਉਂ ਹੀ ਬੱਚੇ ਨੇ ਨੌਵੇਂ ਸਾਲ ਵਿਚ ਪੈਰ ਧਰਿਆ, ਤਿਉਂ ਹੀ ਜੇਲ੍ਹ ਨਿਯਮਾਂ ਦੀ ਪਾਲਣਾ ਕਰਦੇ ਹੋਏ ਉਸ ਨੂੰ ਜ਼ਨਾਨਾ ਵਾਰਡ ਵਿਚੋਂ ਕੱਢ ਕੇ ਬੱਚਾ ਵਾਰਡ ਵਿਚ ਭੇਜ ਦਿੱਤਾ ਗਿਆ। ਹੁਣ ਉਹ ਦੋ ਸਾਲ ਤੋਂ ਇਥੇ ਬੰਦ ਸੀ। ਜੇਲ੍ਹ ਅਧਿਕਾਰੀਆਂ ਨੇ ਸ਼ੀਲਾ ਦੇ ਪੇਕਿਆਂ ਅਤੇ ਸਹੁਰਿਆਂ ਦੋਹਾਂ ਧਿਰਾਂ ਨਾਲ ਸੰਪਰਕ ਕੀਤਾ। ਕੋਈ ਧਿਰ ਬੱਚੇ ਨੂੰ ਲੈਣਾ ਚਾਹੇ ਤਾਂ ਲੈ ਸਕਦੀ ਹੈ। ਕੋਈ ਵੀ ਧਿਰ ਨਾਜਾਇਜ਼ ਬੱਚੇ ਨੂੰ ਆਪਣੇ ਚੌਂਕੇ ਚੜ੍ਹਾਉਣ ਲਈ ਤਿਆਰ ਨਹੀਂ ਸੀ।

ਛੇ ਸਾਲ ਦਾ ਦੂਸਰਾ ਬੱਚਾ ਇਕ ਮੰਗਤੇ ਕੈਦੀ ਦਾ ਸੀ। ਮੰਗਤੇ ਦੀ ਜੇਲ੍ਹ ਅੰਦਰ ਮੌਤ ਹੋ ਗਈ ਸੀ। ਮੰਗਤੇ ਦੇ ਅੱਗੇ-ਪਿੱਛੇ ਦਾ ਕਿਸੇ ਨੂੰ ਕੁਝ ਪਤਾ ਨਹੀਂ ਸੀ। ਕੁਝ ਮੰਗਤੇ ਬੱਚੇ ਨੂੰ ਲੈਣ ਆਏ ਸਨ। ਜ਼ਿਲ੍ਹਾ ਪ੍ਰਸ਼ਾਸਨ ਨੇ ਬੱਚੇ ਨੂੰ ਮੰਗਤਿਆਂ ਹਵਾਲੇ ਕਰਨਾ ਉਚਿਤ ਨਹੀਂ ਸਮਝਿਆ। ਮੰਗਤਿਆਂ ਨੇ ਬੱਚੇ ਨੂੰ ਮੰਗਤਾ ਬਣਾਉਣਾ ਸੀ। ਤਿੰਨ ਸਾਲ ਤੋਂ ਇਹ ਬੱਚਾ ਬਿਨਾਂ ਮਤਲਬ ਜੇਲ੍ਹ ਵਿਚ ਬੰਦ ਸੀ। ਪਹਿਲਾਂ-ਪਹਿਲਾਂ ਕੁਝ ਜੋੜੇ ਇਸ ਬੱਚੇ ਨੂੰ ਗੋਦ ਲੈਣ ਆਏ, ਪਰ ਬੱਚਾ ਨਾ ਦੇਖਣ ਵਿਚ ਦਿਲਕਸ਼ ਸੀ, ਨਾ ਬਹੁਤਾ ਚੁਸਤ ਚਲਾਕ। ਨੌਂ ਸਾਲ ਦਾ ਹੋ ਕੇ ਵੀ ਉਸ ਨੂੰ ਕਿਤਾਬ ਸਿੱਧੀ ਫੜਨੀ ਨਹੀਂ ਸੀ ਆਉਂਦੀ। ਉਪਰੋਂ ਮੰਗਤਿਆਂ ਵਾਲਾ ਪਿਛੋਕੜ ਹੋਣ ਕਾਰਨ ਜੋੜੇ ਮੁੜਦੇ ਰਹੇ।

ਤੀਸਰਾ ਬੱਚਾ ਪੁਲਿਸ ਨੂੰ ਸਟੇਸ਼ਨ ਤੋਂ ਮਿਲਿਆ ਸੀ। ਉਹ ਪੂਰੀਆਂ ਵਾਲੀ ਰੇਹੜੀ 'ਤੇ ਭਾਂਡੇ ਮਾਂਜਦਾ ਸੀ। ਉਸ ਦਾ ਬਾਪ ਉਸ ਦੀ ਮਾਂ ਨਾਲ ਲੜ ਕੇ ਗੱਡੀ ਹੇਠ ਆ ਕੇ ਮਰ ਗਿਆ ਸੀ। ਬੱਚੇ ਦੀ ਮਾਂ ਨੇ ਨਵਾਂ ਖਸਮ ਕਰ ਲਿਆ ਸੀ। ਉਹ ਜਾਣ-ਬੁਝ ਕੇ ਬੱਚੇ ਨੂੰ ਪਲੇਟਫ਼ਾਰਮ 'ਤੇ ਛੱਡ ਕੇ ਆਪ ਗੱਡੀ ਚੜ੍ਹ ਗਈ ਸੀ। ਢਿੱਡ ਥਾਫੜਨ ਲਈ ਬੱਚਾ ਰੇਹੜੀ 'ਤੇ ਜੂਠੇ ਭਾਂਡੇ ਮਾਂਜਣ ਲੱਗ ਪਿਆ ਸੀ। ਬਦਲੇ ਵਿਚ ਢਿੱਡ ਭਰਨ ਲਈ ਉਸ ਨੂੰ ਜੂਠ ਮਿਲ ਜਾਂਦੀ ਸੀ। ਜੇਬ ਕਤਰਿਆਂ ਨੂੰ ਫੜਨ ਲਈ ਪੁਲਿਸ ਨੇ ਜਦੋਂ ਸਟੇਸ਼ਨ 'ਤੇ ਛਾਪਾ ਮਾਰਿਆ ਤਾਂ ਇਹ ਬੱਚਾ ਉਸ ਦੇ ਹੱਥ ਲੱਗ ਗਿਆ। ਬੱਚੇ ਦੀ ਮਾਂ ਨੇ ਜੇਲ੍ਹ ਅਧਿਕਾਰੀਆਂ ਨਾਲ ਸੰਪਰਕ ਰੱਖਿਆ ਹੋਇਆ ਸੀ। ਨਵੇਂ ਘਰਵਾਲੇ ਤੋਂ ਡਰਦੀ ਨਾ ਉਹ ਉਸ ਨੂੰ ਰਿਹਾਅ ਕਰਵਾ ਕੇ ਆਪਣੇ ਨਾਲ ਲਿਜਾਂਦੀ ਸੀ, ਨਾ ਕਿਸੇ ਹੋਰ ਨਾਲ ਜਾਣ ਦਿੰਦੀ ਸੀ। ਉਸ ਨੂੰ ਮੁੰਡੇ ਦੇ ਉਡਾਰ ਹੋਣ ਦੀ ਉਡੀਕ ਸੀ। ਵੱਡੇ ਹੋਏ ਨੂੰ ਕਿਸੇ ਦੁਕਾਨ 'ਤੇ ਨੌਕਰੀ ਲਗਵਾ ਕੇ ਉਹ ਉਸ ਦੀ ਕਮਾਈ ਖਾਣਾ ਚਾਹੁੰਦੀ ਸੀ।

ਬਾਕੀ ਕੈਦੀ ਬੱਚਿਆਂ ਦੇ ਪਿਛੋਕੜ ਮੁਜਰਮਾਨਾ ਸਨ। ਕੋਈ ਚੋਰੀ ਕਰਦਾ ਫੜਿਆ ਗਿਆ ਸੀ ਅਤੇ ਕੋਈ ਜੇਬਾਂ ਕੱਟਦਾ। ਕਿਸੇ ਨੂੰ ਜੂਆ ਖੇਡਣ ਦੀ ਲਤ ਸੀ ਅਤੇ ਕਿਸੇ ਨੂੰ ਚਰਸ ਪੀਣ ਦੀ। ਕਿਸੇ ਦਾ ਬਾਪ ਚਾਕੂਮਾਰ ਸੀ ਅਤੇ ਕਿਸੇ ਦੀ ਮਾਂ ਧੰਦਾ ਕਰਦੀ ਸੀ।

ਹੈਲਪਲਾਈਨ ਨੂੰ ਪਹਿਲੇ ਤਿੰਨ ਬੱਚਿਆਂ ਦਾ ਫ਼ਿਕਰ ਸੀ। ਵੱਧ ਚਿੰਤਾ ਇਸ ਗੱਲ ਦੀ ਵੀ ਸੀ ਕਿ ਉਹਨਾਂ ਨੂੰ ਪੇਸ਼ੇਵਰ ਮੁਜਰਮਾਂ ਨਾਲ ਰੱਖਿਆ ਜਾ ਰਿਹਾ ਸੀ। ਖ਼ਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ਾ ਰੰਗ ਫੜ ਰਿਹਾ ਸੀ। ਬੀੜੀ ਸਿਗਰਟ ਪੀਣੀ ਉਹਨਾਂ ਨੇ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਸੀ। ਜੇ ਉਹਨਾਂ ਨੂੰ ਜਲਦੀ ਰਿਹਾਅ ਨਾ ਕਰਾਇਆ ਗਿਆ ਤਾਂ ਉਹਨਾਂ ਵੀ ਮੁਜਰਮ ਬਿਰਤੀ ਦਾ ਬਣ ਜਾਣਾ ਸੀ। ਜਿਨ੍ਹਾਂ ਨੂੰ ਗੁੜ੍ਹਤੀ ਵਿਚ ਜੁਰਮ ਦਾ ਪਾਠ ਮਿਲਿਆ ਹੋਵੇ, ਉਹਨਾਂ ਨੇ ਵੱਡੇ ਹੋ ਕੇ ਕੀ ਬਣਨਾ ਹੈ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ ਸੀ।

ਜੇਲ੍ਹ ਅਧਿਕਾਰੀ ਤਿੰਨਾਂ ਬੱਚਿਆਂ ਨੂੰ ਜ਼ਮਾਨਤ ਉਪਰ ਰਿਹਾਅ ਕਰਨ ਲਈ ਤਿਆਰ ਸਨ। ਉਹਨਾਂ ਦੀ ਚੰਗੀ ਪਰਵਰਸ਼ਿ ਦੀ ਜ਼ਿੰਮੇਵਾਰੀ ਕੌਣ ਲਏ ਅਤੇ ਰਿਹਾਅ ਕਰਾਉਣ ਬਾਅਦ ਕਿਥੇ ਰੱਖਿਆ ਜਾਵੇ ?



ਹੈਲਪਲਾਈਨ ਵਾਲਿਆਂ ਨੇ ਉੱਡਦੀ-ਉੱਡਦੀ ਖ਼ਬਰ ਸੁਣੀ ਸੀ। ਲੋਕ ਸੰਘਰਸ਼ ਸੰਮਤੀ ਨੇ ਗ਼ਰੀਬ ਪੀੜਤ ਲੋਕਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਦਾ ਐਲਾਨ ਕੀਤਾ ਸੀ।

ਇਸ ਖ਼ਬਰ ਦੀ ਪੁਸ਼ਟੀ ਇਸਤਰੀ ਸਭਾ ਦੀ ਪ੍ਰਧਾਨ ਕੋਲੋਂ ਹੋ ਗਈ। ਜੋ ਕੰਮ ਸਭਾ ਤੋਂ ਛੇ ਮਹੀਨੇ ਵਿਚ ਨਹੀਂ ਸੀ ਹੋਇਆ, ਉਹ ਸੰਘਰਸ਼ ਸੰਮਤੀ ਨੇ ਛੇ ਦਿਨਾਂ ਵਿਚ ਕਰ ਦਿੱਤਾ।

ਇਸਤਰੀ ਸਭਾ ਚਾਹੁੰਦੀ ਸੀ, ਨੀਲਮ ਨੂੰ ਜ਼ਮਾਨਤ 'ਤੇ ਰਿਹਾਅ ਕਰਾਇਆ ਜਾਵੇ। ਸੰਮਤੀ ਚਾਹੁੰਦੀ ਤਾਂ ਨੀਲਮ ਨੂੰ ਇਕ ਘੰਟੇ ਦੇ ਅੰਦਰ-ਅੰਦਰ ਜ਼ਮਾਨਤ 'ਤੇ ਰਿਹਾਅ ਕਰਵਾ ਦਿੰਦੀ, ਪਰ ਜ਼ਮਾਨਤ 'ਤੇ ਬਾਹਰ ਆਉਣਾ ਨੀਲਮ ਦੇ ਹਿੱਤ ਵਿਚ ਨਹੀਂ ਸੀ। ਉਹ ਖ਼ਤਰਨਾਕ ਬੀਮਾਰੀ ਦੀ ਸ਼ਿਕਾਰ ਸੀ। ਇਲਾਜ ਬਹੁਤ ਮਹਿੰਗਾ ਸੀ। ਨਾ ਇਸ ਦਾ ਬੋਝ ਇਸਤਰੀ ਸਭਾ ਤੋਂ ਝੱਲ ਹੋਣਾ ਸੀ, ਨਾ ਸੰਘਰਸ਼ ਸੰਮਤੀ ਤੋਂ। ਉਸ ਦਾ ਇਲਾਜ ਸਰਕਾਰੀ ਖ਼ਰਚੇ 'ਤੇ ਹੋਣਾ ਚਾਹੀਦਾ ਸੀ।

ਸੰਘਰਸ਼ ਸੰਮਤੀ ਨੇ ਨੀਲਮ ਦਾ ਡਾਕਟਰੀ ਮੁਆਇਨਾ ਮਾਹਿਰ ਡਾਕਟਰਾਂ ਕੋਲੋਂ ਕਰਾਉਣ ਦੀ ਅਦਾਲਤ ਵਿਚ ਦਰਖ਼ਾਸਤ ਲਾਈ। ਅਰਜ਼ ਮਨਜ਼ੂਰ ਹੋਈ। ਡਾਕਟਰੀ ਹੋਈ। ਉਚਿਤ ਇਲਾਜ ਲਈ ਨੀਲਮ ਨੂੰ ਸੂਬੇ ਦੇ ਉੱਚ ਕੋਟੀ ਦੇ ਹਸਪਤਾਲ ਵਿਚ ਦਾਖ਼ਲ ਕਰਾਉਣ ਦੀ ਹਦਾਇਤ ਹੋਈ।

ਨੀਲਮ ਦੇ ਅਦਾਲਤ ਦੀ ਹਿਰਾਸਤ ਵਿਚ ਹੋਣ ਕਾਰਨ ਅਤੇ ਹਰ ਪੰਦਰਾਂ ਦਿਨਾਂ ਬਾਅਦ ਸਿਹਤ ਸੰਬੰਧੀ ਮੰਗੀ ਜਾਂਦੀ ਰਿਪੋਰਟ ਕਾਰਨ ਡਾਕਟਰਾਂ ਨੂੰ ਉਸ ਦਾ ਇਲਾਜ ਧਿਆਨ ਨਾਲ ਕਰਨਾ ਪੈ ਰਿਹਾ ਸੀ।

ਉਸ ਦੀ ਹਾਲਤ ਸੁਧਰ ਗਈ ਸੀ। ਕਿਸੇ ਵੀ ਸਮੇਂ ਉਸ ਨੂੰ ਹਸਪਤਾਲੋਂ ਛੁੱਟੀ ਹੋ ਸਕਦੀ ਸੀ।

ਛੁੱਟੀ ਹੋਣ 'ਤੇ ਸੰਮਤੀ ਨੇ ਉਸ ਦੀ ਜ਼ਮਾਨਤ ਕਰਵਾ ਲੈਣੀ ਸੀ।

ਪ੍ਰੀਤੋ ਦਾ ਮਸਲਾ ਹੱਲ ਕਰਨ ਲਈ ਇਸਤਰੀ ਸਭਾ ਅਤੇ ਸੰਮਤੀ ਨੂੰ ਲੰਬਾ ਸੰਘਰਸ਼ ਕਰਨਾ ਪਿਆ ਸੀ।

ਪੈਰਵੀ ਦੀ ਘਾਟ ਕਾਰਨ ਪ੍ਰੀਤੋ ਦੀ ਜ਼ਮਾਨਤ ਦੀ ਦਰਖ਼ਾਸਤ ਹੇਠਲੀ ਅਦਾਲਤ ਵੱਲੋਂ ਪਹਿਲਾਂ ਰੱਦ ਹੋ ਚੁੱਕੀ ਸੀ। ਪੈਸੇ ਦੀ ਘਾਟ ਕਾਰਨ ਪ੍ਰੀਤੋ ਦੇ ਵਾਰਿਸਾਂ ਕੋਲੋਂ ਚੰਗਾ ਵਕੀਲ ਨਹੀਂ ਸੀ ਕਰ ਹੋਇਆ। ਗੁੜ ਮੁਤਾਬਿਕ ਮਿੱਠਾ ਹੋਣਾ ਸੀ। ਨਵੇਂ ਵਕੀਲ ਕੋਲੋਂ ਕਾਨੂੰਨੀ ਨੁਕਤੇ ਉਠਾ ਨਹੀਂ ਸਨ ਹੋਏ। ਜੇਠ ਦੇ ਵਕੀਲ ਨੇ ਉਸ ਨੂੰ ਦਬਾ ਲਿਆ ਸੀ।

ਦੋਬਾਰਾ ਦਰਖ਼ਾਸਤ ਹਾਈ ਕੋਰਟ ਵਿਚ ਲਾਉਣੀ ਪਈ ਸੀ।

ਹੋਈ ਘਟਨਾ ਦੀ ਇਤਲਾਹ ਪਹਿਲਾਂ ਪ੍ਰੀਤੋ ਨੇ ਪੁਲਿਸ ਨੂੰ ਦਿੱਤੀ ਸੀ। ਮਰਨ ਵਾਲਾ ਉਸ ਦਾ ਪਤੀ ਸੀ। ਤੀਜੇ ਮੁਲਜ਼ਮ ਦਾ ਪ੍ਰੀਤੋ ਦਾ ਪ੍ਰੇਮੀ ਹੋਣ ਦਾ ਕੋਈ ਸਬੂਤ ਮਿਸਲ 'ਤੇ ਨਹੀਂ ਸੀ। ਨਾ ਤਿੰਨਾਂ ਮੁਲਜ਼ਮਾਂ ਵਿਚਕਾਰ ਘੜੀ ਸਾਜ਼ਿਸ਼ ਦਾ ਕੋਈ ਸਬੂਤ ਸੀ। ਪੁਲਿਸ ਨੇ ਦੋ ਝੂਠੇ ਬਿਆਨ ਲਿਖ ਕੇ ਪ੍ਰੀਤੋ ਦੇ ਜੇਠ ਅਤੇ ਉਸ ਦੇ ਸਾਲਿਆਂ ਨੂੰ ਬੇਕਸੂਰ ਠਹਿਰਾ ਦਿੱਤਾ ਸੀ ਅਤੇ ਪ੍ਰੀਤੋ ਹੋਰਾਂ ਨੂੰ ਮੁਲਜ਼ਮ ਬਣਾ ਦਿੱਤਾ ਸੀ। ਮ੍ਰਿਤਕ ਦੇ ਅਸਲੀ ਕਾਤਲ ਕੌਣ ਸਨ ? ਇਸ ਬਾਰੇ ਦੋ ਪੱਖ ਸਨ। ਜੇ ਇਕ ਪੱਖ ਦੇ ਦੋਸ਼ੀ ਬਾਹਰ ਫਿਰਦੇ ਸਨ ਤਾਂ ਦੂਜੇ ਪੱਖ ਦੇ ਦੋਸ਼ੀਆਂ ਨੂੰ ਜੁਰਮ ਸਾਬਤ ਹੋਣ ਤਕ ਜੇਲ੍ਹ ਵਿਚ ਬੰਦ ਰੱਖਣਾ ਤਰਕ ਸੰਗਤ ਨਹੀਂ ਸੀ। ਸੰਮਤੀ ਦੀ ਇਹ ਦਲੀਲ ਹਾਈ ਕੋਰਟ ਨੂੰ ਜਚੀ ਅਤੇ ਇਸੇ ਤਰਕ ਦੇ ਆਧਾਰ 'ਤੇ ਪ੍ਰੀਤੋ ਹੁਰਾਂ ਦੀ ਜ਼ਮਾਨਤ ਮਨਜ਼ੂਰ ਹੋ ਗਈ।

ਜੇਲ੍ਹੋਂ ਬਾਹਰ ਨਿਕਲਦਿਆਂ ਹੀ ਪ੍ਰੀਤੋ ਨੂੰ ਨਵੀਂ ਸਮੱਸਿਆ ਨੇ ਆ ਘੇਰਿਆ। ਉਹ ਜਾਵੇ ਤਾਂ ਕਿਥੇ ? ਘਰ ਅਤੇ ਜ਼ਮੀਨ 'ਤੇ ਦੁਸ਼ਮਣਾਂ ਨੇ ਕਬਜ਼ਾ ਕਰ ਰੱਖਿਆ ਸੀ।

ਜ਼ਮਾਨਤ ਕਰਾਉਣ ਬਾਅਦ ਸੰਮਤੀ ਪੱਲਾ ਛੱਡਣ ਵਾਲੀ ਨਹੀਂ ਸੀ। ਸਮੱਸਿਆ ਦੇ ਸਥਾਈ

ਹੱਲ ਲਈ ਦੋਹਾਂ ਸੰਸਥਾਵਾਂ ਨੇ ਸਾਂਝਾ ਮੋਰਚਾ ਲਾਇਆ। ਧਰਨੇ ਮਾਰੇ, ਜਲੂਸ ਕੱਢੇ।

ਪੁਲਿਸ ਹਰਕਤ ਵਿਚ ਆਈ ਤਾਂ ਪ੍ਰੀਤੋ ਘਰ ਵੜਨ ਜੋਗੀ ਹੋਈ।

ਇਸਤਰੀ ਸਭਾ ਦੀ ਪ੍ਰਧਾਨ ਨੇ ਹੈਲਪਲਾਈਨ ਵਾਲਿਆਂ ਨੂੰ ਸਲਾਹ ਦਿੱਤੀ।

"ਤੁਸੀਂ ਸੰਘਰਸ਼ ਸੰਮਤੀ ਵਾਲਿਆਂ ਕੋਲ ਜਾਓ। ਉਹਨਾਂ ਕੋਲੋਂ ਸਹਾਇਤਾ ਲਓ। ਲੋੜ ਪੈਣ 'ਤੇ ਉਹਨਾਂ ਨੂੰ ਸਹਾਇਤਾ ਦਿਓ। ਸਾਂਝੇ ਸੰਘਰਸ਼ ਨਾਲ ਮਸਲੇ ਹੱਲ ਹੋਣੇ ਹਨ।"

ਪ੍ਰਧਾਨ ਦੀ ਕਰੋੜਾਂ ਰੁਪਏ ਦੇ ਮੁੱਲ ਦੀ ਰਾਏ 'ਤੇ ਝੱਟ ਫੁੱਲ ਚੜ੍ਹਾਏ ਗਏ।

ਸੰਮਤੀ ਵਾਲਿਆਂ ਵੀ ਝੱਟ ਵਿਚਾਰ-ਵਟਾਂਦਰੇ ਲਈ ਕਾਨੂੰਨੀ ਮਾਹਿਰਾਂ ਦੀ ਮੀਟਿੰਗ ਬੁਲਾ ਲਈ।

"ਹੈਲਪਲਾਈਨ ਵਾਲਿਆਂ ਦਾ ਫ਼ਿਕਰ ਸਹੀ ਹੈ। ਦਾਗ਼ੀ ਸੇਬਾਂ ਵਿਚ ਰਹਿ ਕੇ ਦੂਜੇ ਸੇਬਾਂ ਦਾ ਦਾਗ਼ੀ ਹੋਣਾ ਕੁਦਰਤੀ ਹੈ, ਪਰ ਇਸ ਵਿਚ ਕਸੂਰ ਮਾੜੇ-ਚੰਗੇ ਸੇਬਾਂ ਦਾ ਨਹੀਂ ਹੈ। ਕਸੂਰ ਕਾਨੂੰਨ-ਘਾੜਿਆਂ ਦਾ ਹੈ। ਉਹ ਜਹਾਜ਼ਾਂ ਵਿਚ ਚੜ੍ਹ ਦੇ ਵਿਦੇਸ਼ਾਂ ਨੂੰ ਜਾਂਦੇ ਹਨ। ਉਹਨਾਂ ਦੇ ਕਾਨੂੰਨ ਦੇ ਖਰੜੇ ਚੁੱਕ ਲਿਆਉਂਦੇ ਹਨ। ਇਧਰ ਆ ਕੇ ਸਾਡੇ 'ਤੇ ਲਾਗੂ ਕਰ ਦਿੰਦੇ ਹਨ। ਕਿਸ਼ੋਰ ਅਪਰਾਧੀਆਂ ਨਾਲ ਨਜਿੱਠਣ ਵਾਲਾ ਕਾਨੂੰਨ ਇਸ ਦੀ ਇਕ ਉਦਾਹਰਣ ਹੈ। ਵਿਦੇਸ਼ਾਂ ਵਿਚ ਬੇਸਹਾਰਾ ਫੁੱਟਪਾਥਾਂ 'ਤੇ ਰੁਲਦੇ ਬੱਚਿਆਂ ਨਾਲ ਨਜਿੱਠਣ ਲਈ ਅਲੱਗ ਕਾਨੂੰਨ ਹੈ ਅਤੇ ਕਿਸ਼ੋਰ ਅਪਰਾਧੀਆਂ ਲਈ ਅਲੱਗ। ਦੋਹਾਂ ਨੂੰ ਵੱਖ-ਵੱਖ ਸੰਸਥਾਵਾਂ ਵਿਚ ਰੱਖ ਕੇ ਵੱਖਰੇ-ਵੱਖਰੇ ਢੰਗ ਨਾਲ ਨਜਿੱਠ ਕੇ ਚੰਗੇ ਸ਼ਹਿਰੀ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ। ਇਥੇ ਘੋੜਿਆਂ ਅਤੇ ਗਧਿਆਂ ਨੂੰ ਇਕੋ ਰੱਸੇ ਨੂੜ ਦਿੱਤਾ ਜਾਂਦਾ ਹੈ। ਚੰਗੇ ਭਲਿਆਂ ਨੂੰ ਅਪਰਾਧੀ ਬਣਨ ਲਈ ਰਾਹ ਪੱਧਰਾ ਕਰ ਦਿੱਤਾ ਜਾਂਦਾ ਹੈ।"

ਬੇਸਹਾਰਾ ਬੱਚਿਆਂ ਦੀ ਕਹਾਣੀ ਸੁਣ ਕੇ ਪੀੜਤ ਹੋਏ ਗੁਰਮੀਤ ਨੇ ਆਪਣਾ ਦੁੱਖ ਪ੍ਰਗਟਾਇਆ।

ਜਦੋਂ ਕੋਈ ਅਣਜਾਣ ਬੰਦਾ ਇਸ ਕਾਨੂੰਨ ਨੂੰ ਪੜ੍ਹਦਾ ਹੈ, ਬੜਾ ਖ਼ੁਸ਼ ਹੁੰਦਾ ਹੈ। ਬੜੀਆਂ ਡੀਂਗਾਂ ਮਾਰੀਆਂ ਗਈਆਂ ਹਨ ਇਸ ਕਾਨੂੰਨ ਵਿਚ। ਬੱਚਿਆਂ ਨੂੰ ਆਮ ਕੈਦੀਆਂ ਤੋਂ ਦੂਰ ਰੱਖਿਆ ਜਾਏਗਾ। ਉਹਨਾਂ ਦੀਆਂ ਮਨੋ-ਵਿਗਿਆਨਕ ਗੁੰਝਲਾਂ ਸੁਲਝਾਉਣ ਲਈ ਜੇਲ੍ਹ 'ਚ ਮਨੋ-ਵਿਗਿਆਨੀ ਹੋਣਗੇ। ਸਰੀਰਕ ਵਿਕਾਸ ਲਈ ਪੌਸ਼ਟਿਕ ਖ਼ੁਰਾਕ ਦਿੱਤੀ ਜਾਏਗੀ। ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਹੋਏਗਾ। ਸਰਬ-ਪੱਖੀ ਵਿਕਾਸ ਲਈ ਗੀਤ-ਸੰਗੀਤ ਦੇ ਨਾਲ-ਨਾਲ ਫ਼ਾਈਨ ਆਰਟਸ ਦੇ ਅਧਿਆਪਕ ਹੋਣਗੇ। ਵਾਰਡਰ ਕੋਮਲ ਮਨ ਔਰਤਾਂ ਹੋਣਗੀਆਂ। ਕੈਦ ਹੋਸਟਲ ਵਾਂਗ ਹੋਏਗੀ।

"ਹੋ ਇਸ ਦੇ ਉਲਟ ਰਿਹਾ ਹੈ। ਵੱਡੀ ਉਮਰ ਦੇ ਕੈਦੀ ਲੜ-ਝਗੜ ਕੇ ਆਪਣੇ ਹੱਕ ਪ੍ਰਾਪਤ ਕਰ ਲੈਂਦੇ ਹਨ। ਬੱਚਿਆਂ ਨੂੰ ਤਾਂ ਬੋਲਣਾ ਵੀ ਨਹੀਂ ਆਉਂਦਾ।"

ਗੁਰਮੀਤ ਵਾਂਗ ਪਿਆਰੇ ਲਾਲ ਵੀ ਡਾਢਾ ਦੁਖੀ ਸੀ।

"ਬੱਚਿਆਂ ਨੂੰ ਰਿਹਾਅ ਕਰਾਉਣ ਦੀ ਕੋਈ ਦਿੱਕਤ ਨਹੀਂ ਹੈ। ਜਿਨ੍ਹਾਂ ਬੱਚਿਆਂ ਨੂੰ ਅਸੀਂ ਰਿਹਾਅ ਕਰਾਉਣਾ ਚਾਹੁੰਦੇ ਹਾਂ, ਉਹ ਅਪਰਾਧੀ ਨਹੀਂ, ਬੇਸਹਾਰਾ ਹਨ। ਉਚਿਤ ਦੇਖ-ਭਾਲ ਦਾ ਯਕੀਨ ਦਿਵਾ ਕੇ ਕੋਈ ਵੀ ਸੰਸਥਾ ਉਹਨਾਂ ਨੂੰ ਛੁਡਾ ਸਕਦੀ ਹੈ। ਇਸ ਉੱਦਮ ਦੀ ਕਾਨੂੰਨ ਇਜਾਜ਼ਤ ਹੀ ਨਹੀਂ, ਉਸ ਨੂੰ ਉਤਸ਼ਾਹਿਤ ਵੀ ਕਰਦਾ ਹੈ। ਸਮੱਸਿਆ ਇਹ ਹੈ ਕਿ ਬੱਚੇ ਰਹਿਣਗੇ ਕਿੱਥੇ ? ਇਹਨਾਂ ਦੀ ਪਰਵਰਿਸ਼ ਕੌਣ ਕਰੇਗਾ ?

ਗੁਰਮੀਤ ਨੂੰ ਬੱਚਿਆਂ ਦੇ ਵਰਤਮਾਨ ਦੇ ਨਾਲ-ਨਾਲ ਭਵਿੱਖ ਦੀ ਚਿੰਤਾ ਸੀ। ਇਹ ਚਿੰਤਾ



ਉਸ ਨੇ ਹੈਲਪਲਾਈਨ ਵਾਲਿਆਂ ਨਾਲ ਸਾਂਝੀ ਕੀਤੀ।

"ਹਾਲ ਦੀ ਘੜੀ ਇਸ ਸਮੱਸਿਆ ਦਾ ਹੱਲ ਸਾਡੇ ਕੋਲ ਨਹੀਂ ਹੈ। ਸਾਨੂੰ ਬੱਚਿਆਂ ਨਾਲ ਨਜਿੱਠਣ ਦਾ ਤਜਰਬਾ ਨਹੀਂ ਹੈ। ਸਹਾਇਤਾ ਲਈ ਕਿਸੇ ਵੱਡੀ ਸੰਸਥਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।"

ਤਰਸੇਮ ਨੇ ਆਪਣੀ ਸੰਸਥਾ ਦੀਆਂ ਸੀਮਾਵਾਂ ਦਾ ਬਿਨਾਂ ਝਿਜਕ ਜ਼ਿਕਰ ਕੀਤਾ।

"ਇਕ ਹੱਲ ਹੋ ਸਕਦਾ ਹੈ। ਆਪਾਂ ਅਦਾਲਤ ਦਾ ਦਰਵਾਜ਼ਾ ਖੜਕਾਈਏ। ਬੇਕਸੂਰ ਬੱਚਿਆਂ ਨੂੰ ਅਪਰਾਧੀਆਂ ਨਾਲੋਂ ਵੱਖ ਰੱਖਣ ਦਾ ਹੁਕਮ ਕਰਾਈਏ। ਉਹਨਾਂ ਨੂੰ ਹੋਰ ਵਿਗੜਨ ਤੋਂ ਬਚਾਈਏ। ਜਿਨ੍ਹਾਂ-ਜਿਨ੍ਹਾਂ ਸਹੂਲਤਾਂ ਦਾ ਕਾਨੂੰਨ ਵਾਅਦਾ ਕਰਦਾ ਹੈ, ਉਹ ਬੱਚਿਆਂ ਨੂੰ ਉਪਲਬਧ ਕਰਾਈਏ।"

ਬਦਲਵੇਂ ਪ੍ਰਬੰਧ ਹੋਣ ਤਕ ਗੁਰਮੀਤ ਸਮੱਸਿਆ ਨੂੰ ਕਾਨੂੰਨੀ ਢੰਗ ਨਾਲ ਨਜਿੱਠਣਾ ਚਾਹੁੰਦਾ ਸੀ।

"ਜੇ ਬੇਸਹਾਰਾ ਬੱਚੇ ਅਪਰਾਧੀਆਂ ਨਾਲੋਂ ਵੱਖ ਹੋ ਜਾਣ, ਉਹਨਾਂ ਨੂੰ ਖਾਣ-ਪੀਣ ਚੰਗਾ ਮਿਲਣ ਲੱਗ ਜਾਏ ਅਤੇ ਪੜ੍ਹਾਈ-ਲਿਖਾਈ ਦਾ ਪ੍ਰਬੰਧ ਹੋ ਜਾਏ ਤਾਂ ਹਾਲ ਦੀ ਘੜੀ ਇਹੋ ਬਥੇਰਾ ਹੈ।"

ਗੱਲਬਾਤ ਬਾਅਦ ਨਿਕਲੇ ਸਿੱਟੇ 'ਤੇ ਤਰਸੇਮ ਨੇ ਤਸੱਲੀ ਪ੍ਰਗਟਾਈ।

ਫ਼ੈਸਲੇ ਨੂੰ ਤੁਰੰਤ ਅਮਲੀ ਰੂਪ ਦੇਣ ਅਤੇ ਆਪਣੇ-ਆਪਣੇ ਕੰਮਾਂ ਵਿਚ ਜੁੱਟ ਜਾਣ ਲਈ ਦੋਵੇਂ ਧਿਰਾਂ ਉੱਠ ਖੜੋਤੀਆਂ।

# 25

ਆਪਣੇ ਸੰਦੇਸ਼ ਨੂੰ ਆਮ ਲੋਕਾਂ ਤਕ ਪਹੁੰਚਾਉਣ ਦੇ ਮਕਸਦ ਨਾਲ ਸੰਘਰਸ਼ ਸੰਮਤੀ ਸੋਚੀ-ਸਮਝੀ ਨੀਤੀ ਤਹਿਤ ਕੰਮ ਕਰਨ ਲੱਗੀ।

ਇਸ ਵਾਰ ਸੰਮਤੀ ਨੇ ਪ੍ਰੀਤੋ ਦੀ ਜ਼ਮਾਨਤ ਕਰਾਉਣ ਬਾਅਦ ਆਪਣੀਆਂ ਗਤੀਵਿਧੀਆਂ ਨੂੰ ਕਚਹਿਰੀ ਤਕ ਸੀਮਤ ਨਹੀਂ ਸੀ ਰੱਖਿਆ। ਘਰ ਅਤੇ ਜ਼ਮੀਨ ਤੋਂ ਕਬਜ਼ਾ ਛੁਡਾਉਣ ਲਈ ਵੀ ਪਹਿਲ ਕੀਤੀ ਸੀ।

"ਕਾਨੂੰਨ ਕਿੰਨਾ ਲਚਕਦਾਰ ਹੈ। ਜਾਬਰ ਲੋਕ ਆਪਣੇ ਹਿੱਤ ਪਾਲਣ ਲਈ ਇਸ ਨੂੰ ਕਿਸ ਤਰ੍ਹਾਂ ਤੋੜ-ਮਰੋੜ ਲੈਂਦੇ ਹਨ। ਪੁਲਿਸ ਮਾਸੂਮਾਂ ਨਾਲ ਖੜ੍ਹਨ ਦੀ ਥਾਂ ਕਿਸ ਤਰ੍ਹਾਂ ਪੈਸੇ ਵਾਲਿਆਂ ਨਾਲ ਮੋਢਾ ਜੋੜਦੀ ਹੈ।" ਲੋਕਾਂ ਨੂੰ ਇਹ ਸਮਝਾਉਣ ਲਈ ਸੰਮਤੀ ਨੇ ਇਸਤਰੀ ਸਭਾ ਨਾਲ ਮਿਲ ਕੇ ਜਲਸੇ-ਜਲੂਸ, ਸ਼ਹਿਰ ਦੀ ਥਾਂ ਪਿੰਡਾਂ ਵਿਚ ਕੀਤੇ।

ਪਹਿਲਾਂ-ਪਹਿਲ ਪ੍ਰੀਤੋ ਦੇ ਜੇਠ ਧੰਨੇ ਨੇ ਆਪਣੇ ਪਿੰਡ ਦੇ ਲੋਕਾਂ ਨੂੰ ਜਲਸੇ ਵਿਚ ਆਉਣ ਤੋਂ ਰੋਕਿਆ। ਪੁਲਿਸ ਨੇ ਪਿੰਡ ਦੀ ਗਸ਼ਤ ਤੇਜ਼ ਕਰ ਦਿੱਤੀ। ਸਭਾ ਅਤੇ ਸੰਮਤੀ ਵਾਲਿਆਂ ਨੂੰ ਧਮਕੀਆਂ ਮਿਲੀਆਂ, ਪਰ ਜਦੋਂ ਜਲਸੇ-ਜਲੂਸਾਂ ਵਿਚ ਲੋਕਾਂ ਦਾ ਇਕੱਠ ਵਧਣ ਲੱਗਾ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਸੰਘਰਸ਼ ਵਿਚ ਸ਼ਾਮਲ ਹੋਣ ਲੱਗੇ ਤਾਂ ਧੰਨੇ ਨੂੰ ਘਰ ਅਤੇ ਜ਼ਮੀਨ ਉਪਰ ਕੀਤੇ ਕਬਜ਼ੇ ਨੂੰ ਕਾਨੂੰਨੀ ਸਿੱਧ ਕਰਨ ਵਿਚ ਔਖ ਮਹਿਸੂਸ ਹੋਣ ਲੱਗੀ। ਪੁਲਿਸ ਨਾਜਾਇਜ਼ ਕਬਜ਼ਾ ਕਿਉਂ ਨਹੀਂ ਹਟਾਉਂਦੀ ? ਅਖ਼ਬਾਰਾਂ ਰਾਹੀਂ ਜਦੋਂ ਇਹ ਪ੍ਰਸ਼ਨ ਉੱਠਣ ਲੱਗਾ ਤਾਂ ਪੁਲਿਸ ਨੂੰ ਆਪਣੀ ਖੱਲ ਬਚਾਉਣੀ ਔਖੀ ਹੋ ਗਈ।

ਪਹਿਲਾਂ ਪੁਲਿਸ ਨੇ ਧੰਨੇ ਦਾ ਸਾਥ ਛੱਡਿਆ। ਫੇਰ ਘਬਰਾਏ ਧੰਨੇ ਨੇ ਕਬਜ਼ਾ ਛੱਡ ਦਿੱਤਾ। ਹੌਸਲੇ ਵਿਚ ਆਈ ਇਸਤਰੀ ਸਭਾ ਨੇ ਨਵਾਂ ਮੋਰਚਾ ਖੋਲ੍ਹ ਦਿੱਤਾ।

"ਕਤਲ ਦੇ ਮਾਮਲੇ ਦੀ ਦੋਬਾਰਾ ਉੱਚ-ਪੱਧਰੀ ਪੜਤਾਲ ਹੋਵੇ। ਨਿਰਦੋਸ਼ਾਂ ਨੂੰ ਮੁਕੱਦਮੇ ਵਿਚੋਂ ਬਾਹਰ ਕੱਢਿਆ ਜਾਵੇ। ਅਸਲ ਕਾਤਲਾਂ ਨੂੰ ਫੜਿਆ ਜਾਵੇ।" ਇਹ ਮੰਗ ਲੈ ਕੇ ਦੋਬਾਰਾ ਸੰਘਰਸ਼ ਵਿੱਢ ਦਿੱਤਾ।

ਸੰਮਤੀ ਨੇ ਸਭਾ ਦਾ ਡੱਟ ਕੇ ਸਾਥ ਦਿੱਤਾ। ਹਾਈ ਕੋਰਟ ਵਿਚ ਰਿੱਟ ਦਾਇਰ ਕਰ ਕੇ ਨਵੇਂ ਸਿਰਿਉਂ ਪੜਤਾਲ ਕਰਨ ਦਾ ਹੁਕਮ ਲੈ ਦਿੱਤਾ। ਚਾਰੇ ਪਾਸਿਉਂ ਘਿਰੀ ਪੁਲਿਸ ਨੇ ਮਾਮਲੇ ਦੀ ਮੁੜ ਪੜਤਾਲ ਕੀਤੀ। ਜਾਂਚ ਬਾਅਦ ਪੁਲਿਸ ਦੇ ਉੱਚ ਅਧਿਕਾਰੀ ਨੇ ਸਿੱਟਾ ਕੱਢਿਆ, "ਕਤਲ ਧੰਨੇ ਅਤੇ ਉਸ ਦੇ ਸਾਲਿਆਂ ਨੇ ਕੀਤਾ ਹੈ।"

ਹੁਣ ਧੰਨਾ ਆਪਣੀ ਖੱਲ ਬਚਾਉਣ ਲਈ ਭੱਜਾ ਫਿਰਦਾ ਹੈ। ਕਿਸੇ ਵੀ ਸਮੇਂ ਉਸ ਦੀ ਗ੍ਰਿਫ਼ਤਾਰੀ ਹੋ ਸਕਦੀ ਹੈ।

ਇਸ ਸਾਂਝੇ ਸੰਘਰਸ਼ ਬਾਅਦ ਇਸਤਰੀ ਸਭਾ ਅਤੇ ਸੰਮਤੀ ਦਾ ਘਿਓ-ਖਿਚੜੀ ਵਾਲਾ ਰਿਸ਼ਤਾ



ਬਣ ਗਿਆ। ਇਕ ਸੰਸਥਾ ਜੇ ਸੰਘਰਸ਼ ਵਿੱਢਦੀ ਤਾਂ ਦੂਜੀ ਬਿਨਾਂ ਪੁੱਛੇ ਪੁੱਜ ਜਾਂਦੀ ਹੈ।

ਹੈਲਪਲਾਈਨ ਵਾਲਿਆਂ ਦਾ ਮਸਲਾ ਕਾਨੂੰਨੀ ਸੀ। ਅਦਾਲਤ ਵਿਚ ਦਰਖ਼ਾਸਤ ਦਿੰਦਿਆਂ ਹੀ ਸਮੱਸਿਆ ਸੁਲਝ ਗਈ। ਬੇਸਹਾਰਾ ਬੱਚਿਆਂ ਨੂੰ ਕਿਸ਼ੋਰ ਅਪਰਾਧੀਆਂ ਨਾਲੋਂ ਵੱਖ ਕਰ ਦਿੱਤਾ ਗਿਆ। ਨਾਲ ਹੀ ਵੱਧ ਤੋਂ ਵੱਧ ਸਹੂਲਤਾਂ ਦੇਣ ਦਾ ਹੁਕਮ ਹੋ ਗਿਆ।

ਨੌਜਵਾਨ ਤਬਕਾ ਸੰਮਤੀ ਦਾ ਅਹਿਸਾਨਮੰਦ ਹੋ ਗਿਆ।

ਚੌਥਾ ਦਰਜਾ ਕਰਮਚਾਰੀਆਂ ਦੀ ਜਥੇਬੰਦੀ ਨੂੰ ਜਦੋਂ ਕਾਨੂੰਨੀ ਸਹਾਇਤਾ ਦੀ ਜ਼ਰੂਰਤ ਪਈ ਤਾਂ ਹੈਲਪਲਾਈਨ ਵਾਲਿਆਂ ਨੇ ਉਹਨਾਂ ਦੀ ਬਾਂਹ ਸੰਮਤੀ ਵਾਲਿਆਂ ਨੂੰ ਫੜਾ ਦਿੱਤੀ।

ਜਥੇਬੰਦੀ ਦਾ ਇਕ ਮੈਂਬਰ ਸਿਵਲ ਹਸਪਤਾਲ ਵਿਚ ਸੇਵਾਦਾਰ ਸੀ।

ਪਿਛਲੇ ਮਹੀਨੇ ਹਸਪਤਾਲ ਦੇ ਮੁਖੀ ਡਾਕਟਰ ਨੇ ਫੂਡ ਇੰਸਪੈਕਟਰ ਨੂੰ ਨਾਲ ਲੈ ਕੇ ਖਾਣ-ਪੀਣ ਦੀਆਂ ਚੀਜ਼ਾਂ ਦੇ ਨਮੂਨੇ ਭਰਨ ਦੀ ਮੁਹਿੰਮ ਛੇੜੀ ਸੀ।

ਬਹੁਤੀਆਂ ਥਾਵਾਂ ਤੋਂ ਪਹਿਲਾਂ ਹੀ ਬੱਝਵਾਂ ਮਹੀਨਾ ਆਉਂਦਾ ਸੀ। ਉਹਨਾਂ ਦੁਕਾਨਦਾਰਾਂ ਨੂੰ ਫੂਡ ਇੰਸਪੈਕਟਰ ਨੇ ਆਪਣੇ ਆਉਣ ਦੀ ਸੂਚਨਾ ਪਹਿਲਾਂ ਦੇ ਦਿੱਤੀ। ਆਨੇ-ਬਹਾਨੇ ਦੁਕਾਨਾਂ ਬੰਦ ਕਰ ਕੇ ਉਹ ਟੀਮ ਦੇ ਦਫ਼ਤਰੋਂ ਨਿਕਲਣ ਤੋਂ ਪਹਿਲਾਂ ਖਿਸਕ ਗਏ। ਕੁਝ ਨਾਲ ਮੌਕੇ 'ਤੇ ਲੈਣ-ਦੇਣ ਹੋ ਗਿਆ। ਜਿਨ੍ਹਾਂ ਨੂੰ ਅਫ਼ਸਰਾਂ ਨਾਲ ਗੱਲ ਕਰਨ ਦੀ ਜਾਚ ਨਹੀਂ ਸੀ, ਉਹਨਾਂ ਦੀਆਂ ਚੀਜ਼ਾਂ ਦੇ ਨਮੂਨੇ ਭਰੇ ਗਏ।

ਨਮੂਨੇ ਭਰਨ ਨਿਕਲੀ ਟੀਮ ਦਾ ਮਕਸਦ ਸਿਹਤ ਲਈ ਹਾਨੀਕਾਰਕ ਚੀਜ਼ਾਂ ਵਿਕਣੀਆਂ ਬੰਦ ਕਰਾਉਣਾ ਨਹੀਂ ਸੀ ਸਗੋਂ ਅਫ਼ਸਰਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਡਰਾਉਣਾ-ਧਮਕਾਉਣਾ, ਜਿਹੜੇ ਮਹੀਨਾ ਨਹੀਂ ਦਿੰਦੇ ਉਹਨਾਂ ਨੂੰ ਸਬਕ ਸਿਖਾਉਣਾ ਅਤੇ ਆਪਣੀਆਂ ਜੇਬਾਂ ਭਰਨਾ ਸੀ। ਨਾਲੇ ਮਹਿਕਮੇ ਵੱਲੋਂ ਨਿਸ਼ਚਿਤ ਕੋਟੇ ਦੇ ਨਮੂਨੇ ਭਰ ਕੇ ਖ਼ਾਨਾ-ਪੂਰਤੀ ਕਰਨਾ ਸੀ।

ਟੀਮ ਦੇ ਸਾਰੇ ਮੈਂਬਰ ਆਪਣਾ ਇਹ ਫ਼ਰਜ਼ ਬਾ-ਖ਼ੂਬੀ ਨਿਭਾ ਰਹੇ ਸਨ।

ਅਣਜਾਣਪੁਣੇ ਵਿਚ ਜਿਹੜੇ ਦੁਕਾਨਦਾਰਾਂ ਨੇ ਨਮੂਨੇ ਭਰਾ ਲਏ, ਉਹਨਾਂ ਨੂੰ ਖੱਜਲ-ਖ਼ੁਆਰੀ ਵਿਚੋਂ ਨਿਕਲਣ ਦੇ ਢੰਗ-ਤਰੀਕੇ ਟੀਮ ਦੇ ਮੈਂਬਰ ਹੀ ਸਮਝਾਉਣ ਲੱਗੇ।

"ਫ਼ੀਸ ਦੇ ਦੇ। ਨਮੂਨੇ ਜਾਂਦੇ ਹੋਏ ਨਾਲੇ ਵਿਚ ਸੁੱਟ ਜਾਵਾਂਗੇ।" ਕਿਸੇ ਦੁਕਾਨਦਾਰ ਨੂੰ ਇਹ ਗੁਰ ਦੱਸਿਆ ਗਿਆ।

"ਪਹਿਲਾਂ ਆਪਣੀ ਚੀਜ਼ ਪ੍ਰਾਈਵੇਟ ਲੈਬਾਰਟਰੀ ਵਿਚੋਂ ਟੈਸਟ ਕਰਾ ਲੈ। ਜਦੋਂ ਪਾਸ ਹੋ ਜਾਵੇ ਲੈ ਆਈਂ। ਮਾਲ ਬਦਲ ਦੇਵਾਂਗੇ। ਨਮੂਨੇ ਆਪੇ ਪਾਸ ਹੋ ਕੇ ਆਉਣਗੇ।" ਕਿਸੇ ਦੁਕਾਨਦਾਰ ਨੂੰ ਇਹ ਤਰੀਕਾ ਦੱਸਿਆ ਗਿਆ।

ਡਾਕਟਰ ਨੇ ਦੁਕਾਨਦਾਰਾਂ ਨੂੰ ਰਿਆਇਤਾਂ ਵੀ ਨਿਹੰਗਾਂ ਵਾਲੀਆਂ ਦਿੱਤੀਆਂ। ਹਰ ਦੁਕਾਨਦਾਰ ਤੋਂ ਪੰਜ ਹਜ਼ਾਰ ਮੰਗਿਆ ਗਿਆ। ਜਾਂਦੇ ਚੋਰ ਦੀ ਲੰਗੋਟੀ ਸਮਝ ਕੇ ਲੈ ਦੋ ਸੌ ਵੀ ਲਿਆ।

ਨੀਨਾ ਆਚਾਰ ਫ਼ੈਕਟਰੀ ਵਿਚ ਗੱਲਬਾਤ ਕੁਝ ਜ਼ਿਆਦਾ ਲਟਕ ਗਈ।

ਨੀਨਾ ਇਸ ਫ਼ੈਕਟਰੀ ਦੀ ਮਾਲਕ ਦਾ ਨਾਂ ਸੀ। ਉਸ ਦਾ ਪਤੀ ਪਾਪੜ-ਵੜੀਆਂ ਦਾ ਕੰਮ ਕਰਦਾ ਸੀ। ਸ਼ਹਿਰ ਵਿਚ ਉਸ ਦੀ ਚੰਗੀ ਪੜਤ ਸੀ। ਪਿਛਲੇ ਸਾਲ ਇਕ ਐਕਸੀਡੈਂਟ ਵਿਚ ਉਸ ਦੀ ਮੌਤ ਹੋ ਗਈ। ਛੇ ਮਹੀਨੇ ਘਰ ਬੈਠੀ ਨੀਨਾ ਰੋਂਦੀ ਕੁਰਲਾਂਦੀ ਰਹੀ। ਜਦੋਂ ਚੁੱਲ੍ਹਾ ਮਘਦਾ ਰੱਖਣ ਵਿਚ ਦਿੱਕਤ ਆਉਣ ਲੱਗੀ ਤਾਂ ਭੈਣ-ਭਰਾਵਾਂ ਅਤੇ ਪਤੀ ਦੇ ਦੋਸਤਾਂ ਨੇ ਸਮਝਾਇਆ, "ਕੁਝ ਕਰਨਾ ਪਏਗਾ।"

ਨੀਨਾ ਦੇ ਜੀਜੇ ਦੀ ਪੰਚਕੂਲੇ ਆਚਾਰ ਦੀ ਫ਼ੈਕਟਰੀ ਸੀ। ਆਪਣੇ ਮਿਸਤਰੀ ਭੇਜ ਕੇ ਉਸ ਨੇ ਆਚਾਰ ਦੀ ਫ਼ੈਕਟਰੀ ਚਾਲੂ ਕਰਵਾ ਦਿੱਤੀ। ਪੁਰਾਣੇ ਦੁਕਾਨਦਾਰਾਂ ਨੇ ਮੁਲਾਹਜ਼ਾ ਨਿਭਾਇਆ। ਬਾਕੀ ਦੇ ਆਚਾਰ ਮੰਗਵਾਉਣੇ ਬੰਦ ਕਰ ਕੇ ਉਹਨਾਂ ਨੇ ਨੀਨਾ ਫ਼ੈਕਟਰੀ ਦਾ ਆਚਾਰ ਵੇਚਣਾ ਸ਼ੁਰੂ ਕਰ ਦਿੱਤਾ। ਨਾਲ ਸਲਾਹ ਦਿੱਤੀ।

"ਕੁੜੀਏ, ਜੇ ਸਹੀ ਅਰਥਾਂ ਵਿਚ ਕਾਮਯਾਬ ਹੋਣਾ ਹੈ ਤਾਂ ਮਾਲ ਦੀ ਕੁਆਲਿਟੀ ਬਣਾਈ ਰੱਖੀਂ।"

ਨੀਨਾ ਨੇ ਗੱਲ ਲੜ ਬੰਨ੍ਹ ਲਈ।

ਨੀਨਾ ਨੂੰ ਯਕੀਨ ਸੀ ਕਿ ਇੰਸਪੈਕਟਰ ਚਾਹੇ ਸਾਰੇ ਆਚਾਰਾਂ ਦੇ ਨਮੂਨੇ ਭਰ ਲਏ, ਸਭ ਪਾਸ ਹੋਣਗੇ।

ਪਰ ਇੰਸਪੈਕਟਰ ਨੂੰ ਮਾਲ ਦੀ ਕੁਆਲਿਟੀ ਨਾਲ ਮਤਲਬ ਨਹੀਂ ਸੀ। ਉਸ ਨੂੰ ਮਹੀਨਾ ਚਾਹੀਦਾ ਸੀ। ਉਹ ਹੈਰਾਨ ਸੀ। ਛੇ ਮਹੀਨਿਆਂ ਤੋਂ ਫ਼ੈਕਟਰੀ ਚੱਲ ਰਹੀ ਸੀ। ਉਸ ਨੂੰ ਪਤਾ ਤੱਕ ਨਹੀਂ ਸੀ ਲੱਗਾ।

ਨੀਨਾ ਨੂੰ ਸਬਕ ਸਿਖਾਉਣ ਲਈ ਉਸ ਨੇ ਚਾਰ ਨਮੂਨੇ ਭਰ ਲਏ।

ਨਾਲ ਨੀਨਾ ਦੇ ਭੋਲੇਪਣ 'ਤੇ ਤਰਸ ਆਇਆ। ਨੀਨਾ ਦਾ ਭਰਮ ਦੂਰ ਕਰਨ ਲਈ ਉਸ ਨੇ ਸਮਝਾਇਆ :

"ਕੁੜੀਏ, ਮਾਲ 'ਤੇ ਹੰਕਾਰ ਨਾ ਕਰੀਂ। ਨਮੂਨੇ ਟੈਸਟ ਕਰਨ ਵਾਲੇ ਰਾਜਾ ਹਰੀਸ਼ ਚੰਦਰ ਨਹੀਂ ਹਨ। ਉਹਨਾਂ ਦੇ ਵੀ ਪੇਟ ਲੱਗੇ ਹੋਏ ਨੇ। ਨਮੂਨੇ ਉਹੋ ਪਾਸ ਹੋਣਗੇ, ਜਿਹੜੇ ਅਸੀਂ ਕਰਵਾਵਾਂਗੇ। ਬਾਕੀ ਫ਼ੇਲ੍ਹ ਹੋ ਕੇ ਆਉਣਗੇ। ਅੜੀ ਛੱਡ ਤੇ ਗੱਲ ਕਰ।"

ਗੱਲ ਨੀਨਾ ਦੀ ਸਮਝ ਆ ਗਈ। ਉਸ ਨੇ ਗੱਲਾ ਫਰੋਲਿਆ। ਗੱਲੇ ਵਿਚ ਸੱਤ-ਅੱਠ ਸੌ ਰੁਪਿਆ ਸੀ। ਸਾਰੀ ਰਕਮ ਫੂਡ ਇੰਸਪੈਕਟਰ ਦੇ ਹਵਾਲੇ ਕਰ ਦਿੱਤੀ।

"ਇਸ ਨਾਲ ਕੀ ਬਣਨਾ ਹੈ ? ਹਜ਼ਾਰ ਰੁਪਏ ਮਹੀਨਾ ਦੇ ਹਿਸਾਬ ਨਾਲ ਛੇ ਹਜ਼ਾਰ ਪਿਛਲਾ, ਅਗਲੀ ਤਿਮਾਹੀ ਦਾ ਤਿੰਨ ਹਜ਼ਾਰ ਪੇਸ਼ਗੀ। ਇਹ ਨਮੂਨੇ ਸੁੱਟਣ ਦੇ ਅਲੱਗ। ਘੱਟੋ-ਘੱਟ ਦਸ ਹਜ਼ਾਰ ਚਾਹੀਦਾ ਹੈ।

ਨੀਨਾ ਨੇ ਤਰਲਾ ਕੀਤਾ। ਹਜ਼ਾਰ ਰੁਪਿਆ ਮਹੀਨਾ ਉਸ ਨੂੰ ਖ਼ੁਦ ਨਹੀਂ ਬਣਦਾ।

ਇੰਸਪੈਕਟਰ ਅੜਿਆ ਰਿਹਾ।

"ਤਿੰਨ ਸੌ ਰੁਪਿਆ ਮਹੀਨਾ ਚਾਹ ਦੀ ਰੇਹੜੀ ਲਾਉਣ ਵਾਲੇ ਭਈਏ ਤੋਂ ਲਈਦਾ ਹੈ। ਪੰਜ ਸੌ ਰੁਪਿਆ ਝੁੱਗੀਆਂ-ਝੌਂਪੜੀਆਂ ਵਿਚਲੀਆਂ ਕਰਿਆਨੇ ਦੀਆਂ ਦੁਕਾਨਾਂ ਵਾਲਿਆਂ ਤੋਂ। ਤੇਰੀ ਫ਼ੈਕਟਰੀ ਤੋਂ ਘੱਟੋ-ਘੱਟ ਹਜ਼ਾਰ ਰੁਪਿਆ ਮਹੀਨਾ ਚਾਹੀਦਾ ਹੈ।"

ਘਬਰਾਈ ਨੀਨਾ ਇੰਸਪੈਕਟਰ ਦੀ ਗੱਲ ਮੰਨ ਗਈ।

ਦੋਹਾਂ ਧਿਰਾਂ ਵਿਚ ਤਹਿ ਹੋਇਆ। ਹਫ਼ਤੇ ਦੇ ਅੰਦਰ-ਅੰਦਰ ਨੀਨਾ ਉਹਨਾਂ ਨੂੰ ਬਾਕੀ ਦੀ ਰਕਮ ਦੇਵੇਗੀ। ਪੈਸੇ ਪੂਰੇ ਹੋਣ 'ਤੇ ਟੀਮ ਭਰੇ ਨਮੂਨੇ ਉਸ ਨੂੰ ਵਾਪਸ ਕਰ ਦੇਵੇਗੀ। ਅੱਗੋਂ ਤੋਂ ਟੀਮ ਫ਼ੈਕਟਰੀ ਵੱਲ ਮੂੰਹ ਨਹੀਂ ਕਰੇਗੀ।

ਤੀਜੇ ਦਿਨ ਸੇਵਾਦਾਰ ਆ ਅੱਪੜਿਆ।

ਡਰਦੀ ਨੀਨਾ ਨੇ ਹਜ਼ਾਰ ਹੋਰ ਦੇ ਦਿੱਤਾ।

ਸ਼ਾਮ ਨੂੰ ਦਿਓਰਾਂ-ਜੇਠਾਂ ਨਾਲ ਸਲਾਹ ਕੀਤੀ। ਇੰਨੇ ਪੈਸੇ ਦੇ ਨਾਲੋਂ ਤਾਂ ਕੰਮ ਬੰਦ ਕੀਤਾ ਚੰਗਾ।



ਦਿਓਰ-ਜੇਠ ਭੜਕ ਗਏ। ਉਹਨਾਂ ਸੰਘ ਵਾਲਿਆਂ ਨਾਲ ਗੱਲ ਕੀਤੀ। ਸੰਘ ਵਾਲੇ ਨੀਨਾ ਨੂੰ ਨਾਲ ਲੈ ਕੇ ਚੌਕਸੀ ਵਿਭਾਗ ਵਾਲਿਆਂ ਕੋਲ ਪੁੱਜ ਗਏ।

ਵਿਜੀਲੈਂਸ ਵਾਲਿਆਂ ਨੂੰ ਅਜਿਹੀ ਸ਼ਿਕਾਇਤ ਦੀ ਪਹਿਲਾਂ ਹੀ ਉਡੀਕ ਸੀ। ਫ਼ੂਡ ਇੰਸਪੈਕਟਰ ਖ਼ੁਦ ਮਹੀਨਾ ਇਕੱਠਾ ਕਰ ਰਿਹਾ ਸੀ, ਪਰ ਵਿਜੀਲੈਂਸ ਵਾਲਿਆਂ ਨੂੰ ਮਹੀਨਾ ਪੁੱਜਦਾ ਕਰਨ ਵਿਚ ਆਨਾਕਾਨੀ ਕਰ ਰਿਹਾ ਸੀ। ਸਬਕ ਸਿਖਾਉਣ ਦਾ ਵਧੀਆ ਮੌਕਾ ਸੀ।

ਝੱਟ ਉਹਨਾਂ ਟੀਮ ਦੇ ਮੈਂਬਰਾਂ ਨੂੰ ਰੰਗੇ ਹੱਥੀਂ ਫੜਨ ਦੀ ਯੋਜਨਾ ਘੜ ਲਈ।

"ਟੀਮ ਨੂੰ ਅਗਲੇ ਦਿਨ ਫ਼ੈਕਟਰੀ ਬੁਲਾਓ। ਪੈਸੇ ਦੇ ਕੇ ਰੰਗੇ ਹੱਥੀਂ ਫੜਾਓ।"

ਨੀਨਾ ਦੇ ਆਖਣ ਦੇ ਬਾਵਜੂਦ ਨਾ ਡਾਕਟਰ ਪੈਸੇ ਲੈਣ ਆਇਆ, ਨਾ ਫ਼ੂਡ ਇੰਸਪੈਕਟਰ। ਆਇਆ ਤਾਂ ਸੇਵਾਦਾਰ।

ਨੀਨਾ ਨੇ ਵਿਜੀਲੈਂਸ ਵਾਲਿਆਂ ਨੂੰ ਬਥੇਰਾ ਸਮਝਾਇਆ, ਸੇਵਾਦਾਰ ਨੂੰ ਨਾ ਫੜੋ, ਪਰ ਉਹਨਾਂ ਨੇ ਇਕ ਨਾ ਮੰਨੀ।

ਚੌਕਸੀ ਵਿਭਾਗ ਦੀ ਇਕ ਟੀਮ ਨੇ ਇਧਰ ਸੇਵਾਦਾਰ ਫੜਿਆ, ਉਧਰ ਦੂਜੀ ਟੀਮ ਨੇ ਡਾਕਟਰ ਦੀ ਕੋਠੀ 'ਤੇ ਛਾਪਾ ਮਾਰ ਦਿੱਤਾ।

ਡਾਕਟਰ ਹਸਪਤਾਲ ਸੀ। ਉਥੋਂ ਉਹ ਫ਼ਰਾਰ ਹੋ ਗਿਆ।

ਡਾਕਟਰ ਕਾਬੂ ਨਾ ਆਇਆ, ਪਰ ਖ਼ਾਨਾ-ਤਲਾਸ਼ੀ ਤੋਂ ਢੇਰ ਸਾਰੀ ਨਕਦੀ, ਵਿਕਾਸ-ਪੱਤਰ, ਬੈਂਕ ਦੀਆਂ ਕਾਪੀਆਂ ਤੇ ਕੋਠੀਆਂ ਤੇ ਜ਼ਮੀਨਾਂ ਦੀਆਂ ਰਜਿਸਟਰੀਆਂ ਹੱਥ ਲੱਗ ਗਈਆਂ।

ਅਗਲੇ ਦਿਨ ਅਖ਼ਬਾਰਾਂ ਵਿਚ ਡਾਕਟਰ ਦਾ ਪਿਛੋਕੜ ਛਪਿਆ। ਉਹ ਇਕ ਸਾਧਾਰਨ ਬੈਂਕ ਕਲਰਕ ਦਾ ਮੁੰਡਾ ਸੀ। ਡਿਗਰੀ ਦੀ ਪੜ੍ਹਾਈ ਕਰਨ ਲਈ ਉਸ ਨੇ ਬੈਂਕ ਤੋਂ ਕਰਜ਼ਾ ਲਿਆ ਸੀ। ਪੜ੍ਹਨ ਵਿਚ ਹੁਸ਼ਿਆਰ ਸੀ। ਕਾਲਜੋਂ ਨਿਕਲਦੇ ਹੀ ਨੌਕਰੀ ਮਿਲ ਗਈ। ਫੜੀ ਗਈ ਸਾਰੀ ਜਾਇਦਾਦ ਉਸ ਨੇ ਹੇਰਾਫੇਰੀ ਨਾਲ ਬਣਾਈ ਸੀ।

ਡਾਕਟਰ ਨੇ ਤਿੰਨ ਦਿਨ ਦੇ ਅੰਦਰ-ਅੰਦਰ ਸਭ ਦੇ ਮੂੰਹ ਬੰਦ ਕਰ ਦਿੱਤੇ। ਪਹਿਲਾਂ ਅਦਾਲਤ ਵਿਚੋਂ ਪੇਸ਼ਗੀ ਜ਼ਮਾਨਤ ਕਰਾਈ। ਫੇਰ ਝੂਠੇ-ਸੱਚੇ ਹਿਸਾਬ-ਕਿਤਾਬ ਪੇਸ਼ ਕਰ ਕੇ ਸਾਰੇ ਦਸਤਾਵੇਜ਼ ਅਤੇ ਨਕਦੀ ਵਾਪਸ ਕਰਵਾ ਲਈ।

ਫ਼ੂਡ ਇੰਸਪੈਕਟਰ ਉਸ ਤੋਂ ਵੀ ਤੇਜ਼ ਸੀ। ਉਸ ਨੇ ਪਹਿਲੇ ਦਿਨ ਹੀ ਉਪਰੋਂ ਚੌਕਸੀ ਵਿਭਾਗ ਵਾਲਿਆਂ ਨੂੰ ਫ਼ੋਨ ਕਰਵਾ ਦਿੱਤਾ ਸੀ। ਉਸ ਨੂੰ ਪੇਸ਼ਗੀ ਜ਼ਮਾਨਤ ਕਰਾਉਣ ਦੀ ਵੀ ਜ਼ਰੂਰਤ ਨਹੀਂ ਸੀ ਪਈ। ਪਹਿਲੇ ਹੱਲੇ ਹੀ ਉਸ ਨੂੰ ਬੇਕਸੂਰ ਠਹਿਰਾ ਦਿੱਤਾ ਗਿਆ।

ਹਫ਼ਤੇ ਬਾਅਦ ਡਾਕਟਰ ਨੌਕਰੀ 'ਤੇ ਹਾਜ਼ਰ ਹੋਇਆ। ਦਰਖ਼ਾਸਤ ਦੇ ਕੇ ਉੱਚ ਪੱਧਰੀ ਜਾਂਚ ਕਰਾਈ। ਆਪਣੇ ਆਪ ਨੂੰ ਬੇਕਸੂਰ ਸਾਬਤ ਕਰਵਾ ਕੇ ਸੇਵਾਦਾਰ ਵਿਰੁੱਧ ਚਲਾਨ ਪੇਸ਼ ਕਰਵਾ ਦਿੱਤਾ।

ਸੇਵਾਦਾਰ ਜਥੇਬੰਦੀ ਨੂੰ ਅਫ਼ਸਰਾਂ 'ਤੇ ਗਿਲਾ ਸੀ। ਉਹਨਾਂ ਨੇ ਆਪਣੀ ਜਾਨ ਤਾਂ ਬਚਾ ਲਈ, ਪਰ ਗ਼ਰੀਬ ਸੇਵਾਦਾਰ ਨੂੰ ਫਸਾ ਦਿੱਤਾ। ਉਹ ਪੁੱਛ ਰਹੇ ਸਨ। ਸੇਵਾਦਾਰ ਦੀ ਫ਼ੀਸ ਪੰਜ ਹਜ਼ਾਰ ਰੁਪਏ ਹੁੰਦੀ ? ਸੇਵਾਦਾਰ ਨੇ ਇੰਨੀ ਵੱਡੀ ਰਕਮ ਲੈ ਕੇ ਨੀਨਾ ਦਾ ਕੀ ਫ਼ਾਇਦਾ ਕਰਨਾ ਸੀ ? ਜੋ ਕਰਨਾ ਸੀ, ਉਹ ਅਫ਼ਸਰਾਂ ਨੇ ਕਰਨਾ ਸੀ, ਪਰ ਉਹਨਾਂ ਦੀ ਪੁਕਾਰ ਕੋਈ ਨਹੀਂ ਸੀ ਸੁਣ ਰਿਹਾ। ਚੌਕਸੀ ਵਿਭਾਗ ਵਾਲੇ ਵੀ ਨਹੀਂ।

ਉਹ ਨੀਨਾ ਦਾ ਹਲਫ਼ੀਆ ਬਿਆਨ ਚੁੱਕੀ ਫਿਰਦੇ ਸਨ। ਸੇਵਾਦਾਰ ਨੇ ਨਾ ਰਿਸ਼ਵਤ ਮੰਗੀ

ਸੀ, ਨਾ ਉਸ ਨੇ ਉਸ ਨੂੰ ਰਿਸ਼ਵਤ ਦਿੱਤੀ ਸੀ। ਇਹ ਪੈਸੇ ਅਫ਼ਸਰਾਂ ਲਈ ਸਨ, ਪਰ ਕੋਈ ਨੀਨਾ ਦੇ ਹਲਫ਼ੀਆ ਬਿਆਨ ਨੂੰ ਪੜ੍ਹਨ ਤਕ ਲਈ ਤਿਆਰ ਨਹੀਂ ਸੀ।

ਜਥੇਬੰਦੀ ਨੇ ਅਧਿਕਾਰੀਆਂ ਵਿਰੁੱਧ ਧਰਨਾ ਮਾਰਨ ਦੀ ਯੋਜਨਾ ਬਣਾਈ। ਡਾਕਟਰ ਝੱਟ ਉਹਨਾਂ ਦੇ ਅਫ਼ਸਰਾਂ ਦੇ ਦਫ਼ਤਰ ਪੁੱਜ ਗਿਆ। ਹਰ ਅਫ਼ਸਰ ਨੇ ਆਪਣੇ-ਆਪਣੇ ਸੇਵਾਦਾਰ ਨੂੰ ਧਮਕਾਇਆ। "ਜੇ ਜਲਸਾ ਕੀਤਾ, ਤੇਰਾ ਜਲੂਸ ਪਹਿਲਾਂ ਨਿਕਲੂ" ਇਹ ਸਮਝਾਇਆ।

ਡਰਦੇ ਸੇਵਾਦਾਰ ਧਰਨਾ ਮਾਰਨ ਤੋਂ ਮੁੱਕਰ ਗਏ।

ਜਥੇਬੰਦੀ ਦੇ ਅਹੁਦੇਦਾਰ ਇਨਸਾਫ਼ ਚਾਹੁੰਦੇ ਸਨ।

ਇਸੇ ਆਸ ਨਾਲ ਉਹ ਸੰਮਤੀ ਦੇ ਦਰ 'ਤੇ ਆਏ ਸਨ।

ਇਸੇ ਮਕਸਦ ਲਈ ਸੰਮਤੀ ਬਣੀ ਸੀ।

ਸੰਮਤੀ ਦੇ ਕਾਰਕੁੰਨਾਂ ਨੇ ਝੱਟ ਤਫ਼ਤੀਸ਼ ਸ਼ੁਰੂ ਕਰ ਦਿੱਤੀ।

ਨੀਨਾ ਦੇ ਬਿਆਨ ਉਪਰ ਚੌਕਸੀ ਵਿਭਾਗ ਨੇ ਜੋ ਰਪਟ ਦਰਜ ਕੀਤੀ, ਉਸ ਵਿਚ ਸਾਫ਼ ਲਿਖਿਆ ਸੀ, ਰਿਸ਼ਵਤ ਡਾਕਟਰ ਅਤੇ ਫੂਡ ਇੰਸਪੈਕਟਰ ਨੇ ਮੰਗੀ ਸੀ। ਉਹ ਹੁਣ ਵੀ ਇਸੇ ਬਿਆਨ 'ਤੇ ਅੜੀ ਹੋਈ ਸੀ।

ਸੰਮਤੀ ਨੇ ਪਹਿਲਾਂ ਉਸ ਰਪਟ ਦੀ ਨਕਲ ਹਾਸਲ ਕੀਤੀ।

ਡਾਕਟਰ ਦੀ ਕੋਠੀ ਦੀ ਤਲਾਸ਼ੀ ਸਮੇਂ ਜਿਹੜੇ ਦਸਤਾਵੇਜ਼ ਮਿਲੇ ਸਨ, ਉਹਨਾਂ ਦੀ ਇਕ ਫ਼ਰਦ ਤਿਆਰ ਹੋਈ ਸੀ। ਫ਼ਰਦ ਉਪਰ ਨੀਨਾ ਦੇ ਦਸਤਖ਼ਤ ਹੋਏ ਸਨ। ਫ਼ਰਦ ਦੀ ਇਕ ਨਕਲ ਅਦਾਲਤ ਵਿਚ ਪੇਸ਼ ਹੋ ਕੇ ਚਲਾਨ ਨਾਲ ਲੱਗੀ ਹੋਈ ਸੀ। ਉਸ ਦੀ ਨਕਲ ਹਾਸਲ ਕੀਤੀ ਗਈ।

ਫੇਰ ਡਾਕਟਰ ਦੇ ਬੈਂਕ ਅਕਾਊਂਟ ਦੀਆਂ ਨਕਲਾਂ ਹਾਸਲ ਕੀਤੀਆਂ ਗਈਆਂ। ਡਾਕਟਰ ਵੱਲੋਂ ਖਾਤਿਆਂ ਵਿਚ ਜਮ੍ਹਾਂ ਕਰਵਾਏ ਗਏ ਪੈਸਿਆਂ ਦਾ ਵੇਰਵਾ ਪ੍ਰਾਪਤ ਕੀਤਾ ਗਿਆ। ਫੇਰ ਜ਼ਮੀਨਾਂ, ਕੋਠੀਆਂ ਦੀਆਂ ਰਜਿਸਟਰੀਆਂ ਦੀਆਂ ਨਕਲਾਂ ਹਾਸਲ ਕੀਤੀਆਂ ਗਈਆਂ। ਇਹਨਾਂ ਦਾ ਮੁੱਲ ਪਵਾਇਆ ਗਿਆ।

ਡਾਕਟਰ ਦੇ ਪਿਛੋਕੜ ਦੀ ਜਾਂਚ ਚੌਕਸੀ ਵਿਭਾਗ ਪਹਿਲਾਂ ਹੀ ਕਰ ਚੁੱਕਾ ਸੀ।

ਫੇਰ ਡਾਕਟਰ ਕੋਲ ਕਰੋੜਾਂ ਦੀ ਸੰਪੱਤੀ ਕਿਥੋਂ ਆਈ ?

ਸੇਵਾਦਾਰਾਂ ਦੀ ਜਥੇਬੰਦੀ ਨਾਲ ਮਿਲ ਕੇ ਜਲਸੇ-ਜਲੂਸਾਂ ਰਾਹੀਂ ਸੰਮਤੀ ਚੌਕਸੀ ਵਿਭਾਗ ਕੋਲੋਂ ਪੁੱਛਣ ਲੱਗੀ।

ਨੀਨਾ ਦਾ ਹਲਫ਼ੀਆ ਬਿਆਨ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਪਹਿਲਾਂ ਹੀ ਇਸ ਪੱਖਪਾਤੀ ਤਫ਼ਤੀਸ਼ 'ਤੇ ਖ਼ਫ਼ਾ ਸੀ। ਹਲਫ਼ੀਆ ਬਿਆਨ ਦੇ ਆਧਾਰ 'ਤੇ ਝੱਟ ਸੇਵਾਦਾਰ ਨੂੰ ਬੇਕਸੂਰ ਕਰਾਰ ਦਿੱਤਾ ਗਿਆ।

ਨਾਲ ਚੌਕਸੀ ਵਿਭਾਗ ਨੂੰ ਹਦਾਇਤ ਹੋਈ। ਡਾਕਟਰ ਅਤੇ ਫੂਡ ਇੰਸਪੈਕਟਰ ਦੀਆਂ ਜਾਇਦਾਦਾਂ ਅਤੇ ਨਕਦੀ ਦੇ ਵੇਰਵੇ ਮਹੀਨੇ ਦੇ ਅੰਦਰ-ਅੰਦਰ ਅਦਾਲਤ ਵਿਚ ਪੇਸ਼ ਕੀਤੇ ਜਾਣ।

ਮੁਕੱਦਮੇ ਵਿਚੋਂ ਬਰੀ ਹੋਣ ਬਾਅਦ ਜਿੱਤ ਦੀ ਖ਼ੁਸ਼ੀ ਮਨਾਉਂਦੀ ਜਥੇਬੰਦੀ ਸੇਵਾਦਾਰ ਨੂੰ ਜਲੂਸ ਦੀ ਸ਼ਕਲ ਵਿਚ ਦਫ਼ਤਰ ਲੈ ਗਈ।

ਸਾਰੇ ਰਾਹ ਉਹਨਾਂ ਨੇ ਆਪਣੀ ਜਥੇਬੰਦੀ ਦੀ ਥਾਂ ਸੰਮਤੀ ਦੇ ਹੱਕ ਵਿਚ ਨਾਅਰੇ ਲਾਏ ਸਨ।

*



# 26

ਪਟਨਾ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੇ ਵਿਦਿਆਰਥੀ 'ਕਾਨੂੰਨ ਦੀ ਬਰਾਬਰਤਾ ਦਾ ਸਿਧਾਂਤ ਅਤੇ ਨਿਮਨ ਵਰਗ' ਵਿਸ਼ੇ ਉਪਰ ਖੋਜ ਕਰ ਰਹੇ ਸਨ। ਤੱਥ ਇਕੱਠੇ ਕਰਨ ਲਈ ਵਿਦਿਆਰਥੀਆਂ ਦੀ ਇਕ ਟੀਮ ਨੇ ਜਦੋਂ ਜੇਲ੍ਹਾਂ ਦਾ ਦੌਰਾ ਕੀਤਾ ਤਾਂ ਇਸ ਸਿਧਾਂਤ ਦਾ ਪਹਿਲੇ ਹੱਲੇ ਹੀ ਪੋਲ ਖੁੱਲ੍ਹ ਗਿਆ।

ਜੇਲ੍ਹ ਵਿਚ ਬੰਦ ਅੱਸੀ ਫ਼ੀਸਦੀ ਕੈਦੀ ਨਿਮਨ ਵਰਗ ਨਾਲ ਸੰਬੰਧ ਰੱਖਦੇ ਸਨ। ਇਹਨਾਂ ਵਿਚੋਂ ਤਿੰਨ-ਚੌਥਾਈ ਹਵਾਲਾਤੀ ਅਜਿਹੇ ਸਨ, ਜਿਨ੍ਹਾਂ ਦੇ ਮੁਕੱਦਮੇ ਤਫ਼ਤੀਸ਼ ਅਧੀਨ ਜਾਂ ਸੁਣਵਾਈ ਅਧੀਨ ਸਨ ਅਤੇ ਉਹ ਕਾਨੂੰਨ ਵੱਲੋਂ ਨਿਸ਼ਚਿਤ ਕੀਤੀ ਵੱਧ ਤੋਂ ਵੱਧ ਸਜ਼ਾ ਨਾਲੋਂ ਕਈ ਗੁਣਾ ਵੱਧ ਸਜ਼ਾ ਕੱਟ ਚੁੱਕੇ ਸਨ। ਹਾਲੇ ਵੀ ਲੰਬੇ ਸਮੇਂ ਤਕ ਉਹਨਾਂ ਦੇ ਰਿਹਾਅ ਹੋਣ ਦੇ ਆਸਾਰ ਨਹੀਂ ਸਨ। ਕਾਰਨ ਹਵਾਲਾਤੀਆਂ ਦੀ ਗ਼ਰੀਬੀ, ਸਰਕਾਰ ਦੀ ਬੇਰੁਖ਼ੀ ਅਤੇ ਅਦਾਲਤਾਂ ਦੀ ਲਾਪ੍ਰਵਾਹੀ ਸੀ।

ਰਿਪੋਰਟ ਦੇ ਅਖ਼ਬਾਰਾਂ ਵਿਚ ਛਪਦੇ ਹੀ ਸੁਪਰੀਮ ਕੋਰਟ ਵੱਲੋਂ ਇਸ ਗੰਭੀਰ ਮਸਲੇ ਦਾ ਨੋਟਿਸ ਲਿਆ ਗਿਆ। ਬਿਹਾਰ ਸਰਕਾਰ ਦੇ ਮੁੱਖ ਸਕੱਤਰ ਨੂੰ ਹੁਕਮ ਹੋਇਆ ਕਿ ਮਹੀਨੇ ਦੇ ਅੰਦਰ-ਅੰਦਰ ਉਹ ਤੱਥਾਂ ਬਾਰੇ ਸਪੱਸ਼ਟੀ ਕਰਨ ਦੇਵੇ। ਨਾਲੇ ਹਾਈ ਕੋਰਟ ਦੇ ਕੰਨ ਖਿੱਚੇ ਗਏ। ਉਹ ਕੁੰਭਕਰਨੀ ਨੀਂਦ ਤੋਂ ਉੱਠੇ।

ਬਿਹਾਰ ਵਿਚ ਆਏ ਭੂਚਾਲ ਦੇ ਝਟਕੇ ਇਸ ਸੂਬੇ ਵਿਚ ਵੀ ਮਹਿਸੂਸ ਕੀਤੇ ਗਏ। ਮੁੱਖ ਮੰਤਰੀ ਨੇ ਅਹਿਲਕਾਰਾਂ ਨੂੰ ਸਲਾਹ ਦਿੱਤੀ, "ਤੂਫ਼ਾਨ ਦੇ ਇਧਰ ਰੁਖ਼ ਕਰਨ ਤੋਂ ਪਹਿਲਾਂ ਘਰ ਨੂੰ ਸੰਭਾਲ ਲੈਣ ਵਿਚ ਸਿਆਣਪ ਹੈ।"

ਜੇਲ੍ਹ ਮੰਤਰੀ ਵੱਲੋਂ ਜੇਲ੍ਹ ਵਿਭਾਗ ਨੂੰ ਹੁਕਮ ਹੋਇਆ, "ਮਹਿਕਮੇ ਦਾ ਸਕੱਤਰ ਇਸ ਮਸਲੇ ਵੱਲ ਖ਼ੁਦ ਧਿਆਨ ਦੇਵੇ। ਸਾਰੇ ਤੱਥ ਇਕੱਠੇ ਕਰ ਕੇ ਰਿਪੋਰਟ ਇਕ ਮਹੀਨੇ ਦੇ ਅੰਦਰ-ਅੰਦਰ ਮੰਤਰੀ ਕੋਲ ਪੁੱਜਦੀ ਕੀਤੀ ਜਾਵੇ।"

ਜੇਲ੍ਹ ਵਿਭਾਗ ਦੇ ਮੁਖੀ ਨੇ ਜੇਲ੍ਹਾਂ ਦੇ ਦਰੋਗ਼ਿਆਂ ਨੂੰ ਤਾੜਿਆ, "ਅਜਿਹਾ ਇਕ ਵੀ ਹਵਾਲਾਤੀ ਜੇਲ੍ਹ ਵਿਚ ਬੰਦ ਨਹੀਂ ਰਹਿਣਾ ਚਾਹੀਦਾ। ਜੇ ਕੋਈ ਹੈ ਤਾਂ ਉਸ ਨੂੰ ਤੁਰੰਤ ਰਿਹਾਅ ਕਰਾਇਆ ਜਾਵੇ। ਫੇਰ 'ਸਭ ਠੀਕ ਠਾਕ ਹੈ' ਦੀ ਰਿਪੋਰਟ ਮੁੱਖ ਦਫ਼ਤਰ ਨੂੰ ਭੇਜੀ ਜਾਵੇ।"

ਜੇਲ੍ਹ ਪ੍ਰਸ਼ਾਸਨ ਦਾ ਵਿਚਾਰ ਸੀ ਕਿ ਉਹਨਾਂ ਦਾ ਸੂਬਾ ਬਿਹਾਰ ਨਹੀਂ ਹੈ, ਜਿਥੇ ਭੁੱਖਮਰੀ ਦਾ ਰਾਜ ਹੈ। ਉਹਨਾਂ ਦਾ ਸੂਬਾ ਦੇਸ਼ ਦੇ ਖ਼ੁਸ਼ਹਾਲ ਸੂਬਿਆਂ ਵਿਚੋਂ ਇਕ ਹੈ। ਇਥੋਂ ਦੇ ਵਾਸੀ ਕੋਈ ਹੂਲਾ ਫੱਕਣ, ਬੀਮਾਰੀ ਸਮੇਂ ਦਵਾਈ ਬੂਟੀ ਅਤੇ ਮੁਕੱਦਮੇ ਸਮੇਂ ਵਕੀਲ ਦਾ ਇੰਤਜ਼ਾਮ ਜ਼ਰੂਰ ਕਰਦੇ ਹਨ। ਸ਼ਾਇਦ ਹੀ ਕੋਈ ਅਜਿਹਾ ਮੁਲਜ਼ਮ ਹੋਵੇ, ਜਿਹੜਾ ਕਾਨੂੰਨੀ ਚਾਰਾਜ਼ੋਈ ਦੀ ਕਮੀ ਕਾਰਨ ਜੇਲ੍ਹ ਵਿਚ ਸੜ ਰਿਹਾ ਹੋਵੇ।

ਫੇਰ ਵੀ ਸਰਕਾਰ ਦਾ ਹੁਕਮ ਤਾਂ ਵਜਾਉਣਾ ਸੀ। ਮਨ ਦੀ ਤਸੱਲੀ ਲਈ ਛਾਣਬੀਣ ਸ਼ੁਰੂ ਹੋਈ।

ਜਿਉਂ ਹੀ ਕੀੜਿਆਂ ਦੇ ਭੌਣ ਨੂੰ ਛੇੜਿਆ ਗਿਆ, ਅੰਦਰੋਂ ਨਿਕਲਣ ਵਾਲੇ ਕੀੜਿਆਂ ਦੀ ਗਿਣਤੀ ਵਧਦੀ ਗਈ।

ਜੇਲ੍ਹ ਵਿਚ ਸਟਾਫ਼ ਦੀ ਪਹਿਲਾਂ ਹੀ ਕਮੀ ਸੀ। ਉਪਰੋਂ ਇਹ ਕੰਮ ਪੇਚੀਦਾ ਸੀ। ਇਕ ਦੋਸ਼ੀ ਉਪਰ ਦਸ-ਦਸ ਜੁਰਮ ਲੱਗੇ ਹੋਏ ਸਨ। ਕਿਸ ਦੋਸ਼ੀ ਨੂੰ ਕਿਸ ਦੋਸ਼ ਵਿਚ ਕਿੰਨੀ ਸਜ਼ਾ ਦੇਣੀ ਹੈ ? ਕਿਸ ਮੁਲਜ਼ਮ ਦੀ ਕਿੰਨੀ ਦੇਰ ਬਾਅਦ ਜ਼ਮਾਨਤ ਹੋਣੀ ਚਾਹੀਦੀ ਹੈ ? ਮਗ਼ਜ਼-ਖਪਾਈ ਕਰਨ ਬਾਅਦ ਵੀ ਜੇਲ੍ਹ ਪ੍ਰਸ਼ਾਸਨ ਤੋਂ ਗੁੱਥੀ ਸੁਲਝ ਨਹੀਂ ਸੀ ਰਹੀ।

ਇਹ ਸਮੱਸਿਆ ਕਾਨੂੰਨੀ ਮਾਹਿਰ ਹੀ ਹੱਲ ਕਰ ਸਕਦੇ ਹਨ।

ਜੇਲ੍ਹ ਅਧਿਕਾਰੀਆਂ ਨੇ ਰਹਿਨੁਮਾਈ ਲਈ ਸਰਕਾਰੀ ਵਕੀਲਾਂ ਨਾਲ ਸੰਪਰਕ ਕੀਤਾ। ਉਹਨਾਂ ਕੋਲ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਕਚਹਿਰੀ ਛੱਡ ਕੇ ਉਹ ਪੰਦਰਾਂ ਸੌ ਕੈਦੀਆਂ ਦੇ ਕੇਸਾਂ ਦੀ ਘੋਖ ਨਹੀਂ ਸਨ ਕਰ ਸਕਦੇ। ਉਹਨਾਂ ਨੇ ਕਾਨੂੰਨ ਦੀ ਮੁੱਢਲੀ ਜਾਣਕਾਰੀ ਦੇ ਕੇ ਨਾਲੇ ਸਲਾਹ ਦਿੱਤੀ, "ਬਾਕੀ ਦਾ ਕੰਮ ਪ੍ਰਾਈਵੇਟ ਵਕੀਲਾਂ ਤੋਂ ਲਓ।"

ਵਕੀਲਾਂ ਦੇ ਪ੍ਰਧਾਨ ਨੇ ਗੱਲ ਕੀਤੀ। ਉਹ ਨਵੇਂ ਵਕੀਲਾਂ ਦੀ ਇਕ ਟੀਮ ਜੇਲ੍ਹ ਭੇਜਣ ਲਈ ਸਹਿਮਤ ਹੋਇਆ, ਪਰ ਇਕ ਸ਼ਰਤ 'ਤੇ। "ਉਤਸ਼ਾਹ ਵਧਾਉਣ ਲਈ ਨੌਜਵਾਨਾਂ ਨੂੰ ਕੁਝ ਮਿਹਨਤਾਨਾ ਦਿੱਤਾ ਜਾਵੇ।"

ਮਹਿਕਮੇ ਦਾ ਬਜਟ ਪਹਿਲਾਂ ਹੀ ਘਾਟੇ ਵਿਚ ਸੀ। ਜੇਲ੍ਹ ਵਿਭਾਗ ਵਾਧੂ ਬੋਝ ਸਹਾਰਨ ਦੀ ਸਥਿਤੀ ਵਿਚ ਨਹੀਂ ਸੀ। ਜੇਲ੍ਹ ਵਿਭਾਗ ਨੇ ਸੁਝਾਅ ਦਿੱਤਾ, "ਹਵਾਲਾਤੀਆਂ ਨੂੰ ਆਖੋ। ਉਹ ਆਪਣੇ ਕੇਸ ਖ਼ੁਦ ਆਪਣੇ ਵਕੀਲਾਂ ਕੋਲੋਂ ਤਿਆਰ ਕਰਵਾਉਣ।"

ਅਖੇ ਡੁੱਬੀ ਤਾਂ ਜੇ ਸਾਹ ਨਾ ਆਇਆ। ਜਿਹੜੇ ਹਵਾਲਾਤੀ ਵਕੀਲਾਂ ਦੀਆਂ ਫ਼ੀਸਾਂ ਉਤਾਰਨ ਦੀ ਸਥਿਤੀ ਵਿਚ ਸਨ, ਉਹ ਕਦੋਂ ਦੇ ਰਿਹਾਅ ਹੋ ਚੁੱਕੇ ਸਨ। ਲੋੜੋਂ ਵੱਧ ਕੈਦ ਉਹੋ ਕੱਟ ਰਹੇ ਸਨ ਜਿਨ੍ਹਾਂ ਦਾ ਅੱਗੇ-ਪਿੱਛੇ ਕੋਈ ਨਹੀਂ ਸੀ। ਜੇਲ੍ਹ ਆ ਕੇ ਕੇਸ ਤਿਆਰ ਕਰਨ ਦੀ ਵਕੀਲ ਦੁੱਗਣੀ ਫ਼ੀਸ ਮੰਗਣ ਲੱਗੇ।

ਫੇਰ ਕਿਸੇ ਨੇ ਦੱਸ ਪਾਈ, "ਮਾਇਆ ਨਗਰ ਵਿਚ ਇਕ ਵਿਕਟਮ ਵੈਲਫ਼ੇਅਰ ਸੋਸਾਇਟੀ ਬਣੀ ਹੋਈ ਹੈ। ਉਹ ਲੋਕਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦਿੰਦੇ ਹਨ। ਉਹ ਇਹਨਾਂ ਕੈਦੀਆਂ ਦੀ ਮਦਦ ਕਰਨ ਲਈ ਰਾਜ਼ੀ ਹੋ ਸਕਦੇ ਹਨ।"

ਸੋਸਾਇਟੀ ਦੇ ਪ੍ਰਧਾਨ ਨੇ ਕੋਰਾ ਜਵਾਬ ਦੇ ਦਿੱਤਾ। ਕਹਿੰਦਾ, "ਸਾਡੀ ਸੰਸਥਾ ਮੁਲਜ਼ਮਾਂ ਵੱਲੋਂ ਸਤਾਏ ਪੀੜਤਾਂ ਦਾ ਪੱਖ ਪੂਰਦੀ ਹੈ, ਮੁਲਜ਼ਮਾਂ ਦਾ ਨਹੀਂ। ਅਸੀਂ ਮੁਲਜ਼ਮਾਂ ਨੂੰ ਬਿਨਾਂ ਮਤਲਬ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੇ ਵਿਰੁੱਧ ਹਾਂ। ਅਸੀਂ ਆਪਣੇ ਨਿਯਮਾਂ ਦੀ ਉਲੰਘਣਾ ਨਹੀਂ ਕਰ ਸਕਦੇ।"

ਜਦੋਂ ਸੁਭਾਸ਼ ਜੈਨ ਨੂੰ ਜੇਲ੍ਹ ਪ੍ਰਸ਼ਾਸਨ ਨੂੰ ਪੇਸ਼ ਆ ਰਹੀ ਇਸ ਸਮੱਸਿਆ ਬਾਰੇ ਪਤਾ ਲੱਗਾ ਤਾਂ ਉਹ ਠਹਾਕਾ ਮਾਰ ਕੇ ਹੱਸਿਆ। ਕਹਿੰਦਾ, "ਕੰਨ੍ਹੇ ਕੁੜੀ ਗਰਾਉਂ ਹੋਕਾ। ਇਕ ਸਮਝਦਾਰ ਵਕੀਲ ਜੇਲ੍ਹ ਵਿਚ ਬੰਦ ਹੈ। ਫ਼ੈਕਟਰੀ ਦੇ ਹਿਸਾਬ-ਕਿਤਾਬ ਦਾ ਕੰਮ ਮੇਰੇ ਕੋਲੋਂ ਲਿਆ ਜਾ ਸਕਦਾ ਹੈ। ਵਕੀਲ ਤੋਂ ਵਕਾਲਤ ਕਰਾਓ।"

ਜੈਨ ਦੀ ਗੱਲ ਸੁਣ ਕੇ ਸੁਪਰਡੈਂਟ ਨੂੰ ਆਪਣੀ ਅਕਲ 'ਤੇ ਪਏ ਪਰਦੇ 'ਤੇ ਹੈਰਾਨੀ ਹੋਈ।



ਉਸ ਦੇ ਘਰ ਅੱਗੋਂ ਦੀ ਗੰਗਾ ਵਹਿ ਰਹੀ ਸੀ ਅਤੇ ਉਹ ਬੂੰਦ-ਬੂੰਦ ਲਈ ਤਰਸ ਰਿਹਾ ਸੀ।

ਝੱਟ ਹਾਕਮ ਨੂੰ ਫ਼ੈਕਟਰੀਉਂ ਬੁਲਾਇਆ ਗਿਆ। ਲੀਗਲ ਸੈੱਲ ਬਣਾ ਕੇ ਉਸ ਦਾ ਮੁਖੀਆ ਬਣਾਇਆ ਗਿਆ। ਸਹਾਇਤਾ ਲਈ ਅਧਿਆਪਕ ਕੈਦੀ ਉਸ ਲਾਲ ਲਾਇਆ ਗਿਆ।

ਲੀਗਲ ਸੈੱਲ ਵਾਲਿਆਂ ਨੂੰ ਕੰਮ ਸਮਝਾਇਆ ਗਿਆ, "ਤੁਸੀਂ ਬੈਰਕ-ਬੈਰਕ ਜਾਣਾ ਹੈ। ਹਰ ਹਵਾਲਾਤੀ ਦੇ ਕੇਸ ਦਾ ਮੁਆਇਨਾ ਕਰਨਾ ਹੈ। ਜਿਹੜੀ ਰਿਆਇਤ ਕਿਸੇ ਨੂੰ ਦਿੱਤੀ ਜਾ ਸਕਦੀ ਹੋਵੇ, ਉਸ ਦੀ ਸਿਫ਼ਾਰਸ਼ ਕਰਨੀ ਹੈ।"

ਹਾਕਮ ਸਿੰਘ ਨੂੰ ਇਕ ਬਚਨ ਦਿੱਤਾ ਗਿਆ, "ਤੂੰ ਮਨ ਲਾ ਕੇ ਕੰਮ ਕਰ। ਬਦਲੇ ਵਿਚ ਤੈਨੂੰ ਰੱਜਵੀਂ ਮੁਆਫ਼ੀ ਦਿੱਤੀ ਜਾਏਗੀ।"

ਹਾਕਮ ਇਸ ਕੰਮ ਦੀ ਪਹਿਲਾਂ ਹੀ ਤਿਆਰੀ ਕਰ ਕੇ ਆਇਆ ਸੀ। ਇਕ ਵਾਰ ਉਸ ਨੇ ਜੇਲ੍ਹ ਪ੍ਰਸ਼ਾਸਨ ਕੋਲ ਆਪਣੀ ਮੰਗ ਰੱਖੀ ਸੀ।

"ਜੇਲ੍ਹ ਮੈਨੂਅਲ ਕਹਿੰਦਾ ਹੈ, ਕੈਦੀ ਨੂੰ ਕਾਬਲੀਅਤ ਅਨੁਸਾਰ ਕੰਮ ਦਿੱਤਾ ਜਾਵੇ। ਮੈਂ ਵਕੀਲ ਹਾਂ, ਗ਼ਰੀਬ ਕੈਦੀਆਂ ਨੂੰ ਕਾਨੂੰਨੀ ਸਹਾਇਤਾ ਦੀ ਸਖ਼ਤ ਜ਼ਰੂਰਤ ਹੈ। ਮੈਨੂੰ ਇਹ ਸੇਵਾ ਬਖ਼ਸ਼ੀ ਜਾਵੇ।

ਪਰ ਉਸ ਸਮੇਂ ਜੇਲ੍ਹ ਅਧਿਕਾਰੀਆਂ ਦਾ ਵਿਚਾਰ ਸੀ ਕਿ ਕੈਦੀਆਂ ਨੂੰ ਕਾਨੂੰਨ ਪੜ੍ਹਾਉਣਾ ਸੱਪਾਂ ਨੂੰ ਦੁੱਧ ਪਿਆਉਣ ਵਾਂਗ ਹੈ। ਅਫ਼ਸਰ ਆਪਣੀਆਂ ਦਾਹੜੀਆਂ ਨੂੰ ਹੱਥ ਪਾਉਣ ਵਾਲੇ ਆਪ ਤਿਆਰ ਨਹੀਂ ਕਰ ਸਕਦੇ।

ਹੁਣ ਮਜਬੂਰੀ ਵੱਸ ਉਹਨਾਂ ਨੂੰ ਹਾਕਮ ਦੀ ਸਹਾਇਤਾ ਲੈਣੀ ਪਈ ਸੀ।

ਮੌਕਾ ਮਿਲਦਿਆਂ ਹੀ ਹਾਕਮ ਪੂਰੇ ਤਨ-ਮਨ ਨਾਲ ਆਪਣੇ ਕੰਮ ਵਿਚ ਜੁੱਟ ਗਿਆ।

## 27

ਹਾਕਮ ਸਿੰਘ ਲੋੜਵੰਦ ਕੈਦੀਆਂ ਦੀ ਸਹਾਇਤਾ ਦਾ ਮਨ ਪਹਿਲਾਂ ਬਣਾ ਕੇ ਆਇਆ ਸੀ। ਕੈਦੀ-ਪੱਖੀ ਕੁਝ ਖ਼ਾਸ ਫ਼ੈਸਲਿਆਂ ਦੀਆਂ ਨਕਲਾਂ ਨਾਲ ਲਿਆਇਆ ਸੀ, ਪਰ ਹੁਣ ਤਕ ਲਾਭ ਸਿੰਘ ਨੇ ਉਸ ਦੇ ਪੈਰ ਨਹੀਂ ਸਨ ਲੱਗਣ ਦਿੱਤੇ।

ਬਦਲੀਆਂ ਹਾਂ-ਪੱਖੀ ਪ੍ਰਸਥਿਤੀਆਂ ਵਿਚ ਹਾਕਮ ਸਿੰਘ ਨੇ ਸਾਰੇ ਕਾਨੂੰਨ ਨੂੰ ਮੁੜ ਘੋਖਿਆ। ਉਸ ਨੂੰ ਸਾਧਨਹੀਨ ਕੈਦੀਆਂ ਨੂੰ ਰਿਹਾਅ ਕਰਾਉਣ ਲਈ ਕਿਸ ਤਰ੍ਹਾਂ ਵਰਤਣਾ ਹੈ, ਉਹਨਾਂ ਬਾਰੀਕੀਆਂ ਨੂੰ ਸਮਝਿਆ। ਜਦੋਂ ਕਾਮਯਾਬੀ ਦਾ ਭਰੋਸਾ ਹੋ ਗਿਆ ਤਾਂ ਉਸ ਨੇ ਜੇਲ੍ਹ ਅਧਿਕਾਰੀਆਂ ਨੂੰ ਹਿੱਕ ਥਾਪੜ ਕੇ ਆਖਿਆ, "ਤੁਸੀਂ ਮੈਨੂੰ ਬੱਸ ਸਹਿਯੋਗ ਦੇਵੋ। ਮੈਂ ਤਿੰਨ ਮਹੀਨੇ ਦੇ ਅੰਦਰ-ਅੰਦਰ ਅੱਧੀ ਜੇਲ੍ਹ ਖ਼ਾਲੀ ਕਰਵਾ ਦੇਵਾਂਗਾ।"

ਜੇਲ੍ਹ ਵਿਭਾਗ ਨੇ ਗਰਮ-ਜੋਸ਼ੀ ਨਾਲ ਹੱਥ ਵਧਾਇਆ। ਉਸ ਦੀ ਮੰਗ 'ਤੇ ਤਾਰਾ ਚੰਦ ਉਸ ਦਾ ਸਹਾਇਕ ਬਣਿਆ। ਉਹ ਪੜ੍ਹਿਆ-ਲਿਖਿਆ ਤਾਂ ਸੀ ਹੀ, ਨਾਲੇ ਈਮਾਨਦਾਰ ਅਤੇ ਵਫ਼ਾਦਾਰ ਵੀ ਸੀ।

ਜੇਲ੍ਹ ਆਉਣ ਤੋਂ ਪਹਿਲਾਂ ਤਾਰਾ ਚੰਦ ਸਰਕਾਰੀ ਸਕੂਲ ਵਿਚ ਸਮਾਜ ਸ਼ਾਸਤਰ ਦਾ ਅਧਿਆਪਕ ਸੀ। ਕਦੇ-ਕਦੇ ਕਵਿਤਾ ਵੀ ਲਿਖਦਾ ਸੀ। ਅਧਿਆਪਕ ਯੂਨੀਅਨ ਵਿਚ ਸਰਗਰਮ ਸੀ। ਇਹ ਸਰਗਰਮੀ ਹੀ ਉਸ ਦੇ ਜੇਲ੍ਹ ਆਉਣ ਦਾ ਸਬੱਬ ਬਣੀ ਸੀ।

ਉਸ ਦਾ ਵੱਡਾ ਭਰਾ ਮੰਡੀਕਰਨ ਬੋਰਡ ਵਿਚ ਸਹਾਇਕ ਇੰਜੀਨੀਅਰ ਸੀ। ਉਸ ਦੀ ਭਰਜਾਈ ਅਮੀਰ ਘਰ ਦੀ ਤਾਂ ਸੀ, ਪਰ ਬਹੁਤੀ ਪੜ੍ਹੀ-ਲਿਖੀ ਨਹੀਂ ਸੀ। ਉਸ ਨੂੰ ਗੱਲਬਾਤ ਕਰਨ ਦੀ ਤਾਮੀਜ਼ ਨਹੀਂ ਸੀ। ਇਸੇ ਗੱਲ 'ਤੇ ਮੀਆਂ-ਬੀਵੀ ਵਿਚਕਾਰ ਤਕਰਾਰ ਰਹਿੰਦਾ ਸੀ। ਹਰ ਰੋਜ਼ ਦੀ ਕਿੜ-ਕਿੜ ਤੋਂ ਤੰਗ ਆਈ ਭਰਜਾਈ ਨੇ ਇਕ ਦਿਨ ਸਲਫ਼ਾਸ ਦੀਆਂ ਗੋਲੀਆਂ ਖਾ ਲਈਆਂ। ਭਰਜਾਈ ਦੇ ਤਕੜੇ ਪੇਕਿਆਂ ਨੇ ਸਾਧਾਰਨ ਖ਼ੁਦਕੁਸ਼ੀ ਨੂੰ 'ਦਾਜ ਦੀ ਬਲੀ' ਵਿਚ ਬਦਲ ਦਿੱਤਾ।

"ਜੇ ਇਹ ਲੀਡਰ ਬਾਹਰ ਰਿਹਾ ਤਾਂ ਮੁਕੱਦਮੇ ਦੀ ਪੈਰਵੀ ਕਰੂ। ਇਸ ਨੂੰ ਪਹਿਲਾਂ ਟੰਗੋ।"

ਭਰਜਾਈ ਦੇ ਪੇਕਿਆਂ ਦੇ ਹਮਾਇਤੀਆਂ ਨੇ ਰਾਏ ਦਿੱਤੀ।

ਤੇ ਆਟੇ ਨਾਲ ਪਲੇਥਣ ਵੀ ਸੇਕਿਆ ਗਿਆ।

ਭਰਾ ਦੇ ਨਾਲ-ਨਾਲ ਤਾਰਾ ਚੰਦ ਨੂੰ ਵੀ ਉਮਰ ਕੈਦ ਹੋ ਗਈ। ਭੱਜ-ਨੱਠ ਬਾਅਦ ਵੀ ਯੂਨੀਅਨ ਵਾਲੇ ਤਾਰਾ ਚੰਦ ਨੂੰ ਬਰੀ ਨਾ ਕਰਵਾ ਸਕੇ, ਪਰ ਜੇਲ੍ਹ ਆਉਂਦੇ-ਜਾਂਦੇ ਰਹਿਣ ਕਾਰਨ ਉਹਨਾਂ ਦੀ ਜੇਲ੍ਹ ਅਧਿਕਾਰੀਆਂ ਨਾਲ ਚੰਗੀ ਜਾਣ-ਪਹਿਚਾਣ ਸੀ। ਆਪਣਾ ਅਸਰ-ਰਸੂਖ਼ ਵਰਤ ਕੇ ਉਹਨਾਂ ਨੇ ਤਾਰਾ ਚੰਦ ਨੂੰ ਮੁਸ਼ੱਕਤ ਤੋਂ ਬਚਾ ਲਿਆ ਅਤੇ ਲਿਖਾ-ਪੜ੍ਹੀ ਦੇ ਆਸਾਨ ਕੰਮ 'ਤੇ



ਲਗਵਾ ਲਿਆ। ਅੱਗੋਂ ਆਪਣੀ ਮਿਹਨਤ ਨਾਲ ਤਾਰਾ ਚੰਦ ਨੇ ਆਣਾ ਰਾਹ ਆਪ ਪੱਧਰਾ ਕਰ ਲਿਆ। ਵਾਰਡਰਾਂ ਨਾਲ ਦੋਸਤੀ ਗੱਠ ਲਈ। ਅਨਪੜ੍ਹ ਕੈਦੀਆਂ ਦੀਆਂ ਅਰਜ਼ੀਆਂ ਪੱਤਰ ਲਿਖ-ਲਿਖ ਨਾਲੇ ਕੈਦੀ ਖ਼ੁਸ਼ ਕਰ ਲਏ, ਨਾਲੇ ਆਪਣਾ ਹੱਥ ਸੁਖਾਲਾ ਕਰ ਲਿਆ।

ਤਾਰਾ ਚੰਦ ਕੈਦੀਆਂ ਦੀਆਂ ਅਰਜ਼ੀਆਂ ਲਿਖਣ ਦਾ ਮਾਹਿਰ ਸੀ। ਉਸ ਨੂੰ ਲੀਗਲ ਸੈੱਲ ਦਾ ਮੈਂਬਰ ਬਣਾਏ ਜਾਣ ਦਾ ਇਕ ਕਾਰਨ ਇਹ ਵੀ ਸੀ। ਜਦੋਂ ਕਿਸੇ ਪੜ੍ਹੇ-ਲਿਖੇ ਵਿਅਕਤੀ 'ਤੇ ਮੁਕੱਦਮਾ ਬਣਦਾ ਹੈ ਤਾਂ ਆਪਣੇ ਬਚਾਅ ਦਾ ਰਸਤਾ ਤਲਾਸ਼ਦਾ ਉਹ ਕਾਨੂੰਨ ਦੀਆਂ ਕਿਤਾਬਾਂ ਨਾਲ ਘੁਲਣ ਲੱਗਦਾ ਹੈ। ਇਹ ਭੂਤ ਤਾਰਾ ਚੰਦ ਨੂੰ ਵੀ ਸਵਾਰ ਹੋਇਆ ਸੀ। ਪਰਚਾ ਦਰਜ ਹੋਣ ਵਾਲੇ ਦਿਨ ਤੋਂ ਲੈ ਕੇ ਫ਼ੈਸਲੇ ਵਾਲੇ ਦਿਨ ਤਕ ਉਹ ਦਹੇਜ ਅਤੇ ਦਹੇਜ ਕਾਰਨ ਹੁੰਦੇ ਝਗੜਿਆਂ ਨਾਲ ਸੰਬੰਧਿਤ ਹਜ਼ਾਰਾਂ ਫ਼ੈਸਲੇ ਪੜ੍ਹ ਚੁੱਕਾ ਸੀ। ਉਸ ਦਾ ਗਿਆਨ ਉਸ ਦੇ ਆਪਣੇ ਕੰਮ ਨਾ ਆਇਆ, ਪਰ ਜੇਲ੍ਹ ਵਿਚ ਮਜਮੇ ਲਾ-ਲਾ ਉਹ ਦੂਜੇ ਕੈਦੀਆਂ ਦੀ ਰਹਿਨੁਮਾਈ ਜ਼ਰੂਰ ਕਰਦਾ ਸੀ।

""ਮੈਨੂੰ ਇਕ ਆਮ ਵਕੀਲ ਜਿੰਨਾ ਕਾਨੂੰਨ ਆਉਂਦਾ ਹੈ।" ਇਸੇ ਭਰਮ ਤਹਿਤ ਤਾਰਾ ਚੰਦ ਨੇ ਆਪਣੀਆਂ ਸੇਵਾਵਾਂ ਲੀਗਲ ਸੈੱਲ ਨੂੰ ਅਰਪਿਤ ਕੀਤੀਆਂ ਸਨ।

ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹਾਕਮ ਸਿੰਘ ਨੇ ਹਰ ਮੁਕੱਦਮੇ ਨੂੰ ਵਿਗਿਆਨਕ ਢੰਗ ਨਾਲ ਘੋਖਿਆ। ਫੇਰ ਸਿੱਟਾ ਕੱਢਿਆ। ਸ਼ੁਰੂ ਵਿਚ ਲੀਗਲ ਸੈੱਲ ਨੂੰ ਤਿੰਨ ਮੁੱਢਲੇ ਕਾਨੂੰਨੀ ਨੁਕਤਿਆਂ 'ਤੇ ਕੰਮ ਕਰਨਾ ਚਾਹੀਦਾ ਹੈ। ਤਾਰਾ ਚੰਦ ਨੂੰ ਕੰਮ ਕਰਨ ਵਿਚ ਆਸਾਨੀ ਰਹੇ, ਇਸ ਲਈ ਪਹਿਲਾਂ ਉਸ ਨੇ ਉਹ ਨੁਕਤੇ ਉਸ ਨੂੰ ਸਮਝਾਏ।

"ਪੁਲਿਸ ਨੂੰ ਪਹਿਲਾਂ ਦੋਸ਼ੀ ਵਿਰੁੱਧ ਸਬੂਤ ਇਕੱਠੇ ਕਰਨੇ ਚਾਹੀਦੇ ਹਨ। ਫੇਰ ਉਸ ਨੂੰ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ। ਸਾਡੀ ਪੁਲਿਸ ਉਲਟ ਚੱਲਦੀ ਹੈ। ਪਹਿਲਾਂ ਮੁਲਜ਼ਮ ਨੂੰ ਫੜਦੀ ਹੈ, ਫੇਰ ਸਬੂਤ ਇਕੱਠੇ ਕਰਨ ਲੱਗਦੀ ਹੈ। ਕਈ ਵਾਰ ਪਹਾੜ ਖੋਦਣ ਬਾਅਦ ਹੇਠੋਂ ਚੂਹਾ ਵੀ ਨਹੀਂ ਨਿਕਲਦਾ। ਚੂਹੇ ਦੀ ਤਲਾਸ਼ ਵਿਚ ਪੁਲਿਸ ਸਾਲਾਂ ਬੱਧੀ ਤਫ਼ਤੀਸ਼ ਲਟਕਾਈ ਰੱਖਦੀ ਹੈ। ਜੇਲ੍ਹ ਵਿਚ ਬੈਠਾ ਦੋਸ਼ੀ ਬਿਨਾਂ ਮਤਲਬ ਜੇਲ੍ਹ ਵਿਚ ਸੜਦਾ ਰਹਿੰਦਾ ਹੈ। ਇਸ ਦਾ ਦੂਜਾ ਪੱਖ ਵੀ ਹੈ। ਕਈ ਵਾਰ ਮਾਮਲੇ ਗੁੰਝਲਦਾਰ ਹੁੰਦੇ ਹਨ। ਪੁਲਿਸ ਨੂੰ ਸਬੂਤ ਇਕੱਠੇ ਕਰਦਿਆਂ ਸਾਲਾਂ ਦੇ ਸਾਲ ਲੱਗ ਜਾਂਦੇ ਹਨ। ਇਸ ਦਾ ਇਹ ਮਤਲਬ ਨਹੀਂ ਕਿ ਦੋਸ਼ੀ ਦੋਸ਼-ਪੱਤਰ ਦਾਇਰ ਹੋਣ ਦਾ ਇੰਤਜ਼ਾਰ ਕਰਦਾ ਰਹੇ। ਕਾਨੂੰਨ ਨੇ ਗੁੰਝਲ ਵਿਚ ਫਸੇ ਅਜਿਹੇ ਦੋਸ਼ੀ ਦਾ ਧਿਆਨ ਰੱਖਿਆ ਹੈ। ਪੁਲਿਸ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਨਿਸ਼ਚਿਤ ਸਮੇਂ ਦੇ ਅੰਦਰ ਤਫ਼ਤੀਸ਼ ਮੁਕੰਮਲ ਕਰੇ, ਦੋਸ਼-ਪੱਤਰ ਤਿਆਰ ਕਰ ਕੇ ਅਦਾਲਤ ਵਿਚ ਦੇਵੇ। ਜੇ ਉਹ ਇੰਜ ਨਹੀਂ ਕਰ ਸਕਦੀ ਤਾਂ ਅਦਾਲਤ ਦੋਸ਼ੀ ਨੂੰ ਮੁਕੱਦਮੇ ਦੇ ਫ਼ੈਸਲੇ ਤਕ ਜ਼ਮਾਨਤ 'ਤੇ ਰਿਹਾਅ ਕਰੇ। ਸੰਗੀਨ ਤੋਂ ਸੰਗੀਨ ਜੁਰਮ ਵਿਚ ਇਹ ਸਮਾਂ-ਸੀਮਾ ਨੱਬੇ ਦਿਨ ਹੈ। ਬਾਕੀ ਜੁਰਮਾਂ ਵਿਚ ਸੱਠ ਦਿਨ। ਬਹੁਤੇ ਕੈਦੀਆਂ ਨੂੰ ਇਸ ਨਿਯਮ ਦੀ ਜਾਣਕਾਰੀ ਨਹੀਂ। ਉਹ ਕਈ-ਕਈ ਸਾਲ ਜੇਲ੍ਹ ਵਿਚ ਸੜਦੇ ਰਹਿੰਦੇ ਹਨ। ਆਪਾਂ ਅਜਿਹੇ ਹਵਾਲਾਤੀਆਂ ਦੀ ਮਦਦ ਕਰਨੀ ਹੈ। ਦੋਸ਼ੀ ਦਾ ਜੇਲ੍ਹ ਵਾਰੰਟ ਲੈ ਕੇ ਪਹਿਲਾਂ ਆਪਾਂ ਇਹ ਦੇਖਾਂਗੇ ਕਿ ਦੋਸ਼ੀ ਨੂੰ ਕਿਸ ਤਾਰੀਖ਼ ਨੂੰ ਫੜਿਆ ਗਿਆ ਹੈ। ਫੇਰ ਦੇਖਾਂਗੇ, ਉਸ ਉਪਰ ਕਿਹੜਾ ਦੋਸ਼ ਲੱਗਾ ਹੈ ? ਦੋਸ਼-ਪੱਤਰ ਸੱਠ ਦਿਨਾਂ ਵਿਚ ਦਾਇਰ ਹੋਣਾ ਚਾਹੀਦਾ ਸੀ ਜਾਂ ਨੱਬੇ ਦਿਨਾਂ ਵਿਚ ? ਜੇ ਇਕ ਦਿਨ ਵੀ ਉਪਰ ਲੰਘਦਾ ਹੈ ਤਾਂ ਆਪਾਂ ਝੱਟ ਦਰਖ਼ਾਸਤ ਲਾਵਾਂਗੇ। ਇਕ ਗੱਲ ਚੰਗੀ ਤਰ੍ਹਾਂ ਸਮਝ ਲੈ। ਮਿਆਦ ਲੰਘਣ ਬਾਅਦ ਮੈਜਿਸਟ੍ਰੇਟ ਦੋਸ਼ੀ ਨੂੰ ਇਕ ਘੰਟਾ ਵੀ ਜੇਲ੍ਹ ਵਿਚ ਨਹੀਂ

ਰੱਖ ਸਕਦਾ।

ਇਸ ਨੁਕਤੇ ਦੀ ਤਾਰਾ ਚੰਦ ਨੂੰ ਪਹਿਲਾਂ ਸਮਝ ਸੀ। ਕੁਝ ਸ਼ੱਕ ਸਨ। ਉਹ ਉਸ ਨੇ ਦੂਰ ਕਰ ਲਏ।

"ਦੂਜੇ ਨੁਕਤੇ ਤਹਿਤ ਅਸੀਂ ਉਹਨਾਂ ਹਵਾਲਾਤੀਆਂ ਨੂੰ ਰਿਹਾਅ ਕਰਵਾਉਣਾ ਹੈ, ਜਿਨ੍ਹਾਂ ਦੇ ਮੁਕੱਦਮਿਆਂ ਦੀ ਸੁਣਵਾਈ ਸਾਲਾਂ ਤੋਂ ਲਟਕੀ ਹੋਈ ਹੈ। ਕਾਨੂੰਨ ਨੇ ਹਰ ਜੁਰਮ ਲਈ ਵੱਧ ਤੋਂ ਵੱਧ ਸਜ਼ਾ ਨਿਸਚਿਤ ਕੀਤੀ ਹੋਈ ਹੈ। ਨਾਲ ਇਹ ਵੀ ਨਿਯਮ ਬਣਾ ਰੱਖਿਆ ਹੈ ਕਿ ਦੋਸ਼ੀ ਨੂੰ ਨਿਸ਼ਚਿਤ ਸਜ਼ਾ ਨਾਲੋਂ ਵੱਧ ਸਮਾਂ ਜੇਲ੍ਹ ਵਿਚ ਨਹੀਂ ਰੱਖਿਆ ਜਾ ਸਕਦਾ। ਇਹਨਾਂ ਮੁਕੱਦਮਿਆਂ ਦੀ ਸੂਚੀ ਬਣਾਉਂਦੇ ਸਮੇਂ ਸਾਨੂੰ ਕੁਝ ਮਿਹਨਤ ਕਰਨੀ ਪੈਣੀ ਹੈ। ਪਰਚਾ ਦਰਜ ਕਰਦੇ ਸਮੇਂ ਪੁਲਿਸ ਦੋਸ਼ੀ ਉਪਰ ਵੱਡੇ-ਵੱਡੇ ਜੁਰਮ ਲਾ ਦਿੰਦੀ ਹੈ। ਦੋਸ਼ੀ ਦਾ ਜੇਲ੍ਹ ਵਾਰੰਟ ਗ੍ਰਿਫ਼ਤਾਰੀ ਵਾਲੇ ਦਿਨ ਬਣ ਜਾਂਦਾ ਹੈ। ਵਾਰੰਟ ਉਪਰ ਉਹ ਸਾਰੇ ਜੁਰਮ ਦਰਜ ਹੋ ਜਾਂਦੇ ਹਨ, ਜੋ ਪਰਚੇ ਵਿਚ ਲੱਗੇ ਹੁੰਦੇ ਹਨ। ਤਫ਼ਤੀਸ਼ ਤੋਂ ਬਾਅਦ ਬਹੁਤੇ ਦੋਸ਼ ਸਿੱਧ ਨਹੀਂ ਹੁੰਦੇ। ਨਤੀਜਨ ਦੋਸ਼-ਪੱਤਰ ਛੋਟੇ ਜੁਰਮਾਂ ਵਿਚ ਪੇਸ਼ ਹੁੰਦਾ ਹੈ। ਕਈ ਵਾਰ ਅਦਾਲਤ ਪੁਲਿਸ ਦੀ ਤਫ਼ਤੀਸ਼ ਨਾਲ ਸਹਿਮਤ ਨਹੀਂ ਹੁੰਦੀ। ਉਹ ਜੁਰਮਾਂ ਦੀ ਸੰਗੀਨਤਾ ਨੂੰ ਹੋਰ ਘਟਾ ਦਿੰਦੀ ਹੈ। ਚਾਹੀਦਾ ਇਹ ਹੈ ਕਿ ਅਦਾਲਤ ਵੱਲੋਂ ਦੋਸ਼ ਘੜੇ ਜਾਣ ਬਾਅਦ ਵਾਰੰਟ ਨਵਾਂ ਬਣੇ, ਪਰ ਦੂਜਿਆਂ ਦਾ ਫ਼ਿਕਰ ਕਿਸ ਨੂੰ ਹੈ? ਮਿਹਨਤ ਦੀ ਘਾਟ ਕਾਰਨ ਪੁਰਾਣਾ ਵਾਰੰਟ ਹੀ ਤੁਰਿਆ ਫਿਰਦਾ ਰਹਿੰਦਾ ਹੈ। ਹਵਾਲਾਤੀ ਦੀ ਕੈਦ ਦੀ ਮਿਆਦ ਵਾਰੰਟ 'ਤੇ ਦਰਜ ਜੁਰਮਾਂ ਅਨੁਸਾਰ ਮਿਥੀ ਜਾਂਦੀ ਹੈ, ਜੋ ਅਕਸਰ ਜ਼ਿਆਦਾ ਬਣਦੀ ਹੈ। ਇਥੇ ਦੋਸ਼ੀ ਨਾਲ ਧੱਕਾ ਹੋ ਰਿਹਾ ਹੁੰਦਾ ਹੈ। ਆਪਾਂ ਨੇ ਵਾਰੰਟ 'ਤੇ ਲੱਗੀਆਂ ਦਫ਼ਾਵਾਂ ਨੂੰ ਭੁੱਲ ਜਾਣਾ ਹੈ। ਇਹ ਦੇਖਣਾ ਹੈ ਕਿ ਅਦਾਲਤ ਨੇ ਕਿਹੜੇ ਜੁਰਮ ਲਾਏ ਹਨ। ਦੋਸ਼ੀ ਨੂੰ ਵੱਧ ਤੋਂ ਵੱਧ ਕਿੰਨੀ ਸਜ਼ਾ ਹੋ ਸਕਦੀ ਹੈ, ਇਸ ਦਾ ਹਿਸਾਬ ਅਦਾਲਤ ਵੱਲੋਂ ਲੱਗੇ ਦੋਸ਼ਾਂ ਅਨੁਸਾਰ ਲਾਉਣਾ ਹੈ। ਜੇ ਦੋਸ਼ੀ ਨੇ ਇਕ ਦਿਨ ਵੀ ਵੱਧ ਸਜ਼ਾ ਕੱਟ ਲਈ ਹੈ ਤਾਂ ਅਸੀਂ ਉਸ ਨੂੰ ਰਿਹਾਅ ਕਰਾਉਣਾ ਹੈ।"

ਇਕ ਉਦਾਹਰਨ ਦਾ ਸਹਾਰਾ ਲੈ ਕੇ ਹਾਕਮ ਨੇ ਇਹ ਨੁਕਤਾ ਹੋਰ ਸਪੱਸ਼ਟ ਕੀਤਾ:

"ਜੇ ਕੋਈ ਚੋਰ ਸਟੇਸ਼ਨ 'ਤੇ ਪਏ ਕਿਸੇ ਸਵਾਰੀ ਦੇ ਸਾਮਾਨ ਨੂੰ ਚੋਰੀ ਕਰੇ ਤਾਂ ਉਸ ਵਿਰੁੱਧ ਧਾਰਾ ਤਿੰਨ ਸੌ ਉਨਾਸੀ ਲੱਗਦੀ ਹੈ। ਇਸ ਜੁਰਮ ਵਿਚ ਵੱਧ ਤੋਂ ਵੱਧ ਸਜ਼ਾ ਤਿੰਨ ਸਾਲ ਹੈ। ਜੇ ਚੋਰ ਚੋਰੀ ਕਰਨ ਘਰ ਜਾਂ ਦੁਕਾਨ ਵਿਚ ਵੜੇ ਤਾਂ ਜੁਰਮ ਸੰਗੀਨ ਬਣ ਜਾਂਦਾ ਹੈ ਅਤੇ ਸਜ਼ਾ ਵੱਧ ਕੇ ਸੱਤ ਸਾਲ ਹੋ ਜਾਂਦੀ ਹੈ। ਜੇ ਘਰ ਵਿਚ ਰਾਤ ਨੂੰ ਚੋਰੀ ਕਰਦੇ ਸਮੇਂ ਚੋਰ ਘਰ ਦੇ ਕਿਸੇ ਮੈਂਬਰ ਨੂੰ ਸੱਟ ਮਾਰ ਦੇਵੇ, ਜੁਰਮ ਹੋਰ ਸੰਗੀਨ ਹੋ ਜਾਂਦਾ ਹੈ ਅਤੇ ਸਜ਼ਾ ਉਮਰ ਕੈਦ ਤਕ ਵੱਧ ਜਾਂਦੀ ਹੈ। ਪਰ ਉਹ ਚੋਰ ਕਾਹਦਾ ਜਿਹੜਾ ਮੌਕੇ 'ਤੇ ਫੜਿਆ ਜਾਵੇ ਜਾਂ ਪਿੱਛੇ ਸਬੂਤ ਛੱਡ ਜਾਵੇ। ਚੋਰ ਕਈ ਮਹੀਨਿਆਂ ਬਾਅਦ ਫੜਿਆ ਜਾਂਦਾ ਹੈ। ਉਸ ਸਮੇਂ ਉਸ ਕੋਲੋਂ ਥੋੜ੍ਹਾ-ਬਹੁਤ ਚੋਰੀ ਦਾ ਮਾਲ ਹੀ ਫੜਿਆ ਜਾਂਦਾ ਹੈ। ਚੋਰੀ ਦਾ ਮਾਲ ਕਬਜ਼ੇ ਵਿਚ ਰੱਖਣ 'ਤੇ ਧਾਰਾ ਚਾਰ ਸੌ ਗਿਆਰਾਂ ਲੱਗਦੀ ਹੈ। ਇਸ ਜੁਰਮ ਵਿਚ ਸਜ਼ਾ ਤਿੰਨ ਸਾਲ ਹੈ। ਚੋਰ ਨੇ ਚੋਰੀ ਕਿਸੇ ਗਵਾਹ ਦੇ ਸਾਹਮਣੇ ਨਹੀਂ ਕੀਤੀ ਹੁੰਦੀ। ਇਸ ਲਈ ਧਾਰਾ ਚਾਰ ਸੌ ਬਵੰਜਾ ਜਾਂ ਚਾਰ ਸੌ ਉਨਾਹਟ ਹਟਾ ਕੇ ਦੋਸ਼-ਪੱਤਰ ਧਾਰਾ ਚਾਰ ਸੌ ਗਿਆਰਾਂ ਵਿਚ ਦਿੱਤਾ ਹੁੰਦਾ ਹੈ। ਇਥੇ ਅੜੌਣੀ ਵਿਚ ਅੜਿਆ ਅਨਪੜ੍ਹ ਮੁਲਜ਼ਮ ਦਸ-ਦਸ ਸਾਲ ਕੈਦ ਕੱਟ ਜਾਂਦਾ ਹੈ। ਆਪਾਂ ਇਸ ਗੁੰਝਲ ਨੂੰ ਸੁਲਝਾਉਣਾ ਹੈ। ਤਿੰਨ ਸਾਲ ਤੋਂ ਵੱਧ ਜੇਲ੍ਹ 'ਚ ਸੜਦੇ ਹਵਾਲਾਤੀਆਂ ਨੂੰ ਛੁਡਾਉਣਾ ਹੈ।"



"ਹੁਣ ਸੁਣ ਉਹਨਾਂ ਅਭਾਗਿਆਂ ਲਈ ਨੁਕਤਾ ਜਿਨ੍ਹਾਂ ਦੇ ਅੱਗੇ ਪਿੱਛੇ ਕੋਈ ਨਹੀਂ ਹੈ। ਮਾੜੇ-ਧੀੜੇ ਖ਼ਾਸ ਕਰਕੇ ਪਰਵਾਸੀਆਂ ਨੂੰ ਜ਼ਮਾਨਤ 'ਤੇ ਰਿਹਾਅ ਕਰਦੇ ਸਮੇਂ ਅਦਾਲਤ ਨੂੰ ਧੁੜਕੂ ਲੱਗਾ ਰਹਿੰਦਾ ਹੈ। ਜੇਲ੍ਹੋਂ ਛੁੱਟਦੇ ਹੀ ਉਹ ਆਪਣੇ ਦੇਸ਼ ਵੱਲ ਸ਼ੂਟ ਵੱਟ ਦੇਵੇਗਾ। ਪਿੱਛੋਂ ਉਸ ਨੂੰ ਕੌਣ ਫੜ ਕੇ ਲਿਆਏਗਾ। ਬਹੁਤੀ ਵਾਰ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਨਹੀਂ ਹੁੰਦੀ। ਕਦੇ ਹੋ ਜਾਵੇ ਤਾਂ ਵੀਹ ਸ਼ਰਤਾਂ ਲੱਗ ਜਾਂਦੀਆਂ ਹਨ। ਜ਼ਮਾਨਤੀ ਸਥਾਨਕ ਹੋਣ ਅਤੇ ਰੱਜੇ-ਪੁੱਜੇ ਵੀ। ਪਰਵਾਸੀਆਂ ਕੋਲੋਂ ਇਹ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ। ਜ਼ਮਾਨਤੀਆਂ ਦੀ ਘਾਟ ਕਾਰਨ ਉਹ ਜੇਲ੍ਹ ਵਿਚ ਸੜਦੇ ਰਹਿੰਦੇ ਹਨ। ਅਜਿਹੇ ਗ਼ਰੀਬ-ਗ਼ੁਰਬਿਆਂ ਦੇ ਕੁਝ ਹਮਾਇਤੀ ਉੱਚੀਆਂ ਅਦਾਲਤਾਂ ਵਿਚ ਬੈਠੇ ਹਨ। ਕੁਝ ਫ਼ੈਸਲਿਆਂ ਵਿਚ ਰਹਿਮ ਦਿਲ ਜੱਜਾਂ ਨੇ ਹੇਠਲੀਆਂ ਅਦਾਲਤਾਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਹਨ। "ਜੇ ਦੋਸ਼ੀ ਦੀ ਹਿਰਾਸਤ ਲੰਬੀ ਹੋ ਜਾਵੇ ਤਾਂ ਉਸ ਨੂੰ ਜ਼ਾਮਨ ਪੇਸ਼ ਕਰਨ ਦੀ ਛੋਟ ਦਿੱਤੀ ਜਾਵੇ। ਉਸ ਨੂੰ ਨਿੱਜੀ ਜ਼ਮਾਨਤ ਦੇ ਆਧਾਰ 'ਤੇ ਛੱਡ ਦਿੱਤਾ ਜਾਵੇ।" ਇਹਨਾਂ ਫ਼ੈਸਲਿਆਂ ਦਾ ਨਾਂ ਜੱਜ ਨੂੰ ਪਤਾ ਹੈ, ਨਾ ਬਹੁਤੇ ਵਕੀਲਾਂ ਨੂੰ। ਮੈਂ ਇਹ ਲੱਭ ਲਏ ਹਨ। ਆਪਾਂ ਇਹਨਾਂ ਫ਼ੈਸਲਿਆਂ ਨੂੰ ਲਾਗੂ ਕਰਾਉਣ ਦਾ ਸਿਰਤੋੜ ਯਤਨ ਕਰਨਾ ਹੈ।"

ਹਾਕਮ ਦੀਆਂ ਗੱਲਾਂ ਸੁਣਨ ਬਾਅਦ ਤਾਰਾ ਚੰਦ ਨੂੰ ਮਹਿਸੂਸ ਹੋਇਆ ਕਿ ਉਸ ਨੂੰ ਐਵੇਂ ਵਹਿਮ ਦਾ ਢਿੱਡ ਹੋਇਆ ਹੋਇਆ ਸੀ। ਹੁਣ ਤਕ ਖੁੰਡਾਂ ਵਾਲੇ ਵਕੀਲਾਂ ਵਾਂਗ ਉਹ ਕੈਦੀਆਂ ਨੂੰ ਗੁੰਮਰਾਹ ਕਰਦਾ ਰਿਹਾ ਸੀ। ਅਸਲ ਨੁਕਤੇ ਇਹ ਸਨ।

ਉਸ ਨੂੰ ਪੱਕਾ ਯਕੀਨ ਹੋ ਗਿਆ ਕਿ ਹਾਕਮ ਸੱਚ ਆਖਦਾ ਸੀ। ਇੰਜ ਬਾਦਸ਼ਾਹਾਂ, ਪੰਛੀਆਂ ਅਤੇ ਮਾੜੇ-ਧੀੜਿਆਂ ਦੀਆਂ ਬੈਰਕਾਂ ਨੇ ਦਿਨਾਂ ਵਿਚ ਖ਼ਾਲੀ ਹੋ ਜਾਣਾ ਸੀ।

ਉਤਸ਼ਾਹਿਤ ਹੋਇਆ ਤਾਰਾ ਚੰਦ ਆਪਣੇ ਕੰਮ ਵਿਚ ਰੁੱਝ ਗਿਆ।

ਰਿਹਾਅ ਹੋਣ ਵਾਲੇ ਕੈਦੀਆਂ ਦੀ ਇਕ ਵਢਿਉਂ ਸੂਚੀ ਬਣਾ ਰਹੇ ਤਾਰਾ ਚੰਦ ਦੇ ਮਨ ਵਿਚ ਪ੍ਰਸ਼ਨ ਉੱਠਣ ਲੱਗਾ:

"ਇੰਜ ਪੇਸ਼ੇਵਰ ਅਤੇ ਖ਼ੂੰਖ਼ਾਰ ਮੁਜਰਮ ਵੀ ਰਿਹਾਅ ਹੋ ਜਾਣਗੇ। ਕੀ ਉਹਨਾਂ ਨੂੰ ਰਿਹਾਅ ਕਰਾਉਣਾ ਲੀਗਲ ਸੈੱਲ ਦਾ ਉਦੇਸ਼ ਹੈ? ਹਾਕਮ ਕਿਧਰੇ ਕੋਈ ਹਦਾਇਤ ਦੇਣੀ ਭੁੱਲ ਤਾਂ ਨਹੀਂ ਗਿਆ?"

ਸ਼ੱਕ ਦੂਰ ਕਰਨ ਲਈ ਉਸ ਨੇ ਹਾਕਮ ਤੋਂ ਸਪੱਸ਼ਟੀਕਰਨ ਮੰਗਿਆ।

"ਮੈਂ ਆਪਣੇ ਦੇਸ਼ ਦੇ ਕਾਨੂੰਨ ਨੂੰ ਕਾਨੂੰਨ ਨਹੀਂ ਮੰਨਦਾ। ਇਹ ਜਨ-ਸਾਧਾਰਨ ਦੇ ਕਲਿਆਣ ਲਈ ਨਹੀਂ ਬਣਿਆ। ਇਕ ਵਿਸ਼ੇਸ਼ ਵਰਗ ਨੇ ਆਪਣੇ ਹਿੱਤਾਂ ਦੀ ਰਾਖੀ ਅਤੇ ਆਮ ਲੋਕਾਂ ਨੂੰ ਗ਼ੁਲਾਮ ਬਣਾਈ ਰੱਖਣ ਲਈ ਇਸ ਨੂੰ ਘੜਿਆ ਹੈ। ਕਾਨੂੰਨ ਮੱਥਾ ਦੇਖ ਕੇ ਟਿੱਕਾ ਕੱਢਦਾ ਹੈ। ਰਿਕਸ਼ੇ ਵਾਲਿਆਂ ਦਾ ਪੰਜ-ਪੰਜ ਰੁਪਏ ਦਾ ਜੂਆ ਖੇਡਣਾ ਜੁਰਮ ਹੈ, ਕਲੱਬਾਂ ਵਿਚ ਲੱਖਾਂ ਦਾ ਜੂਆ ਖੇਡਣਾ ਜਾਇਜ਼ ਹੈ। ਢਿੱਡ ਧਾਫੜਨ ਲਈ ਝੌਂਪੜੀ ਵਿਚ ਸਰੀਰ ਵੇਚਣਾ ਜੁਰਮ ਹੈ, ਪੰਜ ਤਾਰਾ ਹੋਟਲਾਂ ਵਿਚ ਹਮ-ਬਿਸਤਰ ਹੋਣਾ ਜਾਇਜ਼ ਹੈ। ਦੱਸ, ਜਿਸ ਜੁਰਮ ਵਿਚ ਤੈਨੂੰ ਸਜ਼ਾ ਹੋਈ ਹੈ, ਕੀ ਉਹ ਤੂੰ ਕੀਤਾ ਹੈ? ਜਿਸ ਜੁਰਮ ਵਿਚ ਮੈਨੂੰ ਸਜ਼ਾ ਹੋਈ ਹੈ, ਕੀ ਮੈਂ ਉਹ ਕੀਤਾ ਹੈ? ਕੋਈ ਵਿਅਕਤੀ ਮੁਜਰਮ ਆਪਣੀ ਮਰਜ਼ੀ ਨਾਲ ਨਹੀਂ ਬਣਦਾ। ਪ੍ਰਸਥਿਤੀਆਂ ਉਸ ਨੂੰ ਮੁਜਰਮ ਬਣਾਉਂਦੀਆਂ ਹਨ। ਸਰਕਾਰ ਦਾ ਮੁੱਢਲਾ ਫ਼ਰਜ਼ ਭੈੜੀਆਂ ਪ੍ਰਸਥਿਤੀਆਂ ਨੂੰ ਬਣਨ ਤੋਂ ਰੋਕਣਾ

ਹੈ। ਜਦੋਂ ਸਰਕਾਰ ਆਪਣੇ ਫ਼ਰਜ਼ਾਂ ਤੋਂ ਭਟਕੀ ਹੋਈ ਹੈ ਤਾਂ ਪ੍ਰਸਥਿਤੀਆਂ ਵਿਚ ਘਿਰੇ ਲੋਕਾਂ ਨੇ ਕੁਰਾਹੇ ਪੈਣਾ ਹੀ ਹੈ। ਮੈਂ ਉਹਨਾਂ ਨੂੰ ਉਨੇ ਕਸੂਰਵਾਰ ਨਹੀਂ ਮੰਨਦਾ, ਜਿੰਨਾ ਸਾਡਾ ਕਾਨੂੰਨ ਮੰਨਦਾ ਹੈ। ਇਸ ਸਮੇਂ ਮੈਂ ਕਾਨੂੰਨ ਬਦਲਣ ਦੀ ਮੰਗ ਨਹੀਂ ਕਰ ਰਿਹਾ। ਚੰਗਾ-ਮਾੜਾ ਜੋ ਕਾਨੂੰਨ ਹੈ, ਉਸੇ ਨੂੰ ਲਾਗੂ ਕਰਾਉਣ ਦਾ ਯਤਨ ਕਰ ਰਿਹਾ ਹਾਂ। ਆਪਣੇ ਮਾੜੇ ਕੰਮ ਦੀ ਇਹ ਸਜ਼ਾ ਭੁਗਤ ਚੁੱਕੇ ਹਨ। ਲੋੜੋਂ ਵੱਧ ਇਹਨਾਂ ਨੂੰ ਜੇਲ੍ਹ ਵਿਚ ਡੱਕੀ ਰੱਖਣ ਦਾ ਕਿਸੇ ਨੂੰ ਅਧਿਕਾਰ ਨਹੀਂ ਹੈ। ਇਹਨਾਂ ਨੂੰ ਇਹਨਾਂ ਦੇ ਹੱਕ ਮਿਲਣੇ ਚਾਹੀਦੇ ਹਨ।" ਸ਼ੱਕ ਦੂਰ ਹੋਣ ਬਾਅਦ ਗਦ-ਗਦ ਹੋਇਆ ਤਾਰਾ ਚੰਦ ਹੋਰ ਮਿਹਨਤ ਕਰਨ ਲੱਗਾ।



## 28

ਮਾੜੇ-ਧੀੜਿਆਂ ਦੀ ਬੈਰਕ ਵਿਚ ਰਿਹਾਅ ਹੋਣ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਸੀ। ਇਸੇ ਲਈ ਲੀਗਲ ਸੈੱਲ ਵਾਲਿਆਂ ਨੇ ਆਪਣੇ ਕੰਮ ਦੀ ਸ਼ੁਰੂਆਤ ਇਸੇ ਬੈਰਕ ਤੋਂ ਕੀਤੀ ਸੀ। ਪਿਛਲੇ ਹਫ਼ਤੇ ਛੇ ਦਰਖ਼ਾਸਤਾਂ ਲਿਖੀਆਂ ਗਈਆਂ ਸਨ। ਪੰਜ ਵਿਚ ਕਾਮਯਾਬੀ ਮਿਲ ਚੁੱਕੀ ਸੀ। ਛੇਵੀਂ ਦਾ ਕੀ ਬਣਿਆ, ਹੁਣ ਪਤਾ ਲੱਗਣਾ ਸੀ। ਦੂਜੀ ਵਾਰ ਮਾੜੇ-ਧੀੜਿਆਂ ਦੀ ਬੈਰਕ ਵੱਲ ਜਾਂਦੇ ਲੀਗਲ ਸੈੱਲ ਵਾਲੇ ਪੂਰੇ ਉਤਸ਼ਾਹ ਵਿਚ ਸਨ।

ਪਿਛਲੀ ਵਾਰ ਸਭ ਤੋਂ ਪਹਿਲਾਂ ਦਰਖ਼ਾਸਤ ਨੱਨੇ ਵੱਲੋਂ ਲਿਖੀ ਗਈ ਸੀ। ਉਹ ਚਾਕੂ-ਮਾਰ ਸੀ। ਨਾਜ਼ ਸਿਨਮੇ ਵਾਲਿਆਂ ਨੇ ਕੁੜੀਆਂ-ਕਤਰੀਆਂ ਨਾਲ ਛੇੜ-ਛਾੜ ਕਰਨ ਵਾਲਿਆਂ ਨੂੰ ਸਬਕ ਸਿਖਾਉਣ ਲਈ ਉਸ ਨੂੰ ਆਪਣੇ ਕੋਲ ਰੱਖਿਆ ਹੋਇਆ ਸੀ। ਇਵਜ਼ ਵਿਚ ਉਹ ਉਸ ਨੂੰ ਟਿਕਟਾਂ ਬਲੈਕ ਵਿਚ ਵੇਚਣ ਦੀ ਖੁੱਲ੍ਹ ਦਿੰਦੇ ਸਨ। ਕਦੇ ਫ਼ਿਲਮ ਮਾੜੀ ਲੱਗੀ ਹੋਵੇ ਅਤੇ ਗਾਹਕ ਘੱਟ ਪੈਂਦਾ ਹੋਵੇ ਤਾਂ ਨਸ਼ਾ-ਪੱਤਾ ਪੂਰਾ ਕਰਨ ਲਈ ਉਹ ਇਕ-ਅੱਧ ਜੇਬ ਸਾਫ਼ ਕਰ ਲਿਆ ਕਰਦਾ ਸੀ। ਇਸ ਵਾਰ ਉਸ ਨੇ ਫ਼ਿਲਮ ਦੇਖਣ ਆਏ ਇਕ ਮੁੰਡੇ ਦੀ ਜੇਬ ਵਿਚ ਹੱਥ ਪਾਇਆ ਸੀ। ਮੁੰਡੇ ਨੂੰ ਭਿਣਕ ਪੈ ਗਈ। ਉਸ ਨੇ ਨੱਨੇ ਨੂੰ ਰੰਗੇ ਹੱਥੀਂ ਫੜ ਲਿਆ। ਬਚਾਅ ਲਈ ਨੱਨੇ ਨੇ ਮੁੰਡੇ ਦੇ ਢਿੱਡ ਵੱਲ ਚਾਕੂ ਦਾ ਵਾਰ ਕੀਤਾ। ਮੁੰਡੇ ਨੇ ਵਾਰ ਹੱਥਾਂ 'ਤੇ ਰੋਕ ਲਿਆ। ਪੁਲਿਸ ਨੇ ਇਰਾਦਾ ਕਤਲ ਦਾ ਮੁਕੱਦਮਾ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

ਮਾਲਕ ਨੱਨੇ ਨਾਲ ਗ਼ੁੱਸੇ ਸਨ। ਉਸ ਨੇ ਗਾਹਕ 'ਤੇ ਚਾਕੂ ਦਾ ਵਾਰ ਕਰ ਕੇ ਸਿਨੇਮਾ ਮਾਲਕਾਂ ਦੀ ਬਦਨਾਮੀ ਕਰਵਾਈ ਸੀ। ਇਸ ਤਰ੍ਹਾਂ ਗਾਹਕੀ 'ਤੇ ਅਸਰ ਪੈਂਦਾ ਸੀ। ਆਪਣਾ ਅਸਰ-ਰਸੂਖ਼ ਵਰਤ ਕੇ ਉਹਨਾਂ ਨੇ ਇਰਾਦਾ ਕਤਲ ਦੀ ਦਫ਼ਾ ਤੁੜਵਾ ਦਿੱਤੀ। ਫੇਰ ਵੀ ਪੁਲਿਸ ਨੇ ਜੇਬ ਕੱਟਣ ਦਾ ਯਤਨ ਕਰਨ ਅਤੇ ਬਿਨਾਂ ਮਤਲਬ ਸੱਟਾਂ ਮਾਰਨ ਦੇ ਜੁਰਮ ਵਿਚ ਉਸ ਵਿਰੁੱਧ ਦੋਸ਼-ਪੱਤਰ ਦਾਖ਼ਲ ਕਰ ਦਿੱਤਾ।

ਅਜਿਹੀ ਕਿਸਮ ਦਾ ਨੱਨੇ 'ਤੇ ਇਹ ਅੱਠਵਾਂ ਮੁਕੱਦਮਾ ਸੀ। ਚਾਰ ਵਿਚ ਸਜ਼ਾ ਭੁਗਤ ਚੁੱਕਾ ਸੀ। ਚਾਰ ਵਿਚ ਪੇਸ਼ੀਆਂ ਭੁਗਤਦਾ ਸੀ। ਅਦਾਲਤ ਅਤੇ ਕਾਨੂੰਨ ਦਾ ਜਿਵੇਂ ਉਸ ਨੂੰ ਕੋਈ ਡਰ ਨਹੀਂ ਸੀ। ਜ਼ਮਾਨਤ 'ਤੇ ਰਿਹਾਅ ਹੁੰਦੇ ਹੀ ਨਵੀਂ ਵਾਰਦਾਤ ਕਰ ਦਿੰਦਾ ਸੀ। ਖਿਝੇ ਜੱਜ ਨੇ ਉਸ ਨੂੰ ਜ਼ਮਾਨਤ ਦੇਣੋਂ ਨਾਂਹ ਕਰ ਦਿੱਤੀ। ਖਿਝੇ ਮਾਲਕਾਂ ਨੇ ਉਸ ਦੀ ਪੈਰਵਾਈ ਕਰਨੀ ਛੱਡ ਦਿੱਤੀ।

ਦੋ ਸਾਲ ਮੁਦੱਈ ਗਵਾਹੀ ਦੇਣ ਨਾ ਆਇਆ। ਫੇਰ ਥਾਣੇਦਾਰ ਬਾਹਰਲੇ ਮੁਲਕ ਚਲਾ ਗਿਆ। ਜੇਲ੍ਹ ਦੀਆਂ ਰੋਟੀਆਂ ਭੰਨਦਾ ਨੱਨਾ ਸਾਢੇ ਤਿੰਨ ਸਾਲ ਤੋਂ ਫ਼ੈਸਲਾ ਉਡੀਕ ਰਿਹਾ ਸੀ।

ਨੱਨੇ ਉਪਰ ਭਾਵੇਂ ਪੰਜ ਮੁਕੱਦਮੇ ਚੱਲਦੇ ਸਨ, ਪਰ ਕਿਸੇ ਜੁਰਮ ਵਿਚ ਵੀ ਸਜ਼ਾ ਤਿੰਨ ਸਾਲ ਤੋਂ ਵੱਧ ਨਹੀਂ ਸੀ। ਰਿਹਾਅ ਹੋਣਾ ਉਸ ਦਾ ਕਾਨੂੰਨੀ ਹੱਕ ਸੀ।

ਫ਼ੌਜਦਾਰੀ ਜ਼ਾਬਤੇ ਦੀਆਂ ਧਾਰਵਾਂ ਅਤੇ ਸੁਪਰੀਮ ਕੋਰਟ ਦੇ ਫ਼ੈਸਲਿਆਂ ਨੂੰ ਆਧਾਰ ਬਣਾ ਕੇ ਜਦੋਂ ਦਰਖ਼ਾਸਤ ਲਿਖੀ ਗਈ ਤਾਂ ਤਾਰਾ ਚੰਦ ਝੱਟ ਸਮਝ ਗਿਆ ਕਿ ਕੋਈ ਮਾਈ ਦਾ ਲਾਲ ਇਸ ਦਰਖ਼ਾਸਤ ਨੂੰ ਰੱਦ ਨਹੀਂ ਕਰ ਸਕਦਾ।

ਨੱਨੇ ਵੱਲੋਂ ਇਕ ਦਰਖ਼ਾਸਤ ਮਹੀਨਾ ਪਹਿਲਾਂ ਵੀ ਲਿਖੀ ਗਈ ਸੀ। ਉਹ ਦਰਖ਼ਾਸਤ ਤਾਰਾ ਚੰਦ ਨੇ ਚੀਫ਼ ਵਾਰਡਰ ਦੇ ਕਹਿਣ 'ਤੇ ਲਿਖੀ ਸੀ। ਉਹੋ ਘਿਸੇ-ਪਿਟੇ ਬਹਾਨੇ ਲਾਏ ਸਨ, "ਮੈਂ ਘਰ ਵਿਚ ਇਕੱਲਾ ਕਮਾਊ-ਪੁੱਤ ਹਾਂ। ਮੇਰੇ ਮਾਂ-ਬਾਪ ਬੁੱਢੇ ਹਨ। ਮੈਂ ਬੀਮਾਰ ਰਹਿੰਦਾ ਹਾਂ।" ਆਦਿ। ਹੁਣ ਤਾਰਾ ਚੰਦ ਨੂੰ ਸਮਝ ਆਈ। ਇਹ ਦਰਖ਼ਾਸਤ ਚੀਫ਼ ਨੇ ਨੱਨੇ ਲਈ ਨਹੀਂ, ਆਪਣੇ ਫ਼ਾਇਦੇ ਲਈ ਲਿਖਾਈ ਸੀ। ਨੱਨੇ ਕੋਲੋਂ ਉਸ ਨੇ ਪੰਜਾਹ ਰੁਪਏ ਬਟੋਰੇ ਸਨ। ਚਾਲੀ ਆਪ ਰੱਖੇ ਸਨ, ਦਸ ਤਾਰਾ ਚੰਦ ਨੂੰ ਦਿੱਤੇ ਸਨ।

ਤਾਹੀਉਂ ਪਿਛਲੀ ਵਾਰ ਨੱਨਾ ਤਾਰਾ ਚੰਦ ਦੇ ਹੱਥ ਵਿਚ ਕਾਗ਼ਜ਼ਾਂ ਵਾਲਾ ਲਿਫ਼ਾਫ਼ਾ ਫੜਿਆ ਦੇਖ ਕੇ ਭੜਕ ਉਠਿਆ ਸੀ, "ਤੁਸੀਂ ਇਸ ਮਾਸਟਰ ਨੂੰ ਫੇਰ ਫੜ ਲਿਆਂਦਾ। ਮੇਰੇ ਕੋਲ ਪੰਜਾਹ ਰੁਪਏ ਨਹੀਂ ਹਨ। ਤੁਸੀਂ ਸਾਰੇ ਚੋਰ ਹੋ। ਮੈਂ ਇਕ-ਇਕ ਕਰਕੇ ਮਸਾਂ ਪੰਜਾਹ ਰੁਪਏ ਜੋੜਦਾ ਹਾਂ। ਬਹਾਨੇ ਨਾਲ ਤੁਸੀਂ ਝੱਟ ਰੁਪਏ ਠੱਗ ਲੈਂਦੇ ਹੋ। ਮੈਨੂੰ ਪਤਾ ਹੈ, ਮੇਰੀ ਰਿਹਾਈ ਨਹੀਂ ਹੋਣੀ। ਮੈਨੂੰ ਰਿਹਾਈ ਦੀ ਜ਼ਰੂਰਤ ਨਹੀਂ।"

ਨੱਨੇ ਦੀ ਖੱਬੀ ਅੱਖ ਪੱਥਰ ਦੀ ਸੀ। ਉਸ ਪੱਥਰ ਉਪਰ ਨੱਨੇ ਦੇ ਗ਼ੁੱਸੇ ਦਾ ਕੋਈ ਅਸਰ ਨਾ ਹੋਇਆ। ਸਬੂਤੀ ਅੱਖ ਅੱਗ ਬਰਸਾਉਣ ਲੱਗੀ। ਕਿਸੇ ਲੜਾਈ ਵਿਚ ਨੱਨੇ ਦਾ ਮੱਥਾ ਜ਼ਖ਼ਮੀ ਹੋ ਗਿਆ ਸੀ। ਥਾਂ-ਥਾਂ ਟਾਂਕਿਆਂ ਨੇ ਸਥਾਈ ਤਿਊੜੀਆਂ ਦਾ ਰੂਪ ਧਾਰ ਰੱਖਿਆ ਸੀ। ਖ਼ੂਨ ਦੇ ਵਧੇ ਦੌਰੇ ਕਾਰਨ ਉਹ ਤਿਊੜੀਆਂ ਆਕੜ ਗਈਆਂ। ਟੁੱਟੇ ਜਬਾੜੇ ਦੀ ਕੰਪਨ ਨੇ ਉਸ ਦੀ ਸ਼ਕਲ ਨੂੰ ਹੋਰ ਡਰਾਉਣਾ ਬਣਾ ਦਿਤਾ।

"ਮੇਰੀ ਖ਼ੈਰ ਨਹੀਂ।" ਸੋਚਦੇ ਤਾਰਾ ਚੰਦ ਦੀਆਂ ਲੱਤਾਂ ਕੰਬਣ ਲੱਗੀਆਂ।

"ਭੈਣ ਦਿਆ ਯਾਰਾ, ਇਹ ਲੀਗਲ ਸੈੱਲ ਵਾਲੇ ਹਨ। ਕੋਈ ਪੈਸਾ ਨਹੀਂ ਲੈਣਗੇ। ਜਦੋਂ ਮੈਂ ਕੱਲ੍ਹ ਭਕਾਈ ਕੀਤੀ ਸੀ, ਉਦੋਂ ਤੂੰ ਕਿੱਥੇ ਸੀ?"

ਨੱਨੇ ਦੇ ਵਿਵਹਾਰ 'ਤੇ ਖਿਝਿਆ ਸਹਾਇਕ ਦਰੋਗ਼ਾ ਝਈ ਲੈ ਕੇ ਪਿਆ।

"ਕੋਈ ਨਹੀਂ। ਇਸ ਵਿਚ ਇਸ ਦਾ ਕੋਈ ਕਸੂਰ ਨਹੀਂ। ਦਰਖ਼ਾਸਤਾਂ ਦੇ ਵਾਰ-ਵਾਰ ਰੱਦ ਹੋਣ ਕਾਰਨ ਇਸ ਦਾ ਵਿਸ਼ਵਾਸ ਉਠਿਆ ਹੋਇਆ ਹੈ। ਮੈਂ ਆਪੇ ਸੰਭਾਲ ਲਵਾਂਗਾ।"

ਆਖਦੇ ਹਾਕਮ ਨੇ ਸਹਾਇਕ ਦਰੋਗੇ ਦੇ ਨੱਨੇ ਦੇ ਮੌਰਾਂ ਵੱਲ ਵਧਦੇ ਡੰਡੇ ਨੂੰ ਰੋਕ ਲਿਆ ਸੀ।

ਪਹਿਲਾਂ ਤਾਰਾ ਚੰਦ ਨੂੰ ਆਪਣੀ ਤੀਹ-ਤੀਹ ਰੁਪਏ ਰੋਜ਼ ਦੀ ਕਮਾਈ 'ਤੇ ਖ਼ੁਸ਼ੀ ਹੁੰਦੀ ਸੀ। ਉਸ ਦਿਨ ਤੋਂ ਉਸ ਨੂੰ ਅਜਿਹੀ ਕਮਾਈ ਤੋਂ ਗਲਿਆਨੀ ਹੋਣ ਲੱਗੀ ਸੀ।

ਅੱਜ ਮਾੜੇ-ਧੀੜਿਆਂ ਦੀ ਬੈਰਕ ਵੱਲ ਜਾਂਦਾ ਤਾਰਾ ਚੰਦ ਡਰ ਰਿਹਾ ਸੀ। ਕਿਧਰੇ ਕਿਸੇ ਹੋਰ ਨੱਨੇ ਨਾਲ ਵਾਹ ਨਾ ਪੈ ਜਾਵੇ। ਉਂਝ ਅੱਜ ਉਹ ਜੇਬ ਵਿਚ ਕੁਝ ਰੁਪਏ ਪਾ ਕੇ ਲਿਆਇਆ ਸੀ। ਨਵੇਂ ਨੱਨੇ ਨਾਲ ਵਾਹ ਪੈਣ 'ਤੇ ਪੈਸੇ ਵਾਪਸ ਕਰਨ ਦਾ ਮਨ ਬਣਾ ਕੇ ਆਇਆ ਸੀ।

ਦੂਜੀ ਦਰਖ਼ਾਸਤ ਝੋਟਿਆਂ ਦੇ ਭੇੜ ਵਿਚ ਆਏ ਰਾਮੂ ਚਾਹ ਵਾਲੇ ਅਤੇ ਲੰਬੂ ਰਿਕਸ਼ੇ ਵਾਲੇ ਦੀ ਸੀ।

ਇਕ ਸਾਲ ਪਹਿਲਾਂ ਰਾਮਾ ਨੰਦ ਹਸਪਤਾਲ ਦੇ ਪੈਰਾ-ਮੈਡੀਕਲ ਸਟਾਫ਼ ਨੇ ਹੜਤਾਲ ਕੀਤੀ ਸੀ। ਸਟਾਫ਼ ਦਾ ਕਹਿਣਾ ਸੀ ਕਿ ਹਸਪਤਾਲ ਦੀ ਤਰੱਕੀ ਵਿਚ ਉਹਨਾਂ ਦਾ ਯੋਗਦਾਨ ਵੀ ਓਨਾ



ਹੀ ਹੈ ਜਿੰਨਾ ਡਾਕਟਰਾਂ ਦਾ। ਡਾਕਟਰਾਂ ਵਾਂਗ ਉਹਨਾਂ ਤੋਂ ਕੁਆਰਟਰਾਂ ਦੇ ਕਿਰਾਏ ਨਾ ਲਏ ਜਾਣ, ਬਿਜਲੀ ਪਾਣੀ ਮੁਫ਼ਤ ਦਿੱਤੀ ਜਾਵੇ। ਸਟਾਫ਼ ਦੇ ਪਰਿਵਾਰ ਦੇ ਮੈਂਬਰਾਂ ਨੂੰ ਡਾਕਟਰੀ ਸਹਾਇਤਾ ਮੁਫ਼ਤ ਦਿੱਤੀ ਜਾਵੇ। ਡਾਕਟਰਾਂ ਵਾਂਗ ਉਹਨਾਂ ਨੂੰ ਹਸਪਤਾਲ ਵਿਚ ਹੁੰਦੇ ਟੈਸਟਾਂ ਵਿਚੋਂ ਕਮਿਸ਼ਨ ਦਿੱਤਾ ਜਾਵੇ।

ਮੈਨੇਜਮੈਂਟ ਕਹਿੰਦੀ ਸੀ ਕਿ ਸਟਾਫ਼ ਆਪਣੀ ਔਕਾਤ ਨੂੰ ਪਹਿਚਾਣੇ। ਕੁੱਤਾ ਜੇ ਗੱਡੇ ਹੇਠ ਵੜ ਜਾਵੇ ਤਾਂ ਇਸ ਦਾ ਮਤਲਬ ਇਹ ਨਹੀਂ ਹੁੰਦਾ ਕਿ ਗੱਡਾ ਉਸੇ ਦੇ ਸਹਾਰੇ ਚੱਲ ਰਿਹਾ ਹੈ। ਜੇ ਦਿੱਲੀ ਦੱਖਣ ਤੋਂ ਮਰੀਜ਼ ਇਸ ਹਸਪਤਾਲ ਵਿਚ ਇਲਾਜ ਕਰਾਉਣ ਆਉਂਦੇ ਹਨ ਤਾਂ ਇਸ ਦਾ ਕਾਰਨ ਸਟਾਫ਼ ਦੀ ਕਾਬਲੀਅਤ ਨਹੀਂ, ਡਾਕਟਰਾਂ ਦੀ ਮੁਹਾਰਤ ਹੈ। ਸਟਾਫ਼ ਵਾਲੇ ਦੂਜੇ ਪ੍ਰਾਈਵੇਟ ਹਸਪਤਾਲ ਦੇ ਸਟਾਫ਼ ਨੂੰ ਮਿਲਦੀਆਂ ਸਹੂਲਤਾਂ 'ਤੇ ਨਜ਼ਰ ਮਾਰਨ। ਉਹਨਾਂ ਦੀਆਂ ਤਨਖ਼ਾਹਾਂ ਅੱਧੀਆਂ ਹਨ, ਕੰਮ ਕਰਨ ਦੇ ਘੰਟੇ ਡੂਡੇ। ਜੇ ਸਿਰ ਦੁਖਦੇ ਦੀ ਗੋਲੀ ਖਾਣੀ ਪਵੇ ਤਾਂ ਉਹਨਾਂ ਨੂੰ ਪੂਰੀ ਕੀਮਤ ਚੁਕਾਉਣੀ ਪੈਂਦੀ ਹੈ। ਸਟਾਫ਼ ਚੁੱਪ ਕਰ ਕੇ ਮੌਜਾਂ ਮਾਣਦਾ ਰਹੇ।

ਤਕਰਾਰ ਵਧਦਾ-ਵਧਦਾ ਹੜਤਾਲ ਤਕ ਪੁੱਜ ਗਿਆ। ਹੜਤਾਲ ਦਾ ਅਸਰ ਹਸਪਤਾਲ ਦੀ ਆਮਦਨ ਅਤੇ ਮਸ਼ਹੂਰੀ ਉੱਪਰ ਹੋਣ ਲੱਗਾ। ਨਵੇਂ ਮਰੀਜ਼ ਆਉਣੋਂ ਹਟ ਗਏ। ਪੁਰਾਣੇ ਹੋਰ ਹਸਪਤਾਲਾਂ ਵਿਚ ਜਾਣ ਦੀ ਸੋਚਣ ਲੱਗੇ। ਮੌਕਾ ਸੰਭਾਲਣ ਦੇ ਇਰਾਦੇ ਨਾਲ ਮੈਨੇਜਮੈਂਟ ਝੁਕਣ ਲੱਗੀ। ਕੁਝ ਮੰਗਾਂ ਮੰਨਣ ਲਈ ਸਹਿਮਤ ਹੋਣ ਲੱਗੀ। ਯੂਨੀਅਨ ਦੇ ਅਨਾੜੀ ਨੇਤਾ ਚਾਂਭਲ ਗਏ। ਕਹਿੰਦੇ ਪੂਰੀਆਂ ਮੰਗਾਂ ਮੰਨਵਾ ਕੇ ਹੜਤਾਲ ਵਾਪਸ ਲਵਾਂਗੇ।

ਮੈਨੇਜਮੈਂਟ ਨੂੰ ਸਹੇ ਨਾਲੋਂ ਪਹੇ ਦਾ ਫ਼ਿਕਰ ਹੋਣ ਲੱਗਾ। ਇੰਝ ਯੂਨੀਅਨ ਤਕੜੀ ਹੋ ਜਾਵੇਗੀ। ਆਏ ਦਿਨ ਧਮਕੀਆਂ ਦਿਆ ਕਰੇਗੀ। ਸੂਲਾਂ ਦੇ ਜੰਮਦੀਆਂ ਦੇ ਮੂੰਹ ਮੋੜ ਦੇਣੇ ਚਾਹੀਦੇ ਹਨ। ਸੋਚ ਕੇ ਮੈਨੇਜਮੈਂਟ ਨੇ ਉੱਚ ਪੁਲਿਸ ਅਧਿਕਾਰੀਆਂ ਨਾਲ ਗੱਲ ਕੀਤੀ, "ਅਸੀਂ ਤੁਹਾਡੇ ਕੁੱਤੇ-ਬਿੱਲੀਆਂ ਤਕ ਦਾ ਮੁਫ਼ਤ ਇਲਾਜ ਕਰਦੇ ਹਾਂ। ਹੁਣ ਸਾਨੂੰ ਲੋੜ ਪਈ ਹੈ। ਸਾਡੀ ਮਦਦ ਕਰੋ।"

ਖਾਧੇ ਨਮਕ ਦਾ ਬਦਲਾ ਚੁਕਾਉਣ ਲਈ ਪੁਲਿਸ ਹਰਕਤ ਵਿਚ ਆ ਗਈ। ਧਰਨੇ 'ਤੇ ਬੈਠੇ ਨੇਤਾਵਾਂ ਨੂੰ ਜਬਰੀ ਚੁੱਕਣ ਅਤੇ ਜੇਲ੍ਹਾਂ ਵਿਚ ਸੁੱਟਣ ਦੀ ਯੋਜਨਾ ਬਣ ਗਈ। ਪੁਲਿਸ ਦੇ ਇਸ ਮਨਸੂਬੇ ਦੀ ਭਿਣਕ ਯੂਨੀਅਨ ਵਾਲਿਆਂ ਨੂੰ ਪੈ ਗਈ। ਉਹਨਾਂ ਨੇ ਪੁਲਿਸ ਦਾ ਡਟ ਕੇ ਮੁਕਾਬਲਾ ਕਰਨ ਦਾ ਮਨ ਬਣਾ ਲਿਆ।

ਪੁਲਿਸ ਨੂੰ ਇੰਨੀ ਉਮੀਦ ਨਹੀਂ ਸੀ। ਡਿਪਟੀ ਦੀ ਕਮਾਂਡ ਹੇਠ ਇਕ ਛੋਟੀ ਜਿਹੀ ਪੁਲਿਸ ਟੁਕੜੀ ਧਰਨਾ ਉਠਾਉਣ ਗਈ ਸੀ। ਨੇਤਾਵਾਂ ਨਾਲ ਖਿੱਚ-ਧੂਹ ਕਰਦੀ ਪੁਲਿਸ ਨੂੰ ਲੁਕ ਕੇ ਬੈਠੇ ਵਰਕਰ ਪੈ ਨਿਕਲੇ। ਹੱਥੋ-ਪਾਈ ਵਿਚ ਕੁਝ ਪੁਲਿਸ ਵਾਲਿਆਂ ਦੀਆਂ ਪੱਗਾਂ ਲਹਿ ਗਈਆਂ, ਕੁਝ ਨੂੰ ਝਰੀਟਾਂ ਵੱਜੀਆਂ। ਡਿਪਟੀ ਦਰੀ ਵਿਚ ਫਸ ਕੇ ਜ਼ਮੀਨ 'ਤੇ ਡਿੱਗ ਪਿਆ। ਸਰੀਰ ਭਾਰਾ ਹੋਣ ਕਾਰਨ ਖੜਾ ਹੋਣ ਨੂੰ ਦੇਰ ਲੱਗ ਗਈ। ਇੰਨੇ ਵਿਚ ਪੱਤਰਕਾਰਾਂ ਨੇ ਉਸ ਦੀ ਡਿੱਗੇ ਹੋਏ ਦੀ ਫ਼ੋਟੋ ਖਿੱਚ ਲਈ। ਇਕ ਨਰਸ ਨੇ ਇਕ ਲੇਡੀ ਕਾਂਸਟੇਬਲ ਦੀ ਗੁੱਤ ਫੜ ਲਈ। ਇਕ ਚੁਸਤ ਕੈਮਰਾਮੈਨ ਨੇ ਉਹ ਦ੍ਰਿਸ਼ ਵੀ ਕੈਮਰੇ ਵਿਚ ਕੈਦ ਕਰ ਲਿਆ।

ਵੱਧ ਗ਼ੁੱਸਾ ਪੁਲਿਸ ਨੂੰ ਖ਼ਾਲੀ ਹੱਥ ਮੁੜਨ 'ਤੇ ਚੜ੍ਹਿਆ।

ਉੱਚ ਅਧਿਕਾਰੀਆਂ ਨੇ ਫੇਰ ਮੀਟਿੰਗ ਕੀਤੀ। "ਬੇਇੱਜ਼ਤੀ ਦਾ ਤੁਰੰਤ ਬਦਲਾ ਲਿਆ ਜਾਵੇ।

ਪੁਲਿਸ ਨੂੰ ਹੱਥ ਪਾਉਣ ਵਾਲੇ ਵਰਕਰਾਂ ਦੇ ਨਾਲ-ਨਾਲ ਪੱਤਰਕਾਰਾਂ ਨੂੰ ਸਬਕ ਸਿਖਾਇਆ ਜਾਵੇ।" ਇਹ ਫ਼ੈਸਲਾ ਲਿਆ ਗਿਆ।

ਸਾਰੇ ਜ਼ਿਲ੍ਹੇ ਦੀ ਪੁਲਿਸ ਇਕੱਠੀ ਕੀਤੀ ਗਈ। ਹਸਪਤਾਲ ਨੂੰ ਚਾਰੇ ਪਾਸਿਆਂ ਤੋਂ ਘੇਰਿਆ ਗਿਆ। ਫੇਰ ਹਸਪਤਾਲ 'ਤੇ ਇਉਂ ਹਮਲਾ ਹੋਇਆ ਜਿਵੇਂ ਦੁਸ਼ਮਣ ਦੇ ਕਿਲ੍ਹੇ 'ਤੇ ਹੁੰਦਾ ਹੈ। ਰਸਤੇ ਵਿਚ ਰਾਹਗੀਰ, ਵਿਦਿਆਰਥੀ, ਮਰੀਜ਼ ਜਾਂ ਰਿਕਸ਼ੇ ਰੇਹੜੀ ਵਾਲਾ ਜੋ ਮਿਲਿਆ, ਉਸ ਨੂੰ ਕੁਟਾਪਾ ਚਾੜ੍ਹਿਆ ਗਿਆ। ਰੇਹੜੀਆਂ, ਰਿਕਸ਼ਿਆਂ, ਕਾਰਾਂ ਅਤੇ ਸਕੂਟਰਾਂ ਦੀ ਭੰਨ-ਤੋੜ ਕੀਤੀ ਗਈ।

ਟਿੱਡੀ ਦਲ ਵਾਂਗ ਚੜ੍ਹੀ ਆਉਂਦੀ ਪੁਲਿਸ ਨੂੰ ਦੇਖ ਕੇ ਵਰਕਰਾਂ ਵਿਚ ਭਗਦੜ ਮੱਚ ਗਈ। ਜਾਨ ਬਚਾਉਣ ਲਈ ਕੋਈ ਫ਼ਲੱਸ਼ ਵਿਚ ਵੜ ਗਿਆ, ਕੋਈ ਕਾਊਂਟਰ ਹੇਠ ਛੁਪ ਗਿਆ। ਪੁਲਿਸ ਨੇ ਦਰਵਾਜ਼ੇ ਖਿੜਕੀਆਂ ਤੋੜ ਕੇ ਸਭ ਨੂੰ ਬਾਹਰ ਕੱਢ ਲਿਆ। ਮਾਰ-ਕੁਟਾਈ ਤੋਂ ਬਚਣ ਲਈ ਕੁਝ ਵਰਕਰ ਛੱਤ 'ਤੇ ਜਾ ਚੜ੍ਹੇ ਅਤੇ ਕੁਝ ਦਰੱਖ਼ਤਾਂ 'ਤੇ। ਪੁਲਿਸ ਨੂੰ ਛੱਤ 'ਤੇ ਚੜ੍ਹਦੀ ਦੇਖ ਕੇ ਕੁਝ ਨੇ ਛੱਤਾਂ ਤੋਂ ਛਾਲਾਂ ਮਾਰ ਦਿੱਤੀਆਂ। ਕੋਈ ਬਿਜਲੀ ਦੀਆਂ ਤਾਰਾਂ ਵਿਚ ਫਸ ਗਿਆ, ਕੋਈ ਰੌਸ਼ਨਦਾਨ ਵਿਚ। ਪੱਤਰਕਾਰਾਂ ਨੇ ਫੇਰ ਪਹਿਲ ਕੀਤੀ। ਛੱਤਾਂ ਤੋਂ ਛਾਲਾਂ ਮਾਰਦੇ, ਤਾਰਾਂ 'ਚ ਫਸੇ ਅਤੇ ਪੁਲਿਸ ਦੇ ਡੰਡੇ ਖਾਂਦੇ ਲੋਕਾਂ ਦੀਆਂ ਤਸਵੀਰਾਂ ਖਿੱਚ ਲਈਆਂ।

ਹੱਥ ਆਏ ਲੋਕਾਂ ਨੂੰ ਪਹਿਲਾਂ ਪੁਲਿਸ ਨੇ ਹਸਪਤਾਲ ਵਿਚ ਕੁੱਟਿਆ। ਫੇਰ ਉਹਨਾਂ ਵਰਕਰਾਂ ਦੀ ਸ਼ਨਾਖ਼ਤ ਕੀਤੀ ਗਈ, ਜਿਨ੍ਹਾਂ ਨੇ ਪੁਲਿਸ ਦੀ ਦਾੜ੍ਹੀ ਪੁੱਟੀ ਸੀ। ਥਾਣੇ ਉਹਨਾਂ ਨੂੰ ਮੁੜ ਬੇਇੱਜ਼ਤ ਕੀਤਾ ਗਿਆ। ਫੇਰ ਪੁਲਿਸ ਨੂੰ ਆਪਣੀ ਡਿਊਟੀ ਕਰਨ ਤੋਂ ਰੋਕਣ ਅਤੇ ਸਰਕਾਰੀ ਕਰਮਚਾਰੀਆਂ ਉਪਰ ਜਾਨਲੇਵਾ ਹਮਲਾ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਕੇ ਉਹਨਾਂ ਨੂੰ ਜੇਲ੍ਹ ਭੇਜਿਆ ਗਿਆ।

ਫੱਟੜ ਹੋਣ ਕਾਰਨ ਕੁਝ ਵਰਕਰਾਂ ਨੂੰ ਹਸਪਤਾਲਾਂ ਵਿਚ ਦਾਖ਼ਲ ਹੋਣਾ ਪਿਆ। ਕੁਝ ਜੇਲ੍ਹ ਪੁੱਜ ਗਏ। ਦਹਿਸ਼ਤ ਕਾਰਨ ਬਾਕੀ ਭੂਮੀਗਤ ਹੋ ਗਏ। ਹੜਤਾਲ ਅਸਫ਼ਲ ਹੋ ਗਈ। ਆਰਜ਼ੀ ਵਰਕਰ ਕੰਮ 'ਤੇ ਮੁੜਨ ਲੱਗੇ।

ਅਗਲੇ ਹੀ ਦਿਨ ਮੈਨੇਜਮੈਂਟ ਦੀ ਖ਼ੁਸ਼ੀ ਗ਼ਮ ਵਿਚ ਬਦਲ ਗਈ। ਅਖ਼ਬਾਰਾਂ ਵਾਲਿਆਂ ਨੇ ਬਣੀ-ਬਣਾਈ ਖੇਡ ਵਿਗਾੜ ਦਿੱਤੀ। ਪੁਲਿਸ ਵੱਲੋਂ ਵਰਕਰਾਂ ਉਪਰ ਹੋਏ ਅੱਤਿਆਚਾਰ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਛਪ ਗਈਆਂ। ਸਾਰੇ ਦੇਸ਼ ਵਿਚ ਹਾਹਾਕਾਰ ਮੱਚ ਗਈ। ਕਿਸੇ ਤਸਵੀਰ ਵਿਚ ਕਿਸੇ ਔਰਤ ਵਰਕਰ ਨੂੰ ਨੰਗਾ ਕੀਤਾ ਜਾ ਰਿਹਾ ਸੀ, ਕਿਸੇ ਵਿਚ ਬੂਟਾਂ ਹੇਠ ਲਤਾੜਿਆ ਜਾ ਰਿਹਾ ਸੀ। ਪੱਤਰਕਾਰਾਂ ਨੇ ਉਹਨਾਂ ਫੱਟੜ ਲੋਕਾਂ ਦੇ ਨਾਂ-ਪਤੇ ਵੀ ਛਾਪੇ, ਜਿਨ੍ਹਾਂ ਦਾ ਨਾਂ ਸਟਾਫ਼ ਨਾਲ ਕੋਈ ਸੰਬੰਧ ਸੀ, ਨਾ ਮੈਨੇਜਮੈਂਟ ਨਾਲ।

ਮਨੁੱਖੀ ਅਧਿਕਾਰ ਸੰਸਥਾਵਾਂ ਨੇ ਜਦੋਂ ਇਹ ਮਾਮਲਾ ਉਠਾਇਆ ਤਾਂ ਮੈਨੇਜਮੈਂਟ ਦੇ ਨਾਲ ਪੁਲਿਸ ਵੀ ਮੋਮ ਵਾਂਗ ਨਰਮ ਹੋ ਗਈ। ਸਰਕਾਰ ਦੀ ਹਦਾਇਤ 'ਤੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸ਼ਹਿਰ ਦੇ ਪਤਵੰਤਿਆਂ ਨੇ ਦਖ਼ਲ ਦਿੱਤਾ। ਦੋ ਮੀਟਿੰਗਾਂ ਵਿਚ ਸਮਝੌਤਾ ਹੋ ਗਿਆ। 'ਜੋ ਮਿਲਿਆ ਉਹੋ ਗ਼ਨੀਮਤ' ਸਮਝ ਕੇ ਵਰਕਰ ਕੰਮ 'ਤੇ ਆਉਣ ਲਈ ਰਾਜ਼ੀ ਹੋ ਗਏ।

ਹੜਤਾਲ ਕਾਰਨ ਹਸਪਤਾਲ ਛੱਡ ਕੇ ਗਏ ਮਰੀਜ਼ਾਂ ਦੇ ਮੁੜਨ ਦੀ ਰਫ਼ਤਾਰ ਤੇਜ਼ ਹੋ ਗਈ, ਪਰ ਵਰਕਰਾਂ ਦੇ ਕੰਮ 'ਤੇ ਮੁੜਨ ਦੀ ਰਫ਼ਤਾਰ ਮੱਠੀ ਰਹੀ। ਮੈਨੇਜਮੈਂਟ ਨੂੰ ਫ਼ਿਕਰ ਹੋਇਆ, ਪੂਰੇ ਸਟਾਫ਼ ਬਿਨਾਂ ਹਸਪਤਾਲ ਕਿਸ ਤਰ੍ਹਾਂ ਚੱਲੇਗਾ ? ਭੂਮੀਗਤ ਨੇਤਾਵਾਂ ਨੂੰ ਫ਼ਿਕਰ ਹੋਇਆ ਕਿ ਆਪਣੇ ਨੇਤਾਵਾਂ ਨੂੰ ਜੇਲ੍ਹਾਂ ਵਿਚ ਸੜਦੇ ਛੱਡ ਕੇ ਕਿਹੜੇ ਮੂੰਹ ਉਹ ਕੰਮ 'ਤੇ ਮੁੜਨਗੇ।



ਮੈਨੇਜਮੈਂਟ ਅਤੇ ਵਰਕਰਾਂ ਵਿਚਕਾਰ ਇਕ ਵਾਰ ਫੇਰ ਮੀਟਿੰਗ ਹੋਈ। ਮੈਨੇਜਮੈਂਟ ਨੇ ਵਾਅਦਾ ਕੀਤਾ ਕਿ ਉਹ ਤੁਰੰਤ ਜੇਲ੍ਹ ਬੈਠੇ ਵਰਕਰਾਂ ਨੂੰ ਛੁਡਾਏਗੀ।

ਪੁਲਿਸ ਅਧਿਕਾਰੀਆਂ ਦਾ ਗ਼ੁੱਸਾ ਹਾਲੇ ਠੰਢਾ ਨਹੀਂ ਸੀ ਹੋਇਆ। ਵਰਕਰਾਂ ਹੱਥੋਂ ਕੁੱਟ ਖਾਂਦੀ ਪੁਲਿਸ ਦੀਆਂ ਤਸਵੀਰਾਂ ਲਗਭਗ ਹਰ ਅਖ਼ਬਾਰ ਨੇ ਵੱਡੇ-ਵੱਡੇ ਹਾਸ਼ੀਏ ਲਾ ਕੇ ਛਾਪੀਆਂ ਸਨ। ਲੋਕਾਂ ਦੀ ਯਾਦਾਸ਼ਤ ਹਾਲੇ ਮੱਠੀ ਨਹੀਂ ਸੀ ਪਈ। ਵਰਕਰਾਂ ਦੀ ਝਟਪਟ ਰਿਹਾਈ ਕਰਵਾ ਕੇ ਪੁਲਿਸ ਆਪਣੇ ਮੁਲਾਜ਼ਮਾਂ ਦਾ ਮਨੋਬਲ ਡੇਗਣ ਲਈ ਤਿਆਰ ਨਹੀਂ ਸੀ।

ਪੁਲਿਸ ਕੇਸ ਵਾਪਸ ਲੈਣ ਤੋਂ ਆਨਾ-ਕਾਨੀ ਕਰਨ ਲੱਗੀ।

ਖਿਝੀ ਮੈਨੇਜਮੈਂਟ ਨੇ ਮੁੱਖ ਮੰਤਰੀ ਨਾਲ ਗੱਲ ਕੀਤੀ।

ਮੁੱਖ ਮੰਤਰੀ ਦੀ ਹਦਾਇਤ 'ਤੇ ਪੁਲਿਸ ਅਤੇ ਮੈਨੇਜਮੈਂਟ ਵਿਚਕਾਰ ਇਕ ਵਾਰ ਫੇਰ ਮੀਟਿੰਗ ਹੋਈ। ਮੈਨੇਜਮੈਂਟ ਨੇ ਪੁਲਿਸ ਨੂੰ ਯਕੀਨ ਦਿਵਾਇਆ, "ਸ਼ਰਾਰਤੀ ਅਨਸਰ ਸਾਡੀਆਂ ਅੱਖਾਂ ਵਿਚ ਵੀ ਰੜਕਦੇ ਹਨ। ਅਸੀਂ ਮੌਕਾ ਸੰਭਾਲਣਾ ਹੈ। ਹਾਲਾਤ ਠੀਕ ਹੁੰਦਿਆਂ ਹੀ ਸਭ ਨਾਲ ਨਜਿੱਠਣਾ ਹੈ। ਤੁਸੀਂ ਕੁਝ ਮਹੀਨੇ ਲਈ ਮਿਸਲ ਨੂੰ ਠੰਢੇ ਬਸਤੇ ਵਿਚ ਪਾ ਦੇਵੋ। ਫੇਰ ਭਾਵੇਂ ਦੋਸ਼-ਪੱਤਰ ਤਿਆਰ ਕਰ ਕੇ ਅਦਾਲਤ ਵਿਚ ਦੇ ਦੇਣਾ। ਮੈਨੇਜਮੈਂਟ ਕੋਈ ਗਿਲਾ ਕਰਨ ਦੀ ਥਾਂ ਤੁਹਾਡਾ ਸਾਥ ਦੇਵੇਗੀ।"

ਸੋਚ ਵਿਚਾਰ ਬਾਅਦ ਇਕ ਰਾਹ ਲੱਭਿਆ ਗਿਆ। ਗ਼ਲਤੀ ਨਾਲ ਪੁਲਿਸ ਨੇ ਕੁਝ ਆਮ ਲੋਕਾਂ ਨੂੰ ਫੜ ਰੱਖਿਆ ਸੀ। ਆਪਣਾ ਵੱਕਾਰ ਰੱਖਣ ਲਈ ਪੁਲਿਸ ਉਹਨਾਂ ਵਿਰੁੱਧ ਆਪਣਾ ਸਕੰਜਾ ਕੱਸੀ ਰੱਖੇਗੀ। ਵਰਕਰ ਰਿਹਾਅ ਹੋਣ, ਇਸ ਲਈ ਗਵਾਹਾਂ ਦੇ ਬਿਆਨਾਂ ਵਿਚ ਰੱਦੋ-ਬਦਲ ਕਰੇਗੀ।

ਮੈਨੇਜਮੈਂਟ ਨੇ ਗਵਾਹਾਂ ਨਾਲ ਸੰਪਰਕ ਕੀਤਾ। ਉਹਨਾਂ ਤੋਂ ਹਲਫ਼ੀਆ ਬਿਆਨ ਲਏ, "ਵਾਰਦਾਤ ਸਮੇਂ ਉਹ ਮੌਕੇ 'ਤੇ ਹਾਜ਼ਰ ਨਹੀਂ ਸਨ।"

ਮੈਨੇਜਮੈਂਟ ਨੇ ਵਕੀਲ ਨੂੰ ਹਦਾਇਤ ਕੀਤੀ, "ਤੁਸੀਂ ਯੂਨੀਅਨ ਦੇ ਵਕੀਲਾਂ ਦੀ ਮਦਦ ਕਰੋ। ਵੱਧ ਤੋਂ ਵੱਧ ਵਰਕਰ ਰਿਹਾਅ ਕਰਾਓ।"

ਯੋਜਨਾ ਸਿਰੇ ਚੜ੍ਹਨ ਲੱਗੀ। ਇਕ-ਇਕ ਕਰ ਕੇ ਵਰਕਰ ਰਿਹਾਅ ਹੋਣ ਲੱਗੇ।

ਪਹਿਲਾਂ ਯੂਨੀਅਨ ਵਾਲਿਆਂ ਨੇ ਆਮ ਲੋਕਾਂ ਨੂੰ ਯਕੀਨ ਦਿਵਾਇਆ ਸੀ ਕਿ ਉਹਨਾਂ ਦਾ ਮੁਕੱਦਮਾ ਮੁਫ਼ਤ ਵਿਚ ਲੜਿਆ ਜਾਵੇਗਾ।

ਬਦਲੇ ਹਾਲਾਤਾਂ ਵਿਚ ਯੂਨੀਅਨ ਨੂੰ ਉਹਨਾਂ ਦਾ ਖ਼ਿਆਲ ਭੁੱਲ ਗਿਆ।

ਰਿਕਸ਼ੇ ਰੇਹੜੀਆਂ ਵਾਲੇ ਯੂਨੀਅਨ ਦੇ ਮੈਂਬਰ ਨਹੀਂ ਸਨ। ਮੁਕੱਦਮੇ ਦੀ ਪੈਰਵਾਈ ਲਈ ਵਕੀਲ ਉਹਨਾਂ ਕੋਲੋਂ ਫ਼ੀਸਾਂ ਮੰਗਣ ਲੱਗੇ।

ਜਿਨ੍ਹਾਂ ਦਾ ਹੱਥ ਸੁਖਾਲਾ ਸੀ, ਉਹਨਾਂ ਨੇ ਆਪਣੇ ਵਕੀਲ ਖੜ੍ਹੇ ਕੀਤੇ, ਜ਼ਮਾਨਤਾਂ ਭਰੀਆਂ ਅਤੇ ਰਿਹਾਅ ਹੋ ਗਏ।

ਪਿੱਛੇ ਰਹਿ ਗਏ ਲੰਬੂ ਅਤੇ ਰਾਮੂ ਵਰਗੇ ਮਲੰਗ।

ਰਾਮੂ ਰਿਕਸ਼ਾ ਚਲਾਉਂਦਾ ਸੀ। ਸਵਾਰੀ ਦੀ ਉਡੀਕ ਹਸਪਤਾਲ ਦੇ ਬਾਹਰ ਖੜ੍ਹ ਕੇ ਕਰਦਾ ਸੀ। ਉਸ ਅਭਾਗੇ ਦਿਨ ਉਹ ਮਰੀਜ਼ ਦਾ ਸਾਮਾਨ ਲੈਣ ਹਸਪਤਾਲ ਅੰਦਰ ਚਲਿਆ ਗਿਆ ਸੀ। ਰਸਤੇ ਵਿਚ ਹੀ ਮਾਂਜਿਆ ਗਿਆ।

ਲੰਬੂ ਹਸਪਤਾਲ ਦੇ ਬਾਹਰ ਇਕ ਦਰੱਖ਼ਤ ਹੇਠ ਚਾਹ ਦੀ ਰੇਹੜੀ ਲਾਉਂਦਾ ਸੀ। ਦਰਿਆ ਦੇ ਤੇਜ਼ ਵਹਾਅ ਵਾਂਗ ਆਈ ਪੁਲਿਸ ਦੀ ਲਪੇਟ ਵਿਚ ਉਸ ਦੀ ਰੇਹੜੀ ਆ ਗਈ ਸੀ। ਪੁਲਿਸ ਨੇ ਉਸ ਦੀ ਰੇਹੜੀ ਦਾ ਵੀ ਕਬਾੜ ਬਣਾ ਦਿੱਤਾ ਅਤੇ ਉਸ ਦੇ ਸਰੀਰ ਦਾ ਵੀ।

ਦੋ ਦਿਨ ਕਰਫ਼ਿਊ ਵਰਗੇ ਹਾਲਾਤ ਬਣੇ ਰਹੇ। ਜਿਥੇ ਜਿਸ ਦੀ ਪੱਗ ਪਈ ਸੀ, ਪਈ ਰਹੀ। ਜਿਥੇ ਕਿਸੇ ਦੀ ਜੁੱਤੀ ਲਟਕੀ ਸੀ, ਲਟਕੀ ਰਹੀ। ਲੰਬੂ ਦੀ ਟੁੱਟੀ ਰੇਹੜੀ ਅਤੇ ਰਾਮੂ ਦੇ ਰਿਕਸ਼ੇ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਛਪੀਆਂ ਸਨ। ਉਹਲਾਂ ਦੀ ਢਾਰਸ ਬੱਝੀ ਕਿ ਸਾਮਾਨ ਸੁਰੱਖਿਅਤ ਹੈ।

ਕੁਝ ਦਿਨਾਂ ਬਾਅਦ ਕਾਰਪੋਰੇਸ਼ਨ ਵਾਲੇ ਆਏ ਅਤੇ ਲਾਵਾਰਸ ਸਾਮਾਨ ਚੁੱਕ ਕੇ ਲੈ ਗਏ। ਰਾਮੂ ਨੇ ਰਿਕਸ਼ਾ ਕਿਰਾਏ 'ਤੇ ਲਿਆ ਹੋਇਆ ਸੀ। ਮਾਲਕ ਕਮੇਟੀ ਗਿਆ, ਜੁਰਮਾਨਾ ਭਰਿਆ ਅਤੇ ਰਿਕਸ਼ਾ ਛੁਡਾ ਲਿਆਇਆ। ਫੇਰ ਉਹ ਮੁਲਾਕਾਤ ਲਈ ਜੇਲ੍ਹ ਆਇਆ। ਰਾਮੂ ਦੇ ਪੰਜ ਸੌ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਸਨ। ਉਹ ਕੱਟ ਕੇ ਰਾਮੂ ਵੱਲ ਪੰਜ ਸੌ ਹੋਰ ਕੱਢਿਆ। ਪਰਨੋਟ 'ਤੇ ਦਸਤਖ਼ਤ ਕਰਾਏ ਅਤੇ ਚਲਾ ਗਿਆ।

ਲੰਬੂ ਉਸ ਨਾਲੋਂ ਖ਼ੁਸ਼ਕਿਸਮਤ ਸੀ। ਰੇਹੜੀ ਉਸ ਦੀ ਆਪਣੀ ਸੀ। ਅੱਠ ਸਾਲਾਂ ਦੀ ਮਿਹਨਤ ਬਾਅਦ ਮਸਾਂ ਬਣਾਈ ਸੀ। ਸਟੋਵ, ਪਤੀਲਾ ਅਤੇ ਹੋਰ ਨਿੱਕ-ਸੁੱਕ ਉਸ ਨੇ ਕਿਸ਼ਤਾਂ 'ਤੇ ਲਿਆ ਹੋਇਆ ਸੀ। ਲੰਬੂ ਦੇ ਸਾਥੀ ਰੇਹੜੀ ਛੁਡਾਉਣ ਕਮੇਟੀ ਗਏ। ਜੁਰਮਾਨੇ ਦੀ ਰਕਮ ਰੇਹੜੀ ਦੇ ਕਬਾੜ ਨਾਲੋਂ ਵੱਧ ਬਣਦੀ ਸੀ। ਬਾਕੀ ਦਾ ਸਾਮਾਨ ਉਥੇ ਜਮ੍ਹਾਂ ਨਹੀਂ ਸੀ। ਸਬਰ ਦਾ ਘੁੱਟ ਭਰ ਕੇ ਉਹ ਵਾਪਸ ਆ ਗਏ।

ਪੇਸ਼ੀ ਭੁਗਤਣ ਗਏ ਲੰਬੂ ਦਾ ਮਾਲਕ ਕਚਹਿਰੀ ਮਿਲਣ ਆਇਆ। ਹਿਸਾਬ-ਕਿਤਾਬ ਕਰ ਕੇ ਦੋ ਹਜ਼ਾਰ ਉਸ ਵੱਲ ਕੱਢ ਗਿਆ।

ਰਾਮੂ ਅਤੇ ਲੰਬੂ ਵਰਗੇ ਉਹਨਾਂ ਦੇ ਸਾਥੀ ਸਨ। ਦਸ-ਦਸ, ਵੀਹ-ਵੀਹ ਫੜ ਕੇ ਪਹਿਲਾਂ ਦੋ-ਤਿੰਨ ਸੌ ਰੁਪਏ ਇਕੱਠੇ ਕਰਦੇ, ਫਿਰ ਮਿੱਤਰਾਂ ਨੂੰ ਰਿਹਾਅ ਕਰਾਉਣ ਦੀ ਆਸ ਨਾਲ ਕਚਹਿਰੀ ਜਾਂਦੇ। ਟਾਊਟ ਉਹਨਾਂ ਨੂੰ ਰਸਤੇ ਵਿਚ ਹੀ ਘੇਰ ਲੈਂਦੇ। ਉਹਨਾਂ ਦੀ ਬੱਚਤ ਕਦੇ ਕਿਸੇ ਮੁਨਸ਼ੀ ਦੇ ਢਿੱਡ ਵਿਚ ਸਮਾ ਜਾਂਦੀ ਅਤੇ ਕਦੇ ਕਿਸੇ ਟਾਈਪਿਸਟ ਦੇ। ਦਰਖ਼ਾਸਤ ਜੱਜ ਤਕ ਪੁੱਜਣ ਤੋਂ ਪਹਿਲਾਂ ਉਹ ਮਲੰਗ ਹੋ ਜਾਂਦੇ।

ਇਸੇ ਖਿੱਚ-ਧੂਹ ਵਿਚ ਸਾਲ ਲੰਘ ਗਿਆ।

ਪਿਛਲੇ ਹਫ਼ਤੇ ਜੇਲ੍ਹ ਅਧਿਕਾਰੀਆਂ ਵੱਲੋਂ ਐਲਾਨ ਹੋਇਆ ਸੀ। ਲੋੜਵੰਦ ਕੈਦੀਆਂ ਨੂੰ ਸਰਕਾਰ ਵੱਲੋਂ ਮੁਫ਼ਤ ਕਾਨੂੰਨੀ ਸਹਾਇਤਾ ਦਿੱਤੀ ਜਾਏਗੀ।

ਇਹ ਐਲਾਨ ਸੁਣ ਕੇ ਰਾਮੂ ਹੋਰਾਂ ਦੀਆਂ ਅੱਖਾਂ ਵਿਚ ਆਸ ਦੀ ਜੋਤ ਜਗੀ ਸੀ, ਪਰ ਜਿਉਂ ਹੀ ਉਹਨਾਂ ਨੂੰ ਪਤਾ ਲੱਗਾ ਕਿ ਉਹਨਾਂ ਦੇ ਹੱਥ ਵਿਚ ਫੜਾਈ ਦਰਖ਼ਾਸਤ ਵਿਚ ਉਹਨਾਂ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਦੀ ਅਰਜ਼ੀ ਦਰਜ ਹੈ ਤਾਂ ਝੱਟ ਉਹਨਾਂ ਦੀ ਆਸ ਦੀ ਜੋਤ ਬੁਝ ਗਈ।

ਇਹ ਹੁਕਮ ਇਕ ਭਲੇਮਾਣਸ ਜੱਜ ਨੇ ਛੇ ਮਹੀਨੇ ਪਹਿਲਾਂ ਕਰ ਦਿੱਤਾ ਸੀ।

ਇਸ ਮੁਕੱਦਮੇ ਵਿਚ ਪੁਲਿਸ ਨੇ ਅਠਾਈ ਬੰਦੇ ਫੜੇ ਸਨ। ਕੋਈ ਨਾ ਕੋਈ ਹੀਲਾ ਕਰ ਕੇ ਛੱਬੀ ਰਿਹਾਅ ਹੋ ਚੁੱਕੇ ਸਨ। ਮੈਜਿਸਟ੍ਰੇਟ ਨੂੰ ਇਹਨਾਂ 'ਤੇ ਤਰਸ ਆਇਆ। ਬਿਨਾਂ ਕਿਸੇ ਅਰਜ਼ੀ-ਪੱਤਰ ਦੇ ਉਸ ਨੇ ਉਹਨਾਂ ਨੂੰ ਜ਼ਮਾਨਤ 'ਤੇ ਛੱਡਣ ਦਾ ਹੁਕਮ ਦੇ ਦਿੱਤਾ।

ਰਾਮੂ ਹੋਰਾਂ ਦੇ ਸਾਥੀ ਭੱਜੇ-ਭੱਜੇ ਕਚਹਿਰੀ ਗਏ। ਜਦੋਂ ਪਤਾ ਲੱਗਾ ਕਿ ਪਰਵਾਸੀ ਦੋਸ਼ੀਆਂ ਦੇ ਜਾਮਨਾਂ ਦਾ ਸਥਾਨਕ ਹੋਣਾ ਵੀ ਜ਼ਰੂਰੀ ਹੈ ਅਤੇ ਮੋਟੀਆਂ ਜ਼ਮੀਨਾਂ ਜਾਇਦਾਦਾਂ ਵਾਲਾ ਵੀ ਤਾਂ ਉਹਨਾਂ ਦੇ ਰੰਗ ਵਿਚ ਭੰਗ ਪੈ ਗਿਆ। ਘਰ-ਬਾਰ ਛੱਡੀ ਉਹ ਪਹਿਲਾਂ ਹੀ ਪ੍ਰਦੇਸਾਂ ਵਿਚ ਬੈਠੇ ਹੋਏ ਸਨ। ਉਹਨਾਂ ਦੇ ਸਾਥੀ ਸੰਗੀ ਫੁੱਟਪਾਥਾਂ ਅਤੇ ਰਿਕਸ਼ੇ-ਰੇਹੜੀਆਂ 'ਤੇ ਸੌਣ ਵਾਲੇ ਸਨ।



ਉਹਨਾਂ ਨੇ ਕਦੇ ਦਸ ਹਜ਼ਾਰ ਦਾ ਮਾਲਕ ਬਣਨ ਦਾ ਸੁਪਨਾ ਨਹੀਂ ਲਿਆ। ਉਹ ਵੱਡੀਆਂ ਜਾਇਦਾਦਾਂ ਨੂੰ ਖ਼ਤਰੇ ਵਿਚ ਨਹੀਂ ਸਨ ਪਾ ਸਕਦੇ। ਕਈ ਮਹੀਨੇ ਦਰ-ਦਰ ਦੀਆਂ ਠੋਕਰਾਂ ਖਾਣ ਬਾਅਦ ਵੀ ਉਹ ਕੋਈ ਜ਼ਮਾਨਤੀਆ ਖੜ੍ਹਾ ਨਹੀਂ ਸਨ ਕਰ ਸਕੇ।

ਫੇਰ ਕਿਸੇ ਨੇ ਸਲਾਹ ਦਿੱਤੀ। ਕਚਹਿਰੀ ਵਿਚ ਅਜਿਹੇ ਕਈ ਖੋਖੇ ਹਨ, ਜਿਨ੍ਹਾਂ ਵਿਚ ਜ਼ਮਾਨਤੀਆਂ ਦੀ ਡਾਰ ਬੈਠਦੀ ਹੈ। ਉਹਨਾਂ ਕੋਲ ਕੋਠੀਆਂ ਦੀਆਂ ਰਜਿਸਟਰੀਆਂ ਵੀ ਹੁੰਦੀਆਂ ਹਨ ਅਤੇ ਜ਼ਮੀਨਾਂ ਦੀਆਂ ਜਮ੍ਹਾਂਬੰਦੀਆਂ ਵੀ। ਗਵਾਹੀ ਪਾਉਣ ਲਈ ਨੰਬਰਦਾਰ ਵੀ ਅਤੇ ਮੈਂਬਰ ਪੰਚਾਇਤ ਵੀ। ਲੰਬੂ ਹੋਰਾਂ ਦੇ ਸਾਥੀ ਖੋਖਿਆਂ ਵਿਚ ਗਏ। ਕਿਸੇ ਨੇ ਦਸ ਹਜ਼ਾਰ ਫ਼ੀ ਬੰਦਾ ਮੰਗਿਆ, ਕਿਸੇ ਨੇ ਅੱਠ ਹਜ਼ਾਰ। ਹਜ਼ਾਰ-ਪੰਦਰਾਂ ਸੌ ਦੀ ਪੇਸ਼ਕਸ਼ ਸੁਣ ਕੇ ਜ਼ਾਮਨ ਇਉਂ ਛਾਲ ਮਾਰ ਕੇ ਦੌੜ ਜਾਂਦੇ, ਜਿਵੇਂ ਸੱਪ ਨੇ ਡਸਿਆ ਹੋਵੇ। ਹੁਣ ਤਕ ਹਾਰ ਕੇ ਸਭ ਘਰ ਬੈਠ ਚੁੱਕੇ ਸਨ। ਰਾਮੂ ਹੋਰਾਂ ਨੂੰ ਹੁਕਮ ਨਹੀਂ, ਜ਼ਾਮਨ ਚਾਹੀਦਾ ਸੀ।

"ਹੁਕਮ ਸਾਡੇ ਕੋਲ ਹੈ। ਜੇ ਦੇ ਸਕਦੇ ਹੋ ਤਾਂ ਜ਼ਾਮਨ ਦਿਉ।" ਦਰਖ਼ਾਸਤ ਫੜਨ ਤੋਂ ਬਾਅਦ ਆਨਾ-ਕਾਨੀ ਕਰਦੇ ਰਾਮੂ ਨੇ ਆਖਿਆ।

"ਦਿਲ ਕਿਉਂ ਛੱਡਦਾ ਹੈਂ। ਇਹ ਅਰਜ਼ੀ ਪੜ੍ਹਨ ਬਾਅਦ ਮੈਜਿਸਟ੍ਰੇਟ ਤੇਰੇ ਕੋਲੋਂ ਜ਼ਾਮਨ ਨਹੀਂ ਮੰਗੇਗਾ। ਤੈਨੂੰ ਤੇਰੀ ਨਿੱਜੀ ਜ਼ਮਾਨਤ ਉਪਰ ਛੱਡ ਦੇਵੇਗਾ।"

ਹਾਕਮ ਨੇ ਰਾਮੂ ਦੀ ਪਿੱਠ ਥਾਪੜ ਕੇ ਆਖਿਆ ਸੀ ਤੇ ਸੱਚਮੁੱਚ ਪੇਸ਼ੀ ਭੁਗਤਣ ਆਏ ਰਾਮੂ ਹੋਰਾਂ ਦੀ ਥਾਂ ਉਹਨਾਂ ਦੀ ਰਿਹਾਈ ਦੇ ਹੁਕਮ ਆਏ ਸਨ।

ਤੀਜੀ ਦਰਖ਼ਾਸਤ ਖ਼ੁਸ਼ੀਏ ਨੂੰ ਲਿਖ ਕੇ ਦਿੱਤੀ ਗਈ ਸੀ।

ਉਸ ਉਪਰ ਇਕ ਜਾਅਲੀ ਬੈ-ਨਾਮੇ ਉਪਰ ਗਵਾਹੀ ਪਾਉਣ ਦਾ ਦੋਸ਼ ਸੀ। ਪਰਚਾ ਪਲਾਟ ਦੇ ਮਾਲਕ ਰਹਿਮਾਨ ਨੇ ਕਟਵਾਇਆ ਸੀ। ਉਸ ਦਾ ਦੋਸ਼ ਸੀ, ਉਹ ਨਾ ਪਲਾਟ ਦੇ ਖ਼ਰੀਦਦਾਰ ਰਾਮ ਮੂਰਤੀ ਨੂੰ ਜਾਣਦਾ ਹੈ, ਨਾ ਉਸ ਨੇ ਉਸ ਨੂੰ ਆਪਣਾ ਪਲਾਟ ਵੇਚਿਆ ਹੈ। ਰਾਮ ਮੂਰਤੀ ਨੇ ਰਹਿਮਾਨ ਦੀ ਥਾਂ ਹੋਰ ਬੰਦਾ ਖੜ੍ਹਾ ਕਰ ਕੇ ਰਜਿਸਟਰੀ ਕਰਵਾਈ ਹੈ। ਇਸ ਸਾਜ਼ਿਸ਼ ਵਿਚ ਖ਼ੁਸ਼ੀਏ ਨੇ ਅਹਿਮ ਭੂਮਿਕਾ ਨਿਭਾਈ ਹੈ। ਜਾਅਲੀ ਖੜੇ ਕੀਤੇ ਬੰਦੇ ਨੂੰ ਉਸ ਨੇ ਬਤੌਰ ਰਹਿਮਾਨ ਸ਼ਨਾਖ਼ਤ ਕੀਤਾ ਹੈ।

ਰਾਮ ਮੂਰਤੀ ਇਸ ਦੋਸ਼ ਤੋਂ ਇਨਕਾਰੀ ਸੀ। ਉਹ ਕਹਿੰਦਾ ਸੀ ਰਜਿਸਟਰੀ ਸਹੀ ਹੋਈ ਹੈ। ਜ਼ਮੀਨ ਦੇ ਭਾਅ ਵਧਣ ਕਾਰਨ ਰਹਿਮਾਨ ਦਾ ਮਨ ਬੇਈਮਾਨ ਹੋ ਗਿਆ ਹੈ। ਆਪਣੇ ਹੱਕ ਵਿਚ ਰਾਮ ਮੂਰਤੀ ਨੇ ਕਈ ਗਵਾਹ ਭੁਗਤਾਏ। ਜਦੋਂ ਪੜਤਾਲੀਆ ਅਫ਼ਸਰ ਇਨਸਾਫ਼ ਕਰਦਾ ਨਜ਼ਰ ਨਾ ਆਇਆ ਅਤੇ ਮੁਕੱਦਮਾ ਦਰਜ ਹੁੰਦਾ ਨਜ਼ਰ ਆਇਆ ਤਾਂ ਰਾਮ ਮੂਰਤੀ ਨੇ ਆਪਣੀ ਗ੍ਰਿਫ਼ਤਾਰੀ ਵਿਰੁੱਧ ਬੰਦੀ ਲੈ ਆਂਦੀ। ਉਸ ਉਪਰ ਪੁਲਿਸ ਦਾ ਜ਼ੋਰ ਨਾ ਚੱਲਿਆ। ਕਾਰਵਾਈ ਪਾਉਣ ਲਈ ਉਹਨਾਂ ਖ਼ੁਸ਼ੀਏ ਨੂੰ ਫੜ ਲਿਆ।

ਰਾਮ ਮੂਰਤੀ ਨੇ ਹੋਰ ਚਾਰਾਜੋਈ ਕੀਤੀ। ਹਾਈਕੋਰਟ ਵਿਚ ਰਿਟ ਦਾਇਰ ਕਰ ਕੇ ਅਗਲੀ ਤਫ਼ਤੀਸ਼ ਠੱਪ ਕਰਵਾ ਦਿੱਤੀ।

ਹਾਈ ਕੋਰਟ ਤੋਂ ਡਰਦੀ ਪੁਲਿਸ ਨਾ ਤਫ਼ਤੀਸ਼ ਮੁਕੰਮਲ ਕਰਦੀ ਸੀ, ਨਾ ਦੋਸ਼-ਪੱਤਰ ਪੇਸ਼ ਕਰਦੀ ਸੀ। ਜੱਜ ਵੀ ਡਰਿਆ ਬੈਠਾ ਸੀ। ਨਾ ਖ਼ੁਸ਼ੀਏ ਦੀ ਜ਼ਮਾਨਤ ਮਨਜ਼ੂਰ ਕਰਦਾ ਸੀ, ਨਾ ਦਰਖ਼ਾਸਤ ਰੱਦ ਕਰਦਾ ਸੀ।

ਇਸੇ ਭੰਬਲਭੂਸੇ ਕਾਰਨ ਉਹ ਚਾਰ ਮਹੀਨੇ ਤੋਂ ਅੰਦਰ ਬੈਠਾ ਸੀ।

ਹਾਕਮ ਜੱਜ ਅਤੇ ਖ਼ੁਸ਼ੀਏ ਦੇ ਵਕੀਲ ਦੀ ਅਕਲ ’ਤੇ ਹੈਰਾਨ ਸੀ। ਪਾਬੰਦੀ ਅਗਲੀ ਤਫ਼ਤੀਸ਼ ’ਤੇ ਲੱਗੀ ਸੀ। ਹੋ ਚੁੱਕੀ ਤਫ਼ਤੀਸ਼ ਦੇ ਆਧਾਰ ’ਤੇ ਫੜੇ ਬੰਦੇ ਨੂੰ ਨਿਸ਼ਚਿਤ ਸਮੇਂ ਤੋਂ ਵੱਧ ਜੇਲ੍ਹ ਵਿਚ ਨਹੀਂ ਸੀ ਰੱਖਿਆ ਜਾ ਸਕਦਾ।

ਖ਼ੁਸ਼ੀਏ ਨੂੰ ਅਗਲੀ ਪੇਸ਼ੀ ਰਿਹਾਅ ਹੋਣ ਦਾ ਯਕੀਨ ਦਿਵਾਇਆ ਗਿਆ।

ਝਲਮਲ ਉਪਰ ਇਕ ਬੋਰੀ ਭੁੱਕੀ ਰੱਖਣ ਦਾ ਦੋਸ਼ ਸੀ। ਉਹ ਪੰਜ ਮਹੀਨਿਆਂ ਤੋਂ ਜੇਲ੍ਹ ਵਿਚ ਬੈਠਾ ਸੀ। ਉਸ ਨੂੰ ਫੜਨ ਵਾਲੇ ਥਾਣੇਦਾਰ ਵਿਰੁੱਧ ਭੁੱਕੀ ਵੇਚਣ ਦਾ ਮੁਕੱਦਮਾ ਦਰਜ ਹੋ ਚੁੱਕਾ ਸੀ। ਸੱਠਾਂ ਦਿਨਾਂ ਵਿਚ ਚਲਾਨ ਨਾ ਪੇਸ਼ ਕਰਨ ਕਾਰਨ ਉਸ ਦੀ ਰਿਹਾਈ ਦਾ ਹੱਕ ਬਣਦਾ ਸੀ। ਝਲਮਲ ਦਾ ਵਕੀਲ ਪਤਾ ਨਹੀਂ ਕਿਉਂ ਚੁੱਪ ਧਾਰੀ ਬੈਠਾ ਸੀ ?

ਇਹੋ ਹਾਲ ਸੀਤੇ ਦਾ ਸੀ। ਉਸ ਉਪਰ ਸਾਥੀਆਂ ਨਾਲ ਮਿਲ ਕੇ ਡਕੈਤੀ ਕਰਨ ਦੀ ਸਾਜ਼ਿਸ਼ ਘੜਨ ਦਾ ਦੋਸ਼ ਸੀ। ਛਾਪਾ ਪੈਣ ’ਤੇ ਉਹ ਫੜਿਆ ਗਿਆ ਸੀ ਅਤੇ ਉਸ ਦੇ ਸਾਥੀ ਭੱਜਣ ਵਿਚ ਕਾਮਯਾਬ ਹੋ ਗਏ ਸਨ। ਛੇ ਮਹੀਨਿਆਂ ਦੇ ਸਿਰਤੋੜ ਯਤਨਾਂ ਦੇ ਬਾਵਜੂਦ ਪੁਲਿਸ ਦੇ ਇਕ ਵੀ ਭਗੌੜਾ ਹੱਥ ਨਹੀਂ ਸੀ ਆਇਆ। ਬਾਕੀਆਂ ਦੇ ਫੜਨ ਲਈ ਤਰਲੋ-ਮੱਛੀ ਹੁੰਦੀ ਪੁਲਿਸ ਸੀਤੇ ਵਿਰੁੱਧ ਦੋਸ਼-ਪੱਤਰ ਪੇਸ਼ ਕਰਨਾ ਭੁੱਲ ਗਈ। ਵਕੀਲ ਖੜਾ ਕਰਨ ਦੀ ਉਸ ਵਿਚ ਪਰੋਖੋਂ ਨਹੀਂ ਸੀ। ਇਸ ਲਈ ਉਸ ਨੂੰ ਆਪਣੇ ਇਸ ਹੱਕ ਦਾ ਪਤਾ ਨਹੀਂ ਸੀ।

ਲੀਗਲ ਸੈੱਲ ਆਪਣੇ ਕੰਮ ’ਤੇ ਨਜ਼ਰ ਰੱਖ ਰਿਹਾ ਸੀ। ਨਤੀਜੇ ਉਤਸ਼ਾਹ ਜਨਕ ਆ ਰਹੇ ਸਨ। ਅਦਾਲਤ ਦੇ ਪੂਰਨ ਸਹਿਯੋਗ ਕਾਰਨ ਸਾਰੀਆਂ ਦਰਖ਼ਾਸਤਾਂ ਮਨਜ਼ੂਰ ਹੋ ਰਹੀਆਂ ਸਨ।

ਬੈਰਕ ਵੱਲ ਜਾਂਦੇ ਤਾਰਾ ਚੰਦ ਨੂੰ ਸ਼ੀਬੂ ਬਾਰੇ ਜਾਨਣ ਦੀ ਉਬਲਚਿੱਤੀ ਲੱਗੀ ਹੋਈ ਸੀ।

ਅੱਜ ਉਹ ਪੇਸ਼ੀ ਭੁਗਤਣ ਗਿਆ ਸੀ। ਸ਼ੀਬੂ ਇਸ ਬੈਰਕ ਵਿਚ ਸਭ ਤੋਂ ਪੁਰਾਣਾ ਬਸ਼ਿੰਦਾ ਸੀ। ਉਸ ਉਪਰ ਆਪਣੇ ਸਾਥੀਆਂ ਨਾਲ ਮਿਲ ਕੇ ਇਕ ਰੇਲ ਮੁਸਾਫ਼ਰ ਦਾ ਸੂਟਕੇਸ ਚੋਰੀ ਕਰਨ ਦਾ ਦੋਸ਼ ਸੀ। ਪੁਲਿਸ ਨੇ ਇਹ ਦੋਸ਼ ਵੀ ਲਾਇਆ ਸੀ ਕਿ ਸੂਟਕੇਸ ਵਿਚੋਂ ਨਿਕਲਿਆ ਸਾਮਾਨ ਸਭ ਨੇ ਬਰਾਬਰ ਵੰਡਿਆ ਸੀ। ਸ਼ੀਬੂ ਦੇ ਹਿੱਸੇ ਪੰਜ ਸੌ ਰੁਪਿਆ ਅਤੇ ਇਕ ਕੁੜਤਾ-ਪਜਾਮਾ ਆਇਆ ਸੀ। ਉਸ ਦੇ ਸਾਥੀਆਂ ਕੋਲੋਂ ਨਕਦੀ ਅਤੇ ਹੋਰ ਸਾਮਾਨ ਬਰਾਮਦ ਹੋਇਆ ਸੀ।

ਸ਼ੀਬੂ ਇਹ ਮੰਨਦਾ ਸੀ ਕਿ ਸੂਟਕੇਸ ਉਸ ਨੇ ਚੋਰੀ ਕੀਤਾ ਸੀ, ਪਰ ਉਸ ਦੇ ਸਾਥੀ ਬਣਾਏ ਦੋਸ਼ੀਆਂ ਦੀ ਪਹਿਲਾਂ ਉਸ ਨੇ ਕਦੇ ਸ਼ਕਲ ਤਕ ਨਹੀਂ ਸੀ ਦੇਖੀ। ਉਂਝ ਉਹ ਵੀ ਚੋਰ ਸਨ। ਉਹਨਾਂ ਨੇ ਹੋਰ ਮੁਸਾਫ਼ਰਾਂ ਦਾ ਸਾਮਾਨ ਚੋਰੀ ਕੀਤਾ ਸੀ। ਮੁਸਾਫ਼ਰਾਂ ਨੇ ਚੋਰੀ ਦੀ ਸੂਚਨਾ ਰੇਲਵੇ ਪੁਲਿਸ ਨੂੰ ਦਿੱਤੀ ਸੀ, ਪਰ ਖੱਜਲ-ਖ਼ੁਆਰੀ ਤੋਂ ਡਰਦਿਆਂ ਰਪਟ ਦਰਜ ਨਹੀਂ ਸੀ ਕਰਾਈ। ਫੜੇ ਜਾਣ ’ਤੇ ਪੁਲਿਸ ਨੇ ਉਹਨਾਂ ਕੋਲੋਂ ਫੜਿਆ ਮਾਲ ਆਪਣੇ ਬੋਝੇ ਪਾ ਲਿਆ ਸੀ ਅਤੇ ਸ਼ੀਬੂ ਕੋਲੋਂ ਫੜੇ ਮਾਲ ਨੂੰ ਉਹਨਾਂ ਕੋਲੋਂ ਫੜਿਆ ਦਿਖਾ ਦਿੱਤਾ ਸੀ।

ਸ਼ੀਬੂ ਦੇ ਸਾਥੀ ਇਸ ਧੰਦੇ ਵਿਚ ਪੁਰਾਣੇ ਸਨ। ਉਹਨਾਂ ਦੇ ਸਾਥੀ-ਸੰਗੀਆਂ ਦੀ ਗਿਣਤੀ ਸ਼ੀਬੂ ਨਾਲੋਂ ਕਈ ਗੁਣਾ ਵੱਧ ਸੀ। ਮੌਕਾ ਮਿਲਦੇ ਹੀ ਉਹ ਜ਼ਮਾਨਤਾਂ ਕਰਾਉਂਦੇ ਰਹੇ। ਦੋ-ਦੋ, ਚਾਰ-ਚਾਰ ਪੇਸ਼ੀਆਂ ਭੁਗਤ ਕੇ ਪੱਤਰਾ ਵਾਚਦੇ ਰਹੇ। ਅਦਾਲਤ ਮੁਕੱਦਮੇ ਦੀ ਸੁਣਵਾਈ ਰੋਕ ਕੇ ਪੁਲਿਸ ਨੂੰ ਉਹਨਾਂ ਨੂੰ ਫੜ ਕੇ ਲਿਆਉਣ ਲਈ ਆਖਦੀ ਰਹੀ। ਇਸੇ ਲੁਕਣਮੀਚੀ ਵਿਚ ਤਿੰਨ ਸਾਲ ਲੰਘ ਗਏ।

ਸਾਥੀਆਂ ਦੇ ਭਗੌੜੇ ਘੋਸ਼ਿਤ ਹੋਣ ਬਾਅਦ ਜਦੋਂ ਕਾਰਵਾਈ ਸ਼ੁਰੂ ਹੋਈ ਤਾਂ ਫੇਰ ਉਹੋ ਬਾਹਾਂ



ਉਹੋ ਕੁਹਾੜਾ ਰਹਿਣ ਲੱਗਾ।

ਇਸ ਦੌਰਾਨ ਸ਼ੀਬੂ ਨੇ ਕਈ ਵਾਰ ਜ਼ਮਾਨਤ ਤੇ ਰਿਹਾਅ ਹੋਣ ਦਾ ਯਤਨ ਕੀਤਾ, ਪਰ ਮਾਇਆ ਨਗਰ ਵਿਚ ਉਸ ਦੀ ਬਹੁਤੀ ਜਾਣ-ਪਹਿਚਾਣ ਨਹੀਂ ਸੀ। ਉਸ ਨੂੰ ਸਟੇਸ਼ਨ ’ਤੇ ਚਾਹ ਦੀ ਰੇਹੜੀ ਲਾਉਂਦਾ ਠੇਕੇਦਾਰ ਜਾਣਦਾ ਸੀ ਜਾਂ ਉਸ ਦੇ ਨਾਲ ਦੀ ਰੇਹੜੀ ਤੇ ਭਾਂਡੇ ਮਾਂਜਦਾ ਲਾਲੂ। ਠੇਕੇਦਾਰ ਨੇ ਸ਼ੀਬੂ ਨੂੰ ਪੁਲਿਸ ਕੋਲ ਫੜਾਇਆ ਸੀ। ਇਸ ਲਈ ਉਸ ਕੋਲੋਂ ਸਹਾਇਤਾ ਦੀ ਆਸ ਰੱਖਣਾ ਫ਼ਜ਼ੂਲ ਸੀ। ਲਾਲੂ ਨੇ ਜੇਲ੍ਹ ਆ ਕੇ ਉਸ ਨਾਲ ਇਕ-ਦੋ ਵਾਰ ਮੁਲਾਕਾਤ ਕੀਤੀ ਸੀ। ਇਸ ਤੋਂ ਵੱਧ ਉਹ ਕੋਈ ਮਦਦ ਨਹੀਂ ਸੀ ਕਰ ਸਕਿਆ।

ਜੇਲ੍ਹ ’ਚ ਬੈਠਾ ਸ਼ੀਬੂ ਉਸ ਘੜੀ ਨੂੰ ਕੋਸਦਾ ਰਹਿੰਦਾ, ਜਿਸ ਘੜੀ ਉਸ ਨੇ ਇਧਰ ਆਉਣ ਦਾ ਫ਼ੈਸਲਾ ਕੀਤਾ ਸੀ। ਸ਼ੀਬੂ ਦੇ ਪਿੰਡ ਦਾ ਕਾਲੂ ਕਈ ਸਾਲ ਪਹਿਲਾਂ ਮਾਇਆ ਨਗਰ ਆਇਆ ਸੀ। ਉਸ ਨੇ ਸ਼ੀਬੂ ਨੂੰ ਇਧਰ ਬੁਲਾਇਆ ਸੀ, ਪਰ ਵਾਅਦੇ ਮੁਤਾਬਕ ਉਹ ਉਸ ਨੂੰ ਲੈਣ ਸਟੇਸ਼ਨ ’ਤੇ ਨਹੀਂ ਸੀ ਆਇਆ। ਭਵੰਤਰੇ ਸ਼ੀਬੂ ਨੂੰ ਪੁਲਿਸ ਨੇ ਦਬੋਚ ਲਿਆ ਸੀ। ਨਾ ਉਸ ਕੋਲ ਟਿਕਟ ਸੀ, ਨਾ ਸਿਰਨਾਵਾਂ। ਜਿਹੜਾ ਸਿਰਨਾਵਾਂ ਉਹ ਚੁੱਕੀ ਫਿਰਦਾ ਸੀ, ਉਸ ਨਾਂ ਦਾ ਮਾਇਆ ਨਗਰ ਵਿਚ ਨਾ ਕੋਈ ਨਗਰ ਸੀ, ਨਾ ਮੁਹੱਲਾ। ਮੁੰਡਾ ਭੋਲਾ ਹੈ ਅਤੇ ਅਣਜਾਣਪੁਣੇ ਵਿਚ ਇਥੇ ਫਸਿਆ ਹੈ, ਇਹ ਯਕੀਨ ਹੋਣ ’ਤੇ ਪੁਲਿਸ ਨੇ ਉਸ ਨੂੰ ਕਿਸੇ ਹੋਰ ਕੇਸ ਵਿਚ ਫਸਾਉਣ ਤੋਂ ਗੁਰੇਜ਼ ਕੀਤਾ ਸੀ।

ਪੁਲਿਸ ਦਾ ਮਿੰਨਤ-ਤਰਲਾ ਕਰ ਕੇ ਸਟੇਸ਼ਨ ’ਤੇ ਚਾਹ ਦੀ ਰੇਹੜੀ ਲਾਉਂਦੇ ਠੇਕੇਦਾਰ ਨੇ ਉਸ ਨੂੰ ਛੁਡਾ ਲਿਆ। ਰੋਟੀ-ਟੁੱਕ ਬਦਲੇ ਆਪਣੀ ਰੇਹੜੀ ’ਤੇ ਭਾਂਡੇ ਧੋਣ ਲਈ ਰੱਖ ਲਿਆ। ਉਸ ਸਮੇਂ ਸ਼ੀਬੂ ਨੇ ਇਸੇ ਨੂੰ ਗ਼ਨੀਮਤ ਸਮਝਿਆ ਸੀ।

ਦਿਨ ਵਿਚ ਪੰਦਰਾਂ-ਵੀਹ ਗੱਡੀਆਂ ਮਾਇਆ ਨਗਰ ਦੇ ਸਟੇਸ਼ਨ ’ਤੇ ਆਉਂਦੀਆਂ ਸਨ। ਮੁਸਾਫ਼ਰਾਂ ਦਾ ਮੇਲਾ ਲੱਗਾ ਰਹਿੰਦਾ ਸੀ। ਗੱਡੀ ਦੇ ਪਲੇਟਫ਼ਾਰਮ ’ਤੇ ਲੱਗਦੇ ਹੀ ਭਗਦੜ ਮੱਚ ਜਾਂਦੀ ਸੀ। ਹਫੜਾ-ਦਫੜੀ ਵਿਚ ਕਈ ਮੁਸਾਫ਼ਰਾਂ ਦਾ ਇਕ-ਅੱਧ ਨਗ ਪਲੇਟਫ਼ਾਰਮ ’ਤੇ ਰਹਿ ਜਾਂਦਾ ਸੀ। ਠੇਕੇਦਾਰ ਦੀ ਨਜ਼ਰ ਗਾਹਕਾਂ ਉਪਰ ਘੱਟ, ਅਜਿਹੇ ਸਾਮਾਨ ਉਪਰ ਜ਼ਿਆਦਾ ਹੁੰਦੀ ਸੀ।

ਸਾਲ ਕੁ ਸਟੇਸ਼ਨ ’ਤੇ ਰਹਿ ਕੇ ਸ਼ੀਬੂ ਨੂੰ ਸੁਰਤ ਆਉਣ ਲੱਗੀ। ਕੱਛੇ ਬਨੈਣ ਦੀ ਥਾਂ ਉਹ ਸੂਟਕੇਸਾਂ ਵਿਚੋਂ ਨਿਕਲੀਆਂ ਪੈਂਟਾਂ ਅਤੇ ਟੀ-ਸ਼ਰਟਾਂ ਪਾਉਣ ਲੱਗਾ। ਭਾਂਡੇ ਧੋਣ ਦੀ ਥਾਂ ਪਕੌੜੇ ਤਲਣ ਲੱਗਾ।

ਠੇਕੇਦਾਰ ਨੇ ਵੀ ਤਰੱਕੀ ਕੀਤੀ। ਪਹਿਲਾਂ ਉਹ ਭੁਲਿਆ ਮਾਲ ਸੰਭਾਲਦਾ ਸੀ। ਫੇਰ ਹਫ਼ਤੇ ਵਿਚ ਇਕ-ਦੋ ਮਾਲਦਾਰ ਬੈਗ ਖਿਸਕਾਉਣ ਲੱਗਾ। ਵਿਚੋਂ ਸ਼ੀਬੂ ਨੂੰ ਹਿੱਸਾ ਦੇਣ ਲੱਗਾ।

ਚੋਰੀ ਦੇ ਮਾਲ ਵਿਚ ਹਿੱਸੇਦਾਰ ਬਣਨ ਪਿੱਛੋਂ ਸ਼ੀਬੂ ਦੇ ਖੰਭ ਤੇਜ਼ੀ ਨਾਲ ਨਿਕਲਣ ਲੱਗੇ। ਦਿਨਾਂ ਵਿਚ ਉਸ ਨੇ ਸਟੇਸ਼ਨ ’ਤੇ ਸਰਗਰਮ ਜੇਬ ਕਤਰਿਆਂ ਅਤੇ ਹੋਰਾਂ ਨਾਲ ਸੰਬੰਧ ਬਣਾ ਲਏ। ਬਿਨਾਂ ਦੱਸੇ ਕਈ-ਕਈ ਘੰਟੇ ਰੇਹੜੀ ਤੋਂ ਗ਼ਾਇਬ ਰਹਿਣ ਲੱਗਾ।

ਠੇਕੇਦਾਰ ਨੂੰ ਉਸ ਕੋਲੋਂ ਖ਼ਤਰਾ ਮਹਿਸੂਸ ਹੋਣ ਲੱਗਾ। ਸ਼ੀਬੂ ਕਿਸੇ ਵੀ ਸਮੇਂ ਫੜਿਆ ਜਾ ਸਕਦਾ ਸੀ। ਠੇਕੇਦਾਰ ਦਾ ਭੇਦ ਖੁੱਲ੍ਹ ਸਕਦਾ ਸੀ। ਉਸ ਨੇ ਮੌਕਾ ਸੰਭਾਲਣ ਵਿਚ ਭਲਾਈ ਸਮਝੀ।

ਮੁਖ਼ਬਰੀ ਕਰ ਕੇ ਉਸ ਨੇ ਸ਼ੀਬੂ ਨੂੰ ਵੀ ਫੜਾ ਦਿੱਤਾ ਅਤੇ ਮਾਲ ਵੀ।

ਠੇਕੇਦਾਰ ਦੀ ਉਸੇ ਕਿਰਪਾ ਕਾਰਨ ਉਹ ਚਾਰ ਸਾਲ ਤੋਂ ਜੇਲ੍ਹ ਵਿਚ ਰੁਲ ਰਿਹਾ ਸੀ।

ਇਕ ਦਿਨ ਪੇਸ਼ੀ ਭੁਗਤਣ ਗਏ ਸ਼ੀਬੂ ਨੂੰ ਆਪਣੇ ਪਿੰਡ ਦਾ ਕਾਲੂ ਮਿਲਿਆ। ਉਹ ਵੀ

ਹੱਥਕੜੀਆਂ ਵਿਚ ਜਕੜਿਆ ਹੋਇਆ ਸੀ। ਉਸ ਦਿਨ ਉਸ ਨੂੰ ਪਤਾ ਲੱਗਾ ਕਿ ਉਹ ਕਿਸੇ ਮਿੱਲ ਵਿਚ ਨਹੀਂ, ਸ਼ੀਬੂ ਵਾਲੇ ਧੰਦੇ ਵਿਚ ਲੱਗਾ ਹੋਇਆ ਸੀ। ਸ਼ੀਬੂ ਦੇ ਗੱਡੀਉਂ ਉਤਰਨ ਤੋਂ ਇਕ ਦਿਨ ਪਹਿਲਾਂ ਉਹ ਕਿਸੇ ਦੀ ਜੇਬ ਕੱਟਦਾ ਫੜਿਆ ਗਿਆ ਸੀ। ਇਸੇ ਕਾਰਨ ਸ਼ੀਬੂ 'ਤੇ ਸਾੜ੍ਹਸਤੀ ਚੜ੍ਹੀ ਸੀ।

ਸ਼ੀਬੂ ਹਵਾਲਾਤੀ ਸੀ। ਉਸਨੂੰ ਕੈਦੀਆਂ ਵਾਲੀ ਵਰਦੀ ਨਹੀਂ ਸੀ ਮਿਲਦੀ। ਜਿਨ੍ਹਾਂ ਕੱਪੜਿਆਂ ਵਿਚ ਉਹ ਫੜਿਆ ਗਿਆ ਸੀ, ਉਹ ਕਦੋਂ ਦੇ ਘਸ ਗਏ ਸਨ। ਉਸ ਨੂੰ ਨੰਗੇਜ ਢੱਕਣਾ ਮੁਸ਼ਕਿਲ ਹੋਇਆ ਪਿਆ ਸੀ। ਉਸ ਦੀ ਬੈਰਕ ਵਿਚ ਉਸੇ ਵਰਗੇ ਨੰਗ-ਮਲੰਗ ਬੰਦੇ ਸਨ। ਕਿਸੇ ਦੀ ਮੁੱਠੀਚਾਪੀ ਕਰ ਕੇ, ਕਿਸੇ ਦੇ ਹਿੱਸੇ ਦੀ ਮੁਸ਼ੱਕਤ ਕਰ ਕੇ ਪੈਸੇ ਕਮਾਉਣ ਦਾ ਸਬੱਬ ਨਹੀਂ ਸੀ ਬਣਦਾ।

ਗ਼ੁਰਬਤ ਤੋਂ ਤੰਗ ਆਏ ਸ਼ੀਬੂ ਨੂੰ ਦੇਖ ਕੇ ਕਾਲੂ ਨੇ ਨਾਲੇ ਉਸ ਨੂੰ ਕੁਝ ਰੁਪਏ ਦਿੱਤੇ, ਨਾਲੇ ਸਲਾਹ।

"ਹਰ ਪੇਸ਼ੀ 'ਤੇ ਗਿਆ, ਜੱਜ ਨੂੰ ਇਕ ਦਰਖ਼ਾਸਤ ਦਿਆ ਕਰ। ਰਿਹਾਈ ਅਤੇ ਕੇਸ ਦੇ ਜਲਦੀ ਨਿਪਟਾਰੇ ਦੀ ਦੁਹਾਈ ਪਾਇਆ ਕਰ।"

ਜੇਲ੍ਹ ਵਿਚੋਂ ਅਰਜ਼ੀ ਲਿਖਾਉਣ ਦੀ ਸ਼ੀਬੂ ਦੀ ਹਿੰਮਤ ਨਹੀਂ ਸੀ, ਪਰ ਉਹ ਹਿੰਮਤ ਹਾਰਨ ਵਾਲਾ ਵੀ ਨਹੀਂ ਸੀ। ਕਚਹਿਰੀ ਜਾ ਕੇ ਕਦੇ ਉਹ ਕਿਸੇ ਪੜ੍ਹੇ-ਲਿਖੇ ਕੈਦੀ ਦੀ ਮਿੰਨਤ ਕਰਦਾ, ਕਦੇ ਕਿਸੇ ਮੁਨਸ਼ੀ ਦੇ ਹਾੜੇ ਕੱਢਦਾ। ਕਿਤੋਂ ਨਾ ਕਿਤੋਂ ਦਰਖ਼ਾਸਤ ਲਿਖਵਾ ਕੇ ਉਹ ਜੱਜ ਅੱਗੇ ਜ਼ਰੂਰ ਰੱਖਦਾ।

ਕਦੇ ਜੱਜ ਭੱਜ ਕੇ ਪੈਂਦਾ, "ਮੇਰੇ ਕੋਲ ਚਾਰ ਹਜ਼ਾਰ ਕੇਸ ਨੇ। ਤੇਰੇ ਲਈ ਮੈਂ ਵਿਹਲਾ ਹਾਂ।"

ਕਦੇ ਮੂਡ ਠੀਕ ਹੰਦਾ ਤਾਂ "ਅਗਲੀ ਵਾਰੀ ਨਬੇੜ ਦੇਵਾਂਗੇ।" ਦਾ ਲਾਰਾ ਲਾਉਂਦਾ।

ਸ਼ੀਬੂ ਦਰਖ਼ਾਸਤਾਂ ਦੇ-ਦੇ ਹੰਭ ਚੁੱਕਾ ਸੀ।

ਉਸ ਨੂੰ ਲੱਗਾ ਲੀਗਲ ਸੈੱਲ ਵਾਲੀ ਦਰਖ਼ਾਸਤ ਦਾ ਵੀ ਇਹੋ ਹਸ਼ਰ ਹੋਣਾ ਹੈ।

ਸ਼ੀਬੂ ਨੇ ਦਰਖ਼ਾਸਤ ਫੜੀ, ਫਾੜੀ ਅਤੇ ਟੋਟੇ ਹਵਾ ਵਿਚ ਖਿਲਾਰਦਾ ਆਪਣੇ ਖੱਡੇ ਵੱਲ ਤੁਰ ਪਿਆ।

ਹਾਕਮ ਸ਼ੀਬੂ ਕੋਲ ਜਾ ਕੇ ਉਸ ਨੂੰ ਪਿਆਰ ਨਾਲ ਸਮਝਾਉਣ ਲੱਗਾ, "ਤੇਰੇ ਜੁਰਮ ਦੀ ਸਜ਼ਾ ਤਿੰਨ ਸਾਲ ਹੈ। ਤੂੰ ਇਕ ਸਾਲ ਵੱਧ ਸਜ਼ਾ ਕੱਟੀ ਬੈਠਾ ਹੈਂ। ਬਿਨਾਂ ਸਿਰ-ਪੈਰ ਵਾਲੀ ਅਰਜ਼ੀ ਦੇਣ ਦਾ ਕੋਈ ਲਾਭ ਨਹੀਂ ਹੁੰਦਾ। ਤੈਨੂੰ ਜੇਲ੍ਹ 'ਚ ਡੱਕੀ ਰੱਖਣਾ ਗ਼ੈਰ-ਕਾਨੂੰਨੀ ਹੈ। ਮੇਰੀ ਮੰਨ ਇਕ ਵਾਰਾ ਦਰਖ਼ਾਸਤ ਦੇ ਕੇ ਦੇਖ।"

"ਮੈਂ ਗ਼ਰੀਬ ਹਾਂ, ਮੇਰੀ ਕੋਈ ਨਹੀਂ ਸੁਣਦਾ।" ਆਖ ਕੇ ਭੁੱਬਾਂ ਮਾਰਦਾ ਸ਼ੀਬੂ, ਨੱਨਾ ਫੜ ਕੇ ਬੈਠ ਗਿਆ।

ਨੱਨਾ, ਰਾਮੂ ਤੇ ਲੰਬੂ ਸਭ ਰਿਹਾਅ ਹੋ ਚੁੱਕੇ ਸਨ। ਬਾਗ਼ੀ ਸ਼ੀਬੂ ਦਾ ਕੀ ਬਣਿਆ ? ਤਾਰਾ ਚੰਦ ਇਹ ਜਾਣਨ ਲਈ ਕਾਹਲਾ ਸੀ।

ਬੈਰਕ ਵਿਚ ਵੜਦਿਆਂ ਹੀ ਤਾਰਾ ਚੰਦ ਨੇ ਸਹਾਇਕ ਦਰੋਗ਼ੇ ਕੋਲੋਂ ਇਹੋ ਪੁੱਛਿਆ।

"ਉਹ ਹਰਾਮ ਦਾ ਬੜਾ ਚੁਸਤ ਨਿਕਲਿਆ। ਨੱਨੇ ਹੋਰਾਂ ਦੇ ਰਿਹਾਅ ਹੋਣ ਬਾਅਦ ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਦੋ ਦਿਨ ਉਹ ਸਾਡੀਆਂ ਮਿੰਨਤਾਂ ਕਰਦਾ ਰਿਹਾ। ਮੈਨੂੰ ਨਵੀਂ ਦਰਖ਼ਾਸਤ ਲਿਖਵਾ ਕੇ ਦਿਉ। ਮੈਂ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੱਤਾ। ਪੇਸ਼ੀ ਭੁਗਤਣ ਗਏ ਨੇ ਪਤਾ ਨਹੀਂ ਕੀ ਜਾਦੂ ਮਾਰਿਆ। ਕਿਸੇ ਕੋਲੋਂ ਦਰਖ਼ਾਸਤ ਲਿਖਵਾ ਕੇ ਜੱਜ ਦੇ ਪੇਸ਼ ਕਰ ਦਿੱਤੀ। ਜੱਜ ਨੇ ਝੱਟ ਮਨਜ਼ੂਰ ਕਰ ਦਿੱਤੀ। ਸਾਲਾ ਸਾਮਾਨ ਲੈਣ ਬੈਰਕ ਵਿਚ ਵੀ ਨਹੀਂ ਆਇਆ। ਡਿਉਢੀ ਵਿਚੋਂ ਹੀ ਪੱਤਰਾ ਵਾਚ ਗਿਆ।"

"ਸਾਮਾਨ ਵਿਚ ਕਿਹੜਾ ਲੂਲਾਂ ਪਈਆਂ ਸਨ।" ਸੋਚਦੇ ਅਤੇ ਖ਼ੁਸ਼ੀ ਵਿਚ ਝੂਮਦੇ ਤਾਰਾ ਚੰਦ ਨੇ ਕੁਰਸੀ 'ਤੇ ਬੈਠੇ ਹਾਕਮ ਵੱਲ ਤੱਕਿਆ।

ਕਾਗ਼ਜ਼ਾਂ ਦੀ ਘੋਖ ਵਿਚ ਖੁਭੇ ਹਾਕਮ ਨੂੰ ਦੇਖ ਕੇ ਉਸ ਪੰਜ ਸੌ ਸਾਲ ਪਹਿਲਾਂ ਜੇਲ੍ਹ 'ਚ ਚੱਕੀ ਪੀਸਦੇ ਬਾਬਾ ਨਾਨਕ ਦੀ ਯਾਦ ਆਈ।

"ਧੰਨ ਹੈਂ ਤੂੰ ਬਾਬਾ। ਤੂੰ ਮਾੜੇ ਬੰਦਿਆਂ ਨੂੰ ਹੱਕ ਦਿਵਾ ਹੀ ਨਹੀਂ ਰਿਹਾ, ਉਹਨਾਂ ਨੂੰ ਹੱਕ ਖੋਹਣ ਯੋਗ ਵੀ ਬਣਾ ਰਿਹੈਂ।"

ਫੇਰ ਮਨ ਹੀ ਮਨ ਤਾਰਾ ਚੰਦ ਨੇ ਹਾਕਮ ਅੱਗੇ ਸਿਰ ਝੁਕਾਇਆ।

# 29

ਬਾਕੀ ਬੈਰਕਾਂ ਵਿਚ ਛੱਤੀ ਪ੍ਰਕਾਰ ਦੇ ਭੋਜਨ ਆਉਂਦੇ ਰਹਿੰਦੇ ਸਨ। ਨੰਗਾਂ ਦੀ ਬੈਰਕ ਵਿਚ ਲੱਡੂਆਂ ਦੀ ਪੰਸੇਰੀ ਪਹਿਲੀ ਵਾਰੀ ਆਈ ਸੀ।

ਖ਼ੁਸ਼ੀਆਂ ਦੀ ਇਹ ਪੰਡ ਬੈਂਕ ਵਿਚੋਂ ਪੈਸੇ ਕਢਾਉਣ ਗਿਆ ਨੰਦ ਫ਼ੌਜੀ ਲੈ ਕੇ ਆਇਆ ਸੀ।

ਬੈਰਕ ਦਾ ਦੋ-ਤਿਹਾਈ ਹਿੱਸਾ ਲੀਗਲ ਸੈੱਲ ਵਾਲਿਆਂ ਦੀ ਹਿੰਮਤ ਕਾਰਨ ਖ਼ਾਲੀ ਹੋ ਚੁੱਕਾ ਸੀ। ਜੋ ਬਾਕੀ ਬਚਦੇ ਸਨ, ਉਹਨਾਂ ਦੇ ਚਿਹਰੇ ਖਿਲੇ ਹੋਏ ਸਨ। ਰਿਹਾਈ ਭਾਵੇਂ ਨਹੀਂ ਸੀ ਹੋ ਰਹੀ ਪਰ ਇਨਸਾਫ਼ ਮਿਲਣ ਲੱਗਾ ਸੀ।

ਅੱਜ ਸੈੱਲ ਵਾਲਿਆਂ ਦੀ ਇਸ ਬੈਰਕ ਵਿਚ ਆਉਣ ਦੀ ਵਾਰੀ ਸੀ। ਕੁਝ ਕੈਦੀਆਂ ਨੇ ਉਹਨਾਂ ਕੋਲ ਆਪਣੇ ਦੁੱਖੜੇ ਰੋਣੇ ਸਨ। ਕੁਝ ਨੇ ਖ਼ੁਸ਼ੀਆਂ ਸਾਂਝੀਆਂ ਕਰਨੀਆਂ ਸ਼ਨ।

ਖ਼ੁਸ਼ੀਆਂ ਸਾਂਝੀਆਂ ਕਰਨ ਵਾਲਿਆਂ ਵਿਚੋਂ ਫ਼ੌਜੀ ਇਕ ਸੀ।

ਫ਼ੌਜੀ ਸਰਕਾਰੀ ਰੈਸਟ ਹਾਊਸ ਦਾ ਚੌਕੀਦਾਰ ਸੀ। ਉਸ ਉਪਰ ਅਫ਼ਸਰ ਨਾਲ ਆਈ ਇਕ ਜਵਾਨ ਨੌਕਰਾਣੀ ਨਾਲ ਬਲਾਤਕਾਰ ਕਰਨ ਦਾ ਦੋਸ਼ ਸੀ। ਦੋਸ਼ ਸੱਚਾ ਜੀ ਜਾਂ ਝੂਠਾ, ਹਾਲ ਦੀ ਘੜੀ ਇਹ ਮਸਲਾ ਨਹੀਂ ਸੀ। ਉਹ ਨਵੀਂ ਕਿਸਮ ਦੀ ਸਮੱਸਿਆ ਨਾਲ ਘਿਰਿਆ ਹੋਇਆ ਸੀ। ਚੌਕੀਦਾਰ ਲੱਗਣ ਤੋਂ ਦੋ ਮਹੀਨੇ ਪਹਿਲਾਂ ਹੀ ਉਹ ਫ਼ੌਜ ਵਿਚੋਂ ਰਿਟਾਇਰ ਹੋਇਆ ਸੀ। ਉਸ ਦੀ ਪੈਨਸ਼ਨ ਬੈਂਕ ਵਿਚ ਜਮ੍ਹਾਂ ਹੁੰਦੀ ਸੀ। ਖ਼ਰਚੇ ਲਈ ਉਸ ਨੂੰ ਪੈਸਾ ਚਾਹੀਦਾ ਸੀ। ਪਿਛਲੀ ਵਾਰ ਚੈੱਕ ਉਸ ਨੇ ਆਪਣੇ ਵਕੀਲ ਨੂੰ ਦਿੱਤਾ ਸੀ। ਫ਼ੀਸ ਦਾ ਬਕਾਇਆ ਆਖ ਕੇ ਵਿਚੋਂ ਪੰਦਰਾਂ ਸੌ ਉਸ ਨੇ ਰੱਖ ਲਿਆ ਸੀ। ਪੰਜ ਸੌ ਉਸ ਦੇ ਪੱਲੇ ਪਿਆ ਸੀ। ਭਰਜਾਈ ਵਕੀਲ ਨਾਲੋਂ ਵੱਧ ਲਾਲਚੀ ਸੀ। ਪੈਨਸ਼ਨ ਦੇ ਬੈਂਕ ਵਿਚ ਜਮ੍ਹਾਂ ਹੋਣ ਦੀ ਭਿਣਕ ਪੈਂਦਿਆਂ ਹੀ ਉਹ ਜੇਲ੍ਹ ਦੇ ਚੱਕਰ ਕੱਟਣ ਲੱਗਦੀ ਸੀ। ਕਦੇ ਉਸ ਨੂੰ ਪੈਸੇ ਭਤੀਜੇ ਦੀ ਫ਼ੀਸ ਭਰਨ ਲਈ ਚਾਹੀਦੇ ਹੁੰਦੇ ਸਨ, ਕਦੇ ਭਤੀਜੀ ਦੀ ਜੁੱਤੀ ਖ਼ਰੀਦਣ ਲਈ। ਛੜਾ ਹੋਣ ਕਾਰਨ ਭਰਜਾਈ ਨਾਲ ਫ਼ੌਜੀ ਨੂੰ ਤਿਹੁ ਸੀ। ਕਦੇ ਉਸ ਨੂੰ ਖ਼ਾਲੀ ਹੱਥ ਨਹੀਂ ਸੀ ਮੋੜਿਆ, ਪਰ ਇਕ ਗਿਲਾ ਜ਼ਰੂਰ ਸੀ। ਫ਼ੌਜੀ ਪੰਜ ਸੌ ਮੰਗਵਾਉਂਦਾ, ਉਹ ਸੌ ਭੇਜਦੀ।

ਆਪਣੀ ਨੌਕਰੀ ਦੌਰਾਨ ਫ਼ੌਜੀ ਬਹੁਤਾ ਸਮਾਂ ਬਰਫ਼ੀਲੀਆਂ ਪਹਾੜੀਆਂ ਉਪਰ ਤਾਇਨਾਤ ਰਿਹਾ ਸੀ। ਉਸ ਨੂੰ ਰੱਮ ਪੀਣ ਦੀ ਲਤ ਪਈ ਹੋਈ ਸੀ। ਕਦੇ-ਕਦੇ ਮਾਵਾ ਵੀ ਲਾ ਲੈਂਦਾ ਸੀ। ਇਹ ਚੀਜ਼ਾਂ ਜੇਲ੍ਹ ਵਿਚ ਮਿਲਦੀਆਂ ਸਨ, ਪਰ ਬਹੁਤ ਮਹਿੰਗੀਆਂ। ਪੈਸੇ ਦੀ ਤੋਟ ਕਾਰਨ ਫ਼ੌਜੀ ਔਖਾ ਸੀ।

ਅੱਕੇ ਫ਼ੌਜੀ ਨੇ ਫ਼ੈਸਲਾ ਕੀਤਾ ਸੀ ਕਿ ਅੱਗੋਂ ਤੋਂ ਉਹ ਕਿਸੇ ਨੂੰ ਦੁਆਨੀ ਨਹੀਂ ਦੇਵੇਗਾ। ਸਾਰੀ ਪੈਨਸ਼ਨ ਜੇਲ੍ਹ ਵਿਚ ਮੰਗਵਾਏਗਾ। ਫੇਰ ਗੁਲਸ਼ਰੇ ਉਡਾਏਗਾ। ਸਹੀ ਸਲਾਮਤ ਸਾਰੀ ਰਕਮ ਜੇਲ੍ਹ ਕਿਸ ਤਰ੍ਹਾਂ ਪੁੱਜੇ, ਉਹ ਇਸ ਸਮੱਸਿਆ ਨਾਲ ਘਿਰਿਆ ਹੋਇਆ ਸੀ।



ਹੱਲ ਸੁਲਝਾਉਣ ਤੋਂ ਪਹਿਲਾਂ ਹਾਕਮ ਨੇ ਫ਼ੌਜੀ ਕੋਲੋਂ ਇਹ ਬਚਨ ਲਿਆ ਸੀ ਕਿ ਅੱਧੀ ਰਕਮ ਉਹ ਭਤੀਜੇ-ਭਤੀਜੀਆਂ ਲਈ ਛੱਡੇਗਾ, ਅੱਧੀ ਜੇਲ੍ਹ ਮੰਗਵਾਏਗਾ।

ਫ਼ੌਜੀ ਵੱਲੋਂ ਇਕ ਦਰਖ਼ਾਸਤ ਲਿਖੀ ਗਈ, "ਮੈਨੂੰ ਬੈਂਕ ਜਾ ਕੇ ਪੈਸੇ ਕਢਵਾਉਣ ਦੀ ਇਜਾਜ਼ਤ ਦਿੱਤੀ ਜਾਵੇ।" ਦਰਖ਼ਾਸਤ ਮਨਜ਼ੂਰ ਹੋ ਗਈ।

ਫ਼ੌਜੀ ਨੂੰ ਪਹਿਲੀ ਵਾਰ ਆਪਣੇ ਪੈਸੇ ਆਪਣੀ ਮਰਜ਼ੀ ਨਾਲ ਖ਼ਰਚਣ ਦੀ ਖੁੱਲ੍ਹ ਮਿਲੀ ਸੀ। ਆਪਣੀ ਇਹ ਖ਼ੁਸ਼ੀ ਉਹ ਹਾਕਮ ਅਤੇ ਸਾਥੀ ਕੈਦੀਆਂ ਨਾਲ ਸਾਂਝੀ ਕਰਨਾ ਚਾਹੁੰਦਾ ਸੀ।

ਲੱਡੂਆਂ ਦੀ ਖ਼ੁਸ਼ਬੂ ਨੇ ਬੈਰਕ ਦੇ ਮਾਹੌਲ ਨੂੰ ਖ਼ੁਸ਼ਬੂਦਾਰ ਬਣਾ ਰੱਖਿਆ ਸੀ। ਹਰ ਇਕ ਨੂੰ ਮੂੰਹ ਮਿੱਠਾ ਕਰਨ ਦੀ ਆਸ ਸੀ। ਕੈਦੀਆਂ ਤੋਂ ਮੂੰਹ ਵਿਚ ਆਇਆ ਪਾਣੀ ਕਾਬੂ ਨਹੀਂ ਸੀ ਹੋ ਰਿਹਾ। ਆਨੇ-ਬਹਾਨੇ ਉਹ ਲੱਡੂਆਂ ਵਾਲੇ ਲਿਫ਼ਾਫ਼ੇ ਦੁਆਲੇ ਭਿਣਕਣ ਲੱਗਦੇ।

ਪਰ ਫ਼ੌਜੀ ਦਾ ਸਖ਼ਤ ਹੁਕਮ ਸੀ ਕਿ ਇਹ ਲੜਾਈ ਉਸ ਨੇ ਆਪਣੇ ਕਪਤਾਨ ਹਾਕਮ ਸਿੰਘ ਦੀ ਕਿਰਪਾ ਨਾਲ ਜਿੱਤੀ ਸੀ। ਜਸ਼ਨ ਦਾ ਆਰੰਭ ਹਾਕਮ ਦੇ ਮੂੰਹ ਮਿੱਠਾ ਕਰਨ ਬਾਅਦ ਹੋਣਾ ਸੀ।

ਦੁਖੂ ਭਈਏ ਕੋਲ ਲੱਡੂ ਲਿਆਉਣ ਜੋਗੇ ਪੈਸੇ ਨਹੀਂ ਸਨ। ਉਂਝ ਉਹ ਫ਼ੌਜੀ ਨਾਲੋਂ ਵੱਧ ਖ਼ੁਸ਼ ਸੀ ਅਤੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਜ਼ੋਰ-ਸ਼ੋਰ ਨਾਲ ਕਰਨਾ ਚਾਹੁੰਦਾ ਸੀ।

ਦੁਖੂ ਦੀ ਅਪੀਲ ਮਨਜ਼ੂਰ ਹੋ ਚੁੱਕੀ ਸੀ। ਕੱਲ੍ਹ ਨੂੰ ਉਸ ਨੇ ਬਰੀ ਹੋ ਜਾਣਾ ਸੀ। ਉਸ ਨੂੰ ਵੀਹ ਬੋਤਲਾਂ ਨਾਜਾਇਜ਼ ਸ਼ਰਾਬ ਰੱਖਣ ਦੇ ਦੋਸ਼ ਵਿਚ ਇਕ ਸਾਲ ਦੀ ਕੈਦ ਅਤੇ ਪੰਜ ਹਜ਼ਾਰ ਰੁਪਏ ਜੁਰਮਾਨਾ ਹੋਇਆ ਸੀ।

ਰੋਜ਼ੀ-ਰੋਟੀ ਦੀ ਤਲਾਸ਼ ਵਿਚ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਜੌਨਪੁਰ ਤੋਂ ਆਇਆ ਦੁਖੂ ਸਰਦਾਰਾਂ ਦੇ ਫ਼ਾਰਮ 'ਤੇ ਕੰਮ ਕਰਦਾ ਸੀ। ਪੋਤੇ ਦੀ ਸਾਲਗਿਰਾਹ ਮਨਾਉਣ ਲਈ ਵੱਡੇ ਸਰਦਾਰ ਨੇ ਮਿੱਤਰਾਂ ਨੂੰ ਮੋਟਰ 'ਤੇ ਬੁਲਾਇਆ ਸੀ। ਇਕ ਭਈਏ ਨੂੰ ਮੀਟ ਰਿੰਨ੍ਹਣ ਲਾ ਕੇ ਦੁਖੂ ਨੂੰ ਗੁਆਂਢੀ ਪਿੰਡ ਭਜਾਇਆ ਸੀ।

ਰਾਹ ਵਿਚ ਛਾਪਾ ਪੈ ਗਿਆ। ਮੋਟਰ ਦੀ ਥਾਂ ਸਣੇ ਕੇਨੀ ਉਹ ਥਾਣੇ ਪੁੱਜ ਗਿਆ।

ਪੁਲਿਸ ਨੇ ਜੇ ਆਪਣੇ ਤੌਰ 'ਤੇ ਫੜਿਆ ਹੁੰਦਾ ਤਾਂ ਹੇਠ-ਉਤਾਂਹ ਕਰ ਕੇ ਛੱਡ ਦਿੰਦੇ, ਪਰ ਮੁਖ਼ਬਰੀ ਸਰਦਾਰਾਂ ਦੇ ਦੁਸ਼ਮਣਾਂ ਨੇ ਕੀਤੀ ਸੀ। ਉਹ ਰੰਗ ਵਿਚ ਭੰਗ ਪਾਉਣਾ ਚਾਹੁੰਦੇ ਸਨ।

ਸਰਦਾਰ ਦੇ ਦੁਖੂ ਨੂੰ ਛੁਡਾਉਣ ਦੇ ਯਤਨ ਅਸਫ਼ਲ ਹੋ ਗਏ। ਪੁਲਿਸ ਨੇ ਦਾਅਵਾ ਕੀਤਾ, "ਮਹੀਨੇ ਦੇ ਅੰਦਰ-ਅੰਦਰ ਭਈਏ ਨੂੰ ਛੁਡਾ ਦਿਆਂਗੇ। ਹਾਲੇ ਇਸ ਨੂੰ ਅੰਦਰ ਰਹਿਣ ਦਿਓ। ਫੇਰ ਇਕਬਾਲ ਕਰਵਾ ਦਿਆਂਗੇ। ਕੱਟੀ ਸਜ਼ਾ ਜਿੰਨੀ ਸਜ਼ਾ ਕਰਵਾ ਕੇ ਘਰ ਲੈ ਆਵਾਂਗੇ।"

ਮਹੀਨੇ ਬਾਅਦ ਪੇਸ਼ੀ ਭੁਗਤਣ ਗਏ ਦੁਖੂ ਨੂੰ ਹੌਲਦਾਰ ਨੇ ਸਮਝਾਇਆ, "ਜੇ ਜੱਜ ਪੁੱਛੇ ਤਾਂ ਆਖ ਦੇਈਂ, ਸ਼ਰਾਬ ਮੇਰੇ ਕੋਲੋਂ ਫੜੀ ਗਈ ਹੈ। ਬਾਕੀ ਕੰਮ ਸਰਕਾਰੀ ਵਕੀਲ ਦਾ ਹੈ।"

ਸਰਕਾਰੀ ਵਕੀਲ ਨੇ ਮੌਕਾ ਸੰਭਾਲਣ ਦੀ ਥਾਂ ਵਿਗਾੜ ਦਿੱਤਾ। ਹੌਲਦਾਰ ਕਹਿੰਦਾ ਸੀ, 'ਇਕ ਬੋਤਲ ਅਤੇ ਮੁਰਗੇ ਨਾਲ ਸਰ ਜਾਏਗਾ।" ਸਰਕਾਰੀ ਵਕੀਲ ਪੇਟੀ ਤੋਂ ਹੇਠਾਂ ਨਹੀਂ ਸੀ ਉਤਰ ਰਿਹਾ। ਕਹਿੰਦਾ ਸੀ, ਉਸ ਨੂੰ ਉਪਰੋਂ ਵਗਾਰ ਪਈ ਹੈ।

ਏਨਾ ਖ਼ਰਚਾ ਕਰਨ ਤੋਂ ਸਰਦਾਰ ਟਲ ਗਏ। ਭਈਏ ਤੋਂ ਸਾਲ ਭਰ ਮਜ਼ਦੂਰੀ ਕਰ ਕੇ ਵੀ ਪੇਟੀ ਦਾ ਖ਼ਰਚ ਨਹੀਂ ਜੁੜਨਾ। ਇਹ ਵੀ ਨਹੀਂ ਪਤਾ ਕਿ ਬਾਹਰ ਨਿਕਲ ਕੇ ਦੇਸ਼ ਨੂੰ ਭੱਜ ਜਾਵੇ

ਜਾਂ ਰੌਲਾ ਪਾ ਕੇ ਬੈਠ ਜਾਵੇ। ਸ਼ਰਾਬ ਸਰਦਾਰ ਨੇ ਮੰਗਵਾਈ ਸੀ, 'ਖ਼ਰਚਾ ਉਹੋ ਕਰਨ' ਦੀ ਮੰਗ ਰੱਖ ਦੇਵੇ।

ਜਦੋਂ ਸੌਦਾ ਸਿਰੇ ਨਾ ਚੜ੍ਹਿਆ ਤਾਂ ਸਰਕਾਰੀ ਵਕੀਲ ਮੂੰਹ ਮੋਟਾ ਕਰ ਕੇ ਜੱਜ ਦੇ ਰਿਟਾਇਰਿੰਗ ਰੂਮ ਵਿਚ ਜਾ ਵੜਿਆ। ਪਤਾ ਨਹੀਂ ਉਸ ਦੇ ਕੰਨ ਵਿਚ ਕੀ ਫੂਕ ਮਾਰੀ ਕਿ ਜੱਜ ਨੇ ਉਸ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾ ਦਿੱਤੀ।

ਸਰਦਾਰਾਂ ਨੇ ਅਪੀਲ ਕਰਨ ਦੀ ਕੋਸ਼ਿਸ਼ ਕੀਤੀ। "ਵਕੀਲ ਕਹਿੰਦਾ ਕਿ ਪਹਿਲਾਂ ਜੁਰਮਾਨਾ ਭਰਨਾ ਪਏਗਾ।" ਪੰਜ ਹਜ਼ਾਰ ਖੂਹ-ਖਾਤੇ ਪੈਂਦਾ ਦੇਖ ਸਰਦਾਰਾਂ ਨੇ ਅਪੀਲ ਕਰਨ ਦਾ ਖ਼ਿਆਲ ਤਿਆਗ ਦਿੱਤਾ। ਫੇਰ ਭਈਆ ਵੀ ਵਿਸਾਰ ਦਿਤਾ।

ਜੋ ਕਾਨੂੰਨੀ ਲੜਾਈ ਸਰਦਾਰ ਨਹੀਂ ਸੀ ਲੜ ਸਕੇ, ਉਹ ਦੁਖੂ ਕਿਸ ਤਰ੍ਹਾਂ ਲੜ ਸਕਦਾ ਸੀ। ਉਹ ਥੱਕ-ਹਾਰ ਕੇ ਬੈਠ ਗਿਆ।

ਦੁਖੂ ਅੱਠ ਮਹੀਨੇ ਸਜ਼ਾ ਕੱਟ ਚੁੱਕਾ ਸੀ। ਢਾਈ-ਤਿੰਨ ਮਹੀਨੇ ਦੀ ਮੁਆਫ਼ੀ ਕਮਾ ਚੁੱਕਾ ਸੀ। ਉਸ ਨੂੰ ਜਾਪਦਾ ਸੀ ਕਿ ਉਸ ਦੇ ਸੰਕਟ ਦੇ ਦਿਨ ਕੱਟਣ ਵਾਲੇ ਹਨ, ਪਰ ਇਕ ਦਿਨ ਜਦੋਂ ਉਸ ਨੇ ਸਹਾਇਕ ਦਰੋਗ਼ੇ ਤੋਂ ਹਿਸਾਬ ਕਰਵਾਇਆ ਤਾਂ ਪਤਾ ਲੱਗਾ ਕਿ ਰਿਹਾਈ ਤੋਂ ਪਹਿਲਾਂ ਪੰਜ ਹਜ਼ਾਰ ਰੁਪਏ ਜੁਰਮਾਨਾ ਭਰਨਾ ਪੈਣਾ ਸੀ, ਨਹੀਂ ਤਾਂ ਛੇ ਮਹੀਨੇ ਹੋਰ ਸਜ਼ਾ ਕੱਟਣੀ ਪੈਣੀ ਸੀ।

ਉਸ ਦਿਨ ਤੋਂ ਦੁਖੂ ਦੁਖੀ ਸੀ।

ਹਾਕਮ ਦਾ ਹੱਥ ਪਿੱਠ 'ਤੇ ਟਿਕਦਿਆਂ ਹੀ ਉਸ ਦੀ ਉਦਾਸੀ ਹਰੀ ਗਈ। ਹਾਕਮ ਨੇ ਉਸ ਦੇ ਬਚਾਅ ਦੇ ਕਈ ਰਾਹ ਲੱਭੇ। ਦੋਸ਼ੀ ਕੋਲੋਂ ਆਪਣੇ ਜੁਰਮ ਦਾ ਇਕਬਾਲ ਕਰਾਉਣ ਦੀ ਕਾਹਲ ਵਿਚ ਪੁਲਿਸ ਕੁਝ ਅਹਿਮ ਉਪਚਾਰਕਤਾਵਾਂ ਨਿਭਾਉਣਾ ਭੁੱਲ ਗਈ ਸੀ। ਉਹਨਾਂ ਨੂੰ ਫੜੀ ਸ਼ਰਾਬ ਵਿਚੋਂ ਨਮੂਨਾ ਕੱਢਣਾ ਚਾਹੀਦਾ ਸੀ। ਨਮੂਨੇ ਨੂੰ ਟੈਸਟ ਲਈ ਮਾਹਿਰਾਂ ਕੋਲ ਭੇਜਣਾ ਚਾਹੀਦਾ ਸੀ। ਫੇਰ ਹੀ ਦੁਖੂ ਕੋਲੋਂ ਫੜੀ ਚੀਜ਼ ਨੂੰ ਨਾਜਾਇਜ਼ ਸ਼ਰਾਬ ਆਖਿਆ ਜਾ ਸਕਦਾ ਸੀ।

ਉਸ ਦੇ ਬਚਾਅ ਦਾ ਦੂਜਾ ਕਾਰਨ ਉਸ ਵੱਲੋਂ ਆਪਣੇ ਜੁਰਮ ਦਾ ਇਕਬਾਲ ਕਰਨਾ ਸੀ। ਜੁਰਮ ਦੇ ਇਕਬਾਲ ਕਰਨ ਦਾ ਮਤਲਬ ਰਹਿਮ ਦੀ ਝਾਕ ਹੁੰਦਾ ਹੈ, ਪਰ ਜਾਪਦਾ ਸੀ ਮੈਜਿਸਟ੍ਰੇਟ ਸਰਕਾਰੀ ਵਕੀਲ ਦਾ ਪਿਛਲੱਗ ਸੀ। ਜੱਜ ਅਤੇ ਸਰਕਾਰੀ ਵਕੀਲ ਦੇ ਲਾਲਚੀ ਹੋਣ ਦੀ ਬੂਅ ਫ਼ੈਸਲੇ ਵਿਚੋਂ ਆਉਂਦੀ ਸੀ। ਬੱਸ ਸੈਸ਼ਨ ਜੱਜ ਨੂੰ ਧਿਆਨ ਦੇਣ ਦੀ ਜ਼ਰੂਰਤ ਸੀ।

ਪਹਿਲੀ ਪੇਸ਼ੀ ਹੀ ਸੁਣਵਾਈ ਹੋ ਗਈ। ਜੱਜ ਨੇ ਉਸ ਨੂੰ ਬਰੀ ਕਰਨ ਦਾ ਐਲਾਨ ਕਰ ਦਿੱਤਾ, ਪਰ ਅੱਜ ਮਹੀਨੇ ਦਾ ਆਖ਼ਰੀ ਦਿਨ ਸੀ। ਜਿੰਨੇ ਫ਼ੈਸਲੇ ਜੱਜ ਨੂੰ ਕਰਨੇ ਚਾਹੀਦੇ ਸਨ, ਉਹ ਕਰ ਚੁੱਕਾ ਸੀ। ਨਵਾਂ ਮਹੀਨਾ ਚੜ੍ਹਦੇ ਹੀ ਜੱਜ ਨੇ ਆਪਣੇ ਫ਼ੈਸਲਿਆਂ ਦਾ ਸ੍ਰੀ ਗਨੇਸ਼ ਦੁਖੂ ਨੂੰ ਬਰੀ ਕਰ ਕੇ ਕਰਨਾ ਸੀ।

ਦੁੱਖੂ ਆਪਣਾ ਬੋਰੀਆ ਬਿਸਤਰਾ ਬੰਨ੍ਹੀ ਬੈਠਾ ਸੀ। ਬੱਸ ਹਾਕਮ ਸਿੰਘ ਦੇ ਪੈਰੀਂ ਹੱਥ ਲਾਉਣਾ ਬਾਕੀ ਸੀ।

ਸ਼ਾਮ ਲਾਲ ਲਈ ਵੀ ਖ਼ੁਸ਼ੀਆਂ ਮਨਾਉਣ ਦਾ ਦਿਨ ਸੀ। ਉਹ ਲੱਡੂਆਂ ਦੀ ਥਾਂ ਬਰਫ਼ੀ ਲਿਆਉਣ ਦੀ ਸਥਿਤੀ ਵਿਚ ਸੀ। ਖ਼ੁਸ਼ੀ ਕਿਸ ਤਰ੍ਹਾਂ ਮਨਾਈ ਜਾਵੇ, ਇਹ ਉਸ ਨੂੰ ਸੁੱਝ ਨਹੀਂ ਸੀ ਰਿਹਾ।



ਸ਼ਾਮ ਲਾਲ ਨੂੰ ਆਪਣੇ ਵਕੀਲ 'ਤੇ ਗਿਲਾ ਸੀ। ਉਹ ਦਾ ਲਾਲਚ ਹਨੂੰਮਨ ਦੀ ਪੂਛ ਵਾਂਗ ਵਧਦਾ ਜਾ ਰਿਹਾ ਸੀ। ਪਹਿਲਾਂ ਉਸ ਨੇ ਆਪਣੇ ਮੂੰਹੋਂ ਸਾਰੇ ਕੇਸ ਦੀ ਫ਼ੀਸ ਤਿੰਨ ਹਜ਼ਾਰ ਮੰਗੀ ਸੀ। ਫੇਰ ਕਹਿੰਦਾ, 'ਮੈਨੂੰ ਜ਼ਮਾਨਤ ਦੀ ਦਰਖ਼ਾਸਤ ਦੋ ਵਾਰ ਲਾਉਣੀ ਪਈ। ਪਹਿਲੀ ਫ਼ੀਸ ਹਜ਼ਮ ਹੋ ਗਈ। ਦੋ ਹਜ਼ਾਰ ਹੋਰ ਦਿਓ।" ਉਹਨਾਂ ਸਬਰ ਦਾ ਘੁੱਟ ਭਰ ਕੇ ਦੋ ਹਜ਼ਾਰ ਹੋਰ ਦੇ ਦਿੱਤਾ। ਹੁਣ ਕਦੇ ਸਰਕਾਰੀ ਵਕੀਲ ਦੇ ਨਾਂ 'ਤੇ ਮੰਗ ਲੈਂਦਾ, ਕਦੇ ਡਾਕਟਰ ਅਤੇ ਗਵਾਹਾਂ ਦੇ ਨਾਂ 'ਤੇ। ਪਹਿਲਾਂ-ਪਹਿਲ ਸ਼ਾਮ ਲਾਲ ਵਕੀਲ ਦੀਆਂ ਗੱਲਾਂ ਵਿਚ ਆਉਂਦਾ ਰਿਹਾ। ਜੋ ਉਹ ਮੰਗਦਾ ਦਿੰਦਾ ਰਿਹਾ। ਪਿਛਲੀ ਪੇਸ਼ੀ ਭਾਂਡਾ ਫੁੱਟ ਗਿਆ। ਤਫ਼ਤੀਸ਼ੀ ਅਫ਼ਸਰ ਸ਼ਾਮ ਲਾਲ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਇਸ ਮੁਕੱਦਮੇ ਵਿਚ ਉਸ ਨੇ ਸ਼ਾਮ ਲਾਲ ਨੂੰ ਗ੍ਰਿਫ਼ਤਾਰ ਕੀਤਾ ਸੀ। ਤਿੰਨ ਦਿਨ ਪੁਲਿਸ ਹਿਰਾਸਤ ਵਿਚ ਰਹਿਣ ਕਾਰਨ ਉਸ ਨੇ ਸ਼ਾਮ ਲਾਲ ਨਾਲ ਵਾਅਦਾ ਕੀਤਾ ਸੀ, "ਗਵਾਹੀ ਸਮੇਂ ਮੈਂ ਤੇਰੀ ਡਟ ਕੇ ਮਦਦ ਕਰਾਂਗਾ।" ਸ਼ਾਮ ਲਾਲ ਨੇ ਵੀ ਬਚਨ ਦਿੱਤਾ ਸੀ, "ਮੈਂ ਤੇਰਾ ਹੱਕ ਨਹੀਂ ਰੱਖਾਂਗਾ।" ਮੌਕਾ ਆਉਣ 'ਤੇ ਥਾਣੇਦਾਰ ਨੇ ਸ਼ਾਮ ਲਾਲ ਨੂੰ ਆਪਣਾ ਵਚਨ ਯਾਦ ਕਰਾਇਆ। ਥਾਣੇਦਾਰ ਦੀ ਗੱਲ ਸੁਣ ਕੇ ਉਹ ਹੱਕਾ-ਬੱਕਾ ਰਹਿ ਗਿਆ। ਵਕੀਲ ਉਸ ਦੇ ਨਾਂ 'ਤੇ ਇਕ ਹਜ਼ਾਰ ਕਦੋਂ ਦਾ ਲੈ ਚੁੱਕਾ ਸੀ। ਸਫ਼ਾਈ ਪੇਸ਼ ਕਰਨ ਲਈ ਸ਼ਾਮ ਲਾਲ ਉਸ ਨੂੰ ਵਕੀਲ ਦੇ ਮੂੰਹ 'ਤੇ ਲੈ ਗਿਆ। ਵਕੀਲ ਦੀ ਘਿੱਗੀ ਬੱਝ ਗਈ। ਤਾਤੇ-ਬਾਤੇ ਕਰ ਕੇ ਮਸਾਂ ਖਹਿੜਾ ਛੁਡਾਇਆ।

ਖਿਝਿਆ ਥਾਣੇਦਾਰ ਸ਼ਾਮ ਲਾਲ ਨੂੰ ਸਰਕਾਰੀ ਵਕੀਲ ਕੋਲ ਲੈ ਗਿਆ। ਉਥੇ ਵੀ ਉਹੋ ਹਾਲ ਸੀ।

ਸ਼ਾਮ ਲਾਲ ਕੁੜਿੱਕੀ ਵਿਚ ਫਸ ਗਿਆ। ਸਰਕਾਰੀ ਮੁਲਾਜ਼ਮਾਂ ਦੇ ਨਾਂ 'ਤੇ ਪੈਸੇ ਖਾਣੇ ਏਨੇ ਸੌਖੇ ਨਹੀਂ? ਵਕੀਲ ਨੂੰ ਇਹ ਸਬਕ ਸਿਖਾਉਣ ਲਈ ਉਲਟਾ ਉਹ ਪੈਰਵਾਈ ਵਿਚ ਦੱਬ ਕੇ ਜੁੱਟ ਗਿਆ।

ਸ਼ਰਮ ਦਾ ਮਾਰਾ ਵਕੀਲ ਸ਼ਾਮ ਲਾਲ ਦੇ ਮੱਥੇ ਲੱਗਣੋਂ ਹਟ ਗਿਆ। ਅੰਦਰੋਂ ਸ਼ਾਮ ਲਾਲ ਨੂੰ ਫਸਾਉਣ ਦੇ ਮਨਸੂਬੇ ਘੜਨ ਲੱਗਾ।

ਸ਼ਾਮ ਲਾਲ ਦਾ ਥਰੀ-ਵੀਲਰ ਪਹਿਲਾਂ ਹੀ ਵਿਕ ਚੁੱਕਾ ਸੀ। ਨਵਾਂ ਵਕੀਲ ਖੜ੍ਹਾ ਕਰਨ ਦੀ ਸਥਿਤੀ ਵਿਚ ਨਹੀਂ ਸੀ।

ਸ਼ਾਮ ਲਾਲ ਚਾਹੁੰਦਾ ਸੀ ਕਿ ਉਸ ਦਾ ਵਕੀਲ ਘੱਟੋ-ਘੱਟ ਹੋਰਾਂ ਦੇ ਨਾਂ 'ਤੇ ਲਏ ਪੈਸੇ ਤਾਂ ਮੋੜੇ। ਪੈਸੇ ਮੋੜਨੇ ਤਾਂ ਦੂਰ ਉਹ ਨਵੇਂ ਅੜਿੱਕੇ ਅੜਾਉਣ ਲੱਗਾ। ਕਿਸੇ ਹੋਰ ਨੂੰ ਉਸ ਦਾ ਵਕੀਲ ਬਣਨੋਂ ਰੋਕਣ ਲੱਗਾ। ਕਹਿ ਦਿੰਦਾ, "ਮੇਰੀ ਹਾਲੇ ਫ਼ੀਸ ਰਹਿੰਦੀ ਹੈ।"

ਹੁਣ ਉਹ ਨਾ ਖ਼ੁਦ ਕਚਹਿਰੀ ਵੜਦਾ ਸੀ, ਨਾ ਕਿਸੇ ਹੋਰ ਨੂੰ ਵਕੀਲ ਬਣਨ ਦਿੰਦਾ ਸੀ। ਗਵਾਹ ਕਈ ਪੇਸ਼ੀਆਂ ਤੋਂ ਮੁੜ ਰਹੇ ਸਨ। ਜੱਜ ਸ਼ਾਮ ਲਾਲ ਨੂੰ ਚਿਤਾਵਨੀ ਦੇ ਚੁੱਕਾ ਸੀ, "ਆਪਣੇ ਪੁਰਾਣੇ ਵਕੀਲ ਨੂੰ ਮਨਾ ਜਾਂ ਨਵਾਂ ਖੜ੍ਹਾ ਕਰ। ਇਸ ਨਾਲ ਮੇਰਾ ਕੋਈ ਮਤਲਬ ਨਹੀਂ। ਅਗਲੀ ਪੇਸ਼ੀ ਗਵਾਹਾਂ 'ਤੇ ਜਿਰਾਹ ਕਰ, ਨਹੀਂ ਤਾਂ ਸਜ਼ਾ ਲਈ ਤਿਆਰ ਰਹਿ।"

ਪੇਸ਼ੀ 'ਤੇ ਜਾਣ ਤੋਂ ਪਹਿਲਾਂ ਉਸ ਨੇ ਹਾਕਮ ਕੋਲ ਰੋਣਾ ਰੋਇਆ ਸੀ।

"ਵਕੀਲ ਨੂੰ ਵਕਾਲਤ ਕਰਨ ਦਾ ਲਾਇਸੈਂਸ ਮਿਲਿਆ ਹੈ, ਠੱਗੀ ਮਾਰਨ ਦਾ ਨਹੀਂ। ਉਸ ਨੂੰ ਪੁੱਛਣ ਵਾਲੇ ਵੀ ਹਨ।"

ਆਖਦੇ ਹਾਕਮ ਨੇ ਸ਼ਾਮ ਲਾਲ ਵੱਲੋਂ ਜੱਜ ਦੇ ਨਾਂ ਚਿੱਠੀ ਲਿਖੀ, “ਵਕੀਲ ਨੇ ਧੋਖੇ ਨਾਲ ਕਈ ਵਾਰੀ ਫ਼ੀਸ ਲੈ ਕੇ ਮੇਰੇ ਨਾਲ ਚਾਰ ਸੌ ਵੀਹ ਕੀਤੀ ਹੈ। ਸਰਕਾਰੀ ਮੁਲਾਜ਼ਮਾਂ ਨੂੰ ਰਿਸ਼ਵਤ ਦੇਣ ਦੇ ਬਹਾਨੇ ਕਈ ਵਾਰੀ ਪੈਸੇ ਬਟੋਰੇ ਹਨ। ਇੰਝ ਕਰਨਾ ਜੁਰਮ ਹੈ। ਕਿਰਪਾ ਕਰ ਕੇ ਪੁਲਿਸ ਕਪਤਾਨ ਨੂੰ ਆਖ ਕੇ ਵਕੀਲ ਵਿਰੁੱਧ ਫ਼ੌਜਦਾਰੀ ਮੁਕੱਦਮਾ ਦਰਜ ਕਰਵਾਇਆ ਜਾਵੇ। ਉਹ ਵਕੀਲ ਦੇ ਫ਼ਰਜ਼ ਨਹੀਂ ਨਿਭਾ ਰਿਹਾ। ਉਸ ਦਾ ਲਾਇਸੈਂਸ ਵੀ ਕੈਂਸਲ ਕਰਨ ਦੀ ਸਿਫ਼ਾਰਸ਼ ਕੀਤੀ ਜਾਵੇ।”

ਦਰਖ਼ਾਸਤ ਪੜ੍ਹਦਿਆਂ ਹੀ ਜੱਜ ਨੇ ਵਕੀਲ ਦੇ ਨਾਲ-ਨਾਲ ਵਕੀਲਾਂ ਦੇ ਪ੍ਰਧਾਨ ਨੂੰ ਵੀ ਬੁਲਾ ਲਿਆ। ਘੰਟੇ ਦੇ ਅੰਦਰ-ਅੰਦਰ ਮਸਲਾ ਹੱਲ ਹੋ ਗਿਆ। ਫ਼ੀਸ ਵੀ ਵਾਪਸ ਹੋ ਗਈ ਅਤੇ ਰਿਸ਼ਵਤ ਦੇ ਪੈਸੇ ਵੀ।

ਸ਼ਾਮ ਲਾਲ ਨੇ ਭਾਈਚਾਰੇ ਕੋਲੋਂ ਮੁਆਫ਼ੀ ਮੰਗੀ। ਨਾਲ ਵਾਅਦਾ ਕੀਤਾ, “ਅਗਲੀ ਪੇਸ਼ੀ ਮੈਂ ਰਸਗੁੱਲਿਆਂ ਦਾ ਡੱਬਾ ਭਰਾ ਕੇ ਲਿਆਵਾਂਗਾ। ਸਭ ਨੂੰ ਰੱਜ ਕੇ ਖੁਆਵਾਂਗਾ।”

ਦੁਖੂ ਹੋਰਾਂ ਦੀਆਂ ਗੱਲਾਂ ਸੁਣ-ਸੁਣ ਉਹਨਾਂ ਕੈਦੀਆਂ ਦੇ ਮੂੰਹ ਵਿਚ ਪਾਣੀ ਆ ਰਿਹਾ ਸੀ, ਜਿਨ੍ਹਾਂ ਨੇ ਅਗਲੇ ਹਫ਼ਤੇ ਪੇਸ਼ੀ ਭੁਗਤਣ ਕਚਹਿਰੀ ਜਾਣਾ ਸੀ। ਉਹਨਾਂ ਦੇ ਮੁਕੱਦਮਿਆਂ ਨੂੰ ਘੋਖਣ ਹੀ ਸੈੱਲ ਵਾਲਿਆਂ ਨੇ ਇਧਰ ਆਉਣਾ ਸੀ।

ਨੰਗਾਂ ਦੀ ਬੈਰਕ ਵਿਚ ਬੰਦ ਸਾਰੇ ਹਵਾਲਾਤੀਆਂ ਨੂੰ ਉਬਲ-ਚਿੱਤੀ ਲੱਗੀ ਹੋਈ ਸੀ। ਕਦੋਂ ਹਾਕਮ ਹੋਰੀਂ ਬੈਰਕ ਵਿਚ ਆਉਣ, ਕਦੋਂ ਭੰਗੜੇ ਪਾ ਕੇ ਉਹ ਉਹਨਾਂ ਦਾ ਸਵਾਗਤ ਕਰਨ।



# 30

“ਲੀਗਲ ਸੈੱਲ ਵਾਲੇ ਹਰ ਰੋਜ਼ ਚਾਰ-ਪੰਜ ਮਰਦ ਕੈਦੀ ਰਿਹਾਅ ਕਰਵਾ ਦਿੰਦੇ ਹਨ,” ਜਦੋਂ ਇਹ ਖ਼ਬਰ ਜ਼ਨਾਨਾ ਜੇਲ੍ਹ ਪੁੱਜੀ ਤਾਂ ਉਥੋਂ ਮੰਗ ਉੱਠਣ ਲੱਗੀ, “ਤੁਰੰਤ ਵਕੀਲ ਨੂੰ ਸਾਡੇ ਕੋਲ ਭੇਜਿਆ ਜਾਵੇ। ਸਾਡੀ ਹਾਲਤ ਮਰਦ ਕੈਦੀਆਂ ਨਾਲੋਂ ਭੈੜੀ ਹੈ। ਸਾਨੂੰ ਨਾ ਸਹੁਰੇ ਸਹਾਰਦੇ ਹਨ ਨਾ ਪੇਕੇ।”

ਜ਼ਨਾਨਾ ਵਾਰਡ ਵਿਚ ਸ਼ੀਬੂਆਂ, ਦੁਖੂਆਂ ਦੀ ਕਮੀ ਨਹੀਂ ਸੀ। ਉਥੋਂ ਵੀ ਰਿਹਾਈਆਂ ਹੋਣ ਲੱਗੀਆਂ।

ਫੇਰ ਖ਼ਬਰ ਬਰੋਸਟਲ ਜੇਲ੍ਹ ਪੁੱਜ ਗਈ। ਬੱਚਿਆਂ ਨੂੰ ਕਾਨੂੰਨੀ ਸਹਾਇਤਾ ਦੀ ਸਭ ਤੋਂ ਵੱਧ ਜ਼ਰੂਰਤ ਸੀ। ਉਹ ਜੇਲ੍ਹ ਵਿਚ ਕੇਵਲ ਇਸ ਲਈ ਬੰਦ ਸਨ, ਕਿਉਂਕਿ ਉਹਨਾਂ ਦਾ ਕੋਈ ਵਾਲੀ-ਵਾਰਸ ਨਹੀਂ ਸੀ।

ਬੱਚਿਆਂ ਨੂੰ ਵੀ ਰਾਹਤ ਮਿਲਣ ਲੱਗੀ।

ਜੇਲ੍ਹ ਪ੍ਰਸ਼ਾਸਨ ਦੀ ਪਹਿਲ ’ਤੇ ਰਿਹਾਅ ਹੋ ਰਹੇ ਕੈਦੀਆਂ ਦੇ ਕਿੱਸੇ ਅਖ਼ਬਾਰਾਂ ਵਿਚ ਛਪਣ ਲੱਗੇ। ਬਿਹਾਰ ਵਾਂਗ ਜੇਲ੍ਹ ਅਧਿਕਾਰੀਆਂ ’ਤੇ ਚਿੱਕੜ ਸੁੱਟਣ ਦੀ ਥਾਂ ਸੂਬੇ ਦੇ ਅਖ਼ਬਾਰ ਉਹਨਾਂ ਦੀ ਤਾਰੀਫ਼ ਕਰਨ ਲੱਗੇ।

ਜੇਲ੍ਹ ਪ੍ਰਸ਼ਾਸਨ ਦੀ ਹੁੰਦੀ ਤਾਰੀਫ਼ ’ਤੇ ਸੈਸ਼ਨ ਜੱਜ ਨੂੰ ਸ਼ਰਮ ਆਈ। ਕੈਦੀਆਂ ਦੇ ਹੱਕਾਂ ਦੀ ਰਾਖੀ ਕਰਨਾ ਅਦਾਲਤਾਂ ਦਾ ਕੰਮ ਹੈ। ਲੋੜ ਨਾਲੋਂ ਵੱਧ ਸਮਾਂ ਹਵਾਲਾਤੀਆਂ ਨੂੰ ਜੇਲ੍ਹ ’ਚ ਬਿਠਾ ਕੇ ਉਹ ਇਨਸਾਫ਼ ਦੀ ਥਾਂ ਬੇਇਨਸਾਫ਼ੀ ਕਰ ਰਹੀਆਂ ਹਨ। ਗ਼ਲਤੀ ਸੁਧਾਰਨ ਲਈ ਸੈਸ਼ਨ ਜੱਜ ਨੇ ਅਦਾਲਤਾਂ ਦੇ ਪੁਰਾਣੇ ਬਸਤੇ ਖੁਲ੍ਹਾਏ। ਅਜਿਹੇ ਕੈਦੀਆਂ ਦੀ ਬਿਨਾਂ ਦਰਖ਼ਾਸਤ ਰਿਹਾਈ ਹੋਣ ਲੱਗੀ।

ਸੈਸ਼ਨ ਜੱਜ ਨੂੰ ਆਪਣੀ ਨਿੱਜੀ ਕੋਤਾਹੀ ਦਾ ਅਹਿਸਾਸ ਹੋਇਆ। ਉਹ ਹਰ ਮਹੀਨੇ ਜੇਲ੍ਹ ਦਾ ਦੌਰਾ ਕਰਦਾ ਸੀ। ‘ਸਭ ਅੱਛਾ ਹੈ’ ਆਖ ਕੇ ਮੁੜ ਆਉਂਦਾ ਸੀ। ਅੱਧੀ ਜੇਲ੍ਹ ਨਾਜਾਇਜ਼ ਕੈਦੀਆਂ ਨਾਲ ਭਰੀ ਪਈ ਹੈ, ਇਸ ਤੱਥ ਦੀ ਉਸ ਨੇ ਕਦੀ ਘੋਖ ਨਹੀਂ ਸੀ ਕੀਤੀ।

ਇਸ ਤੋਂ ਪਹਿਲਾਂ ਕਿ ਹਾਈ ਕੋਰਟ ਉਸ ਦੀ ਖਿਚਾਈ ਕਰੇ, ਉਸ ਨੇ ਜੇਲ੍ਹ ਅੰਦਰ ਲੋਕ-ਅਦਾਲਤ ਲਾਉਣ ਦਾ ਐਲਾਨ ਕਰ ਦਿੱਤਾ। ਸਾਰੇ ਮੈਜਿਸਟ੍ਰੇਟਾਂ ਨੂੰ ਹੁਕਮ ਹੋਇਆ। ਅਗਲੇ ਤਿੰਨ ਦਿਨ ਸੁਣਵਾਈ ਜੇਲ੍ਹ ਵਿਚ ਹੋਵੇ। ਛੋਟੇ-ਛੋਟੇ ਜੁਰਮਾਂ ਵਿਚ ਫਸੇ ਦੋਸ਼ੀਆਂ ਦੀ ਮੌਕੇ ਉਪਰ ਸੁਣਵਾਈ ਅਤੇ ਝੱਟਪੱਟ ਰਿਹਾਈ ਹੋਵੇ।

ਵਗਦੀ ਗੰਗਾ ਵਿਚ ਹੱਥ ਧੋਣ ਲਈ ਵਕੀਲਾਂ ਨੇ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਦਾ ਐਲਾਨ ਕਰ ਦਿੱਤਾ। ਤਿੰਨ ਦਿਨਾਂ ਅੰਦਰ ਅੱਧੀ ਜੇਲ੍ਹ ਖ਼ਾਲੀ ਹੋ ਗਈ। ਸਾਰੇ ਦੇਸ਼ ਵਿਚ ਸੂਬਾ

ਸਰਕਾਰ ਦੀ ਪ੍ਰਸੰਸਾ ਹੋਣ ਲੱਗੀ। ਹੋਈ ਪ੍ਰਸੰਸਾ ਦਾ ਮੁੱਲ ਉਤਾਰਨ ਲਈ ਸੂਬਾ ਸਰਕਾਰ ਵੱਲੋਂ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ। ਮਿਹਨਤੀ ਜੇਲ੍ਹ ਅਧਿਕਾਰੀਆਂ ਨੂੰ ਵਿਸ਼ੇਸ਼ ਤਰੱਕੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਹਾਈ ਕੋਰਟ ਵੀ ਪਿੱਛੇ ਨਹੀਂ ਰਹੀ। ਉਸ ਵੱਲੋਂ ਵੀ ਸੈਸ਼ਨ ਜੱਜ ਨੂੰ ਪ੍ਰਸੰਸਾ ਪੱਤਰ ਭੇਜਿਆ ਗਿਆ। ਸ਼ਹਿਰ ਦੇ ਪਤਵੰਤਿਆਂ ਨੇ ਵਕੀਲਾਂ ਦੀ ਖੁੱਲ੍ਹ-ਦਿਲੀ ਦੇ ਸੋਹਲੇ ਗਾਏ।

ਪਰ ਇਸ ਲਹਿਰ ਦੇ ਬਾਨੀ, ਇਕ ਕੈਦੀ ਦਾ ਨਾਂ ਕਿਸੇ ਨੂੰ ਵੀ ਯਾਦ ਨਾ ਆਇਆ।



# 31

ਸੰਮਤੀ ਦਾ ਸਾਰੇ ਇਲਾਕੇ ਵਿਚ ਪੱਕਾ ਜਨ-ਆਧਾਰ ਬਣ ਚੁੱਕਾ ਸੀ। ਇਲਾਕੇ ਵਿਚ ਕੰਮ ਕਰਦੀ ਹਰ ਛੋਟੀ-ਵੱਡੀ ਸੰਸਥਾ ਦੀ ਕਿਸੇ ਨਾ ਕਿਸੇ ਸਮੇਂ ਸੰਮਤੀ ਨੇ ਸਹਾਇਤਾ ਕੀਤੀ ਸੀ। ਵੱਡੇ ਸੰਘਰਸ਼ਾਂ ਸਮੇਂ ਕਿਸੇ ਵੀ ਸਮੇਂ ਉਹਨਾਂ ਨੂੰ ਹਾਕ ਮਾਰੀ ਜਾ ਸਕਦੀ ਸੀ।

ਚੋਣਾਂ ਸਿਰ 'ਤੇ ਆ ਚੁੱਕੀਆਂ ਸਨ। ਆਪਣੀਆਂ ਭੈੜੀਆਂ ਕਾਰਗੁਜ਼ਾਰੀਆਂ ਕਾਰਨ ਸਰਕਾਰ ਪੂਰੀ ਤਰ੍ਹਾਂ ਬਦਨਾਮ ਹੋ ਚੁੱਕੀ ਸੀ। ਸੱਤਾਧਾਰੀ ਪਾਰਟੀ ਦੇ ਨੇਤਾਵਾਂ ਨੂੰ ਲੋਕਾਂ ਨੂੰ ਮੂੰਹ ਦਿਖਾਉਣ ਵਿਚ ਦਿੱਕਤ ਪੇਸ਼ ਆ ਰਹੀ ਸੀ। ਆਪਣੇ ਹੱਕ ਵਿਚ ਵੋਟਾਂ ਮੰਗਣ ਦਾ ਉਹਨਾਂ ਕੋਲ ਕੋਈ ਮੁੱਦਾ ਨਹੀਂ ਸੀ।

ਲੋਹਾ ਗਰਮ ਸੀ। ਸਰਕਾਰ 'ਤੇ ਦਬਾਅ ਪਾ ਕੇ ਆਪਣੀ ਗੱਲ ਮੰਨਵਾਉਣ ਦਾ ਇਹੋ ਵਧੀਆ ਮੌਕਾ ਸੀ।

ਸੰਘਰਸ਼ ਸੰਮਤੀ ਦਾ ਗਠਨ ਪਾਲੇ ਮੀਤੇ ਨੂੰ ਬੇਕਸੂਰ ਸਿੱਧ ਕਰਨ ਅਤੇ ਅਸਲ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਾਉਣ ਲਈ ਹੋਇਆ ਸੀ। ਸੰਮਤੀ ਅਸਲ ਕਾਤਲਾਂ ਦੀ ਸ਼ਨਾਖ਼ਤ ਕਰ ਚੁੱਕੀ ਸੀ।

ਪਰ ਹਾਲੇ ਤਕ ਨਾ ਪਾਲਾ ਮੀਤਾ ਬਰੀ ਹੋਏ ਸਨ, ਨਾ ਅਸਲ ਦੋਸ਼ੀਆਂ ਨੂੰ ਫੜਿਆ ਗਿਆ ਸੀ।

ਆਪਣੇ ਅਸਲ ਮੁੱਦੇ ਨੂੰ ਪੂਰੇ ਜ਼ੋਰ-ਸ਼ੋਰ ਨਾਲ ਉਠਾਉਣ ਲਈ ਸੰਘਰਸ਼ ਸੰਮਤੀ ਨੇ ਇਕ ਹਫ਼ਤੇ ਦਾ ਪ੍ਰੋਗਰਾਮ ਉਲੀਕਿਆ।

ਇਸ ਸਮੇਂ ਸੰਮਤੀ ਕੋਲ ਨਾ ਨੇਤਾਵਾਂ ਦੀ ਕਮੀ ਸੀ ਅਤੇ ਨਾ ਸਹਿਯੋਗੀ ਸੰਸਥਾਵਾਂ ਦੀ। ਬਾਬਾ ਗੁਰਦਿੱਤ ਸਿੰਘ ਤੋਂ ਲੈ ਕੇ ਨੌਜਵਾਨ ਕਾਮੇ ਸ਼ਾਮੂ ਤਕ ਦਾ ਆਪਣਾ-ਆਪਣਾ ਪ੍ਰਭਾਵ ਸੀ। ਹੁਣ ਗੁਰਮੀਤ ਅਤੇ ਪਿਆਰੇ ਲਾਲ ਵਧੀਆ ਵਕੀਲਾਂ ਦੇ ਨਾਲ-ਨਾਲ ਵਧੀਆ ਬੁਲਾਰੇ ਵੀ ਬਣ ਗਏ ਸਨ। ਮੁਕੱਦਮਿਆਂ ਅਤੇ ਕਾਨੂੰਨ ਦੀਆਂ ਧਾਰਾਵਾਂ ਦੇ ਹਵਾਲੇ ਦੇ-ਦੇ ਜਦੋਂ ਉਹ ਮੌਜੂਦਾ ਪ੍ਰਬੰਧ ਦੀਆਂ ਧੱਜੀਆਂ ਉਡਾਉਂਦੇ ਸਨ ਤਾਂ ਜੋਸ਼ ਲਾਲ ਭਰੇ ਲੋਕ ਹਰ ਵਾਕ ਬਾਅਦ ਤਾੜੀਆਂ ਮਾਰ-ਮਾਰ ਅਸਮਾਨ ਗੂੰਜਣ ਲਾ ਦਿੰਦੇ ਸਨ।

ਕ੍ਰਾਂਤੀਕਾਰੀ ਫ਼ਰੰਟ, ਭਗਤ ਸਿੰਘ ਨੌਜਵਾਨ ਸਭਾ, ਧਾਗਾ ਮਿੱਲ ਕਾਮਾ ਸੰਮਤੀ ਅਤੇ ਲੈਨਿਨ ਨਾਟਕ ਕਲਾ ਕੇਂਦਰ ਵਰਗੀਆਂ ਜਥੇਬੰਦੀਆਂ, ਲੋਕ ਸੰਘਰਸ਼ ਸੰਮਤੀ ਦੀਆਂ ਸਹਿਯੋਗੀ ਸੰਸਥਾਵਾਂ ਸਨ। ਪੂਰੇ ਤਨ, ਮਨ ਅਤੇ ਧਨ ਨਾਲ ਇਸਤਰੀ ਸਭਾ, ਹੈਲਪਲਾਈਨ, ਚੌਥਾ ਦਰਜਾ ਕਰਮਚਾਰੀ ਜਥੇਬੰਦੀ ਅਤੇ ਪੱਲੇਦਾਰੀ ਯੂਨੀਅਨ ਵੀ ਉਹਨਾਂ ਦੇ ਨਾਲ ਸੀ। ਇਹਨਾਂ ਸਭਨਾਂ ਦੇ ਸਹਿਯੋਗ ਨਾਲ ਪ੍ਰਭਾਵਸ਼ਾਲੀ ਲੋਕ ਲਹਿਰ ਉਸਾਰੀ ਜਾ ਸਕਦੀ ਸੀ।

ਪਹਿਲੇ ਤਿੰਨ ਦਿਨ ਜਲਸੇ ਪਿੰਡਾਂ ਵਿਚ ਹੋਣੇ ਸਨ। ਹਲਕੇ ਦੇ ਹਰ ਪਿੰਡ ਵਿਚ ਉਹਨਾਂ ਨੇ ਜਾਣਾ ਸੀ। ਕਿਸੇ ਪਿੰਡ ਵਿਚ ਪ੍ਰਬੰਧ ਇਸਤਰੀ ਸਭਾ ਨੇ ਕਰਨਾ ਸੀ ਅਤੇ ਕਿਸੇ ਪਿੰਡ ਵਿਚ

ਹੈਲਪਲਾਈਨ ਵਾਲਿਆਂ ਨੇ। ਕਿਸੇ ਵਿਚ ਸਹਿਯੋਗ ਪੱਲੇਦਾਰ ਯੂਨੀਅਨ ਨੇ ਦੇਣਾ ਸੀ ਅਤੇ ਕਿਸੇ ਵਿਚ ਚੌਥਾ ਦਰਜਾ ਕਰਮਚਾਰੀ ਜਥੇਬੰਦੀ ਨੇ।

ਟਰੈਕਟਰ ਯੂਨੀਅਨ ਪਿੱਛੇ ਰਹਿਣ ਵਾਲੀ ਨਹੀਂ ਸੀ। ਉਹਨਾਂ ਦੀਆਂ ਟਰੈਕਟਰ-ਟਰਾਲੀਆਂ, ਸਮੇਤ ਡਰਾਈਵਰ ਹਾਜ਼ਰ ਰਹਿਣੀਆਂ ਸਨ।

ਅਗਲੇ ਦੋ ਦਿਨ ਜਲਸੇ ਬਲਾਕ ਪੱਧਰ 'ਤੇ ਹੋਣੇ ਸਨ। ਇਹਨਾਂ ਸਮਾਗਮਾਂ ਦੇ ਮੁੱਖ ਬੁਲਾਰੇ ਬਾਬਾ ਗੁਰਦਿੱਤ ਸਿੰਘ, ਗੁਰਮੀਤ ਸਿੰਘ ਅਤੇ ਪਿਆਰੇ ਲਾਲ ਹੋਣੇ ਸਨ। ਵਾਰਾਂ ਅਤੇ ਨਾਟਕ ਨਾਲੋ-ਨਾਲ ਚੱਲਣੇ ਸਨ।

ਛੇਵੇਂ ਦਿਨ ਭਰਵਾਂ ਇਕੱਠ ਸ਼ਹਿਰ ਵਿਚ ਹੋਣਾ ਸੀ।

ਸੱਤਵੇਂ ਦਿਨ ਕੂਚ ਰਾਜਧਾਨੀ ਵੱਲ ਹੋਣਾ ਸੀ।

ਫੇਰ ਸੰਘਰਸ਼ ਨੂੰ ਸਾਰੇ ਸੂਬੇ ਵਿਚ ਫੈਲਾਇਆ ਜਾਣਾ ਸੀ।



## 32

ਸੂਬਾ ਭਾਂਤ-ਭਾਂਤ ਦੀਆਂ ਸਮੱਸਿਆਵਾਂ ਵਿਚ ਘਿਰਿਆ ਹੋਇਆ ਸੀ। ਮੁੱਖ ਮੰਤਰੀ ਦੀ ਇਕ ਟੰਗ ਸੂਬੇ ਦੀ ਰਾਜਧਾਨੀ ਵਿਚ ਹੁੰਦੀ ਅਤੇ ਦੂਜੀ ਦੇਸ਼ ਦੀ ਰਾਜਧਾਨੀ ਵਿਚ। ਉਹ ਨੂੰ ਆਪਣੇ ਹਲਕੇ ਵੱਲ ਧਿਆਨ ਦੇਣ ਦਾ ਮੌਕਾ ਨਹੀਂ ਸੀ ਮਿਲ ਰਿਹਾ।

ਲੋਕਾਂ ਨਾਲ ਸੰਪਰਕ ਰੱਖਣ ਦਾ ਕੰਮ ਉਸ ਨੇ ਆਪਣੇ ਕੁਝ ਵਿਸ਼ਵਾਸ-ਪਾਤਰਾਂ ਉਪਰ ਛੱਡਿਆ ਹੋਇਆ ਸੀ। ਉਹ ਜੋ ਸੁਝਾਅ ਦਿੰਦੇ ਸਨ, ਉਹੋ ਉਹ ਮੰਨ ਲੈਂਦਾ ਸੀ।

ਕੁਝ ਸਮੇਂ ਤੋਂ ਇਹਨਾਂ ਸਲਾਹਕਾਰਾਂ ਦੀ ਚਿੰਤਾ ਵਿਚ ਵਾਧਾ ਹੋ ਰਿਹਾ ਸੀ।

ਚੋਣਾਂ ਵਿਚ ਕੁਝ ਹੀ ਸਮਾਂ ਬਾਕੀ ਸੀ। ਚੋਣਾਂ ਲਈ ਮੋਟੀ ਰਕਮ ਦੇ ਨਾਲ-ਨਾਲ ਸ਼ਰਾਬ, ਭੁੱਕੀ ਅਤੇ ਅਫ਼ੀਮ ਦੇ ਟਰੱਕ ਚਾਹੀਦੇ ਸਨ।

ਸੱਤਾਧਾਰੀ ਪਾਰਟੀ ਦੀ ਆਮਦਨ ਦਾ ਮੁੱਖ ਸੋਮਾ ਅਫ਼ਸਰਾਂ ਵੱਲੋਂ ਬੱਝਵਾਂ ਮਿਲਦਾ ਮਹੀਨਾ ਸੀ। ਸ਼ਰਾਬ ਠੇਕੇਦਾਰਾਂ ਕੋਲੋਂ ਆਉਂਦੀ ਸੀ। ਭੁੱਕੀ ਅਤੇ ਅਫ਼ੀਮ ਆਦਿ ਦਾ ਪ੍ਰਬੰਧ ਪੁਲਿਸ ਕਰਦੀ ਸੀ।

ਸਲਾਹਕਾਰਾਂ ਨੂੰ ਜਾਪਣ ਲੱਗਾ ਕਿ ਅਗਲੀਆਂ ਚੋਣਾਂ ਵਿਚ ਪੈਸੇ ਦੀ ਤੋੜ ਰਹੇਗੀ ਅਤੇ ਨਸ਼ੇ-ਪਤੇ ਦੀ ਵੀ।

ਜਾਪਦਾ ਸੀ ਸੰਘਰਸ਼ ਸੰਮਤੀ ਨੂੰ ਵਿਰੋਧੀ ਧਿਰ ਨੇ ਆਪਦੇ ਹੱਥ 'ਤੇ ਚਾੜ੍ਹ ਲਿਆ ਸੀ। ਉਸ ਦੀ ਚਾਲ ਵਿਚ ਆ ਕੇ ਸੰਮਤੀ ਸੱਤਾਧਾਰੀ ਪਾਰਟੀ ਦੇ ਆਰਥਿਕ ਅਤੇ ਜਨ-ਆਧਾਰ ਨੂੰ ਖੋਰਾ ਲਾਉਣ ਵਿਚ ਜੁੱਟੀ ਹੋਈ ਸੀ।

ਜਦੋਂ ਤੋਂ ਪੁਲਿਸ ਨੇ ਖ਼ੁਰਾਕ ਵਿਭਾਗ ਦੇ ਅਫ਼ਸਰਾਂ ਨੂੰ ਸਰਕਾਰੀ ਗੋਦਾਮਾਂ ਵਿਚੋਂ ਕਣਕ ਚੋਰੀ ਕਰ ਕੇ ਵੇਚਣ ਦੇ ਜੁਰਮ ਵਿਚ ਗ੍ਰਿਫ਼ਤਾਰ ਕੀਤਾ ਸੀ, ਉਦੋਂ ਤੋਂ ਸੱਤਾਧਾਰੀ ਪਾਰਟੀ ਦੇ ਫੰਡਾਂ ਵਿਚ ਕਮੀ ਹੋਣੀ ਸ਼ੁਰੂ ਹੋ ਗਈ ਸੀ।

ਸਭ ਨੂੰ ਪਤਾ ਹੈ ਕਿ ਖ਼ੁਰਾਕ ਵਿਭਾਗ ਅਤੇ ਭਾਰਤ ਖ਼ੁਰਾਕ ਨਿਗਮ ਦੇ ਅਧਿਕਾਰੀ ਹਰ ਸਾਲ ਕਰੋੜਾਂ ਦਾ ਅਨਾਜ ਚੋਰੀ ਕਰ ਕੇ ਵੇਚਦੇ ਹਨ। ਚੋਰੀ ਦਾ ਵੱਡਾ ਹਿੱਸਾ ਸੱਤਾਧਾਰੀ ਪਾਰਟੀ ਦੇ ਕਾਰਕੁੰਨਾਂ ਨੂੰ ਪੁੱਜਦਾ ਹੈ। ਬਦਲੇ ਵਿਚ ਸਰਕਾਰ ਅਫ਼ਸਰਾਂ ਦੇ ਸਿਰ 'ਤੇ ਹੱਥ ਰੱਖਦੀ ਹੈ।

ਹਲਕੇ ਦੀ ਪੁਲਿਸ ਨੂੰ ਮੁੱਖ ਮੰਤਰੀ ਦੇ ਦਰਬਾਰ ਵਿਚ ਹਾਜ਼ਰੀ ਲਗਵਾਉਣੀ ਪੈਂਦੀ ਹੈ। ਉਸਨੂੰ ਵੀ ਹਰ ਮਹੀਨੇ ਪੈਸੇ ਦੀ ਜ਼ਰੂਰਤ ਹੁੰਦੀ ਹੈ।

ਉਂਜ ਤਾਂ ਸਰਕਾਰ ਵੱਲੋਂ ਪੁਲਿਸ ਨੂੰ ਇਸ਼ਾਰਾ ਹੋਇਆ ਹੁੰਦਾ ਹੈ, ਕਿਸ ਨੂੰ ਹੱਥ ਪਾਉਣਾ ਹੈ ਅਤੇ ਕਿਸ ਨੂੰ ਨਹੀਂ। ਫੇਰ ਵੀ ਕਦੇ ਜੇ ਪੁਲਿਸ ਅਜਿਹੇ ਅਫ਼ਸਰਾਂ ਨੂੰ ਘੇਰ ਲਵੇ ਅਤੇ ਆਪਣੀ ਲੋੜ ਪੂਰੀ ਕਰ ਕੇ ਛੱਡ ਦੇਵੇ ਤਾਂ ਬਹੁਤਾ ਬੁਰਾ ਨਹੀਂ ਮਨਾਇਆ ਜਾਂਦਾ।

ਚੋਣਾਂ ਨੇੜੇ ਹੋਣ ਕਾਰਨ ਹਰ ਮਹਿਕਮੇ ਦੇ ਅਧਿਕਾਰੀ ਉਪਰ ਦਬਾਅ ਵਧਿਆ ਹੋਇਆ ਸੀ। ਹਰ ਮੰਤਰੀ ਨੂੰ ਵੱਧ ਤੋਂ ਵੱਧ ਪੈਸਾ ਇਕੱਠਾ ਕਰਨ ਦੀ ਕਾਹਲ ਲੱਗੀ ਹੋਈ ਸੀ।

ਮੁੱਖ ਮੰਤਰੀ ਦਾ ਹਲਕਾ ਹੋਣ ਕਾਰਨ ਇਸ ਇਲਾਕੇ ਦੇ ਅਧਿਕਾਰੀਆਂ ਨੂੰ ਦੂਹਰੀ ਮਾਰ ਝੱਲਣੀ ਪੈ ਰਹੀ ਸੀ। ਮੁੱਖ ਮੰਤਰੀ ਦੇ ਸਲਾਹਕਾਰਾਂ ਨੂੰ ਮਿਲਣਾ ਪੈਂਦਾ ਸੀ ਅਤੇ ਸੰਬੰਧਿਤ ਮੰਤਰੀ ਨੂੰ ਵੀ।

ਵੱਧ ਤੋਂ ਵੱਧ ਪੈਸਾ ਕਮਾਉਣ ਵਾਲੀ ਜੋ ਵੀ ਯੋਜਨਾ ਮੰਤਰੀ ਅੱਗੇ ਪੇਸ਼ ਹੁੰਦੀ, ਉਹ ਝੱਟ ਮਨਜ਼ੂਰ ਹੋ ਜਾਂਦੀ ਸੀ।

ਖ਼ੁਰਾਕ ਵਿਭਾਗ ਦੇ ਗੋਦਾਮਾਂ ਵਿਚ ਹਜ਼ਾਰਾਂ ਟਨ ਅਨਾਜ ਪਿਆ ਸੀ। ਉਸ ਨੂੰ ਬਾਹਰਲੇ ਸੂਬਿਆਂ ਵਿਚ ਭੇਜ ਕੇ ਸਭ ਹੱਥ ਰੰਗ ਸਕਦੇ ਸਨ।

ਮੁੱਖ ਮੰਤਰੀ ਦੇ ਦਖ਼ਲ ਨਾਲ ਇਹ ਯੋਜਨਾ ਝੱਟ ਸਿਰੇ ਚੜ੍ਹ ਗਈ। ਕਣਕ ਅਤੇ ਚੌਲ ਢੋਣ ਲਈ ਮਾਲ-ਗੱਡੀਆਂ ਦੀ ਕਤਾਰ ਮਾਲ-ਗੋਦਾਮ 'ਤੇ ਆ ਖੜੋਤੀ।

ਖ਼ੁਰਾਕ ਵਿਭਾਗ ਵਾਲਿਆਂ ਦੇ ਨਾਲ-ਨਾਲ ਪੁਲਿਸ ਵੀ ਪੈਸੇ ਕਮਾਉਣ ਲਈ ਕਾਹਲੀ ਪੈਣ ਲੱਗੀ।

ਪਹਿਲਾਂ ਮਹੀਨੇ ਵਿਚ ਚੋਰੀ ਦੇ ਮਾਲ ਦਾ ਇਕ-ਅੱਧ ਟਰੱਕ ਫੜਿਆ ਜਾਂਦਾ ਸੀ। ਲੈ-ਦੇ ਕੇ ਮਾਮਲਾ ਰਫ਼ਾ-ਦਫ਼ਾ ਹੋ ਜਾਂਦਾ ਸੀ।

ਜਦੋਂ ਤੋਂ ਸਪੈਸ਼ਲ ਗੱਡੀਆਂ ਲੱਗੀਆਂ ਸਨ, ਪੁਲਿਸ ਦੇ ਛਾਪੇ ਜ਼ਿਆਦਾ ਵਧ ਗਏ ਸਨ। ਗੁਦਾਮੋਂ ਨਿਕਲਦੇ ਹਰ ਟਰੱਕ ਪਿੱਛੇ ਪੁਲਿਸ ਲੱਗ ਜਾਂਦੀ ਸੀ। ਬਚੀ ਕਣਕ ਨੂੰ ਖ਼ੁਰਦ-ਬੁਰਦ ਕਰਨੋਂ ਨਾ ਖ਼ੁਰਾਕ ਵਿਭਾਗ ਵਾਲੇ ਹਟਦੇ ਸਨ, ਨਾ ਪੁਲਿਸ ਉਹਨਾਂ ਨੂੰ ਫੜਨੋਂ ਹਟਦੀ ਸੀ।

ਪੁਲਿਸ ਅਤੇ ਖ਼ੁਰਾਕ ਵਿਭਾਗ ਵਾਲੇ ਕੀ ਕਰਦੇ ਸਨ ? ਇਸ ਨਾਲ ਪੱਲੇਦਾਰ ਯੂਨੀਅਨ ਨੂੰ ਕੋਈ ਮਤਲਬ ਨਹੀਂ ਸੀ। ਗੁਦਾਮ ਵਿਚੋਂ ਚੱਲਿਆ ਟਰੱਕ ਸਟੇਸ਼ਨ 'ਤੇ ਉਤਰਦਾ ਸੀ, ਆਟਾ ਮਿੱਲ ਵਿਚ ਜਾਂ ਕਿਸੇ ਚੱਕੀ 'ਤੇ, ਇਸ ਨਾਲ ਪੱਲੇਦਾਰ ਨੂੰ ਕੋਈ ਵਾਸਤਾ ਨਹੀਂ ਸੀ। ਉਹਨਾਂ ਨੂੰ ਬੱਝਵੀਂ ਮਜ਼ਦੂਰੀ ਮਿਲਦੀ ਸੀ।

ਚੋਰੀ ਦਾ ਮਾਲ ਫੜੇ ਜਾਣ 'ਤੇ ਪੱਲੇਦਾਰ ਪੁਲਿਸ ਦੀ ਪੂਰੀ ਸਹਾਇਤਾ ਕਰਦੇ ਸਨ। ਮਾਲ ਕਿਥੋਂ ਚੱਲਿਆ ਹੈ, ਕਿਸ ਨੇ ਭਰਾਇਆ ਹੈ, ਕਿਥੇ ਜਾਣਾ ਹੈ, ਇਸ ਦੀ ਪੂਰੀ ਜਾਣਕਾਰੀ ਦਿੰਦੇ ਸਨ। ਉਸ ਸੂਚਨਾ ਦੇ ਆਧਾਰ 'ਤੇ ਪੁਲਿਸ ਛਾਪੇ ਮਾਰਦੀ ਸੀ। ਬੰਦੇ ਫੜਦੀ ਸੀ। ਸੌਦੇ ਹੁੰਦੇ ਸਨ। ਅਸਲ ਮੁਲਜ਼ਮ ਛੁੱਟ ਜਾਂਦੇ ਸਨ। ਇਸ ਨਾਲ ਵੀ ਪੱਲੇਦਾਰਾਂ ਨੂੰ ਕੋਈ ਮਤਲਬ ਨਹੀਂ ਸੀ। ਪੁਲਿਸ ਜਿਸ ਨੂੰ ਮਰਜ਼ੀ ਫੜੇ, ਜਿਸ ਨੂੰ ਮਰਜ਼ੀ ਛੱਡੇ।

ਪੱਲੇਦਾਰਾਂ ਨੂੰ ਉਸ ਸਮੇਂ ਫ਼ਿਕਰ ਹੋਣ ਲੱਗਾ ਸੀ, ਜਦੋਂ ਤੋਂ ਪੁਲਿਸ ਨੇ ਪੱਲੇਦਾਰਾਂ ਨੂੰ ਚੋਰ ਗਰਦਾਨ ਕੇ ਫੜਨਾ ਸ਼ੁਰੂ ਕਰ ਦਿੱਤਾ ਸੀ। ਬਿਨਾਂ ਮਤਲਬ ਚੋਰ ਬਣੇ ਪੱਲੇਦਾਰਾਂ ਨੂੰ ਮਹੀਨਾ-ਮਹੀਨਾ ਥਾਣੇ ਅਤੇ ਜੇਲ੍ਹਾਂ ਵਿਚ ਬੰਦ ਰਹਿਣਾ ਪੈਂਦਾ ਸੀ। ਫੇਰ ਸਾਲਾਂ-ਬੱਧੀ ਕਚਹਿਰੀ ਵਿਚ ਧੱਕੇ ਖਾਣੇ ਪੈਂਦੇ, ਸਜ਼ਾ ਹੋਣ ਦੇ ਡਰ ਦੀ ਤਲਵਾਰ ਸਿਰ 'ਤੇ ਲਟਕਦੀ ਰਹਿੰਦੀ।

ਸਪੈਸ਼ਲ ਗੱਡੀਆਂ ਵਾਲੇ ਮਹੀਨੇ, ਖ਼ੁਰਾਕ ਵਿਭਾਗ ਨਾਲ ਸੰਬੰਧਿਤ ਹਰ ਛੋਟੇ-ਵੱਡੇ ਕਰਮਚਾਰੀ ਦੇ ਘਰ ਦੀਵਾਲੀ ਬਣਦੀ ਰਹੀ ਸੀ। ਸਾਰਾ ਦਿਨ ਹੱਡ ਤੋੜ ਕੇ ਰੋਟੀ ਕਮਾਉਣ ਵਾਲੇ ਬੀਸੀਆਂ ਪੱਲੇਦਾਰਾਂ ਨੂੰ ਜੇਲ੍ਹ ਦੀ ਹਵਾ ਖਾਣੀ ਪਈ ਸੀ।

ਪੱਲੇਦਾਰ ਯੂਨੀਅਨ ਨੇ ਇਸ ਧੱਕੇ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਯਤਨ ਕੀਤਾ। ਸੂਹ ਮਿਲਦਿਆਂ ਹੀ ਪੁਲਿਸ ਅਤੇ ਖ਼ੁਰਾਕ ਵਿਭਾਗ ਵਾਲਿਆਂ ਨੇ ਉਹਨਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। ਉਹ ਕਹਿੰਦੇ ਸਨ :



"ਤੁਸੀਂ ਕਿਹੜਾ ਲਾਟ ਸਾਹਿਬ ਹੋ ? ਦੋ ਦਿਨ ਥਾਣੇ ਬੈਠ ਗਏ ਤਾਂ ਫੇਰ ਕਿਹੜਾ ਲੂਲਾਂ ਲਹਿ ਗਈਆਂ। ਪੁਲਿਸ ਤੁਹਾਨੂੰ ਕਿਹੜਾ ਕੁਝ ਕਹਿੰਦੀ ਹੈ। ਖ਼ਰਚਾ ਅਸੀਂ ਕੀਤਾ ਹੈ। ਤੁਹਾਨੂੰ ਵਕੀਲ ਕਰ ਕੇ ਦੇਵਾਂਗੇ, ਹੋਇਆ ਨੁਕਸਾਨ ਭਰਾਂਗੇ। ਕੁਝ ਵਾਧੂ ਪੈਸੇ ਵੀ ਦੇਵਾਂਗੇ।"

ਠੀਕ ਹੈ, ਮਹਿਕਮੇ ਵਾਲੇ ਖ਼ਰਚ ਕਰਦੇ ਹਨ। ਖਹਿੜਾ ਛੁਡਵਾ ਦਿੰਦੇ ਹਨ ਪਰ ਪੱਲੇਦਾਰਾਂ ਦੀ ਖੱਜਲ-ਖ਼ੁਆਰੀ ਕਿਉਂ ਹੋਵੇ ? ਅਸਲੀ ਮੁਲਜ਼ਮ ਕਿਉਂ ਨਾ ਫੜੇ ਜਾਣ ? ਹੋਰ ਕਿਧਰੇ ਢੋਈ ਨਾ ਮਿਲਦੀ ਦੇਖ ਕੇ ਪੱਲੇਦਾਰ ਯੂਨੀਅਨ ਨੇ ਸੰਘਰਸ਼ ਸੰਮਤੀ ਕੋਲ ਪਹੁੰਚ ਕੀਤੀ ਸੀ।

ਉਹਨਾਂ ਨਾਲ ਟਰੈਕਟਰ ਯੂਨੀਅਨ ਵਾਲੇ ਵੀ ਆਏ ਸਨ। ਪੱਲੇਦਾਰਾਂ ਦੇ ਨਾਲ-ਨਾਲ ਉਹਨਾਂ ਦੇ ਡਰਾਈਵਰਾਂ ਨੂੰ ਵਿਚੇ ਘੜੀਸ ਲਿਆ ਜਾਂਦਾ ਸੀ।

ਟਰੈਕਟਰ ਯੂਨੀਅਨ ਵਾਲਿਆਂ ਦਾ ਇਕ ਹੋਰ ਗਿਲਾ ਸੀ। ਟਰੱਕ ਯੂਨੀਅਨ ਉਹਨਾਂ ਨਾਲੋਂ ਹਰ ਪੱਖੋਂ ਤਾਕਤਵਰ ਸੀ। ਨਾ ਉਹ ਆਪਣਾ ਡਰਾਈਵਰ ਫੜਨ ਦਿੰਦੇ ਸਨ, ਨਾ ਟਰੱਕ। ਟਰੈਕਟਰ ਯੂਨੀਅਨ ਦੇ ਬੰਦੇ ਫੜੇ ਜਾ ਰਹੇ ਸਨ ਅਤੇ ਟਰੈਕਟਰ ਵੀ। ਮਹੀਨਾ ਅੰਦਰ ਰਹਿਣ ਕਾਰਨ ਗ਼ਰੀਬ ਟਰੈਕਟਰਾਂ ਵਾਲਿਆਂ ਦੀਆਂ ਕਿਸ਼ਤਾਂ ਟੁੱਟ ਜਾਂਦੀਆਂ ਸਨ। ਫ਼ਾਇਨੈਂਸਰ ਟਰੈਕਟਰ ਖੋਹ ਕੇ ਲੈ ਜਾਂਦੇ ਸਨ। ਵੀਹ ਹੋਰ ਮੁਸੀਬਤਾਂ ਖੜੀਆਂ ਹੋ ਜਾਂਦੀਆਂ ਸਨ।

ਉਹਨਾਂ ਦੀ ਮੰਗ ਸੀ ਕਿ ਉਹਨਾਂ ਨੂੰ ਇਸ ਧੱਕੇ ਤੋਂ ਬਚਾਇਆ ਜਾਵੇ।

ਖਿਝੇ ਪੱਲੇਦਾਰਾਂ ਨੇ ਸੰਮਤੀ ਨੂੰ ਉਹਨਾਂ ਟਰੱਕਾਂ ਅਤੇ ਟਰੈਕਟਰਾਂ ਦੀ ਸੂਚੀ ਦਿੱਤੀ, ਜਿਹੜੇ ਪਿਛਲੇ ਤਿੰਨ ਮਹੀਨਿਆਂ ਵਿਚ ਪੁਲਿਸ ਨੇ ਫੜ ਕੇ ਛੱਡੇ ਸਨ। ਉਹਨਾਂ ਅਫ਼ਸਰਾਂ ਦੇ ਨਾਂ ਵੀ ਦਿੱਤੇ, ਜਿਨ੍ਹਾਂ ਨੇ ਕਣਕ ਦੇ ਭਰੇ ਟਰੱਕ ਵੇਚੇ ਸਨ। ਉਹਨਾਂ ਰਕਮਾਂ ਦੀ ਜਾਣਕਾਰੀ ਵੀ ਦਿੱਤੀ, ਜਿਹੜੀ ਇਸ ਕਾਂਡ ਦੌਰਾਨ ਪੁਲਿਸ ਨੂੰ ਮਿਲੀ ਸੀ।

ਅਸਲ ਦੋਸ਼ੀਆਂ ਨੂੰ ਰੰਗੇ ਹੱਥੀਂ ਫੜਨ ਲਈ ਸੰਮਤੀ ਵੱਲੋਂ ਯੋਜਨਾ ਘੜੀ ਗਈ।

ਪੱਲੇਦਾਰਾਂ ਨੂੰ ਸਮਝਾਇਆ ਗਿਆ। ਹੁਣ ਜਦੋਂ ਵੀ ਕੋਈ ਟਰੱਕ ਗੁਦਾਮੋਂ ਬਾਹਰ ਨਿਕਲੇ ਤਾਂ ਝੱਟ ਸੰਮਤੀ ਨੂੰ ਸੂਚਿਤ ਕੀਤਾ ਜਾਵੇ। ਪੁਲਿਸ ਟਰੱਕ ਫੜੇਗੀ। ਸੰਮਤੀ ਪੁਲਿਸ ਨੂੰ ਫੜੇਗੀ।

ਤੀਜੇ ਦਿਨ ਇੰਜ ਹੀ ਹੋਇਆ। ਪੁਲਿਸ ਨੇ ਕਣਕ ਦੇ ਭਰੇ ਟਰੈਕਟਰ ਨੂੰ ਫੜਿਆ। ਸੰਮਤੀ ਨੇ ਝੱਟ ਪੁਲਿਸ ਨੂੰ ਘੇਰ ਲਿਆ। ਸੰਮਤੀ ਨੂੰ ਪੱਤਰਕਾਰਾਂ ਨੇ ਘੇਰ ਲਿਆ। ਪੱਲੇਦਾਰਾਂ ਨੇ ਝੱਟ ਬਿਆਨ ਦੇ ਦਿੱਤੇ। ਟਰੈਕਟਰ ਇਥੋਂ ਚੱਲਿਆ, ਇਥੇ ਪੁੱਜਣਾ ਹੈ।

ਉਲਟਾ ਪੁਲਿਸ ਨੂੰ ਭਾਜੜ ਪੈ ਗਈ।

ਆਪਣੀ ਜਾਨ ਛੁਡਾਉਣ ਲਈ ਪੁਲਿਸ ਨੂੰ ਦੋ ਇੰਸਪੈਕਟਰ ਅਤੇ ਇਕ ਸਹਾਇਕ ਅਫ਼ਸਰ ਫੜਨਾ ਪੈ ਗਿਆ।

ਸੰਮਤੀ ਨੇ ਹੋਰ ਸਿਆਪਾ ਪਾ ਦਿੱਤਾ। ਅਫ਼ਸਰਾਂ ਦੀਆਂ ਜਾਇਦਾਦਾਂ ਦੇ ਵੇਰਵੇ ਪੁਲਿਸ ਦੇ ਹਵਾਲੇ ਕਰ ਦਿੱਤੇ। ਇਹ ਕਰੋੜਾਂ ਰੁਪਏ ਕਿਥੋਂ ਆਏ ? ਨਾਲ ਇਸ ਦੀ ਪੜਤਾਲ ਦੀ ਮੰਗ ਰੱਖ ਦਿੱਤੀ।

ਡਰੇ ਇੰਸਪੈਕਟਰਾਂ ਨੇ ਵੱਡੇ ਅਫ਼ਸਰਾਂ ਦੇ ਨਾਂ ਲੈ ਦਿੱਤੇ। ਵੱਡੇ ਅਫ਼ਸਰਾਂ ਨੇ ਉਂਗਲ ਹੋਰ ਉਪਰ ਵੱਲ ਕਰ ਦਿੱਤੀ। ਰਾਜ਼ ਖੁੱਲ੍ਹਣ ਲੱਗੇ।

ਪੈੜ ਮੁੱਖ ਮੰਤਰੀ ਦੀ ਕੋਠੀ ਤਕ ਜਾਣ ਲੱਗੀ। ਇਸ ਕਾਂਡ ਨਾਲ ਸੱਤਾਧਾਰੀ ਪਾਰਟੀ ਨੂੰ ਦੂਹਰਾ ਨੁਕਸਾਨ ਹੋਣ ਲੱਗਾ। ਇਕ ਪਾਸੇ ਬਦਨਾਮੀ ਹੋਣ ਲੱਗੀ, ਦੂਜੇ ਪਾਸੇ ਅਫ਼ਸਰਾਂ ਵਿਚ ਘੁਸਰ-ਮੁਸਰ ਹੋਣ ਲੱਗੀ।

"ਵੱਡੀਆਂ ਰਕਮਾਂ ਅਸੀਂ ਆਪਣੇ ਪੱਲਿਓਂ ਨਹੀਂ ਦੇਣੀਆਂ। ਕਮਾਈ ਵਿਚੋਂ ਦੇਣੀਆਂ ਹਨ।

ਜੇ ਸਰਕਾਰ ਸਾਨੂੰ ਬਚਾ ਨਹੀਂ ਸਕੀ ਤਾਂ ਅਸੀਂ ਪੁਲਿਸ ਕੋਲੋਂ ਛਿੱਤਰ ਕਿਉਂ ਖਾਈਏ ?"

ਵਿਚੋਲਿਆਂ ਨੇ ਉਲਾਂਭੇ ਦਿੱਤੇ ਅਤੇ ਐਲਾਨ ਵੀ ਕੀਤੇ :

"ਚੋਣਾਂ ਤਕ ਨਾਜਾਇਜ਼ ਕੰਮ ਬੰਦ। ਮਹੀਨਾ ਵੀ ਬੰਦ।"

ਸਲਾਹਕਾਰਾਂ ਨੇ ਮਸਲਾ ਮੁੱਖ ਮੰਤਰੀ ਦੇ ਧਿਆਨ ਵਿਚ ਲਿਆਂਦਾ। "ਖ਼ੁਰਾਕ ਵਿਭਾਗ ਦੇ ਨਾਲ-ਨਾਲ ਹੋਰ ਵਿਭਾਗਾਂ ਦੇ ਅਫ਼ਸਰ ਵੀ ਡਰ ਗਏ ਹਨ। ਅਫ਼ਸਰਾਂ ਦੇ ਗਿਰੇ ਮਨੋਬਲ ਨੂੰ ਚੁੱਕਣ ਦਾ ਇੰਤਜ਼ਾਮ ਕਰੋ, ਨਹੀਂ ਤਾਂ ਪੈਸੇ ਦੀ ਔੜ ਲਈ ਤਿਆਰ ਰਹੋ।"

ਪਰ ਮੁੱਖ ਮੰਤਰੀ ਨੂੰ ਜਿਵੇਂ ਕੋਈ ਫ਼ਿਕਰ ਹੀ ਨਹੀਂ ਸੀ। ਉਸ ਨੇ ਘੇਸਲ ਵੱਟੀ ਰੱਖੀ।

ਇਹ ਅੱਗ ਬੁਝੀ ਵੀ ਨਹੀਂ ਸੀ ਕਿ ਨਵੀਂ ਥਾਂ ਤੋਂ ਭਾਂਬੜ ਨਿਕਲਣ ਲੱਗੇ। ਸੰਮਤੀ ਨੇ ਸ਼ਰਾਬ ਦੇ ਠੇਕੇਦਾਰਾਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ।

ਪਿਛਲੀਆਂ ਬੋਲੀਆਂ ਸਮੇਂ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨੇ ਸੱਤਾਧਾਰੀ ਪਾਰਟੀ ਨੂੰ ਇਕ ਬਹੁਮੁੱਲਾ ਸੁਝਾਅ ਦਿੱਤਾ ਸੀ:;

"ਠੇਕਿਆਂ ਦੀ ਬੋਲੀ ਬਹੁਤ ਉੱਚੀ ਹੁੰਦੀ ਹੈ। ਛੋਟੇ ਤੋਂ ਛੋਟੇ ਪਿੰਡ ਦਾ ਠੇਕਾ ਵੀ ਲੱਖਾਂ 'ਤੇ ਜਾ ਚੜ੍ਹਦਾ ਹੈ। ਠੇਕਾ ਇਕ ਪਿੰਡ ਦਾ ਨੀਲਾਮ ਕਰੋ, ਚਾਰ ਪਿੰਡਾਂ 'ਚ ਸ਼ਰਾਬ ਵੇਚਣ ਦੀ ਇਜਾਜ਼ਤ ਦੋ ਨੰਬਰ ਵਿਚ ਦੇ ਦੇਵੋ। ਚਾਰ ਪਿੰਡਾਂ ਦੇ ਠੇਕੇ ਦੀ ਰਕਮ ਆਪਸ ਵਿਚ ਵੰਡ ਲਵੋ।"

ਇਸ 'ਸਰਵ-ਹਿਤਕਾਰੀ ਯੋਜਨਾ' 'ਤੇ ਕਿਸੇ ਨੇ ਇਤਰਾਜ਼ ਨਹੀਂ ਸੀ ਕੀਤਾ। ਯੋਜਨਾ ਝੱਟ ਪ੍ਰਵਾਨ ਹੋ ਗਈ। ਇਕ ਪਿੰਡ ਦੇ ਠੇਕੇ ਦੀ ਰਕਮ ਖ਼ਜ਼ਾਨੇ ਵਿਚ ਜਮ੍ਹਾਂ ਹੁੰਦੀ, ਚਾਰ ਪਿੰਡਾਂ ਦੇ ਠੇਕੇ ਦੀ ਰਕਮ ਦੇ ਹਿੱਸੇ ਪੈ ਜਾਂਦੇ।

ਠੇਕੇਦਾਰਾਂ ਅਤੇ ਆਬਕਾਰੀ ਵਾਲਿਆਂ ਤੋਂ ਬਿਨਾਂ ਹੋਰ ਕਿਸੇ ਨੂੰ ਇਸ ਯੋਜਨਾ ਦਾ ਪਤਾ ਨਹੀਂ ਸੀ। ਪਹਿਲੇ ਦਿਨ ਪਿੰਡ-ਪਿੰਡ ਠੇਕਾ ਖੁੱਲ੍ਹ ਗਿਆ ਸੀ। ਸਰਕਾਰੀ ਬੋਰਡ ਲੱਗ ਗਏ ਸਨ, ਕਿਸੇ ਨੂੰ ਕੀ ਪਤਾ ਸੀ ਕਿ ਠੇਕਾ ਸਰਕਾਰੀ ਹੈ ਜਾਂ ਗ਼ੈਰ-ਸਰਕਾਰੀ।

ਪਰ ਸੰਮਤੀ ਵਾਲਿਆਂ ਨੇ ਪਤਾ ਨਹੀਂ ਕਿਥੋਂ ਇਸ ਕਾਂਡ ਦਾ ਖੁਰਾ ਖੋਜਿਆ। ਉਹਨਾਂ ਨੇ ਪੁਲਿਸ ਨਾਲ ਜਾ-ਜਾ ਪਿੰਡ-ਪਿੰਡ ਛਾਪੇ ਮਰਵਾ ਦਿੱਤੇ।

ਪੁਲਿਸ ਨੇ ਬਥੇਰਾ ਟਾਲ-ਮਟੋਲ ਕੀਤੀ, ਪਰ ਹਰ ਪਿੰਡ ਵਿਚ ਹੀ ਉੱਠ ਖੜੇ ਤੂਫ਼ਾਨ ਨੂੰ ਇਕੱਲੀ ਪੁਲਿਸ ਕਿਸ ਤਰਾਂ ਠੱਲ੍ਹਦੀ ?

ਠੇਕੇਦਾਰਾਂ ਦਾ ਧੰਦਾ ਚੌਪਟ ਹੋ ਗਿਆ। ਉਹਨਾਂ ਨੇ ਵੀ ਅਫ਼ਸਰਾਂ ਵਾਂਗ ਸਲਾਹਕਾਰਾਂ ਨੂੰ ਸਪੱਸ਼ਟ ਕਹਿ ਦਿੱਤਾ :

"ਅਗਲੀਆਂ ਚੋਣਾਂ ਦੌਰਾਨ ਸਾਥੋਂ ਇਕ ਪਊਆ ਵੀ ਨਹੀਂ ਦੇ ਹੋਣਾ।"

ਸਲਾਹਕਾਰਾਂ ਨੇ ਇਕ ਵਾਰ ਫਿਰ ਮੁੱਖ ਮੰਤਰੀ ਨੂੰ ਕੁੰਭਕਰਨੀ ਨੀਂਦ ਤੋਂ ਜਗਾਉਣ ਦਾ ਯਤਨ ਕੀਤਾ।

ਕੁਝ ਦੇਰ ਜਾਗੇ, ਥੋੜ੍ਹੇ-ਬਹੁਤ ਹੱਥ-ਪੈਰ ਮਾਰੇ, ਫੇਰ ਸੌਂ ਗਏ।

ਹੁਣ ਜਦੋਂ ਪਿੰਡਾਂ ਦੇ ਪਿੰਡ ਸੰਮਤੀ ਪਿੱਛੇ ਲੱਗਣ ਲੱਗੇ, ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ ਹੋਣ ਲੱਗੀ, ਜਲੂਸ ਰਾਜਧਾਨੀ ਤਕ ਪੁੱਜਣ ਲੱਗੇ ਅਤੇ ਇਸ ਲਹਿਰ ਦੇ ਸਾਰੇ ਸੂਬੇ ਵਿਚ ਫੈਲਣ ਦਾ ਡਰ ਪੈਦਾ ਹੋਣ ਲੱਗਾ ਤਾਂ ਮੁੱਖ ਮੰਤਰੀ ਦੇ ਕੰਨ 'ਤੇ ਜੂੰ ਸਰਕੀ।

ਤਾਂ ਉਸ ਨੂੰ ਆਪਣੇ ਸਲਾਹਕਾਰਾਂ ਦੀ ਯਾਦ ਆਈ।



# 33

ਆਪਣੇ ਬਿਸਤਰੇ 'ਤੇ ਪਿਆ ਹਾਕਮ ਸਿੰਘ ਉਸਲਵੱਟੇ ਲੈ ਰਿਹਾ ਸੀ। ਕੁਝ ਦਿਨਾਂ ਤੋਂ ਉਹ ਡਾਢਾ ਪਰੇਸ਼ਾਨ ਸੀ।

ਕਾਨੂੰਨੀ ਲੜਾਈ ਲੜ ਕੇ ਉਹ ਸੈਂਕੜੇ ਕੈਦੀਆਂ ਨੂੰ ਰਿਹਾਅ ਕਰਵਾ ਚੁੱਕਾ ਸੀ। ਬਾਹਰਲੀਆਂ ਧੱਕੇਸ਼ਾਹੀਆਂ ਨੂੰ ਨਜਿੱਠ ਕੇ ਸੈਂਕੜੇ ਹਵਾਲਾਤੀਆਂ ਨੂੰ ਰਾਹਤ ਦਿਵਾ ਚੁੱਕਾ ਸੀ।

ਹੁਣ ਫੇਰ ਕੁਝ ਕੈਦੀ ਸਮੱਸਿਆਵਾਂ ਵਿਚ ਘਿਰੇ ਹੋਏ ਸਨ। ਇਸ ਵਾਰ ਧੱਕਾ ਜੇਲ੍ਹ ਕਰਮਚਾਰੀਆਂ ਵੱਲੋਂ ਹੋ ਰਿਹਾ ਸੀ। ਕੈਦੀ ਚਾਹੁੰਦੇ ਸਨ, ਹਾਕਮ ਉਹਨਾਂ ਨੂੰ ਵੀ ਰੱਬ ਬਣ ਕੇ ਬਹੁੜੇ ਅਤੇ ਡੁੱਬਦੀ ਬੇੜੀ ਬੰਨੇ ਲਾਵੇ।

ਹਾਕਮ ਉਹਨਾਂ ਨਾਲ ਖੜ੍ਹਨਾ ਚਾਹੁੰਦਾ ਸੀ ਪਰ ਉਸ ਨੂੰ ਪਤਾ ਸੀ ਕਿ ਜੇਲ੍ਹ ਕਰਮਚਾਰੀ ਅਤੇ ਅਧਿਕਾਰੀ ਇਕੋ ਥੈਲੀ ਦੇ ਚੱਟੇ-ਵੱਟੇ ਹਨ। ਕਿਸੇ ਨੇ ਕਿਸੇ ਨੂੰ ਕੁਝ ਨਹੀਂ ਕਹਿਣਾ। ਉਪਚਾਰਕਤਾ ਨਿਭਾਉਣ ਲਈ ਸੰਬੰਧਿਤ ਕਰਮਚਾਰੀ ਦੀ ਮਾੜੀ-ਮੋਟੀ ਝਾੜ-ਝੰਬ ਹੋਏਗੀ। ਕੈਦੀ ਨੂੰ ਥੋੜ੍ਹੀ-ਬਹੁਤੀ ਰਾਹਤ ਵੀ ਮਿਲੇਗੀ, ਪਰ ਹੋਈ ਬੇਇੱਜ਼ਤੀ 'ਤੇ ਕਰਮਚਾਰੀ ਨੇ ਖਿਝ ਜਾਣਾ ਸੀ ਅਤੇ ਕੈਦੀ ਲਈ ਮੁਸੀਬਤਾਂ ਦਾ ਵੰਝ ਗੱਡ ਦੇਣਾ ਸੀ। ਉਤਰਦੇ-ਚੜ੍ਹਦੇ ਦੀ ਬੱਸ ਹੋ ਜਾਣੀ ਸੀ।

ਫੇਰ ਹਾਕਮ ਉਹਨਾਂ ਦੀ ਫ਼ਰਿਆਦ ਕਰੇ ਤਾਂ ਕਿਸ ਕੋਲ ?

ਸਮੱਸਿਆਵਾਂ ਵੀ ਗੰਭੀਰ ਸਨ। ਥੋੜ੍ਹੀ ਜਿਹੀ ਦੇਰ ਨਾਲ ਭਿਆਨਕ ਸਿੱਟੇ ਨਿਕਲ ਸਕਦੇ ਸਨ। ਹਾਕਮ ਕੋਲ ਹੋਰ ਸੋਚਣ ਦਾ ਵਕਤ ਨਹੀਂ ਸੀ।

ਪੰਦਰਾਂ ਦਿਨ ਪਹਿਲਾਂ ਮਿੱਠੋ ਦੀਆਂ ਸਾਥਣ ਕੈਦਣਾਂ ਦਾ ਸੁਨੇਹਾ ਆਇਆ ਸੀ, "ਮਿੱਠੋ ਸਾਰਾ ਦਿਨ ਮੂੰਹ ਵਿਚ ਕੁਝ ਬੁੜਬੁੜਾਉਂਦੀ ਰਹਿੰਦੀ ਹੈ। ਪਹਿਲਾਂ ਫ਼ਿਰੋਜ਼ਪੁਰ ਜੇਲ੍ਹ ਦੇ ਦਰੋਗੇ ਨੂੰ ਗਾਲ੍ਹਾਂ ਕੱਢਦੀ ਹੁੰਦੀ ਸੀ, ਹੁਣ ਆਪਣੇ ਦਿਓਰ ਅਤੇ ਜੇਠ ਦੇ ਕੀਰਨੇ ਵੀ ਪਾਉਂਦੀ ਹੈ। ਉਸ ਨੇ ਖਾਣਾ-ਪੀਣਾ ਅਤੇ ਸਾਥਣਾਂ ਨਾਲ ਬੋਲਣਾ ਛੱਡ ਦਿੱਤਾ ਹੈ। ਜੇ ਉਸ ਦੀ ਹਾਲਤ ਇਸੇ ਤਰ੍ਹਾਂ ਨਿੱਘਰਦੀ ਰਹੀ ਤਾਂ ਜਲਦੀ ਹੀ ਉਸ ਨੇ ਪਾਗ਼ਲਾਂ ਵਾਲੀ ਕੋਠੜੀ ਵਿਚ ਪੁੱਜ ਜਾਣਾ ਹੈ।" ਸਾਥਣਾਂ ਨੇ ਹਾਕਮ ਨੂੰ ਬੇਨਤੀ ਕੀਤੀ ਸੀ ਕਿ ਮਿੱਠੋ ਨੂੰ ਕਮਲੀ ਹੋਣ ਤੋਂ ਬਚਾਇਆ ਜਾਵੇ।

ਮਿੱਠੋ ਅੱਠ ਮਹੀਨੇ ਪਹਿਲਾਂ ਫ਼ਿਰੋਜ਼ਪੁਰ ਜੇਲ੍ਹ ਤੋਂ ਇਥੇ ਬਦਲ ਕੇ ਆਈ ਸੀ। ਉਸ ਦੇ ਹਿਸਟਰੀ ਟਿਕਟ ਵਿਚ ਦਰਜ ਸੀ ਕਿ ਉਸ ਦੇ ਅਤੱਵਾਦੀਆਂ ਨਾਲ ਸੰਬੰਧ ਸਨ। ਪੇਸ਼ੀ ਭੁਗਤਣ ਕਚਹਿਰੀ ਗਈ ਉਹ ਉਹਨਾਂ ਦੇ ਸੁਨੇਹੇ ਇਧਰ-ਉਧਰ ਕਰਦੀ ਸੀ। ਕਈ ਅੱਤਵਾਦੀ ਵਾਰਦਾਤਾਂ ਨੂੰ ਸਿਰੇ ਚਾੜ੍ਹਨ ਵਿਚ ਉਸ ਨੇ ਅਹਿਮ ਭੂਮਿਕਾ ਨਿਭਾਈ ਸੀ। ਉਹ ਸਾਥਣ ਕੈਦਣਾਂ ਨੂੰ ਵੀ ਇਸ ਕੰਮ ਲਈ ਪ੍ਰੇਰਦੀ ਸੀ। ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਕਈ ਵਾਰ ਸਜ਼ਾਵਾਂ ਦਿੱਤੀਆਂ ਸਨ, ਪਰ ਉਹ ਆਪਣੇ ਭੈੜੇ ਕਾਰਨਾਮਿਆਂ ਤੋਂ ਬਾਜ ਨਹੀਂ ਸੀ ਆਉਂਦੀ। ਉਲਟਾ ਅੱਤਵਾਦੀਆਂ ਦਾ ਰੋਹਬ ਦੇ ਕੇ ਉਹ ਕੈਦਣਾਂ ਦੇ ਨਾਲ-ਨਾਲ ਔਰਤ ਮੁਲਾਜ਼ਮਾਂ ਨੂੰ ਵੀ ਡਰਾਉਂਦੀ ਸੀ। ਮਿੱਠੋ ਦੇ

ਉਥੇ ਰਹਿਣ ਨਾਲ ਜੇਲ੍ਹ ਪ੍ਰਸ਼ਾਸਨ ਨੂੰ ਪ੍ਰਸ਼ਾਸਨ ਚਲਾਉਣ ਵਿਚ ਦਿੱਕਤ ਆ ਰਹੀ ਸੀ। ਇਸ ਲਈ ਲੋਕ-ਹਿਤ ਨੂੰ ਧਿਆਨ ਵਿਚ ਰੱਖਦੇ ਹੋਏ ਮਿੱਠੋ ਨੂੰ ਦੂਰ-ਦੁਰਾਡੇ ਬਦਲਣ ਦਾ ਅਸੁਖਾਵਾਂ ਫ਼ੈਸਲਾ ਲਿਆ ਗਿਆ ਸੀ। ਮਿੱਠੋ ਇਸ ਦੋਸ਼ ਨੂੰ ਪੂਰੀ ਤਰ੍ਹਾਂ ਨਕਾਰਦੀ ਸੀ।

ਉਸ ਦਾ ਕਹਿਣਾ ਸੀ ਕਿ ਉਸ ਦਾ ਸੁਹੱਪਣ ਉਸ ਨੂੰ ਮਹਿੰਗਾ ਪੈ ਰਿਹਾ ਸੀ। ਉਸ ਉਪਰ ਲੱਗੇ ਦੋਸ਼ ਨੂੰ ਸੁਣ ਹਰ ਮਰਦ ਉਸ ਨੂੰ ਵੇਸਵਾ ਸਮਝਣ ਲੱਗਦਾ ਸੀ। ਕੈਦੀ ਤੋਂ ਲੈ ਕੇ ਜੇਲ੍ਹ ਦਾ ਚਪੜਾਸੀ ਤਕ ਉਸ ਨੂੰ ਟਿੱਚਰ ਕਰਨਾ, ਉਸ ਦੀ ਚੁੰਨੀ ਖਿੱਚਣਾ ਅਤੇ ਤੁਰੀ ਜਾਂਦੀ ਨੂੰ ਚੂੰਡੀ ਵੱਢਣਾ ਆਪਣਾ ਕਾਨੂੰਨੀ ਹੱਕ ਸਮਝਦਾ ਸੀ।

ਮਿੱਠੋ ਉਪਰ ਉਸ ਮਰਦ ਦਾ ਕਤਲ ਕਰਨ ਦਾ ਦੋਸ਼ ਸੀ, ਜਿਸ ਨਾਲ ਉਹ ਆਪਣੀ ਮਰਜ਼ੀ ਨਾਲ ਹਮ-ਬਿਸਤਰ ਹੋਣ ਗਈ ਸੀ। ਮਿੱਠੋ ਇਹ ਮੰਨਦੀ ਸੀ ਕਿ ਉਹ ਉਸ ਮਰਦ ਨਾਲ ਆਪਣੀ ਮਰਜ਼ੀ ਨਾਲ ਗਈ ਸੀ, ਪਰ ਕਤਲ ਉਸ ਨੇ ਮਰਦ ਨੂੰ ਲੁੱਟਣ ਲਈ ਕੀਤਾ, ਇਹ ਗ਼ਲਤ ਸੀ।

ਅਸਲੀਅਤ ਕੁਝ ਹੋਰ ਸੀ।

ਉਹ ਬਾਜ਼ੀਗਰਾਂ ਦੀ ਕੁੜੀ ਸੀ। ਸਰੀਰ ਦੀ ਖੁੱਲ੍ਹੀ-ਡੁੱਲ੍ਹੀ ਅਤੇ ਰੰਗ ਵੀ ਸਾਫ਼ ਸੀ। ਬਚਪਨ ਤੋਂ ਹੀ ਮਿਹਨਤ ਮਜ਼ਦੂਰੀ ਕਰਨ ਕਾਰਨ ਉਸ ਦਾ ਸਰੀਰ ਗੱਠਵਾਂ ਅਤੇ ਫ਼ੁਰਤੀਲਾ ਸੀ। ਉਹਨਾਂ ਦੇ ਡੇਰੇ ਦੇ ਨਾਲ ਨਵਾਂ ਪ੍ਰਾਇਮਰੀ ਸਕੂਲ ਖੁੱਲ੍ਹਾ ਸੀ। ਉਥੇ ਉਸ ਨੇ ਪੰਜ ਜਮਾਤਾਂ ਪਾਸ ਕਰ ਲਈਆਂ ਸਨ। ਚਾਰ ਅੱਖਰ ਉਠਾਉਣੇ ਆ ਜਾਣ ਕਾਰਨ ਉਸ ਨੂੰ ਥੋੜ੍ਹਾ-ਬਹੁਤ ਸਲੀਕਾ ਵੀ ਆ ਗਿਆ ਸੀ।

ਪਹਿਲਾਂ ਉਸ ਦੀ ਬਰਾਦਰੀ ਦੇ ਦੋ ਕਿੱਤੇ ਸਨ—ਬਾਜ਼ੀਆਂ ਪਾਉਣੀਆਂ ਅਤੇ ਚੋਰੀਆਂ ਕਰਨਾ, ਪਰ ਹੁਣ ਕੁਝ ਸਾਲਾਂ ਤੋਂ ਉਹਨਾਂ ਨੇ ਇਹ ਧੰਦੇ ਛੱਡਣੇ ਸ਼ੁਰੂ ਕਰ ਦਿੱਤੇ ਸਨ। ਮਰਦਾਂ ਨੇ ਦਿਹਾੜੀ-ਦੱਪੇ ਕਰਨੇ ਅਤੇ ਰੇਹੜੇ ਰਿਕਸ਼ੇ ਵਾਹੁਣੇ ਸ਼ੁਰੂ ਕਰ ਦਿੱਤੇ ਸਨ। ਔਰਤਾਂ ਨੇ ਸਾਗ-ਸਬਜ਼ੀਆਂ ਦੇ ਨਾਲ ਦਾਤਣਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ ਸਨ। ਸਮਾਜ ਵਿਚ ਉਹਨਾਂ ਦੇ ਕਬੀਲੇ ਦੀ ਇੱਜ਼ਤ ਬਹਾਲ ਹੋਣ ਲੱਗ ਪਈ ਸੀ।

ਮਿੱਠੋ ਜਿਸ ਨੌਜਵਾਨ ਲਾਲ ਵਿਆਹੀ ਗਈ ਸੀ, ਉਹ ਅੱਠ ਪਾਸ ਸੀ। ਕਰੜੀ ਮਿਹਨਤ ਅਤੇ ਉਸਤਾਦ ਦੇ ਡੰਡੇ ਖਾ-ਖਾ ਉਹ ਘਰਾਂ ਵਿਚ ਰੰਗ-ਰੋਗਨ ਕਰਨ ਦਾ ਮਾਹਿਰ ਬਣ ਗਿਆ ਸੀ। ਦੂਜਿਆਂ ਨਾਲੋਂ ਉਹ ਨੂੰ ਮਿਹਨਤ ਘੱਟ ਕਰਨੀ ਪੈਂਦੀ ਸੀ, ਪਰ ਕਮਾਈ ਵੱਧ ਹੁੰਦੀ ਸੀ।

ਪਹਿਲੇ ਸਾਲ ਮਿੱਠੋ ਨੇ ਚੰਨ ਵਰਗੀ ਕੁੜੀ ਜੰਮੀ। ਦੂਜੇ ਸਾਲ ਲਾਲ ਵਰਗਾ ਮੁੰਡਾ। ਫੇਰ ਉਹਨਾਂ ਨੇ ਅਪਰੇਸ਼ਨ ਕਰਵਾ ਲਿਆ।

ਜਦੋਂ ਘਰ ਵਿਚ ਸੱਥਰ ਵਿਛਿਆ, ਉਦੋਂ ਮੁੰਡਾ ਪੰਜਵੀਂ ਵਿਚ ਪੜ੍ਹਦਾ ਸੀ ਅਤੇ ਕੁੜੀ ਛੇਵੀਂ ਵਿਚ।

ਦੀਵਾਲੀ ਨੇੜੇ ਉਸ ਦੇ ਘਰਵਾਲੇ ਨੇ ਇਕ ਕੋਠੀ ਵਿਚ ਰੰਗ-ਰੋਗਨ ਕਰਨ ਦਾ ਠੇਕਾ ਲਿਆ ਸੀ। ਮਹੀਨਾ ਕੰਮ ਚੱਲਦਾ ਰਿਹਾ ਸੀ। ਦੀਵਾਲੀ ਦੇ ਦੋ ਮਹੀਨੇ ਬਾਅਦ ਕੋਠੀ ਵਿਚ ਚੋਰੀ ਹੋ ਗਈ। ਚੋਰ ਘਰ ਦੇ ਕੋਨੇ-ਕੋਨੇ ਦੇ ਭੇਤੀ ਸਨ। ਉਹਨਾਂ ਨੇ ਗੁਪਤ ਥਾਵਾਂ ’ਤੇ ਬਣੇ ਲਾਕਰ ਵੀ ਖੋਲ੍ਹ ਲਏ ਸਨ। ਛਾਪ ਤਕ ਬਾਕੀ ਨਹੀਂ ਸੀ ਬਚੀ।

“ਏਨੇ ਭੇਤੀ ਤਾਂ ਰੰਗ-ਰੋਗਨ ਵਾਲੇ ਹੀ ਹੋ ਸਕਦੇ ਹਨ।” ਆਪਣਾ ਸਿਧਾਂਤ ਘੜ ਕੇ ਪੁਲਿਸ ਝੱਟ ਮਿੱਠੋ ਦੇ ਘਰਵਾਲੇ ਨੂੰ ਚੁੱਕ ਕੇ ਲੈ ਗਈ।

ਕੋਠੀ ਦਾ ਮਾਲਕ ਜ਼ੋਰਾਵਰ ਸੀ। ਬਿੱਲੂ ਨੇ ਚੋਰੀ ਕੀਤੀ ਹੋਵੇ ਤਾਂ ਸਾਮਾਨ ਬਰਾਮਦ ਕਰਾਵੇ। ਚੋਰ ਭੇਤ ਦਿੰਦਾ ਨਹੀਂ ਸੀ। ਮਾਲਕ ਉਸ ਨੂੰ ਕੁਟਾਉਣੋਂ ਹਟਦਾ ਨਹੀਂ ਸੀ।



ਪੁਲਿਸ ਉਸ ਨੂੰ ਓਨਾ ਚਿਰ ਕੁੱਟਦੀ ਰਹੀ, ਜਿੰਨਾ ਚਿਰ ਉਸ ਦੀ ਇਕ-ਇਕ ਹੱਡੀ ਨਾ ਟੁੱਟ ਗਈ। ਜਿੰਨਾ ਚਿਰ ਬਿੱਲੂ ਦਾ ਤੁਰਨਾ, ਫਿਰਨਾ, ਬੋਲਣਾ ਅਤੇ ਖਾਣਾ-ਪੀਣਾ ਦੁਸ਼ਵਾਰ ਨਾ ਹੋ ਗਿਆ। ਮਿੱਠੋ ਫੇਰ ਵੀ ਪੁਲਿਸ ਦੀ ਮਿੰਨਤ ਕਰਦੀ ਰਹੀ, “ਮੈਂ ਕੋਈ ਕਾਨੂੰਨੀ ਚਾਰਾਜੋਈ ਨਹੀਂ ਕਰਾਂਗੀ। ਭਾਣਾ ਮੰਨ ਕੇ ਘਰਵਾਲੇ ਦੀ ਸੇਵਾ ਕਰਾਂਗੀ। ਇਸ ਦੀ ਕਿਸਮਤ ਚੰਗੀ ਹੋਈ ਤਾਂ ਤੁਰਨ-ਫਿਰਨ ਲੱਗ ਜਾਵੇਗਾ, ਨਹੀਂ ਤਾਂ ਘਰ ਮਰਦ ਦੀ ਮਰਦਾਨਗੀ ਦੇ ਸਹਾਰੇ ਦਿਨ ਕੱਟ ਲਵਾਂਗੀ।’

ਡਰਦੀ ਪੁਲਿਸ ਨੇ ਨਾ ਉਸ ’ਤੇ ਕੋਈ ਕੇਸ ਬਣਾਇਆ, ਨਾ ਰਿਹਾਅ ਕੀਤਾ।

ਫੇਰ ਉਹੋ ਹੋਇਆ ਜਿਸ ਦਾ ਮਿੱਠੋ ਨੂੰ ਡਰ ਸੀ।

ਇਕ ਸਵੇਰ ਪੁਲਿਸ ਨੇ ਉਸਨੂੰ ਸੂਚਿਤ ਕੀਤਾ, “ਤੇਰੇ ਘਰਵਾਲਾ ਟਰੱਕ ਹੇਠ ਆ ਕੇ ਮਰ ਗਿਆ ਹੈ। ਲਾਸ਼ ਜੀ.ਟੀ. ਰੋਡ ’ਤੇ ਪਈ ਹੈ।” ਮਿੱਠੋ ਦੀ ਸੱਸ ਨੇ ਰੋ-ਰੋ ਅੱਖਾਂ ਦੀ ਜੋਤ ਗਵਾ ਲਈ।

ਸਾਲ ਭਰ ਮਿੱਠੋ ਸਵੇਰ-ਸ਼ਾਮ ਉਸ ਨੂੰ ਯਾਦ ਕਰ-ਕਰ ਰੋਂਦੀ ਰਹੀ।

ਜਦੋਂ ਘਰ ਵਿਚ ਦਾਣਾ-ਫੱਕਾ ਮੁੱਕਣ ਲੱਗਾ ਤਾਂ ਮਿੱਠੋ ਨੂੰ ਵਧੀ ਜ਼ਿੰਮੇਵਾਰੀ ਦਾ ਅਹਿਸਾਸ ਹੋਇਆ।

ਗੋਹਾ-ਕੂੜਾ ਕਰ ਕੇ ਤਿੰਨ ਸਾਲ ਉਹ ਚੁੱਲ੍ਹਾ ਮਘਾਉਂਦੀ ਰਹੀ। ਕੁੜੀ ਮੁੰਡੇ ਨੂੰ ਦਸ ਜਮਾਤਾਂ ਪਾਸ ਕਰਾਉਣ ਦੀ ਆਸ ਰੱਖਦੀ ਰਹੀ।

ਰੰਡੀ ਰੰਡੇਪਾ ਕੱਟਣ ਲਈ ਤਿਆਰ ਸੀ, ਪਰ ਮੁਸ਼ਟੰਡੇ ਕੱਟਣ ਨਹੀਂ ਸਨ ਦੇ ਰਹੇ। ਕਦੇ ਖੇਤ ਗਈ ਦੀ ਜ਼ਿਮੀਂਦਾਰ ਬਾਂਹ ਫੜਨ ਨੂੰ ਪੈਂਦਾ, ਕਦੇ ਕੋਠੀ ’ਚ ਪੀਹਣਾ ਕਰਨ ਗਈ ਨੂੰ ਸੇਠ ਕੌੜ-ਕੌੜ ਝਾਕਦਾ। ਕਦੇ ਦਿਉਰ ਚਾਦਰ ਪਾਉਣ ਲਈ ਅੱਗੇ-ਪਿੱਛੇ ਕੱਟੇ-ਵੱਛੇ ਬੰਨ੍ਹਦਾ। ਕਦੇ ਛੜਾ ਜੇਠ ਲਾਲਾਂ ਸੁੱਟਦਾ।

ਜਦੋਂ ਦਸਾਂ ਨਹੁੰਆਂ ਦੀ ਕਿਰਤ ਨਾਲ ਢਿੱਡ ਭਰਨਾ ਅਤੇ ਸ਼ਰਾਫ਼ਤ ਨਾਲ ਜ਼ਿੰਦਗੀ ਜਿਊਣੀ ਨਜ਼ਰ ਨਾ ਆਈ ਤਾਂ ਮਿੱਠੋ ਨੇ ਹਥਿਆਰ ਸੁੱਟ ਦਿੱਤੇ।

ਵਿਧਵਾ ਨਨਾਣ ਨਾਲ ਮਿੱਠੋ ਨੇ ਖ਼ਾਨਦਾਨੀ ਪੇਸ਼ਾ ਅਪਣਾ ਲਿਆ।

ਨਨਾਣ ਭਰਜਾਈ ਦੀ ਜੋੜੀ ਮੱਸਿਆ ਅਤੇ ਪੂਰਨਮਾਸ਼ੀ ਨੂੰ ਕਿਸੇ ਗੁਰਦੁਆਰੇ ਜਾਂਦੀ। ਨਾਲੇ ਮੱਥਾ ਟੇਕ ਆਉਂਦੀ, ਨਾਲੇ ਜੇਬਾਂ ਭਰ ਲਿਆਉਂਦੀ।

ਜਦੋਂ ਮੇਲਿਆਂ ਵਿਚ ਉਹਨਾਂ ਦੇ ਚਿਹਰੇ ਪਹਿਚਾਣੇ ਜਾਣ ਲੱਗੇ ਤਾਂ ਉਹ ਬੱਸ ਅੱਡਿਆਂ ’ਤੇ ਜਾਣ ਲੱਗੀਆਂ। ਜਦੋਂ ਸਥਾਨਕ ਪੁਲਿਸ ਪਿੱਛਾ ਕਰਨ ਲੱਗੀ ਤਾਂ ਉਹ ਦੂਰ-ਦੁਰਾਡੇ ਨਿਕਲਣ ਲੱਗੀਆਂ।

ਜਦੋਂ ਸਾਰੇ ਸੂਬੇ ਵਿਚ ਧੰਦਾ ਕਰਨਾ ਔਖਾ ਹੋ ਗਿਆ ਤਾਂ ਉਹਨਾਂ ਨੇ ਕਿੱਤਾ ਬਦਲ ਦਿੱਤਾ।

ਬਣ-ਠਣ ਕੇ ਉਹ ਚੁਰਾਹਿਆਂ ’ਤੇ ਖੜ੍ਹਨ ਲੱਗੀਆਂ। ਕਾਰਾਂ ਵਿਚ ਘੁੰਮਦੇ ਨੌਜਵਾਨਾਂ ਕੋਲੋਂ ਲਿਫ਼ਟ ਮੰਗਣ ਲੱਗੀਆਂ। ਉਹਨਾਂ ਨਾਲ ਕੋਠੀਆਂ ਅਤੇ ਮੋਟਰਾਂ ’ਤੇ ਜਾਣ ਲੱਗੀਆਂ। ਸ਼ਰਾਬ ਆਉਂਦੀ, ਮੀਟ ਆਉਂਦਾ। ਮੁੰਡੇ ਸ਼ਰਾਬ ਪੀਣ ਲੱਗਦੇ, ਉਹ ਮੀਟ ਰਿੰਨ੍ਹਣ ਲੱਗਦੀਆਂ। ਜਦੋਂ ਮੀਟ ਰਿੱਝ ਜਾਂਦਾ, ਉਹ ਵਿਚ ਨਸ਼ੀਲਾ ਪਦਾਰਥ ਮਿਲਾ ਦਿੰਦੀਆਂ। ਜਦੋਂ ਤਕ ਨੌਜਵਾਨਾਂ ਨੂੰ ਮਿੱਠੋ ਹੋਰਾਂ ਦੀ ਲੋੜ ਮਹਿਸੂਸ ਹੋਣ ਲੱਗਦੀ, ਉਦੋਂ ਤਕ ਉਹ ਬੇਹੋਸ਼ ਹੋ ਗਏ ਹੁੰਦੇ। ਉਹ ਕੜੇ, ਛਾਪਾਂ ਲਾਹ ਕੇ ਪੱਤਰਾ ਵਾਚ ਚੁੱਕੀਆਂ ਹੁੰਦੀਆਂ।

ਸ਼ਰਮ ਦੇ ਮਾਰੇ ਮਰਦ, ਚੋਰੀ ਹੋਏ ਸਾਮਾਨ ਦੀ ਭਾਫ਼ ਤਕ ਨਾ ਕੱਢਦੇ।

ਇਕ ਵਾਰ ਉਹਨਾਂ ਦਾ ਵਾਹ ਜਾਬਰਾਂ ਨਾਲ ਪੈ ਗਿਆ। ਮੀਟ ਦਾ ਮਸਾਲਾ ਤਿਆਰ ਹੁੰਦੇ-ਹੁੰਦੇ ਉਹਨਾਂ ਚਾਰ-ਚਾਰ ਹਾੜੇ ਚਾੜ੍ਹ ਲਏ। ਬਿਨਾਂ ਮੀਟ ਖਾਧੇ ਹੀ ਮਿੱਠੋ ਹੋਰਾਂ 'ਤੇ ਚੜ੍ਹਨ ਲਈ ਉਤਾਵਲੇ ਹੋਣ ਲੱਗੇ। ਹੱਥੋ-ਪਾਈ ਹੁੰਦੀ ਮਿੱਠੋ ਨੇ ਆਖ਼ਰੀ ਦਾਅ ਖੇਡਿਆ। ਗੋਡਾ ਮੁੰਡੇ ਦੇ ਨਲਾਂ 'ਤੇ ਮਾਰਿਆ। ਮੁੰਡਾ ਥਾਏਂ ਢੇਰ ਹੋ ਗਿਆ। ਇਸ ਤੋਂ ਪਹਿਲਾਂ ਦੂਜੇ ਸ਼ਰਾਬੀਆਂ ਨੂੰ ਸਥਿਤੀ ਦੀ ਸਮਝ ਆਉਂਦੀ, ਉਹ ਇੱਜ਼ਤ ਬਚਾ ਕੇ ਘਰ ਪੁੱਜ ਗਈਆਂ।

ਕਤਲ ਦਾ ਮੁਕੱਦਮਾ ਜਦੋਂ ਸਾਥੀਆਂ 'ਤੇ ਦਰਜ ਹੋਣ ਲੱਗਾ ਤਾਂ ਉਹਨਾਂ ਨੂੰ ਸੱਚ ਉਗਲਣਾ ਪਿਆ।

ਪੈੜ ਦੱਬਦੀ ਪੁਲਿਸ ਮਿੱਠੋ ਹੋਰਾਂ ਦੇ ਡੇਰੇ ਪੁੱਜ ਗਈ। ਹੋਸ਼ 'ਚ ਆਏ ਸ਼ਰਾਬੀਆਂ ਨੇ ਉਸ ਨੂੰ ਪਹਿਚਾਣ ਲਿਆ। ਉਸੇ ਸ਼ਨਾਖ਼ਤ ਦੇ ਆਧਾਰ 'ਤੇ ਮਿੱਠੋ ਨੂੰ ਉਮਰ ਕੈਦ ਹੋ ਗਈ।

ਬਣ-ਠਣ ਕੇ ਰਹਿਣ ਦੀ ਆਦਤ ਉਸ ਨੇ ਫੇਰ ਵੀ ਨਹੀਂ ਸੀ ਛੱਡੀ। ਇਸ ਦੇ ਉਸ ਨੂੰ ਕਈ ਫ਼ਾਇਦੇ ਹੁੰਦੇ ਸਨ। ਜੇਲ੍ਹ ਵਿਚ ਜੇਲ੍ਹ ਅਧਿਕਾਰੀ ਅਤੇ ਕਚਹਿਰੀ ਵਿਚ ਜੱਜ ਤੋਂ ਲੈ ਕੇ ਸਰਕਾਰੀ ਵਕੀਲ ਤਕ ਉਸ 'ਤੇ ਲਾਲਾਂ ਸੁੱਟਦੇ ਸਨ। ਢੁਕ-ਢੁਕ ਕੇ ਕੋਲ ਬੈਠਦੇ ਸਨ। ਹੱਸ-ਹੱਸ ਕੇ ਗੱਲਾਂ ਕਰਦੇ ਸਨ। ਬਦਲੇ ਵਿਚ ਦਿਲ ਖੋਲ੍ਹ ਕੇ ਰਿਆਇਤਾਂ ਦਿੰਦੇ ਸਨ।

ਇਹ ਲਾਲਚ ਹੁਣ ਮਿੱਠੋ ਨੂੰ ਮਹਿੰਗਾ ਪਿਆ ਸੀ। ਜ਼ਨਾਨਾ ਜੇਲ੍ਹ ਦੀ ਡਿਪਟੀ ਸੁਪਰਡੈਂਟ ਨੇ ਜੇਲ੍ਹ ਸੁਪਰਡੈਂਟ ਕੋਲ ਮੁਖ਼ਬਰੀ ਕੀਤੀ ਸੀ, "ਇਸ ਸਮੇਂ ਮਿੱਠੋ ਸਭ ਤੋਂ ਸੋਹਣੀ ਕੈਦਣ ਹੈ।"

ਜੇਲ੍ਹ ਸੁਪਰਡੈਂਟ ਖ਼ੁਦ ਔਰਤਾਂ ਦਾ ਸ਼ੌਕੀਨ ਸੀ। ਉਸ ਨੂੰ ਵਗਾਰ ਵੀ ਬਹੁਤ ਪੈਂਦੀ ਸੀ। ਸੋਹਣੀਆਂ ਔਰਤਾਂ ਦੀ ਮੰਗ ਉਸ ਤੋਂ ਪੂਰੀ ਨਹੀਂ ਸੀ ਹੁੰਦੀ।

ਜੇਲ੍ਹ ਸੁਪਰਡੈਂਟ ਘੁੰਮਣ-ਘੇਰੀਆਂ ਵਿਚ ਨਹੀਂ ਸੀ ਪਿਆ। ਇਹ ਕਾਲਜ ਦੇ ਦਿਨ ਨਹੀਂ ਸਨ ਕਿ ਇਕ ਕੁੜੀ ਨੂੰ ਖ਼ੁਸ਼ ਕਰਨ ਲਈ ਉਸ ਦੇ ਅੱਗੇ-ਪਿੱਛੇ ਗੇੜੇ ਮਾਰੇ। ਮਿੱਠੋ ਦਾ ਸਰੀਰ ਸਰਕਾਰ ਦੇ ਕਬਜ਼ੇ ਵਿਚ ਸੀ। ਸੁਪਰਡੈਂਟ ਸਰਕਾਰ ਦਾ ਨੁਮਾਇੰਦਾ ਸੀ। ਇਸ ਤਰ੍ਹਾਂ ਮਿੱਠੋ ਦੇ ਸਰੀਰ ਉਪਰ ਉਸ ਦਾ ਪੂਰਾ ਅਧਿਕਾਰ ਸੀ। ਉਸ ਨੇ ਮਿੱਠੋ ਨੂੰ ਕੋਠੀ ਹਾਜ਼ਰ ਹੋਣ ਦਾ ਸਿੱਧਾ ਹੁਕਮ ਭੇਜ ਦਿੱਤਾ।

ਸਾਥਣ ਕੈਦਣਾਂ ਨੇ ਮਿੱਠੋ ਨੂੰ ਵਧਾਈ ਦਿੱਤੀ, "ਤੂੰ ਭਾਗਾਂ ਵਾਲੀ ਹੈਂ। ਤੈਨੂੰ ਸੁਪਰਡੈਂਟ ਨੇ ਖ਼ੁਦ ਬੁਲਾਇਆ ਹੈ। ਮਿਹਰਬਾਨ ਹੋ ਕੇ ਉਸ ਨੇ ਤੇਰੀ ਸਜ਼ਾ ਮੁਆਫ਼ ਕਰਵਾ ਦੇਣੀ ਹੈ ਅਤੇ ਚੀਜ਼ਾਂ ਨਾਲ ਝੋਲੀ ਭਰ ਦੇਣੀ ਹੈ। ਅੱਗੇ ਤੋਂ ਤੈਨੂੰ ਬੂ ਮਾਰਦੀਆਂ ਕੋਠੜੀਆਂ ਵਿਚ ਸੌਣ ਦੀ ਜ਼ਰੂਰਤ ਨਹੀਂ ਹੈ, ਨਾ ਰੁੱਖੀ-ਮਿੱਸੀ ਖਾਣ ਦੀ। ਹੁਣ ਤੇਰੀ ਹਰ ਰਾਤ ਰੰਗੀਨ ਹੋਏਗੀ।"

ਪਰ ਪਤਾ ਨਹੀਂ ਕਿਉਂ ਮਿੱਠੋ ਨੂੰ ਸੁਪਰਡੈਂਟ ਦੀ ਸ਼ਕਲ ਨਾਲ ਚਿੜ ਸੀ। ਉਸ ਦਾ ਢਿੱਡ ਢੋਲ ਵਰਗਾ ਸੀ। ਬੁੱਲ੍ਹ ਮੋਟੇ ਸਨ। ਰੰਗ ਮੱਝ ਵਰਗਾ ਕਾਲਾ ਸੀ। ਸਾਰਾ ਦਿਨ ਸਿਗਰਟ ਪੀਂਦਾ ਰਹਿੰਦਾ ਸੀ। ਪਾਨ ਦੀਆਂ ਪਿਚਕਾਰੀਆਂ ਮਾਰਦਾ ਰਹਿੰਦਾ ਸੀ। ਉਸ ਦਾ ਸਰੀਰ ਹਰ ਸਮੇਂ ਪਸੀਨੇ ਨਾਲ ਭਿੱਜਾ ਰਹਿੰਦਾ ਸੀ। ਮਿੱਠੋ ਨੂੰ ਇਹਨਾਂ ਸਭ ਗੱਲਾਂ ਤੋਂ ਨਫ਼ਰਤ ਸੀ।

ਮਿੱਠੋ ਆਕੜ ਗਈ।

ਸੁਪਰਡੈਂਟ ਨੇ ਹਫ਼ਤੇ ਦੇ ਅੰਦਰ-ਅੰਦਰ ਉਸ ਦੀ ਆਕੜ ਭੰਨ ਦਿੱਤੀ।

ਸਵਾ ਸੌ ਮੀਲ ਦੂਰ ਉਸ ਨੂੰ ਇਸ ਜੇਲ੍ਹ ਵਿਚ ਸੁਟਵਾ ਦਿੱਤਾ।

ਮਾਇਆ ਨਗਰ ਦੀ ਜ਼ਨਾਨਾ ਜੇਲ੍ਹ ਦੀ ਡਿਪਟੀ ਸੁਪਰਡੈਂਟ ਉਸ ਦੀ ਬੈਚ ਮੇਟ ਸੀ। ਨਾਲ



ਉਸਨੂੰ ਫ਼ੋਨ ਖੜਕਾ ਦਿੱਤਾ, "ਇਸ ਦੀ ਅੜੀ ਭੰਨਣੀ ਹੈ। ਇਸ ਨੂੰ ਝੋਟੀਆਂ ਚੁੰਘਾਉਣੀਆਂ ਹਨ।"

ਮਿੱਠੋ ਨੂੰ ਪਹਿਲੇ ਹਫ਼ਤੇ ਹੀ ਨਾਨੀ ਯਾਦ ਆਉਣ ਲੱਗੀ।

ਫ਼ਿਰੋਜ਼ਪੁਰ ਵਾਲੀ ਜੇਲ੍ਹ ਤੋਂ ਉਸ ਦਾ ਪਿੰਡ ਪੰਦਰਾਂ ਮੀਲ ਦੂਰ ਸੀ। ਸ਼ਹਿਰੋਂ ਪਿੰਡ ਲਈ ਜਾਂਦੇ ਟੈਂਪੂ ਜੇਲ੍ਹ ਅੱਗੋਂ ਲੰਘਦੇ ਸਨ। ਆਏ ਦਿਨ ਕੋਈ ਨਾ ਕੋਈ ਮੁਲਾਕਾਤ ਲਈ ਆਇਆ ਰਹਿੰਦਾ ਸੀ। ਘਰ ਦੀ ਦਾਲ-ਰੋਟੀ ਦੇ ਨਾਲ-ਨਾਲ ਲੀੜਾ-ਕੱਪੜਾ ਵੀ ਧੋਤਾ ਮਿਲ ਜਾਂਦਾ ਸੀ। ਸੁਖ-ਸੁਨੇਹਾ ਮਿਲ ਜਾਂਦਾ ਸੀ। ਕੁੜੀ ਮੁੰਡੇ ਨੂੰ ਮਿਲ ਕੇ ਕਾਲਜਾ ਠੰਢਾ ਹੋ ਜਾਂਦਾ ਸੀ। ਮਿੱਠੋ ਉਹਨਾਂ ਨੂੰ ਸਮਝਾ ਦਿੰਦੀ ਸੀ, "ਦਿਲ ਲਾ ਕੇ ਪੜ੍ਹੋ, ਬੱਸ ਮੈਂ ਆਈ ਕਿ ਆਈ।" ਦਿਉਰ ਨੂੰ ਸਮਝਾ ਦਿੰਦੀ, "ਮੁੰਡਾ ਕੁੜੀ ਤੇਰੇ ਹੀ ਹਨ। ਬਾਹਰ ਆਉਂਦੀ ਹੀ ਮੈਂ ਤੇਰੇ ਲੜ ਲੱਗ ਜਾਵਾਂਗੀ। ਮੈਂ ਦੇਖ ਲਿਆ ਹੈ ਆਪਣੇ ਮਰਦ ਬਿਨਾਂ ਗੁਜ਼ਾਰਾ ਨਹੀਂ।"

ਕਦੇ-ਕਦੇ ਸੇਠ ਵੀ ਚੱਕਰ ਮਾਰ ਜਾਂਦਾ। ਉਹ ਮਿੱਠੋ ਦੀ ਬੇਨਤੀ ਮੰਨ ਲੈਂਦਾ। ਕੁਝ ਹੋਰ ਉਧਾਰ ਦੇਣ ਲਈ ਹਾਂ ਕਰ ਦਿੰਦਾ।

ਕਿਸੇ ਹੋਰ ਕੈਦੀ ਨੂੰ ਮਿਲਣ ਆਇਆ ਵਕੀਲ ਦਾ ਮੁਨਸ਼ੀ ਮਿੱਠੋ ਨੂੰ ਮਿਲ ਜਾਂਦਾ। ਹਾਈ ਕੋਰਟ ਵਿਚ ਹੋ ਰਹੀ ਕਾਰਵਾਈ ਦੀ ਸੂਚਨਾ ਦੇ ਜਾਂਦਾ, "ਜ਼ਮਾਨਤ ਹੋਣ ਵਾਲੀ ਹੈ। ਉਹ ਘਰ ਜਾਣ ਵਾਲੀ ਹੈ।" ਮੁਨਸ਼ੀ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਕਈ ਦਿਨ ਉਸ ਨੂੰ ਖ਼ੁਸ਼ੀ ਚੜ੍ਹੀ ਰਹਿੰਦੀ।

ਇਹ ਜੇਲ੍ਹ ਪਿੰਡੋਂ ਸਵਾ ਸੌ ਮੀਲ ਦੂਰ ਹੈ। ਪਿੰਡੋਂ ਪਹਿਲਾਂ ਟੈਂਪੂ 'ਤੇ ਬੈਠ ਕੇ ਸ਼ਹਿਰ ਆਉਣਾ ਪੈਂਦਾ ਹੈ। ਫੇਰ ਰਸਤੇ ਵਿਚ ਬੱਸ ਬਦਲਣੀ ਪੈਂਦੀ ਹੈ। ਮਾਇਆ ਨਗਰ ਦੇ ਅੱਡੇ ਤੋਂ ਫੇਰ ਟੈਂਪੂ ਫੜਨਾ ਪੈਂਦਾ ਹੈ। ਪਿੰਡੋਂ ਸਵੱਖਤੇ ਚੱਲ ਕੇ ਮਸਾਂ ਦੁਪਹਿਰ ਢਲੇ ਜੇਲ੍ਹ ਪੁੱਜਿਆ ਜਾਂਦਾ ਹੈ। ਅੱਗੋਂ ਇਸ ਜੇਲ੍ਹ ਦੇ ਵਾਰਡਰਾਂ ਦੇ ਮੂੰਹ ਭਰਨੇ ਔਖੇ ਹਨ। ਉਥੋਂ ਦੇ ਵਾਰਡਰਾਂ ਨਾਲੋਂ ਇਹਨਾਂ ਦੀ ਫ਼ੀਸ ਤਿੰਨ ਗੁਣਾ ਹੈ। ਪੰਜ ਮਿੰਟ ਤੋਂ ਵੱਧ ਮਿਲਣ ਨਹੀਂ ਦਿੰਦੇ। ਮੁਲਾਕਾਤੀ ਜੇ ਕੋਈ ਚੀਜ਼ ਲੈ ਕੇ ਆਵੇ, ਉਸ ਨੂੰ ਕੈਦੀ ਤਕ ਪੁੱਜਦੀ ਕਰਨ ਤਕ ਸੌ ਨਖ਼ਰੇ ਕਰਦੇ ਹਨ। ਅੱਧੀ ਤੋਂ ਵੱਧ ਚੀਜ਼ ਆਪ ਰੱਖ ਜਾਂਦੇ ਹਨ। ਘਰ ਦਾ ਹਾਲ-ਚਾਲ ਵੀ ਨਹੀਂ ਪੁੱਛਿਆ ਜਾਂਦਾ ਕਿ ਸਮਾਂ ਮੁੱਕਣ ਦੀ ਘੰਟੀ ਖੜਕ ਜਾਂਦੀ ਹੈ। ਘਰੋਂ ਆਈ ਰੋਟੀ ਸੁੱਕ ਜਾਂਦੀ ਹੈ, ਦਾਲ ਮੁਸ਼ਕ ਜਾਂਦੀ ਹੈ।

ਮੁੰਡਾ ਛੋਟਾ ਹੈ, ਕੁੜੀ ਜਵਾਨ ਹੈ। ਡਰਦੇ ਘਰ ਦੇ ਉਹਨਾਂ ਨੂੰ ਇਕੱਲਿਆਂ ਮਾਇਆ ਨਗਰ ਨਹੀਂ ਆਉਣ ਦਿੰਦੇ। ਮਿੱਠੋ ਉਹਨਾਂ ਦੇ ਮੂੰਹ ਦੇਖਣ ਨੂੰ ਤਰਸ ਗਈ ਹੈ।

ਹੁਣ ਕੁਝ ਮਹੀਨਿਆਂ ਤੋਂ ਭੈੜੇ-ਭੈੜੇ ਸੁਨੇਹੇ ਆਉਣ ਲੱਗੇ ਹਨ। ਸੇਠ ਨੂੰ ਪਤਾ ਲੱਗ ਚੁੱਕਾ ਹੈ। ਮਿੱਠੋ ਦੀ ਜਲਦੀ ਰਿਹਾਈ ਦੀ ਕੋਈ ਉਮੀਦ ਨਹੀਂ। ਉਸ ਨੇ ਹੋਰ ਉਧਾਰ ਦੇਣੋਂ ਨਾਂਹ ਕਰ ਦਿੱਤੀ ਹੈ। ਪਿਛਲਾ ਹਿਸਾਬ ਕਰਨ ਨੂੰ ਆਖ ਰਿਹਾ ਹੈ। ਨਾਲੇ ਜਾਮਨੀ ਮੰਗ ਰਿਹਾ ਹੈ।

ਦਿਉਰ ਨੇ ਮਿੱਠੋ ਨਾਲ ਵਿਆਹ ਕਰਾਉਣ ਦੀ ਆਸ ਛੱਡ ਦਿੱਤੀ ਹੈ। ਪੂਰੇ ਪਰਿਵਾਰ ਦਾ ਭਾਰ ਚੁੱਕਣਾ ਉਸ ਨੂੰ ਔਖਾ ਲੱਗਣ ਲੱਗ ਪਿਆ ਹੈ। ਖ਼ਰਚੇ ਤੋਂ ਤੰਗ ਆਏ ਦਿਉਰ ਨੇ ਮੁੰਡੇ ਨੂੰ ਸਕੂਲੋਂ ਹਟਾ ਲਿਆ ਹੈ। ਕਹਿੰਦਾ, "ਚੋਰਾਂ ਦੇ ਮੁੰਡੇ ਜੱਜ ਨਹੀਂ ਬਣ ਸਕਦੇ। ਦੇਰ-ਸਵੇਰ ਖ਼ਾਨਦਾਨੀ ਧੰਦਾ ਅਪਣਾਉਣਾ ਹੀ ਪੈਣਾ ਹੈ।" ਮੁੰਡੇ ਨੂੰ ਉਸ ਨੇ ਉਸਤਾਦ ਕੋਲ ਭੇਜ ਦਿੱਤਾ ਹੈ।

ਨਨਾਣ ਨੇ ਮਿੱਠੋ ਦੀ ਕੁੜੀ ਨੂੰ ਬੱਸ ਸਟੈਂਡ 'ਤੇ ਲਿਜਾਣਾ ਸ਼ੁਰੂ ਕਰ ਦਿੱਤਾ ਹੈ। ਮਿੱਠੋਂ ਵਾਂਗ ਉਸ 'ਤੇ ਵੀ ਜਵਾਨੀ ਲੋਹੜੇ ਦੀ ਚੜ੍ਹੀ ਹੈ। ਹਰ ਕੋਈ ਉਸ ਨੂੰ ਨਾਲ ਬਿਠਾਉਣ ਲਈ

ਕਾਹਲਾ ਪੈਣ ਲੱਗਦਾ ਹੈ। ਨਨਾਣ ਨੂੰ ਜੇਬ ਕੱਟਣ ਦੀ ਜ਼ਰੂਰਤ ਨਹੀਂ ਪੈਂਦੀ। ਅਗਲਾ ਆਪੇ ਜੇਬ ਢੇਰੀ ਕਰ ਦਿੰਦਾ ਹੈ। ਕੁੜੀ ਕਾਮਯਾਬੀ ਦੀਆਂ ਮੰਜ਼ਲਾਂ ਤਹਿ ਕਰ ਰਹੀ ਹੈ। ਜੇ ਕਾਰੋਬਾਰ ਇੰਜ ਚੱਲਦਾ ਰਿਹਾ ਤਾਂ ਹਾਈ ਕੋਰਟ 'ਚ ਕੋਈ ਚੰਗਾ ਵਕੀਲ ਖੜਾ ਕਰ ਕੇ ਮਿੱਠੋ ਨੂੰ ਜਲਦੀ ਬਰੀ ਕਰਵਾ ਲਿਆ ਜਾਵੇਗਾ।

ਮਿੱਠੋ ਇਹੋ ਜਿਹੇ ਸੁਨੇਹੇ ਸੁਣ-ਸੁਣ ਦੁਹੱਥੜੇ ਮਾਰ-ਮਾਰ ਰੋਂਦੀ ਸੀ। ਉਹ ਵਾਪਸੀ ਸੁਨੇਹਾ ਘੱਲਦੀ ਸੀ, "ਮੁੰਡੇ ਨੂੰ ਉਸਤਾਦ ਕੋਲੋਂ ਵਾਪਸ ਬੁਲਾ ਲਓ। ਕੁੜੀ ਨੂੰ ਸ਼ਹਿਰ ਭੇਜਣਾ ਬੰਦ ਕਰੋ।" ਪਰ ਕੋਈ ਉਸ ਦੀ ਗੱਲ ਨਹੀਂ ਸੁਣਦਾ।

ਹੁਣ ਦੋ ਮਹੀਨੇ ਤੋਂ ਕੋਈ ਮੁਲਾਕਾਤ ਲਈ ਨਹੀਂ ਆਇਆ।

ਮਿੱਠੋ ਕਹਿੰਦੀ ਹੈ, ਸਾਰੇ ਸਿਆਪੇ ਦੀ ਜੜ੍ਹ ਉਸ ਦਾ ਸਰੀਰ ਹੈ। ਉਹ ਆਪਣੇ ਸਰੀਰ ਦੀ ਦੁਸ਼ਮਣ ਬਣ ਗਈ ਹੈ। ਉਸ ਨੇ ਖਾਣਾ-ਪੀਣਾ ਛੱਡ ਦਿੱਤਾ ਹੈ। ਦਿਨਾਂ ਵਿਚ ਉਸ ਦਾ ਮਾਸ ਢਲਕਣ ਲੱਗ ਪਿਆ ਹੈ। ਮੂੰਹ 'ਤੇ ਝੁਰੜੀਆਂ ਪੈਣ ਲੱਗ ਪਈਆਂ ਹਨ। ਕੰਘੀ ਉਸ ਨੇ ਪਰਾਂ ਵਗਾਹ ਮਾਰੀ ਹੈ। ਵਾਲ ਝਥਰਾ ਬਣ ਗਏ ਹਨ। ਜੂੰਆਂ ਪੈ ਚੱਲੀਆਂ ਹਨ। ਅੱਖਾਂ ਦੇ ਟੋਇਆਂ 'ਤੇ ਕਾਲਖ ਛਾ ਗਈ ਹੈ। ਉਹ ਨਹਾਉਣੋ ਵੀ ਹਟ ਗਈ ਹੈ। ਕੱਪੜੇ ਮੈਲ ਨਾਲ ਭਰ ਗਏ ਹਨ। ਕੁਝ ਦਿਨ ਪਹਿਲਾਂ ਉਸਨੂੰ ਮਾਂਹਵਾਰੀ ਆਈ ਸੀ। ਖ਼ੂਨ ਦੇ ਧੱਬੇ ਉਸੇ ਤਰ੍ਹਾਂ ਸਲਵਾਰ 'ਤੇ ਲੱਗੇ ਹੋਏ ਹਨ। ਦਿਨਾਂ ਵਿਚ ਉਹ ਬੁੱਢੀ ਲੱਗਣ ਲੱਗ ਪਈ ਹੈ।

ਉਹ ਮੁੜ ਫ਼ਿਰੋਜ਼ਪੁਰ ਬਦਲੇ ਜਾਣ ਦੀ ਦਰਖ਼ਾਸਤ ਲਿਖਦੀ ਹੈ। ਵਾਰਡਰ ਨੂੰ ਫੜਾਉਂਦੀ ਹੈ। ਫੇਰ ਉਹ ਹੁਕਮ ਦੀ ਉਡੀਕ ਵਿਚ ਟਿਕਟਿਕੀ ਲਾ ਕੇ ਗੇਟ ਵੱਲ ਤੱਕਦੀ ਰਹਿੰਦੀ ਹੈ।

ਤਿੰਨ ਚਾਰ ਦਿਨਾਂ ਤੋਂ ਉਹ ਆਪਣੀ ਵਾਰਡਰ ਨਾਲ ਝਗੜ ਰਹੀ ਹੈ। ਉਸ ਨੂੰ ਸ਼ੱਕ ਹੈ ਕਿ ਵਾਰਡਰ ਉਸ ਦੀਆਂ ਦਰਖ਼ਾਸਤਾਂ ਉਪਰ ਨਹੀਂ ਭੇਜਦੀ। ਪਾੜ ਕੇ ਸੁੱਟ ਦਿੰਦੀ ਹੈ।

ਕੱਲ੍ਹ ਉਹ ਉਸ ਵਾਰਡਰ ਨੂੰ ਕੁੱਟਣ ਨੂੰ ਪੈ ਗਈ ਸੀ। ਡਰੀ ਵਾਰਡਰ ਨੇ ਉਸ ਨੂੰ ਤਨਹਾਈ ਕੋਠੜੀ ਵਿਚ ਬੰਦ ਕਰਵਾ ਦਿੱਤਾ ਹੈ। ਨੀਮ-ਬੇਹੋਸ਼ੀ ਵਿਚ ਪਈ, ਉਹ ਸਾਰਾ ਦਿਨ ਕੁਝ ਨਾ ਕੁਝ ਬੁੜਬੁੜਾਉਂਦੀ ਰਹਿੰਦੀ ਹੈ।

ਕੱਲ ਹਾਕਮ ਨੇ ਜ਼ਨਾਨਾ ਵਾਰਡ ਦਾ ਚੱਕਰ ਲਾਇਆ ਸੀ। ਸੱਚਮੁੱਚ ਉਹ ਕੁਝ ਦਿਨਾਂ ਦੀ ਪ੍ਰਾਹੁਣੀ ਹੈ।

ਪਰ ਹਾਕਮ ਕੀ ਕਰੇ ? ਉਸ ਨੂੰ ਮੁੜ ਫ਼ਿਰੋਜ਼ਪੁਰ ਪਹੁੰਚਾਉਣ ਲਈ ਕਿਸ ਤਕ ਪਹੁੰਚ ਕਰੇ ?

ਹਾਕਮ ਨੂੰ ਪਤਾ ਸੀ ਕਿ ਮਾਇਆ ਨਗਰ ਦੇ ਜੇਲ੍ਹ ਅਧਿਕਾਰੀਆਂ ਨੇ ਆਪਣੇ ਭਾਈਚਾਰੇ ਦਾ ਪੱਖ ਪੂਰਨਾ ਹੈ, ਇਕ ਕੈਦਣ ਦਾ ਨਹੀਂ।

ਇਕ ਕੈਦੀ ਆਪਣੇ ਭਾਈਚਾਰੇ ਦਾ ਪੱਖ ਕਿਸ ਤਰ੍ਹਾਂ ਪੂਰੇ ? ਇਹ ਹਾਕਮ ਦੀ ਸਮਝੋਂ ਬਾਹਰ ਸੀ। ਇਸ ਲਈ ਉਹ ਪਰੇਸ਼ਾਨ ਸੀ।

★



# 34

ਇਹੋ ਹਾਲ ਕਾਲੂ ਬਦਮਾਸ਼ ਦਾ ਸੀ।

ਉਹ ਦੇਸੀ ਚਾਕੂ ਤਿਆਰ ਕਰੀ ਫਿਰਦਾ ਸੀ। ਕਿਸੇ ਵੀ ਸਮੇਂ ਉਸ ਵੱਲੋਂ ਚਾਕੂ ਡਾਕਟਰ ਜਾਂ ਕੰਪਾਊਡਰ ਦੇ ਸੀਨੇ 'ਚ ਖੋਭਣ ਦੀ ਖ਼ਬਰ ਆ ਸਕਦੀ ਸੀ।

ਹਾਕਮ ਨੂੰ ਪਤਾ ਹੈ, ਇਕ ਮਹੀਨੇ ਤੋਂ ਉਹ ਸਖ਼ਤ ਬੀਮਾਰ ਹੈ। ਉਸ ਨੂੰ ਭੁੱਖ ਨਹੀਂ ਲੱਗਦੀ। ਪੰਜ ਕਿੱਲੋ ਭਾਰ ਘੱਟ ਗਿਆ ਹੈ। ਵੀਹਾਂ ਦਿਨਾਂ ਤੋਂ ਬੁਖ਼ਾਰ ਸੌ ਡਿਗਰੀ ਤੋਂ ਉਪਰ ਰਹਿੰਦਾ ਹੈ। ਸਾਰਾ ਦਿਨ ਖੰਘ ਛਿੜੀ ਰਹਿੰਦੀ ਹੈ। ਫੇਫੜੇ ਧੌਂਕਣੀ ਵਾਂਗ ਬੋਲਦੇ ਹਨ। ਥੋੜ੍ਹਾ ਜਿਹਾ ਕੰਮ ਕਰਨ ਨਾਲ ਸਾਹ ਚੜ੍ਹ ਜਾਂਦਾ ਹੈ। ਥੁੱਕ ਵਿਚ ਆਉਂਦੇ ਖ਼ੂਨ ਦੀ ਮਾਤਰਾ ਵੱਧਦੀ ਜਾ ਰਹੀ ਹੈ।

ਸਪੱਸ਼ਟ ਹੈ ਕਿ ਉਸ ਨੂੰ ਟੀ.ਬੀ. ਵਰਗੀ ਨਾ-ਮੁਰਾਦ ਬੀਮਾਰੀ ਚਿੰਬੜ ਗਈ ਹੈ। ਇਲਾਜ ਦੇ ਨਾਲ-ਨਾਲ ਉਸ ਨੂੰ ਆਰਾਮ ਚਾਹੀਦਾ ਹੈ। ਆਰਾਮ ਤਾਂ ਹੋ ਸਕਦਾ ਹੈ ਜੇ ਮੁਸ਼ੱਕਤ ਤੋਂ ਛੋਟ ਮਿਲੇ। ਮੁਸ਼ੱਕਤ ਤੋਂ ਛੋਟ ਤਾਂ ਮਿਲੇ ਜੇ ਡਾਕਟਰ ਉਸ ਨੂੰ ਸਖ਼ਤ ਬੀਮਾਰ ਘੋਸ਼ਿਤ ਕਰੇ।

ਕਾਲੂ ਨੂੰ ਇਹੋ ਗ਼ੁੱਸਾ ਹੈ। ਕੰਪਾਊਡਰ ਬਾਬੂ ਉਸ ਨੂੰ ਬੀਮਾਰ ਨਹੀਂ ਮੰਨਦਾ। ਕਹਿੰਦਾ ਹੈ, "ਮਾਮੂਲੀ ਬੁਖ਼ਾਰ ਹੈ।" ਡਾਕਟਰ ਕੋਲ ਵੀ ਨਹੀਂ ਭੇਜਦਾ। ਕਹਿੰਦਾ, "ਡਾਕਟਰ ਤੇਰੇ ਵਰਗੇ ਪਖੰਡੀਆਂ ਲਈ ਵਿਹਲਾ ਨਹੀਂ ਹੈ। ਉਸ ਨੇ ਦਿਨ ਵਿਚ ਸੌ ਮਰੀਜ਼ ਦੇਖਣਾ ਹੁੰਦਾ ਹੈ। ਤੇਰੇ ਇਲਾਜ ਲਈ ਮੈਂ ਕਾਫ਼ੀ ਹਾਂ।"

ਕਾਲੂ ਨੇ ਆਪਣੀ ਪਰਚੀ 'ਹਵੇਲੀ' ਵਿਚ ਬੰਦ ਡਾਕਟਰ ਜੈਨ ਨੂੰ ਦਿਖਾਈ ਸੀ। ਉਸ ਨੇ ਪਰਚੀ ਦੇਖ ਕੇ ਦੱਸਿਆ ਸੀ, "ਤੂੰ ਟੀ.ਬੀ. ਦਾ ਮਰੀਜ਼ ਹੈਂ। ਤੇਰੀ ਪਰਚੀ ਉਪਰ ਇਹੋ ਬੀਮਾਰੀ ਲਿਖੀ ਹੈ।" ਡਾਕਟਰ ਨੇ ਕਾਲੂ ਨੂੰ ਹਸਪਤਾਲੋਂ ਮਿਲੀਆਂ ਗੋਲੀਆਂ ਘੋਖੀਆਂ। ਫੇਰ ਉਸ ਨੇ ਦੱਸਿਆ, "ਇਹ ਉਹ ਗੋਲੀਆਂ ਨਹੀਂ, ਜਿਹੜੀਆਂ ਪਰਚੀ 'ਤੇ ਲਿਖੀਆਂ ਹਨ। ਪਰਚੀ 'ਤੇ ਲਿਖੀਆਂ ਦਵਾਈਆਂ ਵਧੀਆ ਕੰਪਨੀ ਦੀਆਂ ਅਤੇ ਮਹਿੰਗੀਆਂ ਹਨ। ਤੈਨੂੰ ਜੋ ਮਿਲੀਆਂ ਹਨ, ਪੰਜ-ਪੰਜ ਪੈਸਿਆਂ ਵਾਲੀਆਂ ਗੋਲੀਆਂ ਹਨ। ਇਕ ਡਿਸਪਰਿਨ ਹੈ, ਇਸ ਨੂੰ ਖਾ ਕੇ ਪਸੀਨਾ ਆਉਂਦਾ ਹੈ। ਪਸੀਨੇ ਕਾਰਨ ਬੁਖ਼ਾਰ ਉੱਤਰ ਜਾਂਦਾ ਹੈ। ਤੈਨੂੰ ਲੱਗਦਾ ਹੈ ਤੂੰ ਠੀਕ ਹੋ ਰਿਹਾ ਹੈਂ। ਦੂਜੀ ਵਿਟਾਮਿਨ-ਬੀ ਦੀ ਗੋਲੀ ਹੈ। ਇਹ ਥੋੜ੍ਹੀ-ਬਹੁਤ ਤਾਕਤ ਦੇਣ ਦਾ ਕੰਮ ਕਰਦੀ ਹੈ। ਬੀਮਾਰੀ ਦਾ ਸਹੀ ਇਲਾਜ ਨਹੀਂ ਹੋ ਰਿਹਾ।"

ਡਾਕਟਰ ਜੈਨ ਨੇ ਇਕ ਹੋਰ ਪਤੇ ਦੀ ਗੱਲ ਦੱਸੀ, "ਜੇਲ੍ਹ ਨਿਯਮਾਂ ਅਨੁਸਾਰ ਟੀ.ਬੀ. ਦੇ ਰੋਗੀ ਨੂੰ ਦੁੱਧ, ਆਂਡੇ ਅਤੇ ਬਰੈੱਡ ਮਿਲਣੀ ਚਾਹੀਦੀ ਹੈ। ਅਗਲੀ ਵਾਰੀ ਕੰਪਾਊਡਰ ਨੂੰ ਪੁੱਛੀਂ, ਤੇਰਾ ਇਹ ਰਾਸ਼ਨ ਕਿਧਰ ਜਾਂਦਾ ਹੈ ?"

ਕਾਲੂ ਦੇ ਇਸ ਪ੍ਰਸ਼ਨ 'ਤੇ ਕੰਪਾਊਡਰ ਤਿਲਮਿਲਾਇਆ ਸੀ। ਡਰਦੇ ਨੇ ਅੱਧਾ ਕਿੱਲੋ ਦੁੱਧ ਅਤੇ ਇਕ ਆਂਡੇ ਦੀ ਪਰਚੀ ਵੀ ਦਿੱਤੀ। ਅੱਗੋਂ ਤੋਂ ਇਹ ਚੀਜ਼ਾਂ ਦੇਣ ਦਾ ਵਾਅਦਾ ਵੀ ਕੀਤਾ,

ਪਰ ਹਫ਼ਤੇ ਬਾਅਦ ਫੇਰ ਉਹੋ ਬਾਹਾਂ, ਉਹੋ ਕੁਹਾੜਾ ਹੋ ਗਿਆ।

ਹਾਕਮ ਨੂੰ ਪਤਾ ਹੈ ਕਿ ਕਾਲੂ ਸਾਰੀ ਰਾਤ ਮਰੇ ਕੁੱਤੇ ਵਾਂਗ ਪਿਆ ਰਹਿੰਦਾ ਹੈ। ਫੈਕਟਰੀ ਜਾ ਕੇ ਅੱਧੇ ਘੰਟੇ ਵਿਚ ਥੱਕ ਜਾਂਦਾ ਹੈ ਅਤੇ ਬੇਹੋਸ਼ ਹੋਣ ਵਾਲਾ ਹੋ ਕੇ ਡਿੱਗ ਪੈਂਦਾ ਹੈ। ਮੁਨਸ਼ੀ ਉਸ ਨੂੰ ਕੰਮ ਤੋਂ ਛੋਟ ਦੇਣਾ ਚਾਹੁੰਦਾ ਹੈ, ਪਰ ਛੋਟ ਲਈ ਡਾਕਟਰ ਦਾ ਸਰਟੀਫ਼ਿਕੇਟ ਚਾਹੀਦਾ ਹੈ।

ਕੰਪਾਊਡਰ ਇਸੇ ਸਰਟੀਫ਼ਿਕੇਟ ਦੇ ਦੋ ਸੌ ਰੁਪਏ ਮੰਗ ਰਿਹਾ ਹੈ। ਕਾਲੂ ਨੇ ਕੰਪਾਊਡਰ ਨੂੰ ਕਈ ਵਾਰ ਸਮਝਾਇਆ ਸੀ, "ਮੈਂ ਤਿੰਨ ਸਾਲ ਤੋਂ ਜੇਲ੍ਹ ਵਿਚ ਬੰਦ ਹਾਂ। ਮੇਰਾ ਅੱਗਾ-ਪਿੱਛਾ ਕੋਈ ਨਹੀਂ। ਮੇਰੇ ਕੋਲ ਇੰਨੇ ਪੈਸੇ ਨਹੀਂ ਹਨ।"

ਪਰ ਕੰਪਾਊਡਰ ਨੂੰ ਉਸ ਦੀਆਂ ਗੱਲਾਂ 'ਤੇ ਯਕੀਨ ਨਹੀਂ ਆ ਰਿਹਾ। ਕਾਲੂ ਨੂੰ ਨਹੀਂ ਪਤਾ ਕਿ ਉਸ ਦੇ ਅਸਲੀ ਮਾਂ-ਬਾਪ ਕੌਣ ਹਨ ? ਉਹ ਹਰਾਮ ਦਾ ਹੈ ਜਾਂ ਅਸਲ। ਹਿੰਦੂ ਹੈ ਜਾਂ ਮੁਸਲਮਾਨ। ਉਸ ਨੂੰ ਏਨਾ ਯਾਦ ਹੈ ਕਿ ਉਸ ਨੇ ਬੱਸ ਸਟੈਂਡ ਲਾਗੇ ਬਣੀਆਂ ਝੌਂਪੜੀਆਂ ਵਿਚ ਸੁਰਤ ਸੰਭਾਲੀ ਸੀ। ਉਹਨਾਂ ਦੀ ਝੌਂਪੜੀ ਵਿਚ ਇਕ ਅੰਨ੍ਹੀ ਬੁੱਢੀ ਸੀ, ਜਿਸ ਨੂੰ ਹੋਰਨਾਂ ਵਾਂਗ ਉਹ ਦਾਦੀ ਆਖਦਾ ਸੀ। ਇਕ ਹੱਟਾ-ਕੱਟਾ ਕਾਲਾ-ਕਲੋਟਾ ਬੰਦਾ ਸੀ, ਜਿਸ ਨੂੰ ਘਰੇ ਉਹ ਬਾਪੂ ਅਤੇ ਕੰਮ 'ਤੇ ਉਸਤਾਦ ਆਖਦਾ ਸੀ। ਉਹਨਾਂ ਨਾਲ ਤਿੰਨ ਮੁੰਡੇ ਇਕ ਕੁੜੀ ਹੋਰ ਰਹਿੰਦੇ ਸਨ, ਜਿਨ੍ਹਾਂ ਨੂੰ ਕਾਲੂ ਦੇ ਭੈਣ-ਭਰਾ ਆਖਿਆ ਜਾਂਦਾ ਸੀ। ਉਹਨਾਂ ਦੇ ਨੱਕ ਫਿੱਡੇ ਸਨ। ਜਬਾੜੇ ਟੁੱਟੇ ਹੋਏ ਸਨ। ਇਕ ਦੀ ਲੱਤ ਮਾਰੀ ਹੋਈ ਸੀ। ਦੂਜੇ ਦੀ ਬਾਂਹ ਕੱਟੀ ਹੋਈ ਸੀ। ਉਹਨਾਂ ਦੀ ਭੈਣ ਅੰਨ੍ਹੀ ਸੀ। ਛੋਟੇ ਹੁੰਦੇ ਉਹ ਬੱਸ ਸਟੈਂਡ 'ਤੇ ਭੀਖ ਮੰਗਿਆ ਕਰਦੇ ਸਨ। ਥੋੜ੍ਹੇ ਵੱਡੇ ਹੋਣ 'ਤੇ ਉਸਤਾਦ ਉਹਨਾਂ ਨੂੰ ਭੀੜ-ਭੜੱਕਿਆਂ ਵਾਲੀ ਥਾਂ 'ਤੇ ਲੈ ਜਾਂਦਾ ਸੀ। ਜੇਬਾਂ ਕੱਟਣ ਅਤੇ ਚੈਨੀਆਂ ਝਪਟਣ ਦੀ ਸਿੱਖਿਆ ਦਿੰਦਾ ਸੀ। ਲੋੜ ਪੈਣ 'ਤੇ ਉਹ ਚਾਕੂ ਛੁਰੇ ਦੀ ਵਰਤੋਂ ਕਰ ਲਿਆ ਕਰਦੇ ਸਨ।

ਕਾਲੂ ਉਸਤਾਦ ਦਾ ਸਭ ਤੋਂ ਵੱਧ ਚਹੇਤਾ ਸੀ। ਵੱਡੇ ਹੋਣ 'ਤੇ ਆਪੇ ਉਸਤਾਦ ਨੇ ਉਸ ਨੂੰ ਆਜ਼ਾਦ ਕਰ ਦਿੱਤਾ ਸੀ। ਵਿਰਾਸਤ ਵਿਚ ਉਸ ਨੂੰ ਤਿੰਨ ਚੇਲੇ ਮਿਲੇ ਸਨ। ਕਾਲੂ ਨੇ ਦਿਨਾਂ ਵਿਚ ਹੀ ਆਪਣੀ ਗੈਂਗ ਖੜੀ ਕਰ ਲਈ ਸੀ।

ਬੱਸ ਸਟੈਂਡ ਚੌਂਕੀ ਦੇ ਥਾਣੇਦਾਰ ਨੇ ਕਾਲੂ ਨਾਲ ਬਹੁਤ ਧੱਕਾ ਕੀਤਾ ਸੀ। ਕਾਲੂ ਦਾ ਕਸੂਰ ਏਨਾ ਸੀ ਕਿ ਉਹ ਮਹੀਨਾ ਸਮੇਂ ਸਿਰ ਪੁੱਜਦਾ ਨਹੀਂ ਸੀ ਕਰ ਸਕਿਆ। ਇਸ ਵਿਚ ਕਾਲੂ ਦਾ ਕਸੂਰ ਨਹੀਂ ਸੀ। ਉਸ ਮਹੀਨੇ ਉਹ ਤਿਹਾੜ ਜੇਲ੍ਹ ਵਿਚ ਬੰਦ ਰਿਹਾ ਸੀ। ਇਕ ਤਾਂ ਉਸ ਨੂੰ ਕਮਾਈ ਨਹੀਂ ਸੀ ਹੋਈ, ਦੂਜੇ ਜਦੋਂ ਉਸ ਮਹੀਨੇ ਉਸ ਨੇ ਧੰਦਾ ਨਹੀਂ ਸੀ ਕੀਤਾ ਤਾਂ ਮਹੀਨਾ ਕਾਹਦਾ ? ਪਰ ਥਾਣੇਦਾਰ ਆਪਣੀ ਜ਼ਿੱਦ 'ਤੇ ਅੜਿਆ ਰਿਹਾ। ਕਾਲੂ ਅਤੇ ਉਸ ਵਰਗੇ ਹੋਰ ਬਾਗ਼ੀਆਂ ਨੂੰ ਸਬਕ ਸਿਖਾਉਣ ਲਈ ਥਾਣੇਦਾਰ ਨੇ ਕਤਲ ਦੀ ਇਕ ਪੁਰਾਣੀ ਮਿਸਲ ਖੋਲ੍ਹ ਲਈ।

ਛੇ ਮਹੀਨੇ ਪਹਿਲਾਂ ਉਸ ਦੇ ਉਸਤਾਦ ਦਾ ਕਤਲ ਹੋ ਗਿਆ ਸੀ। ਬੜੀ ਬੇਰਹਿਮੀ ਨਾਲ ਛੁਰੇ ਮਾਰ-ਮਾਰ ਕੇ ਉਸ ਦੇ ਸਰੀਰ ਨੂੰ ਛਲਣੀ ਕਰ ਦਿੱਤਾ ਗਿਆ ਸੀ। ਅੱਜ ਤਕ ਪੁਲਿਸ ਨੂੰ ਤਾਂ ਕੀ, ਕਾਲੂ ਹੋਰਾਂ ਨੂੰ ਵੀ ਇਹ ਸੁਰਾਗ ਨਹੀਂ ਸੀ ਲੱਭਾ ਕਿ ਇਹ ਭਾਣਾ ਕਿਸ ਨੇ ਵਰਤਾਇਆ ਸੀ।

ਥਾਣੇਦਾਰ ਨੇ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡੇ।

ਕਾਲੂ ਦੇ ਇਕ ਜਾਨੀ ਦੁਸ਼ਮਣ ਨੂੰ ਸ਼ਿੰਗਾਰ ਕੇ ਕਤਲ ਦਾ ਚਸ਼ਮਦੀਦ ਗਵਾਹ ਬਣਾ ਲਿਆ। ਉਸ ਦੇ ਬਿਆਨ ਦੇ ਆਧਾਰ 'ਤੇ ਕਾਲੂ ਨੂੰ ਉਸਤਾਦ ਦਾ ਕਾਤਲ ਬਣਾ ਦਿੱਤਾ। ਵਜ੍ਹਾ ਰੰਜਸ਼ ਲੁੱਟ-ਖੋਹ ਦੇ ਮਾਲ ਦੀ ਵੰਡ 'ਤੇ ਹੋਇਆ ਝਗੜਾ ਬਣਾ ਦਿੱਤਾ। ਕਾਲੂ ਨੂੰ ਵੱਧ ਦੁੱਖ ਇਸ ਗੱਲ ਦਾ ਸੀ ਕਿ ਉਸ ਨੂੰ ਆਪਣੇ ਹੀ ਉਸਤਾਦ ਦਾ ਕਾਤਲ ਬਣਾ ਦਿੱਤਾ ਗਿਆ ਸੀ।



ਹੋਰਾਂ ਦੇ ਨਾਲ ਕਾਲੂ ਦੇ ਸੰਗੀ-ਸਾਥੀ ਅਤੇ ਚੇਲੇ-ਬਾਲੜੇ ਵੀ ਉਸ ਨੂੰ ਉਸਤਾਦ ਦਾ ਕਾਤਲ ਸਮਝ ਬੈਠੇ। ਅਦਾਲਤ ਦੇ ਫ਼ੈਸਲੇ ਨਾਲੋਂ ਪਹਿਲਾਂ ਉਹਨਾਂ ਨੇ ਕਾਲੂ ਨੂੰ ਸਜ਼ਾ ਸੁਣਾ ਦਿੱਤੀ। ਭਾਂਡਾ ਛੇਕ ਦਿੱਤਾ।

ਦੋ ਸਾਲ ਤੋਂ ਇਕੱਲੇ ਰਹਿ ਗਏ ਕਾਲੂ ਨੇ ਪੈਸੇ ਦਾ ਮੂੰਹ ਨਹੀਂ ਸੀ ਦੇਖਿਆ। ਉਹ ਕੰਪਾਊਡਰ ਨੂੰ ਦੋ ਸੌ ਰੁਪਿਆ ਕਿਥੋਂ ਦੇਵੇ ?

ਕਾਲੂ ਨੂੰ ਇਕ ਹੋਰ ਗਿਲਾ ਸੀ। ਸਰਟੀਫ਼ਿਕੇਟ ਉਹ ਸਹੀ ਮੰਗ ਰਿਹਾ ਸੀ, ਫਿਰ ਰਿਸ਼ਵਤ ਕਿਸ ਕੰਮ ਦੀ ?

ਪਰ ਕਾਲੂ ਦੀ ਫ਼ਰਿਆਦ ਕੋਈ ਨਹੀਂ ਸੀ ਸੁਣ ਰਿਹਾ।

ਦੁਖੀ ਹੋਏ ਕਾਲੂ ਨੇ ਇਕ ਦਿਨ ਕੰਪਾਊਡਰ ਨੂੰ ਗਾਲ੍ਹਾਂ ਕੱਢ ਦਿੱਤੀਆਂ। ਦੰਗਾ-ਫ਼ਸਾਦ ਕਰਨ ਦੇ ਜੁਰਮ ਵਿਚ ਉਸ ਨੂੰ ਡਾਂਗਾਂ ਤਾਂ ਪਈਆਂ ਪਰ ਇਕ ਰਾਹਤ ਵੀ ਮਿਲ ਗਈ। ਉਸ ਨੂੰ ਬੀਮਾਰ ਘੋਸ਼ਿਤ ਕਰ ਦਿੱਤਾ ਗਿਆ ਅਤੇ ਕੰਮ ਤੋਂ ਵੀ ਛੋਟ ਮਿਲ ਗਈ।

ਛੁੱਟੀ ਦੇ ਨਾਲ-ਨਾਲ ਕਾਲੂ ਨੂੰ ਸਹੀ ਇਲਾਜ ਵੀ ਚਾਹੀਦਾ ਸੀ। ਇਲਾਜ ਲਈ ਉਸ ਦਾ ਹਸਪਤਾਲ ਵਿਚ ਦਾਖ਼ਲ ਹੋਣਾ ਜ਼ਰੂਰੀ ਸੀ।

ਡਾਕਟਰ ਮਿੱਠੀਆਂ ਗੋਲੀਆਂ ਦੇ ਰਿਹਾ ਸੀ, "ਤੇਰੇ ਨਾਲੋਂ ਗੰਭੀਰ ਬੀਮਾਰਾਂ ਦੀ ਗਿਣਤੀ ਵੱਧ ਹੈ। ਕੋਈ ਬੈੱਡ ਖ਼ਾਲੀ ਨਹੀਂ ਹੈ। ਬਿਸਤਰਾ ਖ਼ਾਲੀ ਹੁੰਦੇ ਹੀ ਤੈਨੂੰ ਭਰਤੀ ਕਰ ਲਵਾਂਗੇ।"

ਕਾਲੂ ਦੀ ਉਮਰ ਤੀਹ ਸਾਲ ਦੇ ਲਗਭਗ ਸੀ। ਤੀਹਾਂ ਵਿਚੋਂ ਬਾਰਾਂ ਸਾਲ ਉਸ ਨੇ ਜੇਲ੍ਹ ਵਿਚ ਗੁਜ਼ਾਰੇ ਸਨ। ਉਹ ਜੇਲ੍ਹ ਦੇ ਕਾਇਦੇ-ਕਾਨੂੰਨ ਤੋਂ ਚੰਗੀ ਤਰ੍ਹਾਂ ਵਾਕਿਫ਼ ਸੀ।

ਕਾਲੂ ਨੇ ਡਾਕਟਰ ਨਾਲ ਬਹਿਸ ਕੀਤੀ, "ਤੂੰ ਝੂਠ ਬੋਲ ਰਿਹਾ ਹੈਂ। ਘੱਟੋ-ਘੱਟ ਦੋ ਅਜਿਹੇ ਕੈਦੀਆਂ ਦਾ ਮੈਨੂੰ ਪਤਾ ਹੈ, ਜਿਹੜੇ ਬੀਮਾਰ ਨਹੀਂ ਹਨ ਪਰ ਹਸਪਤਾਲ ਵਿਚ ਦਾਖ਼ਲ ਹਨ।"

ਕਾਲੂ ਦੀ ਬੈਰਕ ਵਿਚ ਬੰਦ ਸ਼ਿੰਦਾ ਤਿੰਨ ਦਿਨ ਪਹਿਲਾਂ ਹਪਸਤਾਲ ਦਾਖ਼ਲ ਹੋਇਆ ਸੀ। ਅਗਲੇ ਹਫ਼ਤੇ ਉਸ ਦੀ ਲੰਗਰ 'ਚ ਮੁਸ਼ੱਕਤ ਦੀ ਵਾਰੀ ਸੀ। ਸਵੇਰੇ ਤਿੰਨ ਵਜੇ ਤੋਂ ਲੈ ਕੇ ਰਾਤ ਦੇ ਗਿਆਰਾਂ ਵਜੇ ਤੱਕ ਚੁੱਲ੍ਹੇ ਮੂਹਰੇ ਬੈਠ ਕੇ ਅੱਖਾਂ ਗਾਲਣ ਦਾ ਉਹ ਆਦੀ ਨਹੀਂ ਸੀ। ਇਸ ਮੁਸੀਬਤ ਨੂੰ ਟਾਲਣ ਲਈ ਉਹ ਹਸਪਤਾਲ ਆ ਪਿਆ ਸੀ।

ਸ਼ੇਰੂ ਦੇ ਉਸਤਾਦ ਦੀ ਭਤੀਜੀ ਦਾ ਅਗਲੇ ਮਹੀਨੇ ਵਿਆਹ ਸੀ। ਸ਼ੇਰੂ ਨੇ ਛੁੱਟੀ ਜਾਣ ਦਾ ਮਨ ਬਣਾਇਆ। ਛੁੱਟੀ ਜਾਣ ਦਾ ਹੋਰ ਕੋਈ ਬਹਾਨਾ ਨਹੀਂ ਸੀ। ਚਾਰ ਦਿਨ ਹਸਪਤਾਲ ਰਹਿ ਕੇ ਉਸ ਨੇ ਛੁੱਟੀ ਲਈ ਅਦਾਲਤ ਵਿਚ ਦਰਖ਼ਾਸਤ ਦੇਣੀ ਸੀ। ਬੀਮਾਰੀ ਦੇ ਆਧਾਰ 'ਤੇ ਉਸ ਦੀ ਛੁੱਟੀ ਮਨਜ਼ੂਰ ਹੋ ਜਾਣੀ ਸੀ।

ਕਾਲੂ ਨੂੰ ਪਤਾ ਸੀ ਕਿ ਆਪਣੇ ਮਕਸਦ ਵਿਚ ਕਾਮਯਾਬ ਹੋਣ ਲਈ ਉਹਨਾਂ ਨੇ ਮੋਟੀ ਰਕਮ ਤਾਰੀ ਸੀ। ਇਹ ਗੱਲ ਖ਼ੁਦ ਸ਼ਿੰਦੇ ਅਤੇ ਸ਼ੇਰੂ ਨੇ ਉਸ ਨੂੰ ਦੱਸੀ ਸੀ।

ਪਰ ਡਾਕਟਰ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦੇ ਰਿਹਾ।

ਕਾਲੂ ਤਰਲਾ ਕਰ ਰਿਹਾ ਸੀ। ਜੇ ਜੇਲ੍ਹ ਹਸਪਤਾਲ ਵਿਚ ਥਾਂ ਨਹੀਂ ਤਾਂ ਉਸ ਨੂੰ ਸਿਵਲ ਹਸਪਤਾਲ ਵਿਚ ਭੇਜ ਦਿੱਤਾ ਜਾਵੇ। ਉਥੇ ਤਾਂ ਬਿਸਤਰਿਆਂ ਦੀ ਕਮੀ ਨਹੀਂ।

ਕਾਲੂ ਦੀ ਇਸ ਬੇਨਤੀ ਉਪਰ ਦਰੋਗੇ ਨੇ ਇਤਰਾਜ਼ ਲਾ ਦਿੱਤਾ। ਇਕ ਕੈਦੀ ਦੀ ਰਾਖੀ ਲਈ ਪ੍ਰਸ਼ਾਸਨ ਨੂੰ ਘੱਟੋ-ਘੱਟ ਦੋ ਗਾਰਡਾਂ ਦੀ ਜ਼ਰੂਰਤ ਪੈਣੀ ਹੈ। ਮਤਲਬ ਸੀ ਵੀਹ ਹਜ਼ਾਰ ਰੁਪਏ ਦਾ ਵਾਧੂ ਖ਼ਰਚਾ। ਇਕ ਕਾਤਲ ਦੀ ਜਾਨ ਬਚਾਉਣ ਲਈ ਸਰਕਾਰ ਏਨੇ ਰੁਪਏ ਨਹੀਂ ਖ਼ਰਚ ਸਕਦੀ।

ਉਲਟਾ ਉਹ ਕਾਲੂ ਨੂੰ ਮਜ਼ਾਕ ਕਰਨ ਲੱਗਾ, "ਤੇਰੇ ਮਰਨ ਨਾਲ ਧਰਤੀ 'ਤੇ ਭਾਰ ਘਟੇਗਾ। ਸਮਾਜ ਨੂੰ ਰਾਹਤ ਮਿਲੇਗੀ। ਜੇਲ੍ਹ ਪ੍ਰਸ਼ਾਸਨ ਦੀ ਸਿਰਦਰਦੀ ਘਟੇਗੀ।"

ਕਾਲੂ ਨੇ ਦਰੋਗੇ ਨੂੰ ਵੀ ਖਰੀਆਂ-ਖਰੀਆਂ ਸੁਣਾਈਆਂ, ਨਾਲੇ ਪੁੱਛਿਆ, "ਗੋਲੂ ਪਹਿਲਵਾਨ ਨੂੰ ਇਕ ਮਹੀਨੇ ਦੇ ਅੰਦਰ-ਅੰਦਰ ਤੀਜੀ ਵਾਰ ਹਸਪਤਾਲ ਕਿਉਂ ਭੇਜਿਆ ਹੈ ? ਕੀ ਉਹ ਬੀਮਾਰ ਹੈ ! ਸਭ ਨੂੰ ਪਤਾ ਹੈ, ਉਹ ਕਿਸ ਬੀਮਾਰੀ ਦੇ ਇਲਾਜ ਲਈ ਹਸਪਤਾਲ ਗਿਆ ਹੈ।"

ਪਹਿਲਵਾਨ ਦੀ ਗੈਂਗ ਨੇ ਮਾਇਆ ਨਗਰ ਦੇ ਇਕ ਸਨਅਤਕਾਰ ਦੇ ਇਕਲੌਤੇ ਪੁੱਤਰ ਨੂੰ ਅਗਵਾ ਕਰਨ ਦੀ ਸਾਜ਼ਿਸ਼ ਰਚੀ ਹੋਈ ਹੈ। ਗੋਲੂ ਦੀ ਯੋਜਨਾ ਅਨੁਸਾਰ ਉਸ ਦੇ ਚਾਰ ਸਾਥੀ ਪਹਿਲਾਂ ਹੀ ਜ਼ਮਾਨਤ 'ਤੇ ਰਿਹਾਅ ਹੋ ਚੁੱਕੇ ਹਨ। ਗੋਲੂ ਦੇ ਸਾਥੀਆਂ ਨੇ ਮੁੰਡਾ ਅਗਵਾ ਕਰਨਾ ਹੈ। ਹਪਸਤਾਲ ਬੈਠ ਕੇ ਪਹਿਲਵਾਨ ਨੇ ਮਾਪਿਆਂ ਨਾਲ ਗੱਲਬਾਤ ਕਰਨੀ ਹੈ। ਫਿਰੌਤੀ ਦੀ ਰਕਮ ਤਹਿ ਕਰਨੀ ਹੈ। ਯੋਜਨਾ ਦੇ ਸਿਰੇ ਚੜ੍ਹਦੇ ਹੀ ਗੋਲੂ ਨੇ ਜੇਲ੍ਹ ਮੁੜ ਆਉਣਾ ਹੈ। ਪਹਿਲੀ ਵਾਰੀ ਮੁੰਡਾ ਹੱਥ ਨਹੀਂ ਲੱਗਾ। ਇਸ ਵਾਰ ਕੰਮ ਪੱਕੇ ਪੈਰੀਂ ਹੋਣਾ ਹੈ।

ਸਜ਼ਾ ਤੋਂ ਬਚਣ ਦਾ ਗੋਲੂ ਦਾ ਇਹੋ ਤਰੀਕਾ ਹੈ, "ਉਹ ਜੇਲ੍ਹ ਬੰਦ ਹੈ। ਬੱਚਾ ਅਗਵਾ ਕਿਸ ਤਰ੍ਹਾਂ ਕਰ ਸਕਦਾ ਹੈ ?" ਇਸੇ ਬਹਾਨੇ ਉਹ ਪਹਿਲਾਂ ਕਈ ਵਾਰ ਅਜਿਹੇ ਕੇਸਾਂ ਵਿਚ ਬਰੀ ਹੋ ਚੁੱਕਾ ਹੈ।

ਕਾਲੂ ਕਹਿੰਦਾ ਹੈ, ਜੇ ਹੋਰ ਕੁਝ ਨਹੀਂ ਹੋ ਸਕਦਾ ਤਾਂ ਬੀਮਾਰੀ ਦੇ ਆਧਾਰ 'ਤੇ ਉਸ ਨੂੰ ਇਕ ਮਹੀਨੇ ਦੀ ਛੁੱਟੀ ਦੇ ਦਿੱਤੀ ਜਾਵੇ। ਬਾਹਰ ਜਾ ਕੇ ਉਹ ਆਪੇ ਕੋਈ ਖੂਹ ਪੁੱਟੇਗਾ ਅਤੇ ਇਲਾਜ ਕਰਵਾ ਲਏਗਾ।

ਕਾਲੂ ਦੀ ਇਹ ਬੇਨਤੀ ਭਲਾਈ ਅਫ਼ਸਰ ਨੂੰ ਮਨਜ਼ੂਰ ਨਹੀਂ ਹੈ।

ਛੁੱਟੀ ਇੰਝ ਹੀ ਨਹੀਂ ਮਿਲ ਜਾਂਦੀ। ਕੁਝ ਸਖ਼ਤ ਸ਼ਰਤਾਂ ਦੀ ਪਾਲਣਾ ਕਰਨੀ ਪੈਂਦੀ ਹੈ। ਪਹਿਲਾਂ ਜੇਲ੍ਹ ਡਾਕਟਰ ਤੋਂ ਰਿਪੋਰਟ ਕਰਾਉਣੀ ਪਏਗੀ, "ਕਾਲੂ ਦੀ ਬੀਮਾਰੀ ਦਾ ਇਲਾਜ ਜੇਲ੍ਹ ਹਸਪਤਾਲ ਵਿਚ ਨਹੀਂ ਹੋ ਸਕਦਾ। ਉਸ ਨੂੰ ਸਿਵਲ ਹਸਪਤਾਲ ਭੇਜਿਆ ਜਾਵੇ।" ਫੇਰ ਉਸੇ ਤਰ੍ਹਾਂ ਦੀ ਰਿਪੋਰਟ ਸਿਵਲ ਹਸਪਤਾਲੋਂ ਕਰਾਉਣੀ ਪਏਗੀ। ਨਾਲੇ ਥਾਣੇ ਤੋਂ ਰਿਪੋਰਟ ਮੰਗਵਾਉਣੀ ਪਏਗੀ। ਉਹ ਤਸਦੀਕ ਕਰਨਗੇ ਕਿ "ਕੈਦੀ ਦੇ ਬਾਹਰ ਆ ਕੇ ਅਮਨ ਭੰਗ ਕਰਨ ਦੀ ਸੰਭਾਵਨਾ ਨਹੀਂ ਹੈ।" ਫੇਰ ਛੁੱਟੀ ਦੀ ਮਿਸਲ ਤਿਆਰ ਹੋ ਕੇ ਜੇਲ੍ਹ ਵਿਭਾਗ ਕੋਲ ਜਾਏਗੀ। ਹਰ ਪੜਾਅ 'ਤੇ ਕਾਲੂ ਨੂੰ ਪਾਪੜ ਵੇਲਣੇ ਪੈਣਗੇ। ਕਾਲੂ ਵਿਚ ਏਨੀ ਹਿੰਮਤ ਨਹੀਂ। ਫੇਰ ਛੁੱਟੀ ਕਿਸ ਤਰ੍ਹਾਂ ਮਨਜ਼ੂਰ ਹੋਏਗੀ ?

ਮੌਤ ਨੂੰ ਕਾਲੂ ਦੇ ਸਿਰ 'ਤੇ ਮੰਡਰਾਉਂਦੀ ਦੇਖ ਕੇ ਡਾਕਟਰ ਜੈਨ ਨੇ ਕਾਲੂ ਨੂੰ ਫੇਰ ਸਲਾਹ ਦਿੱਤੀ, "ਜਿੰਨਾ ਚਿਰ ਸਹੀ ਇਲਾਜ ਦਾ ਇੰਤਜ਼ਾਮ ਨਹੀਂ ਹੁੰਦਾ, ਓਨਾ ਚਿਰ ਆਹ ਦਵਾਈਆਂ ਮੰਗਵਾ ਲੈ। ਇਹ ਦਵਾਈਆਂ ਹਸਪਤਾਲੋਂ ਮਿਲਣੀਆਂ ਚਾਹੀਦੀਆਂ ਹਨ। ਜੇ ਨਹੀਂ ਦਿੰਦੇ ਤਾਂ ਬਾਹਰੋਂ ਮੰਗਵਾ ਲੈ।"

ਕੰਪਾਊਡਰ ਨੇ ਫੇਰ ਓਹ ਰੋਣਾ ਰੋਇਆ, "ਇਹਨਾਂ ਦਵਾਈਆਂ ਨੂੰ ਖ਼ਤਮ ਹੋਇਆਂ ਇਕ ਮਹੀਨਾ ਹੋ ਗਿਆ ਹੈ। ਬਾਹਰੋਂ ਮੰਗਵਾਉਣੀਆਂ ਪੈਣਗੀਆਂ।" ਬਾਹਰੋਂ ਆਉਂਦੀਆਂ ਦਵਾਈਆਂ ਉਪਰ ਲੱਗਦੇ 'ਜੇਲ੍ਹ ਟੈਕਸ' ਦੀ ਦਰ ਸੁਣ ਕੇ ਕਾਲੂ ਨੂੰ ਚੱਕਰ ਆ ਗਿਆ। ਸੌ ਵਾਲੀ ਦਵਾਈ ਨੇ ਜੇਲ੍ਹ ਦਾ ਵੱਡਾ ਦਰਵਾਜ਼ਾ ਟੱਪਦਿਆਂ ਹੀ ਤਿੰਨ ਸੌ ਰੁਪਏ ਦੀ ਬਣ ਜਾਣਾ ਹੈ।



ਅਖੇ ਡੁੱਬੀ ਤਾਂ ਜੇ ਸਾਹ ਨਾ ਆਇਆ। ਜੇ ਕਾਲੂ ਕੋਲ ਏਨੇ ਪੈਸੇ ਹੁੰਦੇ ਤਾਂ ਇਹ ਮਸਲਾ ਖੜ੍ਹਾ ਹੀ ਕਿਉਂ ਹੁੰਦਾ ?

ਠੀਕ ਹੋਣ ਦੇ ਸਾਰੇ ਰਾਹ ਬੰਦ ਹੋ ਜਾਣ ਬਾਅਦ ਕਾਲੂ ਨੇ ਨਵਾਂ ਰਾਹ ਲੱਭ ਲਿਆ ਹੈ।

ਲੰਗਰ ਵਿਚੋਂ ਛੋਟੀ ਕੜਛੀ ਚੋਰੀ ਕਰ ਕੇ ਉਸ ਦੀ ਕੌਲੀ ਤੋੜ ਦਿੱਤੀ। ਟੁੱਟੇ ਸਿਰੇ ਨੂੰ ਘਸਾ ਕੇ ਤਿੱਖਾ ਕਰ ਲਿਆ ਹੈ।

ਉਹ ਕਹਿੰਦਾ ਫਿਰ ਰਿਹਾ ਹੈ, "ਪਹਿਲਾਂ ਝੂਠੇ ਕਤਲ ਕੇਸ ਵਿਚ ਫਸਿਆ ਹਾਂ। ਹੁਣ ਸੱਚੇ ਵਿਚ ਫਸਾਂਗਾ।"

ਕਾਲੂ ਕਈ ਵਾਰ ਹਾਕਮ ਕੋਲ ਬੇਨਤੀ ਕਰ ਚੁੱਕਾ ਹੈ, "ਮੈਂ ਜਿਊਣਾ ਚਾਹੁੰਦਾ ਹਾਂ। ਮੇਰੇ ਇਲਾਜ ਦਾ ਇੰਤਜ਼ਾਮ ਕਰੋ।"

ਹਾਕਮ ਨੂੰ ਕਾਲੂ ਦਾ ਮਰਨਾ ਤਹਿ ਲੱਗਦਾ ਹੈ। ਜੇ ਉਸ ਨੇ ਕਿਸੇ ਮੁਲਾਜ਼ਮ ਦੇ ਢਿੱਡ ਵਿਚ ਚਾਕੂ ਖੋਭ ਦਿੱਤਾ ਤਾਂ ਜੇਲ੍ਹ ਵਾਲਿਆਂ ਨੇ ਉਸ ਨੂੰ ਕੁੱਟ-ਕੁੱਟ ਕੇ ਮਾਰ ਦੇਣਾ ਹੈ। ਜੇ ਉਹ ਇੰਝ ਨਾ ਕਰ ਸਕਿਆ ਤਾਂ ਦਿਨੋ-ਦਿਨ ਵਧ ਰਹੀ ਬੀਮਾਰੀ ਨੇ ਉਸ ਨੂੰ ਨਿਗਲ ਲੈਣਾ ਹੈ।

ਹਾਕਮ ਕਾਲੂ ਨੂੰ ਕਿਸ ਤਰ੍ਹਾਂ ਬਚਾਵੇ ? ਕੋਈ ਰਾਹ ਲੱਭਦਾ ਨਜ਼ਰ ਨਾ ਆਉਣ ਕਾਰਨ ਹਾਕਮ ਪ੍ਰੇਸ਼ਾਨ ਹੈ।

# 35

ਦਾਖ਼ਲਾ ਫ਼ਾਰਮ ਯੂਨੀਵਰਸਿਟੀ ਭੇਜਣ ਦੀ ਕੱਲ੍ਹ ਆਖ਼ਰੀ ਤਾਰੀਖ਼ ਹੈ।

ਸੀਤਲ ਸਿੰਘ ਦੇ ਸਮੇਂ ਸਿਰ ਦਾਖ਼ਲਾ ਭੇਜਣ ਦੇ ਸਾਰੇ ਯਤਨ ਅਸਫ਼ਲ ਹੋ ਚੁੱਕੇ ਹਨ। ਦੋ ਸਾਲ ਦੀ ਅਜਾਈਂ ਜਾ ਰਹੀ ਮਿਹਨਤ ਅਤੇ ਉਜੜਦੇ ਭਵਿੱਖ 'ਚੋਂ ਚਿੰਤਤ ਸੀਤਲ ਸਿੰਘ ਤਿਲਮਿਲਾ ਰਿਹਾ ਹੈ।

ਅੱਜ ਸ਼ਾਮੀਂ ਉਸ ਨੇ ਦੁੱਖੜਾ ਰੋਣ ਬਾਅਦ ਹਾਕਮ ਨੂੰ ਆਖਿਆ ਸੀ, "ਜੇ ਕੱਲ੍ਹ ਤਕ ਮੇਰੇ ਫ਼ਾਰਮ ਯੂਨੀਵਰਸਿਟੀ ਨਾ ਪੁੱਜੇ ਤਾਂ ਪਰਸੋਂ ਨੂੰ ਮੇਰੀ ਲਾਸ਼ ਕਿਸੇ ਦਰੱਖ਼ਤ ਨਾਲ ਲਟਕ ਰਹੀ ਹੋਵੇਗੀ।"

ਸੀਤਲ ਸਿੰਘ ਇਰਾਦੇ ਦਾ ਪੱਕਾ ਸੀ। ਧੁਰ ਅੰਦਰ ਤਕ ਟੁੱਟ ਚੁੱਕਾ ਸੀ। ਹਾਕਮ ਨੂੰ ਯਕੀਨ ਸੀ ਕਿ ਉਸ ਨੇ ਆਪਣੇ ਬੋਲ ਪੁਗਾ ਦੇਣੇ ਹਨ।

ਇਕ ਹੋਣਹਾਰ ਜ਼ਿੰਦਗੀ ਨੂੰ ਭੰਗ ਦੇ ਭਾੜੇ ਜਾਣੋ ਕਿਸ ਤਰ੍ਹਾਂ ਬਚਾਇਆ ਜਾਵੇ ? ਹਾਕਮ ਤੋਂ ਇਹ ਅੜੌਣੀ ਹੱਲ ਨਹੀਂ ਸੀ ਹੋ ਰਹੀ।

ਸੀਤਲ ਸਿੰਘ ਨੂੰ ਇਹ ਸਜ਼ਾ ਕਿਸ ਕਸੂਰ ਬਦਲੇ ਦਿੱਤੀ ਜਾ ਰਹੀ ਸੀ ? ਇਸ ਦਾ ਹਾਕਮ ਨੂੰ ਪਤਾ ਸੀ। ਉਹ ਗ਼ਰੀਬ ਸਾਥੀ ਕੈਦੀਆਂ ਦੀ ਮਦਦ ਕਰ ਰਿਹਾ ਸੀ।

ਸੀਤਲ ਦੀ ਬੈਰਕ ਵਿਚ ਬੰਦ ਬਹੁਤੇ ਕੈਦੀ ਅਨਪੜ੍ਹ ਪਰਵਾਸੀ ਸਨ। ਪਹਿਲਾਂ ਉਹਨਾਂ ਦਾ ਪੜ੍ਹਨ ਲਿਖਣ ਦਾ ਕੰਮ ਬੈਰਕ ਦਾ ਵਾਰਡਰ ਬੈਜ ਨਾਥ ਕਰਦਾ ਸੀ। ਇਸ ਸੇਵਾ ਦੀ ਉਹ ਫ਼ੀਸ ਲੈਂਦਾ ਸੀ। ਚਿੱਠੀ ਲਿਖਣ ਦੇ ਦੋ ਅਤੇ ਪੜ੍ਹਨ ਦਾ ਇਕ ਰੁਪਿਆ ਲੱਗਦਾ ਸੀ। ਚਿੱਠੀ ਨੂੰ ਡਾਕਖ਼ਾਨੇ ਪੁੱਜਦਾ ਕਰਨ ਦਾ ਇਕ ਰੁਪਿਆ ਹੋਰ ਲੱਗਦਾ ਸੀ। ਜਿਹੜਾ ਬੰਦਾ ਉਸ ਦੀ ਗੱਲ ਨਹੀਂ ਸੀ ਮੰਨਦਾ, ਉਸ ਦੀ ਚਿੱਠੀ ਉਹ ਉਸ ਦੇ ਸਾਹਮਣੇ ਹੀ ਪਾੜ ਦਿੰਦਾ ਸੀ। ਭੁੱਲ-ਭੁਲੇਖੇ ਜੇ ਕਿਸੇ ਦਾ ਮਨੀ-ਆਰਡਰ ਆ ਜਾਂਦਾ ਤਾਂ ਕੈਦੀ ਦੇ ਪੱਲੇ ਅੱਧ ਹੀ ਪੈਂਦਾ ਸੀ। ਅੱਧ ਉਹ ਅਤੇ ਡਾਕੀਆ ਮਿਲ ਕੇ ਹੜੱਪ ਜਾਂਦੇ ਸਨ।

ਇਹਨਾਂ ਕੈਦੀਆਂ ਦੀ ਮੁਲਾਕਾਤ ਲਈ ਸਾਲ ਵਿਚ ਇਕ-ਅੱਧ ਬੰਦਾ ਹੀ ਆਉਂਦਾ ਸੀ। ਚਿੱਠੀ-ਪੱਤਰ ਹੀ ਉਹਨਾਂ ਦਾ ਸਹਾਰਾ ਸੀ।

ਸੀਤਲ ਸਿੰਘ ਅਨਪੜ੍ਹ ਪਰਿਵਾਰ ਨਾਲ ਸੰਬੰਧ ਰੱਖਦਾ ਸੀ। ਉਸ ਦਾ ਬਾਪ ਪਿੰਡ ਵਿਚ ਖੇਤ-ਮਜ਼ਦੂਰ ਸੀ। ਉਹ ਦੇ ਵਿਹੜੇ ਦੇ ਬਹੁਤੇ ਲੋਕ ਹਾਲੇ ਵੀ ਅਨਪੜ੍ਹ ਸਨ। ਛੋਟਾ ਹੁੰਦਾ ਉਹ ਆਪਣੇ ਵਿਹੜੇ ਵਾਲਿਆਂ ਦੀਆਂ ਚਿੱਠੀਆਂ ਲਿਖਿਆ-ਪੜ੍ਹਿਆ ਕਰਦਾ ਸੀ। ਇਸ ਲਈ ਉਸ ਨੂੰ ਪੈਸੇ ਦੀ ਕੀਮਤ ਦਾ ਪਤਾ ਸੀ ਅਤੇ ਆਏ ਸੁਨੇਹੇ ਦੀ ਤਾਂਘ ਦਾ ਅਹਿਸਾਸ ਵੀ।

ਪਰਵਾਸੀ ਕੈਦੀਆਂ ਨੂੰ ਬਾਹਰੋਂ ਤਾਂ ਪੈਸਾ-ਧੇਲਾ ਆਉਂਦਾ ਨਹੀਂ ਸੀ। ਉਹ ਮਿਲਦੇ ਰਾਸ਼ਨ ਵਿਚੋਂ ਕੁਝ ਬਚਾ ਕੇ ਸਾਥੀ ਕੈਦੀਆਂ ਦੀਆਂ ਵਗਾਰਾਂ ਕਰ ਕੇ ਦੋ-ਚਾਰ ਰੁਪਏ ਜੋੜਦੇ ਸਨ। ਉਹ ਕਿਸੇ ਨਾ ਕਿਸੇ ਬਹਾਨੇ ਵਾਰਡਰ ਕਢਵਾ ਲੈਂਦਾ ਸੀ।



ਸੀਤਲ ਸਿੰਘ ਹਵਾਲਾਤੀ ਸੀ। ਸਾਰਾ ਦਿਨ ਵਿਹਲਾ ਰਹਿੰਦਾ ਸੀ। ਆਪਣਾ ਸਮਾਂ ਬਿਤਾਉਣ ਵਾਲੇ ਸਾਥੀ ਕੈਦੀਆਂ ਦੇ ਪੈਸੇ ਬਚਾਉਣ ਦੀ ਨੀਯਤ ਨਾਲ ਉਸ ਨੇ ਲਿਖਾ-ਪੜ੍ਹੀ ਦਾ ਕੰਮ ਸ਼ੁਰੂ ਕਰ ਦਿੱਤਾ ਸੀ।

ਪਹਿਲੇ ਮਹੀਨੇ ਹੀ ਬੈਜ ਨਾਥ ਦੇ ਨੱਕ ਵਿਚ ਦਮ ਆ ਗਿਆ। ਉਸ ਨੂੰ ਘਰ ਦਾ ਖ਼ਰਚਾ ਚਲਾਉਣਾ ਮੁਸ਼ਕਲ ਹੋ ਗਿਆ।

ਪਹਿਲਾਂ ਬੈਜ ਨਾਥ ਨੇ ਉਸਨੂੰ ਆਨੇ-ਬਹਾਨੇ ਸਮਝਾਇਆ :

"ਅਸੀਂ ਦੇਖਣ ਨੂੰ ਅਫ਼ਸਰ ਲੱਗਦੇ ਹਾਂ, ਪਰ ਅੰਦਰੋਂ ਖੋਖਲੇ ਹਾਂ। ਤਨਖ਼ਾਹ ਬਹੁਤ ਥੋੜ੍ਹੀ ਹੈ। ਤਨਖ਼ਾਹ ਨਾਲ ਦੋ ਡੰਗ ਦੀ ਰੋਟੀ ਵੀ ਨਹੀਂ ਪੱਕ ਸਕਦੀ। ਚੁੱਲ੍ਹਾ ਮਘਦਾ ਰੱਖਣ ਲਈ ਨਾਲ ਮਿਹਨਤ ਮਜ਼ਦੂਰੀ ਕਰਨੀ ਪੈਂਦੀ ਹੈ। ਚਿੱਠੀ-ਪੱਤਰ ਲਿਖ ਕੇ ਪੈਸਾ ਲੈਣਾ ਰਿਸ਼ਵਤ ਨਹੀਂ ਹੈ। ਮਿਹਨਤ ਦਾ ਮੁੱਲ ਹੈ। ਤੂੰ ਮੇਰੀ ਰੋਜ਼ੀ ਵਿਚ ਲੱਤ ਨਾ ਮਾਰ।"

ਜਦੋਂ ਸੀਤਲ ਸਿੰਘ ਦੇ ਕੰਨ 'ਤੇ ਜੂੰ ਨਾ ਸਰਕੀ ਤਾਂ ਉਸ ਨੇ ਧਮਕੀ ਦਿੱਤੀ, "ਮੁਲਾਜ਼ਮ ਮਿੱਟੀ ਦਾ ਮਾਣ ਨਹੀਂ ਹੁੰਦਾ, ਮੈਂ ਫੇਰ ਵੀ ਖ਼ਾਕੀ ਵਰਦੀ ਵਾਲਾ ਹੱਡ-ਮਾਸ ਦਾ ਬਣਿਆ ਬੰਦਾ ਹਾਂ।"

ਜਦੋਂ ਫੇਰ ਵੀ ਪੂਛ ਸਿੱਧੀ ਨਾ ਹੋਈ ਤਾਂ ਬੈਜ ਨਾਥ ਨੂੰ ਟੇਡੀ ਉਂਗਲ ਨਾਲ ਘਿਓ ਕੱਢਣਾ ਪਿਆ।

ਸੀਤਲ ਸਿੰਘ ਨੂੰ ਆਪਣੀ ਪੜ੍ਹਾਈ 'ਤੇ ਮਾਣ ਸੀ। ਬੈਜ ਨਾਥ ਚੂਹੀ ਬਣ ਕੇ ਉਸ ਦੀਆਂ ਡਿਗਰੀਆਂ ਕੁਤਰਣ ਲੱਗਾ।

ਜਿਸ ਸਮੇਂ ਸੀਤਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ, ਉਸ ਸਮੇਂ ਉਹ ਬੀ.ਐਸ.ਸੀ. ਆਖ਼ਰੀ ਸਾਲ ਦਾ ਵਿਦਿਆਰਥੀ ਸੀ। ਇਮਤਿਹਾਨ ਵਿਚ ਸਾਰੇ ਦੋ ਮਹੀਨੇ ਬਾਕੀ ਸਨ।

ਸੀਤਲ ਨੇ ਪ੍ਰੀਤੀ ਨੂੰ ਬਥੇਰਾ ਸਮਝਾਇਆ ਸੀ, "ਇਸ ਸਮੇਂ ਬਹਾਦਰੀ ਦਿਖਾਉਣਾ ਭਵਿੱਖ ਨੂੰ ਦਾਅ 'ਤੇ ਲਾਉਣਾ ਹੈ।" ਪਰ ਉਸ ਦੇ ਦਿਮਾਗ਼ 'ਤੇ ਆਦਰਸ਼ਵਾਦ ਦਾ ਭੂਤ ਸਵਾਰ ਸੀ। ਉਹ ਉਸੇ ਸਮੇਂ ਘਰੋਂ ਭੱਜ ਜਾਣਾ ਚਾਹੁੰਦੀ ਸੀ।

ਸੀਤਲ ਅਤੇ ਪ੍ਰੀਤੀ ਦੀ ਪ੍ਰੀਤ ਵਿਚ ਕੋਈ ਰਵਾਇਤੀ ਟਕਰਾਅ ਨਹੀਂ ਸੀ। ਦੋਵੇਂ ਇਕੋ ਜਾਤ ਬਰਾਦਰੀ ਦੇ ਸਨ। ਥੋੜ੍ਹਾ ਜਿਹਾ ਜੋ ਫ਼ਰਕ ਸੀ ਉਹ ਇਹ ਕਿ ਪ੍ਰੀਤੀ ਦਾ ਬਾਪ ਸੀਤਲ ਤੋਂ ਛੱਬੀ ਸਾਲ ਪਹਿਲਾਂ ਜੰਮ ਪਿਆ ਸੀ। ਇਸੇ ਲਈ ਇਕ ਮੋਚੀ ਦੇ ਮੁੰਡੇ ਨੂੰ ਪਹਿਲਾਂ ਨਾਇਬ ਤਹਿਸੀਲਦਾਰ ਅਤੇ ਫੇਰ ਐਸ.ਡੀ.ਐਮ. ਬਣਨ ਵਿਚ ਬਹੁਤੀ ਦੇਰ ਨਹੀਂ ਸੀ ਲੱਗੀ।

ਸੀਤਲ ਅਗਲੀ ਪੀੜ੍ਹੀ ਵਿਚੋਂ ਸੀ। ਉਸ ਨੇ ਹਾਲੇ 'ਦਿਹਾੜੀਦਾਰ ਦੇ ਮੁੰਡੇ' ਤੋਂ 'ਕੁਝ' ਬਣਨਾ ਸੀ। ਸੀਤਲ ਨੇ ਬਥੇਰਾ ਐਸ.ਡੀ.ਐਮ. ਨੂੰ ਉਸ ਦੇ ਪਿਛੋਕੜ ਦੀ ਯਾਦ ਦਿਵਾਈ। ਐਸ.ਡੀ.ਐਮ. ਨੇ ਬੀ.ਏ. ਤੀਸਰੇ ਦਰਜੇ ਵਿਚ ਪਾਸ ਕੀਤੀ ਸੀ। ਸੀਤਲ ਪਹਿਲੇ ਦਿਨੋਂ ਪਹਿਲੇ ਦਰਜੇ ਵਿਚ ਪਾਸ ਹੁੰਦਾ ਆ ਰਿਹਾ ਸੀ। ਸੀਤਲ ਦਾ ਭਵਿੱਖ ਵੀ ਉੱਜਲ ਸੀ।

ਪਰ ਐਸ.ਡੀ.ਐਮ. 'ਮੈਂ ਨਾ ਮਾਨੂੰ' ਦੀ ਰਟ ਲਾਈ ਬੈਠਾ ਸੀ। ਉਹ ਕਹਿੰਦਾ ਸੀ, "ਹੁਣ ਪਹਿਲਾਂ ਵਾਲੇ ਦਿਨ ਨਹੀਂ ਰਹੇ। ਤੂੰ ਪਤਾ ਨਹੀਂ ਕਦੋਂ ਅਫ਼ਸਰ ਬਣਨਾ ਹੈ ? ਬਣਨਾ ਹੈ ਜਾਂ ਨਹੀਂ, ਇਹ ਵੀ ਪੱਕਾ ਨਹੀਂ। ਬਥੇਰੇ ਦਲਿਤ ਮੁੰਡੇ ਕੁੜੀਆਂ ਵੱਡੀਆਂ-ਵੱਡੀਆਂ ਡਿਗਰੀਆਂ ਚੁੱਕੀ ਫਿਰਦੇ ਹਨ। ਅੱਜ ਕੱਲ੍ਹ ਡਿਗਰੀ ਦੇ ਨਾਲ-ਨਾਲ ਉਹਨਾਂ ਨੂੰ ਵੀ ਬਰੀਫ਼ ਕੇਸਾਂ ਦੀ ਜ਼ਰੂਰਤ ਪੈਂਦੀ ਹੈ। ਤੇਰੇ ਕੋਲ ਦੇਣ ਲਈ ਧੇਲਾ ਨਹੀਂ ਹੈ। ਮੈਂ ਜ਼ੋਖ਼ਮ ਉਠਾਉਣ ਨੂੰ ਤਿਆਰ ਨਹੀਂ ਹਾਂ। ਪ੍ਰੀਤੀ ਅਫ਼ਸਰ ਦੀ ਨੂੰਹ ਬਣ ਕੇ ਕਿਸੇ ਬੰਗਲੇ ਵਿਚ ਜਾਏਗੀ। ਕਿਸੇ ਬੇਰੁਜ਼ਗਾਰ ਪਿੱਛੇ ਲੱਗ ਕੇ ਵਿਹੜੇ ਵਿਚ ਨਹੀਂ।"

ਬਾਪ ਵਾਂਗ ਪ੍ਰੀਤੀ ਵੀ ਜ਼ਿਦ ਫੜ ਕੇ ਬੈਠ ਗਈ, "ਕਿਸੇ ਹੋਰ ਦੇ ਲੜ ਨੂੜੇ ਜਾਣ ਤੋਂ ਪਹਿਲਾਂ ਮੈਂ ਆਪਣਾ ਘਰ ਵਸਾਉਣਾ ਚਾਹੁੰਦੀ ਹਾਂ। ਮੇਰਾ ਸਾਥ ਦੇ।"

ਸੀਤਲ ਪ੍ਰੀਤੀ ਨਾਲ ਸਹਿਮਤ ਨਹੀਂ ਸੀ। ਹੁਣ ਪੁਰਾਣੇ ਸਮੇਂ ਨਹੀਂ ਸਨ। ਘਰੋਂ ਭੱਜ ਕੇ ਬਿਨਾਂ ਪੈਸੇ-ਟਕੇ ਦੇ ਇਕ ਹਫ਼ਤਾ ਨਹੀਂ ਕੱਟਿਆ ਜਾ ਸਕਦਾ।

"ਤੇਰਾ ਬਾਪ ਵੱਡਾ ਅਫ਼ਸਰ ਹੈ। ਪੁਲਿਸ ਨੇ ਸਾਨੂੰ ਪਤਾਲੋਂ ਵੀ ਲੱਭ ਲੈਣਾ ਹੈ।"

ਪਰ ਪ੍ਰੀਤੀ ਦੀ ਵੰਗਾਰ ਅਤੇ ਜ਼ਿੱਦ ਅੱਗੇ ਉਸ ਨੂੰ ਝੁਕਣਾ ਪਿਆ।

ਯੂਥ ਫ਼ੈਸਟੀਵਲ ਵਿਚ ਹਿੱਸਾ ਲੈਣ ਗਏ ਉਹ ਕਾਲਕਾ ਮੇਲ ਚੜ੍ਹ ਗਏ।

ਪੁਲਿਸ ਇੱਲਾਂ ਵਾਂਗ ਸਾਰੇ ਅਸਮਾਨ 'ਤੇ ਛਾ ਗਈ। ਤੀਜੇ ਦਿਨ ਉਹ ਹਵਾਲਾਤ ਪੁੱਜ ਗਏ।

ਹੁਣ ਇਕ ਸਾਲ ਤੋਂ ਉਹ ਜੇਲ੍ਹ ਵਿਚ ਸੀ।

ਨੌਂ ਮਹੀਨੇ ਤੋਂ ਮੁਕੱਦਮਾ ਗਵਾਹੀਆਂ 'ਤੇ ਲਟਕ ਰਿਹਾ ਸੀ। ਪ੍ਰੀਤੀ ਦੀ ਗਵਾਹੀ ਹੋਣੀ ਸੀ। ਸੀਤਲ ਨੂੰ ਸੂਚਨਾ ਮਿਲੀ ਸੀ ਕਿ ਪ੍ਰੀਤੀ ਨੇ ਸੀਤਲ ਵਿਰੁੱਧ ਜੋ ਬਿਆਨ ਦਰਜ ਕਰਾਇਆ ਸੀ, ਉਹ ਉਸ ਦਾ ਨਹੀਂ ਸੀ। ਪੁਲਿਸ ਨੇ ਆਪੇ ਲਿਖਿਆ ਸੀ। ਪ੍ਰੀਤੀ ਤੋਂ ਦਸਤਖ਼ਤ ਡਰਾ-ਧਮਕਾ ਕੇ ਕਰਾਏ ਗਏ ਸਨ। ਐਸ.ਡੀ.ਐਮ. ਚਾਹੁੰਦਾ ਸੀ, ਪ੍ਰੀਤੀ ਉਹੋ ਬਿਆਨ ਅਦਾਲਤ ਵਿਚ ਦੁਹਰਾਏ। ਸੀਤਲ ਨੂੰ ਉਹ ਫੁਸਲਾ ਕੇ ਵਰਗਲਾਉਣ ਅਤੇ ਜਬਰੀ ਬਲਾਤਕਾਰ ਕਰਨ ਦਾ ਦੋਸ਼ੀ ਠਹਿਰਾਏ। ਪ੍ਰੀਤੀ ਦੋਬਾਰਾ ਉਹੋ ਗ਼ਲਤੀ ਕਰਨ ਨੂੰ ਤਿਆਰ ਨਹੀਂ ਸੀ। ਐਸ.ਡੀ.ਐਮ. ਪ੍ਰੀਤੀ ਦੇ ਮੰਨ ਜਾਣ ਤਕ ਗਵਾਹੀ ਲਟਕਾ ਰਿਹਾ ਸੀ।

ਪ੍ਰੀਤੀ ਦੇ ਵਫ਼ਾਦਾਰ ਰਹਿਣ ਦੀ ਖ਼ਬਰ ਸੁਣ ਕੇ ਸੀਤਲ ਦੇ ਨਵੇਂ ਖੰਭ ਉੱਗ ਆਏ ਸਨ। ਜੇਲ੍ਹ ਉਸ ਨੂੰ ਜੇਲ੍ਹ ਮਹਿਸੂਸ ਹੋਣੋਂ ਹਟ ਗਈ ਸੀ।

ਪਹਿਲਾਂ ਇਮਤਿਹਾਨ ਭੱਜ-ਨੱਠ, ਫੜ-ਫੜਾਈ, ਪੁਲਿਸ ਹਿਰਾਸਤ ਅਤੇ ਜੇਲ੍ਹ ਪੁੱਜਣ ਦੇ ਚੱਕਰਾਂ ਵਿਚ ਲੰਘ ਗਿਆ ਸੀ। ਪੁਲਿਸ ਨੇ ਕੁੱਟ-ਕੁੱਟ ਹੱਡਾਂ ਵਿਚ ਰਾਧ ਪਾ ਦਿੱਤੀ ਸੀ ਅਤੇ ਦਿਮਾਗ਼ ਸੁੰਨ ਕਰ ਦਿੱਤਾ ਸੀ।

ਸੀਤਲ ਦਾ ਸਾਇੰਸ ਗਰੁੱਪ ਸੀ। ਫ਼ਰਾਰ ਹੋਣ ਤੋਂ ਪਹਿਲਾਂ ਉਸ ਦੇ ਲੈਕਚਰ ਅਤੇ ਪ੍ਰੈਕਟੀਕਲ ਸੰਪੂਰਨ ਹੋ ਚੁੱਕੇ ਸਨ। ਇਸ ਲਈ ਇਸ ਸਾਲ ਉਸ ਨੂੰ ਪ੍ਰਾਈਵੇਟ ਤੌਰ 'ਤੇ ਇਮਤਿਹਾਨ ਵਿਚ ਬੈਠਣ ਦਾ ਅਧਿਕਾਰ ਸੀ। ਸਿਲੇਬਸ ਉਸ ਨੇ ਪਹਿਲਾਂ ਹੀ ਖ਼ਤਮ ਕੀਤਾ ਹੋਇਆ ਸੀ। ਥੋੜ੍ਹੀ ਜਿਹੀ ਦੁਹਰਾਈ ਨਾਲ ਬੇੜਾ ਪਾਰ ਹੋ ਜਾਣਾ ਸੀ।

ਛੇ ਕੁ ਮਹੀਨੇ ਵਿਚ ਉਹ ਜੇਲ੍ਹ ਦੇ ਮਾਹੌਲ ਦਾ ਆਦੀ ਹੋ ਗਿਆ। ਪ੍ਰੀਤੀ ਦੇ ਉਸ ਨਾਲ ਖੜ੍ਹੋਨ ਕਾਰਨ ਉਸ ਦਾ ਮਨੋਬਲ ਉੱਚਾ ਹੋ ਗਿਆ ਅਤੇ ਬਰੀ ਹੋਣ ਦੀ ਆਸ ਬੱਝ ਗਈ।

ਉਹ ਪੂਰੇ ਜ਼ੋਰ-ਸ਼ੋਰ ਨਾਲ ਇਮਤਿਹਾਨ ਦੀ ਤਿਆਰੀ ਕਰਨ ਲੱਗਾ।

ਬੈਜ ਨਾਥ ਉਸ ਨੂੰ ਫ਼ੇਲ੍ਹ ਕਰਾਉਣ ਦੀ ਤਿਆਰੀ ਕਰਨ ਲੱਗ ਪਿਆ।

ਵਾਰਡਰ ਅਤੇ ਬੈਰਕ ਦਾ ਸਹਾਇਕ ਦਰੋਗ਼ਾ ਘਿਓ-ਖਿਚੜੀ ਸਨ। ਨੌਕਰੀ ਦੇ ਨਾਲ-ਨਾਲ ਦਰੋਗ਼ੇ ਦਾ ਕੋਲੇ ਦਾ ਕਾਰੋਬਾਰ ਸੀ। ਦਰੋਗ਼ਾ ਕਦੇ-ਕਦੇ ਹੀ ਬੈਰਕ ਵਿਚ ਚੱਕਰ ਮਾਰਦਾ ਸੀ। ਸਾਰੀ ਜ਼ਿੰਮੇਵਾਰੀ ਉਸ ਨੇ ਬੈਜ ਨਾਥ 'ਤੇ ਪਾਈ ਹੋਈ ਸੀ। ਜਿਥੇ ਉਹ ਆਖਦਾ ਸੀ, ਦਰੋਗ਼ਾ ਘੁੱਗੀ ਮਾਰ ਦਿੰਦਾ ਸੀ।



ਵਾਰਡਰ ਨੇ ਦਰੋਗ਼ੇ ਦੇ ਕੰਨ ਭਰੇ, "ਜੇ ਛੂਤ ਦੀ ਇਸ ਬੀਮਾਰੀ ਨੂੰ ਹੁਣੇ ਕਾਬੂ ਨਾ ਕੀਤਾ ਗਿਆ ਤਾਂ ਇਸ ਨੇ ਮਹਾਂਮਾਰੀ ਵਾਂਗ ਫੈਲ ਜਾਣਾ ਹੈ।"

ਦਰੋਗ਼ੇ ਨੇ ਬੀਮਾਰੀ ਫੈਲਣ ਤੋਂ ਰੋਕਣ ਦੀ ਝੰਡੀ ਦੇ ਦਿੱਤੀ।

ਜੇਲ੍ਹ 'ਚ ਸਟਾਫ਼ ਦੀ ਬਹੁਤ ਕਮੀ ਸੀ। ਪੰਜਾਂ ਦੀ ਥਾਂ ਮਸਾਂ ਇਕ ਕਲਰਕ ਮਿਲਦਾ ਸੀ। ਪੜ੍ਹੇ-ਲਿਖੇ ਕੈਦੀਆਂ ਦੀ ਪ੍ਰਸ਼ਾਸਨ ਨੂੰ ਹਮੇਸ਼ਾ ਲੋੜ ਰਹਿੰਦੀ ਸੀ। ਜਿਹੜਾ ਲੱਭਦਾ ਸੀ, ਝੱਟ ਉਸ ਨੂੰ ਡਿਉੜੀ ਵਿਚ ਬੁਲਾ ਕੇ ਉਸ ਦੀ ਪਿੱਠ 'ਤੇ ਮਿਸਲਾਂ ਦੀ ਗੱਠ ਲੱਦ ਦਿੰਦੇ ਸਨ।

ਬੈਜ ਨਾਥ ਦੀ ਸਿਫ਼ਾਰਸ਼ 'ਤੇ ਸੀਤਲ ਨੂੰ ਲੇਖਾ ਸ਼ਾਖ਼ਾ ਵਿਚ ਭੇਜ ਦਿੱਤਾ ਗਿਆ।

ਸੀਤਲ ਨੇ ਬਥੇਰਾ ਰੌਲਾ ਪਾਇਆ, "ਮੈਂ ਹਵਾਲਾਤੀ ਹਾਂ, ਮੈਥੋਂ ਕੰਮ ਨਹੀਂ ਲਿਆ ਜਾ ਸਕਦਾ। ਮੈਂ ਵਿਦਿਆਰਥੀ ਹਾਂ, ਮੇਰੀ ਪੜ੍ਹਾਈ ਦਾ ਜੇ ਤੁਸੀਂ ਪ੍ਰਬੰਧ ਨਹੀਂ ਕਰ ਸਕਦੇ ਤਾਂ ਨਾ ਕਰੋ। ਮੈਨੂੰ ਖ਼ੁਦ ਤਾਂ ਪੜ੍ਹਨ ਦਿਓ।"

ਪਰ ਲੋਹੇ ਦੀਆਂ ਸਲਾਖ਼ਾਂ ਅਤੇ ਉੱਚੀਆਂ ਪੱਕੀਆਂ ਦੀਵਾਰਾਂ ਵਾਲੀ ਇਸ ਇਮਾਰਤ ਵਿਚ ਨਾ ਕਿਸੇ ਨੂੰ ਰੌਲਾ ਪਾਉਣ ਦਾ ਹੱਕ ਹੈ, ਨਾ ਕੋਈ ਉਸ ਰੌਲੇ ਨੂੰ ਸੁਣਦਾ ਹੈ। ਚੀਕ-ਪੁਕਾਰ ਦੀਵਾਰਾਂ ਨਾਲ ਟਕਰਾ ਕੇ ਆਪੇ ਦੱਬ ਜਾਂਦੀ ਹੈ।

ਹੋਰ ਕੈਦੀਆਂ ਦੀ ਆਹਾਂ ਵਾਂਗ, ਸੀਤਲ ਦਾ ਸ਼ੋਰ ਵੀ ਮੱਠਾ ਪੈ ਗਿਆ।

ਹਿਸਾਬ-ਕਿਤਾਬ ਮਿਲਾਉਣ ਦੇ ਬਹਾਨੇ ਸੀਤਲ ਨੂੰ ਦੇਰ ਤਕ ਦਫ਼ਤਰ ਬਿਠਾਇਆ ਜਾਂਦਾ। ਦਿਮਾਗ਼ ਦੇ ਸੁੰਨ ਹੋਣ ਅਤੇ ਅੱਖਾਂ ਦੁਖਣ ਲੱਗ ਜਾਣ ਬਾਅਦ ਉਸ ਨੂੰ ਛੱਡਿਆ ਜਾਂਦਾ ਸੀ।

ਹੋਰ ਮਗ਼ਜ਼-ਖਪਾਈ ਕਰਨ ਦੀ ਉਸ ਦੀ ਹਿੰਮਤ ਨਹੀਂ ਸੀ ਰਹਿੰਦੀ। ਕਦੇ ਉਹ ਘੰਟਾ ਕੁ ਪੜ੍ਹ ਲੈਂਦਾ, ਕਦੇ ਬਿਨਾਂ ਪੜ੍ਹੇ ਹੀ ਸੌਂ ਜਾਂਦਾ।

ਬੈਜ ਨਾਥ ਨੂੰ ਆਪਣਾ ਟੀਚਾ ਪ੍ਰਾਪਤ ਹੁੰਦਾ ਨਜ਼ਰ ਨਾ ਆਇਆ। ਉਸ ਨੇ ਸਕੰਜਾ ਹੋਰ ਕੱਸਣਾ ਸ਼ੁਰੂ ਕਰ ਦਿੱਤਾ। ਆਪਣੇ ਇਕ ਵਫ਼ਾਦਾਰ ਹਵਾਲਾਤੀ ਨੂੰ ਸ਼ਿੰਗਾਰ ਕੇ ਉਸ ਨੇ ਸੀਤਲ ਦੀਆਂ ਕਿਤਾਬਾਂ ਚੋਰੀ ਕਰਵਾਈਆਂ ਅਤੇ ਗਟਰ ਵਿਚ ਸੁੱਟਵਾ ਦਿੱਤੀਆਂ।

ਤਿੰਨ ਮਹੀਨੇ ਨਵੀਆਂ ਕਿਤਾਬਾਂ ਅੰਦਰ ਨਾ ਆਉਣ ਦਿੱਤੀਆਂ।

ਜੇ ਅਦਾਲਤ ਦੇ ਹੁਕਮ ਨਾਲ ਕਿਤਾਬਾਂ ਅੰਦਰ ਆਈਆਂ ਤਾਂ ਉਹ ਦਾਖ਼ਲਾ ਫ਼ਾਰਮ ਉਪਰ ਸੱਪ ਵਾਂਗ ਕੁੰਡਲੀ ਮਾਰ ਕੇ ਬੈਠ ਗਿਆ।

ਜੇ ਸੀਤਲ ਇਸ ਵਾਰ ਇਮਤਿਹਾਨ ਵਿਚ ਨਾ ਬੈਠ ਸਕਿਆ ਤਾਂ ਸੀਤਲ ਦਾ ਬਹੁਤ ਨੁਕਸਾਨ ਹੋਵੇਗਾ। ਅਗਲੇ ਸਾਲ ਉਸ ਨੂੰ ਦੁਬਾਰਾ ਕਲਾਸਾਂ ਵਿਚ ਬੈਠਣਾ ਪਏਗਾ। ਨਵੇਂ ਲੈਕਚਰ ਅਤੇ ਪ੍ਰੈਕਟੀਕਲ ਲਾਉਣੇ ਪੈਣਗੇ। ਸਿਲੇਬਸ ਬਦਲ ਜਾਏਗਾ। ਜੇਲ੍ਹ ਵਿਚ ਬੈਠੇ ਦੇ ਨਾਂ ਲੈਕਚਰ ਪੂਰੇ ਹੋਣੇ ਹਨ, ਨਾ ਕਿਸੇ ਨੇ ਨਵਾਂ ਸਿਲੇਬਸ ਕਰਾਉਣਾ ਹੈ।

ਸੀਤਲ ਸਿੰਘ ਨੇ ਸਾਰੇ ਹੀਲੇ ਵਰਤ ਕੇ ਦੇਖ ਲਏ। ਬੈਜ ਨਾਥ ਇਕ ਨਹੀਂ ਸੀ ਚੱਲਣ ਦਿੰਦਾ। ਉਸ ਨੇ 'ਕੈਦੀ ਭਲਾਈ ਬੋਰਡ' ਕੋਲ ਅਰਜ਼ੀ ਭੇਜੀ। ਪਤਾ ਲੱਗਾ, ਇਸ ਬੋਰਡ ਦੇ ਮੈਂਬਰਾਂ ਨੂੰ ਹੋਰ ਬਥੇਰੇ ਰੁਝੇਵੇਂ ਹਨ। ਬੋਰਡ ਦੀ ਮੀਟਿੰਗ ਸਾਲ ਵਿਚ ਇਕ-ਦੋ ਵਾਰ ਹੁੰਦੀ ਹੈ। ਉਦੋਂ ਜਦੋਂ ਕੈਦੀਆਂ ਨੂੰ ਮੁਆਫ਼ੀ ਦੇਣੀ ਹੋਵੇ ਜਾਂ ਜਦੋਂ ਕੰਮ ਠੇਕੇ 'ਤੇ ਦੇਣਾ ਹੋਵੇ। ਬੋਰਡ ਦੀ ਮੀਟਿੰਗ ਹੁਣੇ ਹੋ ਕੇ ਹਟੀ ਹੈ। ਅਗਲੀ ਮੀਟਿੰਗ ਤਕ ਇਮਤਿਹਾਨ ਨਿਕਲ ਚੁੱਕਾ ਹੋਏਗਾ।

ਕਦੇ-ਕਦੇ ਸੈਸ਼ਨ ਜੱਜ ਜੇਲ੍ਹ ਦਾ ਦੌਰਾ ਕਰਨ ਆਉਂਦਾ ਹੈ। ਸੀਤਲ ਨੇ ਉਸ ਨੂੰ ਦਰਖ਼ਾਸਤ ਦੇਣ ਦੀ ਕੋਸ਼ਿਸ਼ ਕੀਤੀ। ਪਹਿਲੀ ਵਾਰ ਉਹ ਸੁਪਰਡੈਂਟ ਦੇ ਮੁੰਡੇ ਦਾ ਜਨਮ ਦਿਨ ਮਨਾਉਣ ਉਸ

ਦੇ ਘਰ ਚਲਾ ਗਿਆ। ਦੂਜੀ ਵਾਰ ਜ਼ਨਾਨਾ ਜੇਲ੍ਹ। ਸੀਤਲ ਵਰਗੇ ਉਡੀਕਦੇ ਹੀ ਰਹਿ ਗਏ।

ਸਧਾਰਨ ਫ਼ੀਸ ਨਾਲ ਫ਼ਾਰਮ ਭਰਨ ਦੀ ਤਾਰੀਖ਼ ਕਦੋਂ ਦੀ ਲੰਘ ਚੁੱਕੀ ਸੀ। ਜਦੋਂ ਲੇਟ ਫ਼ੀਸ ਨਾਲ ਫ਼ਾਰਮ ਭਰਨ ਦੀ ਤਾਰੀਖ਼ ਵੀ ਨਿਕਲਦੀ ਨਜ਼ਰ ਆਈ ਤਾਂ ਸੀਤਲ ਦਾ ਪੜ੍ਹਾਈ ਵਿਚ ਮਨ ਲੱਗਣੋਂ ਹਟ ਗਿਆ। ਉਸ ਨੂੰ ਲੱਗਣ ਲੱਗਾ, ਉਹ ਫ਼ਜ਼ੂਲ ਵਿਚ ਪੜ੍ਹ ਰਿਹਾ ਹੈ। ਉਸ ਨੂੰ ਇਮਤਿਹਾਨ ਵਿਚ ਤਾਂ ਕਿਸੇ ਨੇ ਬੈਠਣ ਨਹੀਂ ਦੇਣਾ।

ਹਫ਼ਤੇ ਤੋਂ ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਕਦੇ ਅੱਖ ਲੱਗਦੀ ਤਾਂ ਭੈੜੇ-ਭੈੜੇ ਸੁਪਨੇ ਆਉਣ ਲੱਗਦੇ ਹਨ। ਕਦੇ ਉਹ ਜੇਲ੍ਹੋਂ ਭੱਜਣ ਦਾ ਯਤਨ ਕਰ ਰਿਹਾ ਹੁੰਦਾ ਹੈ ਪਰ ਉਸ ਤੋਂ ਭੱਜ ਨਹੀਂ ਹੁੰਦਾ। ਕਦੇ ਉਹ ਇਮਤਿਹਾਨ ਵਿਚ ਬੈਠਾ ਹੁੰਦਾ ਹੈ ਪਰ ਕੋਈ ਸਵਾਲ ਹੱਲ ਨਹੀਂ ਹੁੰਦਾ। ਕਦੇ ਉਹ ਬੈਜ ਨਾਥ ਨਾਲ ਖਹਿਬੜ ਰਿਹਾ ਹੁੰਦਾ ਹੈ, ਕਦੇ ਸਹਾਇਕ ਦਰੋਗੇ ਨਾਲ। ਕਦੇ ਨਿਧਾਨ ਸਿੰਘ ਉਸ ਨੂੰ ਘਰੋਂ ਕੱਢ ਰਿਹਾ ਹੁੰਦਾ ਹੈ, ਕਦੇ ਪ੍ਰੀਤੀ ਬੇਰੁਜ਼ਗਾਰ ਸਮਝ ਕੇ ਦੁਰਕਾਰ ਰਹੀ ਹੁੰਦੀ ਹੈ।

ਜਦੋਂ ਉਹ ਜਾਗ ਰਿਹਾ ਹੁੰਦਾ ਹੈ ਤਾਂ ਕਿਸੇ ਨਾ ਕਿਸੇ 'ਤੇ ਗ਼ੁੱਸੇ ਹੋ ਰਿਹਾ ਹੁੰਦਾ ਹੈ। ਕਦੇ ਗ਼ੁੱਸਾ ਪ੍ਰੀਤੀ 'ਤੇ ਆਉਂਦਾ ਹੈ। ਉਸ ਦੀ ਜ਼ਿੱਦ ਕਾਰਨ ਸੀਤਲ ਨੂੰ ਇਹ ਦਿਨ ਦੇਖਣੇ ਪਏ। ਕਦੇ ਉਸ ਨੂੰ ਪੁਲਿਸ 'ਤੇ ਗ਼ੁੱਸਾ ਆਉਂਦਾ। ਤਫ਼ਤੀਸ਼ੀ ਅਫ਼ਸਰ ਨੇ ਸੱਚ ਨਿਤਾਰਨ ਦੀ ਥਾਂ ਝੂਠ ਦਾ ਪੁਲੰਦਾ ਤਿਆਰ ਕੀਤਾ ਸੀ ਅਤੇ ਸੀਤਲ ਨੂੰ ਦੋਸ਼ੀ ਠਹਿਰਾ ਦਿੱਤਾ ਸੀ। ਕਦੇ ਉਸ ਦਾ ਜੱਜ ਨਾਲ ਤੂੰ-ਤੂੰ ਮੈਂ-ਮੈਂ ਕਰਨ ਨੂੰ ਦਿਲ ਕਰਦਾ ਹੈ। ਉਸ ਨੇ ਪ੍ਰੀਤੀ ਵੱਲੋਂ ਲਿਖੀਆਂ ਸੈਂਕੜੇ ਚਿੱਠੀਆਂ ਨੂੰ ਸਹੀ ਮੰਨਣੋਂ ਇਨਕਾਰ ਕਰ ਦਿੱਤਾ ਸੀ। ਕਹਿੰਦਾ ਇਹ ਚਿੱਠੀਆਂ ਪ੍ਰੀਤੀ ਨੇ ਦਬਾਅ ਹੇਠ ਲਿਖੀਆਂ ਹਨ। ਇਕ ਵਾਰ ਤਾਂ ਉਹ ਪ੍ਰੀਤੀ ਨੂੰ ਬੁਲਾ ਕੇ ਪੁੱਛਦਾ, ਸੱਚ ਕੀ ਹੈ? ਝੂਠ ਕੀ ਹੈ? ਫੇਰ ਭਾਵੇਂ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਤੋਂ ਨਾਂਹ ਕਰ ਦਿੰਦਾ।

ਸੀਤਲ ਸਿੰਘ ਭੁੱਖ ਹੜਤਾਲ ਕਰਨਾ ਚਾਹੁੰਦਾ ਸੀ, ਧਰਨਾ ਮਾਰਨਾ ਚਾਹੁੰਦਾ ਸੀ। ਪਰ ਇਕ ਵੀ ਕੈਦੀ ਉਸ ਦਾ ਸਾਥ ਦੇਣ ਲਈ ਤਿਆਰ ਨਹੀਂ ਸੀ। ਉਹ ਵੀ ਨਹੀਂ ਜਿਨ੍ਹਾਂ ਲਈ ਉਸ ਨੇ ਇਹ ਮੁਸੀਬਤ ਸਹੇੜੀ ਸੀ।

ਥੱਕੇ ਹਾਰੇ ਸੀਤਲ ਨੇ ਲਿਖਾ-ਪੜ੍ਹੀ ਕਰਨੀ ਬੰਦ ਕਰ ਦਿੱਤੀ। ਬੈਜ ਨਾਥ ਤੋਂ ਮੁਆਫ਼ੀ ਮੰਗ ਲਈ ਪਰ ਪਰਨਾਲਾ ਉਥੇ ਦਾ ਉਥੇ ਰਿਹਾ।

ਸੀਤਲ ਸਿੰਘ ਇਕੱਲਾ ਇੰਨੇ ਲੋਕਾਂ ਨਾਲ ਨਹੀਂ ਸੀ ਲੜ ਸਕਦਾ। ਉਸ ਨੂੰ ਜਾਪਦਾ ਸੀ ਕਿ ਹੁਣ ਮਰ ਕੇ ਹੀ ਖਹਿੜਾ ਛੁੱਟਣਾ ਸੀ।

ਅੱਜ ਉਹ ਹਾਕਮ ਨੂੰ ਆਖ਼ਰੀ ਵਾਰੀ ਮਿਲਣ ਆਇਆ ਸੀ, "ਮੇਰਾ ਫ਼ਾਰਮ ਭਿਜਵਾ ਦੇਵੋ ਜਾਂ ਮੈਨੂੰ ਮਰਨ ਦੀ ਇਜਾਜ਼ਤ ਦੇ ਦੇਵੋ।" ਆਖ ਕੇ ਉਹ ਵਾਪਸ ਚਲਾ ਗਿਆ ਸੀ।

ਉਸ ਸਮੇਂ ਤੋਂ ਹਾਕਮ ਬੇਚੈਨ ਸੀ।

ਬੈਜ ਨਾਥ ਹੋਰਾਂ ਦੀ ਸ਼ਿਕਾਇਤ ਕਰਨ ਨਾਲ ਸੀਤਲ ਹੋਰਾਂ ਨੂੰ ਫ਼ਾਇਦਾ ਹੋਏਗਾ ਜਾਂ ਨੁਕਸਾਨ? ਦੋਚਿੱਤੀ ਵਿਚ ਫਸਿਆ ਹਾਕਮ ਅੱਜ ਤਕ ਕਿਸੇ ਸਿੱਟੇ 'ਤੇ ਨਹੀਂ ਸੀ ਪੁੱਜ ਸਕਿਆ।

ਸੀਤਲ ਦੀ ਚਿਤਾਵਨੀ ਬਾਅਦ ਉਸ ਨੂੰ ਅਹਿਸਾਸ ਹੋਇਆ ਸੀ ਕਿ ਸਵੇਰ ਤਕ ਕੋਈ ਨਾ ਕੋਈ ਫ਼ੈਸਲਾ ਲੈਣਾ ਜ਼ਰੂਰੀ ਹੈ।

ਆਪਣੀ ਬੈਰਕ ਵਿਚ ਆਉਣ ਤੋਂ ਪਹਿਲਾਂ ਰਾਏ ਮਸ਼ਵਰੇ ਲਈ ਉਹ ਆਪਣੇ ਸਾਬਕਾ ਸਹਾਇਕ ਤਾਰਾ ਚੰਦ ਨੂੰ ਮਿਲਿਆ ਸੀ।



ਤਾਰਾ ਚੰਦ ਨੇ ਬਹੁਤੀ ਸੋਚ-ਵਿਚਾਰ ਨਹੀਂ ਸੀ ਕੀਤੀ। ਝੱਟ ਆਪਣਾ ਦੋ-ਟੁੱਕ ਫ਼ੈਸਲਾ ਸੁਣਾ ਦਿੱਤਾ ਸੀ।

"ਬਾਬਿਓ, ਤੁਸੀਂ ਵਕੀਲ ਹੋ, ਅਕਲ ਦੀ ਗੱਲ ਕਰੋ। ਦਰਿਆ ਵਿਚ ਰਹਿ ਕੇ ਮਗਰਮੱਛ ਨਾਲ ਵੈਰ ਮੁੱਲ ਨਹੀਂ ਲਿਆ ਜਾ ਸਕਦਾ। ਫੇਰ ਕੈਦੀ ਕਿਸੇ ਦੇ ਮਿੱਤ ਨਹੀਂ ਹੁੰਦੇ। ਮਤਲਬ ਨਿਕਲਣ 'ਤੇ ਅੱਖਾਂ ਫੇਰ ਜਾਂਦੇ ਹਨ। ਜੇਲ੍ਹ ਪ੍ਰਸ਼ਾਸਨ ਨੇ ਸਾਨੂੰ ਜਵਾਈਆਂ ਵਾਂਗ ਰੱਖਿਆ ਹੋਇਆ ਹੈ। ਮਿਲ ਰਹੀਆਂ ਸਹੂਲਤਾਂ ਦਾ ਆਨੰਦ ਲਓ।"

ਉਸ ਸਮੇਂ ਹਾਕਮ ਸਿੰਘ ਨੂੰ ਤਾਰਾ ਚੰਦ ਦੇ ਸਵਾਰਥੀ ਸੁਭਾਅ 'ਤੇ ਖਿਝ ਆਈ ਸੀ।

ਗਹਿਰੀ ਸੋਚ-ਵਿਚਾਰ ਬਾਅਦ ਹਾਕਮ ਨੂੰ ਤਾਰਾ ਚੰਦ ਦੀ ਸੋਚ ਪਿੱਛੇ ਕੰਮ ਕਰਦੇ ਸਿਧਾਂਤ ਦੀ ਸਮਝ ਆਉਣ ਲੱਗੀ।

ਹਾਕਮ ਸੋਚਣ ਲੱਗਾ। ਕਿਧਰੇ ਅਚੇਤ ਤੌਰ 'ਤੇ ਉਹ ਵੀ ਤਾਰਾ ਚੰਦ ਵਾਂਗ ਤਾਂ ਨਹੀਂ ਸੋਚ ਰਿਹਾ। ਜੇ ਝੱਟਪੱਟ ਕੈਦੀਆਂ ਦੀਆਂ ਸਮੱਸਿਆਵਾਂ ਦਾ ਹੱਲ ਨਾ ਹੋਇਆ ਤਾਂ ਉਹਨਾਂ ਦਾ ਨੁਕਸਾਨ ਹੋਣਾ ਹੀ ਹੋਣਾ ਹੈ। ਘਰਦਿਆਂ ਨੂੰ ਮਿਲਣ ਤੋਂ ਤਰਸਦੀ ਮਿੱਠੋ ਨੇ ਪਾਗ਼ਲ ਹੋ ਜਾਣਾ ਹੈ, ਇਲਾਜ ਦੀ ਘਾਟ ਕਾਰਨ ਕਾਲੂ ਨੇ ਮਰ ਜਾਣਾ ਹੈ, ਇਮਤਿਹਾਨ ਵਿਚ ਨਾ ਬੈਠ ਸਕਣ ਕਾਰਨ ਸੀਤਲ ਦਾ ਭਵਿੱਖ ਧੁੰਦਲਾ ਹੋ ਜਾਣਾ ਹੈ। ਕਰਮਚਾਰੀਆਂ ਦੀ ਸ਼ਿਕਾਇਤ ਕਰਨ ਬਾਅਦ ਇਸ ਤੋਂ ਵੱਧ ਕੈਦੀਆਂ ਦਾ ਹੋਰ ਕੀ ਵਿਗੜੇਗਾ?

ਸ਼ਿਕਾਇਤ ਬਾਅਦ ਕਰਮਚਾਰੀਆਂ ਨੇ ਹਾਕਮ ਨਾਲ ਗ਼ੁੱਸੇ ਹੋਣਾ ਹੈ। ਗ਼ੁੱਸੇ ਹੋ ਕੇ ਉਹਨਾਂ ਨੇ ਹਾਕਮ ਨੂੰ ਤੰਗ ਕਰਨਾ ਹੈ। ਸ਼ਾਇਦ ਤੰਗ ਹੋਣ ਤੋਂ ਡਰਦਾ ਹਾਕਮ ਮੁਲਾਜ਼ਮਾਂ ਨਾਲ ਪੰਗਾ ਲੈਣ ਤੋਂ ਟਲ ਰਿਹਾ ਹੈ। ਸ਼ਾਇਦ ਇਸ ਲਈ ਸਾਥੀ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਲਟਕਾ ਰਿਹਾ ਹੈ।

ਇਸ ਵਿਚਾਰ ਦੀ ਰੌਸ਼ਨੀ ਵਿਚ ਹਾਕਮ ਨੇ ਆਪਾ ਪੜਚੋਲ ਕੀਤੀ।

"ਮੈਂ ਜਿਸ ਰਾਹ 'ਤੇ ਤੁਰਨ ਦਾ ਮਨ ਬਣਾਇਆ ਹੈ, ਉਹ ਕੰਡਿਆਂ ਨਾਲ ਭਰਿਆ ਹੋਇਆ ਹੈ। ਦੁੱਖਾਂ-ਸੁਖਾਂ ਦੀ ਪਰਵਾਹ ਕਰੇ ਬਿਨਾਂ ਮੈਨੂੰ ਆਪਣੀ ਮੰਜ਼ਿਲ ਵੱਲ ਵਧਦੇ ਰਹਿਣਾ ਚਾਹੀਦਾ ਹੈ।"

ਇਹ ਫ਼ੈਸਲਾ ਕਰਨ ਬਾਅਦ ਹਾਕਮ ਨੇ ਉੱਸਲਵੱਟੇ ਲੈਣੇ ਬੰਦ ਕਰ ਦਿੱਤੇ।

ਸਵੇਰ ਦੀ ਉਡੀਕ ਜ਼ਿਆਦਾ ਲੰਬੀ ਨਾ ਹੋਵੇ, ਇਸ ਲਈ ਉਹ ਗੂੜ੍ਹੀ ਨੀਂਦ ਸੌਂ ਗਿਆ।

# 36

ਆਪਣੇ ਹਲਕੇ ਵਿਚ ਹਫ਼ਤਾ ਭਰ ਹੋਈਆਂ ਸਰਕਾਰ ਵਿਰੋਧੀ ਰੈਲੀਆਂ ਨੇ ਮੁੱਖ ਮੰਤਰੀ ਦੀ ਨੀਂਦ ਹਰਾਮ ਕਰ ਦਿੱਤੀ।

ਆਮ ਕਤਲ ਦੇ ਮੁਲਜ਼ਮਾਂ ਦੀ ਪੈਰਵੀ ਲਈ ਬਣੀ ਇਕ ਸਾਧਾਰਨ ਜਿਹੀ ਸੰਸਥਾ ਨੇ ਇਕ ਛੋਟੇ ਜਿਹੇ ਸ਼ਹਿਰ ਵਿਚ ਜਨਮ ਲੈ ਕੇ ਸਾਰੇ ਸੂਬੇ ਵਿਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ।

ਮੁੱਖ ਮੰਤਰੀ ਨੂੰ ਆਪਣੇ ਹਲਕੇ ਵਿਚ ਪੈਰ ਪਾਉਣਾ ਮੁਸ਼ਕਲ ਹੋ ਗਿਆ ਸੀ। ਇਥੋਂ ਤਕ ਕਿ ਆਪਣੇ ਜ਼ਿਲ੍ਹੇ ਵਿਚ ਸਮਾਗਮ ਰੱਖਣ ਤੋਂ ਪਹਿਲਾਂ ਸੌ ਵਾਰ ਸੋਚਣਾ ਪੈਂਦਾ ਸੀ। ਇਸਤਰੀ ਸਭਾ ਤੋਂ ਲੈ ਕੇ ਹੈਲਪਲਾਈਨ ਤਕ ਦੇ ਕਾਰਕੁੰਨ ਸੰਮਤੀ ਨਾਲ ਜੁੜ ਗਏ। ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵਿਚੋਂ ਵੀ ਇਨਸਾਫ਼ ਦੀ ਮੰਗ ਉੱਠਣ ਲੱਗ ਪਈ ਸੀ। ਜੇ ਹਾਲਾਤ ਇਸੇ ਤਰ੍ਹਾਂ ਵਿਗੜਦੇ ਰਹੇ ਤਾਂ ਮੁੱਖ ਮੰਤਰੀ ਨੂੰ ਆਪਣੀ ਸੀਟ ਦੇ ਨਾਲ-ਨਾਲ ਆਪਣੀ ਪਾਰਟੀ ਨੂੰ ਬਚਾਉਣਾ ਮੁਸ਼ਕਲ ਹੋ ਸਕਦਾ ਹੈ।

ਬੰਟੀ ਨੂੰ ਕਤਲ ਹੋਇਆਂ ਕਈ ਸਾਲ ਬੀਤ ਚੁੱਕੇ ਸਨ। ਉਸ ਤੋਂ ਪਿੱਛੋਂ ਹੋਰ ਸੈਂਕੜੇ ਵਾਰਦਾਤਾਂ ਹੋ ਚੁੱਕੀਆਂ ਸਨ। ਲੋਕ ਬੰਟੀ ਨੂੰ ਭੁੱਲ-ਭੁਲਾ ਗਏ ਸਨ। ਖ਼ੁਦ ਸੰਮਤੀ ਨੇ ਕਈ ਹੋਰ ਮੁਕੱਦਮਿਆਂ ਵਿਚ ਟੰਗ ਅੜਾ ਲਈ ਸੀ।

ਕਿਸੇ ਨਾ ਕਿਸੇ ਬਹਾਨੇ ਪਾਲੇ ਮੀਤੇ ਨੂੰ ਰਿਹਾਅ ਕੀਤਾ ਜਾਵੇ। ਸੰਮਤੀ ਦੇ ਹੇਠੋਂ ਪੌੜੀ ਖਿਸਕਾ ਕੇ ਉਸ ਨੂੰ ਕੋਠੇ ਚੜ੍ਹਨ ਤੋਂ ਰੋਕਿਆ ਜਾਵੇ।

ਸੱਪ ਵੀ ਮਰ ਜਾਵੇ ਅਤੇ ਸੋਟੀ ਵੀ ਨਾ ਟੁੱਟੇ। ਇਹ ਵਿਚਾਰਨ ਲਈ ਮੁੱਖ ਮੰਤਰੀ ਨੇ ਅਫ਼ਸਰਾਂ ਅਤੇ ਸਲਾਹਕਾਰਾਂ ਦੀ ਮੀਟਿੰਗ ਬੁਲਾਈ।

ਖ਼ੁਫ਼ੀਆ ਵਿਭਾਗ ਦੇ ਮੁਖੀ ਨੇ ਹਰਮਨਬੀਰ ਹੋਰਾਂ ਦੇ ਬੰਟੀ ਦਾ ਅਸਲ ਕਾਤਲ ਹੋਣ ਦੀ ਪੁਸ਼ਟੀ ਕੀਤੀ। ਅਸਲ ਕਾਤਲ ਫੜਨ ਵਿਚ ਕੁਤਾਹੀ ਕਿਉਂ ਹੋਈ ? ਫੇਰ ਇਹ ਸਪੱਸ਼ਟ ਕੀਤਾ। ਉਸ ਸਮੇਂ ਮੁੱਖ ਮੰਤਰੀ ਨੇ ਬੰਟੀ ਦੇ ਕਾਤਲਾਂ ਨੂੰ ਭੋਗ ਤੋਂ ਪਹਿਲਾਂ ਫੜੇ ਜਾਣ ਦਾ ਐਲਾਨ ਕਰ ਦਿੱਤਾ ਸੀ। ਪੁਲਿਸ ਨੂੰ ਅਸਲ ਕਾਤਲਾਂ ਦੀ ਸੂਹ ਨਾ ਲੱਗੀ। ਮੁੱਖ ਮੰਤਰੀ ਦੀ ਪੱਗ ਬਚਾਉਣੀ ਵੀ ਜ਼ਰੂਰੀ ਸੀ। ਕੁੜਿੱਕੀ ਵਿਚ ਫਸੀ ਪੁਲਿਸ ਨੂੰ ਝੂਠੀ ਕਹਾਣੀ ਘੜਨੀ ਪਈ। ਪਾਲੇ ਮੀਤੇ ਨੂੰ ਫਸਾਉਣ ਵਿਚ ਕਿਸੇ ਪੁਲਿਸ ਅਫ਼ਸਰ ਦੀ ਕੋਈ ਬਦਨੀਅਤੀ ਨਹੀਂ ਸੀ।

ਇਸ ਪੜਾਅ 'ਤੇ ਗ਼ਲਤੀ ਸੁਧਾਰਨ ਦਾ ਕੋਈ ਫ਼ਾਇਦਾ ਨਹੀਂ ਸੀ। ਹੁਣ ਅਸਲ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਨਾਲ ਪੁਲਿਸ ਦੀ ਕਾਰਗੁਜ਼ਾਰੀ ਦੇ ਨਾਲ-ਨਾਲ ਸਰਕਾਰ ਉੱਪਰ ਵੀ ਉਂਗਲ ਉੱਠਣੀ ਸੀ। ਮੁੱਖ ਮੰਤਰੀ ਦੀ ਨਿੱਜੀ ਸਾਖ਼ ਨੂੰ ਧੱਕਾ ਲੱਗ ਸਕਦਾ ਸੀ।

ਕੁੜਿੱਕੀ ਵਿਚੋਂ ਸਹੀ-ਸਲਾਮਤ ਨਿਕਲਣ ਲਈ ਐਡਵੋਕੇਟ ਜਨਰਲ ਨੇ ਸੁਝਾਅ ਪੇਸ਼ ਕੀਤਾ :



"ਸਰਕਾਰ ਕੋਲ ਕੈਦੀਆਂ ਦੀ ਸਜ਼ਾ ਮੁਆਫ਼ ਕਰਨ ਦਾ ਅਧਿਕਾਰ ਹੈ। ਸਰਕਾਰ ਉਸ ਅਧਿਕਾਰ ਦੀ ਵਰਤੋਂ ਕਰੇ। ਪਾਲੇ ਮੀਤੇ ਦੀ ਬਾਕੀ ਰਹਿੰਦੀ ਸਜ਼ਾ ਮੁਆਫ਼ ਕਰ ਕੇ ਉਹਨਾਂ ਨੂੰ ਰਿਹਾਅ ਕਰ ਦੇਵੇ। ਸਰਕਾਰ ਵੱਲੋਂ ਦਿਖਾਈ ਇਸ ਖੁਲ੍ਹਦਿਲੀ 'ਤੇ ਲੋਕ ਵਾਹ-ਵਾਹ ਕਰ ਉੱਠਣਗੇ। ਲੋਕਾਂ ਦੇ ਸੰਮਤੀ ਦਾ ਖਹਿੜਾ ਛੱਡ ਜਾਣ ਨਾਲ ਸੰਮਤੀ ਦੇ ਗ਼ੁਬਾਰੇ ਦੀ ਫੂਕ ਆਪੇ ਨਿਕਲ ਜਾਏਗੀ।

ਮੁੱਖ ਮੰਤਰੀ ਨੂੰ ਇਹ ਸੁਝਾਅ ਪਰਵਾਨ ਨਹੀਂ ਸੀ।

ਆਪਣੇ ਸ਼ੁਭਚਿੰਤਕਾਂ ਰਾਹੀਂ ਉਹ ਇਹ ਸੁਝਾਅ ਸੰਮਤੀ ਕੋਲ ਪਹਿਲਾਂ ਹੀ ਭੇਜ ਚੁੱਕਾ ਸੀ। ਸੰਮਤੀ ਇਸ ਸੁਝਾਅ ਨੂੰ ਠੁਕਰਾ ਚੁੱਕੀ ਸੀ। ਉਹ ਕਹਿੰਦੀ ਸੀ :

"ਇਸ ਤਰ੍ਹਾਂ ਪਾਲੇ ਮੀਤੇ ਦਾ ਕਾਤਲ ਹੋਣਾ ਸਿੱਧ ਹੋਏਗਾ। ਨਾਲੇ ਇਸ ਤਰ੍ਹਾਂ ਉਹਨਾਂ ਦੀ ਰਿਹਾਈ ਸਰਕਾਰ ਦੀ ਮਿਹਰਬਾਨੀ ਦਾ ਸਿੱਟਾ ਮੰਨੀ ਜਾਏਗੀ। ਸੰਮਤੀ ਚਾਹੁੰਦੀ ਹੈ, ਸਰਕਾਰ ਪਹਿਲਾਂ ਉਹਨਾਂ ਨੂੰ ਬੇਕਸੂਰ ਘੋਸ਼ਿਤ ਕਰੇ। ਫੇਰ ਬਾਇੱਜ਼ਤ ਰਿਹਾਅ ਕਰੇ। ਹੋਈ ਖੱਜਲ-ਖ਼ੁਆਰੀ ਲਈ ਮੁਆਵਜ਼ਾ ਦੇਵੇ। ਅਸਲ ਕਾਤਲਾਂ ਨੂੰ ਫੜ ਕੇ ਉਹਨਾਂ 'ਤੇ ਮੁਕੱਦਮਾ ਚਲਾਏ।"

ਐਡਵੋਕੇਟ ਜਨਰਲ ਸੰਮਤੀ ਦੇ ਇਹਨਾਂ ਵਿਚਾਰਾਂ ਨੂੰ ਧਿਆਨ ਵਿਚ ਰੱਖ ਕੇ ਕੋਈ ਸੁਝਾਅ ਦੇਵੇ।

"ਦੋਹਾਂ ਦੋਸ਼ੀਆਂ ਨੇ ਸੈਸ਼ਨ ਕੋਰਟ ਦੇ ਫ਼ੈਸਲੇ ਨੂੰ ਹਾਈ ਕੋਰਟ ਚੁਣੌਤੀ ਦਿੱਤੀ ਹੋਈ ਹੈ। ਸਰਕਾਰ ਕੋਲ ਹਰ ਪੜਾਅ 'ਤੇ ਮੁਕੱਦਮਾ ਵਾਪਸ ਲੈਣ ਦਾ ਅਧਿਕਾਰ ਹੈ। ਇਸ ਅਧਿਕਾਰ ਦੀ ਵਰਤੋਂ ਕਰ ਕੇ ਪਾਲੇ ਮੀਤੇ ਨੂੰ ਬਰੀ ਕਰਾਇਆ ਜਾ ਸਕਦਾ ਹੈ। ਪਰ ਨਵੇਂ ਦੋਸ਼ੀਆਂ ਉਪਰ ਮੁਕੱਦਮਾ ਚਲਾਉਣਾ ਸੰਭਵ ਨਹੀਂ ਹੋਏਗਾ। ਅਦਾਲਤ ਇਕ ਵਾਰ ਪਾਲੇ ਮੀਤੇ ਨੂੰ ਬੰਟੀ ਦੇ ਕਾਤਲ ਕਰਾਰ ਦੇ ਚੁੱਕੀ ਹੈ। ਪਹਿਲਾ ਫ਼ੈਸਲਾ ਰੱਦ ਕਰ ਕੇ ਅਦਾਲਤ ਕੋਲ ਦੁਬਾਰਾ ਮੁਕੱਦਮਾ ਚਲਾਉਣ ਦਾ ਕੋਈ ਅਧਿਕਾਰ ਨਹੀਂ। ਇਕੋ ਸਮੇਂ ਸੰਮਤੀ ਦੀਆਂ ਦੋਵੇਂ ਮੰਗਾਂ ਨਹੀਂ ਮੰਨੀਆਂ ਜਾ ਸਕਦੀਆਂ।"

"ਇਹ ਕੋਈ ਕਾਨੂੰਨ ਹੈ, ਜਿਹੜਾ ਅਸਲ ਕਾਤਲਾਂ ਨੂੰ ਸਜ਼ਾ ਨਹੀਂ ਕਰਵਾ ਸਕਦਾ ਅਤੇ ਨਿਰਦੋਸ਼ਾਂ ਨੂੰ ਬਰੀ ਨਹੀਂ ਕਰਵਾ ਸਕਦਾ।"

"ਕੋਈ ਕਾਨੂੰਨਦਾਨ ਕੁਝ ਨਹੀਂ ਕਰ ਸਕਦਾ। ਕਾਨੂੰਨ ਹੀ ਅਜਿਹਾ ਹੈ। ਅਸਲ ਵਿਚ ਇਹ ਬਹੁਤ ਪੁਰਾਣਾ ਹੈ। ਸਮੇਂ ਅਨੁਸਾਰ ਸੋਧ ਹੋਣੀ ਚਾਹੀਦੀ ਹੈ ਪਰ....."

"ਪਰ ਸਰਕਾਰ ਕੋਲ ਇਸ ਲਈ ਵਕਤ ਨਹੀਂ ਹੈ। ਇਹੋ ਆਖਣਾ ਹੈ ਨਾ ?"

ਐਡਵੋਕੇਟ ਜਨਰਲ ਕੀ ਕਹਿਣ ਜਾ ਰਿਹਾ ਹੈ, ਮੁੱਖ ਮੰਤਰੀ ਪਹਿਲਾਂ ਹੀ ਭਾਂਪ ਗਿਆ। ਆਪਣੇ ਹੀ ਸਲਾਹਕਾਰ ਕੋਲੋਂ ਹੋਣ ਜਾ ਰਹੀ ਆਲੋਚਨਾ ਤੋਂ ਤਿਲਮਿਲਾਏ ਮੁੱਖ ਮੰਤਰੀ ਨੇ ਉਸ ਨੂੰ ਪਹਿਲਾਂ ਹੀ ਟੋਕ ਦਿੱਤਾ।

"ਨਹੀਂ ਸਰ! ਮੇਰਾ ਇਹ ਮਤਲਬ ਨਹੀਂ ਹੈ।"

"ਕਾਨੂੰਨ ਸੁਧਾਰਾਂ ਬਾਰੇ ਬਹਿਸ ਕਿਸੇ ਦਿਨ ਫੇਰ ਕਰ ਲਵਾਂਗੇ। ਹੁਣ ਜਿਸ ਮਸਲੇ ਦੇ ਹੱਲ ਲਈ ਬੈਠੇ ਹਾਂ, ਉਸ ਬਾਰੇ ਸੋਚੋ।"

"ਸਰਕਾਰ ਸਰਕਾਰ ਹੈ। ਉਸ ਨੂੰ ਕਿਸੇ ਕੋਲੋਂ ਸਹਿਮਤੀ ਲੈਣ ਦੀ ਜ਼ਰੂਰਤ ਨਹੀਂ ਹੈ। ਸਰਕਾਰ ਇਕਤਰਫ਼ਾ ਫ਼ੈਸਲਾ ਲਏ, ਪਾਲੇ ਮੀਤੇ ਨੂੰ ਰਿਹਾਅ ਕਰ ਦੇਵੇ।"

"ਤੇਰਾ ਮਤਲਬ ਹੈ ਸਰਕਾਰ ਆਪਣੇ ਪੈਰ 'ਤੇ ਆਪ ਕੁਹਾੜਾ ਮਾਰ ਲਏ। ਆਪ ਕੇਸ ਵਾਪਸ ਲੈ ਕੇ ਇਹ ਮੰਨ ਲਏ ਕਿ ਪਾਲਾ ਮੀਤਾ ਬੇਕਸੂਰ ਹਨ। ਇਸ ਤਰ੍ਹਾਂ ਕਰਨ ਨਾਲ ਸੰਮਤੀ ਦੇ ਹੱਥ

ਹੋਰ ਮਜ਼ਬੂਤ ਨਹੀਂ ਹੋਣਗੇ ? ਉਸ ਨੂੰ ਆਪਣਾ ਸੰਘਰਸ਼ ਤਿੱਖਾ ਕਰਨ ਦਾ ਮੌਕਾ ਨਹੀਂ ਮਿਲੇਗਾ ? ਕਹਿਣਗੇ ਹੁਣ ਅਸਲ ਕਾਤਲਾਂ ਨੂੰ ਫੜੋ। ਉਧਰ ਤੂੰ ਕਹਿਨੈਂ ਦੁਬਾਰਾ ਮੁਕੱਦਮਾ ਨਹੀਂ ਚੱਲ ਸਕਦਾ। ਮਰਿਆ ਸੱਪ ਸਰਕਾਰ ਆਪਣੇ ਗਲ ਕਿਸ ਤਰ੍ਹਾਂ ਪਾ ਲਏ ?"

ਨਿਰਉੱਤਰ ਹੋਇਆ ਐਡਵੋਕੇਟ ਜਨਰਲ ਮੂੰਹ ਵਿਚ ਉਂਗਲ ਪਾ ਕੇ ਸੋਚਣ ਲੱਗਾ।

"ਕੋਈ ਗੱਲ ਨਹੀਂ। ਜੇ ਕੋਈ ਕਾਨੂੰਨੀ ਹੱਲ ਨਹੀਂ ਲੱਭਦਾ, ਨਾ ਸਹੀ। ਤੁਸੀਂ ਚੱਲੋ। ਅਸੀਂ ਕੋਈ ਸਿਆਸੀ ਹੱਲ ਲੱਭਦੇ ਹਾਂ।"

ਆਖ ਕੇ ਮੁੱਖ ਮੰਤਰੀ ਨੇ ਅਫ਼ਸਰ ਫ਼ਾਰਗ ਕੀਤੇ।

ਸਮੱਸਿਆ ਦਾ ਸਿਆਸੀ ਹੱਲ ਲੱਭਣ ਲਈ ਉਹ ਸਿਆਸੀ ਸਲਾਹਕਾਰਾਂ ਨਾਲ ਮਸ਼ਵਰਾ ਕਰਨ ਲੱਗਾ।



# 37

ਹਾਕਮ ਸਿੰਘ ਨੇ ਜੇਲ੍ਹ ਸੁਪਰਡੈਂਟ ਦੇ ਸਿਰ ਵਿਚ ਪਤਾ ਨਹੀਂ ਕੀ ਜਾਦੂ ਝਾੜ ਦਿੱਤਾ ਸੀ। ਉਹ ਸਾਰਾ ਦਿਨ ਉਸ ਨੂੰ ਕੋਲ ਬਿਠਾਈ ਰੱਖਦਾ ਸੀ। ਉਹ ਜਿਹੜਾ ਵੀ ਹੁਕਮ ਲਿਖ ਕੇ ਉਸ ਅੱਗੇ ਰੱਖਦਾ, ਉਹ ਬਿਨਾਂ ਪੜ੍ਹੇ ਉਸ ਉਪਰ ਦਸਤਖ਼ਤ ਕਰ ਦਿੰਦਾ ਸੀ।

ਹਾਕਮ ਦੇ ਆਖਣ 'ਤੇ ਪਿਛਲੇ ਕੁਝ ਦਿਨਾਂ ਤੋਂ ਜੇਲ੍ਹ ਮੁਲਾਜ਼ਮਾਂ ਦੀ ਖਿਚਾਈ ਹੋ ਰਹੀ ਸੀ।

ਇਕ ਕੈਦੀ ਦੇ ਪਿੱਛੇ ਲੱਗ ਕੇ ਸੁਪਰਡੈਂਟ ਨੇ ਡਾਕਟਰ ਨੂੰ ਆਪਣੇ ਦਫ਼ਤਰ ਬੁਲਾਇਆ। ਕਾਲੂ ਦਾ ਮੁਆਇਨਾ ਆਪਣੇ ਸਾਹਮਣੇ ਕਰਵਾਇਆ। ਮਜਬੂਰੀ ਵੱਸ ਡਾਕਟਰ ਨੂੰ ਸਹੀ ਰਿਪੋਰਟ ਦੇਣੀ ਪਈ। ਚੋਰੀ ਫੜੀ ਜਾਣ 'ਤੇ ਡਾਕਟਰ ਨੇ ਪਾਣੀ ਆਪਣੇ ਕੰਪਾਊਡਰ ਵੱਲ ਵਹਾ ਦਿੱਤਾ, "ਮੈਨੂੰ ਦਿਨ ਵਿਚ ਸੈਂਕੜੇ ਮਰੀਜ਼ਾਂ ਨੂੰ ਦੇਖਣਾ ਪੈਂਦਾ ਹੈ। ਮਰੀਜ਼ ਦੀ ਮੁੱਢਲੀ ਜਾਂਚ ਕੰਪਾਊਡਰ ਕਰਦਾ ਹੈ। ਬੀਮਾਰੀ ਗੰਭੀਰ ਹੋਣ 'ਤੇ ਹੀ ਮੇਰੇ ਅੱਗੇ ਪੇਸ਼ ਕਰਦਾ ਹੈ। ਕਾਲੂ ਇੰਨਾ ਬੀਮਾਰ ਹੈ, ਇਹ ਮੈਨੂੰ ਕੰਪਾਊਡਰ ਨੇ ਕਦੇ ਨਹੀਂ ਸੀ ਦੱਸਿਆ।"

ਕਾਲੂ ਨੂੰ ਤੁਰੰਤ ਹਸਪਤਾਲ ਦਾਖ਼ਲ ਕੀਤਾ ਗਿਆ। ਅਣਗਹਿਲੀ ਕਰਨ ਕਾਰਨ ਕੰਪਾਊਡਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ।

ਸੁਪਰਡੈਂਟ ਦੀ ਇਸ ਕਾਰਵਾਈ ਉਪਰ ਡਾਕਟਰ ਅਤੇ ਕੰਪਾਊਡਰ ਦੋਵੇਂ ਨਰਾਜ਼ ਸਨ।

ਜ਼ਨਾਨਾ ਜੇਲ੍ਹ ਦੀ ਵਾਰਡਰ ਮਿੱਲੀ ਨਾਲ ਵੀ ਅਜਿਹਾ ਕੁਝ ਵਾਪਰਿਆ ਸੀ। ਮਿੱਠੋ ਨੇ ਉਸ ਨੂੰ ਸੈਂਕੜੇ ਦਰਖ਼ਾਸਤਾਂ ਫੜਾਈਆਂ ਸਨ। ਉਸ ਨੇ ਸਭ ਦਬਾ ਲਈਆਂ ਸਨ। ਮਿੱਲੀ ਬਹੁਤ ਗਿੜਗਿੜਾਈ, "ਮਿੱਠੋ ਕੁਝ ਸਮੇਂ ਤੋਂ ਨੀਮ ਪਾਗ਼ਲਾਂ ਵਰਗਾ ਵਿਵਹਾਰ ਕਰਦੀ ਹੈ। ਦਿਨ ਵਿਚ ਚਾਰ-ਚਾਰ ਦਰਖ਼ਾਸਤਾਂ ਮੈਨੂੰ ਫੜਾ ਦਿੰਦੀ ਹੈ। ਪਹਿਲੀਆਂ ਕੁਝ ਦਰਖ਼ਾਸਤਾਂ ਮੈਂ ਮੁਨਾਸਿਬ ਹੁਕਮਾਂ ਲਈ ਉਪਰ ਭੇਜੀਆਂ। ਉਹ ਸਭ ਰੱਦ ਹੋ ਗਈਆਂ। ਜਦੋਂ ਫੇਰ ਮੈਂ ਦਰਖ਼ਾਸਤ ਭੇਜੀ ਤਾਂ ਡਿਪਟੀ ਵੱਲੋਂ ਮੈਨੂੰ ਝਾੜ ਪਈ। ਕਹਿੰਦੇ ਕੈਦਣ ਤਾਂ ਪਾਗ਼ਲ ਹੈ। ਤੂੰ ਤਾਂ ਸਿਆਣੀ ਹੈਂ। ਡਿਪਟੀ ਦਾ ਹੁਕਮ ਮੰਨ ਕੇ ਮੈਂ ਦਰਖ਼ਾਸਤਾਂ ਉਪਰ ਭੇਜਣੀਆਂ ਬੰਦ ਕੀਤੀਆਂ ਸਨ।"

ਮਿੱਲੀ ਦੇ ਮਿੰਨਤ-ਤਰਲੇ ਦਾ ਸੁਪਰਡੈਂਟ 'ਤੇ ਕੋਈ ਅਸਰ ਨਹੀਂ ਸੀ ਹੋਇਆ। ਉਸ ਨੂੰ ਵੀ ਸਜ਼ਾ ਮਿਲਣ ਵਾਲੀ ਸੀ।

ਉਪਰੋਂ ਸਿਤਮ ਇਹ ਕਿ ਮਿੱਠੋ ਨੂੰ ਮੁੜ ਫ਼ਿਰੋਜ਼ਪੁਰ ਜੇਲ੍ਹ ਭੇਜੇ ਜਾਣ ਦੀ ਸਿਫ਼ਾਰਸ਼ ਉਪਰੋਂ ਮਨਜ਼ੂਰ ਹੋ ਗਈ ਸੀ। ਮਿੱਠੋ ਕਿਸੇ ਵੀ ਸਮੇਂ ਇਥੋਂ ਜਾ ਸਕਦੀ ਸੀ।

ਮਿੱਲੀ ਦੇ ਨਾਲ-ਨਾਲ ਫ਼ਿਰੋਜ਼ਪੁਰ ਜੇਲ੍ਹ ਦਾ ਦਰੋਗ਼ਾ ਵੀ ਔਖਾ ਸੀ।

ਨੱਥੇ ਵਾਰਡਰ ਨੂੰ ਮੁਲਾਕਾਤਾਂ ਵਾਲੀ ਡਿਊਟੀ ਤੋਂ ਹਟਾ ਕੇ ਜੇਲ੍ਹ ਦੇ ਕੇਂਦਰੀ ਟਾਵਰ ਉਪਰ ਚੜ੍ਹਾ ਦਿੱਤਾ ਗਿਆ ਸੀ। ਕਿਸੇ ਕੈਦੀ ਨੇ ਉਸ ਉਪਰ ਦੋਸ਼ ਲਾਇਆ ਸੀ, "ਬਿਨਾਂ ਪੈਸੇ ਕਿਸੇ ਦੀ ਮੁਲਾਕਾਤ ਨਹੀਂ ਕਰਾਉਂਦਾ। ਮੁਲਾਕਾਤ ਦਾ ਸਮਾਂ ਮਿਲੇ ਪੈਸਿਆਂ ਅਨੁਸਾਰ ਤਹਿ ਕਰਦਾ

ਹੈ। ਜਿੰਨੇ ਪੈਸੇ ਵੱਧ, ਓਨਾ ਸਮਾਂ ਵੱਧ। ਕੋਈ ਵੱਧ ਮੁੱਠੀ ਗਰਮ ਕਰ ਦੇਵੇ ਤਾਂ ਕੈਦੀ ਨੂੰ ਦਫ਼ਤਰ ਬੁਲਾ ਕੇ ਮੁਲਾਕਾਤੀ ਦੇ ਸਾਹਮਣੇ ਬਿਠਾ ਦਿੰਦਾ ਹੈ। ਜੇ ਔਰਤ ਹੋਵੇ ਤਾਂ ਇਕਾਂਤ ਦਾ ਪ੍ਰਬੰਧ ਕਰ ਦਿੰਦਾ ਹੈ। ਸ਼ਿਕਾਇਤੀ ਨੂੰ ਸ਼ਿਕਾਇਤ ਸੀ ਕਿ ਦੂਰੋਂ ਆਇਆ ਉਸ ਦਾ ਮੁਲਾਕਤੀ ਦੋ ਵਾਰ ਬੇਰੰਗ ਮੁੜ ਗਿਆ ਸੀ। ਕੈਦੀ ਨੂੰ ਆਏ ਮੁਲਾਕਾਤੀ ਬਾਰੇ ਸੂਚਿਤ ਤਕ ਨਹੀਂ ਸੀ ਕੀਤਾ ਗਿਆ। ਤੀਸਰੀ ਵਾਰ ਮੁਲਾਕਾਤ ਦਾ ਸਮਾਂ ਖ਼ਤਮ ਹੋਣ ਤੋਂ ਤਿੰਨ ਮਿੰਟ ਪਹਿਲਾਂ ਬੁਲਾਇਆ ਗਿਆ। ਕੈਦੀ ਨੇ ਘਰਦਿਆਂ ਦਾ ਹਾਲ-ਚਾਲ ਪੁੱਛਣਾ ਸ਼ੁਰੂ ਹੀ ਕੀਤਾ ਸੀ ਕਿ ਸਮਾਂ ਖ਼ਤਮ ਹੋਣ ਦਾ ਘੜਿਆਲ ਵੱਜ ਗਿਆ। ਮੁਲਾਕਾਤੀ ਨੂੰ ਮੂੰਹ ਲਟਕਾ ਕੇ ਵਾਪਸ ਮੁੜਨਾ ਪਿਆ। ਇਸ ਧੱਕੇ 'ਤੇ ਕੈਦੀ ਸਖ਼ਤ ਨਰਾਜ਼ ਸੀ।

ਅੱਧੇ ਅਸਮਾਨ ਵਿਚ ਟੰਗਿਆ ਨੱਥਾ ਦੁਆਨੀ-ਦੁਆਨੀ ਲਈ ਮੁਥਾਜ ਹੋਇਆ ਪਿਆ ਸੀ।

ਨਜ਼ਲਾ ਫ਼ਾਰਮ ਦੇ ਪੰਜਾ ਇੰਚਾਰਜ ਸੁਰਿੰਦਰ ਕੁਮਾਰ ਉਪਰ ਵੀ ਝੜਿਆ ਸੀ। ਸ਼ਿਕਾਇਤੀ ਕਹਿੰਦਾ ਸੀ, 'ਉਹ ਮੈਨੂੰ ਇਕ ਮਿੰਟ ਵੀ ਆਰਾਮ ਨਹੀਂ ਲੈਣ ਦਿੰਦਾ। ਕੰਮ ਵੀ ਔਖੇ ਤੋਂ ਔਖਾ ਦਿੰਦਾ ਹੈ। ਕਦੇ ਪਿੱਠ ਸਿੱਧੀ ਕਰਨ ਲੱਗਾਂ ਤੋਂ ਕੋੜੇ ਮਾਰ ਦਿੰਦਾ ਹੈ। ਜਿਹੜੇ ਦਾਰੂ ਸਿੱਕੇ ਦਾ ਪ੍ਰਬੰਧ ਕਰ ਦਿੰਦੇ ਹਨ, ਉਹ ਸਾਰਾ ਦਿਨ ਦਰੱਖ਼ਤਾਂ ਹੇਠ ਪਏ ਗੱਪਾਂ ਮਾਰਦੇ ਰਹਿੰਦੇ ਹਨ। ਭੁੱਕੀ ਪੀਂਦੇ ਰਹਿੰਦੇ ਹਨ।"

ਸੁਰਿੰਦਰ ਨੂੰ ਫ਼ਾਰਮ ਵਿਚੋਂ ਕੱਢ ਕੇ ਬਾਹਰਲੀ ਦੀਵਾਰ ਦੀ ਹਿਫ਼ਾਜ਼ਤ ਕਰਦੀ ਗਾਰਦ ਵਿਚ ਸ਼ਾਮਲ ਕਰ ਦਿੱਤਾ ਗਿਆ ਸੀ। ਨਾ ਕਿਸੇ ਕੈਦੀ ਨਾਲ ਵਾਹ ਪਏਗਾ ਨਾ ਸ਼ਿਕਾਇਤ ਹੋਏਗੀ।

ਬੈਜ ਨਾਥ ਜੇਲ੍ਹ ਕਰਮਚਾਰੀਆਂ ਦੀ ਯੂਨੀਅਨ ਦਾ ਸਰਗਰਮ ਮੈਂਬਰ ਸੀ। ਬੈਜ ਨਾਥ ਨੂੰ ਬਦਲਣ ਦੀ ਥਾਂ ਸੀਤਲ ਦੀ ਬੈਰਕ ਬਦਲ ਦਿੱਤੀ ਗਈ। ਤਰਕ ਵਜ਼ਨਦਾਰ ਦਿੱਤਾ ਗਿਆ, "ਹਵਾਲਾਤੀ ਅੱਲ੍ਹੜ ਉਮਰ ਹੈ। ਜੁਰਮ ਵੀ ਇਸ਼ਕ-ਮੁਸ਼ਕ ਵਾਲਾ ਕੀਤਾ ਹੈ। ਧੱਕੜਾਂ ਦੀ ਬੈਠਕ ਵਿਚ ਜ਼ਿਆਦਾ ਮੁਲਜ਼ਮ ਪੇਸ਼ੇਵਾਰ ਕਿਸਮ ਦੇ ਹਨ। ਉਹਨਾਂ ਵਿਚ ਰਹਿ ਕੇ ਨੌਜਵਾਨ ਦੇ ਵਿਗੜਨ ਦੀ ਵੱਧ ਸੰਭਾਵਨਾ ਹੈ। ਉਹ ਪਾੜ੍ਹਾ ਹੈ ਅਤੇ ਇਮਤਿਹਾਨ ਦੀ ਤਿਆਰੀ ਕਰ ਰਿਹਾ ਹੈ। ਧੱਕੜਾਂ ਦੀ ਬੈਰਕ ਵਿਚ ਸ਼ੋਰ-ਸ਼ਰਾਬਾ ਅਤੇ ਲੜਾਈ-ਝਗੜਾ ਹੁੰਦਾ ਰਹਿੰਦਾ ਹੈ। ਪੜ੍ਹਨ ਵਾਲੇ ਨੂੰ ਉਹ ਨਫ਼ਰਤ ਕਰਦੇ ਹਨ। ਕਿਤਾਬਾਂ ਖੋਹ ਕੇ ਗਟਰ ਵਿਚ ਸੁੱਟ ਦਿੰਦੇ ਹਨ। ਸੁਧਰਨ ਅਤੇ ਪੜ੍ਹਾਈ ਦਾ ਮੌਕਾ ਦੇਣ ਲਈ ਉਸ ਨੂੰ ਬਹਾਦਰਾਂ ਦੀ ਬੈਰਕ ਵਿਚ ਭੇਜਿਆ ਜਾਂਦਾ ਹੈ।"

ਬੈਜ ਨਾਥ ਨੂੰ ਸੀਤਲ ਦੀ ਬੈਰਕ ਬਦਲਣ 'ਤੇ ਕੋਈ ਇਤਰਾਜ਼ ਨਹੀਂ ਸੀ। ਉਸ ਦੀ ਹਿੱਕ 'ਤੇ ਸੱਪ ਉਸ ਸਮੇਂ ਲਿਟਣ ਲੱਗਾ ਜਦੋਂ ਬਹਾਦਰਾਂ ਦੀ ਬੈਰਕ ਦੇ ਸਹਾਇਕ ਦਰੋਗ਼ੇ ਰਾਹੀਂ ਸੀਤਲ ਦਾ ਫ਼ਾਰਮ ਮੰਗਵਾਇਆ ਗਿਆ ਅਤੇ ਫਿਰ ਵਿਸ਼ੇਸ਼ ਦੂਤ ਰਾਹੀਂ ਯੂਨੀਵਰਟਿਟੀ ਭੇਜਿਆ ਗਿਆ।

ਬੈਜ ਨਾਥ ਬੇਇੱਜ਼ਤੀ ਮਹਿਸੂਸ ਕਰ ਰਿਹਾ ਸੀ। ਉਸ ਨੂੰ ਆਪਣੀ ਬੈਰਕ ਵਿਚ ਜਾਂਦੇ ਨੂੰ ਸ਼ਰਮ ਆਉਂਦੀ ਸੀ। ਕੈਦੀ ਉਸਨੂੰ ਡੋ-ਡੋ ਕਰ ਰਹੇ ਸਨ। ਉਸ ਦਾ ਆਪਣੇ ਕੈਦੀਆਂ ਉਪਰੋਂ ਰੋਹਬ ਚੁੱਕਿਆ ਗਿਆ ਸੀ।

ਕੁਝ ਕਰਮਚਾਰੀਆਂ ਦੇ ਕੰਨ ਖਿੱਚੇ ਜਾ ਚੁੱਕੇ ਸਨ। ਬਾਕੀਆਂ ਨੂੰ ਖਿੱਚਦੇ ਨਜ਼ਰ ਆ ਰਹੇ ਸਨ।

ਮੁਲਾਜ਼ਮਾਂ ਵਿਚ ਦਿਨੋ-ਦਿਨ ਰੋਸ ਵਧਦਾ ਜਾ ਰਿਹਾ ਸੀ। ਡਰੇ-ਸਹਿਮੇ ਕਰਮਚਾਰੀ ਜਿਥੇ ਮਿਲਦੇ, ਇਸੇ ਧੱਕੜਸ਼ਾਹੀ ਦੇ ਚਰਚੇ ਛੇੜ ਕੇ ਬੈਠ ਜਾਂਦੇ।

ਮੁਲਾਜ਼ਮਾਂ ਨੂੰ ਹਾਕਮ ਨਾਲੋਂ ਵੱਧ ਗਿਲਾ ਆਪਣੇ ਅਫ਼ਸਰ ਉਪਰ ਸੀ। ਉਹ ਜੇ ਕਲਰਕਾਂ ਜਾਂ ਵਾਰਡਰਾਂ ਪਿੱਛੇ ਨਹੀਂ ਲੱਗਦਾ, ਨਾ ਲੱਗੇ। ਸਹਾਇਕ ਦਰੋਗ਼ਿਆਂ ਅਤੇ ਡਿਪਟੀਆਂ ਦੀ



ਤਾਂ ਮੰਨੇ। ਮੰਨ ਕਿਸ ਦੀ ਰਿਹਾ ਹੈ? ਇਕ ਕੈਦੀ ਦੀ। ਹਾਕਮ ਸਿੰਘ ਇਕ ਵਕੀਲ ਹੈ ਤਾਂ ਪਿਆ ਹੋਵੇ। ਉਸ ਨੇ ਜੇਲ੍ਹ ਸੁਧਾਰਾਂ ਬਾਰੇ ਜੇ ਕੁਝ ਕਿਤਾਬਾਂ ਪੜ੍ਹੀਆਂ ਹਨ, ਪੜ੍ਹੀਆਂ ਹੋਣ। ਇਸ ਸਮੇਂ ਉਹ ਕੈਦੀ ਹੈ। ਉਸ ਨਾਲ ਕੈਦੀਆਂ ਵਾਲਾ ਸਲੂਕ ਹੋਣਾ ਚਾਹੀਦਾ ਹੈ। ਅਫ਼ਸਰ ਬਣਾ ਕੇ ਮੁਲਾਜ਼ਮਾਂ ਦੇ ਸਿਰਾਂ ਉਪਰ ਬਿਠਾਉਣਾ ਉਹਨਾਂ ਨੂੰ ਮਨਜ਼ੂਰ ਨਹੀਂ।

ਹਾਕਮ ਸਿੰਘ ਨੇ ਨੇਤਾਵਾਂ ਦੇ ਭਾਸ਼ਣ ਸੁਣੇ ਹੋਣਗੇ। ਉਹਨਾਂ ਪਿੱਛੇ ਲੱਗ ਕੇ ਉਹ ਅਜੀਬ-ਅਜੀਬ ਮੰਗਾਂ ਰੱਖ ਰਿਹਾ ਹੈ। ਕਹਿੰਦਾ ਹੈ, "ਕੈਦੀਆਂ ਦੀ ਸਿੱਖਿਆ ਅਤੇ ਮਨੋਰੰਜਨ ਦਾ ਪ੍ਰਬੰਧ ਕਰੋ। ਵਧੀਆ ਸਿਹਤ ਸਹੂਲਤਾਂ ਦੇਵੋ। ਹਰ ਕੈਦੀ ਨੂੰ ਘਰ ਨਾਲ ਸੰਬੰਧ ਰੱਖਣ ਲਈ ਹਰ ਹਫ਼ਤੇ ਇਕ ਲਿਫ਼ਾਫ਼ਾ ਦਿਓ। ਬੀੜੀ-ਸਿਗਰਟ ਦਿਓ। ਮਾਲਸ਼ ਲਈ ਸਰ੍ਹੋਂ ਦਾ ਤੇਲ ਦਿਓ। ਕੱਪੜੇ ਧੋਣ ਲਈ ਸਾਬਣ ਦੇਵੋ। ਪਰਨੇ, ਚੁੰਨੀਆਂ ਅਤੇ ਅੰਡਰਵੀਅਰ ਦੇਵੋ। ਕਹਿੰਦਾ ਹੈ ਜੇਲ੍ਹ ਮੈਨੂਅਲ ਅਨੁਸਾਰ ਇਹ ਸਭ ਕੁਝ ਲੈਣਾ ਕੈਦੀਆਂ ਦਾ ਹੱਕ ਹੈ।"

ਹਾਕਮ ਸਿੰਘ ਨੂੰ ਪਤਾ ਨਹੀਂ ਪਰ ਜੇਲ੍ਹ ਅਧਿਕਾਰੀਆਂ ਨੂੰ ਤਾਂ ਪਤਾ ਹੈ ਕਿ ਨੇਤਾਵਾਂ ਨੂੰ ਝੂਠੇ ਵਾਅਦੇ ਕਰਨ ਦੀ ਆਦਤ ਹੈ। ਜਦੋਂ ਭਾਸ਼ਨ ਦੇਣ ਲੱਗਦੇ ਹਨ ਤਾਂ ਬਿਨਾਂ ਸੋਚੇ-ਸਮਝੇ ਵਾਅਦੇ ਕਰਦੇ ਜਾਂਦੇ ਹਨ। ਲੋਕ ਉਹਨਾਂ ਵਾਅਦਿਆਂ ਅਨੁਸਾਰ ਸਹੂਲਤਾਂ ਦੀ ਝਾਕ ਕਰਨ ਲੱਗਦੇ ਹਨ। ਜੇਲ੍ਹ ਵਿਭਾਗ ਉਹ ਸਹੂਲਤਾਂ ਦੇਣ ਲਈ ਜਦੋਂ ਪੈਸੇ ਦੀ ਮੰਗ ਕਰਦਾ ਹੈ ਤਾਂ ਖ਼ਾਲੀ ਠੂਠਾ ਦਿਖਾ ਕੇ ਕਹਿ ਦਿੰਦੇ ਹਨ, "ਬਜਟ ਵਾਧੂ ਖ਼ਰਚੇ ਦੀ ਇਜਾਜ਼ਤ ਨਹੀਂ ਦਿੰਦਾ।"

ਜੇਲ੍ਹ ਕਰਮਚਾਰੀਆਂ ਨੂੰ ਕੱਛੇ-ਪਰਨੇ ਵੰਡਣ ਵਿਚ ਕੀ ਇਤਰਾਜ਼ ਹੈ? ਪਰ ਇਹ ਸਾਮਾਨ ਸਟੋਰ ਵਿਚ ਹੋਵੇ ਤਾਂ ਸਹੀ। ਜੇਲ੍ਹ ਮੈਨੂਅਲ ਕਦੇ ਉਹਨਾਂ ਪੜ੍ਹਿਆ ਹੀ ਨਹੀਂ। ਆਪਣੀ ਵੀਹ-ਵੀਹ ਸਾਲ ਦੀ ਨੌਕਰੀ ਦੇ ਤਜਰਬੇ ਦੇ ਆਧਾਰ 'ਤੇ ਉਹ ਕਹਿ ਸਕਦੇ ਹਨ ਕਿ ਇਹ ਸਾਮਾਨ ਕਦੇ ਸਟੋਰ ਵਿਚ ਆਇਆ ਹੀ ਨਹੀਂ। ਹੋ ਸਕਦਾ ਹੈ ਕਾਗ਼ਜ਼ੀਂ-ਪੱਤਰੀਂ ਆਉਂਦਾ ਹੋਵੇ ਅਤੇ ਉਪਰ ਹੀ ਖਾਧਾ-ਪੀਤਾ ਜਾਂਦਾ ਹੋਵੇ। ਬਾਕੀ ਸਮਾਨ ਨਾਲ ਵੀ ਇੰਜ ਹੀ ਵਾਪਰਦਾ ਹੈ। ਅੱਧਾ ਸਾਮਾਨ ਉਪਰਲੇ ਰੱਖ ਲੈਂਦੇ ਹਨ। ਡਰਾ-ਧਮਕਾ ਕੇ ਰਸੀਦਾਂ 'ਤੇ ਦਸਤਖ਼ਤ ਕਰਵਾ ਲੈਂਦੇ ਹਨ। ਜੋ ਅੱਧ-ਪਚੱਧ ਆਉਂਦਾ ਹੈ, ਉਹ ਹੇਠਲੇ ਅਫ਼ਸਰਾਂ ਦੇ ਘਰੀਂ ਚਲਿਆ ਜਾਂਦਾ ਹੈ। ਮੁਲਾਜ਼ਮਾਂ ਦੇ ਹਿੱਸੇ ਖ਼ਾਲੀ ਬੋਰੀਆਂ ਆਉਂਦੀਆਂ ਹਨ, ਕੈਦੀਆਂ ਹਿੱਸੇ ਭੁੱਖ ਨੰਗ।

ਪਿਛਲੇ ਸਾਲ ਕੈਦੀਆਂ ਦੀਆਂ ਫ਼ਲੱਸ਼-ਟੱਟੀਆਂ ਦੀ ਮੁਰੰਮਤ ਲਈ ਸਰਕਾਰ ਨੇ ਰੋ-ਪਿੱਟ ਕੇ ਮਸਾਂ ਦੋ ਲੱਖ ਰੁਪਿਆ ਮਨਜ਼ੂਰ ਕੀਤਾ ਸੀ। ਜੇਲ੍ਹ ਸੁਪਰਡੈਂਟ ਕਹਿੰਦਾ ਸੀ, ਉਸ ਦੀ ਕੋਠੀ ਦੇ ਡਰਾਇੰਗ ਰੂਮ ਦੀ ਸਜਾਵਟ ਵਿਗੜੀ ਪਈ ਹੈ, ਇਹ ਪੈਸਾ ਉਸ ਨੇ ਉਥੇ ਵਰਤਣਾ ਹੈ। ਡਿਪਟੀ ਕਹਿੰਦੇ ਸਨ ਕਿ ਉਹਨਾਂ ਦੀਆਂ ਰਸੋਈਆਂ ਦਾ ਭੈੜਾ ਹਾਲ ਹੈ। ਉਹਨਾਂ ਦੀਆਂ ਬੀਵੀਆਂ ਖ਼ੁਸ਼ ਕਰੋ। ਮੀਂਹਾਂ ਵਿਚ ਮੁਲਾਜ਼ਮਾਂ ਦੇ ਕੁਆਰਟਰ ਚੋਣ ਲੱਗਦੇ ਹਨ। ਉਹ ਕਹਿੰਦੇ ਹਨ, ਛੱਤਾਂ ਉਪਰ ਮਿੱਟੀ ਪੁਵਾਓ। ਇਸ ਖਿੱਚੋਤਾਣ ਵਿਚ ਇਕ ਮਹੀਨਾ ਲੰਘ ਗਿਆ। ਉਹ ਬਿੱਲੀਆਂ ਵਾਂਗ ਲੜਦੇ ਹੀ ਰਹਿ ਗਏ। ਪੈਸਾ ਆਈ.ਜੀ. ਸਾਹਿਬ ਨੇ ਉਪਰ ਮੰਗਵਾ ਲਿਆ। ਕਹਿੰਦੇ, "ਮੰਤਰੀ ਜੀ ਦੇ ਬਾਥਰੂਮ ਦੀ ਮੁਰੰਮਤ ਸਭ ਤੋਂ ਜ਼ਰੂਰੀ ਹੈ।"

ਇਹਨਾਂ ਪੈਸਿਆਂ ਵਾਂਗ ਬੀੜੀਆਂ ਸਿਗਰਟਾਂ ਅਤੇ ਚੁੰਨੀਆਂ ਸ਼ਮੀਜ਼ਾਂ ਲਈ ਆਉਂਦੇ ਪੈਸੇ ਕਿਸੇ ਹੋਰ ਭਲੇ ਕੰਮ ਲਈ ਵਰਤ ਲਏ ਜਾਂਦੇ ਹੋਣ, ਇਸ ਬਾਰੇ ਮੁਲਾਜ਼ਮ ਕੁਝ ਨਹੀਂ ਜਾਣਦੇ।

ਹਾਕਮ ਪੜ੍ਹਿਆ-ਲਿਖਿਆ ਜ਼ਰੂਰ ਹੈ, ਪਰ ਤਜਰਬੇ ਦੀ ਬਹੁਤ ਘਾਟ ਹੈ। ਉਹ ਨੇਤਾਵਾਂ ਦੇ ਭਾਸ਼ਣਾਂ ਦਾ ਹਵਾਲਾ ਦੇ-ਦੇ ਕੈਦੀਆਂ ਲਈ ਸਹੂਲਤਾਂ ਦੀ ਮੰਗ ਕਰਦਾ ਹੈ। ਉਸ ਨੂੰ ਪਤਾ

ਹੋਣਾ ਚਾਹੀਦਾ ਹੈ ਕਿ ਭਾਸ਼ਣ ਕੇਵਲ ਤਾੜੀਆਂ ਦੀ ਮਿੱਠੀ ਗੜਗੜਾਹਟ ਅਤੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਨ ਲਈ ਦਿੱਤੇ ਜਾਂਦੇ ਹਨ, ਲਾਗੂ ਕਰਨ ਲਈ ਨਹੀਂ।

ਪਿਛਲੇ ਸਾਲ ਜੇਲ੍ਹ ਦਾ ਚੱਕਰ ਕੱਟਣ ਆਇਆ ਜੇਲ੍ਹ ਮੰਤਰੀ ਛੁਰਲੀ ਛੱਡ ਗਿਆ। ਕਹਿੰਦਾ ਸੀ, "ਅਗਲੇ ਸਾਲ ਤੋਂ ਜੇਲ੍ਹਾਂ ਵਿਚ ਖੇਡਾਂ ਕਰਾਈਆਂ ਜਾਇਆ ਕਰਨਗੀਆਂ। ਇਸ ਯੋਜਨਾ ਲਈ ਸਰਕਾਰ ਵੀਹ ਲੱਖ ਰੁਪਏ ਦਾ ਪ੍ਰਬੰਧ ਕਰੇਗੀ। ਖੇਡਾਂ ਦੇ ਸਾਮਾਨ ਦੇ ਨਾਲ-ਨਾਲ ਕੋਚ ਭੇਜੇ ਜਾਣਗੇ। ਕੈਦੀਆਂ ਵਿਚੋਂ ਹਾਕੀ, ਕਬੱਡੀ ਅਤੇ ਫੁੱਟਬਾਲ ਦੀਆ ਟੀਮਾਂ ਤਿਆਰ ਕੀਤੀਆਂ ਜਾਣਗੀਆਂ। ਹਰ ਸਾਲ ਟੂਰਨਾਮੈਂਟ ਹੋਇਆ ਕਰੇਗਾ। ਜੇਤੂ ਟੀਮਾਂ ਦੇ ਮੈਂਬਰਾਂ ਨੂੰ ਭਾਰੀ ਮੁਆਫ਼ੀ ਦਿੱਤੀ ਜਾਇਆ ਕਰੇਗੀ।"

ਫੇਰ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਉਣ ਆਇਆ ਮੁੱਖ ਮੰਤਰੀ ਐਲਾਨ ਕਰ ਗਿਆ, "ਕੈਦੀਆਂ ਨੂੰ ਚੰਗੇ ਸ਼ਹਿਰੀ ਬਣਾਉਣ ਲਈ ਉਹਨਾਂ ਨੂੰ ਜੇਲ੍ਹ ਵਿਚ ਉੱਚ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਜਾਏਗਾ। ਅਗਲੇ ਅਕਾਦਮਿਕ ਵਰ੍ਹੇ ਤੋਂ ਜੇਲ੍ਹਾਂ ਵਿਚ ਸਕੂਲ ਖੋਲ੍ਹੇ ਜਾਣਗੇ। ਕੈਦੀਆਂ ਨੂੰ ਪੈਰਾਂ ਸਿਰ ਖੜੇ ਕਰਨ ਲਈ ਕਿੱਤਾ ਸਿਖਲਾਈ ਕੋਰਸ ਸ਼ੁਰੂ ਕੀਤੇ ਜਾਣਗੇ। ਕਿਤਾਬਾਂ ਕਾਪੀਆਂ ਇਸੇ ਮਹੀਨੇ ਪੁੱਜ ਜਾਣਗੀਆਂ। ਅਧਿਆਪਕ ਬਦਲੀਆਂ ਸਮੇਂ ਆ ਜਾਣਗੇ।"

ਮੁੱਖ ਮੰਤਰੀ ਦੀ ਝੋਲੀ ਚੁੱਕਣ ਆਇਆ ਸਿਹਤ ਮੰਤਰੀ ਵੀ ਪਿੱਛੇ ਨਾ ਰਿਹਾ। ਕਹਿੰਦਾ "ਜੇਲ੍ਹ ਹਸਪਤਾਲ ਨੂੰ ਅਪਗਰੇਡ ਕੀਤਾ ਜਾਏਗਾ। ਵੀਹ ਦੀ ਥਾਂ ਪੰਜਾਹ ਬਿਸਤਰਿਆਂ ਦਾ ਪ੍ਰਬੰਧ ਕੀਤਾ ਜਾਵੇਗਾ। ਤਿੰਨ ਹੋਰ ਮਾਹਿਰ ਡਾਕਟਰ ਭੇਜੇ ਜਾਣਗੇ। ਦਵਾਈਆਂ ਦਾ ਬਜਟ ਵਧਾਇਆ ਜਾਏਗਾ। ਨਵੇਂ ਔਜ਼ਾਰ ਭੇਜੇ ਜਾਣਗੇ।"

ਸਭ ਨੂੰ ਪਤਾ ਹੈ, ਰਾਜਧਾਨੀ ਪੁੱਜਦੇ ਹੀ ਮੰਤਰੀਆਂ ਨੂੰ ਇਹ ਵਾਅਦੇ ਭੁੱਲ ਜਾਣਗੇ। ਕੁਝ ਭੋਲੇ ਕੈਦੀ ਅਤੇ ਕੁਝ ਸਿਰ-ਫਿਰੇ ਸਮਾਜ ਸੇਵਕ ਹੀ ਉਹਨਾਂ ਨੂੰ ਯਾਦ ਰੱਖਣਗੇ। ਮੰਤਰੀਆਂ ਤਕ ਕੈਦੀ ਪਹੁੰਚ ਨਹੀਂ ਸਕਦੇ। ਆਥਣ-ਉੱਗਣ ਉਹ ਜੇਲ੍ਹ ਕਰਮਚਾਰੀਆਂ ਦੇ ਕੰਨ ਹੀ ਖਾਂਦੇ ਹਨ। 'ਖੇਡਾਂ ਦਾ ਪ੍ਰਬੰਧ ਕਰੋ। ਪੜ੍ਹਾਈ ਦਾ ਪ੍ਰਬੰਧ ਕਰੋ' ਦੀ ਰਟ ਲਾਈ ਰੱਖਦੇ ਹਨ।

ਹਾਕਮ ਸਿੰਘ ਉਹਨਾਂ ਸੁਪਨਬਾਜ਼ਾਂ ਵਿਚੋਂ ਇਕ ਜਾਪਦਾ ਹੈ।

ਉਹਨਾਂ ਦਾ ਅਫ਼ਸਰ ਵੀ ਘੱਟ ਸੁਪਨੇ ਨਹੀਂ ਲੈਂਦਾ। ਉਹ ਪੱਥਰ-ਦਿਲ, ਪੇਸ਼ੇਵਰ ਮੁਜਰਮਾਂ ਨੂੰ ਦਿਨਾਂ ਵਿਚ ਮੋਮ ਬਣਾਉਣ ਦੇ ਸੁਪਨੇ ਦੇਖਦਾ ਰਹਿੰਦਾ ਹੈ।

ਇਸ ਵਿਚ ਕਸੂਰ ਅਫ਼ਸਰ ਦਾ ਘੱਟ, ਸਰਕਾਰ ਦਾ ਵੱਧ ਹੈ। ਇਹ ਰਗੜੇ ਖਾ ਕੇ ਅਫ਼ਸਰ ਨਹੀਂ ਬਣਿਆ, ਸਿੱਧਾ ਸੁਪਰਡੈਂਟ ਭਰਤੀ ਹੋਇਆ ਹੈ। ਇਸੇ ਲਈ ਤਜਰਬੇ ਦੀ ਘਾਟ ਹੈ।

ਜੇਲ੍ਹ ਸੁਪਰਡੈਂਟ ਰਣਜੋਧ ਸਿੰਘ ਕਿਸੇ ਮੰਤਰੀ ਦਾ ਭਾਣਜਾ ਹੈ। ਭਰਤੀ ਤਹਿਸੀਲਦਾਰ ਹੋਣ ਗਿਆ ਸੀ। ਉਹ ਆਸਾਮੀ ਖ਼ਾਲੀ ਨਹੀਂ ਸੀ। ਮੰਤਰੀ ਨੇ ਆਪਣੇ ਅਹਿਲਕਾਰਾਂ ਤੋਂ ਪੁੱਛਿਆ। ਪਤਾ ਲੱਗਾ, ਜੇਲ੍ਹ ਸੁਪਰਡੈਂਟ ਭਰਤੀ ਹੋਇਆ ਜਾ ਸਕਦਾ ਹੈ। ਮੰਤਰੀ ਦੀਆਂ ਬਾਛਾਂ ਖਿੜ ਗਈਆਂ। ਭੰਨ-ਤੋੜ ਕਰ ਕੇ ਉਸ ਨੇ ਰਣਜੋਧ ਸਿੰਘ ਨੂੰ ਸੁਪਰਡੈਂਟ ਭਰਤੀ ਕਰਵਾ ਦਿੱਤਾ। ਰਣਜੋਧ ਸਿੰਘ ਜੇਲ੍ਹ ਦੀ ਨੌਕਰੀ ਤੋਂ ਡਰਦਾ ਸੀ। ਉਹ ਨਰਮ ਤਬੀਅਤ ਦਾ ਬੰਦਾ ਹੈ। ਚੋਰਾਂ-ਠੱਗਾਂ ਨਾਲ ਨਹੀਂ ਨਜਿੱਠ ਸਕਦਾ। ਮੰਤਰੀ ਨੇ ਇਕ ਨਾ ਸੁਣੀ। ਮੰਤਰੀ ਕਈ ਵਾਰ ਜੇਲ੍ਹ ਜਾ ਚੁੱਕਾ ਸੀ। ਉਸ ਨੇ ਜੇਲ੍ਹ ਸੁਪਰਡੈਂਟਾਂ ਦੀ ਬਾਦਸ਼ਾਹਤ ਦੇਖੀ ਸੀ। ਸਮਝਾ-ਬੁਝਾ ਕੇ ਉਹ ਉਸ ਨੂੰ ਇਥੇ ਛੱਡ ਗਿਆ। ਜੇ ਰਣਜੋਧ ਸਿੰਘ ਕਲਰਕ ਜਾਂ ਵਾਰਡਰ ਤੋਂ ਤਰੱਕੀ ਕਰ ਕੇ ਅਫ਼ਸਰ ਬਣਿਆ ਹੁੰਦਾ ਤਾਂ ਉਹਨਾਂ 'ਤੇ ਏਨੀ ਸਖ਼ਤੀ ਨਾ ਕਰਦਾ। ਪੰਜ-ਦਸ ਰੁਪਏ ਲੈਣ ਨੂੰ ਰਿਸ਼ਵਤ ਨਾ ਸਮਝਦਾ।



ਅਫ਼ਸਰ ਨੂੰ ਪਤਾ ਹੈ ਵਾਰਡਰ ਦੀ ਤਨਖ਼ਾਹ ਚਾਰ ਸਾਢੇ ਚਾਰ ਹਜ਼ਾਰ ਰੁਪਏ ਮਹੀਨਾ ਹੈ। ਕੁਝ ਸਾਲ ਪਹਿਲਾਂ ਉਹ ਚੌਥਾ ਦਰਜਾ ਕਰਮਚਾਰੀ ਹੋਇਆ ਕਰਦੇ ਸਨ। ਤਨਖ਼ਾਹ ਕਮਿਸ਼ਨ ਨੇ ਰਹਿਮ ਕਰ ਕੇ ਉਹਨਾਂ ਦਾ ਰੁਤਬਾ ਵਧਾ ਦਿੱਤਾ। ਮਹਿੰਗਾਈ ਦੇ ਇਹਨਾਂ ਦਿਨਾਂ ਵਿਚ ਇੰਨੀ ਰਕਮ ਦੁੱਧ, ਕਰਿਆਨਾ, ਬਿਜਲੀ ਅਤੇ ਫ਼ੀਸਾਂ ਉਤਾਰਦੇ ਮੁੱਕ ਜਾਂਦੀ ਹੈ। ਬਾਕੀ ਖ਼ਰਚਾ ਜੇ ਵਾਰਡਰ ਉਪਰੋਂ ਨਹੀਂ ਚਲਾਏਗਾ ਤਾਂ ਭੁੱਖਾ ਨਹੀਂ ਮਰੇਗਾ। ਉਹ ਰਣਜੋਧ ਸਿੰਘ ਵਾਂਗ ਸਰਦਾਰਾਂ ਦੇ ਕਾਕੇ ਨਹੀਂ ਹਨ। ਕਿਸੇ ਮੁਲਾਜ਼ਮ ਦਾ ਬਾਪ ਸੀਰੀ ਹੈ, ਕਿਸੇ ਦਾ ਰਿਹੜਾ ਵਾਹੁੰਦਾ ਹੈ, ਕਿਸੇ ਦਾ ਜੁੱਤੀਆਂ ਗੰਢਦਾ ਹੈ। ਕਿਸੇ ਦੀ ਭੈਣ ਵਿਧਵਾ ਹੈ, ਕਿਸੇ ਦੇ ਘਰ ਵਿਆਹੁਣ ਵਾਲੀਆਂ ਤਿੰਨ ਭੈਣਾਂ ਬੈਠੀਆਂ ਹਨ। ਵਾਰਡਰਾਂ ਨੇ ਆਪਣੀ ਕਬੀਲਦਾਰੀ ਇਥੋਂ ਹੀ ਚਲਾਉਣੀ ਹੈ। ਉਹ ਵੀ ਦਸੀ-ਬੀਸੀ ਲੈ ਕੇ। ਅਫ਼ਸਰਾਂ ਵਾਂਗ ਉਹ ਸਾਰਾ ਗੁਦਾਮ ਨਹੀਂ ਡਕਾਰ ਸਕਦੇ।

ਮੁਲਾਜ਼ਮਾਂ ਨੂੰ ਗਿਲਾ ਹੈ ਕਿ ਹੁਣ ਉਸੇ ਪੰਜੀ-ਦਸੀ ਬਾਰੇ ਰੌਲਾ ਪਾਇਆ ਜਾ ਰਿਹਾ ਹੈ। ਕਰਮਚਾਰੀ ਆਪਣਾ ਪੱਖ ਪੇਸ਼ ਕਰਨਾ ਚਾਹੁੰਦੇ ਹਨ। ਉਹਨਾਂ ਨੂੰ ਅਫ਼ਸੋਸ ਹੈ। ਅਫ਼ਸਰ ਕੋਲ ਕੈਦੀ ਦੀਆਂ ਚੁਗਲੀਆਂ ਸੁਣਨ ਦਾ ਵਕਤ ਤਾਂ ਹੈ, ਆਪਣੇ ਮਾਤਹਿਤਾਂ ਦੀਆਂ ਤਕਲੀਫ਼ਾਂ ਸੁਣਨ ਦਾ ਨਹੀਂ। ਅਫ਼ਸਰ ਸਾਰਾ ਦਿਨ ਫ਼ਜ਼ੂਲ ਦੇ ਝੰਜਟਾਂ ਵਿਚ ਉਲਝਿਆ ਰਹਿੰਦਾ ਹੈ।

ਕਦੇ ਬਾਹਰਲੇ ਮੁਲਕੋਂ ਰਿਸ਼ਤੇਦਾਰ ਮਿਲਣ ਆ ਜਾਂਦੇ ਹਨ। ਉਹਨਾਂ ਨਾਲ ਉਹਨਾਂ ਦੇ ਅੰਗਰੇਜ਼ ਮਿੱਤਰ ਹੁੰਦੇ ਹਨ। ਉਹ ਉਹਨਾਂ ਨੂੰ ਜੇਲ੍ਹ ਦੀ ਸੈਰ ਇਉਂ ਕਰਾਉਂਦਾ ਹੈ ਜਿਵੇਂ ਇਹ ਚਿੜੀਆਘਰ ਹੋਵੇ। ਅੰਗਰੇਜ਼ ਕੈਦੀਆਂ ਨਾਲ ਖੜੋ-ਖੜੋ ਫ਼ੋਟੋਆਂ ਖਿਚਾਉਂਦੇ ਹਨ। ਫੇਰ ਆਪਣੇ ਮੁਲਕਾਂ ਵਿਚ ਜਾ ਕੇ ਉਹ ਫ਼ੋਟੋਆਂ ਛਾਪਦੇ ਹਨ ਅਤੇ ਨਰਕਾਂ ਵਰਗੀਆਂ ਭਾਰਤੀ ਜੇਲ੍ਹਾਂ ਉਪਰ ਲੇਖ ਵੀ ਲਿਖਦੇ ਹਨ। ਕਈ ਵਾਰ ਸਰਕਾਰ ਨੇ ਜੇਲ੍ਹ ਸੁਪਰਡੈਂਟ ਦੀ ਖਿਚਾਈ ਕੀਤੀ ਹੈ। ਕੁਝ ਦੇਰ ਚੁੱਪ ਰਹਿ ਕੇ ਉਹ ਫੇਰ ਉਹੋ ਕੰਮ ਫੜ ਲੈਂਦਾ ਹੈ।

ਇਸ ਵਾਰ ਪਸ਼ਮੀਨੇ ਅਤੇ ਗਲੀਚੇ ਬੁਣਨ ਵਾਲੇ ਯੂਨਿਟ ਦੇ ਕੈਦੀ ਵੀ ਭੜਾਸ ਕੱਢ ਰਹੇ ਸਨ। ਦਿਨ ਰਾਤ ਮਿਹਨਤ ਕਰ ਕੇ ਮਸਾਂ ਉਹ ਕੋਈ ਸ਼ਾਲ, ਗਲੀਚਾ ਤਿਆਰ ਕਰਦੇ ਹਨ ਤੇ ਆਸ ਕਰਦੇ ਹਨ ਕਿ ਕੋਈ ਕਲਾ ਦਾ ਕਦਰਦਾਨ ਆਏਗਾ ਅਤੇ ਉਹਨਾਂ ਦੀ ਕਲਾ ਦਾ ਮੁੱਲ ਪਾਏਗਾ। ਪਹਿਲੇ ਸੁਪਰਡੈਂਟ ਸਮੇਂ ਉਹਨਾਂ ਨੂੰ ਚੰਗੀ ਕਮਾਈ ਹੁੰਦੀ ਸੀ। ਕਦਰਦਾਨ ਦੀ ਥਾਂ ਹੁਣ ਯੂਨਿਟ ਸੁਪਰਡੈਂਟ ਆਪ ਆ ਧਮਕਦਾ ਹੈ। ਕਲਾ ਕਿਰਤ ਨੂੰ ਕਿਸੇ ਯਾਰ-ਬੇਲੀ ਨੂੰ ਤੋਹਫ਼ਾ ਦੇਣ ਲਈ ਲੈ ਜਾਂਦਾ ਹੈ। ਅਫ਼ਸਰ ਨਾਲ ਉਹ ਸੌਦੇਬਾਜ਼ੀ ਨਹੀਂ ਕਰ ਸਕਦੇ। ਉਹਨਾਂ ਦੇ ਦਿਹਾੜੀ ਵੀ ਪੱਲੇ ਨਹੀਂ ਪੈਂਦੀ।

ਸਿਆਸੀ ਰੁਝੇਵਿਆਂ ਨੇ ਉਸ ਨੂੰ ਵਾਹਣੀ ਪਾ ਰੱਖਿਆ ਹੈ। ਕਦੇ ਕੋਈ ਵਿਧਾਇਕ, ਕਦੇ ਕੋਈ ਸਾਂਸਦ ਕੋਠੀ ਬੈਠਾ ਰਹਿੰਦਾ ਹੈ। ਮਹਿਮਾਨਾਂ ਦੇ ਮਨੋਰੰਜਨ ਲਈ ਉਸ ਨੇ ਜ਼ਨਾਨਾ ਜੇਲ੍ਹ ਵਿਚ ਨਾਚ-ਮੰਡਲੀ ਤਿਆਰ ਕਰ ਰੱਖੀ ਹੈ। ਸਾਰੀ ਰਾਤ ਮੁਜਰਾ ਚੱਲਦਾ ਰਹਿੰਦਾ ਹੈ।

ਉਹ ਜੇਲ੍ਹ ਮੁਲਾਜ਼ਮਾਂ ਨਾਲ ਘੁਲੇ-ਮਿਲੇ ਤਾਂ ਕਦੋਂ ?

ਹਾਕਮ ਦੇ ਜੇਲ੍ਹ ਆਉਣ ਤਕ ਜੇਲ੍ਹ ਪ੍ਰਬੰਧ ਆਪਣੀ ਹਾਥੀ ਦੀ ਮਸਤ ਚਾਲ ਵਾਂਗ ਚੱਲ ਰਿਹਾ ਸੀ। ਕੁਝ ਕੈਦੀ ਰਿਹਾਅ ਕਰਾਉਣ ਬਾਅਦ ਜੇਲ੍ਹ ਸੁਪਰਡੈਂਟ ਨੇ ਉਸ ਨੂੰ ਜ਼ਿਆਦਾ ਹੀ ਸਿਰ ਚੜ੍ਹਾ ਲਿਆ ਹੈ।

ਹਾਕਮ ਸਿੰਘ ਕੈਦੀਆਂ ਨੂੰ ਭਾਸ਼ਣ ਦੇਵੇ, ਇਸ 'ਤੇ ਜੇਲ੍ਹ ਕਰਮਚਾਰੀਆਂ ਨੂੰ ਕੋਈ ਇਤਰਾਜ਼ ਨਹੀਂ ਸੀ।

ਹੁਣ ਵਾਰਡਰਾਂ ਨੂੰ ਉਸ ਦੇ ਅਕਾਊ ਭਾਸ਼ਣ ਸੁਣਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਹਾਕਮ ਵਾਰਡਰਾਂ ਨੂੰ ਅਜੀਬ-ਅਜੀਬ ਨਸੀਹਤਾਂ ਦਿੰਦਾ ਹੈ। ਕਹਿੰਦਾ ਹੈ, "ਵਾਰਡਰਾਂ ਦੇ ਮੋਢਿਆਂ 'ਤੇ ਵਕਤ ਦੇ ਮਾਰੇ ਕੈਦੀਆਂ ਨੂੰ ਚੰਗੇ ਸ਼ਹਿਰੀ ਬਣਾਉਣ ਦੀ ਅਹਿਮ ਜ਼ਿੰਮੇਵਾਰੀ ਹੈ। ਹਰ ਦੋਸ਼ੀ ਭੈੜਾ ਨਹੀਂ ਹੁੰਦਾ। ਪ੍ਰਸਥਿਤੀਆਂ ਉਸ ਨੂੰ ਭੈੜਾ ਬਣਾਉਂਦੀਆਂ ਹਨ। ਬਹੁਤੇ ਕੈਦੀਆਂ ਵਿਚ ਸੁਧਰ ਜਾਣ ਦੀ ਸੰਭਾਵਨਾ ਹੁੰਦੀ ਹੈ। ਜੇਲ੍ਹ ਮੁਲਾਜ਼ਮਾਂ ਨੇ ਕੈਦੀਆਂ ਨਾਲ ਪਿਆਰ ਅਤੇ ਹਮਦਰਦੀ ਨਾਲ ਪੇਸ਼ ਆ ਕੇ ਉਹਨਾਂ ਸੰਭਾਵਨਾਵਾਂ ਨੂੰ ਉਜਾਗਰ ਕਰਨਾ ਹੈ। ਮੁਜਰਮਾਂ ਦੀਆਂ ਸਰੀਰਕ, ਮਾਨਸਿਕ ਅਤੇ ਸਮਾਜਿਕ ਸਮੱਸਿਆਵਾਂ ਨੂੰ ਸਮਝਣਾ ਹੈ। ਤੁਹਾਨੂੰ ਮਨੋਵਿਗਿਆਨ, ਸਰੀਰ ਵਿਗਿਆਨ ਅਤੇ ਤਣਾਓ ਵਿਗਿਆਨ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਬਾਰੇ ਮੁੱਢਲੀ ਜਾਣਕਾਰੀ ਤੁਹਾਨੂੰ ਮੈਂ ਦੇਵਾਂਗਾ। ਫੇਰ ਮਾਹਿਰ ਬੁਲਾਏ ਜਾਣਗੇ। ਤੁਹਾਨੂੰ ਜੇਲ੍ਹ ਨਿਯਮਾਂ ਅਤੇ ਜੇਲ੍ਹ ਮੈਨੂਅਲ ਬਾਰੇ ਪਤਾ ਹੋਣਾ ਚਾਹੀਦਾ ਹੈ।"

ਅਗਲੇ ਭਾਸ਼ਣਾਂ ਵਿਚ ਉਹ ਇਹੋ ਜਾਣਕਾਰੀ ਦੇਣ ਨੂੰ ਫਿਰਦਾ ਹੈ। ਮੁਲਾਜ਼ਮ ਆਪਣੇ ਅਫ਼ਸਰਾਂ ਨੂੰ ਦੱਸਣਾ ਚਾਹੁੰਦੇ ਹਨ, "ਨਾ ਅਸੀਂ ਬਹੁਤੇ ਪੜ੍ਹੇ-ਲਿਖੇ ਹਾਂ, ਨਾ ਬਹੁਤੇ ਦਿਮਾਗ਼ਾਂ ਵਾਲੇ। ਦਸਵੀਂ ਅਸੀਂ ਮਸਾਂ ਨਕਲਾਂ ਮਾਰ ਕੇ ਪਾਸ ਕੀਤੀ ਹੈ। ਨੌਕਰੀ ਛੋਲੇ ਦੇ ਕੇ ਜਾਂ ਕਿਸੇ ਰਿਸ਼ਤੇਦਾਰ ਦੇ ਪੈਰੀਂ ਪੈ ਕੇ ਲਈ ਹੈ। ਟ੍ਰੇਨਿੰਗ ਦੌਰਾਨ ਸਾਨੂੰ ਇਕ ਕੰਮ ਸਿਖਾਇਆ ਗਿਆ ਹੈ, ਡੰਡਾ ਚਲਾਉਣਾ। ਇਕੋ ਫ਼ਰਜ਼ ਯਾਦ ਕਰਾਇਆ ਜਾਂਦਾ ਹੈ, ਕੈਦੀ ਨੂੰ ਕਾਬੂ ਰੱਖਣਾ। ਸਖ਼ਤੀ ਨਾਲ ਕੈਦੀਆਂ ਨੂੰ ਕਾਬੂ 'ਚ ਰੱਖ ਕੇ ਅਸੀਂ ਆਪਣਾ ਫ਼ਰਜ਼ ਬਾਖ਼ੂਬੀ ਨਿਭਾ ਰਹੇ ਹਾਂ। ਕੈਦੀਆਂ ਦੇ ਮਨਾਂ ਜਾਂ ਕਾਨੂੰਨ ਨੂੰ ਸਮਝਣਾ ਸਾਡਾ ਫ਼ਰਜ਼ ਨਹੀਂ। ਇਸ ਬਾਰੇ ਅਫ਼ਸਰ ਜਾਣਨ।"

ਹਾਕਮ ਸਿੰਘ ਸਹੂਲਤਾਂ ਨਾਲ ਭਰਪੂਰ ਬੀ ਕਲਾਸ ਵਿਚ ਬੈਠਾ ਹੈ। ਇਸੇ ਲਈ ਕੈਦੀਆਂ ਦੇ ਸੁਧਰਨ ਦੀ ਗੱਲ ਕਰਦਾ ਹੈ। ਕਦੇ ਧੱਕੜਾਂ ਜਾਂ ਪੰਛੀਆਂ ਦੀ ਬੈਰਕ ਵਿਚ ਰਹਿ ਕੇ ਦੇਖੇ। ਫੇਰ ਆਪੇ ਆਖੇਗਾ, "ਹਰ ਮੁਲਜ਼ਮ ਦੇ ਸੁਧਰਨ ਦੀ ਸੰਭਾਵਨਾ ਨਹੀਂ ਹੁੰਦੀ। ਉਸ ਨੂੰ ਸਮਝ ਆਏਗੀ ਕਿ ਬਹੁਤੇ ਕੈਦੀ ਡੰਗਰਾਂ ਵਰਗੇ ਹੁੰਦੇ ਹਨ। ਉਹ ਜੁੱਤੀ ਦੀ ਭਾਸ਼ਾ ਸਮਝਦੇ ਹਨ। ਦਿਨ ਵਿਚ ਵਾਰਡਰਾਂ ਦਾ ਸੈਂਕੜੇ ਜੇਬ-ਕਤਰਿਆਂ ਅਤੇ ਚਾਕੂ-ਮਾਰਾਂ ਨਾਲ ਵਾਹ ਪੈਂਦਾ ਹੈ। ਜੇ ਕਰਮਚਾਰੀ ਉਸ ਨਾਲ ਨਰਮੀ ਨਾਲ ਵਰਤਣ ਲੱਗਣ ਤਾਂ ਉਹ ਉਹਨਾਂ ਨੂੰ ਕਮਜ਼ੋਰ ਅਤੇ ਬੁਜ਼ਦਿਲ ਸਮਝਣ ਲੱਗਣਗੇ। ਉਹਨਾਂ ਨੂੰ ਟਿੱਚਰਾਂ ਕਰਨਗੇ, ਉਹਨਾਂ ਦੀਆਂ ਚਿੜਾਂ ਭੰਨਾਉਣਗੇ। ਆਖਾ ਮੰਨਣੋਂ ਹਟ ਜਾਣਗੇ।

ਪੇਸ਼ੀ ਭੁਗਤਣ ਗਿਆ ਇਕ ਜੇਬ-ਕਤਰਾ ਆਣੇ ਵਕੀਲ ਦੀ ਜੇਬ ਕੱਟ ਲਿਆਇਆ ਸੀ। ਉਹ ਵਕੀਲ ਵੀ ਹਾਕਮ ਦੀ ਬਰਾਦਰੀ ਦਾ ਸੀ। ਮਾੜੇ-ਧੀੜਿਆਂ ਦੇ ਮੁਕੱਦਮੇ ਮੁਫ਼ਤ ਵਿਚ ਲੜਦਾ ਸੀ।

ਰਹਿਮ ਦੇ ਆਧਾਰ 'ਤੇ ਨੱਥੇ ਨੇ ਪਹਿਲਾਂ-ਪਹਿਲ ਕੁਝ ਕੈਦੀਆਂ ਨੂੰ ਉਧਾਰ ਦਿੱਤਾ ਸੀ। ਬਹੁਤੇ ਉਧਾਰ ਖਾ ਗਏ ਸਨ। ਇਕ ਕੈਦੀ ਨੇ ਉਧਾਰ ਮੋੜਨ ਦੀ ਥਾਂ ਉਸ ਦੀ ਸ਼ਿਕਾਇਤ ਕਰ ਦਿੱਤੀ ਅਤੇ ਅਖੇ ਨੱਥਾ ਉਧਾਰ ਦੇ ਬਹਾਨੇ ਰਿਸ਼ਵਤ ਮੰਗ ਰਿਹਾ ਹੈ। ਅਫ਼ਸਰ ਪੜਤਾਲ ਕਰਨ ਦੀ ਤਿਆਰੀ ਕਰਨ ਲੱਗੇ। ਨੱਥੇ ਨੇ ਹੋਰ ਪੈਸੇ ਦੇ ਕੇ ਮਸਾਂ ਖਹਿੜਾ ਛੁਡਾਇਆ। ਸੱਪਾਂ ਨੂੰ ਦੁੱਧ ਪਿਆਉਣ ਦਾ ਕੋਈ ਫ਼ਾਇਦਾ ਨਹੀਂ।

ਸੁਪਰੀਮ ਕੋਰਟ ਦੇ ਇਕ ਫ਼ੈਸਲੇ ਦਾ ਹਵਾਲਾ ਦੇ ਕੇ ਹਾਕਮ ਸਿੰਘ ਆਖਦਾ ਹੈ, "ਕੈਦੀਆਂ ਨੂੰ ਬੰਦੇ ਸਮਝਿਆ ਕਰੋ। ਉਹਨਾਂ ਨਾਲ ਹਮਦਰਦੀ ਨਾਲ ਪੇਸ਼ ਆਇਆ ਕਰੋ।"



ਏਅਰ ਕੰਡੀਸ਼ਨ ਕਮਰਿਆਂ ਵਿਚ ਬੈਠੇ ਜੱਜਾਂ ਨੂੰ ਕੀ ਪਤਾ ਹੈ ਕਿ ਵਾਰਡਰਾਂ ਨੂੰ ਕਿਹੋ ਜਿਹੇ ਦਰਿੰਦਿਆਂ ਨਾਲ ਨਜਿੱਠਣਾ ਪੈਂਦਾ ਹੈ।

ਸੁਪਰੀਮ ਕੋਰਟ ਦੇ ਅਜਿਹੇ ਇਕ ਫ਼ੈਸਲੇ ਨੂੰ ਲਾਗੂ ਕਰ ਕੇ ਬੈਜ ਨਾਥ ਦੀ ਘੀਸੀ ਹੋ ਗਈ ਸੀ।

ਹੁਕਮ ਸੀ, "ਹਵਾਲਾਤੀਆਂ ਨੂੰ ਡੰਗਰਾਂ ਵਾਂਗ ਸੰਗਲ ਪਾ ਕੇ ਅਦਾਲਤ ਵਿਚ ਨਾ ਲਿਜਾਇਆ ਜਾਵੇ। ਇਹ ਗ਼ੁਲਾਮ ਪ੍ਰਥਾ ਸਮੇਂ ਦੀ ਰਵਾਇਤ ਹੈ। ਇਸ ਨਾਲ ਦੋਸ਼ੀਆਂ ਦੇ ਸਵੈਮਾਨ ਨੂੰ ਸੱਟ ਵੱਜਦੀ ਹੈ। ਉਹਨਾਂ ਵਿਚ ਹੀਣ-ਭਾਵਨਾ ਜਾਗਦੀ ਹੈ।"

ਹੁਣ ਸੁਪਰੀਮ ਕੋਰਟ ਨੂੰ ਕੌਣ ਸਮਝਾਏ ? ਸਾਰੇ ਕੈਦੀ ਉਹਨਾਂ ਸਾਹਮਣੇ ਪੇਸ਼ ਹੋਣ ਵਾਲੇ ਕੈਦੀਆਂ ਵਰਗੇ ਨਹੀਂ ਹੁੰਦੇ।

ਬੈਜ ਨਾਥ ਨੂੰ ਇਕ ਵਾਰੀ ਸੁਪਰੀਮ ਕੋਰਟ ਜਾਣ ਦਾ ਮੌਕਾ ਮਿਲਿਆ ਸੀ। ਜੱਜ ਦਾ ਕਮਰਾ ਮਹਾਰਾਜਾ ਪਟਿਆਲੇ ਦੇ ਮੋਤੀ ਮਹਿਲ ਦੇ ਦੀਵਾਨਖ਼ਾਨੇ ਵਾਂਗ ਸੱਜਿਆ ਹੋਇਆ ਸੀ। ਜੱਜ ਚਾਰ ਫ਼ੁੱਟ ਉੱਚੀ ਕੁਰਸੀ 'ਤੇ ਬੈਠਾ ਸੀ। ਉਸ ਦੀ ਕੁਰਸੀ ਤਖ਼ਤੇ-ਤਾਊਸ ਵਰਗੀ ਸੀ। ਲੰਬੇ-ਲੁੰਝੇ ਅੰਗਰੇਜ਼ਾਂ ਵਰਗੇ ਵਕੀਲ ਸਨ। ਕਟਹਿਰੇ ਵਿਚ ਮਿੱਠੋ ਬਾਜ਼ੀਗਰਨੀ ਜਾਂ ਕਾਲੂ ਬਦਮਾਸ਼ ਨਹੀਂ ਸਨ ਖੜੇ। ਟੈਕਸ ਚੋਰੀ ਕਰਨ ਵਾਲਾ ਕੋਈ ਅਰਬਪਤੀ ਕਾਰਖ਼ਾਨੇਦਾਰ ਸੀ ਅਤੇ ਕੋਈ ਕਰੋੜਾਂ ਦੀ ਰਿਸ਼ਵਤ ਲੈਣ ਵਾਲਾ ਸਾਬਕਾ ਮੰਤਰੀ। ਉਹਨਾਂ ਨੂੰ ਹੱਥਕੜੀ ਲਾਉਣ ਦੀ ਉਂਝ ਵੀ ਜ਼ਰੂਰਤ ਨਹੀਂ ਸੀ। ਸੌ ਬੀਮਾਰੀਆਂ ਦੇ ਖਾਧੇ ਅਤੇ ਕੁੱਪੇ ਵਰਗੇ ਢਿੱਡਾਂ ਨਾਲ ਉਹ ਭੱਜ ਨਹੀਂ ਸਕਦੇ। ਵੈਸੇ ਵੀ ਕਰੋੜਾਂ ਦੀਆਂ ਜਾਇਦਾਦਾਂ ਛੱਡ ਕੇ ਉਹ ਜਾਣਗੇ ਕਿਥੇ ?

ਅਦਾਲਤ ਦੇ ਹੁਕਮ ਦੀ ਤਾਮੀਲ ਕਰਦਾ ਬੈਜ ਨਾਥ ਇਕ ਜੇਬ-ਕਤਰੇ ਦਾ ਹੱਥ ਫੜੀ ਉਸ ਨੂੰ ਅਦਾਲਤ ਵਿਚ ਪੇਸ਼ ਕਰਨ ਜਾ ਰਿਹਾ ਸੀ। ਹੱਟੇ-ਕੱਟੇ ਜੇਬ-ਕਤਰੇ ਨੇ ਇਕੋ ਝਟਕੇ ਨਾਲ ਹੱਥ ਛੁਡਾਇਆ ਅਤੇ ਸ਼ੂਟ ਵੱਟ ਗਿਆ। ਬੁੱਢਾ ਬੈਜ ਨਾਥ ਦੇਖਦਾ ਰਹਿ ਗਿਆ।

ਬੈਜ ਨਾਥ ਨੇ ਕਚਹਿਰੀ ਵਿਚ ਤਾਇਨਾਤ ਪੁਲਿਸ ਨੂੰ ਇਸ ਵਾਰਦਾਤ ਦੀ ਇਤਾਲਹ ਦਿੱਤੀ। ਪੁਲਿਸ ਹਰਕਤ ਵਿਚ ਆਈ, ਪਰ ਉਹ ਸਭ ਦੀਆਂ ਅੱਖਾਂ ਵਿਚ ਘੱਟਾ ਝੋਂਕ ਕੇ ਕਿਧਰੇ ਛਾਈਂ-ਮਾਈਂ ਹੋ ਗਿਆ।

ਫ਼ਰਜ਼ ਵਿਚ ਕੁਤਾਹੀ ਕਰਨ ਦੇ ਦੋਸ਼ ਵਿਚ ਪਹਿਲਾਂ ਬੈਜ ਨਾਥ ਨੂੰ ਮੁਅੱਤਲ ਕੀਤਾ ਗਿਆ। ਫੇਰ ਉਸ ਉਪਰ ਪਰਚਾ ਦਰਜ ਕੀਤਾ ਗਿਆ।

ਮੁਲਜ਼ਮ ਨੂੰ ਫੜਨ ਲਈ ਬੈਜ ਨਾਥ ਨੂੰ ਖ਼ੁਦ ਭੱਜ-ਨੱਠ ਕਰਨੀ ਪਈ। ਥਾਣੇ ਜਾਂਦਾ ਤਾਂ ਹੌਲਦਾਰ ਰੇਡ ਕਰਨ ਜਾਣ ਦੇ ਬਹਾਨੇ ਕਾਰ ਮੰਗਵਾ ਲੈਂਦਾ।

ਇਕ ਮਹੀਨਾ ਟੱਕਰਾਂ ਮਾਰ ਕੇ ਮਸਾਂ ਬੈਜ ਨਾਥ ਨੇ ਜੇਬ-ਕਤਰੇ ਨੂੰ ਫੜਿਆ।

ਨੌਕਰੀ 'ਤੇ ਬਹਾਲ ਹੁੰਦਿਆਂ ਸਾਲ ਲੱਗ ਗਿਆ।

ਮੁਕੱਦਮਾ ਹਾਲੇ ਚੱਲ ਰਿਹਾ ਹੈ। ਗਵਾਹ ਸਰਕਾਰੀ ਮੁਲਾਜ਼ਮ ਹਨ। ਬੈਜ ਨਾਥ ਦੇ ਵਿਰੁੱਧ ਭੁਗਤੇ ਹਨ। ਸਜ਼ਾ ਵੀ ਹੋ ਸਕਦੀ ਹੈ।

ਹਾਕਮ ਕਹਿੰਦਾ ਹੈ, ਸੁਪਰੀਮ ਕੋਰਟ ਦੇ ਅਜਿਹੇ ਹੋਰ ਫ਼ੈਸਲੇ ਵੀ ਲਾਗੂ ਕਰੋ।

ਵਾਰਡਰ ਆਪਣੀਆਂ ਨੌਕਰੀਆਂ ਦੀ ਹਿਫ਼ਾਜ਼ਤ ਕਰਨ ਜਾਂ ਮੁਲਜ਼ਮਾਂ ਦੇ ਮਾਨ-ਸਨਮਾਨ ਦੀ।

ਸੁਰੱਖਿਆ ਕਰਮਚਾਰੀ ਹੋਣ ਕਾਰਨ, ਜੇਲ੍ਹ ਕਰਮਚਾਰੀਆਂ ਨੂੰ ਮਾਨਤਾ ਪ੍ਰਾਪਤ ਯੂਨੀਅਨ ਬਣਾਉਣ ਦਾ ਅਧਿਕਾਰ ਨਹੀਂ ਸੀ। ਫੇਰ ਵੀ ਕੰਮ ਚਲਾਉਣ ਲਈ ਉਹਨਾਂ ਨੇ ਇਕ ਦੇਸੀ ਜਿਹੀ ਯੂਨੀਅਨ ਬਣਾ ਰੱਖੀ ਸੀ।

ਦੁਪਹਿਰ ਦੀ ਬੰਦੀ ਸਮੇਂ ਮੁਲਾਜ਼ਮਾਂ ਨੇ ਯੂਨੀਅਨ ਦੀ ਮੀਟਿੰਗ ਬੁਲਾ ਲਈ।

ਉਹਨਾਂ ਨੇ ਸਰਬ-ਸੰਮਤੀ ਨਾਲ ਫ਼ੈਸਲਾ ਕੀਤਾ, "ਹਾਕਮ ਦੀਆਂ ਊਲ-ਜਲੂਲ ਗੱਲਾਂ ਨਾ ਅਸੀਂ ਸੁਣਾਂਗੇ, ਨਾ ਅਸੀਂ ਅਫ਼ਸਰਾਂ ਨੂੰ ਸੁਣਨ ਦੇਵਾਂਗੇ।"

ਨੌਕਰੀ ਉਂਝ ਵੀ ਖ਼ਤਰੇ ਵਿਚ ਹੈ। ਕਿਉਂ ਨਾ ਖ਼ਤਰਾ ਖ਼ੁਦ ਹੀ ਮੁੱਲ ਲੈ ਲਿਆ ਜਾਵੇ। ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿਚ ਹੜਤਾਲ 'ਤੇ ਜਾਣ ਦਾ ਨੋਟਿਸ ਦੇ ਦਿੱਤਾ ਜਾਵੇ।

ਮੰਗ-ਪੱਤਰ ਲਿਖ ਕੇ ਬੈਜ ਨਾਥ ਨੇ ਜੇਬ ਵਿਚ ਪਾ ਲਿਆ।

"ਮੌਕਾ ਮਿਲਦੇ ਹੀ ਮੈਂ ਇਹ ਅਫ਼ਸਰਾਂ ਤਕ ਪਹੁੰਚਾ ਦੇਵਾਂਗਾ।"

ਮੀਟਿੰਗ ਬਰਖ਼ਾਸਤ ਕਰਨ ਤੋਂ ਪਹਿਲਾਂ ਬੈਜ ਨਾਥ ਨੇ ਸਾਥੀਆਂ ਨੂੰ ਭਰੋਸਾ ਦਿਵਾਇਆ।



## 38

ਦੋ ਜ਼ਰੂਰੀ ਮੁੱਦਿਆਂ 'ਤੇ ਵਿਚਾਰ ਕਰਨ ਲਈ ਜੇਲ੍ਹ ਸੁਪਰਡੈਂਟ ਨੇ ਅਧੀਨ ਅਫ਼ਸਰਾਂ ਦੀ ਮੀਟਿੰਗ ਬੁਲਾਈ ਸੀ।

ਕੀਤੇ ਕੰਮ ਬਦਲੇ ਹਾਕਮ ਸਿੰਘ ਨੂੰ ਜੇਲ੍ਹ ਪ੍ਰਸ਼ਾਸਨ ਅਤੇ ਕੈਦੀਆਂ ਵੱਲੋਂ ਜੋ ਮਾਣ ਸਨਮਾਨ ਮਿਲ ਰਿਹਾ ਸੀ, ਉਸ ਨੇ ਬੀ ਕਲਾਸ ਵਿਚ ਬੰਦ ਕਈ ਕੈਦੀਆਂ ਨੂੰ ਸਾਮਜ ਸੇਵਾ ਲਈ ਪ੍ਰਭਾਵਿਤ ਕੀਤਾ ਸੀ।

ਬੀ ਕਲਾਸ ਬੈਰਕ ਦਾ ਨਾਂ 'ਵਕੀਲਾਂ ਵਾਲੀ ਬੈਰਕ' ਪੈ ਚੁੱਕਾ ਸੀ। ਹੱਥਾਂ ਵਿਚ ਕਾਗ਼ਜ਼-ਪੱਤਰ ਫੜੀ ਸਾਰਾ ਦਿਨ ਕੈਦੀ ਇਧਰ ਨੂੰ ਵਹੀਰਾਂ ਘੱਤੀ ਰੱਖਦੇ ਸਨ। ਹਾਕਮ ਸਾਰਾ ਦਿਨ ਕੰਮ ਵਿਚ ਇਉਂ ਰੁੱਝਿਆ ਰਹਿੰਦਾ ਸੀ ਜਿਵੇਂ ਮੁੱਖ ਮੰਤਰੀ ਹੋਵੇ। ਉਹ ਕੈਦ ਕੱਟ ਰਿਹਾ ਹੈ, ਉਸ ਨੂੰ ਭੁੱਲਾ ਹੋਇਆ ਸੀ।

ਮਾੜੇ-ਧੀੜੇ ਕੈਦੀ ਉਸ ਨੂੰ ਆਪਣਾ ਮਸੀਹਾ ਸਮਝਣ ਲੱਗ ਪਏ ਸਨ। ਉਸ ਨੂੰ ਹਰ ਥਾਂ ਸਲਾਮਾਂ ਹੁੰਦੀਆਂ ਸਨ। ਉਸ ਦੇ ਪਸੀਨੇ ਬਦਲੇ ਕੈਦੀ ਖ਼ੂਨ ਵਹਾਉਣ ਲਈ ਤਿਆਰ ਸਨ।

ਮੌਕਾ ਮਿਲਦੇ ਹੀ ਜੇਲ੍ਹ ਵਿਭਾਗ ਉਸ ਨੂੰ ਮੁਆਫ਼ੀਆਂ ਦਾ ਗੱਫਾ ਦੇ ਦਿੰਦਾ ਸੀ। ਮਹੀਨੇ ਵਿਚ ਦੋ ਦਿਨ ਦੀ ਮੁਆਫ਼ੀ ਚੰਗੇ ਚਾਲ-ਚੱਲਣ ਲਈ ਮਿਲਦੀ ਹੈ। ਇਹ ਮੁਆਫ਼ੀ ਬੀ ਕਲਾਸ ਦੇ ਹਰ ਕੈਦੀ ਨੂੰ ਬਿਨਾਂ ਮਿਹਨਤ ਕੀਤੇ ਮਿਲ ਜਾਂਦੀ ਹੈ। ਵਕੀਲਾਂ ਦੀ ਬੈਰਕ ਦੇ ਬਹੁਤੇ ਕੈਦੀ ਹੱਡ-ਹਰਾਮ ਹਨ। ਆਪਣੇ ਹਿੱਸੇ ਦੀ ਮੁਸ਼ੱਕਤ ਹੋਰਾਂ ਕੋਲੋਂ ਕਰਾਉਂਦੇ ਹਨ। ਇਹ ਮੁਆਫ਼ੀ ਦੇ ਯੋਗ ਨਹੀਂ ਹੁੰਦੇ ਪਰ ਪੈਸੇ ਅਤੇ ਸਿਫ਼ਾਰਸ਼ ਦੇ ਸਿਰ 'ਤੇ ਉਹ ਇਹ ਮੁਆਫ਼ੀ ਹਾਸਲ ਕਰ ਲੈਂਦੇ ਹਨ। ਸੁਪਰਡੈਂਟ ਕੋਲ ਸਾਲ ਵਿਚ ਵੀਹ ਦਿਨ ਮੁਆਫ਼ੀ ਦੇਣ ਦਾ ਵਿਸ਼ੇਸ਼ ਅਧਿਕਾਰ ਹੈ। ਆਈ.ਜੀ. ਕੋਲ ਸੱਠ ਦਿਨ ਦਾ। ਇਹ ਮੁਆਫ਼ੀ ਦੇਣ ਲਈ ਬਹੁਤ ਜ਼ੋਰ ਅਜ਼ਮਾਈ ਹੁੰਦੀ ਹੈ। ਮੰਤਰੀ ਤਕ ਤੋਂ ਫ਼ੋਨ ਕਰਾਉਣੇ ਪੈਂਦੇ ਹਨ। ਕੈਦੀਆਂ ਨੇ ਸਾਰਾ ਸਾਲ ਡੱਕਾ ਦੂਹਰਾ ਨਹੀਂ ਕੀਤਾ ਹੁੰਦਾ। ਉਹਨਾਂ ਦੇ ਕਿਸ ਕੰਮ ਨੂੰ ਵਧੀਆ ਆਖਿਆ ਜਾਵੇ, ਇਸ ਨੁਕਤੇ 'ਤੇ ਆ ਕੇ ਸਮੱਸਿਆ ਖੜੀ ਹੋ ਜਾਂਦੀ ਹੈ। ਬਾਕੀਆਂ ਦੀ ਇਕ ਹਫ਼ਤੇ ਦੀ ਮੁਆਫ਼ੀ ਮਨਜ਼ੂਰ ਨਹੀਂ ਹੋਈ। ਸੁਪਰਡੈਂਟ ਨੇ ਹਾਕਮ ਨੂੰ ਪੂਰੀ ਮੁਆਫ਼ੀ ਦੇਣੀ ਹੀ ਸੀ, ਆਈ.ਜੀ. ਨੇ ਵੀ ਖਿੜੇ ਮੱਥੇ ਪੂਰੀ ਮੁਆਫ਼ੀ ਦੇ ਦਿੱਤੀ ਸੀ। ਕੁਝ ਹੋਰ ਮੁਆਫ਼ੀ ਦੇਣ ਦੇ ਅਧਿਕਾਰ ਸਰਕਾਰ ਕੋਲ ਹਨ। ਉਹਨਾਂ ਅਧਿਕਾਰਾਂ ਦੀ ਵਰਤੋਂ ਦੀ ਜੇਲ੍ਹ ਵਿਭਾਗ ਕੋਲ ਸਿਫ਼ਾਰਸ਼ ਕੀਤੀ ਜਾ ਚੁੱਕੀ ਹੈ। ਅਗਾਂਹ ਰੋੜਾ ਅਟਕਾਉਣ ਵਾਲਾ ਕੋਈ ਨਹੀਂ। ਹਾਕਮ ਦਾ ਕੰਮ ਹੀ ਮਾਅਰਕੇ ਦਾ ਸੀ। ਜੇਲ੍ਹ ਵਿਭਾਗ ਦਾ ਸਾਰੇ ਦੇਸ਼ ਵਿਚ ਸਿਰ ਉੱਚਾ ਹੋਇਆ ਸੀ।

ਕੁਲ ਮਿਲਾ ਕੇ ਹਾਕਮ ਦੀ ਸਾਲ ਵਿਚੋਂ ਛੇ ਮਹੀਨੇ ਦੀ ਸਜ਼ਾ ਮੁਆਫ਼ ਹੋ ਰਹੀ ਸੀ।

ਹਾਕਮ ਨੂੰ ਆਦਰਸ਼ ਮੰਨ ਕੇ ਕਈ ਪ੍ਰਤਿਭਾਵਾਨ ਵਿਅਕਤੀਆਂ ਨੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਹਨ।

ਕਈ ਦਿਨ ਮਗ਼ਜ਼ ਖਪਾਈ ਕਰ ਕੇ ਡਾਕਟਰ ਜੈਨ ਨੇ ਪਹਿਲੇ ਅੰਕੜੇ ਇਕੱਠੇ ਕੀਤੇ। ਉਹਨਾਂ ਅੰਕੜਿਆਂ ਦੇ ਆਧਾਰ 'ਤੇ ਆਪਣਾ ਪੱਖ ਪੇਸ਼ ਕੀਤਾ। ਉਸ ਨੇ ਦੱਸਿਆ, "ਸਾਲ ਵਿਚ ਇੰਨੇ ਕੈਦੀ ਬੀਮਾਰ ਹੁੰਦੇ ਹਨ, ਇੰਨੇ ਇਲਾਜ ਦੀ ਘਾਟ ਕਾਰਨ ਮਰਦੇ ਹਨ। ਇੰਨੀਆਂ ਬੀਮਾਰੀਆਂ ਫੈਲਦੀਆਂ ਹਨ। ਸਰਕਾਰੀ ਨਿਯਮਾਂ ਅਨੁਸਾਰ ਇੰਨੇ ਮਰੀਜ਼ਾਂ ਪਿੱਛੇ ਇੰਨੇ ਡਾਕਟਰ ਚਾਹੀਦੇ ਹਨ। ਪਰ ਡਾਕਟਰ ਇਕ ਸੀ।"

ਡਾਕਟਰ ਜੈਨ ਨੇ ਐਮ.ਡੀ. ਕੀਤੀ ਹੋਈ ਸੀ। ਉਸ ਕੋਲ ਦਸ ਸਾਲ ਦਾ ਤਜਰਬਾ ਸੀ। ਉਹ ਮਾਇਆ ਨਗਰ ਦਾ ਨੰਬਰ ਇਕ ਡਾਕਟਰ ਸੀ। ਉਸ ਦੀ ਫ਼ੀਸ ਬਾਕੀ ਡਾਕਟਰਾਂ ਨਾਲੋਂ ਕਈ ਗੁਣਾਂ ਵੱਧ ਸੀ। ਫੇਰ ਵੀ ਸਾਰਾ ਦਿਨ ਉਸ ਦੀ ਕਲੀਨਿਕ ਅੱਗੇ ਮੇਲਾ ਲੱਗਾ ਰਹਿੰਦਾ ਸੀ। ਤਿੰਨ-ਤਿੰਨ ਘੰਟੇ ਉਡੀਕ ਕੇ ਮਸਾਂ ਵਾਰੀ ਆਉਂਦੀ ਸੀ।

ਪੈਸੇ ਅਤੇ ਪ੍ਰਸਿੱਧੀ ਨੇ ਉਸ ਦਾ ਦਿਮਾਗ਼ ਖ਼ਰਾਬ ਕਰ ਦਿੱਤਾ ਸੀ। ਉਸ ਨੂੰ ਆਪਣੀ ਬੀਵੀ ਸਾਧਾਰਨ, ਅੱਖੜ ਅਤੇ ਗਵਾਰ ਲੱਗਣ ਲੱਗ ਪਈ ਸੀ। ਜੈਨ ਨੇ ਆਪਣੇ ਕਲੀਨਿਕ ਵਿਚ ਕੰਮ ਕਰਦੀ ਇਕ ਨਰਸ ਨਾਲ ਪ੍ਰੇਮ-ਪੀਂਘਾਂ ਪਾ ਲਈਆਂ। ਕੁੜੀ ਨੇ ਹੱਥ ਵਧਾਉਣ ਤੋਂ ਪਹਿਲਾਂ ਕਰੜੀਆਂ ਸ਼ਰਤਾਂ ਰੱਖੀਆਂ। ਜੈਨ ਪਹਿਲਾਂ ਬੀਵੀ ਨੂੰ ਤਲਾਕ ਦੇਵੇ। ਬੀਵੀ ਥੋੜ੍ਹੀ ਜਿਹੀ ਭੱਦੀ ਸ਼ਕਲ ਦੀ ਸੀ, ਪਰ ਸੀ ਪੜ੍ਹੇ-ਲਿਖੇ ਮਾਪਿਆਂ ਦੀ ਧੀ। ਉਸ ਦਾ ਬਾਪ ਇੰਜੀਨੀਅਰ ਸੀ। ਮਾਂ ਪ੍ਰੋਫ਼ੈਸਰ ਸੀ। ਇਕ ਭਰਾ ਹਾਈ ਕੋਰਟ ਦਾ ਵਕੀਲ ਸੀ, ਦੂਜਾ ਸੈਸ਼ਨ ਜੱਜ। ਅੱਗੋਂ ਉਹਨਾਂ ਦੀਆਂ ਰਿਸ਼ਤੇਦਾਰੀਆਂ ਹੋਰ ਉੱਚੀਆਂ ਥਾਵਾਂ 'ਤੇ ਸਨ।

ਪਿਛਲੀ ਉਮਰ 'ਚ ਜਾਗੇ ਇਸ਼ਕ ਦੀ ਧੂਹ ਡਾਕਟਰ ਨੂੰ ਚੈਨ ਨਹੀਂ ਸੀ ਲੈਣ ਦੇ ਰਹੀ। ਮਹਿਬੂਬਾ ਨੂੰ ਜਲਦੀ ਕਲੀਨਿਕ ਦੀ ਮਾਲਕ ਬਣਨ ਦੀ ਕਾਹਲ ਸੀ। ਦੋਹਾਂ ਦੀ ਅਕਲ 'ਤੇ ਪਰਦਾ ਪੈ ਗਿਆ। ਡਾਕਟਰ ਨੇ ਭਾੜੇ ਦੇ ਟੱਟੂ ਖ਼ਰੀਦੇ। ਆਪਣੇ ਨਾਲ ਕਾਰ ਵਿਚ ਬੈਠੀ ਜਾਂਦੀ ਪਤਨੀ ਅਗਵਾ ਕਰਾਈ। ਫਿਰੌਤੀ ਦੀ ਮੰਗ ਰਖਵਾਈ। ਮੰਗ ਪੂਰੀ ਨਾ ਹੋਣ ਦੇ ਬਹਾਨੇ ਪਤਨੀ ਮਰਵਾਈ ਤੇ ਲਾਸ਼ ਚੌਕ ਵਿਚ ਸੁਟਵਾਈ। ਪਰਚਾ ਦਰਜ ਕਰਵਾ ਕੇ ਆਰਾਮ ਨਾਲ ਸੌਂ ਗਿਆ।

ਪਰ ਨਾ ਸੈਸ਼ਨ ਜੱਜ ਨੂੰ ਚੈਨ ਆਈ, ਨਾ ਵਕੀਲ ਨੂੰ। ਦਿਨ-ਰਾਤ ਇਕ ਕਰ ਕੇ ਉਹਨਾਂ ਨੇ ਕਾਤਲਾਂ ਦਾ ਖੁਰਾ-ਖੋਜ ਕੱਢ ਲਿਆ। ਫੇਰ ਪੁਲਿਸ ਉਸ ਦੇ ਦਰਾਂ 'ਤੇ ਲਿਆ ਖੜ੍ਹਾਈ।

ਨਤੀਜਾ ਉਹ ਜੇਲ੍ਹ ਵਿਚ ਭੁਗਤ ਰਿਹਾ ਹੈ।

ਹਾਕਮ ਵਾਂਗ ਉਹ ਵੀ ਗ਼ਰੀਬ ਕੈਦੀਆਂ ਦਾ ਮੁਫ਼ਤ ਇਲਾਜ ਕਰਨ ਲਈ ਤਿਆਰ ਹੈ। ਅੱਜ ਕੱਲ੍ਹ ਉਹ ਦਫ਼ਤਰ ਦੀ ਡਾਕ ਦੇਖਦਾ ਹੈ। ਇਹ ਕੰਮ ਕੋਈ ਦਸ ਪੜ੍ਹਿਆ ਕੈਦੀ ਵੀ ਕਰ ਸਕਦਾ ਹੈ।

ਦੇਖੋ-ਦੇਖੀ ਦੋ ਮਾਸਟਰਾਂ ਨੇ ਅਰਜ਼ੀ ਪਾ ਦਿੱਤੀ, "ਸਾਡੇ ਕੋਲ ਬੱਚਿਆਂ ਨੂੰ ਪੜ੍ਹਾਉਣ ਦਾ ਪੰਦਰਾਂ-ਪੰਦਰਾਂ ਸਾਲ ਦਾ ਤਜਰਬਾ ਹੈ। ਅਸੀਂ ਕੈਦੀਆਂ ਨੂੰ ਪੜ੍ਹਾਉਣ ਨੂੰ ਤਿਆਰ ਹਾਂ। ਹੁਣ ਅਸੀਂ ਫ਼ੈਕਟਰੀ ਵਿਚ ਬਤੌਰ ਪੰਜਾ ਇੰਚਾਰਜ ਕੰਮ ਕਰਦੇ ਹਾਂ। ਇਹ ਕੰਮ ਕੋਈ ਬੁੱਢਾ ਠੇਰਾ ਕੈਦੀ ਵੀ ਕਰ ਸਕਦਾ ਹੈ।"

ਫ਼ਾਰਮ ਵਿਚ ਟਰੈਕਟਰ ਚਲਾਉਂਦੇ ਜਰਨੈਲ ਸਿੰਘ ਨੂੰ ਵੀ ਪੁਰਾਣਾ ਸ਼ੌਕ ਜਾਗ ਪਿਆ। ਕਾਲਜ ਦੇ ਦਿਨਾਂ ਵਿਚ ਉਹ ਰਾਸ਼ਟਰੀ ਪੱਧਰ ਤੱਕ ਹਾਕੀ ਖੇਡਦਾ ਰਿਹਾ ਸੀ। ਆਪਣੇ ਪਿੰਡ ਉਸ ਨੇ ਹਾਕੀ ਟੀਮ ਬਣਾ ਰੱਖੀ ਸੀ। ਪੇਂਡੂ ਖੇਡਾਂ ਵਿਚ ਉਸ ਦੀ ਟੀਮ ਹਰ ਵਰ੍ਹੇ ਕੋਈ ਨਾ ਕੋਈ ਇਨਾਮ ਜਿੱਤਦੀ ਸੀ। ਮੌਕਾ ਮਿਲਣ 'ਤੇ ਉਹ ਜੇਲ੍ਹ ਵਿਚ ਹਾਕੀ ਦੀ ਟੀਮ ਖੜ੍ਹੀ ਕਰ ਸਕਦਾ



ਸੀ।

ਜ਼ਨਾਨਾ ਵਾਰਡ ਵਿਚ ਕੈਦ ਨੀਲਮ ਭੈਣ ਜੀ ਵੀ ਕਿਸੇ ਤੋਂ ਘੱਟ ਨਹੀਂ ਸੀ। ਉਹ ਗੀਤ-ਸੰਗੀਤ ਅਤੇ ਗਿੱਧੇ ਦੀ ਮਾਹਿਰ ਸੀ। ਉਹ ਬੱਚਾ ਵਾਰਡ ਵਿਚ ਅਤੇ ਸਾਥਣ ਕੈਦਣਾਂ ਲਈ ਸੇਵਾਵਾਂ ਅਰਪਣ ਕਰਨ ਨੂੰ ਤਿਆਰ ਸੀ। ਉਸ ਨੂੰ ਵਾਜੇ ਤਬਲੇ ਦੀ ਜ਼ਰੂਰਤ ਨਹੀਂ ਸੀ। ਸਾਜ਼ ਉਸ ਦੇ ਘਰ ਪਏ ਧੂੜ ਚੱਟ ਰਹੇ ਸਨ। ਉਹਨਾਂ ਨਾਲ ਕੰਮ ਚੱਲ ਸਕਦਾ ਸੀ।

ਇਹ ਅਰਜ਼ੀਆਂ ਸਾਧਾਰਨ ਕਿਸਮ ਦੀਆਂ ਨਹੀਂ ਸਨ। ਜੇਲ੍ਹ ਵਿਭਾਗ ਦੀ ਨੀਤੀ ਨਾਲ ਸੰਬੰਧ ਰੱਖਦੀਆਂ ਸਨ। ਇਸ ਲਈ ਸੁਪਰਡੈਂਟ ਇਕੱਲਾ ਕੋਈ ਫ਼ੈਸਲਾ ਲੈਣਾ ਨਹੀਂ ਸੀ ਚਾਹੁੰਦਾ।

ਜੇਲ੍ਹ ਕਰਮਚਾਰੀਆਂ ਨੇ ਵੀ ਮੰਗ-ਪੱਤਰ ਦੇ ਬਹਾਨੇ ਰੋਸ-ਪੱਤਰ ਭੇਜਿਆ ਸੀ। ਉਹਨਾਂ ਦੀਆਂ ਮੰਗਾਂ ਉਪਰ ਖੁੱਲ੍ਹ ਕੇ ਵਿਚਾਰ ਹੋਣੀ ਚਾਹੀਦੀ ਸੀ। ਇਸੇ ਲਈ ਮੀਟਿੰਗ ਬੁਲਾਈ ਗਈ ਸੀ।

ਮੀਟਿੰਗ ਬੁਲਾਉਂਦੇ ਸਮੇਂ ਜੇਲ੍ਹ ਸੁਪਰਡੈਂਟ ਨੇ ਸੋਚਿਆ ਸੀ, ਹੇਠਲੇ ਅਫ਼ਸਰਾਂ ਦੀ ਸਹਿਮਤੀ ਲੈਣੀ ਇਕ ਉਪਚਾਰਕਤਾ ਹੈ। ਅਫ਼ਸਰਾਂ ਨੇ ਕੈਦੀਆਂ ਦੀਆਂ ਦਰਖ਼ਾਸਤਾਂ ਨਾਲ ਸਹਿਮਤ ਹੋ ਹੀ ਜਾਣਾ ਹੈ।

ਪਿਛਲੇ ਮਹੀਨੇ ਰਣਜੋਧ ਸਿੰਘ ਜੇਲ੍ਹ ਸੁਪਰਡੈਂਟਾਂ ਦੀ ਕਾਨਫ਼ਰੰਸ ਵਿਚ ਹਿੱਸਾ ਲੈਣ ਬੰਬਈ ਗਿਆ ਸੀ। ਸਾਰੀ ਬਹਿਸ ਦੌਰਾਨ ਇਕੋ ਮੁੱਦਾ ਛਾਇਆ ਰਿਹਾ ਸੀ। ਸਰਕਾਰ ਅੰਤਰਰਾਸ਼ਟਰੀ ਪੱਧਰ 'ਤੇ ਜੇਲ੍ਹ ਸੁਧਾਰਾਂ ਬਾਰੇ ਹੋਏ ਫ਼ੈਸਲੇ ਇੰਨ-ਬਿੰਨ ਲਾਗੂ ਕਰਨਾ ਚਾਹੁੰਦੀ ਸੀ। ਪਰ ਸਰਕਾਰ ਦੀ ਮਾੜੀ ਮਾਲੀ ਹਾਲਤ ਆੜੇ ਆ ਰਹੀ ਸੀ। ਘੱਟੋ-ਘੱਟ ਬਜਟ ਵਿਚ ਵੱਧ ਤੋਂ ਵੱਧ ਸੁਧਾਰ ਕਿਸ ਤਰ੍ਹਾਂ ਲਾਗੂ ਕੀਤੇ ਜਾਣ? ਇਸੇ ਵਿਸ਼ੇ 'ਤੇ ਮਾਹਿਰਾਂ ਨੇ ਸੁਝਾਅ ਦਿੱਤੇ ਸਨ। ਇਕ ਮਾਹਿਰ ਨੇ ਆਖਿਆ ਸੀ, "ਜੇਲ੍ਹ ਵਿਚ ਹਰ ਪ੍ਰਕਾਰ ਦੀ ਪ੍ਰਤਿਭਾ ਮੌਜੂਦ ਹੁੰਦੀ ਹੈ। ਜੇਲ੍ਹ ਅਧਿਕਾਰੀਆਂ ਨੂੰ ਉਹ ਪ੍ਰਤਿਭਾ ਲੱਭ ਕੇ ਉਸ ਦਾ ਫ਼ਾਇਦਾ ਉਠਾਉਣਾ ਚਾਹੀਦਾ ਹੈ।" ਰਣਜੋਧ ਸਿੰਘ ਇੰਜ ਪਹਿਲਾਂ ਹੀ ਕਰ ਚੁੱਕਾ ਸੀ। ਇਕ ਵਕੀਲ ਕੈਦੀ ਤੋਂ ਪੂਰੀ ਸੰਸਥਾ ਜਿੰਨਾ ਕੰਮ ਲੈ ਚੁੱਕਾ ਸੀ।

ਦਰਖ਼ਾਸਤਾਂ ਪੜ੍ਹ ਕੇ ਸੁਪਰਡੈਂਟ ਨੂੰ ਅਹਿਸਾਸ ਹੋਇਆ ਕਿ ਜੇਲ੍ਹ ਵਿਚ ਸੱਚਮੁੱਚ ਹਰ ਤਰ੍ਹਾਂ ਦੀ ਪ੍ਰਤਿਭਾ ਮੌਜੂਦ ਹੈ। ਡਾਕਟਰ ਚਿੱਠੀਆਂ ਲਿਖ ਰਿਹਾ ਹੈ। ਟੀ.ਵੀ. ਮਕੈਨਿਕ ਰੋਟੀਆਂ ਥੱਪ ਰਿਹਾ ਹੈ। ਘੜੀਸਾਜ਼ ਭਾਂਡੇ ਮਾਂਜ ਰਿਹਾ ਹੈ। ਇਹਨਾਂ ਮਾਹਿਰਾਂ ਨੂੰ ਇਹਨਾਂ ਦੀ ਮਰਜ਼ੀ ਦੇ ਕੰਮਾਂ 'ਤੇ ਲਾਉਣ ਤੋਂ ਕਿਸ ਨੇ ਇਨਕਾਰ ਕਰਨਾ ਹੈ। ਸਭ ਨੇ ਝੱਟ ਸਹਿਮਤੀ ਪ੍ਰਗਟਾ ਦੇਣੀ ਹੈ।

ਮੀਟਿੰਗ ਵਿਚ ਸੀਨੀਅਰ ਡਿਪਟੀ ਸੁਪਰਡੈਂਟ ਰਣਜੀਤ ਸਿੰਘ ਜੋ ਜੇਲ੍ਹ ਪ੍ਰਸ਼ਾਸਨ ਦਾ ਕੰਮ ਦੇਖਦਾ ਸੀ, ਡਿਪਟੀ ਸੁਪਰਡੈਂਟ ਧਰਮਪਾਲ ਜੋ ਫ਼ੈਕਟਰੀ ਇੰਚਾਰਜ ਸੀ, ਡਾਕਟਰ ਸ਼ਕਤੀ ਕੁਮਾਰ ਅਤੇ ਚਾਰੇ ਸਹਾਇਕ ਦਰੋਗ਼ੇ ਹਾਜ਼ਰ ਸਨ।

ਡਾਕਟਰ ਨੂੰ ਛੱਡ ਕੇ ਬਾਕੀ ਸਾਰੇ ਅਫ਼ਸਰ ਜੇਲ੍ਹ ਸੁਪਰਡੈਂਟ ਦੇ ਅਧੀਨ ਸਨ। ਉਹ ਖੁੱਲ੍ਹ ਕੇ ਆਪਣੇ ਵਿਚਾਰ ਮੀਟਿੰਗ ਵਿਚ ਪੇਸ਼ ਨਹੀਂ ਸਨ ਕਰ ਸਕਦੇ।

ਹੇਠਲੇ ਅਫ਼ਸਰਾਂ ਨੇ ਪਹਿਲਾਂ ਆਪਣੀ ਵੱਖਰੀ ਮੀਟਿੰਗ ਰੱਖ ਲਈ। ਵਿਚਾਰ-ਵਟਾਂਦਰੇ ਤੋਂ ਬਾਅਦ ਉਹਨਾਂ ਨੇ ਸਿੱਟਾ ਕੱਢਿਆ ਕਿ ਜੇਲ੍ਹ ਪ੍ਰਸ਼ਾਸਨ ਵਿਚ ਕੈਦੀਆਂ ਦੇ ਦਖ਼ਲ ਨਾਲ ਉਹਨਾਂ ਦੇ ਅਧਿਕਾਰਾਂ ਨੂੰ ਖੋਰਾ ਲੱਗਣਾ ਹੈ। ਇਸ ਲਈ ਉਹਨਾਂ ਨੂੰ ਜੇਲ੍ਹ ਕਰਮਚਾਰੀਆਂ ਦੀਆਂ ਮੰਗਾਂ ਦਾ ਸਮਰਥਨ ਤੇ ਕੈਦੀਆਂ ਦੀਆਂ ਦਰਖ਼ਾਸਤਾਂ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ।

ਬਿੱਲੀ ਦੇ ਗੱਲ ਟੱਲੀ ਪਹਿਲਾਂ ਡਾਕਟਰ ਨੇ ਬੰਨ੍ਹਣੀ ਹੈ। ਬਾਕੀਆਂ ਨੇ ਪਿੱਛੋਂ ਮੌਕਾ ਸੰਭਾਲ

ਲੈਣਾ ਹੈ।

ਡਾਕਟਰ ਨੂੰ ਸੁਪਰਡੈਂਟ ਦਾ ਕੋਈ ਰੋਹਬ ਨਹੀਂ ਸੀ। ਜੇਲ੍ਹ ਹਸਪਤਾਲ ਉਸ ਦੀ ਮਨ-ਪਸੰਦ ਥਾਂ ਨਹੀਂ ਸੀ। ਇਥੇ ਉਹ ਫਸਿਆ-ਫਸਾਇਆ ਆਇਆ ਸੀ। ਪਿਛਲੇ ਸਾਲ ਉਸ ਦੀ ਤਰੱਕੀ ਹੋਈ ਸੀ। ਸੀਨੀਅਰ ਮੈਡੀਕਲ ਅਫ਼ਸਰ ਦੀ ਕੋਈ ਅਸਾਮੀ ਮਾਇਆ ਨਗਰ ਵਿਚ ਖ਼ਾਲੀ ਨਹੀਂ ਸੀ। ਡਾਕਟਰ ਮਾਇਆ ਨਗਰ ਛੱਡਣ ਦੀ ਸਥਿਤੀ ਵਿਚ ਨਹੀਂ ਸੀ। ਮਜਬੂਰੀ ਵੱਸ ਉਸ ਨੂੰ ਜੇਲ੍ਹ ਹਸਪਤਾਲ ਆਉਣਾ ਪਿਆ ਸੀ। ਇਥੇ ਸਿਵਲ ਹਸਪਤਾਲ ਵਰਗੀਆਂ ਮੌਜਾਂ ਨਹੀਂ ਸਨ। ਮੁਜਰਮਾਂ ਵਿਚ ਰਹਿ ਕੇ ਉਹ ਚਿੜਚਿੜਾ ਹੋ ਗਿਆ ਸੀ। ਸਾਰਾ ਦਿਨ ਮਰੀਜ਼ਾਂ ਨਾਲ ਝਗੜਨਾ ਪੈਂਦਾ ਸੀ। ਕਮਾਈ ਨਾਂ-ਮਾਤਰ ਸੀ।

ਡਾਕਟਰ ਜਾਣਦਾ ਸੀ ਕਿ ਜੈਨ ਉਸ ਨਾਲੋਂ ਵੱਧ ਕਾਬਲ ਹੈ। ਉਸ ਨੇ ਦਿਨਾਂ ਵਿਚ ਆਪਣੀ ਧਾਂਕ ਜਮਾ ਲੈਣੀ ਹੈ। ਪਿੱਛੋਂ ਸ਼ਕਤੀ ਕੁਮਾਰ ਨੂੰ ਕਿਸੇ ਨੇ ਨਹੀਂ ਪੁੱਛਣਾ। ਉਹ ਆਪਣੇ ਪੈਰ ’ਤੇ ਆਪ ਕੁਹਾੜੀ ਨਹੀਂ ਸੀ ਮਾਰ ਸਕਦਾ।

ਇਕ ਹੋਰ ਦਿੱਕਤ ਖੜੀ ਹੋ ਜਾਣੀ ਸੀ। ਸ਼ਕਤੀ ਕੁਮਾਰ ਨੂੰ ਡਾਕਟਰ ਜੈਨ ਵੱਲੋਂ ਲਿਖੀਆਂ ਦਵਾਈਆਂ ਸਟੋਰ ਵਿਚੋਂ ਦੇਣੀਆਂ ਪੈਣੀਆਂ ਸਨ। ਜੋ ਥੋੜ੍ਹੀ-ਬਹੁਤ ਕਮਾਈ ਦਵਾਈਆਂ ਬਚਾ ਕੇ ਹੁੰਦੀ ਹੈ, ਉਹ ਖ਼ਤਮ ਹੋ ਜਾਣੀ ਸੀ।

ਨਾਲੇ ਕੰਪਾਊਡਰ ਦਾ ਕਾਰੋਬਾਰ ਪ੍ਰਭਾਵਿਤ ਹੋਣਾ ਸੀ। ਉਸ ਨੂੰ ਦਵਾਈਆਂ ਬਾਹਰੋਂ ਅੰਦਰ ਲਿਆ ਕੇ ਮਹਿੰਗੇ ਭਾਅ ਵੇਚਣੀਆਂ ਮੁਸ਼ਕਲ ਹੋ ਜਾਣੀਆਂ ਸਨ। ਉਸ ਦੇ ਨਾਲ-ਨਾਲ ਉਸ ਦੇ ਕੈਦੀ ਭਲਾਈ ਬੋਰਡ ਦੇ ਮੈਂਬਰ ਮਾਮੇ ਨੇ ਪ੍ਰਭਾਵਿਤ ਹੋਣਾ ਸੀ। ਉਸ ਨੇ ਆਪਣਾ ਗ਼ੁੱਸਾ ਜੇਲ੍ਹ ਅਧਿਕਾਰੀਆਂ ਉਪਰ ਕੱਢਣਾ ਸੀ।

ਡਾਕਟਰ ਜੈਨ ਨੂੰ ਖੁੱਲ੍ਹ ਦੇਣ ਨਾਲ ਭਰਿੰਡਾਂ ਦੇ ਛੱਤੇ ਨੇ ਛਿੜ ਪੈਣਾ ਸੀ।

ਅਜਿਹੇ ਤਰਕ ਦੇ ਕੇ ਪਹਿਲਾਂ ਬਣੀ ਯੋਜਨਾ ਅਨੁਸਾਰ ਸ਼ਕਤੀ ਕੁਮਾਰ ਵਿਰੋਧੀ ਸੁਰ ਉੱਚੀ ਕਰਨ ਲੱਗਾ।

ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਉਸ ਨੇ ਇਕ ਉਦਾਹਰਣ ਦਿੱਤੀ। ਇਕ ਵਾਰ ਪਹਿਲਾਂ ਵੀ ਇਕ ਕੈਦੀ ਡਾਕਟਰ ਨੂੰ ਮਰੀਜ਼ਾਂ ਨੂੰ ਦਵਾਈ-ਬੂਟੀ ਦੇਣ ਦੀ ਖੁੱਲ੍ਹ ਦਿੱਤੀ ਗਈ ਸੀ। ਉਸ ਨੇ ਜੇਲ੍ਹ ਵਿਚ ਪ੍ਰਾਈਵੇਟ ਪ੍ਰੈਕਟਿਸ ਕਰਨੀ ਸ਼ੁਰੂ ਕਰ ਦਿੱਤੀ ਸੀ। ਉਹ ਠੋਕਵੀਂ ਫ਼ੀਸ ਲੈ ਕੇ ਸਰਦੇ-ਪੁੱਜਦੇ ਘਰਾਂ ਦੇ ਮਰੀਜ਼ ਦੇਖਦਾ ਸੀ। ਬਾਕੀਆਂ ਨੂੰ ਨੇੜੇ ਨਹੀਂ ਸੀ ਲੱਗਣ ਦਿੰਦਾ। ਉਸ ਨੇ ਦਵਾਈਆਂ ਵੀ ਆਪਣੇ ਕੋਲੋਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਹ ਜਲਦੀ ਰਿਹਾਅ ਹੋ ਗਿਆ। ਉਸ ਸਮੇਂ ਜੇਲ੍ਹ ਪ੍ਰਸ਼ਾਸਨ ਨੇ ਕੰਨਾਂ ਨੂੰ ਹੱਥ ਲਾਏ ਸਨ। ਮੁੜ ਅਜਿਹੀ ਗ਼ਲਤੀ ਨਹੀਂ ਹੋਏਗੀ। ਪਹਿਲੇ ਤਜਰਬੇ ਤੋਂ ਸਬਕ ਸਿੱਖ ਕੇ ਪ੍ਰਸ਼ਾਸਨ ਨੂੰ ਗ਼ਲਤੀ ਦੁਹਰਾਉਣੀ ਨਹੀਂ ਚਾਹੀਦੀ।

ਡਾਕਟਰ ਨੇ ਇਕ ਹੋਰ ਤਰਕ ਦਿੱਤਾ। ਸਭ ਜੇਲ੍ਹ ਅਧਿਕਾਰੀਆਂ ਨੂੰ ਉਪਰੋਂ ਵਗਾਰਾਂ ਪੈਂਦੀਆਂ ਹਨ। ਕਿਸੇ ਹੋਰ ਡਾਕਟਰ ਦੀ ਦਖ਼ਲ-ਅੰਦਾਜ਼ੀ ਕਾਰਨ ਉਸ ਦੀ ਆਮਦਨ ਬੰਦ ਹੋ ਜਾਏਗੀ। ਫੇਰ ਉਸ ਤੋਂ ਕਿਸੇ ਵਗਾਰ ਦੀ ਆਸ ਨਾ ਰੱਖੀ ਜਾਵੇ।

ਕੈਦੀਆਂ ਲਈ ਸਕੂਲ ਖੋਲ੍ਹ ਕੇ ਨਵਾਂ ਸਿਆਪਾ ਖੜਾ ਕਰਨ ’ਤੇ ਰਣਜੀਤ ਸਿੰਘ ਇਤਰਾਜ਼ ਕਰਨ ਲੱਗਾ। ਉਸ ਨੇ ਸਾਹਿਬ ਨੂੰ ਯਾਦ ਕਰਾਇਆ :

“ਕਾਗ਼ਜ਼ੀਂ-ਪੱਤਰੀਂ ਸਕੂਲ ਪਹਿਲਾਂ ਹੀ ਚੱਲ ਰਿਹਾ ਹੈ। ਕਿਤਾਬਾਂ, ਕਾਪੀਆਂ ਅਤੇ ਹੋਰ ਨਿੱਕ-ਸੁੱਕ ਮੰਗਾਉਣ ਲਈ ਸਰਕਾਰ ਕੋਲੋਂ ਤੀਹ ਹਜ਼ਾਰ ਰੁਪਿਆ ਆਉਂਦਾ ਹੈ। ਉਹ ਸਾਰੀ ਰਕਮ ਸਾਡੇ ਬੋਝੇ ਪੈਂਦੀ ਹੈ। ਸੱਚਮੁੱਚ ਸਕੂਲ ਖੁੱਲ੍ਹਣ ਨਾਲ ਉਹ ਆਮਦਨ ਬੰਦ ਹੋ ਜਾਏਗੀ। ਕਾਗ਼ਜ਼ੀਂ-ਪੱਤਰੀ ਅਸੀਂ ਪੰਜ ਬੰਦਿਆਂ ਨੂੰ ਮੁਸ਼ਕਤ ਤੋਂ ਛੋਟ ਦਿੱਤੀ ਹੋਈ ਹੈ। ਉਸ ਛੋਟ ਬਦਲੇ ਪ੍ਰਸ਼ਾਸਨ ਨੂੰ ਮੋਟੀ ਫ਼ੀਸ ਮਿਲਦੀ ਹੈ। ਉਹ ਫ਼ੀਸ ਬੰਦ ਹੋ ਜਾਏਗੀ। ਅਧਿਆਪਕਾਂ ਦਾ ਕੰਮ ਕਰਨ ਵਾਲੇ ਸਮਾਜ ਸੇਵੀ ਕੈਦੀਆਂ ਨੂੰ ਵਿਸ਼ੇਸ਼ ਮੁਆਫ਼ੀ ਦਿੱਤੀ ਜਾਂਦੀ ਹੈ। ਉਸ ਮੁਆਫ਼ੀ ਦੀ ਰਕਮ ਵੱਖਰੀ ਵਸੂਲੀ ਜਾਂਦੀ ਹੈ। ਉਹ ਆਮਦਨ ਬੰਦ ਹੋ ਜਾਏਗੀ। ਕਈ ਪੜ੍ਹੇ-ਲਿਖੇ ਕੈਦੀਆਂ ਨੂੰ ਅਨਪੜ੍ਹ ਦਿਖਾ ਕੇ ਜੇਲ੍ਹ ਦੇ ਸਕੂਲ ਵਿਚ ਪੜ੍ਹਨ ਜਾਂਦੇ ਦਿਖਾਇਆ ਜਾਂਦਾ ਹੈ। ਇਸ ਬਹਾਨੇ ਉਹਨਾਂ ਨੂੰ ਫ਼ੈਕਟਰੀ ਦੇ ਕੰਮ ਤੋਂ ਬਚਾਇਆ ਜਾਂਦਾ ਹੈ। ਇਸ ਰਿਆਇਤ ਦਾ ਮੁੱਲ ਲਿਆ ਜਾਂਦਾ ਹੈ। ਇਮਤਿਹਾਨ ਪਾਸ ਕਰਨ ਵਾਲੇ ‘ਲਾਇਕ ਕੈਦੀਆਂ’ ਨੂੰ ਵਿਸ਼ੇਸ਼ ਮੁਆਫ਼ੀ ਦਿੱਤੀ ਜਾਂਦੀ ਹੈ। ਉਹ ਘਾਟਾ ਕਿਵੇਂ ਪੂਰਾਂਗੇ ? ਮੈਂ ਕਿਸ-ਕਿਸ ਘਾਟੇ ਦਾ ਜ਼ਿਕਰ ਕਰਾਂ।”

ਸਕੂਲ ਖੋਲ੍ਹਣ ਦਾ ਵਿਰੋਧ ਕਰਨ ਲਈ ਰਣਜੀਤ ਸਿੰਘ ਨੇ ਇਕ ਵਿਵਹਾਰਿਕ ਤਰਕ ਵੀ ਦਿੱਤਾ :

“ਕੈਦੀਆਂ ਨੂੰ ਪੜ੍ਹਾਉਣ ਦਾ ਸੁਝਾਅ ਉਹ ਲੋਕ ਦਿੰਦੇ ਹਨ ਜਿਨ੍ਹਾਂ ਨੇ ਕਦੇ ਜੇਲ੍ਹ ਦਾ ਦਰਵਾਜ਼ਾ ਤਕ ਨਹੀਂ ਦੇਖਿਆ ਹੁੰਦਾ। ਉਹ ਕਦੇ ਜੇਲ੍ਹ ਦੇ ਅੰਦਰ ਆਉਣ ਅਤੇ ਦੇਖਣ ਕਿ ਜੁਰਮ ਕਰ-ਕਰ ਅਤੇ ਪੁਲਿਸ ਦੀਆਂ ਮਾਰਾਂ ਖਾ-ਖਾ ਇਹਨਾਂ ਕੈਦੀਆਂ ਦੇ ਦਿਮਾਗ਼ ਕਿਸ ਤਰ੍ਹਾਂ ਪੱਥਰ ਵਰਗੇ ਬਣ ਗਏ ਹਨ। ਪੱਥਰ ’ਤੇ ਬੂੰਦ ਪਈ ਨਾ ਪਈ ਇਕ ਬਰਾਬਰ ਹੈ। ਇਸ ਜੇਲ੍ਹ ਵਿਚ ਇਕ ਵਾਰੀ ਸਕੂਲ ਖੋਲ੍ਹਣ ਦਾ ਤਜਰਬਾ ਹੋ ਚੁੱਕਾ ਹੈ। ਇਕ ਸਾਮਜ ਸੇਵਕ ਅਖਵਾਉਂਦਾ ਅਧਿਆਪਕ ਕੈਦੀਆਂ ਨੂੰ ਪੜ੍ਹਾਉਣ ਦਾ ਸੁਪਨਾ ਲੈ ਚੁੱਕਾ ਹੈ। ਉਹ ਹਫ਼ਤੇ ਬਾਅਦ ਬਦਲੀ ਕਰਵਾ ਕੇ ਭੱਜ ਗਿਆ ਸੀ। ਕੈਦੀ ਉਸ ਦੀਆਂ ਸਾਂਗਾਂ ਲਾਹੁੰਦੇ ਸਨ, ਉਪਰੋਂ ਭੈੜੇ-ਭੈੜੇ ਸੁਆਲ ਪੁੱਛਦੇ ਸਨ। ਕਲਾਸ ਵਿਚ ਕੈਦੀ ਪੜ੍ਹਨ ਨਹੀਂ, ਕੰਮੋਂ ਟਲਣ ਲਈ ਜਾਂਦੇ ਸਨ। ਦੋਬਾਰਾ ਪੰਗਾ ਨਾ ਲੈਣ ਵਿਚ ਬਿਹਤਰੀ ਹੈ।”

ਧਰਮਪਾਲ ਦੇ ਵਿਚਾਰ ਡਾਕਟਰ ਅਤੇ ਰਣਜੀਤ ਸਿੰਘ ਨਾਲ ਮਿਲਦੇ-ਜੁਲਦੇ ਸਨ :

“ਫ਼ੈਕਟਰੀ ਵਿਚ ਉਤਪਾਦਨ ਦੀ ਦਰ ਪਹਿਲਾਂ ਹੀ ਬਹੁਤ ਘੱਟ ਹੈ। ਮੈਨੂੰ ਸਰਕਾਰ ਨੂੰ ਜਵਾਬ ਦੇਣਾ ਔਖਾ ਹੋਇਆ ਪਿਆ ਹੈ। ਜੇ ਹਾਕੀ, ਫੁਟਬਾਲ ਅਤੇ ਭੰਗੜੇ ਦੀਆਂ ਟੀਮਾਂ ਦੀ ਤਿਆਰੀ ਸ਼ੁਰੂ ਹੋ ਗਈ ਤਾਂ ਕੈਦੀਆਂ ਨੇ ਕੰਮ ਦੀ ਥਾਂ ਮੈਦਾਨ ਨੂੰ ਭੱਜਿਆ ਕਰਨਾ ਹੈ। ਕ੍ਰਿਪਾ ਕਰਕੇ ਕੈਦੀਆਂ ਨੂੰ ਕੰਮ ’ਤੇ ਲੱਗੇ ਰਹਿਣ ਦਿਓ। ਉਹਨਾਂ ਨੂੰ ਭੈੜੀਆਂ ਆਦਤਾਂ ਨਾ ਪਾਓ।”

ਮੀਟਿੰਗ ਦਾ ਰੁਖ਼ ਰਣਜੋਧ ਸਿੰਘ ਦੀ ਸੋਚ ਦੇ ਉਲਟ ਜਾ ਰਿਹਾ ਸੀ। ਬੋਰੀ ਵਿਚੋਂ ਬਿੱਲੀ ਦੀ ਥਾਂ ਰਿੱਛ ਨਿਕਲ ਆਇਆ ਸੀ। ਲੁਕਵੀਂ ਸੁਰ ਵਿਚ ਉਸ ਨੂੰ ਜੇਲ੍ਹ ਸੁਧਾਰ ਲਾਗੂ ਕਰਨ ਤੋਂ ਰੋਕਿਆ ਹੀ ਨਹੀਂ ਸੀ ਜਾ ਰਿਹਾ, ਸਗੋਂ ਇਸ ਤਰ੍ਹਾਂ ਕਰਨ ਨਾਲ ਨਿਕਲਣ ਵਾਲੇ ਨਤੀਜਿਆਂ ਤੋਂ ਜਾਣੂ ਕਰਵਾ ਕੇ ਡਰਾਇਆ ਵੀ ਜਾ ਰਿਹਾ ਸੀ।

ਰਣਜੋਧ ਸਿੰਘ ਚੁੱਪ-ਚਾਪ ਮਾਤਹਿਤਾਂ ਦੇ ਵਿਚਾਰ ਸੁਣਦਾ ਰਿਹਾ।

ਸਹਾਇਕ ਦਰੋਗ਼ੇ ਨਵਲ ਕਿਸ਼ੋਰ ਨੇ ਬਗਲ ਵਿਚੋਂ ਹੋਰ ਹੀ ਮੂਲਾ ਕੱਢ ਲਿਆ। ਕਹਿਣ ਲੱਗਾ :

“ਮੈਂ ਆਪਣੇ ਮੁਖ਼ਬਰ ਕੈਦੀਆਂ ਰਾਹੀਂ ਸੂਚਨਾਵਾਂ ਇਕੱਠੀਆਂ ਕੀਤੀਆਂ ਹਨ। ਬੀ ਕਲਾਸ਼ ਕੈਦੀਆਂ ਨੇ ਇਹ ਦਰਖ਼ਾਸਤਾ ਲੋਕ-ਸੇਵਾ ਕਰਨ ਲਈ ਨਹੀਂ, ਹਾਕਮ ਸਿੰਘ ਨੂੰ ਮਿਲ ਰਹੀਆਂ ਸਹੂਲਤਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਦਿੱਤੀਆਂ ਹਨ।”

ਮੀਟਿੰਗ ਦੇ ਦੂਜੇ ਮੁੱਦੇ ਦੀ ਜੜ੍ਹ ਹਾਕਮ ਸਿੰਘ ਹੀ ਹੈ।

"ਇਸ ਸਮੇਂ ਹਾਕਮ ਸਿੰਘ ਜੇਲ੍ਹ ਪ੍ਰਸ਼ਾਸਨ ਲਈ ਪਹਿਲਾਂ ਵਾਲਾ ਕੀਮਤੀ ਗਹਿਣਾ ਨਹੀਂ ਹੈ, ਸਗੋਂ ਇਕ ਸਮੱਸਿਆ ਬਣ ਗਿਆ ਹੈ। ਜੇ ਸੰਕਟ ਵਿਚੋਂ ਨਿਕਲਣਾ ਹੈ ਤਾਂ ਬਿਨਾਂ ਕਿਸੇ ਜਜ਼ਬਾਤੀ ਸਾਂਝ ਦੇ ਉਸ ਦੇ ਵਿਵਹਾਰ ਅਤੇ ਉਸ ਨੂੰ ਦਿੱਤੀਆਂ ਜਾ ਰਹੀਆਂ ਰਿਆਇਤਾਂ 'ਤੇ ਖੁੱਲ੍ਹ ਕੇ ਵਿਚਾਰ ਹੋਣੀ ਚਾਹੀਦੀ ਹੈ।"

ਬਿਕਰਮ ਵੀ ਉਸ ਨਾਲ ਸਹਿਮਤ ਸੀ।

"ਹਾਕਮ ਸਿੰਘ ਆਪਣੇ ਆਪ ਨੂੰ ਕੈਦੀਆਂ ਦਾ ਮਸੀਹਾ ਸਮਝਣ ਲੱਗ ਪਿਆ ਹੈ। ਉਸ ਨੂੰ ਕੈਦੀਆਂ ਨੂੰ ਨਵੇਂ-ਨਵੇਂ ਅਧਿਕਾਰਾਂ ਦੀ ਜਾਣਕਾਰੀ ਦੇਣ ਦੀ ਆਦਤ ਪੈ ਗਈ ਹੈ। ਅੱਜ-ਕੱਲ੍ਹ ਉਹ ਕੈਦੀਆਂ ਨੂੰ ਜੇਲ੍ਹ ਮੈਨੂਅਲ ਪੜ੍ਹਾ ਰਿਹਾ ਹੈ। ਉਹਨਾਂ ਨੂੰ ਸਬਜ਼-ਬਾਗ਼ ਦਿਖਾ ਰਿਹਾ ਹੈ। ਨਿਯਮਾਂ ਅਨੁਸਾਰ ਮੁਆਫ਼ੀਆਂ ਅਤੇ ਰਾਸ਼ਨ-ਕੱਪੜਾ ਲੈ ਕੇ ਦੇਣ ਦੇ ਵਾਅਦੇ ਕਰ ਰਿਹਾ ਹੈ। ਕੈਦੀ ਪ੍ਰਸ਼ਾਸਨ ਵਿਰੁੱਧ ਭੜਕਣ ਹੀ ਵਾਲੇ ਹਨ।"

ਹਾਕਮ ਸਿੰਘ ਇਕ ਹੋਰ ਸਿਆਪਾ ਖੜ੍ਹਾ ਕਰਨ ਵਾਲਾ ਹੈ। ਉਹ ਸੁਪਰੀਮ ਕੋਰਟ ਦੇ ਕਿਸੇ ਫ਼ੈਸਲੇ ਦਾ ਹਵਾਲਾ ਦੇ ਕੇ ਜੇਲ੍ਹ ਵਿਚ ਥਾਂ-ਥਾਂ 'ਸ਼ਿਕਾਇਤ ਡੱਬੇ' ਰੱਖਣ ਦੀ ਮੰਗ ਉਠਾਉਣ ਵਾਲਾ ਹੈ। ਇਹ ਡੱਬੇ ਆਮ ਡੱਬਿਆਂ ਵਰਗੇ ਨਹੀਂ ਹੋਣਗੇ। ਇਹਨਾਂ ਨੂੰ ਕੇਵਲ ਜ਼ਿਲ੍ਹਾ ਮੈਜਿਸਟ੍ਰੇਟ ਜਾਂ ਸੈਸ਼ਨ ਜੱਜ ਖੋਲ੍ਹੇਗਾ। ਹੋਈਆਂ ਸ਼ਿਕਾਇਤਾਂ ਦੀ ਸੁਣਵਾਈ ਉਹੋ ਕਰੇਗਾ। ਦੋਸ਼ੀ ਮੁਲਾਜ਼ਮ ਨੂੰ ਕੀ ਸਜ਼ਾ ਦਿੱਤੀ ਜਾਵੇ, ਇਸ ਦਾ ਫ਼ੈਸਲਾ ਉਹੋ ਕਰੇਗਾ। ਜੇਲ੍ਹ ਅਧਿਕਾਰੀਆਂ ਨੂੰ ਆਪਣੇ ਉੱਪਰ ਲੱਗੇ ਦੋਸ਼ਾਂ ਦਾ ਜਵਾਬ ਦੇਣ ਲਈ ਮੁਲਜ਼ਮ ਬਣ ਕੇ ਕਟਹਿਰੇ ਵਿਚ ਖੜ੍ਹਨਾ ਪਏਗਾ। ਮੈਂ ਉਸ ਫ਼ੈਸਲੇ ਦੀ ਨਕਲ ਹਾਸਲ ਕਰ ਲਈ ਹੈ। ਵੀਹਾਂ ਸਾਲਾਂ ਤੋਂ ਇਹ ਫ਼ੈਸਲਾ ਕਿਤਾਬਾਂ ਵਿਚ ਦਫ਼ਨ ਹੈ। ਜੇ ਇਹ ਫ਼ੈਸਲਾ ਲਾਗੂ ਹੋ ਗਿਆ ਤਾਂ ਅਸੀਂ ਕੈਦੀਆਂ ਦੇ ਗ਼ੁਲਾਮ ਬਣ ਜਾਵਾਂਗੇ। ਸਾਨੂੰ ਉਹਨਾਂ ਨੂੰ ਜਵਾਈਆਂ ਵਾਂਗ ਰੱਖਣਾ ਪੈਣਾ ਹੈ।"

ਸਭ ਅਧਿਕਾਰੀਆਂ ਦੀ ਇਕੋ ਰਾਏ ਸੀ, "ਹਾਕਮ ਨੂੰ ਨੱਥ ਪਾਈ ਜਾਵੇ।"

ਰਣਜੋਧ ਸਿੰਘ ਜ਼ਿੱਦੀ ਸੁਭਾਅ ਦਾ ਨਹੀਂ ਸੀ। ਨਾਲੇ ਉਹ ਅਫ਼ਸਰਾਂ ਦੇ ਵਿਚਾਰ ਸੁਣਦਾ ਰਿਹਾ, ਨਾਲੇ ਸਥਿਤੀ ਦੀ ਘੋਖ ਕਰਦਾ ਰਿਹਾ।

ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਸੱਚਮੁੱਚ ਉਹ ਹਾਕਮ ਵੱਲ ਉਲਾਰ ਸੀ।

ਜੇਲ੍ਹ ਕਰਮਚਾਰੀ ਅਤੇ ਅਧਿਕਾਰੀ ਦੋਵੇਂ ਵਰਗ ਹਾਕਮ ਵਿਰੁੱਧ ਇਕ ਮੁੱਠ ਹੋਏ ਖੜ੍ਹੇ ਸਨ। ਆਪਣੀ ਗੱਲ ਮੰਨਵਾਉਣ ਲਈ ਉਹਨਾਂ ਨੇ ਕੁਝ ਲੂਣ-ਮਿਰਚ ਵੀ ਲਾਇਆ ਹੋਵੇਗਾ। ਬਹੁਤੀਆਂ ਗੱਲਾਂ ਸੱਚੀਆਂ ਹੋਣਗੀਆਂ। ਰਣਜੋਧ ਸਿੰਘ ਨੇ 'ਸੁਨੀਲ ਬੱਤਰਾ ਬਨਾਮ ਦਿੱਲੀ ਪ੍ਰਸ਼ਾਸਨ' ਦੇ ਨਾਂ ਨਾਲ ਪ੍ਰਸਿੱਧ ਸੁਪਰੀਮ ਕੋਰਟ ਦੇ ਉਸ ਫ਼ੈਸਲੇ ਨੂੰ ਪੜ੍ਹਿਆ ਹੋਇਆ ਸੀ, ਜਿਸ ਵਿਚ ਜੇਲ੍ਹਾਂ ਅੰਦਰ 'ਪਟੀਸ਼ਨ ਬਾਕਸ' ਰੱਖਣ ਦੀ ਹਦਾਇਤ ਦਿੱਤੀ ਗਈ ਸੀ। ਹਾਕਮ ਸਿੰਘ ਦੀ ਇਸ ਫ਼ੈਸਲੇ ਨੂੰ ਲਾਗੂ ਕਰਾਉਣ ਦੀ ਮੰਗ ਉਸ ਦੇ ਖ਼ਤਰਨਾਕ ਇਰਾਦਿਆਂ ਦੀ ਪੁਸ਼ਟੀ ਕਰਦੀ ਸੀ। ਸੁਪਰੀਮ ਕੋਰਟ ਦੇ ਅਜਿਹੇ ਫ਼ੈਸਲਿਆਂ ਦੀ ਖੋਜ ਕੋਈ ਵਕੀਲ ਹੀ ਕਰ ਸਕਦਾ ਸੀ।

ਰਣਜੋਧ ਸਿੰਘ ਦੀ ਕਿਹੜਾ ਹਾਕਮ ਸਿੰਘ ਨਾਲ ਪੱਗ ਵੱਟੀ ਹੋਈ ਸੀ। ਜਿੰਨਾ ਚਿਰ ਉਸ ਦੇ ਸਹਾਰੇ ਨਾਂ ਚਮਕ ਸਕਦਾ ਸੀ, ਚਮਕਾ ਲਿਆ। ਹੁਣ ਮਰੇ ਸੱਪ ਨੂੰ ਗਲੋਂ ਲਾਹ ਦੇਣਾ ਚਾਹੀਦਾ ਸੀ। ਦੁਖੀ ਹੋਏ ਮੁਲਾਜ਼ਮ ਕਿਧਰੇ ਹੜਤਾਲ ਨਾ ਕਰ ਦੇਣ। ਖਿਝੇ ਅਧਿਕਾਰੀ ਕਿਤੇ ਹਾਕਮ ਦੀਆਂ



ਗਤੀਵਿਧੀਆਂ ਸਰਕਾਰ ਦੇ ਧਿਆਨ ਵਿਚ ਨਾ ਲਿਆ ਦੇਣ।

ਸਾਰੀ ਲੰਕਾ ਰਾਵਣ ਵਿਰੁੱਧ ਹੋਈ ਖੜ੍ਹੀ ਸੀ। ਰਣਜੋਧ ਸਿੰਘ ਮਹਾਰਾਜਾ ਰਾਵਣ ਨਹੀਂ ਸੀ। ਆਪਣੇ ਮੰਤਰੀਆਂ ਅਤੇ ਸੈਨਾਪਤੀਆਂ ਦੀ ਰਾਏ ਦੁਰਕਾਰ ਕੇ ਇਕੱਠਾ ਆਪਣੇ ਟੀਚੇ ਦੀ ਪ੍ਰਾਪਤੀ ਲਈ ਨਿਕਲਣ ਦਾ ਐਲਾਨ ਨਹੀਂ ਕਰ ਸਕਦਾ। ਨਾ ਉਹ ਭਬੀਸ਼ਣ ਬਣ ਕੇ ਸਾਰੇ ਭਾਈਚਾਰੇ ਨੂੰ ਲੱਤ ਮਾਰ ਕੇ ਸੱਚ ਨਾਲ ਖੜ੍ਹੋਣ ਦੀ ਹਿੰਮਤ ਰੱਖਦਾ ਸੀ। ਉਹ ਸਾਧਾਰਨ ਮਨੁੱਖ ਸੀ। ਉਸ ਨੂੰ ਮੌਕਾ ਸੰਭਾਲਣਾ ਚਾਹੀਦਾ ਸੀ।

ਸਥਿਤੀ ਸੰਭਾਲਣ ਲਈ ਉਸ ਨੇ ਤੁਰੰਤ ਹੁਕਮ ਜਾਰੀ ਕੀਤੇ :

"ਹਾਕਮ ਦਾ ਦਫ਼ਤਰ ਆਉਣਾ ਬੰਦ। ਕੈਦੀਆਂ ਨੂੰ ਭਾਸ਼ਣ ਦੇਣੇ ਬੰਦ। ਉਸ ਦੀਆਂ ਵਿਸ਼ੇਸ਼ ਮੁਆਫ਼ੀਆਂ ਬੰਦ।"

ਆਪਣੀ ਨੀਤੀ ਸਪੱਸ਼ਟ ਕਰਨ ਲਈ ਉਸ ਨੇ ਮਾਤਹਿਤਾਂ ਨੂੰ ਸਮਝਾਇਆ :

"ਹਾਲ ਦੀ ਘੜੀ ਇੰਨੇ ਖੰਭ ਕੱਟਣੇ ਕਾਫ਼ੀ ਹਨ। ਕੋਈ ਹੋਰ ਸਜ਼ਾ ਦਿੱਤੀ ਤਾਂ ਉਸ ਦੇ ਚਮਚਿਆਂ ਨੇ ਭੜਕ ਪੈਣਾ ਹੈ। ਹਾਲ ਦੀ ਘੜੀ 'ਸਹਿਜ ਪਕੇ ਜੋ ਮੀਠਾ ਹੋਏ' ਦੇ ਸਿਧਾਂਤ 'ਤੇ ਚੱਲਣ ਵਿਚ ਹੀ ਭਲਾਈ ਹੈ।"

ਸੁੱਖ ਦਾ ਸਾਹ ਲੈਂਦੇ ਮਾਤਹਿਤਾਂ ਨੇ ਰਣਜੋਧ ਸਿੰਘ ਨਾਲ ਸਹਿਮਤੀ ਪ੍ਰਗਟਾ ਦਿੱਤੀ।

# 39

ਜਦੋਂ ਜਲਸੇ ਜਲੂਸਾਂ ਨਾਲ ਸਰਕਾਰ ਦੇ ਕੰਨ ’ਤੇ ਜੂੰ ਨਾ ਸਰਕੀ ਤਾਂ ਸੰਘਰਸ਼ ਸੰਮਤੀ ਨੇ ਅਦਾਲਤ ਦਾ ਦਰਵਾਜ਼ਾ ਜਾ ਖੜਕਾਇਆ।

ਲੋਕ ਹਿੱਤ ਪਟੀਸ਼ਨ ਰਾਹੀਂ ਸੰਮਤੀ ਨੇ ਹਾਈ ਕੋਰਟ ਕੋਲ ਕਈ ਮੰਗਾਂ ਰੱਖੀਆਂ :

“ਪੁਰਾਣਾ ਪੈਣ ਕਾਰਨ ਕਾਨੂੰਨ ਆਪਣੀ ਚਮਕ ਗੁਆ ਬੈਠਾ ਹੈ। ਸਰਕਾਰ ਕੋਲ ਇਸ ਦੀ ਧੂੜ ਲਾਹੁਣ ਦਾ ਵਕਤ ਨਹੀਂ। ਅਦਾਲਤ ਆਪਣੇ ਲੋਕ-ਹਿੱਤੂ ਹੋਣ ਵਾਲੇ ਅਵਤਾਰ ਨੂੰ ਧਾਰੇ ਅਤੇ ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰ ਕੇ ਲੋਕ ਭਲਾਈ ਦੇ ਨਵੇਂ ਰਾਹ ਖੋਲ੍ਹੇ।

“ਸ਼ੱਕ ਦਾ ਲਾਭ ਦੇ ਕੇ ਕਾਨੂੰਨ ਦੋਸ਼ੀਆਂ ਨੂੰ ਬਰੀ ਕਰਨ ਦੀ ਇਜਾਜ਼ਤ ਦੇਂਦਾ ਹੈ। ਕਿਸੇ ਹੱਦ ਤਕ ਇਹ ਨਿਯਮ ਠੀਕ ਹੈ। ਪਰ ਕੀ ਅਗਲੀ ਕਾਰਵਾਈ ਠੱਪ ਕਰਨਾ ਜਾਇਜ਼ ਹੈ ? ਫ਼ੈਸਲੇ ਬਾਅਦ ਨਾ ਪੁਲਿਸ ਅਸਲੀ ਕਾਤਲ ਲੱਭਦੀ ਹੈ, ਨਾ ਕਾਨੂੰਨ ਇਸ ਦੀ ਇਜਾਜ਼ਤ ਦਿੰਦਾ ਹੈ। ਕੀ ਕਦੇ ਕਿਸੇ ਨੇ ਸੋਚਿਆ ਹੈ ਕਿ ਇੰਝ ਹੋਣ ਨਾਲ ਮ੍ਰਿਤਕ ਦੇ ਵਾਰਿਸਾਂ ’ਤੇ ਕੀ ਬੀਤਦੀ ਹੈ ? ਉਹ ਕਾਨੂੰਨ ਕੋਲੋਂ ਪੁੱਛਦੇ ਹਨ, “ਫੜੇ ਗਏ ਬੰਦੇ ਨਿਰਦੋਸ਼ ਹੋਣਗੇ ਪਰ ਉਹਨਾਂ ਦਾ ਬੰਦਾ ਵੀ ਤਾਂ ਮਰਿਆ ਹੈ। ਫੇਰ ਉਸ ਦੇ ਕਾਤਲ ਕੌਣ ਹਨ ? ਉਹਨਾਂ ਨੂੰ ਕੌਣ ਫੜੇਗਾ ? ਸਾਨੂੰ ਇਨਸਾਫ਼ ਕੌਣ ਦੇਵੇਗਾ ?”

“ਸਿੱਕੇ ਦਾ ਦੂਸਰਾ ਪਾਸਾ ਵੀ ਓਨਾ ਹੀ ਕੋਝਾ ਹੈ। ਕਈ ਵਾਰ ਕਾਨੂੰਨ ਵਿਚਲੀਆਂ ਕਮਜ਼ੋਰੀਆਂ ਦਾ ਫ਼ਾਇਦਾ ਉਠਾ ਕੇ ਤਕੜੀ ਧਿਰ ਮਾੜੀ ਧਿਰ ਨੂੰ ਨਿਰਦੋਸ਼ ਹੁੰਦੇ ਹੋਏ ਸਜ਼ਾ ਕਰਵਾ ਦਿੰਦੀ ਹੈ। ਪਿੱਛੋਂ ਜੇ ਅਸਲ ਕਾਤਲ ਫੜੇ ਜਾਣ ਤਾਂ ਕਾਨੂੰਨ ਨਿਰਦੋਸ਼ਾਂ ਨੂੰ ਬਰੀ ਅਤੇ ਅਸਲ ਦੋਸ਼ੀਆਂ ਨੂੰ ਕਟਹਿਰੇ ਵਿਚ ਖੜੇ ਕਰਨ ਵਿਚ ਅੜਿੱਕਾ ਖੜਾ ਕਰ ਦਿੰਦਾ ਹੈ। ਕਾਨੂੰਨ ਆਖਦਾ ਹੈ, “ਚੰਗਾ ਹੈ ਜਾਂ ਮਾੜਾ ਹੈ। ਪਹਿਲੀ ਵਾਰ ਹੋਇਆ ਫ਼ੈਸਲਾ ਅੰਤਿਮ ਹੈ। ਇਕ ਮਾਮਲੇ ’ਤੇ ਅਦਾਲਤ ਵਾਰ-ਵਾਰ ਫ਼ੈਸਲਾ ਨਹੀਂ ਸੁਣਾ ਸਕਦੀ।”

“ਕੀ ਇਹੋ ਜਿਹੇ ਕਾਨੂੰਨ ਨੂੰ ਲੋਕ-ਹਿੱਤੂ ਕਾਨੂੰਨ ਆਖਿਆ ਜਾਵੇ ? ਕਾਨੂੰਨ ਪੀੜਤਾਂ ਦੇ ਜ਼ਖ਼ਮਾਂ ’ਤੇ ਮਲ੍ਹਮ ਦਾ ਕੰਮ ਕਰਨ ਲਈ ਹੁੰਦਾ ਹੈ, ਜ਼ਖ਼ਮਾਂ ਨੂੰ ਉਚੇੜਨ ਲਈ ਨਹੀਂ।”

ਸੰਮਤੀ ਨੇ ਆਪਣੀ ਪਟੀਸ਼ਨ ਵਿਚ ਇਹੋ ਜਿਹੇ ਕਈ ਮੁੱਦੇ ਉਠਾਏ।

ਸੰਮਤੀ ਨੇ ਇਕ ਮੰਗ ਕੀਤੀ, “ਜੇ ਕੋਈ ਗਵਾਹ ਜਜ਼ਬਾਤਾਂ ਵਿਚ ਵਹਿ ਕੇ ਜਾਂ ਕਿਸੇ ਦਬਾਅ ਹੇਠ ਆ ਕੇ ਇਕ ਵਾਰ ਅਦਾਲਤ ਵਿਚ ਝੂਠ ਬੋਲ ਜਾਵੇ ਅਤੇ ਪਿੱਛੋਂ ਆਪਣੇ ਅੰਦਰ ਦੀ ਆਵਾਜ਼ ਸੁਣ ਕੇ ਆਪਣੀ ਭੁੱਲ ਸੋਧਣਾ ਚਾਹੇ ਤਾਂ ਕਾਨੂੰਨ ਨੂੰ ਗਵਾਹ ਦਾ ਮੂੰਹ ਖੋਲ੍ਹਣ ਤੋਂ ਰੋਕਣਾ ਨਹੀਂ ਚਾਹੀਦਾ।”

ਸੰਮਤੀ ਦਾ ਵਿਚਾਰ ਸੀ ਕਿ ਕਾਨੂੰਨ ਕੋਲੋਂ ਇਹ ਗ਼ਲਤੀਆਂ ਇਸ ਲਈ ਹੁੰਦੀਆਂ ਹਨ, ਕਿਉਂਕਿ ਜੁਰਮਾਂ ਦੀ ਤਫ਼ਤੀਸ਼ ਕਰਨ ਵਾਲੀ ਸੰਸਥਾ ਇਕ ਹੈ। ਪੁਲਿਸ ਪੂਰੀ ਤਰ੍ਹਾਂ ਸਰਕਾਰ ਦੇ



ਅਧੀਨ ਹੈ। ਸਰਕਾਰ ਨੂੰ ਪੁਲਿਸ ਉਪਰ ਅਤੇ ਪੁਲਿਸ ਨੂੰ ਲੋਕਾਂ ਉਪਰ ਇਸੇ ਲਈ ਮਰਜ਼ੀ ਕਰਨ ਦਾ ਅਧਿਕਾਰ ਹੈ।

ਪਟੀਸ਼ਨ ਰਾਹੀਂ ਸੰਮਤੀ ਨੇ ਪੁੱਛਿਆ, “ਜੇ ਦੇਸ਼ ਦੇ ਨਾਗਰਿਕਾਂ ਨੂੰ ਆਪਣੀ ਮਰਜ਼ੀ ਦੇ ਸਕੂਲ ਵਿਚ ਪੜ੍ਹਨ ਅਤੇ ਮਰਜ਼ੀ ਦੇ ਹਸਪਤਾਲ ਵਿਚੋਂ ਇਲਾਜ ਕਰਾਉਣ ਦੀ ਖੁੱਲ੍ਹ ਹੈ ਤਾਂ ਮਰਜ਼ੀ ਦੀ ਤਫ਼ਤੀਸ਼ੀ ਏਜੰਸੀ ਕੋਲੋਂ ਤਫ਼ਤੀਸ਼ ਕਰਾਉਣ ਦਾ ਅਧਿਕਾਰ ਕਿਉਂ ਨਹੀਂ ਹੈ ? ਸਰਕਾਰ ਦਾ ਇਹ ਏਕਾ-ਅਧਿਕਾਰ ਖ਼ਤਮ ਹੋਣਾ ਚਾਹੀਦਾ ਹੈ। ਨਿੱਜੀ ਸੰਸਥਾ ਨੂੰ ਤਫ਼ਤੀਸ਼ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ।”

ਸੰਮਤੀ ਨੇ ਕੁਝ ਨਿੱਜੀ ਮੰਗਾਂ ਵੀ ਰੱਖੀਆਂ।

ਸੰਮਤੀ ਸਿੱਧ ਕਰ ਚੁੱਕੀ ਹੈ ਕਿ ਪਾਲਾ ਮੀਤਾ ਨਿਰਦੋਸ਼ ਹਨ। ਇਹ ਵੀ ਸਿੱਧ ਹੋ ਚੁੱਕਾ ਹੈ ਕਿ ਅਸਲ ਕਾਤਲ ਹਰਮਨਬੀਰ ਅਤੇ ਉਸ ਦੇ ਨੌਕਰ ਹਨ। ਅਦਾਲਤ ਪੱਖ ਪ੍ਰਦਰਸ਼ਕ ਬਣ ਕੇ ਨਵਾਂ ਕਾਨੂੰਨ ਘੜੇ। ਨਿਰਦੋਸ਼ਾਂ ਨੂੰ ਬਰੀ ਕਰੇ ਅਤੇ ਸਰਕਾਰ ਨੂੰ ਅਸਲ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ ਦੀ ਹਦਾਇਤ ਕਰੇ।

ਜਿੰਨਾ ਚਿਰ ਅਦਾਲਤ ਇਹਨਾਂ ਕਾਨੂੰਨੀ ਮੁੱਦਿਆਂ ਉਪਰ ਆਪਣੀ ਰਾਏ ਨਹੀਂ ਦਿੰਦੀ, ਓਨਾ ਚਿਰ ਪਾਲੇ ਮੀਤੇ ਨੂੰ ਜ਼ਮਾਨਤ ’ਤੇ ਰਿਹਾਅ ਕਰੇ।

ਸੰਮਤੀ ਵੱਲੋਂ ਪੇਸ਼ ਕੀਤੇ ਸੁਝਾਵਾਂ ਨੇ ਬੁੱਧੀਜੀਵੀ ਵਰਗ ਵਿਚ ਬਹਿਸ ਛੇੜ ਦਿੱਤੀ। ਅਖ਼ਬਾਰਾਂ ਰਸਾਲਿਆਂ ਵਿਚ ਇਹਨਾਂ ਸੋਧਾਂ ਦੇ ਹੱਕ ਅਤੇ ਵਿਰੋਧ ਵਿਚ ਖੋਜ-ਪੱਤਰ ਛਪਣ ਲੱਗੇ। ਬਹੁਤੇ ਕਾਨੂੰਨੀ ਮਾਹਿਰ ਸੰਮਤੀ ਦੇ ਸੁਝਾਵਾਂ ਨਾਲ ਸਹਿਮਤ ਹੋਣ ਲੱਗੇ।

ਛਿੜੀ ਬਹਿਸ ਅਤੇ ਨਿਕਲਣ ਵਾਲੇ ਨਤੀਜੇ ਦੇ ਰੁਖ਼ ਨੇ ਸਰਕਾਰ ਦੀ ਫ਼ਿਕਰਾਂ ਵਾਲੀ ਪੰਡ ਹੋਰ ਭਾਰੀ ਕਰ ਦਿੱਤੀ। ਸਰਕਾਰ ਇਸ ਤਰ੍ਹਾਂ ਦੀਆਂ ਸੋਧਾਂ ਦੇ ਹੱਕ ਵਿਚ ਨਹੀਂ ਸੀ। ਸਰਕਾਰ ਕੋਲ ਪੁਲਿਸ ਵਾਲਾ ਇਕੋ ਇਕ ਡੰਡਾ ਸੀ, ਜਿਸ ਰਾਹੀਂ ਉਹ ਵਿਰੋਧੀਆਂ ਨੂੰ ਨੱਥ ਪਾ ਕੇ ਰੱਖਦੀ ਸੀ। ਪੁਲਿਸ ਦੇ ਹੱਥੋਂ ਤਫ਼ਤੀਸ਼ ਦਾ ਏਕਾ-ਅਧਿਕਾਰ ਖੁੱਸਣ ਨਾਲ ਸਰਕਾਰ ਖੁਸਰਾ ਬਣ ਕੇ ਰਹਿ ਜਾਣੀ ਸੀ। ਝੂਠੇ ਮੁਕੱਦਮੇ ਬਣਾ ਕੇ ਨਾ ਸਰਕਾਰ ਤੋਂ ਆਪਣੇ ਵਿਰੋਧੀਆਂ ਦੇ ਕੰਨ ਖਿੱਚੇ ਜਾਇਆ ਕਰਨਗੇ, ਨਾ ਆਪਣੇ ਪੱਖੀਆਂ ਨੂੰ ਜੁਰਮ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਸਕਣਗੀਆਂ। ਨਿੱਜੀ ਤਫ਼ਤੀਸ਼ ਏਜੰਸੀਆਂ ਮੁੱਖ ਮੰਤਰੀ ਤਕ ਨੂੰ ਕਟਹਿਰੇ ਵਿਚ ਖੜਾ ਕਰ ਲਿਆ ਕਰਨਗੀਆਂ। ਸਰਕਾਰ ਬਣਾਉਣ ਦਾ ਮਤਲਬ ਪੁੱਠੇ-ਸਿੱਧੇ ਢੰਗ ਨਾਲ ਆਪਣਿਆਂ ਦੀ ਝੋਲੀ ਭਰਨਾ ਹੈ। ਜੇ ਮੰਤਰੀ ਦੇ ਸਿਰ ’ਤੇ ਕਾਨੂੰਨ ਦੀ ਤਲਵਾਰ ਲਟਕਣ ਲੱਗੀ ਤਾਂ ਫੇਰ ਮੰਤਰੀ ਬਣਨ ਦਾ ਕੀ ਫ਼ਾਇਦਾ ?

ਮੰਤਰੀਆਂ ਨੇ ਮੁੱਖ ਮੰਤਰੀ ਨੂੰ ਸਾਵਧਾਨ ਕੀਤਾ, “ਕੁਝ ਵੀ ਕਰੋ। ਅਜਿਹੀ ਸੋਧ ਨੂੰ ਹਰ ਹੀਲੇ ਰੋਕੋ।”

ਐਡਵੋਕੇਟ ਜਨਰਲ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਲਈ ਅੱਡੀ-ਚੋਟੀ ਦਾ ਜ਼ੋਰ ਲਾਉਣ ਲੱਗਾ।

ਨਿੱਜੀ ਤੌਰ ’ਤੇ ਗੁਰਦੇਵ ਸਿੰਘ ਸੰਮਤੀ ਦੇ ਸੁਝਾਵਾਂ ਨਾਲ ਸਹਿਮਤ ਸੀ। ਅਜਿਹੀਆਂ ਕੁਝ ਸੋਧਾਂ ਨਾਲ ਲੋਕਾਂ ਲਈ ਇਨਸਾਫ਼ ਦੇ ਦਰਵਾਜ਼ੇ ਖੁੱਲ੍ਹ ਸਕਦੇ ਸਨ। ਲੋਕਾਂ ਨੂੰ ਆਪਣੀ ਮਰਜ਼ੀ ਦੀ ਸੰਸਥਾ ਕੋਲੋਂ ਤਫ਼ਤੀਸ਼ ਦੀ ਖੁੱਲ੍ਹ ਮਿਲਣ ਨਾਲ ਬਾਕੀ ਮੰਗਾਂ ਆਪੇ ਪੂਰੀਆਂ ਹੋ ਜਾਣੀਆਂ ਸਨ। ਫੇਰ ਨਾ ਝੂਠੇ ਗਵਾਹਾਂ ਦੀ ਲੋੜ ਪਏਗੀ, ਨਾ ਗਵਾਹਾਂ ਨੂੰ ਪੈਰ-ਪੈਰ ’ਤੇ ਬਿਆਨ ਬਦਲਣ

ਦੀ। ਫੇਰ ਨਾ ਨਿਰਦੋਸ਼ ਲੋਕਾਂ ਨੂੰ ਕਟਹਿਰੇ ਵਿਚ ਖੜਨਾ ਪਏਗਾ, ਨਾ ਅਸਲ ਕਾਤਲਾਂ ਦੇ ਪਿੱਛੋਂ ਫੜੇ ਜਾਣ 'ਤੇ ਦੁਬਾਰਾ ਸੁਣਵਾਈ ਦੀ ਜ਼ਰੂਰਤ ਪਵੇਗੀ।

ਪਰ ਇਸ ਸਮੇਂ ਗੁਰਦੇਵ ਸਿੰਘ ਸਰਕਾਰ ਦਾ ਨਮਕ ਖਾ ਰਿਹਾ ਸੀ। ਉਸ ਨੇ ਉਹੋ ਬੋਲਣਾ ਸੀ, ਜਿਸ ਲਈ ਸਰਕਾਰ ਨੇ ਉਸ ਨੂੰ ਆਖਣਾ ਸੀ। ਇਸ ਸਮੇਂ ਉਸ ਨੂੰ ਨਿੱਜੀ ਵਿਚਾਰ ਪ੍ਰਗਟਾਉਣ ਦਾ ਅਧਿਕਾਰ ਨਹੀਂ ਸੀ।

ਸੰਮਤੀ ਦੇ ਤਰਕਾਂ ਨੂੰ ਕੱਟਣਾ ਗੁਰਦੇਵ ਸਿੰਘ ਨੂੰ ਔਖਾ ਲੱਗ ਰਿਹਾ ਸੀ। ਉਸ ਦੇ ਦਫ਼ਤਰ ਵਿਚ ਸਰਕਾਰ ਦਾ ਪੱਖ ਪੂਰਨ ਲਈ ਸੈਂਕੜੇ ਸਰਕਾਰੀ ਵਕੀਲ ਸਨ। ਇਸ ਮਾਮਲੇ ਦਾ ਕੌਣ ਮਾਹਿਰ ਹੈ ? ਇਹ ਘੋਖਣ ਲਈ ਉਸ ਨੇ ਇਕ-ਇਕ ਵਕੀਲ ਦੀ ਕਾਬਲੀਅਤ 'ਤੇ ਨਜ਼ਰ ਮਾਰੀ। ਸਾਰਾ ਮਾਤਾ ਦਾ ਮਾਲ ਸੀ। ਉਹਨਾਂ ਨੂੰ ਲਿਆਕਤ ਦੇ ਆਧਾਰ 'ਤੇ ਭਰਤੀ ਥੋੜ੍ਹਾ ਕੀਤਾ ਗਿਆ ਹੈ। ਉਹ ਨਿੱਜੀ ਰਸੂਖ਼ ਕਾਰਨ ਖ਼ਜ਼ਾਨਾ ਲੁੱਟਣ ਅਤੇ ਤਜਰਬਾ ਹਾਸਲ ਕਰਨ ਲਈ ਭਰਤੀ ਹੋਏ ਹਨ। ਇਹਨਾਂ ਚਿੱਟੇ ਹਾਥੀਆਂ ਤੋਂ ਪੂਰੀ ਨਹੀਂ ਸੀ ਪੈਣੀ।

ਸਰਕਾਰ ਆਪਣੇ ਕਾਨੂੰਨਦਾਨਾਂ ਦੀ ਕਾਬਲੀਅਤ ਦੀ ਪਹਿਲਾਂ ਹੀ ਭੇਤੀ ਸੀ। ਜਦੋਂ ਕਦੇ ਕੋਈ ਮਾਮਲਾ ਉੱਠਦਾ ਸੀ, ਵਧੀਆ ਵਕੀਲ ਕਰਨ ਲਈ ਸਰਕਾਰ ਨੂੰ ਦਿੱਲੀ ਵੱਲ ਦੌੜਨਾ ਪੈਂਦਾ ਸੀ।

ਇਸ ਸਰਕਾਰ ਦੇ ਕਾਰਜ ਕਾਲ ਦੌਰਾਨ ਉਠਿਆ ਇਹ ਸਭ ਤੋਂ ਗੰਭੀਰ ਮਾਮਲਾ ਸੀ। ਜੇ ਅਦਾਲਤ ਨੇ ਸੰਮਤੀ ਦੀ ਗੱਲ ਮੰਨ ਲਈ, ਜਿਸ ਦੀ ਪੂਰੀ ਸੰਭਾਵਨਾ ਸੀ, ਤਾਂ ਸਰਕਾਰ ਨੇ ਕੌਡੀਆਂ ਵਾਲਾ ਸੱਪ ਬਣ ਕੇ ਰਹਿ ਜਾਣਾ ਸੀ।

ਐਡਵੋਕੇਟ ਜਨਰਲ ਨੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ :

"ਇਸ ਵਾਰੀ ਵੀ ਵਕੀਲ ਬਾਹਰੋਂ ਬੁਲਾਉਣੇ ਪੈਣਗੇ "

"ਖ਼ਰਚ ਦੀ ਪਰਵਾਹ ਨਾ ਕਰੋ। ਖ਼ਜ਼ਾਨੇ ਦਾ ਮੂੰਹ ਖੁੱਲ੍ਹਾ ਹੈ। ਹਰ ਢੰਗ ਤਰੀਕਾ ਵਰਤ ਕੇ ਪੁਲਿਸ ਦੇ ਅਧਿਕਾਰ ਬਚਾਓ।"

ਬਿਨਾਂ ਕੋਈ ਕਿੰਤੂ-ਪਰੰਤੂ ਕਰੇ ਮੁੱਖ ਮੰਤਰੀ ਨੇ ਝੱਟ ਸਹਿਮਤੀ ਦੇ ਦਿੱਤੀ।

ਉਸੇ ਸ਼ਾਮ ਗੁਰਦੇਵ ਸਿੰਘ ਜਹਾਜ਼ ਚੜ੍ਹ ਕੇ ਦਿੱਲੀ ਜਾ ਵੜਿਆ। ਆਪਣੇ ਮਿੱਤਰ ਵਕੀਲਾਂ ਨੂੰ ਖ਼ੁਸ਼ਖ਼ਬਰੀ ਸੁਣਾਈ। ਕਿਸੇ ਨੂੰ ਹਜ਼ਾਰਾਂ ਰੁਪਏ ਪ੍ਰਤੀ ਘੰਟਾ ਅਤੇ ਕਿਸੇ ਨੂੰ ਲੱਖਾਂ ਰੁਪਏ ਪ੍ਰਤੀ ਦਿਹਾੜੀ ਦੀ ਸਾਈ ਫੜਾਈ। ਸਰਕਾਰ ਦਾ ਪੱਖ ਕਮਜ਼ੋਰ ਨਾ ਰਹਿ ਜਾਏ, ਇਸ ਲਈ ਪੈਸਾ ਖ਼ਰਚਦੇ ਸਮੇਂ ਉਸ ਨੇ ਰੱਤੀ ਭਰ ਦੀ ਕੰਜੂਸੀ ਨਹੀਂ ਸੀ ਕੀਤੀ।

ਮੁੱਖ ਮੰਤਰੀ ਨੇ ਲੋਕ ਸੰਪਰਕ ਵਿਭਾਗ ਨੂੰ ਵੀ ਚੌਕਸ ਕੀਤਾ। ਉਹ ਕਾਨੂੰਨ ਦੇ ਮਾਹਿਰ ਪੱਤਰਕਾਰਾਂ ਦੀਆਂ ਸੇਵਾਵਾਂ ਹਾਸਲ ਕਰੇ। ਉਹਨਾਂ ਕੋਲੋਂ ਸਰਕਾਰ ਦਾ ਪੱਖ ਪੂਰਦੇ ਵੱਡੇ-ਵੱਡੇ ਲੇਖ ਲਿਖਵਾਏ। ਉਹਨਾਂ ਲੇਖਾਂ ਨੂੰ ਪੰਜਾਬੀ ਤੋਂ ਲੈ ਕੇ ਅੰਗਰੇਜ਼ੀ ਦੇ ਹਰ ਛੋਟੇ-ਵੱਡੇ ਅਖ਼ਬਾਰ ਵਿਚ ਛਪਵਾਏ। ਨਾਲੇ ਆਪਣੇ ਪੱਖ ਵਿਚ ਸਾਧਾਰਨ ਲੋਕਾਂ ਕੋਲੋਂ ਸੰਪਾਦਕ ਦੇ ਨਾਂ ਚਿੱਠੀਆਂ ਲਿਖਵਾਏ। ਬਹਿਸ ਪੂਰੀ ਭਖੇ। ਪਰ ਧਿਆਨ ਰਹੇ, ਪੱਲੜਾ ਸਰਕਾਰ ਦਾ ਹੀ ਝੁਕੇ। ਇਸੇ ਤਰ੍ਹਾਂ ਰੇਡੀਓ ਅਤੇ ਟੀ.ਵੀ. ਦਾ ਪ੍ਰਯੋਗ ਹੋਵੇ।

ਸਰਕਾਰ ਦੇ ਯਤਨ ਰੰਗ ਲਿਆਉਣ ਲੱਗੇ। ਬਹਿਸ ਦਿਨਾਂ ਵਿਚ ਭਖ ਪਈ। ਆਏ ਦਿਨ ਨਵੇਂ-ਨਵੇਂ ਪੱਖ ਇਸ ਤਜਵੀਜ਼ ਦੇ ਹੱਕ ਵਿਚ ਅਤੇ ਵਿਰੋਧ ਵਿਚ ਛਪਣ ਲੱਗੇ। ਮਾਮਲਾ ਸੂਬੇ ਦੀਆਂ ਸਰਹੱਦਾਂ ਟੱਪ ਕੇ ਰਾਸ਼ਟਰੀ ਪੱਧਰ 'ਤੇ ਪੁੱਜ ਗਿਆ।



ਬਾਕੀ ਸੂਬਿਆਂ ਦੀਆਂ ਸਰਕਾਰਾਂ ਦੇ ਵੀ ਕੰਨ ਖੜੇ ਹੋ ਗਏ। ਸੁੱਤੀ ਪਈ ਕੇਂਦਰੀ ਸਰਕਾਰ ਨੂੰ ਜਗਾਇਆ ਗਿਆ।

ਵੱਖ-ਵੱਖ ਸੂਬਿਆਂ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਸਨ। ਸਿਆਸੀ ਤੌਰ 'ਤੇ ਉਹਨਾਂ ਵਿਚ ਇੱਟ-ਕੁੱਤੇ ਦਾ ਵੈਰ ਸੀ, ਪਰ ਇਸ 'ਸਾਂਝੇ ਮੁੱਦੇ' 'ਤੇ ਸਾਰੀਆਂ ਪਾਰਟੀਆਂ ਇਕ ਹੋ ਗਈਆਂ। ਵਿਰੋਧੀ ਧਿਰ ਨੇ ਸੱਤਾਧਾਰੀ ਧਿਰ ਦਾ ਪੂਰਾ ਸਾਥ ਦੇਣ ਦਾ ਪ੍ਰਣ ਲਿਆ। ਸਾਰੀਆਂ ਪਾਰਟੀਆਂ ਨੇ ਇਕ ਮੱਤ ਹੋ ਕੇ ਮਤਾ ਪਾਸ ਕੀਤਾ।

"ਪੁਲਿਸ ਦੇ ਅਧਿਕਾਰ ਸੀਮਤ ਹੋਣ ਨਾਲ ਦੇਸ਼ ਵਿਚ ਪਰਲੋ ਆ ਸਕਦੀ ਹੈ। ਪੁਲਿਸ ਦਾ ਮਨੋਬਲ ਗਿਰ ਸਕਦਾ ਹੈ। ਜ਼ਹਿਰ ਕੱਢਣ ਬਾਅਦ ਫਨੀਅਰ ਨਾਗ ਦੀ ਕੀ ਵੁੱਕਤ ? ਗੰਡੋਏ ਤੋਂ ਕਿਸੇ ਨਹੀਂ ਡਰਨਾ। ਬਗ਼ਾਵਤਾਂ ਨੂੰ ਦਬਾਉਣ ਅਤੇ ਭੈੜੇ ਅਨਸਰਾਂ ਨਾਲ ਨਜਿੱਠਣ ਲਈ ਪੁਲਿਸ ਦਾ ਸ਼ਕਤੀਸ਼ਾਲੀ ਹੋਣਾ ਜ਼ਰੂਰੀ ਹੈ। ਇਸ ਅਧਿਕਾਰ ਦੀ ਰਾਖੀ ਸਾਰੀਆਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਦਾ ਫ਼ਰਜ਼ ਹੈ।"

ਸੂਬਿਆਂ ਦੇ ਕਾਨੂੰਨ ਮੰਤਰੀਆਂ ਨੇ ਰਾਜਧਾਨੀ ਪੁੱਜ ਕੇ ਕੇਂਦਰੀ ਸਰਕਾਰ ਦੇ ਕਾਨੂੰਨ ਮੰਤਰੀ ਨਾਲ ਮੀਟਿੰਗ ਕੀਤੀ। ਉਸ ਨੂੰ ਸਾਂਝੀ ਬੇਨਤੀ ਕੀਤੀ, "ਫ਼ਨੀਅਰ ਨੂੰ ਸਿਰ ਚੁੱਕਣ ਤੋਂ ਪਹਿਲਾਂ ਹੀ ਕੁਚਲ ਦੇਣਾ ਚਾਹੀਦਾ ਹੈ।"

ਕੇਂਦਰੀ ਮੰਤਰੀ ਨੇ ਭਰੋਸਾ ਦਿਵਾਇਆ :

"ਇੰਜ ਹੀ ਹੋਵੇਗਾ। ਕਾਨੂੰਨੀ ਚਾਰਾਜੋਈ ਵੀ ਹੋਏਗੀ। ਸੁਪਰੀਮ ਕੋਰਟ ਦੇ ਕਈ ਜੱਜ ਮੇਰੇ ਮਿੱਤਰ ਹਨ ਜਾਂ ਆਖੋ ਉਹ ਮੇਰੇ ਕਾਰਨ ਹੀ ਕੁਰਸੀ ਤਕ ਪੁੱਜੇ ਹਨ। ਮੈਂ ਉਹਨਾਂ ਨੂੰ ਨਿੱਜੀ ਤੌਰ 'ਤੇ ਆਖਾਂਗਾ। ਆਪਣਾ ਰਸੂਖ਼ ਵਰਤ ਕੇ ਉਹ ਸਰਕਾਰ ਦੀ ਬੇੜੀ ਬੰਨੇ ਲਾਉਣ।"

ਸੂਬਾ ਸਰਕਾਰਾਂ ਨੇ ਇਸ ਮਹਾਂ ਯੱਗ ਲਈ ਆਪਣੇ-ਆਪਣੇ ਯੋਗਦਾਨ ਦੀ ਘੋਸ਼ਣਾ ਕੀਤੀ। ਹਰ ਸੂਬਾ ਸਰਕਾਰ ਆਪਣੇ ਖ਼ਰਚੇ 'ਤੇ ਕਾਨੂੰਨ ਮਾਹਿਰਾਂ ਦੀ ਇਕ ਪੰਜ-ਮੈਂਬਰੀ ਟੀਮ ਨਿਯੁਕਤ ਕਰੇਗੀ। ਉਹ ਟੀਮ ਹਾਈ ਕੋਰਟ ਵਿਚ ਸੋਧਾਂ ਦੇ ਵਿਰੁੱਧ ਬੋਲੇਗੀ।

ਕੇਂਦਰ ਸਰਕਾਰ ਵੀ ਪਿੱਛੇ ਰਹਿਣ ਵਾਲੀ ਨਹੀਂ ਸੀ। ਕੇਂਦਰੀ ਮੰਤਰੀ ਨੇ ਐਲਾਨ ਕੀਤਾ :

"ਸਾਡਾ ਕਾਨੂੰਨੀ ਢਾਂਚਾ ਅੰਗਰੇਜ਼ਾਂ ਨੇ ਉਸਾਰਿਆ ਸੀ। ਵਧੀਆ ਚੱਲ ਰਹੇ ਇਸ ਢਾਂਚੇ ਨੂੰ ਹੁਣ ਢਾਹ ਲਾਉਣ ਦਾ ਯਤਨ ਹੋ ਰਿਹਾ ਹੈ। ਢਾਂਚੇ ਨੂੰ ਬਚਾਉਣ ਲਈ ਜੇ ਇਸ ਦੀਆਂ ਜੜ੍ਹਾਂ ਤਕ ਜਾਣਾ ਪਿਆ ਤਾਂ ਕੇਂਦਰੀ ਸਰਕਾਰ ਆਪਣੇ ਖ਼ਰਚੇ 'ਤੇ ਬਰਤਾਨੀਆਂ ਤੋਂ ਮਾਹਿਰ ਬੁਲਾਏਗੀ।"

ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਮਿਲੇ ਭਰਪੂਰ ਸਹਿਯੋਗ ਨੇ ਮੁੱਖ ਮੰਤਰੀ ਦੇ ਨਾਲ-ਨਾਲ ਐਡਵੋਕੇਟ ਜਨਰਲ ਦੇ ਸਿਰੋਂ ਬੋਝ ਲਾਹ ਦਿੱਤਾ।

ਕਾਨੂੰਨੀ ਸਿਰ-ਖਪਾਈ ਦੀ ਜ਼ਿੰਮੇਵਾਰੀ ਤੋਂ ਵਿਹਲਾ ਹੋ ਕੇ ਗੁਰਦੇਵ ਸਿੰਘ ਮੁੱਖ ਮੰਤਰੀ ਦੀ ਨਿੱਜੀ ਸਾਖ਼ ਵੱਲ ਧਿਆਨ ਦੇਣ ਲੱਗਾ।

ਸਾਰੀਆਂ ਸੂਬਾ ਸਰਕਾਰਾਂ ਨੇ ਬਹਿਸ ਵਿਚ ਹਿੱਸਾ ਲੈਣਾ ਸੀ। ਸੰਮਤੀ ਦੀ ਮਦਦ ਉਪਰ ਵੀ ਕਈ ਸੰਸਥਾਵਾਂ ਆ ਗਈਆਂ ਸਨ। ਉਹਨਾਂ ਵੱਲੋਂ ਵੀ ਆਪਣਾ ਪੱਖ ਪੇਸ਼ ਕੀਤਾ ਜਾਣਾ ਸੀ। ਬਹਿਸ ਕਈ ਮਹੀਨਿਆਂ ਤਕ ਲਟਕ ਸਕਦੀ ਸੀ।

ਗੁਰਦੇਵ ਸਿੰਘ ਨੂੰ ਫ਼ਿਕਰ ਲੱਗਾ ਹੋਇਆ ਸੀ। ਬਹਿਸ ਨੂੰ ਲੰਬੀ ਖਿੱਚਦੀ ਦੇਖ ਕੇ ਅਤੇ ਕਾਰਵਾਈ ਨੂੰ ਵੱਡੇ ਪੱਧਰ 'ਤੇ ਪ੍ਰਸਾਰਿਤ ਹੁੰਦਾ ਦੇਖ ਕੇ ਹਾਈਕੋਰਟ ਕਿਧਰੇ ਦੋਸ਼ੀਆਂ ਦੀ ਜ਼ਮਾਨਤ ਮਨਜ਼ੂਰ ਨਾ ਕਰ ਦੇਵੇ ?

ਚੋਣਾਂ ਸਿਰ 'ਤੇ ਸਨ। ਦੋਸ਼ੀਆਂ ਦੀ ਜ਼ਮਾਨਤ ਹੋਣ ਬਾਅਦ ਮੁੱਖ ਮੰਤਰੀ ਕਿਹੜੇ ਮੂੰਹ ਲੋਕਾਂ ਵਿਚ ਜਾਵੇਗਾ। ਉਧਰ ਬਹਿਸ ਚੱਲਦੀ ਰਹੀ। ਇਧਰ ਐਡਵੋਕੇਟ ਜਨਰਲ ਉਦੇਸ਼ ਦੀ ਪ੍ਰਾਪਤੀ ਲਈ ਆਪਣੇ ਫ਼ੀਲੇ ਦੁੜਾਉਂਦਾ ਰਿਹਾ।

ਸਰਕਾਰਾਂ ਨੇ ਪੈਸਾ ਪਾਣੀ ਵਾਂਗ ਵਹਾਇਆ। ਆਲ੍ਹਾ ਤੋਂ ਆਲ੍ਹਾ ਕਾਨੂੰਨ ਮਾਹਿਰਾਂ ਨੂੰ ਬੁਲਾਇਆ।

ਸੰਮਤੀ ਦੇ ਸਾਧਨ ਸੀਮਤ ਸਨ। ਲੋਕ-ਹਿੱਤ ਨੂੰ ਧਿਆਨ ਵਿਚ ਰੱਖਦਿਆਂ ਬਹੁਤ ਸਾਰੇ ਮਾਹਿਰ ਆਪਣੇ ਖ਼ਰਚੇ 'ਤੇ ਸੰਮਤੀ ਦੇ ਹੱਕ ਵਿਚ ਬੋਲਣ ਆਏ। ਰਾਸ਼ਟਰੀ ਪੱਧਰ ਦੀਆਂ ਕੁਝ ਲੋਕ ਭਲਾਈ ਸੰਸਥਾਵਾਂ ਨੇ ਸੰਮਤੀ ਦਾ ਸਾਥ ਦਿੱਤਾ।

ਬਹਿਸ ਦੌਰਾਨ ਭਾਵੇਂ ਪੱਲੜਾ ਸੰਮਤੀ ਦੇ ਹੱਕ ਵਿਚ ਝੁਕਿਆ ਰਿਹਾ, ਪਰ ਫ਼ੈਸਲਾ ਉਹੋ ਹੋਇਆ ਜੋ ਸਰਕਾਰ ਚਾਹੁੰਦੀ ਸੀ।

ਹਾਈ ਕੋਰਟ ਨੇ ਇਹਨਾਂ ਤਰਕਾਂ ਦੇ ਆਧਾਰ 'ਤੇ ਸੰਮਤੀ ਦੀ ਪਟੀਸ਼ਨ ਰੱਦ ਕੀਤੀ।

ਹਾਈ ਕੋਰਟ ਨੇ ਵਿਚਾਰ ਪ੍ਰਗਟਾਇਆ ਕਿ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਕਰਨਾ ਅਤੇ ਸਸਤਾ ਇਨਸਾਫ਼ ਦਿਵਾਉਣਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ। ਸਰਕਾਰ ਆਪਣਾ ਇਹ ਫ਼ਰਜ਼ ਤਾਂ ਹੀ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਅ ਸਕਦੀ ਹੈ, ਜੇ ਤਫ਼ਤੀਸ਼ ਦਾ ਅਧਿਕਾਰ ਇਕੱਲੀ ਸਰਕਾਰ ਕੋਲ ਹੋਵੇ। ਇਹ ਅਧਿਕਾਰ ਨਿੱਜੀ ਹੱਥਾਂ ਵਿਚ ਦੇਣ ਨਾਲ ਪੈਸੇ ਵਾਲਿਆਂ ਦਾ ਬੋਲ-ਬਾਲਾ ਹੋ ਜਾਏਗਾ। ਨਿੱਜੀ ਸੰਸਥਾਵਾਂ ਉਹੋ ਬੋਲੀ ਬੋਲਣਗੀਆਂ ਜਿਸ ਲਈ ਉਹਨਾਂ ਨੂੰ ਪੈਸਾ ਦਿੱਤਾ ਜਾਏਗਾ। ਅਜਿਹੀ ਸਥਿਤੀ ਵਿਚ ਗ਼ਰੀਬ-ਗੁਰਬੇ ਦਾ ਕੀ ਬਣੇਗਾ ?

ਇਨਸਾਫ਼ ਕਰਦੇ ਸਮੇਂ ਅਦਾਲਤਾਂ ਨੂੰ ਵੱਡੀ ਮੁਸ਼ਕਲ ਦਾ ਸਾਹਮਣਾ ਕਰਨਾ ਪਏਗਾ। ਹਰ ਸੰਸਥਾ ਆਪਣਾ ਰਾਗ ਅਲਾਪੇਗੀ। ਅਦਾਲਤ ਕਿਸ ਦੀ ਮੰਨੇਗੀ ?

ਕਾਨੂੰਨ ਵਿਵਸਥਾ ਬਣਾਈ ਰੱਖਣਾ ਸਰਕਾਰ ਦਾ ਮੁੱਢਲਾ ਫ਼ਰਜ਼ ਹੈ। ਸੰਮਤੀ ਦੀ ਮੰਗ ਮੰਨਣ ਨਾਲ ਸਰਕਾਰ ਦਾ ਅਧਿਕਾਰ ਸੀਮਤ ਹੋ ਜਾਏਗਾ। ਇੰਜ ਸੰਵਿਧਾਨ ਵਿਚ ਦਰਜ ਢਾਂਚੇ ਵਿਚ ਗੜਬੜ ਹੋਏਗੀ। ਫ਼ੈਸਲਾ ਲਾਗੂ ਕਰਨ ਲਈ ਸੰਵਿਧਾਨ ਵਿਚ ਸੋਧ ਕਰਨੀ ਪਏਗੀ। ਸੋਧ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀ ਸਹਿਮਤੀ ਨਾਲ ਹੋਏਗੀ। ਅਜਿਹੇ ਮਹੱਤਵਪੂਰਨ ਫ਼ੈਸਲੇ ਕਾਹਲ ਵਿਚ ਨਹੀਂ ਹੋ ਸਕਦੇ। ਇਹਨਾਂ ਮੁੱਦਿਆਂ ਉਪਰ ਪਹਿਲਾਂ ਲੰਬੀਆਂ ਬਹਿਸਾਂ ਹੋਣੀਆਂ ਚਾਹੀਦੀਆਂ ਹਨ। ਫੇਰ ਸੋਧਾਂ ਹੋਣੀਆਂ ਚਾਹੀਦੀਆਂ ਹਨ। ਇਸ ਸਮੇਂ ਅਦਾਲਤ ਵੱਲੋਂ ਸੰਵਿਧਾਨ ਵਿਚ ਦਖ਼ਲ ਦੇਣਾ ਉਚਿਤ ਨਹੀਂ ਹੈ।

ਇਸ ਮੁੱਦੇ ਨਾਲ ਸਾਰੇ ਦੇਸ਼ ਦੇ ਹਿੱਤ ਜੁੜੇ ਹੋਏ ਹਨ। ਇਸ ਲਈ ਇਹ ਮਾਮਲਾ ਹਾਈ ਕੋਰਟ ਦੀ ਥਾਂ ਦੇਸ਼ ਦੀ ਸਰਬ-ਉੱਚ ਅਦਾਲਤ ਵਿਚ ਉਠਾਇਆ ਜਾਣਾ ਚਾਹੀਦਾ ਹੈ। ਸੰਮਤੀ ਨੂੰ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣ ਦੀ ਹਦਾਇਤ ਹੋਈ।

ਬਾਕੀ ਦੇ ਕਾਨੂੰਨੀ ਮੁੱਦੇ ਹਾਈ ਕੋਰਟ ਨੇ ਨਿਪਟਾ ਦਿੱਤੇ।

ਫ਼ੈਸ਼ਲਾ ਹੋਣ ਬਾਅਦ ਦੁਬਾਰਾ ਤਫ਼ਤੀਸ਼ ਸ਼ੁਰੂ ਕਰਨਾ ਕਿਸੇ ਤਰ੍ਹਾਂ ਵੀ ਤਰਕ-ਸੰਗਤ ਨਹੀਂ ਹੈ। ਇੰਜ ਹੋਣ ਨਾਲ ਮੁਕੱਦਮੇ ਦੀ ਸੁਣਵਾਈ ਨੇ ਕਦੇ ਨਹੀਂ ਮੁੱਕਣਾ। ਕਦੇ ਮੁਦੱਈ ਧਿਰ ਨੇ ਦਰਖ਼ਾਸਤ ਦੇ ਦੇਣੀ ਹੈ ਕਿ ਨਵੇਂ ਮੁਜਰਮ ਲੱਭ ਪਏ ਹਨ, ਇਕ ਵਾਰ ਫੇਰ ਸੁਣਵਾਈ ਕਰੋ। ਕਦੇ ਮੁਲਜ਼ਮਾਂ ਨੇ ਦਰਖ਼ਾਸਤ ਦੇ ਦੇਣੀ ਹੈ ਕਿ ਉਹ ਨਿਰਦੋਸ਼ ਹਨ। ਅਸਲ ਦੋਸ਼ੀ ਆਹ ਹਨ। ਅਦਾਲਤ ਨੂੰ ਕਿਤੇ ਨਾ ਕਿਤੇ ਲਕੀਰ ਖਿੱਚਣੀ ਪੈਣੀ ਹੈ। ਚੰਗਾ ਜਾਂ ਮਾੜਾ ਇਹ ਨਿਯਮ ਜਾਇਜ਼ ਹੈ।



ਗਵਾਹਾਂ ਨੂੰ ਵਾਰੀ-ਵਾਰੀ ਬਿਆਨ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਅਦਾਲਤ ਨੂੰ ਇਹ ਪਤਾ ਕਿਸ ਤਰ੍ਹਾਂ ਲੱਗੇਗਾ ਕਿ ਗਵਾਹ ਪਹਿਲਾਂ ਝੂਠ ਬੋਲ ਕੇ ਗਿਆ ਹੈ ਜਾਂ ਹੁਣ ਝੂਠ ਬੋਲ ਰਿਹਾ ਹੈ। ਗਵਾਹ ਨੂੰ ਪਹਿਲਾਂ ਹੀ ਸੋਚ-ਸਮਝ ਕੇ ਕਟਹਿਰੇ ਵਿਚ ਖੜਨਾ ਚਾਹੀਦਾ ਹੈ।

ਅਜਿਹੇ ਤਰਕਾਂ ਦੇ ਆਧਾਰ 'ਤੇ ਹਾਈ ਕੋਰਟ ਨੇ ਸਿੱਟਾ ਕੱਢਿਆ, "ਸੰਮਤੀ ਦੀਆਂ ਮੰਗਾਂ ਨਿਆਂ-ਪ੍ਰਬੰਧ ਨੂੰ ਭੰਬਲਭੂਸੇ ਵਿਚ ਪਾਉਣ ਵਾਲੀਆਂ ਹਨ। ਲੋਕ-ਹਿੱਤੂ ਹੋਣ ਦੀ ਥਾਂ ਲੋਕ-ਵਿਰੋਧੀ ਹਨ।"

ਸੰਮਤੀ ਵੱਲੋਂ ਦਇਰ ਪਟੀਸ਼ਨ ਲੋਕ-ਹਿੱਤ ਪਟੀਸ਼ਨ ਸੀ। ਸੰਮਤੀ ਵੱਲੋਂ ਉਠਾਏ ਕਾਨੂੰਨੀ ਮੁੱਦਿਆਂ ਦਾ ਹਾਈ ਕੋਰਟ ਨਿਪਟਾਰਾ ਕਰ ਚੁੱਕੀ ਸੀ। ਬਾਕੀ ਦੇ ਮਾਮਲੇ ਨਿੱਜੀ ਅਤੇ ਇਕ ਵਿਸ਼ੇਸ਼ ਮੁਕੱਦਮੇ ਨਾਲ ਸੰਬੰਧਿਤ ਸਨ।

'ਨਿੱਜੀ ਮਾਮਲੇ ਨਿੱਜੀ ਮੁਕੱਦਮੇ ਵਿਚ ਉਠਾਏ ਜਾਣ।"

ਫ਼ੈਸਲੇ ਦੇ ਅੰਤ ਵਿਚ ਹਾਈ ਕੋਰਟ ਵੱਲੋਂ ਸੰਮਤੀ ਨੂੰ ਇਹ ਸਲਾਹ ਦਿੱਤੀ ਗਈ।

## 40

ਸਰਕਾਰ ਦੇ ਦਬਾਅ ਹੇਠ ਹੋਏ ਫ਼ੈਸਲੇ ਨੇ ਸੰਮਤੀ ਨੂੰ ਨਿਰਾਸ਼ ਤਾਂ ਕੀਤਾ ਪਰ ਨਿਰ-ਉਤਸ਼ਾਹਿਤ ਨਹੀਂ।

ਅਸਫ਼ਲਤਾ ਦੇ ਨਾਲ-ਨਾਲ ਸੰਮਤੀ ਨੂੰ ਕਈ ਫ਼ਾਇਦੇ ਵੀ ਹੋਏ।

ਰਾਸ਼ਟਰੀ ਪੱਧਰ ਦੀਆਂ ਕੁਝ ਸੰਸਥਾਵਾਂ ਨੇ ਇਸ ਮੁੱਦੇ ਨੂੰ ਅਪਣਾ ਲਿਆ। ਬਹਿਸ ਨੂੰ ਅੱਗੇ ਤੋਰਨ ਦਾ ਬੀੜਾ ਉਠਾ ਲਿਆ।

ਮੀਡੀਏ ਵਿਚ ਹੋਏ ਚਰਚੇ ਨੇ ਸੰਮਤੀ ਦਾ ਨਾਂ ਘਰ-ਘਰ ਪਹੁੰਚਾ ਦਿੱਤਾ। ਲੋਕ ਰਾਏ ਸੰਮਤੀ ਦੇ ਹੱਕ ਵਿਚ ਬਣਨ ਲੱਗੀ। ਲੋਕ ਅਤੇ ਨਵੀਆਂ-ਨਵੀਆਂ ਸੰਸਥਾਵਾਂ ਸੰਮਤੀ ਨਾਲ ਜੁੜਨ ਲੱਗੀਆਂ।

ਸੰਮਤੀ ਦਾ ਅਸਲ ਉਦੇਸ਼ ਲੋਕਾਂ ਨੂੰ ਇਹ ਸਮਝਾਉਣਾ ਸੀ ਕਿ ਮੌਜੂਦਾ ਸਿਆਸੀ ਢਾਂਚਾ ਗਲ-ਸੜ ਚੁੱਕਾ ਹੈ। ਇਹ ਲੋਕ-ਪੱਖੀ ਨਹੀਂ ਹੈ। ਨਿਆਂ-ਪਾਲਿਕਾ ਵਰਗੀ ਸੱਚੀ-ਸੁੱਚੀ ਸੰਸਥਾ ਵੀ ਇਸ ਦੀ ਸੜਿਆਂਦ ਤੋਂ ਬਚੀ ਹੋਈ ਨਹੀਂ ਹੈ। ਸਮੁੱਚਾ ਢਾਂਚਾ ਬਦਲੇ ਬਿਨਾਂ ਸੁਖੀ ਜ਼ਿੰਦਗੀ ਜਿਊਣੀ ਅਸੰਭਵ ਹੈ।

ਚੋਣਾਂ ਦੇ ਐਲਾਨ ਨਾਲ ਸੰਮਤੀ ਨੂੰ ਆਪਣਾ ਉਦੇਸ਼ ਲੋਕਾਂ ਤਕ ਪਹੁੰਚਾਉਣਾ ਆਸਾਨ ਹੋ ਗਿਆ।

ਸੁਨਹਿਰੀ ਮੌਕੇ ਦਾ ਲਾਭ ਉਠਾਉਣ ਲਈ ਸੰਮਤੀ ਜ਼ੋਰ-ਸ਼ੋਰ ਨਾਲ ਤਿਆਰੀ ਕਰਨ ਲੱਗੀ।

ਸੰਮਤੀ ਦੇ ਸਾਧਨ ਸੀਮਤ ਸਨ। ਸੋਚ-ਵਿਚਾਰ ਕੇ ਸੰਮਤੀ ਨੇ ਪ੍ਰਚਾਰ ਦੇ ਨਵੇਂ ਢੰਗਾਂ ਦੀ ਖੋਜ ਕੀਤੀ।

ਜਦੋਂ ਕੋਈ ਸਿਆਸੀ ਪਾਰਟੀ ਰੈਲੀ ਕਰਦੀ, ਸੰਮਤੀ ਆਪਣਾ ਸਾਜ਼ੋ-ਸਾਮਾਨ ਲੈ ਕੇ ਉਥੇ ਪੁੱਜ ਜਾਂਦੀ।

ਸੰਮਤੀ ਕੋਲ ਇਕ ਟਰੈਕਟਰ-ਟਰਾਲੀ ਸੀ ਅਤੇ ਲੱਕੜ ਦੇ ਕੁਝ ਫੱਟੇ। ਇਕ ਲਾਊਡ ਸਪੀਕਰ ਸੀ ਅਤੇ ਧੌਲੇ ਵਾਲੇ ਜਗਤਾਰ ਦੀ ਸੰਗੀਤ ਮੰਡਲੀ।

ਲੋੜ ਪੈਣ ’ਤੇ ਟਰਾਲੀ ਉਪਰ ਫੱਟੇ ਰੱਖ ਕੇ ਸਟੇਜ ਬਣਾ ਲਈ ਜਾਂਦੀ ਸੀ।

ਨੇਤਾਵਾਂ ਦੇ ਮਨ-ਲੁਭਾਉਣੇ ਭਾਸ਼ਣ ਸੁਣਨ ਬਾਅਦ ਜਨਤਾ ਜਦੋਂ ਘਰਾਂ ਨੂੰ ਮੁੜਨ ਲੱਗਦੀ ਸੀ ਤਾਂ ਜਗਤਾਰ ਆਪਣੀ ਤੂੰਬੀ ਦੀ ਤਾਰ ਛੇੜ ਦਿੰਦਾ। ਮਨਾਂ ਨੂੰ ਧੂਹ ਪਾਉਂਦੀਆਂ ਉੱਚੀਆਂ ਹੇਕਾਂ ਲੋਕਾਂ ਦੇ ਪੈਰਾਂ ਵਿਚ ਬੇੜੀਆਂ ਬਣ ਜਾਂਦੀਆਂ। ਉਹ ਪੁੱਠੇ ਪੈਰੀਂ ਮੁੜਨ ਲਈ ਮਜਬੂਰ ਹੋ ਜਾਂਦੇ।

ਲੋਕਾਂ ਨੂੰ ਆਪਣੀ ਗੱਲ ਸਮਝਾਉਣ ਲਈ ਸੰਮਤੀ ਵੱਲੋਂ ਲੰਬੇ ਚੌੜੇ ਭਾਸ਼ਨ ਨਹੀਂ ਸਨ ਦਿੱਤੇ ਜਾਂਦੇ।



ਸੰਮਤੀ ਪੁਲਿਸ, ਅਦਾਲਤਾਂ ਅਤੇ ਸੁਧਾਰ ਘਰਾਂ ਦੇ ਪ੍ਰਬੰਧਕਾਂ ਹੱਥੋਂ ਸਤੇ ਲੋਕਾਂ ਨੂੰ ਸਟੇਜ ’ਤੇ ਬੁਲਾਉਂਦੀ ਅਤੇ ਉਹਨਾਂ ਦੀ ਦਰਦ ਕਹਾਣੀ ਉਹਨਾਂ ਦੇ ਮੂੰਹੋਂ ਸੁਣਵਾਉਂਦੀ।

ਕਿਸੇ ਜਲਸੇ ਵਿਚ ਕਾਰਵਾਈ ਚਲਾਉਣ ਦੀ ਜ਼ਿੰਮੇਵਾਰੀ ਰਾਏ ਸਿੱਖ, ਬਾਜ਼ੀਗਰ ਅਤੇ ਸਾਂਸੀ ਬਰਾਦਰੀ ਦੇ ਚੇਅਰਮੈਨ ਸ਼ਾਮੂ ਦੀ ਹੁੰਦੀ।

ਕਿਸੇ ਜਲਸੇ ਵਿਚ ਉਹ ਕਰੀਮੂ ਨੂੰ ਸਟੇਜ ’ਤੇ ਬੁਲਾਉਂਦਾ, ਕਿਸੇ ਵਿਚ ਬੂਆ ਜੀ ਨੂੰ ਅਤੇ ਕਿਸੇ ਵਿਚ ਨਿੱਕੋ ਨੂੰ।

ਕਰੀਮੂ ਰਾਅ ਸਿੱਖ ਬਰਾਦਰੀ ਵਿਚ ਜੰਮਿਆ ਜ਼ਰੂਰ ਸੀ ਪਰ ਉਸ ਨੇ ਖ਼ਾਨਦਾਨੀ ਪੇਸ਼ਾ ਕਦੇ ਨਹੀਂ ਸੀ ਅਪਣਾਇਆ। ਸ਼ਰਾਬ ਕੱਢਣ ਅਤੇ ਚੋਰੀਆਂ ਕਰਨ ਦੇ ਉਸ ਦਾ ਬਾਪ ਵੀ ਖ਼ਿਲਾਫ਼ ਸੀ। ਪਿਤਾ-ਪੁਰਖੀ ਪਿਰਤ ਤੋੜਨ ਲਈ ਕਰੀਮੂ ਨੂੰ ਸਕੂਲ ਪਾਇਆ ਗਿਆ। ਦਰਿਆ ਦੇ ਕੰਢੇ ਰਹਿਣ ਕਾਰਨ ਘੰਟਿਆਂ ਬੱਧੀ ਤੈਰਨ ਦਾ ਉਸ ਨੂੰ ਪਹਿਲਾਂ ਹੀ ਤਜਰਬਾ ਸੀ। ਨਾਲ ਕਬੱਡੀ ਅਤੇ ਪਹਿਲਵਾਨੀ ਦਾ ਸ਼ੌਕ ਪਾਲ ਲਿਆ। ਬੈਠਕਾਂ ਲਾ-ਲਾ ਅਤੇ ਡੰਡ ਪੇਲ-ਪੇਲ ਉਸ ਨੇ ਸਰੀਰ ਗੋਲੀ ਵਰਗਾ ਬਣਾ ਲਿਆ। ਅੱਠਵੀਂ ਜਮਾਤ ਤਕ ਪੁੱਜਦਾ-ਪੁੱਜਦਾ ਉਹ ਜ਼ਿਲ੍ਹਾ ਪੱਧਰ ਦੀ ਕਬੱਡੀ ਟੀਮ ਦਾ ਮੈਂਬਰ ਬਣ ਗਿਆ। ਸੂਬਾ ਪੱਧਰ ਦੀ ਜੂਨੀਅਰ ਪਹਿਲਵਾਨ ਚੈਂਪੀਅਨਸ਼ਿਪ ਜਿੱਤ ਗਿਆ। ਤੈਰਾਕੀ ਵਿਚ ਵੀ ਹੱਥ ਅਜ਼ਮਾਈ ਕਰ ਰਿਹਾ ਸੀ। ਉਸ ਦੇ ਪੀ.ਟੀ. ਮਾਸਟਰ ਨੂੰ ਆਸ ਸੀ ਕਿ ਕਾਲਜ ਵਿਚ ਪੁੱਜ ਕੇ ਉਹ ਰਾਸ਼ਟਰੀ ਪੱਧਰ ਦਾ ਖਿਡਾਰੀ ਤਾਂ ਬਣੇਗਾ ਹੀ। ਜੇ ਠੀਕ ਅਗਵਾਈ ਮਿਲ ਗਈ ਤਾਂ ਅੰਤਰਰਾਸ਼ਟੀ ਪੱਧਰ ’ਤੇ ਵੀ ਖੇਡ ਸਕਦਾ ਸੀ।

ਕਰੀਮੂ ਦੇ ਬਾਪ ਦਾ ਪਿਛੋਕੜ ਉਸ ਦਾ ਖਹਿੜਾ ਨਹੀਂ ਸੀ ਛੱਡ ਰਿਹਾ। ਇਕ ਮਹੀਨਾ ਬਾਪੂ ਬਾਹਰ ਰਹਿੰਦਾ, ਛੇ ਮਹੀਨੇ ਅੰਦਰ। ਬਾਪੂ ਦੀ ਗ਼ੈਰ-ਹਾਜ਼ਰੀ ਵਿਚ ਚੁੱਲ੍ਹਾ ਮਘਾਉਣਾ ਔਖਾ ਹੋ ਜਾਂਦਾ ਸੀ। ਬਾਪੂ ਕਹਿੰਦਾ ਸੀ, “ਮਾਸਟਰ ਦੀਆਂ ਗੱਲਾਂ ’ਚ ਨਾ ਆਈਂ, ਕੋਈ ਕੰਮ-ਧੰਦਾ ਸਿੱਖ ਕੇ ਰੋਟੀ ਕਮਾਉਣ ਜੋਗਾ ਹੋ।”

ਪਿਉ-ਪੁੱਤ ਵਿਚਕਾਰ ਇਹ ਖਿੱਚੋਤਾਣ ਚੱਲ ਹੀ ਰਹੀ ਸੀ ਕਿ ਕਰੀਮੂ ਦੇ ਤਾਏ ਨੇ ਨਵਾ ਕਿੱਤਾ ਫੜ ਲਿਆ। ਉਸ ਨੇ ਕਿਸੇ ਭੁੱਕੀ ਵੇਚਣ ਵਾਲੇ ਨਾਲ ਯਾਰੀ ਲਾ ਲਈ। ਰਾਤ-ਬਰਾਤੇ ਉਹ ਦੋ-ਚਾਰ ਬੋਰੀਆਂ ਲੈ ਆਉਂਦਾ। ਦਿਨ ਚੜ੍ਹਦੇ ਤਕ ਕਿੱਲੋ-ਕਿੱਲੋ ਕਰ ਕੇ ਵੇਚ ਦਿੰਦਾ। ਦਿਨਾਂ ਵਿਚ ਤਾਏ ਦੇ ਕੱਪੜੇ-ਲੀੜਿਆਂ ਦੇ ਨਾਲ-ਨਾਲ ਘਰ ਦੀ ਨੁਹਾਰ ਬਦਲਣ ਲੱਗੀ।

ਤਾਇਆ ਕਰੀਮੂ ਨੂੰ ਸਮਝਾਉਣ ਲੱਗਾ। ਉਸ ਦਾ ਹੱਥ ਵਟਾਉਣ ਲਈ ਪ੍ਰੇਰਨ ਲੱਗਾ। ਪਰ ਕਰੀਮੂ ਨੂੰ ਰੋਜ਼-ਰੋਜ਼ ਪੁਲਿਸ ਕੋਲੋਂ ਇੱਜ਼ਤ ਲੁਹਾਉਣੀ ਪਸੰਦ ਨਹੀਂ ਸੀ। ਉਹ ਟਾਲ-ਮਟੋਲ ਕਰਦਾ ਰਿਹਾ।

ਇਕ ਦਿਨ ਪੁਲਿਸ ਉਸ ਦੇ ਤਾਏ ਨੂੰ ਫੜਨ ਆਈ। ਤਾਇਆ ਭੱਜ ਗਿਆ। ਬੋਰੀਆਂ ਪਿੱਛੇ ਛੱਡ ਗਿਆ। ਜ਼ਾਮਨ ਦੇ ਤੌਰ ’ਤੇ ਪੁਲਿਸ ਕਰੀਮੂ ਨੂੰ ਨਾਲ ਲੈ ਗਈ। ਨਾ ਤਾਏ ਨੇ ਪੁਲਿਸ ਦੀ ਜੇਬ ਭਰੀ, ਨਾ ਪੇਸ਼ ਹੋਇਆ। ਪੁਲਿਸ ਇਕ ਹਫ਼ਤਾ ਉਡੀਕਦੀ ਰਹੀ। ਹਾਰ ਕੇ ਪੁਲਿਸ ਨੇ ਤਾਏ ਕੋਲੋਂ ਫੜੀਆਂ ਬੋਰੀਆਂ ਕਰੀਮੂ ’ਤੇ ਫਿੱਟ ਕਰ ਦਿੱਤੀਆਂ।

ਮੁਫ਼ਤ ਵਿਚ ਤਿੰਨ ਸਾਲ ਕੈਦ ਕੱਟ ਕੇ ਆਇਆ ਕਰੀਮੂ ਬਿਲਕੁਲ ਬਦਲਿਆ ਹੋਇਆ ਸੀ। ਬਾਹਰ ਆਉਂਦੇ ਹੀ ਉਸ ਨੇ ਆਪਣੀ ਢਾਣੀ ਬਣਾ ਲਈ। ਆਪਣੇ ਵਰਗੇ ਦਸ-ਬਾਰਾਂ ਹੱਟੇ-ਕੱਟੇ ਨੌਜਵਾਨ ਢਾਣੀ ਵਿਚ ਸ਼ਾਮਿਲ ਕਰ ਲਏ। ਸਕੂਟਰ ਖ਼ਰੀਦ ਲਏ, ਟਕੂਏ ਅਤੇ ਗੰਡਾਸੇ

ਲਿਸ਼ਕਾ ਲਏ। ਕਿਰਪਾਨਾਂ ਫੜ ਲਈਆਂ। ਜਿਉਂ ਹੀ ਭੁੱਕੀ ਦੇ ਟਰੱਕ ਦੀ ਇਲਾਕੇ ਵਿਚ ਆਉਣ ਦੀ ਸੂਚਨਾ ਮਿਲਦੀ, ਉਹ ਸਕੂਟਰ 'ਤੇ ਸਵਾਰ ਹੋ ਕੇ ਆਪਣੇ ਹਿੱਸੇ ਦਾ ਮਾਲ ਲੈਣ ਲਈ ਨਿਕਲ ਪੈਂਦੇ। ਰਸਤੇ ਵਿਚ ਜੇ ਪੁਲਿਸ ਘੇਰਨ ਦਾ ਯਤਨ ਕਰਦੀ ਤਾਂ ਉਹ ਦੋ-ਦੋ ਹੱਥ ਕਰਦੇ। ਕਦੇ ਕਿਸੇ ਪੁਲਸੀਏ ਦੀ ਢੂਹੀ ਕੁੱਟੀ ਜਾਂਦੀ ਅਤੇ ਕਦੇ ਉਹਨਾਂ ਦੇ ਕਿਸੇ ਬੰਦੇ ਦੀ ਬਾਂਹ ਟੁੱਟ ਜਾਂਦੀ। ਪੁਲਿਸ ਦੇ ਹੱਥ ਉਹ ਕਦੇ-ਕਦਾਈਂ ਹੀ ਆਉਂਦੇ। ਪੁਲਿਸ ਦੇ ਸੁਨੇਹੇ ਆਉਣ ਲੱਗੇ। 'ਰਲ-ਮਿਲ ਕੇ ਕੰਮ ਕਰੋ। ਨਾਲੇ ਆਪ ਮੌਜਾਂ ਕਰੋ, ਨਾਲੇ ਸਾਨੂੰ ਕਰਾਓ।' ਪਰ ਨਫ਼ਰਤ ਨਾਲ ਭਰੇ ਕਰੀਮੂ ਦਾ ਪੁਲਿਸ ਨਾਲ ਹੱਥ ਮਿਲਾਉਣ ਦਾ ਕਦੇ ਵੀ ਦਿਲ ਨਾ ਕੀਤਾ।

ਖਿਝੀ ਪੁਲਿਸ ਨੇ ਉਸ ਦੀ ਢਾਣੀ ਨੂੰ ਖੇਰੂੰ-ਖੇਰੂੰ ਕਰਨ ਦੀ ਯੋਜਨਾ ਬਣਾ ਲਈ। ਧੋਖੇ ਨਾਲ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਸਦਾ ਲਈ ਨਕਾਰਾ ਕਰਨ ਲਈ ਉਸ ਦੀਆਂ ਅੱਖਾਂ ਵਿਚ ਕੁਝ ਪਾ ਦਿੱਤਾ। ਦਸਾਂ ਦਿਨਾਂ ਦੇ ਅੰਦਰ-ਅੰਦਰ ਉਸ ਦੀਆਂ ਅੱਖਾਂ ਦੀ ਜੋਤ ਚਲੀ ਗਈ। ਨਿਕਾਰਾ ਹੋਇਆ ਉਹ ਦਸ ਸਾਲ ਤੋਂ ਘਰ ਬੈਠਾ ਹੈ।

ਆਪਣੀ ਕਹਾਣੀ ਸੁਣਾਉਂਦੇ ਕਰੀਮੂ ਦੀਆਂ ਅੱਖਾਂ ਵਿਚ ਹੰਝੂ ਟਪਕ ਪੈਂਦੇ।

ਫੇਰ ਉਹ ਭਰੇ ਗਲੇ ਨਾਲ ਆਖਦਾ :

"ਜੇ ਮੈਨੂੰ ਪੁਲਿਸ ਝੂਠੇ ਮੁਕੱਦਮੇ ਵਿਚ ਨਾ ਫਸਾਉਂਦੀ, ਜੇ ਪੁਲਿਸ ਮੈਨੂੰ ਅੰਨ੍ਹਾ ਨਾ ਕਰਦੀ, ਮੈਂ ਵੀ ਜਗਤ-ਪ੍ਰਸਿੱਧ ਖਿਡਾਰੀ ਹੁੰਦਾ। ਖ਼ੁਸ਼ੀਆਂ ਭਰੀ ਜ਼ਿੰਦਗੀ ਜਿਉਂ ਰਿਹਾ ਹੁੰਦਾ।"

ਲੋਕਾਂ ਦੇ ਗਲੇਡੂ ਭਰ ਆਉਂਦੇ।

ਬੂਆ ਜੀ ਦੀ ਕਹਾਣੀ ਕਰੀਮੂ ਨਾਲ ਮਿਲਦੀ-ਜੁਲਦੀ ਸੀ।

ਉਹ ਬਾਜ਼ੀਗਰਾਂ ਦੇ ਘਰ ਜੰਮਿਆ ਸੀ। ਉਸ ਦੇ ਮਾਪੇ ਬਾਜ਼ੀਆਂ ਪਾਉਂਦੇ ਸਨ। ਮਾਂ-ਬਾਪ ਨੇ ਬੂਏ ਦੇ ਅੰਗ ਬਚਪਨ ਵਿਚ ਹੀ ਲਚਕੀਲੇ ਬਣਾ ਦਿੱਤੇ ਸਨ। ਜਵਾਨੀ 'ਚ ਪੈਰ ਧਰਦੇ-ਧਰਦੇ ਉਹ ਗੱਡੀ ਦੇ ਬਰਾਬਰ ਭੱਜਣ ਲੱਗ ਪਿਆ ਸੀ। ਦਸ ਫੁੱਟ ਲੰਬੀ ਛਾਲ ਮਾਰ ਲਿਆ ਕਰਦਾ ਸੀ। ਵੰਝ ਦੇ ਸਹਾਰੇ ਬਾਰਾਂ ਫੁੱਟ ਉੱਚੀ ਕੰਧ ਟੱਪ ਜਾਇਆ ਕਰਦਾ ਸੀ। ਕਿਲ੍ਹਾ ਰਾਏਪੁਰ ਦੀਆਂ ਪੇਂਡੂ ਖੇਡਾਂ ਵਿਚ ਉਹ ਕਈ ਵਾਰ ਇਨਾਮ ਜਿੱਤ ਚੁੱਕਾ ਸੀ।

ਫੇਰ ਇਹ ਗੁਣ ਉਸ ਦੇ ਦੁਸ਼ਮਣ ਬਣ ਗਏ। ਗਰੇਵਾਲਾਂ ਦੇ ਕਾਕੇ ਨੂੰ ਵਹਿਮ ਹੋ ਗਿਆ। ਅਗਲੀਆਂ ਖੇਡਾਂ ਵਿਚ ਬੂਆ ਉਸ ਦਾ ਮੈਡਲ ਖੋਹੇਗਾ।

ਕਾਕੇ ਨੇ ਪੁਲਿਸ ਕੋਲ ਮੁਖ਼ਬਰੀ ਕੀਤੀ :

"ਬੂਆ ਜੀ ਰਾਤ ਨੂੰ ਸੜਕਾਂ 'ਤੇ ਖੜ੍ਹਦਾ ਹੈ। ਲੋਕਾਂ ਨੂੰ ਲੁੱਟ ਕੇ ਹਵਾ ਹੋ ਜਾਂਦਾ ਹੈ।"

ਗੱਲਾਂ 'ਚ ਆਈ ਪੁਲਿਸ ਨੇ ਉਸ ਦੇ ਨਵੇਂ ਰਿਕਾਰਡ ਦੀ ਥਾਂ ਉਸ ਦੇ ਖ਼ਾਨਦਾਨੀ ਰਿਕਾਰਡ ਨੂੰ ਤਰਜੀਹ ਦਿੱਤੀ। ਪਿਛੋਕੜ ਦੇ ਆਧਾਰ 'ਤੇ ਉਸ ਨੂੰ ਗ੍ਰਿਫ਼ਤਾਰ ਕੀਤਾ ਅਤੇ ਜੇਲ੍ਹ ਵਿਚ ਸੁੱਟ ਦਿੱਤਾ।

ਜੇਲ੍ਹ ਦੇ ਬਾਹਰ-ਅੰਦਰ ਰਹਿਣ ਦੇ ਚੱਕਰ ਵਿਚ ਉਸ ਦੀਆਂ ਖੇਡਾਂ ਛੁੱਟ ਗਈਆਂ।

ਪੁਲਿਸ ਨੇ ਕੈਦ ਕਰਵਾ ਕੇ ਵੀ ਖਹਿੜਾ ਨਾ ਛੱਡਿਆ। ਰਫ਼ਤਾਰ ਮੱਠੀ ਕਰਨ ਲਈ ਸੱਜੀ ਟੰਗ ਤੋੜ ਦਿੱਤੀ। ਟੰਗੋਂ ਆਹਰਾ ਹੋ ਕੇ ਉਹ ਹੁਣ ਨਰਕ ਭੋਗ ਰਿਹਾ ਹੈ।

ਅਖ਼ੀਰ 'ਚ ਉਹ ਹਉਕਾ ਭਰ ਕੇ ਆਖਦਾ :

"ਮੇਰੀ ਫ਼ੁਰਤੀ ਦੇਖ ਕੇ ਖੇਡ ਮੰਤਰੀ ਨੇ ਮੈਨੂੰ ਪੁਲਿਸ ਵਿਚ ਭਰਤੀ ਕਰਨ ਦਾ ਵਾਅਦਾ



ਕੀਤਾ ਸੀ। ਜੇ ਪੁਲਿਸ ਨੇ ਮੇਰਾ ਰਿਕਾਰਡ ਖ਼ਰਾਬ ਨਾ ਕੀਤਾ ਹੁੰਦਾ ਤਾਂ ਅੱਜ ਮੈਂ ਵੀ ਪੁਲਿਸ ਅਫ਼ਸਰ ਹੁੰਦਾ।

ਬੂਆ ਜੀ ਦੇ ਨਾਲ-ਨਾਲ ਲੋਕਾਂ ਦੀਆਂ ਅੱਖਾਂ ਵੀ ਸਿੱਲੀਆਂ ਹੋ ਜਾਂਦੀਆਂ।

ਫੇਰ ਨਿੱਕੋ ਅਤੇ ਬੀਰੋ ਸਾਂਸਣਾਂ ਸਟੇਜ 'ਤੇ ਆਉਂਦੀਆਂ। ਉਹ ਆਪਣੇ ਮੱਥਿਆਂ 'ਤੇ ਖੁਣੇ 'ਚੋਰਨੀ' ਅਤੇ 'ਜੇਬ ਕਤਰੀ' ਸ਼ਬਦ ਲੋਕਾਂ ਨੂੰ ਦਿਖਾਉਂਦੀਆਂ। ਫੇਰ ਦੱਸਦੀਆਂ ਕਿ ਇਹਨਾਂ ਕਲੰਕਾਂ ਕਾਰਨ ਪੈਂਤੀਆਂ-ਪੈਂਤੀਆਂ ਦੀਆਂ ਹੋ ਕੇ ਵੀ ਉਹ ਕੁਆਰੀਆਂ ਕਿਉਂ ਬੈਠੀਆਂ ਹਨ।

ਲੋਹਾ ਗਰਮ ਹੋਇਆ ਦੇਖ ਕੇ ਸ਼ਾਮੂ ਮਾਈਕ 'ਤੇ ਆਉਂਦਾ ਅਤੇ ਲੋਕਾਂ ਕੋਲੋਂ ਪੁੱਛਦਾ :

"ਕੀ ਲੋਕਾਂ ਨੂੰ ਜੁਰਮ ਕਰਨ ਲਈ ਮਜਬੂਰ ਕਰਨ ਵਾਲੀ ਅਤੇ ਲੋਕਾਂ ਨੂੰ ਚੈਨ ਦੀ ਜ਼ਿੰਦਗੀ ਨਾ ਜਿਊਣ ਦੇਣ ਵਾਲੀ ਪੁਲਿਸ ਸਮਾਜ ਦੀ ਉਸਾਰੀ ਵਿਚ ਕੋਈ ਯੋਗਦਾਨ ਪਾ ਸਕਦੀ ਹੈ ?"

ਲੋਕ ਇਕ ਜੁੱਟ ਹੋ ਕੇ ਆਖਦੇ, "ਨਹੀਂ ! ਬਿਲਕੁਲ ਨਹੀਂ।"

ਕਿਸੇ ਹੋਰ ਜਲਸੇ ਵਿਚ ਬੰਟੀ ਕਤਲ ਕੇਸ ਵਿਚ ਬਤੌਰ ਗਵਾਹ ਭੁਗਤੇ ਦੇਸ ਰਾਜ, ਕਮਲ ਪ੍ਰਸ਼ਾਦ ਅਤੇ ਰਾਧੇ ਸਿਆਮ ਨੂੰ ਅਸ਼ੋਕ ਸਟੇਜ 'ਤੇ ਬੁਲਾਉਂਦਾ।

ਦੇਸ ਰਾਜ ਦੁਹਾਈ ਦੇ ਕੇ ਆਖਦਾ :

"ਪੁਲਿਸ ਅਤੇ ਯੁਵਾ ਸੰਘ ਨੇ ਮੇਰੇ ਕੋਲੋਂ ਝੂਠ ਬੁਲਵਾਇਆ ਹੈ। ਮੇਰੀ ਭਾਂਡਿਆਂ ਦੀ ਦੁਕਾਨ ਤਾਂ ਹੈ ਪਰ ਨਾ ਕਦੇ ਪਾਲੇ ਨੇ ਮੇਰੇ ਕੋਲ ਚੋਰੀ ਦਾ ਮਾਲ ਵੇਚਿਆ ਹੈ ਅਤੇ ਨਾ ਹੀ ਕੋਈ ਟੋਪੀਆ ਖ਼ਰੀਦਿਆ ਹੈ। ਲਾਲਾ ਜੀ ਦਾ ਭਗਤ ਹੋਣ ਕਾਰਨ ਅਤੇ ਭਾਵਨਾਵਾਂ ਵਿਚ ਵਹਿਣ ਕਾਰਨ ਮੈਂ ਝੂਠ ਬੋਲ ਗਿਆ। ਸੰਮਤੀ ਵਾਲਿਆਂ ਨੇ ਮੈਨੂੰ ਆਪਣੀ ਗ਼ਲਤੀ ਦਾ ਅਹਿਸਾਸ ਕਰਾਇਆ ਹੈ। ਮੇਰੇ ਮਨ 'ਤੇ ਬੋਝ ਹੈ। ਮੇਰੇ ਕਾਰਨ ਨਿਰਦੋਸ਼ਾਂ ਨੂੰ ਸਜ਼ਾ ਹੋਈ ਹੈ। ਆਪਣੀ ਆਤਮਾ ਨੂੰ ਸ਼ੁੱਧ ਕਰਨ ਲਈ ਮੈਂ ਲੋਕ-ਕਚਹਿਰੀ ਵਿਚ ਆਇਆ ਹਾਂ। ਲੋਕੋ, ਮੈਨੂੰ ਮੁਆਫ਼ ਕਰੋ।"

ਇਸੇ ਤਰ੍ਹਾਂ ਕਮਲ ਪ੍ਰਸ਼ਾਦ ਦੁਹਾਈ ਦਿੰਦਾ :

"ਮੁਕੱਦਮੇ ਵਿਚ ਜਿਹੜੀ ਲੈਟਰ ਪੈਡ ਪੇਸ਼ ਕੀਤੀ ਗਈ ਸੀ, ਉਹ ਮੇਰੇ ਕੋਲੋਂ ਪੁਲਿਸ ਨੇ ਛਪਵਾਈ ਸੀ। ਪੁਲਿਸ ਨੇ ਮੈਨੂੰ ਸਮਝਾਇਆ ਸੀ ਕਿ ਬੰਟੀ ਦਾ ਕਤਲ ਪਾਲੇ ਮੀਤੇ ਨੇ ਕੀਤਾ ਹੈ। ਕਾਤਲ ਹੁਸ਼ਿਆਰ ਨੇ। ਉਹਨਾਂ ਨੇ ਸਬੂਤ ਮਿਟਾ ਦਿੱਤੇ ਹਨ। ਸਜ਼ਾ ਕਰਨ ਲਈ ਕਚਹਿਰੀ ਨੂੰ ਸਬੂਤ ਚਾਹੀਦੇ ਹਨ। ਦੋਸ਼ੀਆਂ ਨੂੰ ਸਜ਼ਾ ਕਰਾਉਣ ਲਈ ਕੁਝ ਝੂਠ ਬੋਲਣਾ ਪਏਗਾ। ਕਾਨੂੰਨ ਦਾ ਢਿੱਡ ਭਰਨ ਲਈ ਮੈਂ ਝੂਠ ਬੋਲਿਆ। ਮੈਂ ਦੁਬਾਰਾ ਅਦਾਲਤ ਵਿਚ ਬਿਆਨ ਦੇਣਾ ਚਾਹੁੰਦਾ ਹਾਂ ਪਰ ਅਦਾਲਤ ਮੈਨੂੰ ਮੌਕਾ ਨਹੀਂ ਦੇ ਰਹੀ। ਆਪਣੀ ਗ਼ਲਤੀ ਦੀ ਸਜ਼ਾ ਭੁਗਤਣ ਲਈ ਮੈਂ ਹਾਜ਼ਰ ਹਾਂ।"

ਕਦੇ ਕਿਹਰ ਸਿੰਘ ਅਤੇ ਉਸ ਦੇ ਸੀਰੀ ਨੱਥੇ ਨੂੰ ਲੋਕ-ਕਚਹਿਰੀ ਵਿਚ ਪੇਸ਼ ਕੀਤਾ ਜਾਂਦਾ।

ਕਿਹਰ ਜ਼ਿਮੀਂਦਾਰ ਸੀ ਅਤੇ ਨੱਥਾ ਉਸ ਦਾ ਸੀਰੀ। ਜ਼ਿਮੀਂਦਾਰ ਅਤੇ ਸੀਰੀ ਵਿਚ ਤੂੰ-ਤੂੰ ਮੈਂ-ਮੈਂ ਆਮ ਜਿਹੀ ਗੱਲ ਹੈ। ਕਿਹਰ ਨੇ ਨੱਥੇ ਨੂੰ ਪਹਿਲਾਂ ਵੀ ਬਹੁਤ ਵਾਰ ਝਿੜਕਿਆ ਸੀ। ਨੱਥਾ ਪਹਿਲਾਂ ਵੀ ਕਈ ਵਾਰ ਰੁੱਸ ਕੇ ਘਰੋਂ ਗਿਆ ਸੀ। ਗ਼ੁੱਸਾ ਠੰਢਾ ਹੋਣ 'ਤੇ ਆਪੇ ਮੁੜ ਆਉਂਦਾ ਸੀ।

ਪਿਛਲੀ ਵਾਰ ਰੁੱਸ ਕੇ ਗਿਆ ਜਦੋਂ ਉਹ ਦਸ ਦਿਨ ਨਾ ਮੁੜਿਆ ਤਾਂ ਕਿਹਰ ਸਿੰਘ ਦਾ ਦਿਲ ਧੜਕਣ ਲੱਗਾ। ਪਹਿਲਾਂ ਉਸ ਨੇ ਨੱਥੇ ਦੀ ਇਧਰ-ਉਧਰ ਤਲਾਸ਼ ਕੀਤੀ। ਜਦੋਂ ਕਿਤੋਂ ਉੱਘ-ਸੁੱਘ ਨਾ ਮਿਲੀ ਤਾਂ ਰਪਟ ਦਰਜ ਕਰਵਾ ਦਿੱਤੀ।

ਪੜਤਾਲ ਕਰਨ ਆਈ ਪੁਲਿਸ ਨੂੰ ਸ਼ਰੀਕਾਂ ਨੇ ਉਂਗਲ ਲਾ ਦਿੱਤੀ। ਅਖੇ ਨੱਥੇ ਦੇ ਕਿਹਰ ਦੀ ਘਰਵਾਲੀ ਨਾਲ ਨਾਜਾਇਜ਼ ਸੰਬੰਧ ਸਨ। ਕਿਹਰ ਨੇ ਉਹਨਾਂ ਨੂੰ ਇਤਰਾਜ਼ਯੋਗ ਹਾਲਤ ਵਿਚ ਦੇਖ ਲਿਆ ਸੀ। ਨੱਥੇ ਨੂੰ ਥਾਈਂ ਵੱਢ ਕੇ ਨਹਿਰ ਵਿਚ ਸੁੱਟ ਆਇਆ ਸੀ। ਨੱਥਾ ਕਿੱਥੋਂ ਲੱਭਣਾ ਸੀ ?

ਕਈਆਂ ਨੇ ਹੋਰ ਲੂਣ-ਮਿਰਚ ਲਾਇਆ।

ਕੋਈ ਕਹਿੰਦਾ ਮੈਂ ਖ਼ੁਦ ਦੋਹਾਂ ਨੂੰ ਇਤਰਾਜ਼ਯੋਗ ਹਾਲਤ ਵਿਚ ਦੇਖਿਆ ਸੀ। ਡਰਦੇ ਨੇ ਕਿਹਰ ਕੋਲ ਗੱਲ ਨਹੀਂ ਸੀ ਕੀਤੀ। ਕੋਈ ਕਹਿੰਦਾ ਇਸੇ ਗੱਲੋਂ ਕਿਹਰ ਸਿੰਘ ਨੇ ਆਪਣੀ ਘਰਵਾਲੀ ਨੂੰ ਕਈ ਵਾਰ ਕੁੱਟਿਆ ਸੀ। ਕੁੱਟ ਪੈਂਦੀ ਉਸ ਨੇ ਦੇਖੀ ਸੀ। ਕੋਈ ਕਹਿੰਦਾ ਉਸ ਨੇ ਕਿਹਰ ਨੂੰ ਆਪਣੀ ਮੋਟਰ 'ਤੇ ਖ਼ੂਨ ਨਾਲ ਲਿੱਬੜੀ ਕਹੀ ਧੋਂਦੇ ਦੇਖਿਆ ਸੀ। ਕੋਈ ਕਹਿੰਦਾ ਕਿਹਰ ਨੇ ਖ਼ੂਨ ਨਾਲ ਲਿੱਬੜੀ ਇਕ ਭਾਰੀ ਬੋਰੀ ਉਸ ਦੇ ਸਾਹਮਣੇ ਨਹਿਰ ਵਿਚ ਸੁੱਟੀ ਸੀ।

ਪੁਲਿਸ ਨੇ ਇਹਨਾਂ ਸਭਨਾਂ ਦੇ ਬਿਆਨ ਕਲਮ-ਬੰਦ ਕਰ ਲਏ।

ਫੇਰ ਕਿਹਰ ਨੂੰ ਨੱਥੇ ਦੇ ਕਤਲ ਦੇ ਜੁਰਮ ਵਿਚ ਗ੍ਰਿਫ਼ਤਾਰ ਕਰ ਲਿਆ। ਰਾਜਸਥਾਨ ਜਾ ਕੇ ਕਿਸੇ ਗਲੀ-ਸੜੀ ਲਾਸ਼ ਦੀਆਂ ਫ਼ੋਟੋਆਂ ਅਤੇ ਕੱਪੜੇ ਲੈ ਆਂਦੇ। ਗਵਾਹਾਂ ਨੇ ਉਹ ਲਾਸ਼ ਅਤੇ ਕੱਪੜੇ ਨੱਥੇ ਦੇ ਹੋਏ ਸ਼ਨਾਖ਼ਤ ਕਰ ਦਿੱਤੇ।

ਗਵਾਹਾਂ ਨੇ ਰਟੇ-ਰਟਾਏ ਬਿਆਨ ਅਦਾਲਤ ਨੂੰ ਸੁਣਾਏ। ਅਦਾਲਤ ਨੂੰ ਇਹ ਕਹਾਣੀ ਸੱਚੀ ਲੱਗੀ। ਨੱਥੇ ਦੇ ਕਤਲ ਅਤੇ ਉਸ ਦੀ ਲਾਸ਼ ਨੂੰ ਖ਼ੁਰਦ-ਬੁਰਦ ਕਰਨ ਦੇ ਜੁਰਮ ਵਿਚ ਕਿਹਰ ਨੂੰ ਦਸ ਸਾਲ ਦੀ ਕੈਦ ਬੋਲੀ ਗਈ।

ਭਲਾ ਹੋਵੇ ਪਿੰਡ ਦੀ ਕੁਟੀਆ ਵਿਚ ਕਦੇ-ਕਦਾਈਂ ਆਉਂਦੇ ਇਕ ਸਾਧ ਦਾ। ਉਸ ਨੂੰ ਨੱਥੇ ਦੇ ਕਤਲ ਹੋਣ ਦਾ ਵੀ ਪਤਾ ਸੀ ਅਤੇ ਕਿਹਰ ਨੂੰ ਸਜ਼ਾ ਹੋਣ ਦਾ ਵੀ।

ਕੁੰਭ ਦੇ ਮੇਲੇ 'ਤੇ ਹਰਿਦੁਆਰ ਊਨਾਂ ਸਾਨੂੰ ਨੂੰ ਵੈਰਾਗੀ ਸਾਧਾਂ ਦੇ ਡੇਰੇ ਉਹ ਹਲ ਚਲਾਉਂਦਾ ਟੱਕਰ ਗਿਆ। ਸਾਧ ਚੁੱਪ ਚਾਪ ਪਿੰਡ ਆਇਆ ਤੇ ਕਿਹਰ ਦੇ ਵਾਰਸਾਂ ਨੂੰ ਨੱਥਾ ਫੜਵਾ ਦਿੱਤਾ।

ਕਿਹਰ ਦੇ ਵਕੀਲ ਨੇ ਨੱਥੇ ਨੂੰ ਹਾਈ ਕੋਰਟ ਵਿਚ ਪੇਸ਼ ਕਰ ਦਿੱਤਾ, ਤਾਂ ਕਿਹਰ ਦੀ ਅਪੀਲ ਮਨਜ਼ੂਰ ਹੋਈ ਤਾਂ ਉਹ ਬਰੀ ਹੋਇਆ।

ਕਿਹਰ ਬਾਅਦ ਨੱਥਾ ਸਿੰਘ ਆਪਣੀ ਰਾਮ ਕਹਾਣੀ ਸੁਣਾਉਂਦਾ :

ਕਿਹਰ ਸਿੰਘ ਨਾਲ ਗ਼ੁੱਸੇ ਹੋ ਕੇ ਉਹ ਪਿੰਡ ਦੇ ਡੇਰੇ ਚਲਾ ਗਿਆ। ਉਥੇ ਹਰਿਦੁਆਰੋਂ ਸਾਧ ਆਏ ਹੋਏ ਸਨ। ਉਹਨਾਂ ਤੋਂ ਦੁੱਖ ਭਰੇ ਇਸ ਗ੍ਰਿਹਸਥੀ ਜੀਵਨ ਦੇ ਤਿਆਗ ਦਾ ਉਪਦੇਸ਼ ਸੁਣਿਆ। ਉਪਦੇਸ਼ ਉਸ ਦੇ ਮਨ ਲੱਗ ਗਿਆ। ਉਹ ਸਾਧਾਂ 'ਚ ਰਲ ਕੇ ਹਰਿਦੁਆਰ ਚਲਾ ਗਿਆ। ਫੇਰ ਉਸ ਨੂੰ ਪਤਾ ਲੱਗਾ, ਨੱਥੇ ਦੇ ਗੁੰਮ ਹੋਣ ਦਾ ਪਰਚਾ ਦਰਜ ਹੋ ਗਿਐ। ਫੇਰ ਪਤਾ ਲੱਗਾ, ਕਿਹਰ ਨੂੰ ਸਜ਼ਾ ਹੋ ਗਈ। ਕਿਹਰ ਸਿੰਘ ਅਤੇ ਪੁਲਿਸ ਤੋਂ ਡਰਦਾ ਉਹ ਡੇਰੇ ਵਿਚ ਹੀ ਟਿਕ ਗਿਆ।

'ਦੇਖੋ, ਜਿਊਂਦਾ ਜਾਗਦਾ ਨੱਥਾ ਤੁਹਾਡੇ ਸਾਹਮਣੇ ਹੈ।"

ਫੇਰ ਪਿਆਰੇ ਲਾਲ ਲੋਕਾਂ ਤੋਂ ਪੁੱਛਦਾ :

"ਕੀ ਅਜਿਹਾ ਅੰਨ੍ਹਾ ਕਾਨੂੰਨ ਤੁਹਾਡੇ ਮਸਲੇ ਸੁਲਝਾਏਗਾ ?"

ਲੋਕ ਫੇਰ ਆਖਦੇ, "ਨਹੀਂ, ਬਿਲਕੁਲ ਨਹੀਂ।"

ਮੌਜੂਦਾ ਸੁਧਾਰ ਘਰ ਕੈਦੀਆਂ ਨੂੰ ਸੁਧਾਰਦੇ ਹਨ ਜਾਂ ਵਿਗਾੜਦੇ ਹਨ ?"

ਇਹ ਦੱਸਣ ਲਈ ਪਹਿਲਾਂ ਹੈਲਪਲਾਈਨ ਦਾ ਤਰਸੇਮ ਸਟੇਜ 'ਤੇ ਆਉਂਦਾ। ਫੇਰ ਉਹ ਦੋ ਸਾਲ ਬੱਚਾ-ਜੇਲ੍ਹ ਵਿਚ ਰਹਿ ਕੇ ਆਏ ਨਨੂ ਨੂੰ ਬੁਲਾਉਂਦਾ।



ਅੱਠ ਸਾਲ ਦੇ ਨਨੂ ਨੂੰ ਪਤਾ ਨਹੀਂ ਸੀ ਕਿ ਉਸ ਦਾ ਪਿਛੋਕੜ ਕੀ ਹੈ। ਹੋ ਸਕਦਾ ਹੈ ਉਹ ਹਰਾਮ ਦੀ ਔਲਾਦ ਹੋਵੇ ਅਤੇ ਉਸ ਨੂੰ ਜੰਮਦੇ ਨੂੰ ਹੀ ਰੂੜੀ ਉਪਰ ਸੁੱਟ ਦਿੱਤਾ ਗਿਆ ਹੋਵੇ, ਜਾਂ ਮੰਗਤਿਆਂ ਦੇ ਗਿਰੋਹ ਨੇ ਉਸ ਨੂੰ ਅਗਵਾ ਕਰ ਲਿਆ ਹੋਵੇ, ਜਾਂ ਫੇਰ ਗ਼ਰੀਬੀ ਕਾਰਨ ਉਸ ਦੇ ਮਾਂ-ਬਾਪ ਉਸ ਦਾ ਪਾਲਣ-ਪੋਸ਼ਣ ਨਾ ਕਰ ਸਕੇ ਹੋਣ ਅਤੇ ਉਸ ਨੂੰ ਆਪਣੀ ਕਿਸਮਤ ਦੇ ਸਹਾਰੇ ਜੀਊਣ ਲਈ ਸਟੇਸ਼ਨ 'ਤੇ ਛੱਡ ਗਏ ਹੋਣ। ਉਸ ਨੂੰ ਬੱਸ ਏਨਾ ਹੀ ਪਤਾ ਸੀ ਕਿ ਉਸ ਦਾ ਬਾਪ ਸਾਰਾ ਦਿਨ ਲੱਕੜ ਦੇ ਪੁਲ 'ਤੇ ਭੀਖ ਮੰਗਦਾ ਸੀ। ਰਾਤ ਨੂੰ ਕੰਬਲ ਓੜ ਕੇ ਉਥੇ ਹੀ ਸੌਂ ਜਾਂਦਾ ਸੀ। ਵਿਚੇ ਨਨੂ ਨੂੰ ਘਸੋੜ ਲੈਂਦਾ ਸੀ। ਕੜਾਕੇ ਦੀ ਸਰਦੀ ਕਾਰਨ ਇਕ ਦਿਨ ਉਸ ਦਾ ਬਾਪ ਦਮ ਤੋੜ ਗਿਆ। ਲਾਵਾਰਿਸ ਸਮਝ ਕੇ ਕਾਰਪੋਰੇਸ਼ਨ ਵਾਲੇ ਉਸ ਦੇ ਬਾਪ ਦੀ ਲਾਸ਼ ਨੂੰ ਸ਼ਮਸ਼ਾਨਘਾਟ ਅਤੇ ਉਸ ਨੂੰ ਥਾਣੇ ਛੱਡ ਗਏ। ਉਥੋਂ ਉਹ ਜੇਲ੍ਹ ਪੁੱਜ ਗਿਆ।

ਫੇਰ ਉਹ ਬੱਚਾ-ਜੇਲ੍ਹ ਵਿਚਲੇ ਆਪਣੇ ਤਜਰਬੇ ਲੋਕਾਂ ਨਾਲ ਸਾਂਝੇ ਕਰਦਾ :

"ਬਾਸੂ ਨੇ ਉਸ ਨੂੰ ਜੇਬਾਂ ਕੱਟਣੀਆਂ ਸਿਖਾਈਆਂ। ਨੀਲੂ ਨੇ ਸਿਗਰਟ ਪੀਣੀ। ਕਾਲੂ ਨੇ ਘਰਾਂ ਨੂੰ ਪਾੜ ਲਾਉਣੇ।"

ਤਰਸੇਮ ਉਸ ਨੂੰ ਵਿਚਕਾਰੋਂ ਹੀ ਰੋਕਦਾ। ਫੇਰ ਲੋਕਾਂ ਕੋਲੋਂ ਪੁੱਛਦਾ :

"ਕੀ ਇਸ ਤਰ੍ਹਾਂ ਸੁਧਰਨਗੇ ਬੇਸਹਾਰਾ ਬੱਚੇ ?"

ਮੂੰਹ ਵਿਚ ਉਂਗਲਾਂ ਪਾ ਕੇ ਲੋਕ ਇਸ ਪ੍ਰਸ਼ਨ ਦਾ ਉੱਤਰ ਸੋਚਣ ਲੱਗਦੇ।

ਫੇਰ ਦੇਬੂ ਰਿਕਸ਼ੇ ਵਾਲਾ ਆਪਣਾ ਦੁੱਖੜਾ ਰੋਂਦਾ।

ਪਹਿਲਾਂ ਦੇਬੂ ਸ਼ਰਾਬ ਕੱਢਦਾ ਹੁੰਦਾ ਸੀ। ਯੂਨੀਅਨ ਵਾਲਿਆਂ ਦੀ ਪ੍ਰੇਰਨਾ 'ਤੇ ਉਸ ਨੇ ਜੁਰਮ ਦੀ ਦੁਨੀਆਂ ਤਿਆਗ ਦਿੱਤੀ। ਉਹ ਰੋਟੀ ਚਲਾਉਣ ਲਈ ਰਿਕਸ਼ਾ ਵਾਹੁਣ ਲੱਗ ਪਿਆ। ਕਿਰਾਏ 'ਤੇ ਰਿਕਸ਼ਾ ਲੈ ਕੇ ਚਲਾਉਣ ਨਾਲ ਗੁਜ਼ਾਰਾ ਨਹੀਂ ਸੀ ਹੁੰਦਾ। ਅੱਧੀ ਨਾਲੋਂ ਵੱਧ ਕਮਾਈ ਰਿਕਸ਼ੇ ਦਾ ਮਾਲਕ ਲੈ ਲੈਂਦਾ। ਕਦੇ ਮੁਰੰਮਤ ਕਰਾਉਣੀ ਪੈ ਜਾਂਦੀ ਤਾਂ ਫਾਕਾ ਕੱਟਣਾ ਪੈਂਦਾ।

ਦੇਬੂ ਨੂੰ ਪਿਛਾਂਹ ਮੁੜਨ ਤੋਂ ਰੋਕਣ ਲਈ ਯੂਨੀਅਨ ਨੇ ਫ਼ੈਸਲਾ ਕੀਤਾ। ਉਸ ਨੂੰ ਬੈਂਕ ਕੋਲੋਂ ਆਸਾਨ ਕਿਸ਼ਤਾਂ 'ਤੇ ਕਰਜ਼ਾ ਲੈ ਕੇ ਦਿੱਤਾ ਜਾਵੇ। ਉਹ ਕਿਰਾਏ ਵਾਲੀ ਰਕਮ ਨਾਲ ਕਿਸ਼ਤਾਂ ਭਰਦਾ ਰਹੇਗਾ। ਸਾਲ ਕੁ 'ਚ ਰਿਕਸ਼ਾ ਆਪਣਾ ਹੋ ਜਾਏਗਾ ਅਤੇ ਗੁਜ਼ਾਰਾ ਵਧੀਆ ਚੱਲੇਗਾ।

ਪਰ ਬੈਂਕ ਵਾਲੇ ਕਰਜ਼ਾ ਮਨਜ਼ੂਰ ਨਹੀਂ ਸਨ ਕਰਦੇ। ਕਹਿੰਦੇ ਦੇਬੂ ਦਾ ਰਿਕਾਰਡ ਮਾੜਾ ਹੈ। ਉਸ ਨੂੰ ਕਈ ਵਾਰ ਸਜ਼ਾ ਹੋ ਚੁੱਕੀ ਹੈ। ਅਪਰਾਧੀ ਪਿਛੋਕੜ ਵਾਲਿਆਂ ਨੂੰ ਕਰਜ਼ਾ ਦੇ ਕੇ ਬੈਂਕ ਨੇ ਆਪਣਾ ਦੀਵਾਲਾ ਨਹੀਂ ਕਢਾਉਣਾ।

ਦੇਬੂ ਲੋਕਾਂ ਕੋਲੋਂ ਪੁੱਛਦਾ, ਕੀ ਉਹ ਮੁੜ ਪਹਿਲੇ ਰਾਹ ਪੈ ਜਾਵੇ ?

ਇਥੇ ਤਰ੍ਹਾਂ ਦੇ ਹਾਲਾਤ ਨਾਲ ਮਾਸਟਰ ਓਮ ਪ੍ਰਕਾਸ਼ ਜੂਝ ਰਿਹਾ ਸੀ। ਮਾਸਟਰ ਨੂੰ ਕਤਲ ਕੇਸ ਵਿਚ ਸਜ਼ਾ ਹੋਈ ਸੀ। ਕਤਲ ਉਸ ਨੇ ਕੀਤਾ ਸੀ ਜਾਂ ਨਹੀਂ, ਇਸ ਦੀ ਸਫ਼ਾਈ ਪੇਸ਼ ਨਹੀਂ ਸੀ ਕਰਦਾ। ਉਹ ਕਹਿੰਦਾ ਸੀ ਕਿ ਜੇਲ੍ਹ ਜਾਣ ਸਮੇਂ ਉਹ ਸਰਕਾਰੀ ਸਕੂਲ ਵਿਚ ਅਧਿਆਪਕ ਸੀ। ਸਜ਼ਾ ਹੋਣ ਕਾਰਨ ਉਸ ਨੂੰ ਨੌਕਰੀ ਵਿਚੋਂ ਕੱਢ ਦਿੱਤਾ ਗਿਆ ਸੀ। ਆਪਣੀ ਕੈਦ ਦੌਰਾਨ ਉਸ ਨੇ ਸੈਂਕੜੇ ਕੈਦੀਆਂ ਨੂੰ ਚਿੱਠੀਆਂ-ਪੱਤਰ ਲਿਖਣ ਯੋਗ ਬਣਾਇਆ ਸੀ। ਬੀਸੀਆਂ ਵਾਰ ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਇਨਾਮ ਦਿੱਤੇ। ਮੁਆਫ਼ੀਆਂ ਦਿੱਤੀਆਂ। ਰਿਹਾਈ ਸਮੇਂ ਵਧੀਆ ਚਾਲ-ਚੱਲਣ ਵਾਲਾ ਵਿਅਕਤੀ ਹੋਣ ਦੇ ਪ੍ਰਮਾਣ ਪੱਤਰ ਦਿੱਤੇ।

ਆਪਣੀ ਵਿਥਿਆ ਸੁਣਾ ਕੇ ਕਹਿੰਦਾ ਸੀ ਕਿ ਜੇ ਉਸ ਨੇ ਕੋਈ ਜੁਰਮ ਕੀਤਾ ਹੈ ਤਾਂ ਉਸ ਦੀ ਸਜ਼ਾ ਉਹ ਕੱਟ ਚੁੱਕਾ ਹੈ। ਸਜ਼ਾ ਭੁਗਤਣ ਬਾਅਦ ਉਸ ਨੂੰ ਇਕ ਸਾਧਾਰਨ ਨਾਗਰਿਕ ਵਾਂਗ ਜ਼ਿੰਦਗੀ ਜਿਊਣ ਦਾ ਹੱਕ ਹੋਣਾ ਚਾਹੀਦਾ ਹੈ।

ਲੰਬੀ ਕੈਦ ਦੌਰਾਨ ਮਾਸਟਰ ਨੇ ਜੇਲ੍ਹ ਸੁਪਰਡੈਂਟ ਤੋਂ ਲੈ ਕੇ ਮੁੱਖ ਮੰਤਰੀ ਤਕ ਦੇ ਲੰਬੇ ਚੌੜੇ ਭਾਸ਼ਨ ਸੁਣੇ ਸਨ। ਉਹ ਕਹਿੰਦੇ ਹਨ, ਜੇਲ੍ਹਾਂ ਦਾ ਮੁੱਖ ਉਦੇਸ਼ ਕੈਦੀਆਂ ਨੂੰ ਸੁਧਾਰਨਾ ਅਤੇ ਚੰਗੇ ਸ਼ਹਿਰੀ ਬਣਾਉਣਾ ਹੈ। ਕੈਦੀ ਚੰਗੇ ਸ਼ਹਿਰੀ ਤਾਂ ਹੀ ਬਣਨਗੇ ਜੇ ਆਪਣੇ ਪੈਰਾਂ 'ਤੇ ਖੜੇ ਹੋਣਗੇ। ਆਤਮ ਨਿਰਭਰ ਬਣਾਉਣ ਲਈ ਸਰਕਾਰ ਉਹਨਾਂ ਨੂੰ ਪੜ੍ਹਾ-ਲਿਖਾ ਅਤੇ ਕਿੱਤਾ ਸਿਖਲਾਈ ਦੇ ਰਹੀ ਹੈ।

ਰਿਹਾਈ ਬਾਅਦ ਮੁੜ ਵਸੇਬੇ ਲਈ ਮਾਸਟਰ ਨੇ ਖ਼ੁੱਸੀ ਨੌਕਰੀ ਪ੍ਰਾਪਤ ਕਰਨ ਨਈ ਦਰਖ਼ਾਸਤ ਦਿੱਤੀ। ਉਸੇ ਸਰਕਾਰ ਦੇ ਸਰਕਾਰੀ ਵਕੀਲ ਨੇ ਅੱਡੀ-ਚੋਟੀ ਦਾ ਜ਼ੋਰ ਲਾ ਕੇ ਦਰਖ਼ਾਸਤ ਦਾ ਵਿਰੋਧ ਕੀਤਾ। ਕਹਿੰਦਾ, ਸਜ਼ਾ-ਯਾਫ਼ਤਾ ਵਿਅਕਤੀਆਂ ਲਈ ਸਰਕਾਰੀ ਨੌਰਕੀ 'ਚ ਆਉਣ ਦਾ ਕੋਈ ਅਧਿਕਾਰ ਨਹੀਂ ਹੈ।

ਆਪਣਾ ਢਿੱਡ ਭਰਨ ਲਈ ਮਾਸਟਰ ਕੋਲ ਕੋਈ ਹੋਰ ਸਾਧਨ ਨਹੀਂ ਹੈ। ਉਹ ਪੁੱਛਦਾ ਹੈ ਕਿ ਸਰਕਾਰ ਨੇ ਉਸ ਦੇ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਹੈ ਜਾਂ ਉਸ ਤੋਂ ਰੁਜ਼ਗਾਰ ਖੋਹਿਆ ਹੈ।

ਸੰਮਤੀ ਵੱਲੋਂ ਹੁੰਦੇ ਜਲਸਿਆਂ ਵਿਚ ਸਾਬਕਾ ਕੈਦੀ ਆਪਣੇ ਦੁੱਖੜੇ ਰੋਂਦੇ ਹਨ, ਇਹ ਸੁਣ ਕੇ ਇਕ ਦਿਨ ਬੀਬੋ ਆਪਣਾ ਦੁੱਖੜਾ ਰੋਣ ਆ ਗਈ।

ਕੱਖ ਕੰਡਾ ਚੁਗਣ ਉਹ ਚਾਹਲਾਂ ਦੇ ਖੇਤ ਜਾਇਆ ਕਰਦੀ ਸੀ। ਚਾਹਲਾਂ ਦੇ ਕਾਕੇ ਦੀ ਉਸ 'ਤੇ ਨਜ਼ਰ ਸੀ। ਆਨੇ-ਬਹਾਨੇ ਉਹ ਉਸ ਦੇ ਅੱਗੇ-ਪਿੱਛੇ ਕੱਟੇ-ਵੱਛੇ ਬੰਨ੍ਹਦਾ ਰਹਿੰਦਾ ਸੀ। ਬੀਬੋ ਨੇ ਉਸ ਨੂੰ ਸਾਫ਼ ਸ਼ਬਦਾਂ ਵਿਚ ਸਮਝਾ ਦਿੱਤਾ ਸੀ ਕਿ ਉਹ ਐਸੀ-ਵੈਸੀ ਨਹੀਂ ਹੈ। ਜਿਸ ਨਾਲ ਵਿਆਹੀ ਹੈ, ਉਸ ਦੀ ਬਣ ਕੇ ਰਹੇਗੀ। ਪਰ ਇਹ ਗੱਲ ਕਾਕੇ ਦੇ ਖ਼ਾਨੇ ਵਿਚ ਨਹੀਂ ਸੀ ਵੜੀ।

ਜਦੋਂ ਉਹ ਨਾ ਟਲਿਆ ਅਤੇ ਇਕ ਦਿਨ ਮੌਕਾ ਤਾੜ ਕੇ ਉਸ ਨੂੰ ਹੱਥ ਪਾ ਲਿਆ ਤਾਂ ਅੱਕੀ ਬੀਬੋ ਨੂੰ ਹੱਥ ਚੁੱਕਣਾ ਪਿਆ। ਉਸ ਨੇ ਕਾਕੇ ਦਾ ਨੱਕ ਵੱਢ ਦਿੱਤਾ।

ਆਪਣੇ ਕੀਤੇ 'ਤੇ ਬੀਬੋ ਨੂੰ ਕੋਈ ਪਛਤਾਵਾ ਨਹੀਂ ਸੀ। ਉਹ ਖ਼ੁਸ਼ੀ-ਖ਼ੁਸ਼ੀ ਜੇਲ੍ਹ ਕੱਟ ਰਹੀ ਸੀ। ਆਪਣੀ ਇੱਜ਼ਤ ਬਚਾਉਣ ਲਈ ਬੀਬੋ ਨੇ ਕਾਕੇ ਦਾ ਨੱਕ ਤਾਂ ਵੱਢ ਦਿੱਤਾ, ਪਰ ਕਾਕਿਆਂ ਨਾਲ ਭਰੀ ਜੇਲ੍ਹ ਵਿਚ ਉਹ ਕਿਸ-ਕਿਸ ਦਾ ਨੱਕ ਵੱਢਦੀ।

ਪੰਜ ਸਾਲ ਦੀ ਕੈਦ ਕੱਟਣ ਤੋਂ ਬਾਅਦ ਘਰ ਮੁੜਦੀ ਬੀਬੋ ਦੇ ਨਾਲ ਦੋ ਸਾਲ ਦੀ ਕੁੜੀ ਵੀ ਆਈ ਸੀ।

ਉਹ ਲੋਕਾਂ ਕੋਲੋਂ ਪੁੱਛਦੀ ਸੀ, ਸੁਧਾਰ ਘਰੋਂ ਮਿਲੇ ਇਸ ਤੋਹਫ਼ੇ ਨੂੰ ਲੈ ਕੇ ਉਹ ਕਿਥੇ ਜਾਵੇ ?

ਫੇਰ ਇਸਤਰੀ ਸਭਾ ਦੀ ਪ੍ਰਧਾਨ ਲੋਕਾਂ ਕੋਲੋਂ ਪੁੱਛਦੀ :

"ਕੀ ਇਹੋ ਜਿਹੇ ਹੋਣੇ ਚਾਹੀਦੇ ਹਨ ਸਾਡੇ ਸੁਧਾਰ ਘਰ ?"

ਲੋਕ ਫੇਰ ਆਖਦੇ, "ਨਹੀਂ, ਬਿਲਕੁਲ ਨਹੀਂ।"

ਅਖ਼ੀਰ ਵਿਚ ਪਿਆਰੇ ਲਾਲ ਮਾਈਕ ਸੰਭਾਲਦਾ, ਉਹ ਆਖਦਾ :

"ਇਸ ਤਰ੍ਹਾਂ ਦਾ ਹੈ ਸਾਡਾ ਨਿਆਂ-ਪ੍ਰਬੰਧ। ਕੀ ਇਹ ਪ੍ਰਬੰਧ ਸਾਡੀਆਂ ਸਮੱਸਿਆਵਾਂ ਹੱਲ ਕਰਨ ਦੇ ਯੋਗ ਹੈ ? ਕੀ ਸਾਡੇ ਆਜ਼ਾਦੀ ਘੁਲਾਟੀਆਂ ਨੇ ਇਹੋ ਜਿਹੇ ਰਾਮ ਰਾਜ ਦੇ ਸੁਪਨੇ ਲਏ ਸਨ ?"



ਲੋਕ ਆਖਦੇ, "ਨਹੀਂ", ਫੇਰ ਪੁੱਛਦੇ, "ਆਖ਼ਿਰ ਕਿਸ ਤਰ੍ਹਾਂ ਹੱਲ ਹੋਣਗੀਆਂ ਸਾਡੀਆਂ ਸਮੱਸਿਆਵਾਂ ?"

"ਸਮੁੱਚਾ ਸਿਆਸੀ ਢਾਂਚਾ ਬਦਲ ਕੇ।" ਪਿਆਰੇ ਲਾਲ ਆਖਦਾ।

ਸੰਮਤੀ ਵਾਲਿਆਂ ਦੀਆਂ ਗੱਲਾਂ ਸੁਣ-ਸੁਣ ਕੇ ਲੋਕਾਂ ਦੇ ਚਿਹਰੇ ਸੂਹੇ ਹੋਣ ਲੱਗਦੇ। ਮੁਕੰਮਲ ਤਬਦੀਲੀ ਦੇ ਹੱਕ ਵਿਚ ਉਹ ਬਾਂਹਾਂ ਉੱਚੀਆਂ ਕਰ-ਕਰ ਨਾਅਰੇ ਲਾਉਣ ਲੱਗਦੇ।

"ਕਿਸ ਤਰ੍ਹਾਂ ਬਦਲੀਏ ਪੁਰਾਣਾ ਢਾਂਚਾ ? ਕਿਸ ਤਰ੍ਹਾਂ ਦਾ ਹੋਏਗਾ ਨਵਾਂ ਢਾਂਚਾ ?"

ਇਹ ਸਮਝਾਉਣ ਲਈ ਕਦੇ ਬਾਬਾ ਲੋਕਾਂ ਸਾਹਮਣੇ ਆਉਂਦਾ ਅਤੇ ਕਦੇ ਗੁਰਮੀਤ।

## 41

ਅੱਜ ਗਊ-ਪੂਜਾ ਦਾ ਤਿਉਹਾਰ ਸੀ।

ਛੜਿਆਂ ਦੀ ਬੈਰਕ ਵਿਚ ਚਹਿਲ-ਪਹਿਲ ਦੀ ਥਾਂ ਮਾਤਮ ਛਾਇਆ ਹੋਇਆ ਸੀ। ਕੈਦੀਆਂ ਨੂੰ ਇਸ ਦਿਨ ਦੀ ਉਡੀਕ ਗਿਆਰਾਂ ਮਹੀਨੇ ਉਨੱਤੀ ਦਿਨ ਰਹਿੰਦੀ ਸੀ।

ਇਸ ਬੈਰਕ ਦਾ ਚੀਫ਼ ਵਾਰਡਰ ਹਰੀ ਓਮ ਗਊ ਭਗਤ ਸੀ। ਹਰ ਰੋਜ਼ ਸਵੇਰੇ ਉੱਠ ਕੇ ਉਹ ਪਹਿਲਾਂ ਗਊਸ਼ਾਲਾ ਜਾਂਦਾ ਸੀ। ਗਊਆਂ ਦੇ ਪੈਰੀਂ ਹੱਥ ਲਾ ਕੇ ਉਹਨਾਂ ਨੂੰ ਪੱਠੇ ਪਾਉਂਦਾ ਸੀ। ਫੇਰ ਮੰਦਰ ਜਾ ਕੇ ਪੂਜਾ ਕਰਦਾ ਸੀ, ਫੇਰ ਕੰਮ ’ਤੇ ਆਉਂਦਾ ਸੀ।

ਤਿਉਹਾਰ ਤੋਂ ਇਕ ਹਫ਼ਤਾ ਪਹਿਲਾਂ ਉਸ ਨੂੰ ਚਾਅ ਚੜ੍ਹ ਜਾਂਦਾ ਸੀ। ਕੋਲ ਖੜੋ ਕੇ ਉਹ ਸਾਰੀ ਬੈਰਕ ਦੀ ਸਫ਼ਾਈ ਕਰਾਉਂਦਾ ਸੀ। ਨਾਈ ਬੁਲਾ ਕੇ ਕੈਦੀਆਂ ਦੀ ਸ਼ੇਵ ਅਤੇ ਹਜਾਮਤ ਕਰਾਉਂਦਾ ਸੀ। ਸਵੇਰੇ ਹੀ ਪੰਡਤ ਆ ਜਾਂਦਾ ਸੀ। ਪਾਠ-ਪੂਜਾ ਹੁੰਦੀ ਸੀ। ਭਜਨ ਕੀਰਤਨ ਹੁੰਦਾ ਸੀ। ਹਵਨ ਹੁੰਦਾ ਸੀ। ਫੇਰ ਖੀਰ ਕੜਾਹ ਵਰਤਦਾ ਸੀ। ਮੁਸ਼ੱਕਤ ਤੋਂ ਛੋਟ ਹੁੰਦੀ ਸੀ। ਕੈਦੀਆਂ ਲਈ ਇਹ ਦਿਨ ਵਿਆਹ ਵਰਗਾ ਹੁੰਦਾ ਸੀ।

ਇਸ ਵਾਰ ਜਦੋਂ ਆਖ਼ਰੀ ਦਿਨ ਤਕ ਵੀ ਕੋਈ ਹਲਚਲ ਨਜ਼ਰ ਨਾ ਆਈ ਤਾਂ ਕੈਦੀਆਂ ਨੂੰ ਲੱਗਾ ਦਾਲ ਵਿਚ ਕੁਝ ਕਾਲਾ ਹੈ। ਉਹ ਕਾਲਖ਼ ਲੱਭਣ ਦਾ ਯਤਨ ਕਰਨ ਲੱਗੇ।

ਗਾਂਧੀ ਨੂੰ ਲੱਗਾ, ਜਦੋਂ ਦਾ ਮੋਦਨ ਇਸ ਬੈਰਕ ਵਿਚ ਆਇਆ ਸੀ, ਹਰੀ ਓਮ ਉਦੋਂ ਦਾ ਗੁੰਮ-ਸੁੰਮ ਸੀ।

ਛੜਿਆਂ ਦੀ ਬੈਰਕ ਵਿਚ ਬੰਦ ਬਹੁਤੇ ਕੈਦੀਆਂ ਦੇ ਜੁਰਮ ਇਕੋ ਜਿਹੇ ਸਨ। ਸੀਤੇ ਨੇ ਚਾਰ ਸਾਲ ਦੀ ਬੱਚੀ ਨਾਲ ਬਲਾਤਕਾਰ ਕੀਤਾ ਸੀ। ਗਾਂਧੀ ਨੇ ਪੈਹਠਾਂ ਸਾਲਾਂ ਦੀ ਬੁੱਢੀ ਨਾਲ। ਦੀਸੇ ਨੇ ਬਾਰ੍ਹਾਂ ਸਾਲਾਂ ਦੇ ਨੌਕਰ ਨੂੰ ਹੱਟੀ ਵਿਚ ਢਾਹਿਆ ਸੀ ਅਤੇ ਹਮੀਰ ਨੇ ਖੁਸਰਿਆਂ ਦੀ ਕੰਧ ਟੱਪੀ ਸੀ।

ਮੋਦਨ ਦਾ ਜੁਰਮ ਸਭਨਾਂ ਨਾਲੋਂ ਘਿਨਾਉਣਾ ਜ਼ਰੂਰ ਸੀ ਪਰ ਰੱਬੋਂ ਨਿਆਰਾ ਨਹੀਂ ਸੀ। ਕੱਟੀਆਂ-ਵੱਛੀਆਂ ਨਾਲ ਖੇਹ ਖਾਣ ਦੀਆਂ ਖ਼ਬਰਾਂ ਪਹਿਲਾਂ ਵੀ ਅਖ਼ਬਾਰਾਂ ਵਿਚ ਛਪਦੀਆਂ ਰਹਿੰਦੀਆਂ ਸਨ।

ਮੋਦਨ ਨੂੰ ਇਕ ਕੱਟੀ ਨਾਲ ਕੁਕਰਮ ਕਰਨ ਦੇ ਜੁਰਮ ਵਿਚ ਸਜ਼ਾ ਹੋਈ ਸੀ।

ਇਕ ਜਾਨਵਰ ਨਾਲ ਕੁਕਰਮ ਕਰਨ ਕਾਰਨ ਹਰੀ ਓਮ ਮੋਦਨ ਨਾਲ ਏਨਾ ਨਾਰਾਜ਼ ਹੋਵੇ, ਇਹ ਗੱਲ ਦਿਲ ਨਹੀਂ ਸੀ ਲੱਗ ਰਹੀ।

ਇਕ ਕੱਟੀ ਨਾਲ ਕੁਕਰਮ ਕਰਨ ਕਰਕੇ ਕੱਟੀ ਦੇ ਮਾਲਕ ਨੇ ਪਰਚਾ ਦਰਜ ਕਰਾਇਆ ਹੋਵੇ। ਪੁਲਿਸ ਨੇ ਉਸ ਦੀ ਗੱਲ ਮੰਨ ਕੇ ਤਫ਼ਤੀਸ਼ ਕੀਤੀ ਹੋਵੇ, ਅਗਾਂਹ ਮਾਮੂਲੀ ਜਿਹੀ ਗੱਲ ’ਤੇ ਜੱਜ ਨੇ ਸਜ਼ਾ ਸੁਣਾਈ ਹੋਵੇ, ਇਹ ਗੱਲ ਵੀ ਮੰਨਣਯੋਗ ਨਹੀਂ ਸੀ।



ਮਤਲਬ ਇਹ ਕਿ ਮੋਦਨ ਇਕ ਬੁਝਾਰਤ ਹੈ। ਬੁਝਾਰਤ ਬੁੱਝੀ ਜਾਣੀ ਚਾਹੀਦੀ ਹੈ। ਸੱਚ ਦੀ ਖੋਜ ਲਈ ਉਹ ਮੋਦਨ ਦੁਆਲੇ ਹੋ ਗਏ।

ਮੋਦਨ ਨੇ ਬਿਨਾਂ ਕਿਸੇ ਲੁਕ-ਲੁਕਾ ਦੇ ਆਪਣੀ ਰਾਮ-ਕਹਾਣੀ ਸੁਣਾ ਦਿੱਤੀ।

ਉਹ ਪੈਂਤੀ ਕੁ ਸਾਲਾਂ ਦਾ ਨਿੱਕੇ ਝਿਊਰ ਦਾ ਮੁੰਡਾ ਹੈ। ਉਹ ਘਰ ਵਿਚ ਸਭ ਤੋਂ ਵੱਡਾ ਹੈ। ਛੋਟਾ ਭਰਾ ਮਾਸਟਰ ਹੈ। ਭਰਜਾਈ ਬੀ.ਡੀ.ਓ. ਦੇ ਦਫ਼ਤਰ ਵਿਚ ਕਲਰਕ ਹੈ।

ਸੁਰਤ ਸੰਭਾਲਣ ਤੋਂ ਪਹਿਲਾਂ ਇਕ ਵਾਰ ਮੋਦਨ ਨੂੰ ਬੁਖ਼ਾਰ ਚੜ੍ਹਿਆ ਸੀ। ਝਾੜ-ਫੂਕ ਵਾਲੇ ਦੇ ਪਿੱਛੇ ਲੱਗ ਕੇ ਉਸ ਦੀ ਮਾਂ ਨੇ ਮੂੰਹ-ਹਨੇਰੇ ਉਸ ਨੂੰ ਛੱਪੜ ਵਿਚ ਨੁਹਾ ਦਿੱਤਾ। ਆਥਣ ਤਕ ਬੁਖ਼ਾਰ ਹੋਰ ਵਿਗੜ ਗਿਆ। ਉਸ ਦੀ ਖੱਬੀ ਲੱਤ ਮਾਰੀ ਗਈ। ਢੂਹੀ ਵਿਚ ਰਸੌਲੀ ਬਣ ਗਈ। ਪਿੱਠ ਵਿਚ ਕੁੱਬ ਪੈ ਗਿਆ। ਉਹ ਮੁੰਡਾ ਘੱਟ ਅਤੇ ਜਾਨਵਰ ਵੱਧ ਜਾਪਦਾ। ਮੁੰਡੇ ਉਸ ਨੂੰ ‘ਬੋਤਾ’ ਆਖ-ਆਖ ਚਿੜਾਉਣ ਲੱਗੇ। ਮੁੰਡਿਆਂ ਦੇ ਪਿੱਛੇ ਲੱਗ ਕੇ ਮਾਸਟਰਾਂ ਨੇ ਵੀ ਉਸ ਨੂੰ ‘ਬੋਤਾ’ ਕਹਿਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਸਾਰੇ ਪਿੰਡ ਵਿਚ ਇਹੋ ਨਾਂ ਪ੍ਰਚਲਿਤ ਹੋ ਗਿਆ। ਹੁਣ ਉਸ ਨੂੰ ਲੋਕ ਮੋਦਨ ਦੇ ਨਾਂ ਨਾਲ ਘੱਟ ਅਤੇ ਬੋਤੇ ਦੇ ਨਾਂ ਨਾਲ ਵੱਧ ਜਾਣਦੇ ਸਨ।

ਮੋਦਨ ਦਾ ਬਾਪ ਪਿੰਡ ਦਾ ਚੌਕੀਦਾਰ ਸੀ। ਕਦੇ-ਕਦੇ ਦਿਹਾੜੀ ਲਾਉਣ ਵੀ ਚਲਾ ਜਾਂਦਾ ਸੀ। ਵਿਹਲੇ ਸਮੇਂ ਸਰਦਾਰਾਂ ਦੇ ਡੰਗਰਾਂ ਨੂੰ ਕੱਖ ਵੀ ਪਾ ਆਉਂਦਾ ਸੀ। ਉਸ ਦੀ ਮਾਂ ਦਿਨੇ ਕੱਖ-ਕੰਡਾ ਚੁਗਣ ਖੇਤਾਂ ਵਿਚ ਜਾਂਦੀ ਸੀ। ਸ਼ਾਮ ਨੂੰ ਭੱਠੀ ’ਤੇ ਦਾਣੇ ਭੁੰਨਦੀ ਸੀ। ਵਿਆਹ-ਸ਼ਾਦੀਆਂ ਵਿਚ ਵਿਆਹ ਵਾਲੇ ਘਰਾਂ ਵਿਚ ਭਾਂਡੇ ਮਾਂਜਦੀ ਸੀ। ਔਖੇ-ਸੌਖੇ ਦਿਨ-ਕਟੀ ਹੋ ਰਹੀ ਸੀ।

ਆਮ ਬਾਪਾਂ ਵਾਂਗ ਮੋਦਨ ਦਾ ਬਾਪ ਉਸ ਨੂੰ ਪੜ੍ਹਾਉਣਾ ਚਾਹੁੰਦਾ ਸੀ। ਡੰਡੇ-ਝਿੜਕਾਂ ਖਾਂਦਾ ਮੋਦਨ ਪੰਜ ਜਮਾਤਾਂ ਪਾਸ ਕਰ ਗਿਆ। ਛੇਵੀਂ ਵਿਚ ਜਾ ਕੇ ਬਰੇਕ ਲੱਗ ਗਈ। ਪੜ੍ਹਾਈ ਦੀਆਂ ਬਰੀਕੀਆਂ ਉਸ ਨੂੰ ਸਮਝ ਨਹੀਂ ਸਨ ਆਉਂਦੀਆਂ। ਇਸ ਵਿਚ ਉਸ ਦਾ ਕਸੂਰ ਨਹੀਂ ਸੀ। ਬੁਖ਼ਾਰ ਨੇ ਸਰੀਰ ਦੇ ਨਾਲ-ਨਾਲ ਦਿਮਾਗ਼ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਸੀ।

ਮਨ ਮਸੋਸ ਕੇ ਬਾਪੂ ਨੇ ਉਸ ਨੂੰ ਸਕੂਲੋਂ ਹਟਾ ਲਿਆ। ਲੱਤੋਂ ਆਹਰਾ ਹੋਣ ਕਾਰਨ ਉਹ ਦਿਹਾੜੀ ਦੱਪੇ ਦੇ ਵੀ ਯੋਗ ਨਹੀਂ ਸੀ। ਪੰਜ ਪੜ੍ਹੇ ਨੂੰ ਨੌਕਰੀ ਤਾਂ ਮਿਲਣੀ ਹੀ ਨਹੀਂ ਸੀ।

ਪਟਵਾਰੀ ਦੀ ਸਲਾਹ ਮੰਨ ਕੇ ਮੋਦਨ ਨੂੰ ਭੋਲੇ ਦਰਜ਼ੀ ਨਾਲ ਬਿਠਾ ਦਿੱਤਾ। ਸਾਲ ਵਿਚ ਉਹ ਕਾਜ ਕਰਨੇ ਤੇ ਬਟਨ ਲਾਉਣੇ ਸਿੱਖ ਗਿਆ। ਹੋਰ ਦੋ ਸਾਲ ਧੱਕੇ ਖਾ ਕੇ ਉਸ ਨੂੰ ਸਿਊਣ ਮਾਰਨੀ ਆ ਗਈ। ਦਿਮਾਗ ਨੇ ਇਥੇ ਵੀ ਪੁਆੜਾ ਪਾਇਆ। ਉਹ ਚੰਗਾ ਕਾਰੀਗਰ ਬਣਨੋਂ ਪੱਛੜ ਗਿਆ।

ਮੋਦਨ ਦਾ ਛੋਟਾ ਭਰਾ ਵੱਡਾ ਹੋਣ ਲੱਗਾ। ਉਸ ਦਾ ਸਰੀਰ ਤਕੜਾ ਅਤੇ ਦਿਮਾਗ ਤੇਜ਼ ਸੀ। ਬਾਪ ਨੂੰ ਆਪਣੇ ਸੁਪਨਿਆਂ ਦੀ ਮੰਜ਼ਿਲ ਉਸ ਵਿਚੋਂ ਦਿਖਾਈ ਦੇਣ ਲੱਗੀ। ਮੋਦਨ ਦੀ ਥਾਂ ਉਹ ਉਸ ਵੱਲ ਧਿਆਨ ਦੇਣ ਲੱਗਾ।

ਛੋਟੇ ਭਰਾ ਨੇ ਜੇ.ਬੀ.ਟੀ. ਕਰ ਲਈ। ਸਾਲ ਭਰ ਪ੍ਰਾਈਵੇਟ ਸਕੂਲ ਵਿਚ ਪੜ੍ਹਾਇਆ, ਫੇਰ ਸਰਕਾਰੀ ਨੌਕਰੀ ਮਿਲ ਗਈ।

ਛੋਟੇ ਭਰਾ ਨੂੰ ਰਿਸ਼ਤੇ ਆਉਣ ਲੱਗੇ।

ਬਾਪ ਅਤੇ ਭਰਾ ਕਹਿੰਦੇ, “ਪਹਿਲਾਂ ਵੱਡੇ ਨੂੰ ਵਿਆਹਾਂਗੇ, ਫੇਰ ਛੋਟੇ ਦੀ ਗੱਲ ਛੇੜਾਂਗੇ।”

ਹਾੜ੍ਹੀ ਸਾਉਣੀ ਜੇ ਮੋਦਨ ਨੂੰ ਕੋਈ ਦੇਖਣ ਆਉਂਦਾ ਤਾਂ ‘ਵਿੰਗੇ ਤੜਿੰਗੇ ਇਸ ਅਸ਼ਟਾਵਕਰ ਜਿਹੇ ਨਾਲ ਕੁੜੀ ਵਿਆਹੁਣ ਨਾਲੋਂ ਉਸ ਨੂੰ ਖੂਹ ਵਿਚ ਧੱਕਾ ਦੇਣਾ ਚੰਗਾ।’ ਆਖ ਕੇ ਦੱਸ ਪਾਉਣ ਵਾਲੇ ਨੂੰ ਉਲਾਂਭਾ ਦੇ ਕੇ ਮੁੜ ਜਾਂਦਾ।

ਛੋਟਾ ਭਰਾ ਵੱਡਾ ਹੋਣ ਲੱਗਾ। "ਜੇ ਸਾਲ ਦੋ ਸਾਲ ਹੋਰ ਜ਼ਿੱਦ ਫੜੀ ਰੱਖੀ ਤਾਂ ਤੂੰ ਵੀ ਕੁਆਰਾ ਰਹਿ ਜਾਏਂਗਾ।" ਲੋਕ ਛੋਟੇ ਨੂੰ ਨਸੀਹਤਾਂ ਦੇਣ ਲੱਗੇ।

ਬਾਪ ਨੇ ਦਿਲ 'ਤੇ ਪੱਥਰ ਰੱਖਿਆ। ਵੱਡੇ ਨਾਲੋਂ ਪਹਿਲਾਂ ਛੋਟੇ ਨੂੰ ਵਿਆਹ ਲਿਆ।

ਮੋਦਨ ਨੂੰ ਛੜਾ ਰਹਿ ਜਾਣ ਦਾ ਦੁੱਖ ਹੋਇਆ ਪਰ ਕੁਝ ਢਾਰਸ ਵੀ ਬੱਝੀ। ਔਰਤ ਤਾਂ ਘਰ ਵਿਚ ਆਈ। ਬਜ਼ੁਰਗ ਕਹਿੰਦੇ ਹਨ, "ਇਕ ਦੇ ਵਿਆਹ ਹੋਣ ਨਾਲ ਸਭ ਦਾ ਕੰਮ ਸਰ ਜਾਂਦਾ ਹੈ।"

ਪਿੰਡ ਵਿਚ ਪ੍ਰਚਲਿਤ ਦੰਦ-ਕਥਾਵਾਂ ਅਤੇ ਸਾਥੀਆਂ ਦੇ ਧੱਕੇ-ਧਕਾਏ ਮੋਦਨ ਨੇ ਭਰਜਾਈ ਦੇ ਅੱਗੇ-ਪਿੱਛੇ ਕੱਟੇ-ਵੱਛੇ ਬੰਨ੍ਹੇ। ਨੇੜੇ ਲਾਉਣਾ ਤਾਂ ਦੂਰ, ਉਹ ਘੁੰਡ ਚੁੱਕਣ ਨੂੰ ਵੀ ਤਿਆਰ ਨਹੀਂ ਸੀ। ਹਿੰਮਤ ਕਰ ਕੇ ਇਕ ਦਿਨ ਉਸ ਨੇ ਵੱਖੀ ਵਿਚ ਚੂੰਡੀ ਵੱਢੀ। ਉਹ ਸੂਈ ਬਘਿਆੜੀ ਵਾਂਗ ਪਈ। ਪੈਰੀਂ ਪੈ ਕੇ ਤੇ ਕੰਨਾਂ ਨੂੰ ਹੱਥ ਲਾ ਕੇ ਮੋਦਨ ਨੇ ਮਸਾਂ ਜਾਨ ਛੁਡਾਈ।

ਔਰਤ ਕੋਲੋਂ ਛਿੱਤਰ ਖਾਣ ਦਾ ਇਹ ਉਸ ਦਾ ਪਹਿਲਾ ਮੌਕਾ ਨਹੀਂ ਸੀ।

ਪਹਿਲੀ ਵਾਰੀ ਉਸ ਨੇ ਸ਼ਮੀਜ਼ ਸਿਵਾਉਣ ਆਈ ਗੇਲੋ ਦੀਆਂ ਨਾਪ ਦੇ ਬਹਾਨੇ ਛਾਤੀਆਂ ਘੁੱਟਣ ਦੀ ਹਿੰਮਤ ਕੀਤੀ ਸੀ। ਮੋਦਨ ਨੇ ਸੁਣ ਰੱਖਿਆ ਸੀ ਕਿ ਇਹ 'ਇਹੋ ਜਿਹੀ' ਹੀ ਸੀ। ਇਕੋ ਸਮੇਂ ਕਈਆਂ ਨਾਲ ਇਸ਼ਕ ਲੜਾ ਰਹੀ ਸੀ। ਮੋਦਨ ਨਾਲ ਵੀ ਹੱਸ-ਹੱਸ ਕੇ ਬੋਲ ਰਹੀ ਸੀ। ਮੋਦਨ ਨੂੰ ਹਾਲੇ ਛਾਤੀਆਂ ਦੇ ਗੁਦਗੁਦੇਪਣ ਦਾ ਸੁਆਦ ਆਉਣ ਵੀ ਨਹੀਂ ਸੀ ਲੱਗਾ ਕਿ ਕਰਾਰੇ ਥੱਪੜ ਨੇ ਉਸ ਦੀ ਗੱਲ੍ਹ ਨੂੰ ਝਰਣ-ਝਰਣ ਕਰਨ ਲਾ ਦਿੱਤਾ ਸੀ।

"ਕੰਜਰਾ ! ਆਪਣੀ ਨਾਰਦਮੁਨੀ ਜਿਹੀ ਬੂਥੀ ਕਦੇ ਸੀਸ਼ੇ ਵਿਚ ਦੇਖੀ ਹੈ। ਇਹ ਸ਼ਕਲ ਇਸ਼ਕ ਲੜਾਉਣ ਵਾਲੀ ਹੈ ?"

ਆਖਦੀ ਗੇਲੋ ਉਸ ਦੇ ਮਨ ਨੂੰ ਵਲੂੰਧਰ ਕੇ ਰੱਖ ਗਈ ਸੀ।

ਕਈ ਸਾਲਾਂ ਬਾਅਦ ਉਸ ਨੇ ਫੇਰ ਹਿੰਮਤ ਬਟੋਰੀ ਸੀ।

ਮੋਦਨ ਦੇ ਘਰ ਦੇ ਸਾਹਮਣੇ ਫ਼ੌਜੀ ਦਾ ਘਰ ਸੀ। ਫ਼ੌਜੀ ਸਾਲ ਵਿਚੋਂ ਗਿਆਰਾਂ ਮਹੀਨੇ ਬਾਹਰ ਰਹਿੰਦਾ ਸੀ। ਫ਼ੌਜੀ ਦੇ ਛੁੱਟੀ ਆਉਣ ਸਮੇਂ ਫ਼ੌਜਣ ਭਿੱਜੀ ਬਿੱਲੀ ਬਣੀ ਰਹਿੰਦੀ ਸੀ। ਪਿੱਛੋਂ ਰਾਤ ਨੂੰ ਕਈਆਂ ਨੂੰ ਕੁੰਡਾ ਖੋਲ੍ਹਦੀ ਸੀ। ਫ਼ੌਜਣ ਨੂੰ ਇਹ ਪਤਾ ਸੀ ਕਿ ਮੋਦਨ ਨੂੰ ਸਭ ਪਤਾ ਹੈ। 'ਕਾਣੀ ਹੈ' ਸੋਚ ਕੇ ਮੋਦਨ ਕਦੇ-ਕਦੇ ਉਸ ਨੂੰ ਮਜ਼ਾਕ ਕਰ ਲਿਆ ਕਰਦਾ ਸੀ। ਮਜ਼ਾਕ ਦਾ ਜਵਾਬ ਉਹ ਹੱਸ ਕੇ ਦਿੰਦੀ ਸੀ। ਇਕ ਰਾਤ ਮੌਕਾ ਤਾੜ ਕੇ ਉਹ ਉਸ ਦੇ ਘਰ ਜਾ ਵੜਿਆ। ਆ ਦੇਖਿਆ ਨਾ ਤਾਅ। ਉਸ ਨੇ ਜੁੱਤੀ ਲਾਹ ਲਈ ਅਤੇ ਗੇਲੋ ਵਰਗੀ ਹੀ ਬਕਵਾਸ ਕੀਤੀ ਸੀ।

ਮੁੜ ਪਰਾਈ ਔਰਤ ਵੱਲ ਝਾਕਣ ਦੀ ਮੋਦਨ ਦੀ ਹਿੰਮਤ ਨਹੀਂ ਸੀ ਪਈ।

ਜਦੋਂ 'ਆਪਣੀ' ਨੇ ਇਜ਼ਤ ਲਾਹ ਦਿੱਤੀ ਤਾਂ ਦੂਜੀ ਤੋਂ ਕੀ ਆਸ। ਉਸ ਨੂੰ ਯਕੀਨ ਹੋ ਗਿਆ, ਔਰਤ-ਛੋਹ ਮੇਰੀ ਕਿਸਮਤ ਵਿਚ ਨਹੀਂ ਹੈ।

ਸਬਰ ਦਾ ਘੁੱਟ ਭਰੀ ਉਹ ਦਿਨ-ਕਟੀ ਕਰਦਾ ਰਿਹਾ।

ਭਰਾ-ਭਰਜਾਈ ਨੌਕਰੀ 'ਤੇ ਚਲੇ ਜਾਂਦੇ। ਮੋਦਨ ਘਰੇ ਬੈਠਾ ਕੱਪੜੇ ਸਿਊਂਦਾ ਰਹਿੰਦਾ।

ਆਮ ਦਿਨਾਂ ਵਾਂਗ ਉਸ ਭੈੜੇ ਦਿਨ ਵੀ ਉਹ ਵਰਾਂਡੇ ਵਿਚ ਬੈਠਾ ਕੱਪੜੇ ਸਿਊਂ ਰਿਹਾ ਸੀ।

ਸਬਾਤ ਦੇ ਦਰਵਾਜ਼ੇ ਉਪਰ ਬੈਠਾ ਚਿੜੇ-ਚਿੜੀ ਦਾ ਜੋੜਾ ਉਸ ਦਾ ਧਿਆਨ ਖਿੱਚਣ ਲੱਗਾ। ਦੋਵੇਂ ਪਿਆਰ ਕਲੋਲਾਂ ਕਰ ਰਹੇ ਸਨ। ਚਿੜਾ ਕਈ ਵਾਰ ਚਿੜੀ ਉਪਰ ਚੜ੍ਹ ਜਾਂਦਾ ਸੀ। ਖੰਭ ਝਾੜ ਕੇ ਚਿੜੀ ਮੁੜ 'ਚਿੜਾ-ਚਿੜਾ' ਕਰਨ ਲੱਗ ਪੈਂਦੀ ਸੀ। ਕੁਝ ਦੇਰ ਦਮ ਮਾਰ ਕੇ ਚਿੜਾ ਮੁੜ ਚਿੜੀ ਉਪਰ ਆ ਚੜ੍ਹਦਾ ਸੀ।



ਮੋਦਨ ਦੇ ਹੱਥੋਂ ਹੱਥੀ ਛੁੱਟ ਗਈ। ਉਸ ਦਾ ਸਾਰਾ ਸਰੀਰ ਹਰਕਤ ਵਿਚ ਆ ਗਿਆ। ਨਸਾਂ ਵਿਚ ਖ਼ੂਨ ਤੇਜ਼ ਦੌੜਨ ਲੱਗਾ। ਮਨ ਮਸਤੀ ਨਾਲ ਭਰ ਗਿਆ। ਉਸ ਦਾ ਮਨ ਚਿੜਾ ਬਣ ਕੇ ਚਿੜੀ 'ਤੇ ਚੜ੍ਹਨ ਨੂੰ ਕਰਨ ਲੱਗਾ।

ਅਜਿਹੇ ਮੌਕੇ ਪਹਿਲਾਂ ਕਈ ਵਾਰ ਆਏ ਸਨ। ਗਲੀ ਵਿਚ ਫਸੇ ਕੁੱਤਾ-ਕੁੱਤੀ ਜਾਂ ਡੰਗਰਾਂ ਦੇ ਹਸਪਤਾਲ ਦੇ ਵਿਚ ਨਵੇਂ ਦੁੱਧ ਹੁੰਦੀ ਗਾਂ-ਮੱਝ ਦੇਖ ਕੇ ਉਸ ਨੂੰ ਘਰ ਭੱਜਣਾ ਪੈਂਦਾ ਸੀ। ਕਦੇ ਗੁਸਲਖ਼ਾਨੇ ਵੜ ਕੇ ਅਤੇ ਕਦੇ ਕੁੱਤੀ ਕੱਟੀ ਫੜ ਕੇ ਕਾਮ-ਤ੍ਰਿਪਤੀ ਕਰਨੀ ਪੈਂਦੀ ਸੀ। ਕਈ ਵਾਰ ਉਸ ਨੂੰ ਕੱਟੀ ਤੋਂ ਸੱਟ ਤੇ ਕੁੱਤੀ ਤੋਂ ਦੰਦੀ ਵਢਾਉਣੀ ਪਈ ਸੀ। ਪਰ ਮਿਲੀ ਸਰੀਕ ਅਤੇ ਮਾਨਸਿਕ ਤ੍ਰਿਪਤੀ ਅੱਗੇ ਸੱਟ ਨਿਗੂਣੀ ਹੁੰਦੀ ਸੀ।

ਪਹਿਲਾਂ ਘਰ ਵਿਚ ਪਸ਼ੂ ਹੁੰਦਾ ਸੀ। ਮਾਂ ਦੇ ਨਾਲ ਹੀ ਪਸ਼ੂ ਵੀ ਚਲਿਆ ਗਿਆ। ਖੁਰਲੀ ਖ਼ਾਲੀ ਸੀ।

ਮੋਦਨ ਨੇ ਬਾਹਰ ਨਿਕਲ ਕੇ ਗਲੀ ਵਿਚ ਨਜ਼ਰ ਮਾਰੀ। ਗੁਆਂਢੀਆਂ ਦੀ ਕੰਧ ਨਾਲ ਇਕ ਕੱਟੀ ਪਿੱਠ ਰਗੜ ਰਹੀ ਸੀ। ਮੋਦਨ ਕੱਟੀ ਨੂੰ ਪੁਚਕਾਰ ਕੇ ਅੰਦਰ ਲੈ ਆਇਆ।

ਮੋਦਨ ਨੂੰ ਝਉਲਾ ਜਿਹਾ ਪਿਆ। ਸ਼ਾਇਦ ਗਲੀ ਵਿਚ ਪੈੜ-ਚਾਲ ਹੋ ਰਹੀ ਹੈ। ਜਿਵੇਂ ਉਸ ਦੇ ਘਰ ਅੱਗੇ ਘੁਸਰ-ਮੁਸਰ ਹੋ ਰਹੀ ਹੈ।

ਕੱਟੀ ਕਾਬੂ ਨਹੀਂ ਸੀ ਆ ਰਹੀ। ਬਾਹਰ ਦੀ ਬਿੜਕ ਲੈਣ ਦੀ ਉਸ ਕੋਲ ਵਿਹਲ ਨਹੀਂ ਸੀ। ਉਹ ਮਸਤੀ ਨਾਲ ਆਪਣੇ ਕੰਮ ਵਿਚ ਲੱਗਾ ਰਿਹਾ।

ਮੋਦਨ ਨੂੰ ਸਥਿਤੀ ਦੀ ਗੰਭੀਰਤਾ ਦਾ ਪਤਾ ਉਸ ਸਮੇਂ ਲੱਗਾ ਜਦੋਂ ਗੁਆਂਢਣਾਂ ਨੇ ਉਸ ਦੇ ਵਿਹੜੇ ਧਾਵਾ ਬੋਲ ਦਿੱਤਾ। ਮੋਦਨ ਨੂੰ ਕੱਛ ਪਾਉਣ ਦਾ ਮੌਕਾ ਵੀ ਨਾ ਦਿੱਤਾ।

ਪਹਿਲਾਂ ਛੜੇ ਦੀ ਵਿਹੜੇ ਵਿਚ ਛਿਤਰੌਲ ਹੋਈ। ਫੇਰ ਪੰਚਾਇਤ ਨੇ ਲਾਹ-ਪਾ ਕੀਤੀ। ਫੇਰ ਪੁਲਿਸ ਨੇ ਧੌੜੀ ਲਾਹੀ।

ਦੋ ਦਿਨ ਬਾਅਦ ਪਿੰਡ ਵਾਲਿਆਂ ਦਾ ਗ਼ੁੱਸਾ ਠੰਢਾ ਹੋਣ ਲੱਗਾ। ਨੱਕ ਨਾਲ ਲਕੀਰਾਂ ਕਢਵਾ ਕੇ ਗੁਆਂਢੀਆਂ ਨੇ ਉਸ ਨੂੰ ਮੁਆਫ਼ ਕਰ ਦਿੱਤਾ। ਪੰਜ ਸੌ ਰੁਪਿਆ ਦੰਡ ਲਾ ਕੇ ਪੰਚਾਇਤ ਨੇ ਉਸ ਨੂੰ ਸੁਧਰ ਜਾਣ ਦਾ ਮੌਕਾ ਦੇ ਦਿੱਤਾ।

ਪੁਲਿਸ ਕੀ ਜੁਰਮਾਨਾ ਕਰੇ ? ਇਹ ਸੋਚ ਵਿਚਾਰ ਹੋ ਰਹੀ ਸੀ ਕਿ ਉਧਰ ਖ਼ਬਰਾਂ ਅਖ਼ਬਾਰਾਂ ਵਿਚ ਛਪ ਗਈਆਂ ?

ਖ਼ਬਰਾਂ ਪੜ੍ਹ ਕੇ 'ਪਸ਼ੂਆਂ ਨਾਲ ਪਿਆਰ ਕਰਨ' ਵਾਲੀ ਇਕ ਸੰਸਥਾ ਨੇ ਰੌਲਾ ਪਾ ਦਿੱਤਾ। ਪਿੰਡ ਆ ਕੇ ਉਹਨਾਂ ਨੇ ਮੋਦਨ ਦੇ ਘਰ ਅੱਗੇ ਧਰਨਾ ਦਿੱਤਾ। ਸ਼ਹਿਰ ਵਿਚ ਜਲੂਸ ਕੱਢਿਆ। ਪੁਲਿਸ ਕਪਤਾਨ ਨੂੰ ਮੰਗ-ਪੱਤਰ ਦਿੱਤਾ। ਪਰਚਾ ਦਰਜ ਹੋਇਆ, ਮੁਕੱਦਮਾ ਚੱਲਿਆ ਅਤੇ ਉਸ ਨੂੰ ਸਜ਼ਾ ਹੋ ਗਈ।

ਮੋਦਨ ਦੀ ਗੱਲ ਸੁਣ ਰਹੇ ਕੈਦੀ ਵੀ ਛੜੇ ਸਨ। ਉਸ ਤੋਂ ਵੱਧ ਤਜਰਬੇਕਾਰ ਸਨ। ਕਹਾਣੀ ਬਣੀ ਨਹੀਂ। ਮੋਦਨ ਜ਼ਰੂਰ ਕੁਝ ਛੁਪਾ ਰਿਹਾ ਹੈ।

ਉਹ ਠੀਕ ਸੋਚਦੇ ਸਨ।

ਮੋਦਨ ਨੇ ਕੁਕਰਮ ਕੱਟੀ ਨਾਲ ਨਹੀਂ, ਵੱਛੀ ਨਾਲ ਕੀਤਾ ਸੀ। ਉਸ ਵਿਰੁੱਧ ਜੱਹਾਦ ਸ਼ਿਵ ਸੈਨਾ ਨੇ ਛੇੜਿਆ ਸੀ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪੁੱਜੇ, ਇਸ ਡਰੋਂ ਜੱਜ ਨੇ ਉਸ ਨੂੰ ਸਜ਼ਾ ਸੁਣਾਈ ਸੀ।

ਇਹ ਝੂਠ ਮੋਦਨ ਨੇ ਆਪਣੀ ਮਰਜ਼ੀ ਨਾਲ ਨਹੀਂ ਸੀ ਬੋਲਿਆ। ਇੰਞ ਕਰਨ ਲਈ ਪਹਿਲਾਂ ਡਿਉੜੀ ਵਿਚ ਉਸ ਨੂੰ ਬੁੱਢੇ ਵਾਰਡਰ ਨੇ ਅਤੇ ਫੇਰ ਚੱਕਰ ਵਿਚ ਮੁਨਸ਼ੀ ਨੇ ਆਖਿਆ ਸੀ।

"ਤੈਨੂੰ ਛੜਿਆਂ ਦੀ ਬੈਰਕ ਵਿਚ ਭੇਜਿਆ ਜਾਵੇਗਾ। ਉਥੋਂ ਦਾ ਚੀਫ਼ ਵਾਰਡਰ ਹਰੀ ਓਮ ਭਲਾ ਬੰਦਾ ਹੈ, ਪਰ ਗਊ ਭਗਤ ਹੋਣ ਕਾਰਨ ਤੇਰੇ 'ਤੇ ਕੜਾਕਾ ਚਾੜ੍ਹ ਸਕਦਾ ਹੈ। ਜੇ ਬੁਰਾ-ਭਲਾ ਕਹੇ ਦੜ ਵੱਟ ਲਈਂ। ਮਾਰ ਪਏ ਸਹਿ ਲਈਂ। ਹੌਲੀ-ਹੌਲੀ ਆਪੇ ਉਸ ਦਾ ਗ਼ੁੱਸਾ ਠੰਢਾ ਹੋ ਜਾਏਗਾ।"

ਪਰ ਸ਼ਿਵ ਸੈਨਾ ਵਾਲੇ ਜਿਵੇਂ ਮੋਦਨ ਦੀ ਜਾਨ ਲੈਣ 'ਤੇ ਤੁਲੇ ਹੋਏ ਸਨ। ਗਊ ਭਗਤ ਹੋਣ ਕਾਰਨ ਉਹਨਾਂ ਦਾ ਹਰੀ ਓਮ ਨਾਲ ਸੰਪਰਕ ਸੀ। ਉਹਨਾਂ ਨੇ ਉਸ ਤਕ ਪਹੁੰਚ ਕੀਤੀ। "ਕਾਨੂੰਨ ਨੇ ਮੋਦਨ ਨਾਲ ਨਰਮੀ ਵਰਤੀ ਹੈ। ਤਿੰਨ ਸਾਲ ਦੀ ਕੈਦ ਕੋਈ ਸਜ਼ਾ ਹੁੰਦੀ ਹੈ? ਅਜਿਹੇ ਮਹਾਂਪਾਪੀ ਨੂੰ ਫ਼ਾਂਸੀ ਲੱਗਣੀ ਚਾਹੀਦੀ ਹੈ। ਤੂੰ ਇਸ ਦੀ ਜ਼ਿੰਦਗੀ ਨੂੰ ਨਰਕ ਬਣਾ ਕੇ ਹੋਰ ਪਾਪੀਆਂ ਲਈ ਉਦਾਹਰਣ ਬਣਾ ਦੇ।" ਇਹ ਹਦਾਇਤ ਕੀਤੀ।

ਹਰੀ ਓਮ ਨੇ ਉਹਨਾਂ ਦੇ ਹੁਕਮ 'ਤੇ ਫੁੱਲ ਚੜ੍ਹਾਉਣ ਦਾ ਮਨ ਬਣਾਇਆ।

ਉਂਜ ਮੋਦਨ ਨੂੰ ਛੜਿਆਂ ਵਾਲੀ ਬੈਰਕ ਵਿਚ ਹੀ ਭੇਜਿਆ ਜਾਣਾ ਸੀ। ਹਰੀ ਓਮ ਤੋਂ ਡਰਦਾ ਉਹ ਕਿਧਰੇ ਹੋਰ ਬੈਰਕ ਅਲਾਟ ਨਾ ਕਰਵਾ ਲਏ, ਇਸ ਲਈ ਹਰੀ ਓਮ ਖ਼ੁਦ ਚੱਕਰ ਗਿਆ।

ਮੋਦਨ ਦੇ ਮੱਥੇ ਲੱਗਣ ਤੋਂ ਪਹਿਲਾਂ ਹਰੀ ਓਮ ਦਾ ਪਾਰਾ ਬਹੁਤ ਚੜ੍ਹਿਆ ਹੋਇਆ ਸੀ। ਕਲਪਨਾ ਵਿਚ ਉਸ ਨੇ ਮੋਦਨ ਦੀ ਸ਼ਕਲ ਇਕ ਹੱਟੇ-ਕੱਟੇ, ਕਾਲੇ-ਕਲੋਟੇ ਦੈਂਤ ਵਰਗੀ ਚਿਤਵੀ ਸੀ। ਉਸ ਨੇ ਸਵੇਰੇ ਹੀ ਰੂਲ ਨੂੰ ਤੇਲ ਲਾ ਲਿਆ ਸੀ। ਉਸ ਦੀ ਸਲਾਹ ਸੀ ਕਿ ਉਹ ਪਾਪੀ ਨੂੰ ਚੱਕਰ ਵਿਚ ਨੰਗਾ ਕਰੇਗਾ। ਉਸ ਦੀਆਂ ਹੱਡੀਆਂ-ਪੱਸਲੀਆਂ ਤੋੜੇਗਾ। ਚੀਕਾਂ ਮਾਰਦੇ ਨੂੰ ਬੈਰਕ ਤਕ ਲਿਜਾਏਗਾ। ਪੁੱਛਣ 'ਤੇ ਲੋਕਾਂ ਨੂੰ ਉਸ ਦੇ ਜੁਰਮ ਬਾਰੇ ਦੱਸੇਗਾ।

ਪਰ ਕਿਸਮਤ ਦੇ ਮਾਰੇ, ਸੁੱਕੀਆਂ-ਵਿੰਗੀਆਂ ਹੱਡੀਆਂ ਦੇ ਢਾਂਚੇ ਨੂੰ ਦੇਖ ਕੇ ਉਸ ਦਾ ਅੱਧਾ ਗ਼ੁੱਸਾ ਲਹਿ ਗਿਆ। ਫੇਰ ਵੀ ਮੋਦਨ ਦਾ ਪਾਪ ਬਖ਼ਸ਼ਿਆ ਜਾਣ ਵਾਲਾ ਨਹੀਂ ਸੀ।

ਚੱਕਰੋਂ ਕੱਢ ਕੇ ਹਰੀ ਓਮ ਨੇ ਮੋਦਨ ਨੂੰ ਨੰਗਾ ਕੀਤਾ। ਘੋਖਵੀਂ ਨਜ਼ਰ ਨਾਲ ਸਾਰੇ ਸਰੀਰ ਦਾ ਮੁਆਇਨਾ ਕੀਤਾ। ਉਸ ਨੂੰ ਇਕ ਵੀ ਥਾਂ ਸਬੂਤੀ ਨਾ ਮਿਲੀ, ਜਿਥੇ ਰੂਲ ਚਲਾ ਸਕੇ।

ਖਿਝੇ ਹਰੀ ਓਮ ਨੇ ਉਸ ਦੇ ਮੂੰਹ 'ਤੇ ਕਰਾਰੇ-ਕਰਾਰੇ ਥੱਪੜ ਜੜੇ। ਹੇਠ ਡਿੱਗੀ ਪੱਗ ਨੂੰ ਪੈਰਾਂ ਹੇਠ ਲਿਤਾੜਿਆ। ਉਸ ਨੇ ਸੋਚਿਆ ਸੀ ਕਿ ਮੋਦਨ ਦੇ ਕੇਸ ਰੱਖੇ ਹੋਣਗੇ। ਉਹ ਕੇਸ ਪੁੱਟੇਗਾ ਪਰ ਪੱਗ ਹੇਠੋਂ ਬੋਦੀਆਂ ਨਿਕਲ ਆਈਆਂ। ਹਰੀ ਓਮ ਨੇ ਬੋਦੀਆਂ ਅਤੇ ਦਾੜ੍ਹੀ ਪੁੱਟੀ, ਠੁੱਡੇ ਮਾਰੇ। ਨੇੜੇ-ਤੇੜੇ ਕਾਲਖ਼ ਨਹੀਂ ਸੀ, ਨਹੀਂ ਮੂੰਹ ਵੀ ਕਾਲਾ ਕਰਦਾ।

ਮੋਦਨ ਚੁੱਪ-ਚਾਪ ਮਾਰ ਸਹਿੰਦਾ ਰਿਹਾ। ਉਹ ਖ਼ੁਦ ਗਊ ਨੂੰ ਮਾਂ ਸਮਝਦਾ ਸੀ। ਉਸ ਦਿਨ ਪਤਾ ਨਹੀਂ ਉਸ ਉਪਰ ਕਿਹੜਾ ਭੂਤ ਸਵਾਰ ਹੋ ਗਿਆ ਸੀ। ਉਸ ਤੋਂ ਪਾਪ ਹੋਇਆ ਸੀ। ਪਾਪ ਦੀ ਜਿੰਨੀ ਸਜ਼ਾ ਮਿਲੇ, ਥੋੜ੍ਹੀ ਸੀ।

ਮੋਦਨ ਨੂੰ ਮਾਰ ਪੈਂਦੀ ਦੇਖ ਕੇ ਚੱਕਰ ਦਾ ਮੁਨਸ਼ੀ ਅਤੇ ਵਾਰਡਰ ਭੱਜੇ ਆਏ। ਹਰੀ ਓਮ ਗ਼ੁੱਸਾ ਕਰਨ ਵਾਲਾ ਨਹੀਂ ਸੀ। ਮੋਦਨ ਤੋਂ ਕੀ ਗ਼ਲਤੀ ਹੋ ਗਈ, ਉਹਨਾਂ ਨੂੰ ਸਮਝ ਨਹੀਂ ਆਈ।

"ਇਸ ਹਰਾਮਜ਼ਾਦੇ ਨੇ ਗਊ ਮਾਤਾ ਦੀ ਇੱਜ਼ਤ ਲੁੱਟੀ ਹੈ, ਮੈਂ ਇਸਨੂੰ ਮਾਰ ਦੇਣਾ ਹੈ।"



ਹਫ਼ਿਆ ਹਰੀ ਓਮ ਆਪਣੇ ਗ਼ੁੱਸੇ ਦਾ ਕਾਰਨ ਸਮਝਾਉਣ ਲੱਗਾ। ਮੁਨਸ਼ੀ ਨੇ ਭੱਜ ਕੇ ਪਾਣੀ ਲਿਆਂਦਾ। ਹਰੀ ਓਮ ਨੂੰ ਪਿਲਾਇਆ ਤਾਂ ਉਸ ਦੇ ਸਾਹ ਵਿਚ ਸਾਹ ਆਇਆ।

"ਤੁਸੀਂ ਮੇਰੀ ਇੱਜ਼ਤ ਰੱਖਣੀ ਹੈ। ਇਸ ਪਾਪੀ ਦੇ ਪਾਪ ਦੀ ਗੱਲ ਕਿਸੇ ਹੋਰ ਕੋਲ ਨਹੀਂ ਕਰਨੀ। ਇਹੋ ਆਖਣਾ ਇਸ ਨੇ ਕੱਟੀ ਨਾਲ ਖੇਹ ਖਾਧੀ ਹੈ।"

ਚੱਕਰ ਦੇ ਕਰਮਚਾਰੀਆਂ ਨੇ ਮੋਦਨ ਦਾ ਵੀ ਮੂੰਹ ਬੰਨ੍ਹਿਆ।

ਮੋਦਨ ਪਹਿਲਾਂ ਹੀ ਡਰ ਰਿਹਾ ਸੀ। ਸ਼ਿਵ ਸੈਨਾ ਵਾਲਿਆਂ ਨੇ ਉਸ ਨੂੰ ਜੇਲ੍ਹ ਪਹੁੰਚਾ ਦਿੱਤਾ ਹੈ। ਉਹਨਾਂ ਵਰਗਾ ਕੋਈ ਹੋਰ ਜੇ ਜੇਲ੍ਹ ਵਿਚ ਹੋਇਆ ਤਾਂ ਉਸ ਨੂੰ ਨਰਕ ਪਹੁੰਚਾ ਦੇਵੇਗਾ।

ਉਸ ਨੇ ਮੋਨ ਰਹਿਣ ਦੀ ਸਹੁੰ ਖਾਧੀ।

ਮੋਦਨ ਨੇ ਕਹਾਣੀ ਵਿਚ ਰੱਦੋ ਬਦਲ ਕਰ ਕੇ ਆਪਣਾ ਉਹੋ ਬਚਨ ਨਿਭਾਇਆ ਸੀ।

ਮੋਦਨ ਵਰਗੇ ਮਹਾਂਪਾਪੀ ਦੇ ਹੁੰਦਿਆਂ ਬੈਰਕ ਵਿਚ ਗਊ-ਪੂਜਾ ਨਹੀਂ ਸੀ ਹੋ ਸਕਦੀ। ਇਹੋ ਸੋਚ ਕੇ ਹਰੀ ਓਮ ਨੇ ਇਸ ਵਾਰ ਤਿਉਹਾਰ ਨਾ ਮਨਾਉਣ ਦਾ ਫ਼ੈਸਲਾ ਕੀਤਾ ਸੀ।

ਕੈਦੀਆਂ ਨੂੰ ਕੋਈ ਭੁਲੇਖਾ ਨਾ ਰਹੇ, ਇਸ ਲਈ ਮੁਨਸ਼ੀ ਨੇ ਰਾਤ ਹੀ ਐਲਾਨ ਕਰ ਦਿੱਤਾ ਸੀ, "ਕੱਲ੍ਹ ਨੂੰ ਜੇਲ੍ਹ ਦੀ ਕਾਰਵਾਈ ਆਮ ਦਿਨਾਂ ਵਾਂਗ ਚੱਲੇਗੀ।"

ਇਹ ਐਲਾਨ ਹੁੰਦਿਆਂ ਹੀ ਕੈਦੀਆਂ ਦੇ ਚਿਹਰੇ ਉੱਤਰ ਗਏ। ਉਹਨਾਂ ਨੂੰ ਡਰ ਲੱਗਣ ਲੱਗਾ। ਜਸ਼ਨ ਬਿਨਾਂ ਕਾਰਨ ਮੁਲਤਵੀ ਨਹੀਂ ਹੋਇਆ। ਕੋਈ ਭਾਣਾ ਵਰਤਣ ਵਾਲਾ ਹੈ।

ਸਾਰੀ ਰਾਤ ਉਹ ਘੁਸਰ-ਮੁਸਰ ਕਰਦੇ ਰਹੇ। ਸਵੇਰੇ ਹੁੰਦਿਆਂ ਹੀ ਦਿਲ ਫੜ ਕੇ ਬੈਠ ਗਏ।

ਅੱਗੇ ਹਰੀ ਓਮ ਸਵੇਰੇ-ਸਵੇਰੇ ਬੈਰਕ ਵਿਚ ਆਉਂਦਾ ਸੀ। ਉਸ ਦੇ ਮੱਥੇ 'ਤੇ ਵੱਡਾ ਸਾਰਾ ਤਿਲਕ ਅਤੇ ਚਿਹਰੇ 'ਤੇ ਨੂਰ ਹੁੰਦਾ ਸੀ।

ਅੱਜ ਉਹ ਦੁਪਹਿਰ ਦੀ ਬੰਦੀ ਵੇਲੇ ਆਇਆ। ਉਸ ਦੇ ਚਿਹਰੇ 'ਤੇ ਗ਼ੁੱਸਾ ਅਤੇ ਅੱਖਾਂ ਵਿਚ ਲਾਲੀ ਸੀ।

ਉਹ ਸਿੱਧਾ ਬੈਰਕ ਵਿਚ ਵੜ ਗਿਆ। ਆਰਾਮ ਕਰ ਰਹੇ ਮੋਦਨ 'ਤੇ ਇੱਲ ਵਾਂਗ ਝਪਟਿਆ। ਉਸ ਨੂੰ ਬੋਦਿਉਂ ਫੜ ਕੇ ਉਠਾਇਆ। ਘੜੀਸਦਾ-ਘੜੀਸਦਾ ਵਿਹੜੇ ਵਿਚ ਲੈ ਆਇਆ। ਇਕੋ ਝਟਕੇ ਨਾਲ ਉਸ ਦਾ ਕੁੜਤਾ ਪਾੜ ਦਿੱਤਾ। ਕੱਛਨੀ ਲਾਹ ਦਿੱਤੀ।

ਅਲਫ਼ ਨੰਗਾ ਹੋਇਆ ਮੋਦਨ ਥਰ-ਥਰ ਕੰਬਣ ਲੱਗਾ। ਉਸ ਵਿਚ ਆਪਣਾ ਕਸੂਰ ਪੁੱਛਣ ਦੀ ਹਿੰਮਤ ਵੀ ਨਹੀਂ ਸੀ।

ਡਰੇ ਸਹਿਮੇ ਬਾਕੀ ਕੈਦੀ ਲੁਕ-ਛਿਪ ਕੇ ਬੈਠ ਗਏ।

ਹਰੀ ਓਮ ਕੜਕ ਕੇ ਬੋਲਿਆ,

"ਆਓ, ਸਾਰੇ ਬਾਹਰ ਆਓ। ਸੁਣੋ ਇਸ ਨੇ ਕੀ ਜੁਰਮ ਕੀਤਾ ਹੈ? ਫੇਰ ਦੇਖੋ ਇਸ ਦੇ ਪਾਪ ਦੀ ਸਜ਼ਾ।"

ਹੁਕਮ ਦੇ ਬੱਝੇ ਕੈਦੀ ਬਾਹਰ ਆ ਗਏ। ਹੱਥ ਜੋੜ ਕੇ ਖੜ੍ਹੋ ਗਏ।

"ਇਸ ਕੰਜਰ ਨੇ ਮੇਰੀ ਇਸ਼ਟ ਗਊ ਮਾਤਾ ਦੀ ਇੱਜ਼ਤ ਲੁੱਟੀ ਹੈ। ਇਹ ਨਰਕਾਂ ਦਾ ਭਾਗੀ ਹੈ। ਕੈਦ ਇਸ ਜੁਰਮ ਦੀ ਸਹੀ ਸਜ਼ਾ ਨਹੀਂ ਹੈ। ਇਸ ਦੇ ਪਾਪ ਦੀ ਸਜ਼ਾ ਇਹ ਹੈ।"

ਆਖਦੇ ਹਰੀ ਓਮ ਨੇ ਠਿੱਬੀ ਲਾ ਕੇ ਮੋਦਨ ਨੂੰ ਜ਼ਮੀਨ 'ਤੇ ਸੁੱਟਿਆ। ਠੁੱਡਾ ਮਾਰ ਕੇ ਪੁੱਠਾ ਕੀਤਾ। ਫੇਰ ਦੋਹਾਂ ਹੱਥਾਂ ਨਾਲ ਆਪਣੇ ਰੂਲ ਨੂੰ ਉਸ ਦੀ ਗੁਦਾ ਵਿਚ ਖੋਭ ਦਿੱਤਾ।

ਮੋਦਨ ਮੱਛੀ ਵਾਂਗ ਤੜਫਿਆ। ਚੀਕ-ਚਿਹਾੜਾ ਪਾਇਆ, ਪਰ ਕੋਈ ਉਸ ਦੀ ਮਦਦ 'ਤੇ

ਨਾ ਆਇਆ।

ਹੌਲੀ-ਹੌਲੀ ਮੋਦਨ ਸ਼ਾਂਤ ਹੋ ਗਿਆ।

ਜ਼ਮੀਨ ਖ਼ੂਨ ਨਾਲ ਲੱਥਪੱਥ ਹੋ ਗਈ।

ਹਰੀ ਓਮ ਦੀਆਂ ਅੱਖਾਂ ਵਿਚਲੀ ਲਾਲੀ ਘਟਣ ਲੱਗੀ। ਦਿਲ ਦੀ ਧੜਕਣ ਥਾਂ ਸਿਰ ਹੋਣ ਲੱਗੀ। ਮਨ ਸ਼ਾਂਤ ਹੋਣ ਲੱਗਾ।

ਜੇਤੂਆਂ ਵਾਂਗ ਉਸ ਨੇ ਬਾਕੀ ਕੈਦੀਆਂ ਵੱਲ ਤੱਕਿਆ। ਸਭ ਸਿਰ ਝੁਕਾਈ ਖੜੇ ਸਨ।

ਹਰੀ ਓਮ ਨੂੰ ਹੋਰ ਰਾਹਤ ਮਿਲੀ।

ਹਰੀ ਓਮ ਪਹਿਲੇ ਦਿਨ ਤੋਂ ਮੋਦਨ ’ਤੇ ਚਿੜ ਰਿਹਾ ਸੀ। ਉਹ ਚਾਹੁੰਦਾ ਸੀ ਕਿ ਮੋਦਨ ਦਾ ਗਲਾ ਘੁੱਟ ਦੇਵੇ। ਉਸ ਦੇ ਸਰੀਰ ਨੂੰ ਵਿਚਕਾਰੋਂ ਚੀਰ ਦੇਵੇ, ਗਊ ਮਾਤਾ ਦੀ ਬੇਇਜ਼ਤੀ ਕਰਨ ਵਾਲਾ ਲਿੰਗ ਕੱਟ ਦੇਵੇ।

ਅੱਜ ਮਸਾਂ ਉਸ ਦੀ ਤਮੰਨਾ ਪੂਰੀ ਹੋਈ ਸੀ।

ਮਨ ਦੀ ਮੁਰਾਦ ਪੂਰੀ ਹੋਣ ਬਾਅਦ ਉਸ ਨੇ ਮੋਦਨ ਦੀ ਗੁਦਾ ਵਿਚੋਂ ਰੂਲ ਕੱਢਿਆ, ਰੁਮਾਲ ਨਾਲ ਸਾਫ਼ ਕੀਤਾ ਅਤੇ ਕੱਪੜੇ ਝਾੜਦਾ ਬੈਰਕ ਵਿਚੋਂ ਬਾਹਰ ਨਿਕਲ ਗਿਆ।



# 42

ਹਫ਼ਤੇ ਭਰ ਤੋਂ ਸਾਰੀ ਜੇਲ੍ਹ ਵਿਚ ਇਕੋ ਚਰਚਾ ਹੋ ਰਹੀ ਸੀ, “ਜ਼ਨਾਨਾ ਵਾਰਡ ਦੀ ਸਭ ਤੋਂ ਸੋਹਣੀ ਕੈਦਣ ਹੇਮਾ ਗਰਭਵਤੀ ਹੈ।” ਉਸ ਦੀ ਕੁੱਖ ਵਿਚ ਕਿਸ ਦਾ ਬੱਚਾ ਹੈ ? ਇਹ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਸੀ।

ਸਹਾਇਕ ਦਰੋਗੇ ਸੰਤੋਖ ਸਿੰਘ ਦਾ ਨਾਂ ਕੈਦੀਆਂ ਨੇ ਸਰਕਾਰੀ ਸਾਨ੍ਹ ਰੱਖਿਆ ਹੋਇਆ ਸੀ। ਜ਼ਨਾਨਾ ਵਾਰਡ ਵਿਚ ਆਦਮੀਆਂ ਦੇ ਜਾਣ ’ਤੇ ਸਖ਼ਤ ਮਨਾਹੀ ਹੈ।ਕਿਸੇ ਖ਼ਾਸ ਕੰਮ ਲਈ ਜੇ ਕਿਸੇ ਨੂੰ ਜਾਣਾ ਪਵੇ ਤਾਂ ਵੀਹ ਅਫ਼ਸਰਾਂ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਸੌ ਥਾਈਂ ਦਸਤਖ਼ਤ ਹੁੰਦੇ ਹਨ।

ਸੰਤੋਖ ਸਿੰਘ ਨੂੰ ਜਿਵੇਂ ਪੱਕਾ ਪਾਸ ਮਿਲਿਆ ਹੋਇਆ ਸੀ। ਉਹ ਜਦ ਚਾਹੇ ਹਿਣਹਿਣਾਉਂਦਾ ਜ਼ਨਾਨਾ ਵਾਰਡ ਵਿਚ ਜਾ ਸਕਦਾ ਸੀ। ਸੰਤੋਖ ਸਿੰਘ ਹਰ ਪੰਦਰੀਂ ਦਿਨੀਂ ਐਲਾਨ ਕਰਦਾ ਸੀ, “ਮੈਂ ਆਹ ਕੈਦਣ ਫਸਾਈ ਹੈ। ਇਸ ਵਾਰ ਆਹ।”

ਦੋ ਤਿੰਨ ਮਹੀਨੇ ਬਾਅਦ ਉਹ ਫੇਰ ਐਲਾਨ ਕਰਦਾ, “ਮੈਂ ਉਸ ਜੱਟੀ, ਬਨਿਆਣੀ ਜਾਂ ਖੱਤਰਾਣੀ ਨੂੰ ਗਰਭਵਤੀ ਕਰ ਦਿੱਤਾ ਹੈ।”

ਉਸ ਦੀਆਂ ਫੜ੍ਹਾਂ ਨੂੰ ਜੇ ਦਸ ਫ਼ੀਸਦੀ ਸੱਚ ਮੰਨ ਲਿਆ ਜਾਵੇ ਤਾਂ ਉਸ ਨੂੰ ਸੈਂਕੜੇ ਬੱਚਿਆਂ ਦਾ ਬਾਪ ਹੋਣਾ ਚਾਹੀਦਾ ਹੈ।

ਉਹ ਸੱਚ ਬੋਲ ਰਿਹਾ ਹੈ ਜਾਂ ਝੂਠ, ਕੈਦੀਆਂ ਨੂੰ ਇਸ ਨਾਲ ਮਤਲਬ ਨਹੀਂ ਸੀ ਹੁੰਦਾ। ਉਹਨਾਂ ਨੂੰ ਉਸ ਦੀਆਂ ਸਵਾਦਲੀਆਂ ਅਤੇ ਕਰਾਰੀਆਂ ਗੱਲਾਂ ਵਿਚ ਦਿਲਚਸਪੀ ਹੁੰਦੀ ਸੀ, ਜਿਨ੍ਹਾਂ ਦੀ ਜੇਲ੍ਹ ਵਿਚ ਹਮੇਸ਼ਾ ਘਾਟ ਮਹਿਸੂਸ ਕੀਤੀ ਜਾਂਦੀ ਸੀ।

ਸੰਤੋਖ ਸਿੰਘ ਕੱਦ ਦਾ ਲੰਬਾ ਅਤੇ ਸਰੀਰ ਨਰੋਆ ਸੀ। ਆਪਣੇ ਇਸੇ ਗੁਣ ਦੇ ਆਧਾਰ ’ਤੇ ਉਹ ਦਸਵੀਂ ਪਾਸ ਕਰਦਿਆਂ ਹੀ ਜੇਲ੍ਹ ਵਿਚ ਵਾਰਡਰ ਭਰਤੀ ਹੋ ਗਿਆ ਸੀ।

ਪੜ੍ਹਾਈ ਦਾ ਸ਼ੌਕ ਉਸ ਨੂੰ ਬਚਪਨ ਤੋਂ ਸੀ। ਨਾਲੇ ਨੌਕਰੀ ਕਰਦਾ ਰਿਹਾ, ਨਾਲੇ ਪੜ੍ਹਦਾ ਰਿਹਾ। ਉਧਰ ਬੀ.ਏ. ਦੀ ਡਿਗਰੀ ਹੱਥ ਲੱਗੀ, ਇੱਧਰ ਤਰੱਕੀ ਕਰ ਕੇ ਚੀਫ਼ ਵਾਰਡਰ ਬਣ ਗਿਆ। ਸਹਾਇਕ ਦਰੋਗਾ ਬਣਨ ਲਈ ਬੀ.ਏ. ਪਾਸ ਹੋਣਾ ਜ਼ਰੂਰੀ ਸੀ। ਦਲਿਤਾਂ ਲਈ ਰਾਖਵੀਆਂ ਕਈ ਆਸਾਮੀਆਂ ਇਸੇ ਕਾਰਨ ਖ਼ਾਲੀ ਸਨ। ਸੰਤੋਖ ਸਿੰਘ ਇਹ ਦੋਵੇਂ ਸ਼ਰਤਾਂ ਪੂਰੀਆਂ ਕਰਨ ਵਾਲਾ ਪਹਿਲਾ ਦਲਿਤ ਵਾਰਡਰ ਸੀ। ਤਿੰਨ ਸਾਲਾਂ ਬਾਅਦ ਉਹ ਸਹਾਇਕ ਦਰੋਗਾ ਬਣ ਗਿਆ। ਜਲਦੀ ਹੀ ਉਸ ਨੇ ਡਿਪਟੀ ਬਣ ਜਾਣਾ ਹੈ। ਲੋਕਾਂ ਦਾ ਅੰਦਾਜ਼ਾ ਹੈ, ਉਹ ਸੁਪਰਡੈਂਟ ਬਣ ਕੇ ਰਿਟਾਇਰ ਹੋਵੇਗਾ।

ਸੰਤੋਖ ਸਿੰਘ ਨੇ ਹਰ ਖੇਤਰ ਵਿਚ ਬੇਮਿਸਾਲ ਤਰੱਕੀ ਕੀਤੀ ਹੈ। ਉਸ ਦੇ ਸਲੀਕੇ ਨਾਲ ਪਹਿਨੇ ਕੱਪੜਿਆਂ ਅਤੇ ਬੋਲਚਾਲ ਦੇ ਅੰਦਾਜ਼ ਨੂੰ ਦੇਖ ਕੇ ਕੋਈ ਇਹ ਅੰਦਾਜ਼ਾ ਨਹੀਂ ਲਾ ਸਕਦਾ

ਕਿ ਕਦੇ ਉਹ ਆਪਣੀ ਮਾਂ ਨਾਲ ਖੇਤਾਂ ਵਿਚ ਘਾਹ ਖੋਤਣ ਜਾਂਦਾ ਰਿਹਾ ਹੈ।

ਸੰਤੋਖ ਸਿੰਘ ਨੇ ਆਪਣਾ ਸਾਰਾ ਪਿਛੋਕੜ ਭੁਲਾ ਦਿੱਤਾ ਹੈ, ਪਰ ਇਕ ਗੱਲ ਉਸ ਦਾ ਪਿੱਛਾ ਕਰਦੀ ਹੈ। ਜਵਾਨੀ ਸਮੇਂ ਉਸ ਦੀ ਮਾਂ ਦੀ ਹਵੇਲੀ ਵਿਚ ਅਤੇ ਭੈਣ ਦੀ ਖੇਤਾਂ ਵਿਚ ਇੱਜ਼ਤ ਲੁੱਟਦੀ ਰਹੀ ਹੈ। ਵੱਡਾ ਹੋ ਕੇ ਉਸ ਨੂੰ ਸਮਝ ਆਈ ਹੈ, "ਦਲਿਤ ਔਰਤਾਂ ਸੇਠਾਂ ਅਤੇ ਜ਼ਿਮੀਂਦਾਰਾਂ ਦੀਆਂ ਭੋਗ ਵਾਲੀਆਂ ਵਸਤੂਆਂ ਹੋਇਆ ਕਰਦੀਆਂ ਸਨ। ਉਹ ਉਹਨਾਂ ਦਾ ਸਵਾਦ ਜਦੋਂ ਚਾਹੇ ਚੱਖ ਸਕਦੇ ਹਨ।"

ਸੰਤੋਖ ਦੇ ਸੀਨੇ ਵਿਚ ਸਾਰਾ ਦਿਨ ਬਦਲੇ ਦੀ ਅੱਗ ਜਲਦੀ ਰਹਿੰਦੀ ਸੀ। ਕਾਮ ਤ੍ਰਿਪਤੀ ਲਈ ਨਹੀਂ, ਉਹ ਉਸ ਅੱਗ ਨੂੰ ਬੁਝਾਉਣ ਲਈ ਜ਼ਨਾਨਾ ਵਾਰਡ ਜਾਂਦਾ ਸੀ। ਉੱਚੀ ਜਾਤ ਦੀਆਂ ਔਰਤਾਂ ਦੀਆਂ ਇੱਜ਼ਤਾਂ ਨਾਲ ਖਿਲਵਾੜ ਕਰ ਕੇ ਉਸ ਨੂੰ ਲੱਗਦਾ ਸੀ ਕਿ ਉਹ ਆਪਣੇ ਪੁਰਖਿਆਂ ਦੀਆਂ ਰੂਹਾਂ ਨੂੰ ਸ਼ਾਂਤੀ ਪਹੁੰਚਾ ਰਿਹਾ ਸੀ।

ਹਿਸਟਰੀ ਟਿਕਟ ਵਿਚ ਹੇਮਾ ਦਾ ਨਾਂ ਹੇਮਾ ਮਾਲਿਨੀ ਦਰਜ ਸੀ। ਉਂਞ ਉਹ ਹੇਮਾ ਸ਼ਰਮਾ ਅਖਵਾਉਂਦੀ ਸੀ ।

ਹੁਣ ਤਕ ਸੰਤੋਖ ਹਰ ਜਾਤ ਦੀ ਆਕੜ ਭੰਨ ਚੁੱਕਾ ਸੀ। ਬੱਸ ਪੰਡਿਤਾਂ ਦੀ ਇੱਜ਼ਤ ਲਾਹੁਣੀ ਬਾਕੀ ਸੀ। ਮਸਾਂ ਪੰਡਤਾਣੀ ਹੱਥ ਆਈ ਸੀ। ਮੱਛੀ ਨੂੰ ਜਾਲ ਵਿਚ ਫਸਾਉਣ ਲਈ ਉਹ ਤਰਲੋ-ਮੱਛੀ ਹੋਣ ਲੱਗਾ।

ਹੇਮਾ ਸ਼ਰਮਾ ਨੂੰ ਮਾਇਆ ਨਗਰ ਵਿਚ ਚਕਲਾ ਚਲਾਉਣ ਦੇ ਜੁਰਮ ਵਿਚ ਪੰਜ ਸਾਲ ਕੈਦ ਹੋਈ ਸੀ। ਡੇਢ ਸਾਲ ਤੋਂ ਉਸ ਦੀ ਅਪੀਲ ਹਾਈ ਕੋਰਟ ਵਿਚ ਲਟਕ ਰਹੀ ਸੀ। ਸੁਣਵਾਈ ਹੁੰਦਿਆਂ ਹੀ ਉਸ ਨੇ ਬਰੀ ਹੋ ਜਾਣਾ ਸੀ। ਹੇਠਲੀ ਅਦਾਲਤ ਵਿਚ ਹੇਮਾ ਨੇ ਆਪਣੇ ਵਿਰੁੱਧ ਇਕ ਵੀ ਗਵਾਹ ਭੁਗਤਣ ਨਹੀਂ ਸੀ ਦਿੱਤਾ। ਸਭ ਨੂੰ ਮੁਕਰਾ ਦਿੱਤਾ ਸੀ ਪਰ ਕੁਰਸੀ 'ਤੇ ਬੈਠਾ ਜੱਜ ਆਪਣੇ ਆਪ ਨੂੰ ਧਰਮ ਪੁੱਤਰ ਸਮਝਦਾ ਸੀ। ਹਰ ਪੇਸ਼ੀ ਉਹ ਹੇਮਾ ਉਪਰ ਭਾਸ਼ਨ ਝਾੜਦਾ ਸੀ। ਹੇਮਾ ਉਸ ਦਾ ਉਪਦੇਸ਼ ਇਕ ਕੰਨ ਪਾਉਂਦੀ, ਦੂਜੇ ਕੱਢ ਦਿੰਦੀ। ਹੇਮਾ ਵੀ ਆਪਣੀ ਮਜਬੂਰੀ ਬਾਰੇ ਲੰਬਾ ਚੌੜਾ ਭਾਸ਼ਨ ਦੇ ਸਕਦੀ ਸੀ, ਪਰ ਉਹ ਚੁੱਪ ਰਹਿਣਾ ਚੰਗਾ ਸਮਝਦੀ ਸੀ। ਮੱਝ ਅੱਗੇ ਬੀਨ ਵਜਾਉਣ ਦਾ ਕੋਈ ਫ਼ਾਇਦਾ ਨਹੀਂ ਸੀ। ਜਦੋਂ ਜੱਜ ਨੂੰ ਆਪਣੇ ਉਪਦੇਸ਼ ਦਾ ਹੇਮਾ ਉੱਤੇ ਅਸਰ ਹੁੰਦਾ ਨਜ਼ਰ ਨਾ ਆਇਆ ਤਾਂ ਉਹ ਖਿਝਣ ਲੱਗ ਪਿਆ। ਕਾਨੂੰਨ ਦੇ ਮਾਪਦੰਡਾਂ ਅਨੁਸਾਰ ਉਹ ਦੋਸ਼ਣ ਸਿੱਧ ਨਹੀਂ ਹੁੰਦੀ, ਨਾ ਹੋਵੇ। ਜੱਜ ਦੀਆਂ ਅੱਖਾਂ ਅਤੇ ਕੰਨ ਖੁੱਲ੍ਹੇ ਸਨ। ਸਾਰੇ ਮਾਇਆ ਨਗਰ ਨੂੰ ਪਤਾ ਸੀ ਕਿ ਉਹ ਭੋਲੀਆਂ-ਭਾਲੀਆਂ ਕੁੜੀਆਂ ਨੂੰ ਵਰਗਲਾਉਂਦੀ ਹੈ ਅਤੇ ਅਨੈਤਿਕ ਕੰਮਾਂ ਲਈ ਪ੍ਰੇਰਦੀ ਹੈ। ਇਖ਼ਲਾਕੀ ਤੌਰ 'ਤੇ ਉਹ ਸਜ਼ਾ ਦੀ ਹੱਕਦਾਰ ਸੀ। ਇਧਰੋਂ-ਉਧਰੋਂ ਮਸਾਲਾ ਇਕੱਠਾ ਕਰ ਕੇ ਉਸ ਨੇ ਹੇਮਾ ਨੂੰ ਪੰਜ ਸਾਲ ਦੀ ਸਜ਼ਾ ਸੁਣਾ ਦਿੱਤੀ। ਬਰੀ ਹੁੰਦੇ-ਹੁੰਦੇ ਨਾਨੀ ਯਾਦ ਆ ਜਾਏਗੀ। ਇਹੋ ਸਜ਼ਾ ਬਥੇਰੀ ਸੀ।

ਹੇਮਾ ਨੂੰ ਸੱਚਮੁੱਚ ਨਾਨੀ ਯਾਦ ਆਈ ਪਈ ਸੀ।

ਹੇਮਾ ਦਾ ਸਾਰਾ ਧੰਦਾ ਚੌਪਟ ਹੋ ਚੁੱਕਾ ਸੀ। ਹੋਰਾਂ ਨੇ ਉਸ ਦੀਆਂ ਕੁੜੀਆਂ ਨੂੰ ਵਗਰਲਾ ਕੇ ਆਪਣੀ ਚਾਟ 'ਤੇ ਲਾ ਲਿਆ ਸੀ। ਜੇ ਹੇਮਾ ਨੂੰ ਇਕ ਸਾਲ ਹੋਰ ਅੰਦਰ ਰਹਿਣਾ ਪੈ ਗਿਆ ਤਾਂ ਬਾਹਰ ਨਿਕਲ ਕੇ ਉਸ ਨੂੰ ਕਿਸੇ ਮੰਦਰ ਮਸੀਤ ਦੇ ਬਾਹਰ ਠੂਠਾ ਲੈ ਕੇ ਬੈਠਣਾ ਪੈਣਾ ਸੀ।

ਸਾਥਣ ਕੈਦਣਾਂ ਨੇ ਹੇਮਾ ਨੂੰ ਸਮਝਾਇਆ, "ਸੰਤੋਖ ਸਿੰਘ ਅਸਰ-ਰਸੂਖ਼ ਵਾਲਾ ਅਫ਼ਸਰ ਹੈ। ਉਸ ਦੀ ਭੂਆ ਦਾ ਪੁੱਤ ਹਾਈ ਕੋਰਟ ਵਿਚ ਵਕੀਲ ਹੈ। ਹਰ ਹਫ਼ਤੇ ਮੁਕੱਦਮੇ ਲੈਣ ਜੇਲ੍ਹ



'ਚ ਆਉਂਦਾ ਹੈ। ਸੰਤੋਖ ਆਪਣੇ ਭਰਾ ਦੀ ਮਦਦ ਕਰਦਾ ਹੈ। ਜਿਹੜੀ ਕੈਦਣ ਉਸ ਨੂੰ ਵਕੀਲ ਕਰ ਲੈਂਦੀ ਹੈ, ਉਸ ਦਾ ਬੇੜਾ ਪਾਰ ਹੋ ਜਾਂਦਾ ਹੈ।"

ਹੇਮਾ ਚਾਲੀਆਂ ਨੂੰ ਢੁਕੀ ਹੋਈ ਸੀ। ਉਸ ਦੀ ਚਮੜੀ ਲਟਕਣ ਲੱਗ ਪਈ ਸੀ। ਸਫ਼ੈਦ ਲਟਾਂ ਝਾਤੀਆਂ ਮਾਰਨ ਲੱਗ ਪਈਆਂ ਸਨ। ਪਰ ਹੇਮਾ ਨੂੰ ਬਣ-ਠਣ ਕੇ ਰਹਿਣ ਅਤੇ ਆਪਣੀ ਉਮਰ ਲੁਕਾਉਣ ਦੀ ਜਾਚ ਆਉਂਦੀ ਸੀ। ਇਸੇ ਹੁਸ਼ਿਆਰੀ ਦਾ ਉਹ ਖੱਟਿਆ ਖਾ ਰਹੀ ਸੀ। ਦਰੋਗ਼ੇ ਨੂੰ ਆਪਣੇ ਵੱਲ ਖਿੱਚਣਾ ਉਸ ਦੇ ਖੱਬੇ ਹੱਥ ਦੀ ਖੇਡ ਸੀ।

ਅੱਗ ਨੂੰ ਘਿਓ ਭੱਜ ਕੇ ਮਿਲਿਆ।

ਵਕੀਲ ਨਾਲ ਸਲਾਹ ਕਰਨ ਦੇ ਬਹਾਨੇ ਸਹਾਇਕ ਦਰੋਗ਼ਾ ਹਰ ਹਫ਼ਤੇ ਹੇਮਾ ਨੂੰ ਆਪਣੇ ਦਫ਼ਤਰ ਬੁਲਾਉਂਦਾ। ਉਥੋਂ ਆਪਣੇ ਕੁਆਰਟਰ ਲੈ ਜਾਂਦਾ।

ਹੇਮਾ ਆਪਣੇ ਧੰਦੇ ਦੀ ਮਾਹਿਰ ਸੀ। ਆਪਣੀ ਇਕ ਵੀ ਕੁੜੀ ਕਦੇ ਉਸ ਨੇ ਗਰਭਵਤੀ ਨਹੀਂ ਸੀ ਹੋਣ ਦਿੱਤੀ।

ਆਪ ਪਤਾ ਨਹੀਂ ਕਿਸ ਤਰ੍ਹਾਂ ਫਸ ਗਈ।

ਚਾਰ ਮਹੀਨੇ ਉਸ ਨੇ ਕਿਸੇ ਕੋਲ ਭਾਫ਼ ਨਾ ਕੱਢੀ। ਉਹ ਜੱਕੋ-ਤੱਕੀ ਵਿਚ ਸੀ। ਕਦੇ ਮਨ ਕਰਦਾ ਬੱਚਾ ਜੰਮ ਲਏ। ਪਹਿਲੇ ਦਸ ਸਾਲ ਉਸ ਨੇ ਆਪਣੇ ਗਰਭ ਠਹਿਰਣ ਨਹੀਂ ਸੀ ਦਿੱਤਾ। ਇੰਜ ਧੰਦੇ 'ਤੇ ਅਸਰ ਪੈਂਦਾ ਸੀ। ਫੇਰ ਕੁਦਰਤ ਰੁੱਸ ਗਈ। ਯਤਨ ਕਰਨ 'ਤੇ ਵੀ ਅਗਲੇ ਦਸ ਸਾਲ ਗਰਭ ਨਾ ਠਹਿਰਿਆ। ਹੁਣ ਜੇ ਰੱਬ ਨੇ ਦਾਤ ਦਿੱਤੀ ਹੈ ਤਾਂ ਉਹ ਦਾਤ ਖਿੜੇ ਮੱਥੇ ਕਬੂਲ ਕਰੇ।

ਬੱਚਾ ਪੈਦਾ ਕਰਨ ਦਾ ਇਹ ਸਭ ਤੋਂ ਵਧੀਆ ਮੌਕਾ ਸੀ। ਕੈਦ ਦੌਰਾਨ ਬੱਚਾ ਪੈਦਾ ਹੋ ਜਾਣਾ ਸੀ। ਬਾਹਰ ਕਿਸੇ ਨੂੰ ਖ਼ਬਰ ਤਕ ਨਹੀਂ ਸੀ ਹੋਣੀ। ਰਿਹਾਅ ਹੋਣ ਤਕ ਹੇਮਾ ਨੇ ਫਿਰ ਕੁੜੀ-ਚਿੜੀ ਬਣ ਜਾਣਾ ਸੀ।

ਹੇਮਾ ਉਸ ਦਾ ਅਸਲ ਨਾਂ ਨਹੀਂ ਸੀ। ਧੰਦੇ ਦਾ ਨਾਂ ਸੀ। ਲੋਕਾਂ ਨੂੰ ਭਰਮਾਉਣ ਲਈ ਉਹ ਵੀਹ ਨਾਂ ਰੱਖਦੀਆਂ ਸਨ। ਕਦੇ ਸਾਧਨਾ, ਕਦੇ ਹੇਮਾ ਅਤੇ ਕਦੇ ਬੌਬੀ ਬਣਦੀਆਂ ਹਨ। ਉਸ ਦਾ ਅਸਲ ਨਾਂ ਰਾਮ ਦੁਲਾਰੀ ਹੈ। ਜੇਲ੍ਹ ਦੇ ਰਿਕਾਰਡ ਮੁਤਾਬਕ ਬੱਚਾ ਹੇਮਾ ਮਾਲਿਨੀ ਦੇ ਪੈਦਾ ਹੋਣਾ ਸੀ। ਕਿਸੇ ਨੂੰ ਪਤਾ ਨਹੀਂ ਲੱਗ ਸਕਦਾ ਕਿ ਬੱਚਾ ਕਿਸ ਹੇਮਾ ਮਾਲਿਨੀ ਨੇ ਜੰਮਿਆ ਹੈ।

ਬੱਸ ਇਕੋ ਤੌਖ਼ਲਾ ਸੀ। ਪੇਟ ਵਿਚ ਕਿਧਰੇ ਕੁੜੀ ਨਾ ਹੋਵੇ। ਕੁੜੀ ਨੂੰ ਆਪਣੇ ਧੰਦੇ ਵਿਚ ਪਾਉਣਾ ਨਹੀਂ ਸੀ ਚਾਹੁੰਦੀ। ਧੰਦਾ ਛੱਡ ਕੇ ਗੁਜ਼ਾਰਾ ਨਹੀਂ ਸੀ ਹੋਣਾ।

ਇਸ਼ਕ-ਮੁਸ਼ਕ ਵਾਂਗ ਹੇਮਾ ਦੇ ਗਰਭਵਤੀ ਹੋਣ ਦੀ ਖ਼ਬਰ ਸਾਰੀ ਜ਼ਨਾਨਾ ਜੇਲ੍ਹ ਵਿਚ ਫੈਲ ਗਈ। ਸਭ ਪਾਸਿਉਂ ਵਧਾਈਆਂ ਮਿਲਣ ਲੱਗੀਆਂ।

ਵਧਾਈਆਂ ਮਿਲਣ 'ਤੇ ਪਹਿਲਾਂ ਉਹ ਸ਼ਰਮਸਾਰ ਹੋਈ। ਇਹ ਉਹ ਕੀ ਕਰ ਬੈਠੀ। ਫੇਰ ਮਨ ਤ੍ਰਿਪਤੀ ਨਾਲ ਭਰ ਗਿਆ। ਮਾਂ ਬਣਨ ਦੀ ਖ਼ੁਮਾਰੀ ਚੜ੍ਹ ਗਈ। ਡੋਲਦਾ ਮਨ ਸਥਿਰ ਹੋ ਗਿਆ। ਉਸ ਨੇ ਮਨ ਬਣਾ ਲਿਆ ਕਿ ਲੋਕ ਕੁਝ ਵੀ ਆਖਣ, ਉਹ ਮਥੁਰਾ ਦੀ ਇਸ ਜੇਲ੍ਹ ਵਿਚੋਂ ਕ੍ਰਿਸ਼ਨ ਦੀ ਦਾਤ ਲੈ ਕੇ ਜਾਏਗੀ।

ਜਦੋਂ ਸੰਤੋਖ ਨੂੰ ਖ਼ਬਰ ਮਿਲੀ, ਉਹ ਭੱਜਾ-ਭੱਜਾ ਜ਼ਨਾਨਾ ਵਾਰਡ ਆਇਆ। ਹੇਮਾ ਨੇ ਖ਼ਬਰ ਦੀ ਪੁਸ਼ਟੀ ਕਰ ਦਿੱਤੀ।

ਕਈ ਦਿਨ ਸੰਤੋਖ ਹਾਥੀ ਵਾਂਗ ਬਿਨਾਂ ਮਤਲਬ ਸਾਰੀ ਜੇਲ੍ਹ ਘੁੰਮਦਾ ਰਿਹਾ। ਕੈਦੀਆਂ ਨੂੰ

'ਇਕ ਪੰਡਤਾਣੀ ਨੂੰ ਗੱਭਣ ਕਰਨ' ਦੇ ਕਿੱਸੇ ਸੁਣਾਉਂਦਾ ਰਿਹਾ।

ਅਚਾਨਕ ਮਸਤੀ ਗ਼ਮੀ ਵਿਚ ਬਦਲਣ ਲੱਗੀ। ਅਫ਼ਵਾਹ ਫੈਲੀ ਕਿ "ਸੰਤੋਖ ਦੀ ਸ਼ਿਕਾਇਤ ਹੋਈ ਹੈ। ਮੁੱਖ ਦਫ਼ਤਰ ਨੇ ਪੜਤਾਲੀਆ ਅਫ਼ਸਰ ਨਿਯੁਕਤ ਕਰ ਦਿੱਤਾ ਹੈ। ਕਿਸੇ ਵੀ ਦਿਨ ਪੜਤਾਲ ਹੋ ਸਕਦੀ ਹੈ। ਹੇਮਾ ਦੇ ਬੱਚੇ ਦਾ ਡੀ.ਐਨ.ਏ. ਟੈਸਟ ਹੋ ਸਕਦਾ ਹੈ।"

ਸੰਤੋਖ ਫੇਰ ਹੇਮਾ ਵੱਲ ਭੱਜਾ, "ਪੜਤਾਲੀਆ ਅਫ਼ਸਰ ਦੇ ਆਉਣ ਤੋਂ ਪਹਿਲਾਂ-ਪਹਿਲਾਂ ਗਰਭਪਾਤ ਹੋਣਾ ਚਾਹੀਦਾ ਹੈ।" ਉਹ ਹੁਕਮ ਸੁਣਾਉਣ ਲੱਗਾ।

ਹੇਮਾ ਕਲੇਸ਼ ਪਾ ਕੇ ਬੈਠ ਗਈ। ਉਹ ਸਵੇਰੇ-ਸ਼ਾਮ ਬੱਚੇ ਨਾਲ ਗੱਲਾਂ ਕਰਦੀ ਹੈ। ਭਵਿੱਖ ਦੇ ਸੁਪਨੇ ਬੁਣਦੀ ਹੈ। ਉਹ ਬੱਚਾ ਨਹੀਂ ਗਿਰਾ ਸਕਦੀ।

ਉਹ ਕਹਿਣ ਲੱਗੀ, "ਮੈਂ ਪੜਤਾਲੀਆ ਅਫ਼ਸਰ ਕੋਲ ਬਿਆਨ ਦੇਵਾਂਗੀ। ਮੈਨੂੰ ਕਿਸੇ ਨੇ ਨਹੀਂ ਵਰਗਲਾਇਆ। ਨਾ ਮੇਰੇ ਨਾਲ ਜ਼ਬਰਦਸਤੀ ਕੀਤੀ ਹੈ। ਬੱਚਾ ਮੈਂ ਆਪਣੀ ਮਰਜ਼ੀ ਨਾਲ ਜੰਮ ਰਹੀ ਹਾਂ। ਇਹ ਬੱਚਾ ਤੇਰਾ ਹੈ, ਮੈਂ ਕਿਸੇ ਨੂੰ ਇਹ ਨਹੀਂ ਦੱਸਾਂਗੀ।"

ਸੰਤੋਖ ਨੂੰ ਹੇਮਾ ਕੋਲੋਂ ਇਹ ਉਮੀਦ ਨਹੀਂ ਸੀ। ਉਸ ਨੇ ਉਸ ਨੂੰ ਫੇਰ ਸਮਝਾਇਆ, "ਪੜਤਾਲੀਆ ਅਫ਼ਸਰ ਨੇ ਪੁੱਛਣਾ ਹੈ, ਜੇਲ੍ਹ ਵਿਚ ਬੈਠੀ ਨਾਲ ਕਿਸ ਨੇ ਸੰਭੋਗ ਕੀਤਾ ? ਲੋਕਾਂ ਨੇ ਝੱਟ ਮੇਰਾ ਨਾਂ ਲੈ ਦੇਣਾ ਹੈ। ਮੈਂ ਫਸ ਜਾਵਾਂਗਾ।"

ਪਰ ਹੇਮਾਂ ਟਸ ਤੋਂ ਮਸ ਨਾ ਹੋਈ।

ਸੰਤੋਖ ਡਾਕਟਰ ਕੋਲ ਗਿਆ। ਡਾਕਟਰ ਨੂੰ ਜ਼ਨਾਨਾ ਵਾਰਡ ਬੁਲਾ ਕੇ ਹੇਮਾ ਦਾ ਡਾਕਟਰੀ ਮੁਆਇਨਾ ਕਰਾਇਆ। ਡਾਕਟਰ ਕਹਿੰਦਾ, "ਗਰਭ ਛੇ ਮਹੀਨੇ ਦਾ ਹੋ ਚੁੱਕਾ ਹੈ। ਬੱਚਾ ਅਤੇ ਜੱਚਾ ਦੋਹਾਂ ਨੂੰ ਖ਼ਤਰਾ ਹੈ।"

ਸੰਤੋਖ ਨੇ ਡਾਕਟਰ ਦੇ ਹਾੜ੍ਹੇ ਕੱਢੇ, ਜੇਬ ਵਿਚ ਨੋਟਾਂ ਦੀ ਗੁੱਟੀ ਪਾਈ। ਦੋਸਤੀ ਦਾ ਵਾਸਤਾ ਪਾਇਆ।

"ਪਹਿਲਾਂ ਵੀ ਆਪਾਂ ਕਈ ਗਰਭਪਾਤ ਕਰ ਚੁੱਕੇ ਹਾਂ। ਸਭ ਘੋੜੇ ਵਰਗੀਆਂ ਹਨ। ਜੇ ਹੇਮਾ ਮਰ ਗਈ ਫੇਰ ਵੀ ਫ਼ਾਇਦਾ ਹੈ। ਉਸ ਦੇ ਗਰਭਵਤੀ ਹੋਣ ਦਾ ਸਬੂਤ ਵੀ ਨਾਲ ਹੀ ਸੜ ਜਾਏਗਾ।"

ਸੰਤੋਖ ਦੀ ਨੌਕਰੀ ਬਚਾਉਣ ਲਈ ਡਾਕਟਰ ਆਪਣੀ ਨੌਕਰੀ ਖ਼ਤਰੇ ਵਿਚ ਨਹੀਂ ਸੀ ਪਾ ਸਕਦਾ।

"ਜਿਸ ਸੂਹੀਏ ਨੇ ਤੇਰੀ ਸ਼ਿਕਾਇਤ ਕੀਤੀ ਹੈ, ਉਹ ਮੇਰੀ ਵੀ ਕਰ ਸਕਦਾ ਹੈ।" ਆਖਦੇ ਡਾਕਟਰ ਨੇ ਉਸ ਨੂੰ ਸਲਾਹ ਦਿੱਤੀ :

"ਤੂੰ ਹੇਮਾ ਨੂੰ ਸਿਵਲ ਹਸਪਤਾਲ ਲੈ ਜਾ। ਉਥੇ ਹਰ ਤਰ੍ਹਾਂ ਦੇ ਮਾਹਿਰ ਡਾਕਟਰ ਮੌਜੂਦ ਹਨ। ਉਹ ਤੇਰੀ ਬੀਮਾਰੀ ਦਾ ਇਲਾਜ ਕਰ ਦੇਣਗੇ।"

ਡਾਕਟਰ ਨੇ ਸੰਤੋਖ ਦੀ ਹੋਰ ਮਦਦ ਕੀਤੀ। ਹੇਮਾ ਨੂੰ ਟਾਈਫ਼ਾਇਡ ਬੁਖ਼ਾਰ ਨਾਲ ਸਖ਼ਤ ਬੀਮਾਰ ਘੋਸ਼ਿਤ ਕੀਤਾ। ਉਚਿਤ ਇਲਾਜ ਲਈ ਸਿਵਲ ਹਸਪਤਾਲ ਲਿਜਾਣ ਦਾ ਮਸ਼ਵਰਾ ਦਿੱਤਾ।

ਹੇਮਾ ਨੇ ਵਿਰੋਧ ਕੀਤਾ, "ਮੈਂ ਠੀਕ ਹਾਂ। ਮੈਨੂੰ ਸਿਵਲ ਹਸਪਤਾਲ ਕਿਉਂ ਲਿਜਾਇਆ ਜਾ ਰਿਹਾ ਹੈ ?"

ਅੱਗੋਂ ਸਿਵਲ ਹਸਪਤਾਲ ਦੇ ਡਾਕਟਰਾਂ ਨੇ ਵੀ ਸ਼ਕਤੀ ਕੁਮਾਰ ਵਾਲੀ ਰਾਇ ਦਿੱਤੀ, "ਮਰੀਜ਼ ਦੀ ਸਹਿਮਤੀ ਬਿਨਾਂ ਗਰਭਪਾਤ ਨਹੀਂ ਹੋ ਸਕਦਾ। ਹੇਮਾ ਇਸ ਦਾ ਵਿਰੋਧ ਕਰ ਰਹੀ ਹੈ। ਜੇ



ਜ਼ਬਰਦਸਤੀ ਕੀਤੀ ਤਾਂ ਉਹ ਤੇਰੇ ਨਾਲ ਸਾਨੂੰ ਵੀ ਫਸਾ ਦੇਵੇਗੀ। ਗਰਭਪਾਤ ਦੇ ਨਿਸ਼ਾਨ ਜਲਦੀ ਨਹੀਂ ਮਿਟਦੇ।"

ਉਹਨਾਂ ਨੇ ਇਕ ਰਾਇ ਦਿੱਤੀ, "ਮਹੀਨਾ ਉਡੀਕ ਕੀਤੀ ਜਾਵੇ। ਸਤਮਾਹਾ ਬੱਚਾ ਪੈਦਾ ਕੀਤਾ ਜਾਵੇ। ਹੇਮਾ ਨੂੰ ਬਚਾਇਆ ਜਾਵੇ, ਬੱਚਾ ਟਿਕਾਣੇ ਲਾਇਆ ਜਾਵੇ।"

ਸੰਤੋਖ ਨੂੰ ਸੁਝਾਅ ਜੱਚ ਗਿਆ।

ਉਸ ਨੇ ਮੁੱਖ ਦਫ਼ਤਰ ਨਾਲ ਗੱਲ ਕੀਤੀ। ਪੜਤਾਲ ਦੋ ਮਹੀਨੇ ਲਈ ਟਾਲ ਦਿੱਤੀ।

ਹੁਣ ਸਾਰੀ ਜੇਲ੍ਹ ਵਿਚ ਚਰਚਾ ਹੈ, "ਅਗਲੇ ਮਹੀਨੇ ਧੱਕੇ ਨਾਲ ਹੇਮਾ ਨੂੰ ਹਸਪਤਾਲ ਲਿਜਾਇਆ ਜਾਣਾ ਹੈ। ਸਤਮਾਹਾ ਬੱਚਾ ਪੈਦਾ ਕਰ ਕੇ ਉਸ ਨੂੰ ਮਰਵਾਇਆ ਜਾਣਾ ਹੈ। ਫੇਰ ਸੰਤੋਖ ਨੂੰ ਬਚਾਇਆ ਜਾਣਾ ਹੈ।

# 43

ਹਾਕਮ 'ਤੇ ਦੂਜੀ ਬੈਰਕ ਦੇ ਕੈਦੀਆਂ ਨੂੰ ਬਿਨਾਂ ਮਤਲਬ ਮਿਲਣ 'ਤੇ ਪਾਬੰਦੀ ਸੀ। ਨਾ ਉਸ ਨੂੰ ਕਿਸੇ ਦਾ ਅਰਜ਼ੀ-ਪੱਤਰ ਲਿਖਣ ਦੀ ਇਜਾਜ਼ਤ ਸੀ, ਨਾ ਕਿਸੇ ਦਾ ਪੱਖ ਪੂਰਨ ਦੀ।

ਫੇਰ ਵੀ ਜੇਲ੍ਹ ਵਿਚ ਹੁੰਦੀ ਹਰ ਚੰਗੀ ਮਾੜੀ ਘਟਨਾ ਦੀ ਖ਼ਬਰ ਉਸ ਨੂੰ ਮਿਲਦੀ ਰਹਿੰਦੀ ਸੀ।

ਹਾਕਮ ਨੂੰ ਪਤਾ ਸੀ, ਮੋਦਨ ਨਾਲ ਵਾਪਰੀ ਘਟਨਾ ਦੀ ਖ਼ਬਰ ਇਕ ਦਮ ਸਾਰੀ ਜੇਲ੍ਹ ਵਿਚ ਫੈਲ ਗਈ ਸੀ। ਹਰੀ ਓਮ ਦੀ ਮਦਦ ਲਈ ਵਾਰਡਰ ਤੋਂ ਲੈ ਕੇ ਸੁਪਰਡੈਂਟ ਤਕ ਹਸਪਤਾਲ ਵੱਲ ਦੌੜ ਪਏ। ਹਰ ਕੋਈ ਇਕੋ ਰਟ ਲਾ ਰਿਹਾ ਸੀ।

"ਹਰੀ ਓਮ 'ਚ ਕੀੜੀ ਮਾਰਨ ਦੀ ਹਿੰਮਤ ਨਹੀਂ। ਜਿਸ ਤਰਾਂ ਕਾਮ-ਵੱਸ ਮੋਦਨ ਤੋਂ ਕੁਕਰਮ ਹੋ ਗਿਆ ਸੀ, ਉਸੇ ਤਰ੍ਹਾਂ ਧਾਰਮਿਕ ਭਾਵਨਾਵਾਂ ਵਿਚ ਵਹਿ ਕੇ ਹਰੀ ਓਮ ਤੋਂ ਵੱਡੀ ਗ਼ਲਤੀ ਹੋਈ ਸੀ। ਉਹ ਮੁਆਫ਼ੀ ਦਾ ਹੱਕਦਾਰ ਹੈ।"

ਡਾਕਟਰ ਸ਼ਕਤੀ ਕੁਮਾਰ ਦੀ ਸਾਲੀ ਦਾ ਵਿਆਹ ਸੀ। ਉਹ ਤਿੰਨ ਦਿਨ ਦੀ ਛੁੱਟੀ 'ਤੇ ਸੀ। ਉਸ ਦੀ ਥਾਂ ਡਿਊਟੀ ਦੇਣ ਆਇਆ ਡਾਕਟਰ ਬਹੁਤ ਡਰਿਆ ਹੋਇਆ ਸੀ। ਉਹ ਰਿਕਾਰਡ ਵਿਚ ਭੰਨ-ਤੋੜ ਕਰਨ ਨੂੰ ਤਿਆਰ ਨਹੀਂ ਸੀ। ਜੇਲ੍ਹ ਸੁਪਰਡੈਂਟ ਚਾਹੁੰਦਾ ਸੀ, ਡਾਕਟਰ ਮੋਦਨ ਨੂੰ ਲੱਕੜਾਂ 'ਤੇ ਡਿੱਗਾ ਦਿਖਾਵੇ। ਡਾਕਟਰ ਮੰਨ ਨਹੀਂ ਸੀ ਰਿਹਾ। ਮਰੀਜ਼ ਦੀ ਹਾਲਤ ਗੰਭੀਰ ਸੀ। ਕੁਝ ਵੀ ਹੋ ਸਕਦਾ ਸੀ। ਉਹ ਕੋਈ ਜ਼ੋਖ਼ਮ ਉਠਾਉਣ ਨੂੰ ਤਿਆਰ ਨਹੀਂ ਸੀ।

ਡਾਕਟਰ ਨੇ ਮੋਦਨ ਨੂੰ ਲੱਗੀਆਂ ਸੱਟਾਂ ਦੀ ਰਿਪੋਰਟ ਤਿਆਰ ਕੀਤੀ ਅਤੇ ਯੋਗ ਕਾਰਵਾਈ ਲਈ ਥਾਣੇ ਭੇਜ ਦਿੱਤੀ। ਦੋ ਦਿਨ ਮਰੀਜ਼ ਨੇ ਹੋਸ਼ ਵਿਚ ਨਹੀਂ ਸੀ ਆਉਣਾ। ਹੋਸ਼ ਆਉਣ ਤਕ ਡਾਕਟਰ ਸ਼ਕਤੀ ਨੇ ਆ ਜਾਣਾ ਸੀ। ਫੇਰ ਡਾਕਟਰ ਸ਼ਕਤੀ ਜਾਣੇ, ਮੋਦਨ ਜਾਣੇ।

ਡਾਕਟਰ ਨੇ ਸੱਪ ਗਲੋਂ ਲਾਹ ਕੇ ਪੁਲਿਸ ਦੇ ਗਲ ਪਾ ਦਿੱਤਾ।

ਥਾਣੇਦਾਰ ਨੂੰ ਜੇਲ੍ਹ ਕਰਮਚਾਰੀਆਂ ਨੇ ਵਿਰਾਇਆ। ਪੁਲਿਸ ਕਪਤਾਨ ਨਾਲ ਸੰਪਰਕ ਰਣਧੀਰ ਸਿੰਘ ਨੇ ਕੀਤਾ। ਇਕ ਕੈਦੀ ਖ਼ਾਤਰ ਇਕ ਜੇਲ੍ਹ ਕਰਮਚਾਰੀ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ। ਨਾਲੇ ਜੇਲ੍ਹ ਸੁਪਰਡੈਂਟ ਨੇ ਕਪਤਾਨ ਨੂੰ ਯਕੀਨ ਦਿਵਾਇਆ "ਕੈਦੀ ਦੇ ਹੋਸ਼ ਵਿਚ ਆਉਂਦੇ ਹੀ ਮੈਂ ਮਾਮਲਾ ਰਫ਼ਾ-ਦਫ਼ਾ ਕਰਵਾ ਦੇਵਾਂਗਾ।"

ਪੁਲਿਸ ਅਤੇ ਜੇਲ੍ਹ ਵਾਲਿਆਂ ਦਾ ਘਿਓ-ਖਿਚੜੀ ਵਾਲਾ ਰਿਸ਼ਤਾ ਹੈ। ਹਰ ਰੋਜ਼ ਇਕ ਦੂਜੇ ਨਾਲ ਵਾਹ ਪੈਂਦਾ ਹੈ। ਪੁਲਿਸ ਨੇ ਮੋਦਨ ਦੇ ਬਿਆਨ ਦੇਣ ਦੇ ਯੋਗ ਹੋਣ ਤਕ ਮਾਮਲਾ ਲਟਕਾ ਦਿੱਤਾ।

ਮਹਿੰਗੀਆਂ ਅਤੇ ਤੇਜ਼ ਦਵਾਈਆਂ ਦੇ ਕੇ ਡਾਕਟਰ ਨੇ ਮੋਦਨ ਨੂੰ ਨੌਂ-ਬਰ-ਨੌਂ ਕਰ ਦਿੱਤਾ। ਮਹੀਨੇ ਦਾ 'ਰੈਸਟ' ਦੇ ਦਿੱਤਾ। ਕੰਮ ਤੋਂ ਛੋਟ ਦਿਵਾ ਦਿੱਤੀ।

ਹਰੀ ਓਮ ਨੇ ਢਿੱਲੇ ਜਿਹੇ ਮੂੰਹ ਨਾਲ ਮੁਆਫ਼ੀ ਮੰਗ ਲਈ। ਮੋਦਨ ਦਾ ਗ਼ੁੱਸਾ ਲਹਿ ਗਿਆ।



ਫੇਰ ਪੁਲਿਸ ਬਿਆਨ ਲੈਣ ਆਈ। ਉਸ ਨੇ ਝੱਟ ਲਿਖਵਾ ਦਿੱਤਾ, "ਲੰਗਰ ਲਈ ਲੱਕੜਾਂ ਲੈਣ ਗਏ ਦਾ ਮੇਰਾ ਪੈਰ ਫਿਸਲ ਗਿਆ। ਇਕ ਸਿੱਧੀ ਖੜੀ ਖਲਪਾੜ ਮੇਰੇ ਅੰਦਰ ਧੱਸ ਗਈ।"

ਡਾਕਟਰ ਨੇ ਮੋਦਨ ਦੇ ਬਿਆਨ ਦੀ ਪੁਸ਼ਟੀ ਕਰ ਦਿੱਤੀ। 'ਸੱਟ ਲੱਕੜ ਧਸਣ ਕਾਰਨ ਵੱਜੀ ਹੈ। ਘਟਨਾ ਕੁਦਰਤੀ ਘਟੀ ਹੈ।"

ਮਾਮਲਾ ਰਫ਼ਾ-ਦਫ਼ਾ ਹੋ ਗਿਆ।

ਜੇਲ੍ਹ ਦਾ ਕੰਮ-ਕਾਜ ਆਮ ਦਿਨਾਂ ਵਾਂਗ ਚੱਲ ਰਿਹਾ ਹੈ।

ਆਪਣੀ ਬੈਠਕ ਵਿਚ ਬੰਦ ਹਾਕਮ ਮੋਦਨ ਨਾਲ ਹੋਈ ਬੇਇਨਸਾਫ਼ੀ 'ਤੇ ਤੜਫ ਰਿਹਾ ਹੈ। "ਕਾਨੂੰਨ ਦੀ ਨਜ਼ਰ ਵਿਚ ਸਭ ਪਸ਼ੂ ਬਰਾਬਰ ਹਨ। ਕੱਟੀ, ਵੱਛੀ ਵਿਚ ਕੋਈ ਫ਼ਰਕ ਨਹੀਂ। ਜੋ ਜੁਰਮ ਉਸ ਨੇ ਕੀਤਾ ਸੀ, ਉਸ ਦੀ ਸਜ਼ਾ ਉਹ ਭੁਗਤ ਰਿਹਾ ਸੀ। ਹਰੀ ਓਮ ਨੂੰ ਉਸ ਨੂੰ ਵਾਧੂ ਸਜ਼ਾ ਦੇਣ ਦਾ ਕੋਈ ਹੱਕ ਨਹੀਂ ਸੀ।

"ਹਰੀ ਓਮ ਨੇ ਜੁਰਮ ਕੀਤਾ ਹੈ। ਉਸ ਦੀ ਸਜ਼ਾ ਉਸ ਨੂੰ ਮਿਲਣੀ ਚਾਹੀਦੀ ਹੈ।"

ਹਾਕਮ ਮਾਮਲਾ ਉੱਚ ਅਧਿਕਾਰੀਆਂ ਨਾਲ ਉਠਾਉਣਾ ਚਾਹੁੰਦਾ ਸੀ। ਪਹਿਲੇ ਹਾਲਾਤ ਵਿਚ ਉਸ ਨੇ ਮਾਮਲਾ ਖ਼ੁਦ ਹੀ ਉਠਾ ਲੈਣਾ ਸੀ। ਮੌਜੂਦਾ ਹਾਲਾਤ ਵਿਚ ਮੁਦੱਈ ਦੇ ਸੁਸਤ ਹੁੰਦਿਆਂ ਗਵਾਹ ਚੁਸਤ ਨਹੀਂ ਸੀ ਬਣ ਸਕਦਾ।

ਹਾਕਮ ਕੇਵਲ ਦੰਦ ਕਰੀਚ ਸਕਦਾ ਸੀ। ਸਾਰਾ ਦਿਨ ਉਹ ਇਹੀ ਕਰਦਾ ਰਹਿੰਦਾ ਸੀ।

ਫੇਰ ਉਸ ਨੂੰ ਹੇਮਾ ਕਾਂਡ ਦੀ ਸੂਹ ਮਿਲ ਗਈ। ਇਕ ਪਾਸੇ ਉਹ ਖ਼ੁਸ਼ ਸੀ। ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦਾ ਯਤਨ ਕਰਦੇ ਅਤੇ ਔਰਤ ਨੂੰ ਖਿਡੌਣਾ ਸਮਝਦੇ ਸੰਤੋਖ ਨੂੰ ਆਖ਼ਰ ਆਟੇ-ਦਾਲ ਦਾ ਭਾਅ ਪਤਾ ਲੱਗ ਗਿਆ ਸੀ।

ਉਹ ਉਦਾਸ ਵੀ ਸੀ। ਜੇ ਹੇਮਾ ਉਸ ਨਾਲ ਸੰਪਰਕ ਕਰੇ ਤਾਂ ਉਹ ਬੱਚਾ ਅਤੇ ਜੱਚਾ ਦੋਹਾਂ ਨੂੰ ਬਚਾ ਦੇਵੇ।

ਹਾਕਮ ਵਾਂਗ ਹੇਮਾਂ ਚਾਰਦੀਵਾਰੀ ਵਿਚ ਬੰਦ ਅਤੇ ਲਾਚਾਰ ਸੀ।

ਹੇਮਾਂ ਵਾਂਗ ਹਾਕਮ ਵੀ ਹਉਕਾ ਭਰਨ ਤੋਂ ਸਿਵਾ ਕੁਝ ਨਹੀਂ ਸੀ ਕਰ ਸਕਦਾ।

# 44

ਮੁੱਖ ਮੰਤਰੀ ਡਾਢੇ ਫ਼ਿਕਰਾਂ ਵਿਚ ਸੀ। ਤਾਣੀ ਦਿਨੋ-ਦਿਨ ਉਲਝਦੀ ਜਾ ਰਹੀ ਸੀ। ਗੁਪਤਚਰ ਵਿਭਾਗ ਨੇ ਸਪੱਸ਼ਟ ਸ਼ਬਦਾਂ ਵਿਚ ਕਹਿਣਾ ਸ਼ੁਰੂ ਕਰ ਦਿੱਤਾ ਸੀ :

"ਕਿਸੇ ਨਾ ਕਿਸੇ ਢੰਗ ਨਾਲ ਸੰਮਤੀ ਨੂੰ ਨੱਥ ਪਾਓ। ਸੰਮਤੀ ਜੇ ਆਪਣੀਆਂ ਗਤੀਵਿਧੀਆਂ ਬਿਲਕੁਲ ਠੱਪ ਨਹੀਂ ਕਰਦੀ ਤਾਂ ਮੱਠੀਆਂ ਹੀ ਕਰੇ, ਨਹੀਂ ਤਾਂ ਮੁੱਖ ਮੰਤਰੀ ਸਮੇਤ ਸੱਤਾਧਾਰੀ ਪਾਰਟੀ ਦਾ ਚੋਣ ਜਿੱਤਣਾ ਅਸੰਭਵ ਹੈ।"

ਇਹਨਾਂ ਚੋਣਾਂ ਵਿਚ ਮੁੱਖ ਮੰਤਰੀ ਨੂੰ ਦੂਹਰਾ ਨੁਕਸਾਨ ਹੋ ਰਿਹਾ ਸੀ। ਬੰਟੀ ਨੂੰ ਕਤਲ ਹੋਇਆਂ ਅੱਠ-ਨੌਂ ਵਰ੍ਹੇ ਹੋ ਗਏ ਸਨ। ਲਾਲਾ ਜੀ ਪੱਖੀ ਲੋਕ ਬੰਟੀ ਨੂੰ ਭੁੱਲ-ਭੁਲਾ ਚੁੱਕੇ ਸਨ। ਲਾਲਾ ਜੀ ਖ਼ੁਦ ਮੰਜੇ ਨਾਲ ਲੱਗੇ ਪਏ ਹਨ। ਯੁਵਾ ਸੰਘ ਦੀਆਂ ਸਰਗਰਮੀਆਂ ਠੱਪ ਹੋ ਚੁੱਕੀਆਂ ਹਨ। ਜਦੋਂ ਦੀ ਸੰਮਤੀ ਨੇ ਅਸਲ ਕਾਤਲ ਨਾਮਜ਼ਦ ਕਰ ਕੇ ਪੁਲਿਸ ਤਫ਼ਤੀਸ਼ ਦਾ ਭਾਂਡਾ ਭੰਨਿਆ ਸੀ, ਉਦੋਂ ਤੋਂ ਯੁਵਾ ਸੰਘ ਦੇ ਬਚਦੇ-ਖੁਚਦੇ ਕਾਮੇ ਵੀ ਮੁੱਖ ਮੰਤਰੀ ਦਾ ਪੱਖ ਪੂਰਨੋਂ ਹਟ ਗਏ ਸਨ।

ਪਿਛਲੀਆਂ ਚੋਣਾਂ ਵਿਚ ਬੰਟੀ ਦੇ ਕਾਤਲਾਂ ਨੂੰ ਝੱਟਪਟ ਫੜਨ ਅਤੇ ਫੇਰ ਉਹਨਾਂ ਨੂੰ ਸਜ਼ਾ ਕਰਾਉਣ ਦਾ ਮੁੱਦਾ ਮੁੱਖ ਮੰਤਰੀ ਦੇ ਖ਼ੂਬ ਕੰਮ ਆਇਆ ਸੀ। ਉਸ ਸਮੇਂ ਨਾ ਸੰਮਤੀ ਬਹੁਤੀ ਤਾਕਤਵਰ ਸੀ, ਨਾ ਲੋਕ ਪਾਲੇ ਮੀਤੇ ਦੇ ਬੇਕਸੂਰ ਹੋਣ ਦੀ ਗੱਲ ਮੰਨ ਰਹੇ ਸਨ।

ਇਸ ਵਾਰ ਇਹੋ ਮੁੱਦਾ ਸੱਤਾਧਾਰੀ ਪਾਰਟੀ ਦੇ ਗਲ ਦੀ ਹੱਡੀ ਬਣਿਆ ਹੋਇਆ ਸੀ।

ਚੋਣ ਰੈਲੀਆਂ ਸੰਮਤੀ ਦੇ ਰਾਸ ਆ ਰਹੀਆਂ ਸਨ। ਭਾਂਤ-ਭਾਂਤ ਦੇ ਲੋਕਾਂ ਨੂੰ ਸਟੇਜ 'ਤੇ ਲਿਆ ਕੇ ਉਹ ਸਰਕਾਰ ਦਾ ਪੂਰਾ ਜਲੂਸ ਕੱਢ ਰਹੀ ਸੀ। ਸੱਤਾਧਾਰੀ ਪਾਰਟੀ ਦੇ ਨੇਤਾਵਾਂ ਨੂੰ ਲੋਕਾਂ ਨੂੰ ਮੂੰਹ ਦਿਖਾਉਣਾ ਮੁਸ਼ਕਲ ਹੋਇਆ ਪਿਆ ਸੀ। ਜੇ ਵੋਟਾਂ ਵਾਲੇ ਦਿਨ ਤਕ ਇਹੋ ਸਥਿਤੀ ਬਣੀ ਰਹੀ ਤਾਂ ਸਿੱਟੇ ਉਹੋ ਨਿਕਲਣਗੇ ਜੋ ਗੁਪਤਚਰ ਵਿਭਾਗ ਕਹਿੰਦਾ ਸੀ।

ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰਾਂ ਨੇ ਸਲਾਹ ਦਿੱਤੀ :

"ਸਾਨੂੰ ਲੋਕਾਂ ਦੇ ਰੁਖ਼ ਨੂੰ ਪਹਿਚਾਨਣਾ ਚਾਹੀਦਾ ਹੈ। ਪਹਿਲਾਂ ਲੋਕ ਬੰਟੀ ਦੇ ਕਾਤਲਾਂ ਨੂੰ ਫੜਨ ਅਤੇ ਫਾਹੇ ਲਵਾਉਣ ਦੀ ਮੰਗ ਕਰਦੇ ਸਨ। ਅਸੀਂ ਮੰਗ ਪੂਰੀ ਕੀਤੀ। ਭਾਰੀ ਵੋਟਾਂ ਨਾਲ ਜਿੱਤੇ। ਹੁਣ ਜੇ ਲੋਕ ਉਹਨਾਂ ਨੂੰ ਰਿਹਾਅ ਕਰਾਉਣਾ ਚਾਹੁੰਦੇ ਹਨ ਤਾਂ ਰਿਹਾਅ ਕਰ ਦੇਵੋ। ਲੋਕਾਂ ਦੇ ਦਿਲ ਜਿੱਤ ਕੇ ਇਕ ਵਾਰ ਫੇਰ ਚੋਣ ਜਿੱਤ ਲਵੋ। ਬੰਟੀ ਦੇ ਸਮਰਥਕ ਆਟੇ ਵਿਚ ਲੂਣ ਜਿੰਨੇ ਵੀ ਨਹੀਂ ਰਹੇ। ਇਸ ਸੌਦੇ ਵਿਚ ਫ਼ਾਇਦਾ ਹੀ ਫ਼ਾਇਦਾ ਹੈ।"

ਸਲਾਹਕਾਰਾਂ ਦੀ ਸਲਾਹ ਮੰਨ ਕੇ ਮੁੱਖ ਮੰਤਰੀ ਨੇ ਸੰਮਤੀ ਨਾਲ ਸੰਪਰਕ ਸਥਾਪਿਤ ਕੀਤਾ। ਆਪਣੀਆਂ ਤਜਵੀਜ਼ਾਂ ਭੇਜੀਆਂ :

"ਸੋਡੀਆਂ ਸਾਰੀਆਂ ਮੰਗਾਂ ਜਾਇਜ਼ ਹਨ। ਦੋਬਾਰਾ ਸੱਤਾ ਵਿਚ ਆਉਂਦੇ ਹੀ ਪਹਿਲਾ ਬਿੱਲ ਕਾਨੂੰਨ 'ਚ ਸੋਧ ਲਈ ਅਸੈਂਬਲੀ ਵਿਚ ਪੇਸ਼ ਹੋਏਗਾ। ਪਾਲੇ ਅਤੇ ਮੀਤੇ ਨੂੰ ਬੇਕਸੂਰ ਘੋਸ਼ਿਤ ਕੀਤਾ



ਜਾਵੇਗਾ। ਉਹਨਾਂ ਉਪਰ ਝੂਠਾ ਮੁਕੱਦਮਾ ਚਲਾਉਣ ਵਾਲੇ ਪੁਲਿਸ ਅਫ਼ਸਰਾਂ ਵਿਰੁੱਧ ਸਖ਼ਤ ਕਾਰਵਾਈ ਹੋਏਗੀ। ਹੋਈ ਮਾਨਹਾਨੀ ਬਦਲੇ ਉਹਨਾਂ ਨੂੰ ਭਾਰੀ ਮੁਆਵਜ਼ਾ ਦਿੱਤਾ ਜਾਵੇਗਾ। ਨਾਲੇ ਸਰਕਾਰੀ ਨੌਕਰੀ ਮਿਲੇਗੀ।

"ਫ਼ੌਰੀ ਰਾਹਤ ਦੇ ਤੌਰ 'ਤੇ ਸੰਮਤੀ ਦੋਸ਼ੀਆਂ ਦੀ ਜ਼ਮਾਨਤ ਦੀ ਅਰਜ਼ੀ ਹਾਈ ਕੋਰਟ ਵਿਚ ਲਾਏ। ਸਰਕਾਰ ਸਰਕਾਰੀ ਵਕੀਲ ਨੂੰ ਹਦਾਇਤ ਕਰੇਗੀ। ਉਹ ਦਰਖ਼ਾਸਤ ਦਾ ਵਿਰੋਧ ਨਾ ਕਰੇ। ਉਲਟਾ ਜ਼ਮਾਨਤ ਮਨਜ਼ੂਰ ਹੋਣ ਵਿਚ ਮਦਦ ਕਰੇ।"

ਸੰਮਤੀ ਇਹਨਾਂ ਲੂੰਬੜ-ਚਾਲਾਂ ਤੋਂ ਚੰਗੀ ਤਰ੍ਹਾਂ ਵਾਕਿਫ਼ ਸੀ। ਮਤਲਬ ਨਿਕਲਦੇ ਹੀ 'ਤੂੰ ਕੌਣ, ਮੈਂ ਕੌਣ' ਹੋ ਜਾਣਾ ਸੀ।

ਨਾਲੇ ਸੰਮਤੀ ਦਾ ਸੰਘਰਸ਼ ਕਿਸੇ ਵਿਸ਼ੇਸ਼ ਵਿਅਕਤੀ ਵਿਰੁੱਧ ਨਹੀਂ ਸੀ। ਸੰਮਤੀ ਨੂੰ ਪਤਾ ਸੀ, ਕੁਰਸੀਆਂ ਉਪਰ ਬੈਠੇ ਬੰਦਿਆਂ ਦੇ ਬਦਲਣ ਨਾਲ ਸਮੁੱਚਾ ਢਾਂਚਾ ਬਦਲਣ ਵਾਲਾ ਨਹੀਂ ਸੀ। ਉਹਨਾਂ ਦਾ ਸੰਘਰਸ਼ ਆਪਣੇ ਆਖ਼ਰੀ ਟੀਚੇ ਦੀ ਪ੍ਰਾਪਤੀ ਤਕ ਜਾਰੀ ਰਹਿਣਾ ਸੀ।

ਸੰਮਤੀ ਨੇ ਮੋੜਵਾਂ ਵਾਰ ਕੀਤਾ :

"ਮੁੱਖ ਮੰਤਰੀ ਜੇ ਸੰਮਤੀ ਦੀਆਂ ਮੰਗਾਂ ਪ੍ਰਤੀ ਇੰਨਾ ਸੁਹਿਰਦ ਹੈ ਤਾਂ ਪਾਲੇ ਮੀਤੇ ਨੂੰ ਤੁਰੰਤ ਰਿਹਾਅ ਕਰੇ। ਵੋਟਾਂ ਵਾਲੇ ਦਿਨ ਤੋਂ ਪਹਿਲਾਂ ਅਸਲ ਕਾਤਲਾਂ ਨੂੰ ਫੜੇ।"

ਪਰ ਮੁੱਖ ਮੰਤਰੀ ਜੰਗ ਦੇ ਮੈਦਾਨ ਵਿਚ ਘੋੜੇ ਬਦਲਣ ਲਈ ਤਿਆਰ ਨਹੀਂ ਸੀ।

ਮੁੱਖ ਮੰਤਰੀ ਅਤੇ ਸੰਮਤੀ ਦੇ ਸਿੰਗ ਫਸੇ ਦੇਖ ਕੇ ਵਿਰੋਧੀ ਧਿਰ ਨੇ ਸੰਮਤੀ ਨਾਲ ਸੰਪਰਕ ਕੀਤਾ।

"ਉਂਜ ਤੁਹਾਡਾ ਸੰਘਰਸ ਪਹਿਲਾਂ ਹੀ ਸਾਡੇ ਹੱਕ ਵਿਚ ਭੁਗਤ ਰਿਹਾ ਹੈ ਪਰ ਜੇ ਤੁਸੀਂ ਨੰਗੇ-ਚਿੱਟੇ ਹੋ ਕੇ ਸਾਡੇ ਨਾਲ ਆ ਖੜੋ ਤਾਂ ਸਾਡੇ ਬੇੜੇ ਬੰਨੇ ਲੱਗ ਜਾਣ।"

ਬਦਲੇ ਵਿਚ ਪੇਸ਼ਕਸ਼ਾਂ ਵੀ ਹੋਈਆਂ। ਸੰਮਤੀ ਦੇ ਨੁਮਾਇੰਦਿਆਂ ਨੂੰ ਕਾਨੂੰਨ ਸੋਧ ਕਮੇਟੀਆਂ ਵਿਚ ਲਿਆ ਜਾਏਗਾ। ਜੇਲ੍ਹ ਭਲਾਈ ਬੋਰਡ ਵਿਚ ਉਹਨਾਂ ਦਾ ਬੋਲਬਾਲਾ ਹੋਏਗਾ। ਪਾਲੇ ਮੀਤੇ ਨੂੰ ਸਰਕਾਰ ਦੇ ਸਹੁੰ ਚੁੱਕਦਿਆਂ ਹੀ ਛੱਡ ਦਿੱਤਾ ਜਾਏਗਾ।

ਸੰਮਤੀ ਨੇ ਵਿਰੋਧੀ ਧਿਰ ਨੂੰ ਸਮਝਾਇਆ। ਸੰਮਤੀ ਚੋਣਾਂ ਵਿਚ ਹਿੱਸਾ ਨਹੀਂ ਲੈ ਰਹੀ। ਉਹ ਆਪਣੀ ਲੜਾਈ ਆਪ ਲੜੇ।

ਚੋਣਾਂ ਦੌਰਾਨ ਸੰਮਤੀ ਦੇ ਉਦੇਸ਼ ਦੀ ਪੂਰਤੀ ਹੋਣ ਲੱਗੀ। ਕਾਨੂੰਨ ਦੇ ਸਮਾਂ ਵਿਹਾਅ ਚੁੱਕਾ ਹੋਣ ਅਤੇ ਇਸ ਨੂੰ ਲੋਕ-ਪੱਖੀ ਬਣਾਉਣ ਦਾ ਮੁੱਦਾ ਪੂਰੀ ਤਰ੍ਹਾਂ ਭੱਖ ਗਿਆ। ਹਰ ਸਿਆਸੀ ਪਾਰਟੀ ਇਸ ਮੁੱਦੇ ਨੂੰ ਅਪਣਾਉਣ ਲੱਗੀ।

ਹਰ ਚੋਣ ਰੈਲੀ ਵਿਚ ਹਰ ਪਾਰਟੀ ਵੱਲੋਂ ਕਾਨੂੰਨ ਸੋਧਣ ਦੇ ਵਾਅਦੇ ਕੀਤੇ ਜਾਣ ਲੱਗੇ।ਚੋਣ ਮਨੋਰਥ ਪੱਤਰਾਂ ਵਿਚ ਇਹ ਵਾਅਦੇ ਮੁੱਖ ਥਾਂ ਲੈਣ ਲੱਗੇ।

ਚੋਣ ਪ੍ਰਚਾਰ ਦੀ ਸਮਾਪਤੀ ਵਾਲੇ ਦਿਨ ਵਿਰੋਧੀ ਪਾਰਟੀ ਨੇ ਐਲਾਨ ਕੀਤਾ :

"ਸੱਤਾ 'ਚ ਆਉਂਦੇ ਹੀ ਸਭ ਤੋਂ ਪਹਿਲਾਂ ਅਸੀਂ ਪਾਲੇ ਮੀਤੇ ਨੂੰ ਰਿਹਾਅ ਕਰਾਂਗੇ। ਅਸੈਂਬਲੀ ਦੇ ਪਹਿਲੇ ਸੈਸ਼ਨ ਵਿਚ ਕਾਨੂੰਨ ਸੋਧ ਬਿੱਲ ਪੇਸ਼ ਕਰਾਂਗੇ।"

ਅਜਿਹੇ ਮਨ ਲੁਭਾਉਣੇ ਅਤੇ ਭੁਲੇਖਾ ਪਾਊ ਵਾਅਦਿਆਂ ਤੋਂ ਪ੍ਰਭਾਵਿਤ ਹੋਏ ਬਿਨਾਂ ਸੰਮਤੀ ਆਪਣੇ ਕੰਮ ਵਿਚ ਜੁਟੀ ਰਹੀ।

*

## 45

ਮੁੱਖ ਮੰਤਰੀ ਵੀ ਬੁਰੀ ਤਰ੍ਹਾਂ ਹਾਰਿਆ ਅਤੇ ਉਸ ਦੀ ਪਾਰਟੀ ਵੀ।

ਸੰਮਤੀ ਨਾਲ ਜੁੜੀਆਂ ਕੁਝ ਸੰਸਥਾਵਾਂ ਦੀ ਨਵੇਂ ਮੁੱਖ ਮੰਤਰੀ ਦੀ ਪਾਰਟੀ ਨਾਲ ਨੇੜਤਾ ਸੀ। ਚੋਣਾਂ ਦੌਰਾਨ ਇਸਤਰੀ ਸਭਾ ਅਤੇ ਹੈਲਪਲਾਈਨ ਦੇ ਕੁਝ ਨੇਤਾਵਾਂ ਨੇ ਸੰਮਤੀ ਅੱਗੇ ਸੁਝਾਅ ਰੱਖਿਆ ਸੀ, "ਸੰਮਤੀ ਵਿਰੋਧੀ ਧਿਰ ਦਾ ਸਮਰਥਨ ਕਰੇ। ਬਦਲੇ ਵਿਚ ਪਾਰਟੀ ਸੱਤਾ ਵਿਚ ਆਉਣ 'ਤੇ ਸੰਮਤੀ ਦੀਆਂ ਮੰਗਾਂ ਮੰਨੇਗੀ।" ਪਰ ਸੰਮਤੀ ਨੇ ਸਮਝਾ-ਬੁਝਾ ਕੇ ਉਹਨਾਂ ਨੂੰ ਕਿਸੇ ਵੀ ਧਿਰ ਨਾਲ ਖੜ੍ਹੋਨ ਤੋਂ ਰੋਕ ਦਿੱਤਾ ਸੀ।

ਇਹਨਾਂ ਜਥੇਬੰਦੀਆਂ ਨੇ ਭਾਵੇਂ ਖੁੱਲ੍ਹ ਕੇ ਮੁੱਖ ਮੰਤਰੀ ਦੀ ਹਮਾਇਤ ਨਹੀਂ ਸੀ ਕੀਤੀ ਪਰ ਫੇਰ ਵੀ ਉਹਨਾਂ ਦੇ ਮਨ ਉਸ ਨਾਲ ਜੁੜੇ ਹੋਏ ਸਨ। ਉਹਨਾਂ ਨੂੰ ਆਸ ਸੀ, ਸੱਤਾ ਵਿਚ ਆ ਕੇ ਉਹ ਆਪਣੇ ਵਾਅਦੇ ਪੂਰੇ ਕਰੇਗਾ।

ਇਹਨਾਂ ਸਮਰਥਕਾਂ ਨੇ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣ ਦੀ ਰਸਮ ਸਾਹ ਰੋਕ ਕੇ ਦੇਖੀ। ਉਹਨਾਂ ਨੂੰ ਵਿਸ਼ਵਾਸ ਸੀ ਕਿ ਉਹ ਸਹੁੰ ਚੁੱਕਦਿਆਂ ਹੀ ਪਾਲੇ ਮੀਤੇ ਨੂੰ ਰਿਹਾਅ ਕਰਨ ਦਾ ਐਲਾਨ ਕਰੇਗਾ।

ਜਦੋਂ ਇੰਜ ਨਾ ਹੋਇਆ ਤਾਂ ਉਹ ਨਿਰਾਸ਼ ਹੋਣ ਲੱਗੇ। ਬਾਬਾ ਗੁਰਦਿੱਤ ਸਿੰਘ ਨੇ ਉਹਨਾਂ ਨੂੰ ਸਮਝਾਇਆ :

"ਭਲਿਓ ਲੋਕੋ ! ਚੋਣਾਂ ਦੌਰਾਨ ਮੁੱਖ ਮੰਤਰੀ ਨੇ ਸੌ ਤੋਂ ਵੱਧ ਚੋਣ ਹਲਕਿਆਂ ਵਿਚ ਪ੍ਰਚਾਰ ਕੀਤਾ ਸੀ। ਹਰ ਹਲਕੇ ਦੀਆਂ ਆਪਣੀਆਂ ਸਮੱਸਿਆਵਾਂ ਹੁੰਦੀਆਂ ਹਨ। ਹਰ ਥਾਂ ਉਸ ਨੇ ਇਕੋ ਮੁਹਾਰਨੀ ਪੜ੍ਹੀ ਸੀ। ਸਹੁੰ ਚੁੱਕਦਿਆਂ ਹੀ ਤੁਹਾਡੀ ਮੰਗ ਪੂਰੀ ਕਰਾਂਗਾ। 'ਸਹੁੰ ਚੁੱਕਦਿਆਂ ਹੀ ਮੰਗ ਪੂਰੀ ਕਰਨਾ' ਸਿਆਸੀ ਲੋਕਾਂ ਦਾ ਇਕ ਮੁਹਾਵਰਾ ਹੈ। ਤੁਸੀਂ ਸਬਰ ਰੱਖੋ। ਮੁੱਖ ਮੰਤਰੀ ਨੇ ਸੈਂਕੜੇ ਵਾਅਦੇ ਪੂਰੇ ਕਰਨੇ ਹਨ। ਵਾਅਦੇ ਜਿਉਂ-ਜਿਉਂ ਯਾਦ ਆਉਂਦੇ ਰਹਿਣਗੇ, ਤਿਉਂ-ਤਿਉਂ ਪੂਰੇ ਹੁੰਦੇ ਰਹਿਣਗੇ।"

ਫੇਰ ਅਖ਼ਬਾਰਾਂ ਵਿਚ ਖ਼ਬਰਾਂ ਛਪਣ ਲੱਗੀਆਂ :

"ਨਵੇਂ ਮੁੱਖ ਮੰਤਰੀ ਦੇ ਵਿਧਾਇਕ ਰੁੱਸੇ ਫਿਰਦੇ ਹਨ। ਮੰਤਰੀ ਪਦ ਥੋੜ੍ਹੇ ਹਨ, ਦਾਅਵੇਦਾਰ ਵੱਧ। ਇਕ ਅਨਾਰ ਨੂੰ ਮੁੱਖ ਮੰਤਰੀ ਕਿੰਨੇ ਕੁ ਬੀਮਾਰਾਂ ਵਿਚ ਵੰਡੇ ?"

ਇਹ ਸਮੱਸਿਆ ਸੁਲਝਾਉਂਦਿਆਂ ਮੁੱਖ ਮੰਤਰੀ ਨੂੰ ਇਕ ਮਹੀਨਾ ਲੱਗ ਗਿਆ।

ਮੰਤਰੀ ਮੰਡਲ ਬਣਦੇ ਹੀ ਫੇਰ ਰੌਲਾ ਪੈ ਗਿਆ। ਹਰ ਮੰਤਰੀ ਪੈਸਾ ਕਮਾਉਣ ਵਾਲਾ ਵਿਭਾਗ ਮੰਗ ਰਿਹਾ ਸੀ। ਇਹ ਮਸਲਾ ਸੁਲਝਾਉਂਦਿਆਂ ਇਕ ਮਹੀਨਾ ਹੋਰ ਲੱਗ ਗਿਆ।

ਉਸ ਦੇ ਸਮਰਥਕਾਂ ਨੇ ਫੇਰ ਟੀ.ਵੀ. ਵੱਲ ਦੇਖਣਾ ਸ਼ੁਰੂ ਕਰ ਦਿੱਤਾ। ਅਖ਼ਬਾਰਾਂ ਦਾ ਅੱਖਰ-ਅੱਖਰ ਪੜ੍ਹਨਾ ਸ਼ੁਰੂ ਕਰ ਦਿੱਤਾ। ਮੁੱਖ ਮੰਤਰੀ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਹੋ ਚੁੱਕੀਆਂ



ਸਨ। ਹੁਣ ਉਹ ਕਿਸੇ ਵੀ ਸਮੇਂ ਪਾਲੇ ਮੀਤੇ ਨੂੰ ਰਿਹਾਅ ਕਰਨ ਅਤੇ ਕਾਨੂੰਨ ਵਿਚ ਅਹਿਮ ਸੋਧਾਂ ਕਰਨ ਦਾ ਐਲਾਨ ਕਰ ਸਕਦਾ ਸੀ।

ਭੋਲੇ ਪੰਛੀਆਂ ਨੂੰ ਇਹ ਨਹੀਂ ਸੀ ਪਤਾ ਕਿ ਪਹਿਲੀ ਸਰਕਾਰ ਨੇ ਖ਼ਜ਼ਾਨੇ ਦੀ ਥਾਂ ਆਪਣੀਆਂ ਜੇਬਾਂ ਭਰਨ 'ਤੇ ਜ਼ੋਰ ਦਿੱਤਾ ਸੀ। ਨਵੀਂ ਸਰਕਾਰ ਨੂੰ ਵਿਰਾਸਤ ਵਿਚ ਕਰੋੜਾਂ ਰੁਪਏ ਦਾ ਘਾਟਾ ਅਤੇ ਕਰਜ਼ਾ ਮਿਲਿਆ ਸੀ। ਸਰਕਾਰ ਸਾਹਮਣੇ ਪਹਿਲੀ ਚੁਣੌਤੀ ਖ਼ਜ਼ਾਨਾ ਭਰਨ ਦੀ ਸੀ। ਜੇ ਚਾਰ ਪੈਸੇ ਪੱਲੇ ਹੋਣਗੇ ਤਾਂ ਹੀ ਕੋਈ ਗੱਲ ਸੁਝੇਗੀ। ਫੇਰ ਹੀ ਵਿਕਾਸ ਬਾਰੇ ਸੋਚਿਆ ਜਾ ਸਕੇਗਾ।

"ਲੋਕਾਂ ਉਪਰ ਕਿਹੜੇ ਨਵੇਂ ਟੈਕਸ ਲਾਏ ਜਾਣ ?" ਮੁੱਖ ਮੰਤਰੀ ਇਹ ਸੁਝਾਅ ਇਕੱਠੇ ਕਰਨ ਵਿਚ ਰੁੱਝਾ ਹੋਇਆ ਸੀ। ਕਾਨੂੰਨ ਜਾਂ ਕੈਦੀਆਂ ਵਰਗੇ ਫ਼ਜ਼ੂਲ ਵਿਸ਼ੇ ਬਾਰੇ ਸੋਚਣ ਦਾ ਹਾਲੇ ਉਸ ਕੋਲ ਵਕਤ ਨਹੀਂ ਸੀ।

ਉਂਜ ਮੁੱਖ ਮੰਤਰੀ ਨੂੰ ਵਾਅਦੇ ਭੁੱਲੇ ਨਹੀਂ ਸਨ। ਉਹ ਵਾਅਦੇ ਪੂਰੇ ਵੀ ਕਰਨਾ ਚਾਹੁੰਦਾ ਸੀ, ਪਰ ਹਰ ਕੰਮ ਦਾ ਇਕ ਵਕਤ ਹੁੰਦਾ ਹੈ। ਲੋਕਾਂ ਦੀ ਯਾਦਦਾਸ਼ਤ ਬਹੁਤ ਕਮਜ਼ੋਰ ਹੁੰਦੀ ਹੈ। ਜੇ ਉਸ ਨੇ ਵਾਅਦੇ ਹੁਣੇ ਪੂਰੇ ਕਰ ਦਿੱਤੇ ਤਾਂ ਅਗਲੀਆਂ ਚੋਣਾਂ ਤਕ ਉਹ ਉਹਨਾਂ ਨੂੰ ਭੁੱਲ ਜਾਣਗੇ। ਸਰਕਾਰ ਕੋਲੋਂ ਜੇ ਕੋਈ ਗ਼ਲਤੀ ਹੋ ਗਈ ਤਾਂ ਉਹ ਯਾਦ ਰਹੇਗੀ। ਵਾਅਦੇ ਉਹ ਚੋਣਾਂ ਦੇ ਨੇੜੇ ਪੂਰੇ ਕਰੇਗਾ। ਲੋਕਾਂ ਦੀ ਵਾਹ-ਵਾਹ ਖੱਟੇਗਾ। ਵਾਹ-ਵਾਹ ਦਾ ਮੁੱਲ ਵੱਟੇਗਾ। ਵੈਸੇ ਹੀ ਅੱਡੀਆਂ ਰਗੜਾ-ਰਗੜਾ ਕੰਮ ਕਰਨ ਦੀ ਜ਼ਿਆਦਾ ਵੁੱਕਤ ਹੁੰਦੀ ਹੈ।

ਮੁੱਖ ਮੰਤਰੀ ਉਚਿਤ ਸਮੇਂ ਦੀ ਉਡੀਕ ਵਿਚ ਸੀ।

ਜਦੋਂ ਮੁੱਖ ਮੰਤਰੀ ਦੇ ਸਮਰਥਕਾਂ ਨੂੰ ਕੁਝ ਪੱਲੇ ਪੈਂਦਾ ਨਜ਼ਰ ਨਾ ਆਇਆ ਤਾਂ ਉਹਨਾਂ ਨੇ ਹਥਿਆਰ ਸੁੱਟ ਦਿੱਤੇ। ਸੰਮਤੀ ਨੇ ਆਪਣੀਆਂ ਸਰਗਰਮੀਆਂ ਫੇਰ ਤੇਜ਼ ਕਰ ਦਿੱਤੀਆਂ।

ਸੰਮਤੀ ਨੇ ਮੁੱਖ ਮੰਤਰੀ ਵੱਲੋਂ ਕੀਤੇ ਵਾਅਦਿਆਂ ਨੂੰ ਵੱਡੇ-ਵੱਡੇ ਪੋਸਟਰਾਂ ਉੱਤੇ ਛਪਵਾਇਆ ਅਤੇ ਲੋਕਾਂ ਦੀ ਯਾਦਦਾਸ਼ਤ ਤਾਜ਼ਾ ਕਰਨ ਲਈ ਉਹਨਾਂ ਨੂੰ ਪਿੰਡ-ਪਿੰਡ, ਸ਼ਹਿਰ-ਸ਼ਹਿਰ ਚਿਪਕਾਇਆ।

ਮੁੱਖ ਮੰਤਰੀ ਨੂੰ ਜੇਲ੍ਹ ਯਾਤਰਾ ਦਾ ਭਰਪੂਰ ਤਜਰਬਾ ਸੀ। ਆਪਣੇ ਜੇਲ੍ਹ ਤਜਰਬਿਆਂ ਬਾਰੇ ਉਸ ਨੇ ਇਕ ਕਿਤਾਬ ਲਿਖੀ ਸੀ। ਉਸ ਕਿਤਾਬ ਵਿਚ ਉਸ ਨੇ ਕੈਦੀਆਂ ਦੀ ਤਰਸਯੋਗ ਹਾਲਤ ਦਾ ਵਿਸਤਾਰ ਨਾਲ ਵਰਣਨ ਕੀਤਾ ਸੀ। ਪਤਾ ਨਹੀਂ ਕਿਉਂ ਉਹ ਜੀਵਨ ਹੁਣ ਉਸ ਨੂੰ ਅਸੁਖਾਵਾਂ ਲੱਗਣੋਂ ਹਟ ਗਿਆ ਸੀ ?

ਉਹ ਅਖ਼ਬਾਰਾਂ ਵਿਚ ਲੇਖ ਲਿਖਣ ਲੱਗੇ। ਪੁਸਤਕ ਵਿਚੋਂ ਹਵਾਲੇ ਦੇ ਕੇ ਮੁੱਖ ਮੰਤਰੀ ਕੋਲੋਂ ਪੁੱਛਣ ਲੱਗੇ। ਜੇਲ੍ਹ ਜੀਵਨ ਨੂੰ ਸੁਧਾਰਨ ਲਈ ਉਹ ਕਿਉਂ ਨਹੀਂ ਕੁਝ ਕਰਦਾ ?

ਮੁੱਖ ਮੰਤਰੀ ਸੰਮਤੀ ਦੀਆਂ ਗਤੀਵਿਧੀਆਂ ਤੋਂ ਅਵੇਸਲਾ ਨਹੀਂ ਸੀ।

ਸੰਮਤੀ ਦੀਆਂ ਸਰਗਰਮੀਆਂ ਤੇਜ਼ ਹੁੰਦੀਆਂ ਦੇਖ ਕੇ ਮੁੱਖ ਮੰਤਰੀ ਨੇ ਉਸ ਦੇ ਜੋਸ਼ ਨੂੰ ਠੰਢਾ ਕਰਨ ਦੀ ਯੋਜਨਾ ਬਣਾਈ।

ਸੱਤਾਧਾਰੀ ਪਾਰਟੀ ਵੱਲੋਂ ਸੰਮਤੀ ਵਾਲਿਆਂ ਦੇ ਸ਼ਹਿਰ ਵਿਚ ਇਕ ਵੱਡੀ ਰੈਲੀ ਰੱਖੀ ਗਈ। "ਰੈਲੀ ਦੌਰਾਨ ਮੁੱਖ ਮੰਤਰੀ ਵੱਲੋਂ ਵਿਸ਼ੇਸ਼ ਐਲਾਨ ਹੋਣਗੇ।" ਅਖ਼ਬਾਰਾਂ ਵਿਚ ਵੱਡੇ-ਵੱਡੇ ਇਸ਼ਤਿਹਾਰ ਛਾਪ ਕੇ ਲੋਕਾਂ ਨੂੰ ਦੱਸਿਆ ਗਿਆ।

ਮੁੱਖ ਮੰਤਰੀ ਦੇ ਨੁਮਾਇੰਦਿਆਂ ਨੇ ਸੰਮਤੀ ਵਾਲਿਆਂ ਨਾਲ ਸੰਪਰਕ ਕੀਤਾ ਅਤੇ ਸਮਝਾਇਆ :

"ਮੁੱਖ ਮੰਤਰੀ ਸਾਹਿਬ ਕਾਨੂੰਨੀ ਸੋਧਾਂ ਬਾਰੇ ਨਵੀਂ ਨੀਤੀ ਘੜਨ ਜਾ ਰਹੇ ਹਨ। ਸੰਮਤੀ ਕੀ ਚਾਹੁੰਦੀ ਹੈ ? ਇਹ ਲਿਖਤੀ ਰੂਪ ਵਿਚ ਦੇਵੇ। ਸੋਧਾਂ ਸੁਝਾਉਣ ਲਈ ਕਮੇਟੀਆਂ ਬਣਨਗੀਆਂ। ਉਹਨਾਂ ਕਮੇਟੀਆਂ ਲਈ ਸੰਮਤੀ ਆਪਣੇ ਨੁਮਾਇੰਦਿਆਂ ਦੀ ਸੂਚੀ ਦੇਵੇ।"

ਸੰਮਤੀ ਮੁੱਖ ਮੰਤਰੀ ਦੀ ਚਾਲ ਸਮਝ ਗਈ। 'ਪੰਚਾਇਤ ਦਾ ਕਿਹਾ ਸਿਰ ਮੱਥੇ, ਪਰ ਪਰਨਾਲਾ ਉਥੇ ਦਾ ਉਥੇ।' ਸਰਕਾਰ ਕਮੇਟੀਆਂ ਦਾ ਗਠਨ ਕਰ ਕੇ ਮਸਲਾ ਲਟਕਾਉਣਾ ਅਤੇ ਵਕਤ ਟਪਾਉਣਾ ਚਾਹੁੰਦੀ ਹੈ।

ਸੰਮਤੀ ਨੇ ਸੁਝਾਅ ਦਿੱਤਾ :

"ਨਵੀਆਂ ਕਮੇਟੀਆਂ ਦੀ ਕੋਈ ਜ਼ਰੂਰਤ ਨਹੀਂ। ਪਹਿਲਾਂ ਕਈ ਵਾਰ ਕਮੇਟੀਆਂ ਬਣੀਆਂ ਹਨ। ਉਹਨਾਂ ਦੀਆਂ ਰਿਪੋਰਟਾਂ ਉਪਰ ਜੰਮੀ ਧੂੜ ਝਾੜ ਲਵੋ। ਸਮਾਂ ਖ਼ਰਾਬ ਨਾ ਕਰੋ। ਜੋ ਕਰਨਾ ਹੈ ਤੁਰੰਤ ਕਰੋ।"

ਮੁੱਖ ਮੰਤਰੀ ਨੂੰ ਇਹ ਸੁਝਾਅ ਪਰਵਾਨ ਨਹੀਂ ਸੀ। ਉਹ ਪਹਿਲੀਆਂ ਸਰਕਾਰਾਂ ਦੇ ਕੰਮ ਨੂੰ ਮਾਨਤਾ ਕਿਉਂ ਦੇਵੇ ? ਉਹ ਆਪਣੇ ਕੰਮ ਦਾ ਸਿਹਰਾ ਆਪਣੇ ਸਿਰ ਬੰਨ੍ਹਣਾ ਚਾਹੁੰਦਾ ਸੀ।

"ਸੰਮਤੀ ਜੇ ਸਹਿਯੋਗ ਨਹੀਂ ਦਿੰਦੀ ਤਾਂ ਨਾ ਦੇਵੇ। ਵਾਅਦੇ ਮੈਂ ਲੋਕਾਂ ਨਾਲ ਕੀਤੇ ਸਨ, ਸੰਮਤੀ ਦੇ ਕੁਝ ਨੇਤਾਵਾਂ ਨਾਲ ਨਹੀਂ।"

ਆਖਦੇ ਮੁੱਖ ਮੰਤਰੀ ਨੇ ਸੰਮਤੀ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ।

ਯੋਜਨਾ ਅਨੁਸਾਰ ਸ਼ਹਿਰ ਵਿਚ ਵੱਡਾ ਇਕੱਠ ਕੀਤਾ ਗਿਆ। ਕਾਨੂੰਨ ਮੰਤਰੀ ਵੱਲੋਂ ਕਾਨੂੰਨ ਵਿਚ ਸੋਧਾਂ ਦੀ ਲੋੜ ਬਾਰੇ ਲੰਬਾ-ਚੌੜਾ ਭਾਸ਼ਣ ਦਿੱਤਾ ਗਿਆ।

ਲੋਕਾਂ ਦੀਆਂ ਤਾੜੀਆਂ ਦੀ ਗੂੰਜ ਵਿਚ ਮੁੱਖ ਮੰਤਰੀ ਨੇ ਐਲਾਨ ਕੀਤੇ।

ਉਸ ਨੇ ਲੋਕਾਂ ਨੂੰ ਸਮਝਾਇਆ। ਕਾਨੂੰਨ ਵਿਚ ਸੋਧਾਂ ਕਰਨੀਆਂ ਏਨੀਆਂ ਆਸਾਨ ਨਹੀਂ ਹਨ। ਅੰਗਰੇਜ਼ਾਂ ਨੇ ਜਦੋਂ ਭਾਰਤੀਆਂ ਲਈ ਕਾਨੂੰਨ ਘੜੇ ਸਨ, ਵੀਹ ਸਾਲ ਸੋਚ-ਵਿਚਾਰ 'ਤੇ ਲਾਏ ਸਨ। ਬਹੁਤੇ ਕਾਨੂੰਨ ਕੇਂਦਰ ਸਰਕਾਰ ਦੇ ਬਣਾਏ ਹੋਏ ਹਨ। ਉਹਨਾਂ ਵਿਚ ਸੋਧ ਉਹੀ ਸਰਕਾਰ ਕਰੇਗੀ। ਕਾਨੂੰਨ ਸੋਧਣ ਤੋਂ ਪਹਿਲਾਂ ਕਾਨੂੰਨੀ ਮਾਹਿਰਾਂ ਦੀ ਸਲਾਹ ਲੈਣੀ ਬਹੁਤ ਜ਼ਰੂਰੀ ਹੈ।

ਇਸ ਲੋੜ ਨੂੰ ਮੁੱਖ ਰੱਖਦਿਆਂ ਸਰਕਾਰ ਵੱਲੋਂ ਨਵੇਂ ਲਾਅ ਕਮਿਸ਼ਨ ਦੇ ਗਠਨ ਦਾ ਐਲਾਨ ਕੀਤਾ ਗਿਆ। ਹਾਈ ਕੋਰਟ ਦੇ ਇਕ ਰਿਟਾਇਰ ਜੱਜ ਨੂੰ ਇਸ ਦਾ ਚੇਅਰਮੈਨ ਬਣਾ ਕੇ ਉਸ ਨੂੰ ਕੈਬਨਿਟ ਮੰਤਰੀ ਦੇ ਬਰਾਬਰ ਦੀਆਂ ਸਹੂਲਤਾਂ ਦੇਣ ਦਾ ਐਲਾਨ ਕੀਤਾ ਗਿਆ। ਕਮਿਸ਼ਨ ਦੇ ਹੋਰ ਕਿਹੜੇ-ਕਿਹੜੇ ਮੈਂਬਰ ਹੋਣਗੇ, ਇਹ ਵੀ ਦੱਸਿਆ ਗਿਆ। ਕਮਿਸ਼ਨ ਨੂੰ ਹਦਾਇਤ ਹੋਈ, ਹਰ ਹਾਲ ਵਿਚ ਉਹ ਆਪਣੀ ਰਿਪੋਰਟ ਇਕ ਸਾਲ ਦੇ ਅੰਦਰ-ਅੰਦਰ ਦੇਵੇ।

ਸਰਕਾਰ ਨੂੰ ਸਲਾਹ ਦੇਣ ਲਈ ਇਕ ਸਲਾਹਕਾਰ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਲਈ ਸਰਕਾਰੀ ਅਧਿਕਾਰੀਆਂ ਦੇ ਨਾਲ ਸਿਆਸੀ ਅਤੇ ਸਮਾਜ-ਸੇਵੀ ਸੰਸਥਾਵਾਂ ਦੇ ਨੁਮਾਇੰਦੇ ਨਾਮਜ਼ਦ ਕੀਤੇ ਗਏ। ਇਹਨਾਂ ਮੈਂਬਰਾਂ ਦੀ ਕਿੰਨੀ ਮਹੱਤਤਾ ਹੈ, ਇਹ ਦਰਸਾਉਣ ਲਈ ਉਹਨਾਂ ਨੂੰ ਸਰਕਾਰੀ ਅਫ਼ਸਰਾਂ ਦੇ ਬਰਾਬਰ ਦੀਆਂ ਸਹੂਲਤਾਂ ਦੇਣ ਦਾ ਐਲਾਨ ਕੀਤਾ ਗਿਆ। ਕਮਿਸ਼ਨ ਅਤੇ ਸਲਾਹਕਾਰ ਕਮੇਟੀ ਵੱਲੋਂ ਆਉਣ ਵਾਲੇ ਸੁਝਾਵਾਂ ਉਪਰ ਵਿਚਾਰ ਕਰਨ ਲਈ ਕੈਬਨਿਟ ਕਮੇਟੀ ਬਣਾਈ ਗਈ।

ਤਿੰਨ ਸਾਲ ਦੇ ਅੰਦਰ-ਅੰਦਰ ਸਾਰੇ ਕਾਨੂੰਨਾਂ ਨੂੰ ਸੋਧਣ ਦਾ ਐਲਾਨ ਹੋਇਆ।

ਪਾਲੇ ਮੀਤੇ ਨੂੰ ਫ਼ੌਰੀ ਰਿਹਾਅ ਨਾ ਕਰ ਸਕਣ 'ਤੇ ਮੁੱਖ ਮੰਤਰੀ ਨੇ ਮੁਆਫ਼ੀ ਮੰਗੀ। ਫੇਰ



ਆਪਣੀ ਮਜਬੂਰੀ ਦੱਸੀ। ਸੈਸ਼ਨ ਕੋਰਟ ਉਹਨਾਂ ਨੂੰ ਦੋਸ਼ੀ ਠਹਿਰਾ ਚੁੱਕੀ ਹੈ। ਮਾਮਲਾ ਹਾਈ ਕੋਰਟ ਦੇ ਵਿਚਾਰ ਅਧੀਨ ਹੈ। ਅਦਾਲਤ ਦੇ ਕੰਮ ਵਿਚ ਦਖ਼ਲ ਦੇਣਾ ਸਰਕਾਰ ਦੇ ਆਧਾਰ-ਖੇਤਰ ਤੋਂ ਬਾਹਰ ਹੈ।

ਫੇਰ ਵੀ ਬੰਟੀ ਕਤਲ ਕੇਸ ਦੇ ਨਵੇਂ ਸਿਰਿਉਂ ਤਫ਼ਤੀਸ਼ ਕਰਨ ਲਈ ਆਈ.ਜੀ. (ਕਰਾਈਮ) ਦੀ ਨਿਗਰਾਨੀ ਹੇਠ ਇਕ ਵਿਸ਼ੇਸ਼ ਟੀਮ ਬਣਾਈ ਗਈ। ਟੀਮ ਨੂੰ ਹਦਾਇਤ ਹੋਈ ਕਿ ਉਹ ਤਿੰਨ ਮਹੀਨੇ ਦੇ ਅੰਦਰ-ਅੰਦਰ ਸਭ ਤੱਥਾਂ ਦੀ ਘੋਖ ਕਰੇ।

ਸੰਮਤੀ ਨੂੰ ਹਦਾਇਤ ਹੋਈ। ਉਹ ਪਾਲੇ ਮੀਤੇ ਦੇ ਨਿਰਦੋਸ਼ ਹੋਣ ਅਤੇ ਹਰਮਨਬੀਰ ਹੋਰਾਂ ਦੇ ਕਾਤਲ ਹੋਣ ਦੇ ਸਬੂਤ ਟੀਮ ਅੱਗੇ ਪੇਸ਼ ਕਰੇ।

ਮੁੱਖ ਮੰਤਰੀ ਨੇ ਇਕ ਵਾਰ ਫੇਰ ਆਪਣਾ ਵਚਨ ਦੁਹਰਾਇਆ :

"ਇਹ ਟੀਮ ਜੋ ਸਿਫ਼ਾਰਸ਼ ਕਰੇਗੀ, ਉਸ ਉਪਰ ਫ਼ੌਰੀ ਅਮਲ ਹੋਏਗਾ। ਪਹਿਲੇ ਮੁੱਖ ਮੰਤਰੀ ਵਾਂਗ ਮਸਲਾ ਲਟਕਾਇਆ ਨਹੀਂ ਜਾਏਗਾ।"

# 46

ਗੁਰਨਾਮ ਦੇ ਬੰਦਿਆਂ ਦਾ ਜਾਲ ਸਾਰੀ ਜੇਲ੍ਹ ਵਿਚ ਫੈਲਿਆ ਹੋਇਆ ਸੀ। ਬਹੁਤ ਬੰਦੇ ਲੰਗਰ ਵਿਚ ਕੰਮ ਕਰਦੇ ਸਨ। ਚਾਹ ਦੇ ਦੇਗਚਿਆਂ ਦੇ ਨਾਲ ਉਹਨਾਂ ਨੂੰ ਨਸ਼ੇ ਵਾਲੀਆਂ ਪੋਟਲੀਆਂ ਮਿਲ ਜਾਂਦੀਆਂ ਸਨ। ਅਗਾਂਹ ਉਹ ਪੋਟਲੀਆਂ ਬੈਰਕ ਦੇ ਵਾਰਡਰ ਹਵਾਲੇ ਹੋ ਜਾਂਦੀਆਂ ਸਨ। ਵਾਰਡਰ ਸਾਰਾ ਮਾਲ ਗੁਰਨਾਮ ਵੱਲੋਂ ਥਾਪੇ ਬੈਰਕ ਦੇ ਮੁਖੀ ਦੇ ਹਵਾਲੇ ਕਰ ਦਿੰਦਾ ਸੀ। ਮੁਖੀ ਕੈਦੀਆਂ ਤੱਕ ਪੁੱਜਦਾ ਕਰ ਦਿੰਦਾ ਸੀ। ਜਦੋਂ ਤਕ ਚਾਹ ਵਰਤਦੀ, ਲਾਂਗਰੀ ਅਤੇ ਵਾਰਡਰ ਹਿਸਾਬ ਸਮਝ ਲੈਂਦੇ। ਵਾਰਡਰ ਪਿਛਲੇ ਦਿਨ ਦੀ ਵੱਟਤ ਲਾਂਗਰੀ ਨੂੰ ਫੜਾ ਦਿੰਦਾ। ਲਾਂਗਰੀ ਲੰਗਰ ਵਿਚ ਜਾ ਕੇ ਮੁਨਸ਼ੀ ਦੇ ਹਵਾਲੇ ਕਰ ਦਿੰਦਾ। ਮੁਨਸ਼ੀ ਅਧਿਕਾਰੀਆਂ ਦੇ ਹਿੱਸੇ-ਪੱਤੇ ਕੱਢ ਕੇ ਬਾਕੀ ਰਕਮ ਮਾਲਕ ਤਕ ਪੁੱਜਦੀ ਕਰ ਦਿੰਦਾ। ਕਾਰੋਬਾਰ ਅਤੇ ਹਿਸਾਬ-ਕਿਤਾਬ ਪੂਰੀ ਈਮਾਨਦਾਰੀ ਨਾਲ ਚੱਲ ਰਿਹਾ ਸੀ।

ਜੇਲ੍ਹ ਨਿਯਮ ਕਹਿੰਦੇ ਸਨ, ਹਰ ਮਹੀਨੇ ਹਰ ਬੈਰਕ ਦੀ ਤਲਾਸ਼ੀ ਲਈ ਜਾਵੇ। ਇੰਜ ਗ਼ਲਤ ਅਨਸਰ ਸੁਚੇਤ ਰਹਿੰਦੇ ਹਨ।

ਅਮਲੀਆਂ ਦੀ ਬੈਰਕ ਦੀ ਤਲਾਸ਼ੀ ਲੈਣੀ ਖ਼ਤਰੇ ਭਰੀ ਸੀ। ਇਥੋਂ ਕੁਇੰਟਲਾਂ 'ਚ ਭੁੱਕੀ, ਕਿੱਲੋਆਂ 'ਚ ਅਫ਼ੀਮ ਅਤੇ ਡੱਬਿਆਂ ਦੇ ਡੱਬੇ ਗੋਲੀਆਂ, ਟੀਕਿਆਂ ਦੇ ਮਿਲਣੇ ਸਨ। ਇਸ ਨਾਲ ਕੈਦੀਆਂ ਅਤੇ ਅਧਿਕਾਰੀਆਂ ਦੋਹਾਂ ਦੀ ਬਦਨਾਮੀ ਹੋਣੀ ਸੀ।

ਦੋਹਾਂ ਧਿਰਾਂ ਦੀ ਬਦਨਾਮੀ ਤੋਂ ਬਚਾਉਣ ਲਈ ਗੁਰਨਾਮ ਅਤੇ ਪ੍ਰਸ਼ਾਸਨ ਵਿਚਕਾਰ ਸਮਝੌਤਾ ਹੋਇਆ-ਹੋਇਆ ਸੀ। ਪ੍ਰਸ਼ਾਸਨ ਤਲਾਸ਼ੀ ਦੀ ਅਗਾਊਂ ਸੂਚਨਾ ਗੁਰਨਾਮ ਨੂੰ ਦੇਵੇਗਾ। ਗੁਰਨਾਮ ਆਪਣੇ ਬੰਦਿਆਂ ਨੂੰ ਸੁਚੇਤ ਕਰੇਗਾ। ਬੰਦੇ ਅਮਲੀਆਂ ਨੂੰ ਬਚਾਉਣਗੇ। ਫੇਰ ਵੀ ਜੇ ਕਿਸੇ ਕੋਲੋਂ ਕੁਝ ਫੜਿਆ ਜਾਵੇ ਤਾਂ ਇਸ ਦਾ ਜ਼ਿੰਮੇਵਾਰ ਉਹ ਖ਼ੁਦ ਹੋਵੇਗਾ।

ਅੱਜ ਚਾਹ ਵਾਲੇ ਦੇਗਚਿਆਂ ਦੇ ਨਾਲ ਪੋਟਲੀਆਂ ਨਹੀਂ ਸਨ ਆਈਆਂ। ਇਸ਼ਾਰਾ ਸਾਫ਼ ਸੀ। ਕਿਸੇ ਵੀ ਸਮੇਂ ਬੈਰਕ ਦੀ ਤਲਾਸ਼ੀ ਹੋ ਸਕਦੀ ਹੈ।

ਇਸ਼ਾਰਾ ਸਮਝ ਕੇ ਅਮਲੀ ਆਪਣੇ-ਆਪ ਨੂੰ ਸੁਰੱਖਿਅਤ ਕਰਨ ਵਿਚ ਜੁੱਟ ਗਏ।

ਸਾਧੂ ਸਿੰਘ ਆਪਣੇ ਕੋਲ ਵਾਧੂ ਮਾਲ ਰੱਖਦਾ ਸੀ। ਉਸ ਨੂੰ ਹਰ ਰੋਜ਼ ਦਾ ਹਿਸਾਬ-ਕਿਤਾਬ ਰੱਖਣਾ ਨਹੀਂ ਸੀ ਆਉਂਦਾ। ਹਰ ਹਫ਼ਤੇ ਉਸ ਦੀ ਘਰਵਾਲੀ ਮੁਲਾਕਾਤ ਕਰਨ ਆਉਂਦੀ ਸੀ। ਹੋਰ ਨਿੱਕ-ਸੁੱਕ ਦੇ ਨਾਲ ਪੰਜ ਸੌ ਦਾ ਨੋਟ ਵੀ ਫੜਾ ਜਾਂਦੀ ਸੀ। ਉਹ ਇਕੱਠੀ ਭੁੱਕੀ ਖ਼ਰੀਦ ਕੇ ਰੱਖ ਲੈਂਦਾ ਸੀ। ਹੌਲੀ-ਹੌਲੀ ਫੱਕਾ ਮਾਰਦਾ ਰਹਿੰਦਾ ਸੀ। ਹਾਲੇ ਕੱਲ੍ਹ ਉਸ ਨੇ ਭੁੱਕੀ ਖ਼ਰੀਦੀ ਸੀ। ਬਹੁਤ ਮਾਲ ਵਾਧੂ ਪਿਆ ਸੀ। ਸਾਧੂ ਨੂੰ ਮਾਲ ਟਿਕਾਣੇ ਲਾਉਣ ਦਾ ਫ਼ਿਕਰ ਹੋਇਆ। ਸਾਥੀਆਂ ਨੂੰ ਦਿੱਤਾ ਤਾਂ ਉਹਨਾਂ ਪੈਸੇ ਨਹੀਂ ਸਨ ਦੇਣੇ। ਵਾਰਡਰ ਨੂੰ ਫੜਾਇਆ ਤਾਂ ਉਸ ਨੇ ਮੁੜ ਕੇ ਰਾਹ



ਨਹੀਂ ਸੀ ਦੇਣਾ। ਗਟਰ ਵਿਚ ਸੁੱਟਿਆ ਤਾਂ ਭੰਗ ਦੇ ਭਾੜੇ ਜਾਣਾ ਸੀ। ਉਸ ਨੇ ਨੰਦੂ ਵਰਗੇ ਚਾਰ ਅਮਲੀ ਲੱਭੇ ਅਤੇ ਜਿਸ ਭਾਅ ਮਾਲ ਵਿਕਿਆ, ਵੇਚ ਦਿੱਤਾ।

ਨੰਦੂ ਨਸ਼ਾ ਵਧ ਕਰਦਾ ਸੀ। ਜਿੰਨਾ ਮਿਲਦਾ ਓਨਾ ਹੜੱਪ ਜਾਂਦਾ ਸੀ। ਅੱਕੇ ਘਰਦਿਆਂ ਨੇ ਉਸ ਦਾ ਕੋਟਾ ਬੰਨ੍ਹ ਦਿੱਤਾ। ਬੱਸ ਕੋਟੇ ਅਨੁਸਾਰ ਉਸ ਨੂੰ ਸਵੇਰੇ ਪੋਟਲੀ ਮਿਲ ਜਾਂਦੀ। ਰਾਤ ਤਕ ਉਹ ਪੋਟਲੀ ਮੁਕਾ ਲੈਂਦਾ। ਉਸ ਨੂੰ ਸਵੇਰ ਮਸਾਂ ਆਉਂਦੀ। ਤਲਾਸ਼ੀ ਵਾਲਾ ਦਿਨ ਉਸ ਲਈ ਸਭ ਤੋਂ ਵੱਧ ਕਸ਼ਟ ਵਾਲਾ ਹੁੰਦਾ। ਚਾਹ ਨਾਲ ਨਸ਼ਾ ਨਾ ਖਾਣ ਕਾਰਨ ਉਸ ਨੂੰ ਡੋਬੂ ਪੈਣ ਲੱਗਦੇ, ਢਿੱਡ ਵਿਚ ਮਰੋੜ ਉੱਠਣ ਲੱਗਦੇ। ਉਬਾਸੀਆਂ ਆਉਣ ਲੱਗਦੀਆਂ। ਦਿਲ ਘਬਰਾਉਣ ਲੱਗਦਾ। ਸਾਰਾ ਦਿਨ ਕੰਮ ਨਾ ਹੁੰਦਾ। ਮੁਸ਼ੱਕਤ ਪੂਰੀ ਨਾ ਹੋਣ ਕਾਰਨ ਕੁੱਟ ਪੈਂਦੀ। ਕੋਠੀ ਬੰਦ ਹੋਣ ਦੀ ਸਜ਼ਾ ਮਿਲਣ ਦਾ ਖ਼ਤਰਾ ਖੜਾ ਹੋ ਜਾਂਦਾ। ਵੀਹ ਸਿਆਪੇ ਪੈਂਦੇ। ਤਲਾਸ਼ੀ ਹੋਣ ਦੀ ਮਨਹੂਸ ਖ਼ਬਰ ਸੁਣ ਕੇ ਉਸ ਨੇ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਸਾਥੀ ਕੈਦੀਆਂ ਦੇ ਹਾੜੇ ਕੱਢੇ, "ਦਿਹਾੜੀ ਜੋਗਾ ਨਸ਼ਾ ਦਿਓ। ਦੁੱਗਣਾ-ਤਿੱਗਣਾ ਜੋ ਮਰਜ਼ੀ ਭਾਅ ਲਓ।" ਸਾਧੂ ਨੇ ਉਸ ਦਾ ਮਸਲਾ ਹੱਲ ਕੀਤਾ। ਨੰਦੂ ਨੇ ਅੱਧਾ ਮਾਲ ਅੰਦਰ ਸੁੱਟ ਲਿਆ। ਅੱਧਾ ਖੀਸੇ ਵਿਚ ਪਾ ਲਿਆ। ਅਧਿਕਾਰੀਆਂ ਦੇ ਅਹਾਤੇ ਵਿਚ ਵੜਨ ਦਾ ਖੜਾਕ ਸੁਣਦੇ ਹੀ ਉਹ ਬਾਕੀ ਮਾਲ ਦਾ ਫੱਕਾ ਮਾਰ ਲਏਗਾ। ਇੰਜ ਨਾਲੇ ਤਲਾਸ਼ੀ ਤੋਂ ਬਚ ਜਾਏਗਾ, ਨਾਲੇ ਨਸ਼ੇ ਦੀ ਤੋਟ ਤੋਂ।

ਦਰਾਵੜ ਦੀ ਟੋਲੀ ਦੀ ਵਾਰਡਰ ਨਾਲ ਅੱਟੀ-ਸੱਟੀ ਸੀ। ਉਹਨਾਂ ਨੇ ਆਪਣੀਆਂ ਗੋਲੀਆਂ ਅਤੇ ਟੀਕੇ ਇਕ ਝੋਲੇ ਵਿਚ ਪਾਏ, ਝੋਲੇ ਉਪਰ ਆਪਣਾ ਨਾਂ ਲਿਖਿਆ ਅਤੇ ਝੋਲਾ ਵਾਰਡਰ ਦੇ ਹਵਾਲੇ ਕਰ ਦਿੱਤਾ। ਬਲਾ ਟਲਣ ਤੋਂ ਬਾਅਦ ਉਹ ਆਪਣਾ ਮਾਲ ਵਾਪਸ ਲੈ ਲੈਣਗੇ।

ਜਿਨ੍ਹਾਂ ਦਾ ਮਾਲ ਨਾ ਵਿਕਿਆ, ਨਾ ਛੁਪਿਆ, ਉਹਨਾਂ ਵੱਡੇ-ਵੱਡੇ ਫੱਕੇ ਮਾਰ ਲਏ। "ਭੋਰਾ-ਭੋਰਾ ਖਾਧੇ ਨਸ਼ੇ ਦਾ ਸੁਆਦ ਨਹੀਂ ਆਉਂਦਾ।" ਅੱਜ ਉਹ ਸਾਰਾ ਦਿਨ ਮਸਤੀ ਵਿਚ ਰਹਿਣਗੇ ਅਤੇ ਉਪਰਲੇ ਨਾਲ ਲਿਵ ਲਾਉਣਗੇ।

ਘੰਟੇ ਦੇ ਅੰਦਰ-ਅੰਦਰ ਸਾਰੀ ਬੈਰਕ ਸਾਫ਼ ਹੋ ਗਈ।

ਸਾਰੀ ਜੇਲ੍ਹ ਨੂੰ ਪਤਾ ਸੀ ਬਸੰਤ ਨਸ਼ਾ ਨਹੀਂ ਕਰਦਾ। ਫੇਰ ਵੀ ਉਸ ਦਾ ਦਿਲ ਸਭ ਤੋਂ ਵੱਧ ਧੜਕ ਰਿਹਾ ਸੀ। ਉਸ ਨੂੰ ਜਾਪ ਰਿਹਾ ਸੀ ਕਿ ਇਕੱਠ ਸਾਧ ਦੀ ਭੂਰੀ ਉੱਪਰ ਹੋ ਰਿਹਾ ਸੀ।

ਬਸੰਤ ਨੂੰ ਆਪਣੇ ਟਰੱਕ ਵਿਚ ਭੁੱਕੀ ਢੋਣ ਦੇ ਜੁਰਮ ਵਿਚ ਦਸ ਸਾਲ ਦੀ ਕੈਦ ਹੋਈ ਸੀ। ਸੱਤ ਸਾਲ ਉਹ ਕੱਟ ਚੁੱਕਾ ਸੀ। ਚੰਗੇ ਚਾਲ-ਚਲਣ ਅਤੇ ਸਾਊ ਸੁਭਾਅ ਕਾਰਨ ਤਿੰਨ ਸਾਲ ਕੈਦ ਮੁਆਫ਼ ਹੋ ਗਈ ਸੀ। ਉਸ ਦੀ ਰਿਹਾਈ ਕਿਸੇ ਦਿਨ ਵੀ ਹੋ ਸਕਦੀ ਸੀ। ਬੱਸ ਉਪਰੋਂ ਹੁਕਮ ਆਉਣ ਦੀ ਉਡੀਕ ਸੀ।

ਹੁਕਮ ਦੀ ਥਾਂ ਮੁੱਖ ਦਫ਼ਤਰ ਦੇ ਬਾਬੂਆਂ ਦੇ ਸੁਨੇਹੇ ਆਉਣ ਲੱਗੇ, "ਬਸੰਤ ਨੂੰ ਆਖੋ, ਜਲਦੀ ਚਾਹ-ਪਾਣੀ ਭੇਜੇ।"

ਬਾਬੂਆਂ ਦਾ ਵਿਚਾਰ ਸੀ, "ਕੈਦੀ ਨੂੰ ਇਹ ਦਿਨ ਸੌ ਸੁੱਖਾਂ ਸੁੱਖਣ ਬਾਅਦ ਮਸਾਂ ਨਸੀਬ ਹੁੰਦਾ ਹੈ। ਖ਼ੁਸ਼ੀ ਦੀ ਇਸ ਘੜੀ ਵਿਚ ਅਸੀਂ ਵੀ ਸ਼ਰੀਕ ਹੋਣਾ ਹੈ। ਮੂੰਹ ਕੌੜਾ ਮਿੱਠਾ ਕਰਨ ਲਈ ਪੰਜ ਹਜ਼ਾਰ ਰੁਪਿਆ ਭੇਜੋ।"

ਡਿਪਟੀ ਸੁਪਰਡੈਂਟ ਕਦੇ ਉਹ ਸੁਨੇਹਾ ਬਸੰਤ ਕੋਲ ਪੁੱਜਦਾ ਕਰ ਦਿੰਦਾ ਅਤੇ ਕਦੇ ਦੜ ਵੱਟ ਲੈਂਦਾ।

ਰਣਜੀਤ ਸਿੰਘ ਬਸੰਤ ਦੇ ਪੋਤੜਿਆਂ ਤੱਕ ਤੋਂ ਵਾਕਿਫ਼ ਸੀ। ਉਸ ਦੇ ਅੱਗੇ-ਪਿੱਛੇ ਕੋਈ

ਨਹੀਂ ਸੀ। ਤਿੰਨ ਸਾਲ ਤੋਂ ਉਸ ਨੂੰ ਕੋਈ ਮਿਲਣ ਨਹੀਂ ਸੀ ਆਇਆ। ਉਹ ਇੰਨੀ ਰਕਮ ਜੁਟਾਉਣ ਦੀ ਸਮਰੱਥਾ ਵਿਚ ਨਹੀਂ ਸੀ।

ਬਸੰਤ ਜੇਲ੍ਹ ਦੀਆਂ ਰਵਾਇਤਾਂ ਤੋਂ ਅਣਭਿੱਜ ਨਹੀਂ ਸੀ। ਉਸ ਨੂੰ ਕੈਦ ਦੇ ਆਖ਼ਰੀ ਦਿਨਾਂ ਵਿਚ ਪੈਸਿਆਂ ਦੀ ਪੈਣ ਵਾਲੀ ਲੋੜ ਦਾ ਪਤਾ ਸੀ। ਇਸੇ ਲੋੜ ਨੂੰ ਪੂਰਾ ਕਰਨ ਲਈ ਉਹ ਕਈਆਂ ਸਾਲਾਂ ਤੋਂ ਪੈਸੇ ਜੋੜ ਰਿਹਾ ਸੀ। ਪਰ ਇਹ ਜੇਲ੍ਹ ਸੀ। ਇਥੇ ਪੈਸੇ ਬਣਦੇ ਨਹੀਂ, ਖ਼ਰਚ ਹੁੰਦੇ ਹਨ।

ਬਸੰਤ ਕੋਲ ਇਕ ਛੋਟਾ ਜਿਹਾ ਹੁਨਰ ਸੀ। ਜਵਾਨੀ ਦੇ ਦਿਨਾਂ ਵਿਚ ਉਸ ਨੇ ਮਾਲਿਸ਼ ਕਰਨੀ ਸਿੱਖ ਲਈ ਸੀ। ਇਸੇ ਹੁਨਰ ਨਾਲ ਉਸ ਨੇ ਆਪਣੇ ਉਸਤਾਦ ਨੂੰ ਖ਼ੁਸ਼ ਕੀਤਾ ਸੀ। ਦਸ ਸਾਲਾਂ ਵਿਚ ਸਿੱਖਿਆ ਜਾਣ ਵਾਲਾ ਕੰਮ ਉਸ ਨੇ ਤਿੰਨ ਸਾਲ ਵਿਚ ਸਿੱਖ ਲਿਆ ਸੀ। ਮਾਲਸ਼ਾਂ ਕਰ-ਕਰ ਕੇ ਉਸ ਨੇ ਜੇਲ੍ਹ ਕਰਮਚਾਰੀ ਖ਼ੁਸ਼ ਕੀਤੇ ਸਨ। ਉਹਨਾਂ ਦੀ ਕਿਰਪਾ ਨਾਲ ਕਦੇ-ਕਦੇ ਉਹ ਬੀ-ਕਲਾਸ ਬੈਰਕ ਵਿਚ ਚੱਕਰ ਮਾਰ ਆਉਂਦਾ। ਪੰਜ-ਦਸ ਰੁਪਏ ਕਮਾ ਲਿਆਉਂਦਾ ਸੀ। ਕੁਝ ਖ਼ਰਚ ਹੋ ਜਾਂਦੇ, ਕੁਝ ਬਚ ਰਹਿੰਦੇ।

ਪੂਰੀ ਕੰਜੂਸੀ ਕਰ ਕੇ ਉਸ ਤੋਂ ਮਸਾਂ ਅਠਾਰਾਂ ਸੌ ਜੁੜਿਆ ਸੀ। ਉਹ ਸਾਰੀ ਰਕਮ ਉਸ ਨੇ ਡਿਪਟੀ ਅੱਗੇ ਢੇਰੀ ਕਰ ਦਿੱਤੀ ਸੀ। ਇੰਨੀ ਕੁ ਰਕਮ ਬਾਬੂਆਂ ਦੇ ਨੱਕ ਹੇਠ ਨਾ ਆਈ।

ਜੇਲ੍ਹ ਨਿਯਮਾਂ ਅਨੁਸਾਰ ਮਿਸਲ ਦੇ ਮੁੱਖ ਦਫ਼ਤਰ ਪੁੱਜਣ ਦੇ ਇਕ ਮਹੀਨੇ ਦੇ ਅੰਦਰ-ਅੰਦਰ ਰਿਹਾਈ ਦਾ ਹੁਕਮ ਹੋਣਾ ਜ਼ਰੂਰੀ ਸੀ। ਬਾਬੂਆਂ ਨੇ ਮੋਟੇ ਸ਼ੀਸ਼ਿਆਂ ਵਾਲੀਆਂ ਐਨਕਾਂ ਲਾ ਕੇ ਮਿਸਲ ਘੋਖੀ। ਬਸੰਤ ਦਾ ਰਿਕਾਰਡ ਸ਼ੀਸ਼ੇ ਵਾਂਗ ਸਾਫ਼ ਸੀ। ਉਸ ਦੇ ਹਿਸਟਰੀ ਟਿਕਟ ਉਪਰ ਇਕ ਵਾਰ ਵੀ ਲਾਲ ਸਿਆਹੀ ਦਾ ਪ੍ਰਯੋਗ ਨਹੀਂ ਸੀ ਹੋਇਆ। ਬਾਬੂਆਂ ਦੇ ਸਿਰਤੋੜ ਯਤਨਾਂ ਦੇ ਬਾਵਜੂਦ ਮਿਸਲ ਸਾਰੀਆਂ ਔਕੜਾਂ ਪੂਰੀਆਂ ਕਰ ਕੇ ਆਈ.ਜੀ. ਸਾਹਿਬ ਦੀ ਮੇਜ਼ ਤਕ ਪਹੁੰਚ ਗਈ ਸੀ। ਸਾਹਿਬ ਨੇ ਕੋਈ ਨਖ਼ਰਾ ਨਹੀਂ ਸੀ ਕਰਨਾ। ਘੁੱਗੀ ਮਾਰ ਕੇ ਮਿਸਲ ਵਾਪਸ ਭੇਜ ਦੇਣੀ ਸੀ। ਇੰਜ ਕੈਦੀ ਨੇ ਬਿਨਾਂ ਬਾਬੂਆਂ ਦੀ ਸੇਵਾ ਕਰੇ ਰਿਹਾਅ ਹੋ ਜਾਣਾ ਸੀ। ਬਾਬੂਆਂ ਨੂੰ ਡਰ ਸਹੇ ਦਾ ਨਹੀਂ, ਪਹੇ ਦਾ ਸੀ। ਇੰਜ ਮੁਫ਼ਤ ਰਿਹਾਈਆਂ ਹੋਣ ਲੱਗੀਆਂ ਤਾਂ ਬਾਬੂਆਂ ਨੂੰ ਮੱਥਾ ਟੇਕਣ ਕਿਸੇ ਨਹੀਂ ਸੀ ਆਉਣਾ। ਮਹਿੰਗਾਈ ਦੇ ਇਹਨਾਂ ਦਿਨਾਂ ਵਿਚ ਉਹਨਾਂ ਭੁੱਖੇ ਮਰ ਜਾਣਾ ਸੀ।

ਬਾਬੂਆਂ ਨੇ ਮਤਾ ਪਕਾਇਆ, "ਆਪਣੀ ਰੋਜ਼ੀ-ਰੋਟੀ ਬਚਾਉਣ ਲਈ ਸਾਨੂੰ ਰਿਹਾਈ ਵਿਚ ਕੋਈ ਨਾ ਕੋਈ ਰੋੜਾ ਅਟਕਾਉਣਾ ਚਾਹੀਦਾ ਹੈ।"

ਆਖ਼ਰੀ ਮੌਕਾ ਦੇਣ ਲਈ ਬਾਬੂਆਂ ਨੇ ਇਕ ਵਾਰ ਫੇਰ ਡਿਪਟੀ ਸੁਪਰਡੈਂਟ ਨਾਲ ਸੰਪਰਕ ਕੀਤਾ। ਅੱਗੇ ਮਿਸਲ ਪਿੱਛੋਂ ਆਉਂਦੀ ਸੀ। ਕੈਦੀ ਦੇ ਵਾਰਿਸ ਪਹਿਲਾਂ ਪੁੱਜ ਜਾਂਦੇ ਸਨ। ਬਹੁਤੇ ਕੇਸਾਂ ਵਿਚ ਲੈਣ-ਦੇਣ ਡਿਪਟੀ ਰਾਹੀਂ ਹੁੰਦਾ ਸੀ। ਉਹ ਆਪੇ ਪੈਸੇ ਉਗਰਾਹ ਕੇ ਉਹਨਾਂ ਤੱਕ ਪੁੱਜਦੇ ਕਰ ਦਿੰਦਾ ਸੀ। ਇਸ ਵਾਰ ਉਹ ਚੁੱਪ ਸੀ।

ਡਿਪਟੀ ਨੇ ਕੈਦੀ ਦਾ ਪੱਖ ਪੂਰਿਆ। ਉਸ ਕੋਲ ਜੋ ਸੀ ਉਹ ਭੇਜ ਚੁੱਕਾ ਸੀ। "ਸੱਤ ਘਰ ਡੈਣ ਵੀ ਛੱਡ ਦਿੰਦੀ ਹੈ। ਗਊ 'ਤੇ ਰਹਿਮ ਕਰੋ। ਅਗਲੇ ਮਹੀਨੇ ਦੇ ਅਖ਼ੀਰ ਕੈਦੀਆਂ ਦੀ ਰਿਹਾਈ ਹੋਣ ਵਾਲੀ ਹੈ। ਮੈਂ ਭਾਂਗਾ ਉਥੋਂ ਕਢਵਾ ਦੇਵਾਂਗਾ।"

ਬਾਬੂ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਸਨ। ਟੱਸ ਤੋਂ ਮੱਸ ਨਾ ਹੋਏ।

"ਬਾਬੂ ਜਾਨਣ, ਕੈਦੀ ਜਾਣੇ।" ਸੋਚ ਕੇ ਡਿਪਟੀ ਚੁੱਪ ਕਰ ਕੇ ਬੈਠ ਗਿਆ।

ਰਣਜੀਤ ਸਿੰਘ ਮਨੋਂ ਚਾਹੁੰਦਾ ਸੀ ਕਿ ਬਸੰਤ ਦੀ ਰਿਹਾਈ ਹੋ ਜਾਵੇ। ਬਸੰਤ ਨੂੰ ਬਹੁਤੀਆਂ ਮੁਆਫ਼ੀਆਂ ਉਸੇ ਨੇ ਦਿੱਤੀਆਂ ਸਨ। ਉਸੇ ਨੇ ਉਸ ਦੀ ਅਗਾਊਂ ਰਿਹਾਈ ਦੀ ਸਿਫ਼ਾਰਸ਼ ਕੀਤੀ



ਸੀ। ਉਹ ਚਾਹੁੰਦਾ ਸੀ ਕਿ ਘੱਟੋ-ਘੱਟ ਪੈਸੇ ਦੀ ਘਾਟ ਕਾਰਨ ਕੋਈ ਅੜਿੱਕਾ ਨਾ ਲੱਗੇ।

ਰਣਜੀਤ ਸਿੰਘ ਤੋਂ ਚੁੱਪ ਨਾ ਬੈਠਿਆ ਗਿਆ। ਆਥਣ-ਉੱਗਣ ਉਹ ਬਸੰਤ ਨੂੰ ਆਪਣੇ ਕੋਲ ਬੁਲਾਉਂਦਾ। ਉਸ ਨੂੰ ਸਮਝਾਉਂਦਾ, "ਇਹ ਬਾਬੂ ਬੜੀ ਮਾੜੀ ਕੌਮ ਹੈ। ਕਿਧਰੇ ਕੋਈ ਪੰਗਾ ਨਾ ਪਾ ਦੇਵੇ।"

ਬਸੰਤ ਉਸ ਨਾਲ ਸਹਿਮਤ ਹੁੰਦਾ। ਪੈਸੇ ਦੇਣਾ ਚਾਹੁੰਦਾ, ਪਰ ਪੈਸੇ ਆਉਣ ਕਿੱਥੋਂ ?

ਇਕ ਵਾਰ ਬਸੰਤ ਨੇ ਅੱਖਾਂ ਭਰ ਕੇ ਪੁੱਛਿਆ ਸੀ, "ਕੀ ਮੈਂ ਆਪਣੀ ਕਿਡਨੀ ਜਾਂ ਅੱਖ ਵੇਚ ਸਕਦਾ ਹਾਂ।"

ਉਸ ਦੇ ਇਸ ਪ੍ਰਸ਼ਨ ਅੱਗੇ ਨਿਰਉੱਤਰ ਹੋਏ ਡਿਪਟੀ ਦੇ ਵੀ ਗਲੇਡੂ ਭਰ ਆਏ ਸਨ।

ਉਸ ਦਿਨ ਤੋਂ ਦੋਹਾਂ ਨੇ ਡੋਰੀ ਰੱਬ ਉੱਤੇ ਛੱਡ ਦਿੱਤੀ।

ਜਦੋਂ ਰਣਜੀਤ ਸਿੰਘ ਵੀ ਘੇਸਲ ਵੱਟ ਗਿਆ ਤਾਂ ਬਾਬੂਆਂ ਨੇ ਫੇਰ ਮੀਟਿੰਗ ਬੁਲਾਈ।

ਦਫ਼ਤਰ ਦਾ ਪ੍ਰਬੰਧਕੀ ਅਫ਼ਸਰ, ਬਜ਼ੁਰਗ ਅਤੇ ਸਭ ਤੋਂ ਵਧ ਤਜਰਬੇਦਾਰ ਸੀ। ਸੋਚ-ਵਿਚਾਰ ਬਾਅਦ ਉਸ ਨੇ ਸੁਝਾਅ ਦਿੱਤਾ :

"ਬਸੰਤ ਕੋਲੋਂ ਪੂਰੀ ਕੈਦ ਕਟਾਉਣ ਦਾ ਇਕੋ ਰਾਹ ਹੈ। ਉਸ ਨੂੰ ਕਿਸੇ ਨਵੇਂ ਮੁਕੱਦਮੇ ਵਿਚ ਉਲਝਾਇਆ ਜਾਵੇ। ਉਹ ਲੜਨ-ਝਗੜਨ ਵਾਲਾ ਨਹੀਂ ਹੈ। ਇਸ ਲਈ ਕਿਸੇ ਵਫ਼ਾਦਾਰ ਕੈਦੀ ਨੂੰ ਉਸ ਨਾਲ ਲੜਾ ਕੇ ਬੈਰਕ ਵਿਚ ਦੰਗਾ ਕਰਾਉਣਾ ਮੁਸ਼ਕਲ ਹੈ। ਜੇਲ੍ਹ ਵਿਚ ਨਸ਼ਾ-ਪੱਤਾ ਆਮ ਵਿਕਦਾ ਹੈ। ਉਸ ਦੀ ਜੇਬ ਵਿਚ ਅਫ਼ੀਮ ਪਵਾਈ ਜਾਵੇ। ਇੰਜ ਹੋਣ ਨਾਲ ਇਕੋ ਤੀਰ ਨਾਲ ਦੋ ਨਿਸ਼ਾਨੇ ਫੁੰਡੇ ਜਾਣਗੇ। ਨਸ਼ਾ-ਪਤਾ ਅੰਦਰ ਲਿਆਉਣਾ ਜੇਲ੍ਹ ਅਪਰਾਧ ਬਣਦਾ ਹੈ। ਇਸ ਤਹਿਤ ਕੈਦੀ ਨੂੰ ਪਹਿਲਾਂ ਮਿਲੀਆਂ ਰਿਆਇਤਾਂ ਬੰਦ ਹੋ ਸਕਦੀਆਂ ਹਨ। ਨਸ਼ੀਲੇ ਪਦਾਰਥ ਕਬਜ਼ੇ ਵਿਚ ਰੱਖਣਾ ਇਕ ਵੱਖਰਾ ਜੁਰਮ ਹੈ। ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਨਜਿੱਠਣ ਵਾਲੇ ਕਾਨੂੰਨ ਤਹਿਤ ਇਸ ਨੂੰ ਮੁੜ ਸਜ਼ਾ ਕਰਾਈ ਜਾ ਸਕਦੀ ਹੈ।"

ਬਾਬੂਆਂ ਦੀ ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਮੁੜ ਰਣਜੀਤ ਸਿੰਘ ਨੂੰ ਚੁਣਿਆ ਗਿਆ। ਉਹ ਧੱਕੜ ਕਿਸਮ ਦਾ ਅਫ਼ਸਰ ਹੈ। ਬਸੰਤ ਵਰਗਾ ਕੈਦੀ ਸਾਲਾਂ ਬਾਅਦ ਉਸ ਦੀ ਦਇਆ-ਦ੍ਰਿਸ਼ਟੀ ਦਾ ਪਾਤਰ ਬਣਦਾ ਹੈ। ਬਹੁਤਿਆਂ ਉਪਰ ਉਹ ਅੱਤਿਆਚਾਰ ਹੀ ਕਰਦਾ ਹੈ। ਉਸ ਦੀਆਂ ਸ਼ਿਕਾਇਤਾਂ ਮੁੱਖ ਦਫ਼ਤਰ ਪੁੱਜਦੀਆਂ ਹੀ ਰਹਿੰਦੀਆਂ ਹਨ। ਜੇ ਸਾਡੀ ਉਸ 'ਤੇ ਮਿਹਰ ਨਾ ਹੋਵੇ ਤਾਂ ਉਹ ਆਥਣ ਨੂੰ ਘਰ ਪੁੱਜ ਜਾਵੇ। ਉਸ ਨੂੰ ਅਹਿਸਾਨ ਚੁਕਾਉਣ ਲਈ ਆਖਿਆ ਜਾਵੇ।

ਪਹਿਲਾਂ ਰਣਜੀਤ ਸਿੰਘ ਨੇ ਆਨਾ-ਕਾਨੀ ਕੀਤੀ। ਜਦੋਂ ਬਾਬੂ ਆਪਣੀ ਜ਼ਿੱਦ 'ਤੇ ਅੜ ਗਏ ਤਾਂ ਰਣਜੀਤ ਨੂੰ ਅੜ ਛੱਡਣੀ ਪਈ। "ਬਾਬੂ ਠੀਕ ਕਹਿੰਦੇ ਹਨ। ਇਹਨਾਂ ਦੀ ਕਿਰਪਾ ਨਾਲ ਮੈਂ ਸੂਬੇ ਦੀ ਸਭ ਤੋਂ ਵੱਧ ਕਮਾਊ ਜੇਲ੍ਹ ਵਿਚ ਟਿਕਿਆ ਹੋਇਆ ਹਾਂ। ਨਾਲੇ ਬੱਕਰੇ ਦੀ ਮਾਂ ਕਦੋਂ ਤਕ ਸੁੱਖ ਮਨਾਏਗੀ। ਬਾਬੂ ਆਪਣੀ ਆਈ 'ਤੇ ਆਏ ਹੋਏ ਹਨ। ਬਸੰਤ ਨੇ ਵੱਢਿਆ ਹੀ ਜਾਣਾ ਹੈ। ਮੈਂ ਨਹੀਂ ਤਾਂ ਕੋਈ ਹੋਰ ਹੂਲਾ ਫੱਕੇਗਾ। ਇਹ ਕੌੜਾ ਘੁੱਟ ਮੈਨੂੰ ਹੀ ਭਰਨਾ ਪਏਗਾ। ਆਪਣਾ ਵੱਢੇਗਾ ਤਾਂ ਛਾਵੇਂ ਸੁੱਟੇਗਾ।"

ਬਾਬੂਆਂ ਦੀ ਯੋਜਨਾ ਨੂੰ ਸਿਰੇ ਚਾੜ੍ਹਨ ਲਈ ਅਮਲੀਆਂ ਦੀ ਬੈਰਕ ਦੀ ਤਲਾਸ਼ੀ ਦੀ ਯੋਜਨਾ ਬਣੀ ਸੀ।

ਬਸੰਤ ਕਬੂਤਰ ਵਾਂਗ ਅੱਖਾਂ ਮੀਚ ਕੇ ਬਿੱਲੀ ਦੇ ਝਪਟਣ ਦਾ ਇੰਤਜ਼ਾਰ ਕਰਨ ਲੱਗਾ।

ਦੁਪਹਿਰ ਦੀ ਬੰਦੀ ਸਮੇਂ ਉਹੋ ਹੋਇਆ, ਜਿਸ ਦੀ ਪਹਿਲਾਂ ਸੂਚਨਾ ਮਿਲੀ ਸੀ।

ਦਗੜ-ਦਗੜ ਕਰਦੇ ਚਾਰ-ਪੰਜ ਵਾਰਡਰ, ਦੋ ਸਹਾਇਕ ਦਰੋਗੇ ਅਤੇ ਡਿਪਟੀ ਬੈਰਕ ਵਿਚ ਆ ਧਮਕੇ। ਆਉਂਦੇ ਹੀ ਕੈਦੀਆਂ ਨੂੰ ਹੁਕਮ ਹੋਇਆ :

"ਜਿਥੇ ਹੋ ਉਥੇ ਹੀ ਹੱਥ ਖੜੇ ਕਰ ਕੇ ਖੜੇ ਹੋ ਜਾਵੋ।"

ਕੈਦੀ ਖੜੇ ਹੋ ਗਏ।

ਵਾਰਡਰ ਬੈਰਕ ਵਿਚ ਜਾ ਵੜੇ। ਟਰੰਕ, ਪੀਪੇ ਅਤੇ ਝੋਲੇ ਢੇਰ ਕਰ ਲਏ। ਕਿਧਰੋਂ ਕੁਝ ਨਹੀਂ ਸੀ ਮਿਲ ਰਿਹਾ।

ਇਕ ਕੈਦੀ ਦੇ ਝੋਲੇ ਵਿਚੋਂ ਨੂਤਨ ਦੀ ਫ਼ੋਟੋ ਵਾਲਾ ਗੋਲ ਸ਼ੀਸ਼ਾ ਮਿਲਿਆ। ਚੀਫ਼ ਵਾਰਡਰ ਨੇ ਉਹ ਜ਼ਬਤ ਕਰ ਲਿਆ। "ਸ਼ੀਸ਼ੇ ਨੂੰ ਤੋੜ ਕੇ ਦੂਜੇ ਕੈਦੀਆਂ ਨੂੰ ਸੱਟ ਮਾਰਨ ਲਈ ਇਸ ਦੀ ਵਰਤੋਂ ਹੋ ਸਕਦੀ ਹੈ।" ਇਸ ਦਾ ਕਾਰਨ ਉਸ ਨੇ ਇਹ ਦੱਸਿਆ।

ਇਕ ਕੈਦੀ ਕੋਲ ਪੱਗ ਹੇਠਲੇ ਵਾਲ ਠੀਕ ਕਰਨ ਵਾਲਾ ਬਾਜ ਸੀ। "ਬਾਜ ਢਿੱਡ ਪਾੜਨ ਲਈ ਵਰਤਿਆ ਜਾ ਸਕਦੈ।" ਇਹ ਆਖ ਕੇ ਦੂਜੇ ਵਾਰਡਰ ਨੇ ਬਾਜ ਜ਼ਬਤ ਕਰ ਲਿਆ।

ਘੰਟਾ ਤਲਾਸ਼ੀ ਹੁੰਦੀ ਰਹੀ। ਕੋਈ ਵੀ ਇਤਰਾਜ਼ ਯੋਗ ਵਸਤੂ ਨਾ ਮਿਲਣ ਕਾਰਨ ਮੁਹਿੰਮ ਅਸਫ਼ਲ ਹੁੰਦੀ ਨਜ਼ਰ ਆਉਣ ਲੱਗੀ।

ਡਿਪਟੀ ਨੂੰ ਹੇਠਲੇ ਸਟਾਫ਼ 'ਤੇ ਗ਼ੁੱਸਾ ਚੜ੍ਹਿਆ। ਉਹਨਾਂ ਨੂੰ ਗਾਲ੍ਹਾਂ ਕੱਢਦਾ ਉਹ ਖ਼ੁਦ ਤਲਾਸ਼ੀ ਕਰਨ ਲੱਗਾ।

ਪਹਿਲੇ ਹੱਲੇ ਹੀ ਸ਼ਿਕਾਰ ਹੱਥ ਲੱਗ ਗਿਆ।

ਬਸੰਤ ਨੇ ਆਪਣੇ ਪਜਾਮੇ ਦੇ ਨੇਫ਼ੇ ਵਿਚ ਮੋਮੀ ਕਾਗ਼ਜ਼ ਦੀ ਲੰਬੀ ਟਿਊਬ ਛੁਪਾ ਰੱਖੀ ਸੀ। ਟਿਊਬ ਦੀ ਘੋਖ ਹੋਈ। ਉਸ ਵਿਚਲਾ ਮਾਦਾ ਅਫ਼ੀਮ ਸੀ।

"ਲਓ, ਮੁਖ਼ਬਰ ਝੂਠ ਨਹੀਂ ਸੀ ਬੋਲ ਰਿਹਾ। ਫੜੀ ਗਈ ਨਾ ਅਫ਼ੀਮ।"

ਆਖਦਾ ਰਣਜੀਤ ਬਸੰਤ ਨੂੰ ਗਲੋਂ ਫੜ ਕੇ ਡਿਉੜੀ ਵੱਲ ਲੈ ਤੁਰਿਆ।

"ਮੈਂ ਨਿਰਦੋਸ਼ ਹਾਂ। ਤੁਹਾਨੂੰ ਪਤਾ ਹੈ ਮੈਂ ਨਸ਼ਾ ਨਹੀਂ ਕਰਦਾ। ਇਹ ਬਹੁਤ ਮਹਿੰਗਾ ਹੈ, ਮੇਰੀ ਪਹੁੰਚ ਤੋਂ ਬਾਹਰ ਹੈ।"

ਉਸ ਦੀ ਪੁਕਾਰ ਨਾ ਕਿਸੇ ਸੁਣਨੀ ਸੀ, ਨਾ ਸੁਣੀ।

"ਫੜੇ ਜਾਣ 'ਤੇ ਹਰ ਮੁਲਜ਼ਮ ਇਹ ਆਖਦਾ ਹੈ", ਆਖਦਾ ਡਿਪਟੀ ਪੁਲਿਸ ਨੂੰ ਜੇਲ੍ਹ ਬੁਲਾਉਣ ਲਈ ਫ਼ੋਨ ਕਰਨ ਲੱਗਾ।

ਪੁਲਿਸ ਨਾਲ ਜਾਣ ਤੋਂ ਪਹਿਲਾਂ ਬਸੰਤ ਡਿਪਟੀ ਦੇ ਪੈਰਾਂ ਵੱਲ ਝੁਕ ਕੇ ਇਕ ਵਾਰ ਫੇਰ ਗਿੜਗਿੜਾਇਆ।

"ਤੁਹਾਨੂੰ ਪਤਾ ਹੈ ਮੈਨੂੰ ਕਿਉਂ ਫਸਾਇਆ ਜਾ ਰਿਹਾ ਹੈ? ਮੇਰੇ 'ਤੇ ਰਹਿਮ ਕਰੋ।"

"ਪਤਾ ਹੈ। ਪਰ ਮੈਂ ਕੀ ਕਰਾਂ ਹੁਕਮ ਦਾ ਬੱਝਾ ਹਾਂ।" ਗਲਾ ਭਰ ਆਉਣ ਕਾਰਨ ਇਸ ਤੋਂ ਵੱਧ ਡਿਪਟੀ ਤੋਂ ਕੁਝ ਨਾ ਬੋਲਿਆ ਗਿਆ।

ਦੂਸਰੇ ਮੁਲਾਜ਼ਮ ਰਣਜੋਧ ਸਿੰਘ ਦੀ ਕਮਜ਼ੋਰੀ ਨਾ ਭਾਂਪ ਲੈਣ, ਇਸ ਲਈ ਖੰਘਣ ਦੇ ਬਹਾਨੇ ਉਸ ਨੇ ਮੂੰਹ ਰੁਮਾਲ ਨਾਲ ਢੱਕ ਲਿਆ।

ਹਵਾਲਾਤ ਵਿਚ ਪਿਆ ਬਸੰਤ ਸਾਰੀ ਰਾਤ ਆਪਣੇ-ਆਪ ਨਾਲ ਘੁਲਦਾ ਰਿਹਾ। "ਤੂੰ ਸ਼ਰਾਫ਼ਤ ਵਿਚੋਂ ਕੀ ਖੱਟਿਆ।" ਆਪਣੇ ਆਪ ਤੋਂ ਪੁੱਛਦਾ ਰਿਹਾ।

ਬਸੰਤ ਬੇਟ ਵਿਚ ਜੰਮਿਆ ਸੀ। ਸੱਪਾਂ ਦੀਆਂ ਸਿਰੀਆਂ ਫੇਹ-ਫੇਹ ਦਰਿਆ ਨੂੰ ਬੰਨ੍ਹ ਮਾਰ,



ਉਸ ਦੇ ਬਾਪ ਨੇ ਮਸਾਂ ਚਾਰ ਏਕੜ ਜ਼ਮੀਨ ਵਾਹੀ ਯੋਗ ਬਣਾਈ ਸੀ। ਜੇ ਕਦੇ ਜਲ ਦੇਵਤਾ ਮਿਹਰਬਾਨ ਹੋ ਜਾਂਦਾ, ਚਾਰ ਮਣ ਦਾਣੇ ਕੋਠੀ ਪੈ ਜਾਂਦੇ। ਜੇ ਕਰੋਪ ਹੋ ਜਾਂਦਾ, ਸਾਰੀ ਫ਼ਸਲ ਰੋੜ੍ਹ ਕੇ ਲੈ ਜਾਂਦਾ।

ਇਸ ਲੁੱਕਣ-ਮੀਚੀ ਤੋਂ ਡਰਦੇ ਰਾਏ ਸਿੱਖ ਧੰਦੇ ਬਦਲ ਰਹੇ ਸਨ। ਬਸੰਤ ਨੇ ਡਰਾਈਵਰਾਂ ਨਾਲ ਯਾਰੀ ਪਾ ਲਈ। ਜਦੋਂ ਘਰ ਕੰਮ ਨਾ ਹੁੰਦਾ ਤਾਂ ਉਹ ਡਰਾਈਵਰਾਂ ਨਾਲ ਬਾਹਰ ਨਿਕਲ ਜਾਂਦਾ।

ਉਸਤਾਦ ਦੀ ਦਿਲੋਂ ਸੇਵਾ ਕੀਤੀ। ਖ਼ੁਸ਼ ਹੋ ਕੇ ਉਸ ਨੇ ਤਿੰਨ ਸਾਲਾਂ ਵਿਚ ਖ਼ਲਾਸੀ ਤੋਂ ਡਰਾਈਵਰ ਬਣਾ ਦਿੱਤਾ। ਪੱਕਾ ਲਾਇਸੈਂਸ ਲੈ ਦਿੱਤਾ। ਫੇਰ ਨੌਕਰੀ ਲਗਵਾ ਦਿੱਤੀ।

ਪਲੀ-ਪਲੀ ਜੋੜ ਕੇ ਬਸੰਤ ਨੇ ਕੁੱਪਾ ਭਰ ਲਿਆ। ਇਕ ਦਿਨ ਆਪਣਾ ਟਰੱਕ ਲਿਆ ਕੇ ਡੇਰੇ ਖੜ੍ਹਾ ਕਰ ਦਿੱਤਾ।

ਗੱਡੀ ਨਾਲ ਹੀ ਰਿਸ਼ਤਾ ਆ ਗਿਆ। ਸਾਲ ਦੇ ਅੰਦਰ-ਅੰਦਰ ਮੁੰਡੇ ਦਾ ਬਾਪ ਬਣ ਗਿਆ।

ਸਾਰੇ ਡਰਾਈਵਰਾਂ ਵਾਂਗ ਉਸ ਨੂੰ ਵੀ ਮਾਵਾ ਖਾਣ ਅਤੇ ਭੁੱਕੀ ਪੀਣ ਦੀ ਆਦਤ ਪੈ ਗਈ। ਸਾਥੀ ਡਰਾਈਵਰਾਂ ਨੇ ਗੁਰਮੰਤਰ ਦੱਸਿਆ, "ਹੁਣ ਤਾਂ ਟਰੱਕ ਦਾ ਮਾਲਕ ਹੈਂ। ਮਾਲਕ ਚੌਗੁਣੇ ਭਾਅ ਨਸ਼ਾ ਨਹੀਂ ਖ਼ਰੀਦਦੇ। ਬਾਹਰ-ਅੰਦਰ ਗਿਆ ਬੋਰੀ ਧਰ ਲਿਆਇਆ ਕਰ।" ਨਾਲੇ ਉਸ ਨੂੰ ਠਿਕਾਣੇ ਦੱਸ ਦਿੱਤੇ।

ਪੰਜਾਬੀ ਢਾਬੇ ਵਾਲੇ ਨੇ ਹੋਰ ਅਕਲ ਦਿੱਤੀ।

"ਕਦੇ ਰਾਜਸਥਾਨ ਵੱਲ ਗਿਆ ਬੋਰੀ ਵੱਧ ਧਰ ਲਿਆਇਆ ਕਰ। ਮੇਰੇ ਢਾਬੇ 'ਤੇ ਲਾਹ ਜਾਇਆ ਕਰ। ਪੰਜ ਸੌ ਬੋਰੀ ਦੇ ਹਿਸਾਬ ਨਾਲ ਫੜ ਲਿਜਾਇਆ ਕਰ।"

ਚੌਥੇ ਗੇੜੇ ਬਸੰਤ ਫਸ ਗਿਆ।

ਬਸੰਤ ਨੂੰ ਜੇਲ੍ਹ ਜਾ ਕੇ ਪਤਾ ਲੱਗਾ ਕਿ ਨਸ਼ਿਆਂ ਦੇ ਵਪਾਰੀਆਂ ਨਾਲ ਨਜਿੱਠਣ ਵਾਲਾ ਕਾਨੂੰਨ ਕਿੰਨਾ ਸਖ਼ਤ ਹੈ। ਸਾਲ ਭਰ ਬਸੰਤ ਜੇਲ੍ਹ ਵਿਚ ਸੜਦਾ ਰਿਹਾ ਅਤੇ ਟਰੱਕ ਥਾਣੇ ਵਿਚ। ਉਸ ਦੀ ਜ਼ਮਾਨਤ 'ਤੇ ਰਿਹਾਅ ਹੋਣ ਦੀ ਤਾਂ ਕੋਈ ਸੰਭਾਵਨਾ ਸੀ ਹੀ ਨਹੀਂ। ਟਰੱਕ ਦੇ ਸਪੁਰਦਗੀ 'ਤੇ ਮਿਲਣ 'ਤੇ ਵੀ ਸੌ ਔਕੜਾਂ ਆਉਣ ਲੱਗੀਆਂ। ਕਾਨੂੰਨ ਚਾਹੁੰਦਾ ਸੀ ਕਿ ਲੋਕਾਂ ਨੂੰ ਅਮਲ 'ਤੇ ਲਾਉਣ ਵਾਲੇ ਗ਼ਲਤ ਅਨਸਰ ਜੇਲ੍ਹਾਂ ਵਿਚ ਮਰ-ਖਪ ਜਾਣ ਅਤੇ ਨਸ਼ੇ ਢੋਣ ਵਾਲੀਆਂ ਗੱਡੀਆਂ ਧੁੱਪ ਅਤੇ ਮੀਂਹ ਕਾਰਨ ਥਾਣੇ ਖੜੀਆਂ ਗਲ ਜਾਣ।

ਬਸੰਤ ਨੂੰ ਹੱਡ ਰੇਤ ਕੇ ਬਣਾਈ ਗੱਡੀ ਦਾ ਵੀ ਓਨਾ ਹੀ ਫ਼ਿਕਰ ਸੀ ਜਿੰਨਾ ਸ਼ਰੀਕਾਂ ਦੇ ਹੱਥਾਂ ਵੱਲ ਝਾਕਦੀ ਪਤਨੀ ਦਾ।

ਕਾਨੂੰਨ ਦੇ ਨਾਲ-ਨਾਲ ਸਕੇ ਭਰਾ ਵੀ ਬਸੰਤ ਤੋਂ ਅਗਲੇ-ਪਿਛਲੇ ਜਨਮਾਂ ਦੇ ਬਦਲੇ ਲੈਣ ਲੱਗੇ। ਪਹਿਲਾਂ ਵੱਡਾ ਭਰਾ ਗੱਡੀ ਦਾ ਮੁਖ਼ਤਿਆਰਨਾਮਾ ਤਿਆਰ ਕਰ ਕੇ ਲੈ ਆਇਆ। ਕਹਿੰਦਾ, "ਪੁਲਿਸ ਅਤੇ ਜੱਜ ਨਾਲ ਗੱਲ ਹੋ ਗਈ ਹੈ। ਹੇਠ-ਉਤਾਂਹ ਕਰ ਕੇ ਗੱਡੀ ਛੁਡਾ ਲਵਾਂਗੇ। ਚੱਲਦੀ ਗੱਡੀ ਸੰਭਲੀ ਰਹੂ, ਨਾਲੇ ਭਰਜਾਈ ਦਾ ਹੱਥ ਸੁਖਾਲਾ ਰਹੂ।"

ਫੇਰ ਛੋਟਾ ਭਰਾ ਜ਼ਮੀਨ ਦਾ ਮੁਖ਼ਤਿਆਰਨਾਮਾ ਕਰਵਾ ਕੇ ਲੈ ਆਇਆ। ਕਹਿੰਦਾ, "ਪੈਸੇ ਟਕੇ ਦੀ ਘਾਟ ਰਹਿੰਦੀ ਹੈ। ਇਸ ਕਰਕੇ ਤੇਰੀ ਜ਼ਮਾਨਤ ਨਹੀਂ ਹੁੰਦੀ। ਹਾਈ ਕੋਰਟ ਦੇ ਵਕੀਲ ਨਾਲ ਗੱਲ ਹੋ ਗਈ ਹੈ। ਨਾਲੇ ਉਹ ਜ਼ਮਾਨਤ ਕਰਵਾ ਦੇਵੇਗਾ, ਨਾਲੇ ਬਰੀ। ਹੱਥ ਖੁੱਲ੍ਹਾ ਹੋਏਗਾ ਤਾਂ ਗੱਲ ਬਣੇਗੀ।

ਛੇ ਕੁ ਮਹੀਨਿਆਂ ਬਾਅਦ ਦੋਹਾਂ ਭਰਾਵਾਂ ਦੇ ਤੇਵਰ ਬਦਲਣ ਲੱਗੇ। ਮੁਲਾਕਾਤ 'ਤੇ ਆਈ ਪਤਨੀ ਤੜਫਦੀ :

"ਵੱਡਾ ਟਰੱਕ ਦੀ ਕਮਾਈ ਵਿਚੋਂ ਦੁਆਨੀ ਨਹੀਂ ਦਿੰਦਾ। ਜੇ ਮੰਗਾਂ ਤਾਂ ਕਹਿ ਦਿੰਦਾ ਹੈ ਕਿ ਹਾਲੇ ਮੁਰੰਮਤ 'ਤੇ ਆਇਆ ਖ਼ਰਚਾ ਵੀ ਪੂਰਾ ਨਹੀਂ ਹੋਇਆ। ਪੁਲਿਸ ਨੇ ਸਾਰਾ ਸਾਮਾਨ ਕੱਢ ਲਿਆ ਸੀ। ਕਦੇ ਕਹਿ ਦਿੰਦਾ ਹੈ ਕਿ ਟਰੱਕ ਸਪੁਰਦਗੀ 'ਤੇ ਲੈਣ 'ਤੇ ਬਹੁਤ ਖ਼ਰਚਾ ਆਇਆ ਸੀ। ਲਾਲੇ ਦਾ ਵਿਆਜ ਨਹੀਂ ਮਾਨ।"

ਬਸੰਤ ਉਸ ਨੂੰ ਟੋਕਦਾ ਤਾਂ ਉਹ ਗ਼ੁੱਸਾ ਕਰਦਾ। ਗ਼ੁੱਸੇ ਕਾਰਨ ਉਸ ਨੇ ਮੁਲਾਕਾਤ ਲਈ ਆਉਣਾ ਛੱਡ ਦਿੱਤਾ। ਟਰੱਕ ਆਪਣੇ ਨਾਂ ਕਰਵਾ ਲਿਆ। ਉਪਰ ਵੱਡੇ ਅੱਖਰਾਂ ਵਿਚ ਆਪਣਾ ਨਾਂ ਲਿਖਵਾ ਲਿਆ।

ਛੋਟੇ ਨੇ ਪਹਿਲਾਂ ਜ਼ਮੀਨ ਗਹਿਣੇ ਰੱਖੀ। ਕਦੇ ਕਹਿੰਦਾ 'ਵਕੀਲ ਦੀ ਫ਼ੀਸ ਦੇਣੀ ਹੈ।' ਕਦੇ ਕਹਿੰਦਾ 'ਗਵਾਹਾਂ ਨੂੰ ਭੰਨਣਾ ਹੈ।' ਫੇਰ ਕਹਿੰਦਾ ਗਹਿਣੇ 'ਤੇ ਹੋਰ ਪੈਸੇ ਮਿਲਣੋਂ ਹੱਟ ਗਏ। ਵਿਆਜ ਵੱਧ ਪੈਣ ਲੱਗ ਪਿਆ। ਬਿਨਾਂ ਕੁਝ ਪੁੱਛੇ ਉਸ ਨੇ ਜ਼ਮੀਨ ਬੈਅ ਕਰ ਦਿੱਤੀ।

ਕਦੇ ਕੋਈ ਭੁੱਲਿਆ ਚੁੱਕਿਆ ਜੇ ਪਿੰਡੋਂ ਮੁਲਾਕਾਤ ਲਈ ਆਉਂਦਾ ਤਾਂ ਖ਼ੁਸ਼ੀ ਦੇ ਥਾਂ ਗ਼ਮ ਦੇ ਜਾਂਦਾ। ਕੋਈ ਕਹਿੰਦਾ, "ਤੇਰੀ ਪਤਨੀ ਦੀ ਜੂਨ ਬੁਰੀ ਹੈ। ਸ਼ਰੀਕਾਂ ਦੇ ਭਾਂਡੇ ਮਾਂਜ ਕੇ ਗੁਜ਼ਾਰਾ ਕਰਦੀ ਹੈ।" ਕੋਈ ਕਹਿੰਦਾ, "ਉਸ ਦੀ ਹਿੰਮਤ ਜਵਾਬ ਦੇ ਗਈ ਜਾਪਦੀ ਹੈ। ਅੱਜਕੱਲ੍ਹ ਉਹ ਦਿਉਰ ਨਾਲ ਸਾਈਕਲ 'ਤੇ ਬੈਠ ਕੇ ਸ਼ਹਿਰ ਤੁਰੀ ਰਹਿੰਦੀ ਹੈ।"

ਬਸੰਤ ਪਤਨੀ ਨਾਲ ਲੜਿਆ। ਉਸ ਨੇ ਵੀ ਸੁਣਾਈਆਂ ਤੇ ਮੁੜ ਉਹ ਵੀ ਜੇਲ੍ਹ ਆਉਣਾ ਛੱਡ ਗਈ।

ਪਿਛਲੇ ਤਿੰਨ ਸਾਲ ਤੋਂ ਉਸ ਨੂੰ ਕਿਸੇ ਨੇ ਮੂੰਹ ਨਹੀਂ ਸੀ ਦਿਖਾਇਆ। ਇਹ ਸੀ ਬਸੰਤ ਦੀ ਸ਼ਰਾਫ਼ਤ ਦਾ ਮੁੱਲ।

ਬਸੰਤ ਨੂੰ ਹੁਣੇ-ਹੁਣੇ ਬਰੀ ਹੋ ਕੇ ਗਏ ਭੋਲੂ ਪਹਿਲਵਾਨ ਦੀ ਯਾਦ ਆਈ। ਉਹ ਸੋਚਣ ਲੱਗਾ, ਉਸ ਨੂੰ ਵੀ ਭੋਲੂ ਪਹਿਲਵਾਨ ਵਾਂਗ ਖੁੱਲ੍ਹ ਕੇ ਕੰਮ ਕਰਨਾ ਚਾਹੀਦਾ ਸੀ। ਦੋ-ਚਾਰ ਬੋਰੀਆਂ ਦੀ ਥਾਂ ਟਰੱਕ ਭਰ ਕੇ ਲਿਆਉਣਾ ਚਾਹੀਦਾ ਸੀ। ਪੁਲਿਸ ਕੋਲੋਂ ਲੁਕਣ ਦੀ ਥਾਂ ਉਸ ਨਾਲ ਵੰਡ ਕੇ ਖਾਣਾ ਚਾਹੀਦਾ ਸੀ। ਫੇਰ ਉਹ ਵੀ ਭੋਲੂ ਵਾਂਗ ਵੀਹ ਟਰੱਕਾਂ, ਕੋਠੀ, ਕਾਰ ਅਤੇ ਫ਼ਾਰਮਾਂ ਦਾ ਮਾਲਕ ਹੁੰਦਾ। ਉਸ ਦੇ ਬੱਚੇ ਵੀ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ। ਪਤਨੀ ਦਿਓਰ ਨਾਲ ਭੱਜਣ ਦੀ ਥਾਂ ਕਾਲੀਆਂ ਐਨਕਾਂ ਲਾ ਕੇ ਕਲੱਬਾਂ ਵਿਚ ਜਾਂਦੀ। ਆਪਣਾ ਹਿੱਸਾ-ਪੱਤੀ ਲੈਣ ਆਏ ਥਾਣੇਦਾਰ ਦਰਾਂ 'ਤੇ ਖੜ੍ਹੇ ਰਹਿੰਦੇ। ਨਾ ਕਿਸੇ ਪੁਲਿਸ ਵਾਲੇ ਦੀ ਮੁਕੱਦਮਾ ਕਰਨ ਦੀ ਹਿੰਮਤ ਪੈਂਦੀ, ਨਾ ਕਿਸੇ ਜੱਜ ਦੀ ਸਜ਼ਾ ਕਰਨ ਦੀ।

ਜੇਲ੍ਹ ਵਾਲਿਆਂ ਵੀ ਸ਼ਰਾਫ਼ਤ ਦਾ ਕੀ ਮੁੱਲ ਪਾਇਆ ? ਮਿੱਲੀ ਮੁਆਫ਼ੀ ਕਿਸੇ ਕੰਮ ਨਾ ਆਈ। ਹੋਰਾਂ ਵਾਂਗ ਉਸ ਨੇ ਵੀ ਜੇਲ੍ਹ ਅੰਦਰ ਗੁੰਡਾਗਰਦੀ ਕੀਤੀ ਹੁੰਦੀ, ਨਸ਼ੇ-ਪਤੇ ਵੇਚੇ ਹੁੰਦੇ ਤਾਂ ਮੌਜ ਰਹਿੰਦੀ। ਘੁੱਗੂ ਬਣ ਕੇ ਰਹਿਣ ਦੀ ਥਾਂ ਉਹ ਕਿਸੇ ਬਦਮਾਸ਼ ਦਾ ਚੇਲਾ ਬਣਦਾ, ਕਿਸੇ ਸਿਖਾਂਦਰੂ ਦਾ ਗੁਰੂ। ਪਹਿਲਾਂ ਕਿਸੇ ਵੱਡੇ ਗਿਰੋਹ ਦਾ ਮੈਂਬਰ ਬਣਦਾ, ਫੇਰ ਸਰਗਨਾ। ਭੁੱਖ ਨੰਗ ਜਰਨ ਦੀ ਜ਼ਰੂਰਤ ਨਾ ਪੈਂਦੀ। ਚੇਲੇ ਆਪੇ ਜ਼ਮਾਨਤ ਕਰਵਾ ਦਿੰਦੇ। ਆਪੇ ਬਰੀ ਕਰਵਾ ਦਿੰਦੇ। ਜੇਲ੍ਹ 'ਚ ਰਹਿਣ ਕਾਰਨ ਕੁਝ ਦੇਰ ਲਈ ਰੁਕਿਆ ਕੰਮ ਫੇਰ ਚਲਵਾ ਦਿੰਦੇ।

ਬਸੰਤ ਨੂੰ ਲੱਗਾ, ਰਿਹਾਈ ਰੁਕਣ ਨਾਲ ਚੰਗਾ ਹੀ ਹੋਇਆ। ਪਿੰਡ ਗਏ ਦੇ ਉਸ ਦੇ ਟਿੱਚਰਾਂ



ਅਤੇ ਮਿਹਣੇ ਹੀ ਪੱਲੇ ਪੈਣੇ ਸਨ। ਪਿੰਡ ਵਿਚ ਹੁਣ ਨਾ ਜ਼ਮੀਨ ਸੀ, ਨਾ ਘਰ ਤੇ ਨਾ ਘਰਵਾਲੀ।

"ਬੱਸ ! ਬਹੁਤ ਹੋ ਗਈ ਸ਼ਰਾਫ਼ਤ।" ਸਾਰੀ ਰਾਤ ਵਾਧਿਆਂ-ਘਾਟਿਆਂ ਬਾਅਦ ਬਸੰਤ ਇਸ ਸਿੱਟੇ 'ਤੇ ਪੁੱਜਾ, "ਹੁਣ ਮੈਨੂੰ ਇਸ ਮੁਕੱਦਮੇ ਵਿਚ ਨਵੇਂ ਸਿਰਿਉਂ ਜੇਲ੍ਹ ਜਾਣਾ ਪਏਗਾ। ਇਸ ਵਾਰ ਨਵਾਂ ਬਸੰਤ ਜੇਲ੍ਹ ਜਾਏਗਾ। ਬਸੰਤ ਦਾ ਬਦਲਿਆ ਰੂਪ ਬਾਹਰ ਆਏਗਾ।"

ਸੱਪ ਵਾਂਗ ਪੁਰਾਣੀ ਕੁੰਜ ਲਾਹ ਕੇ ਨਵਾਂ ਨਰੋਆ ਬਸੰਤ ਮੈਜਿਸਟ੍ਰੇਟ ਅੱਗੇ ਕਿਸ ਤਰ੍ਹਾਂ ਪੇਸ਼ ਹੋਣਾ ਹੈ, ਇਸ ਦੀ ਤਿਆਰੀ ਕਰਨ ਲੱਗਾ।

ਇਸ ਵਾਰ ਮੈਜਿਸਟ੍ਰੇਟ ਕੋਲ ਅਰਜ਼ ਕਰਨ ਤੋਂ ਪਹਿਲਾਂ ਬਸੰਤ ਨੇ ਨਾ ਗਲ ਵਿਚ ਪੱਲੂ ਪਾਇਆ, ਨਾ ਹੱਥ ਜੋੜੇ। ਉਸ ਨੇ ਹਿੱਕ ਅਕੜਾ ਕੇ ਗਰਜਵੀਂ ਆਵਾਜ਼ ਵਿਚ ਆਖਿਆ, "ਜਨਾਬ, ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ।"

"ਕਰੋ।" ਮੈਜਿਸਟ੍ਰੇਟ ਜੋ ਜੇਲ੍ਹ ਵਿਚ ਕੈਦੀ ਕੋਲੋਂ ਅਫ਼ੀਮ ਫੜੇ ਜਾਣ 'ਤੇ ਖ਼ੁਦ ਹੈਰਾਨ ਹੋ ਰਿਹਾ ਸੀ, ਨੇ ਝੱਟ ਉਸ ਨੂੰ ਬੋਲਣ ਦੀ ਇਜਾਜ਼ਤ ਦੇ ਦਿੱਤੀ।

"ਜਨਾਬ, ਮੈਂ ਸੱਤ ਸਾਲ ਤੋਂ ਜੇਲ੍ਹ ਵਿਚ ਬੰਦ ਹਾਂ। ਚਾਰ ਸਾਲ ਹੋ ਗਏ ਮੇਰਾ ਫ਼ੈਸਲਾ ਹੋਏ ਨੂੰ। ਉਸ ਦਿਨ ਤੋਂ ਬਾਅਦ ਮੈਂ ਇਕ ਵਾਰ ਵੀ ਜੇਲ੍ਹੋਂ ਬਾਹਰ ਨਹੀਂ ਨਿਕਲਿਆ। ਤਿੰਨ ਸਾਲ ਤੋਂ ਕੋਈ ਮੇਰੀ ਮੁਲਾਕਾਤ ਲਈ ਨਹੀਂ ਆਇਆ। ਫੇਰ ਇਸ ਅਤੀ ਸੁਰੱਖਿਅਤ ਜੇਲ੍ਹ ਦੇ ਅੰਦਰ ਅਫ਼ੀਮ ਆਈ ਤਾਂ ਕਿਥੋਂ ?"

"ਤੂੰ ਹੀ ਦੱਸ ਕਿਥੋਂ ਆਈ ?" ਮੈਜਿਸਟ੍ਰੇਟ ਇਸੇ ਪ੍ਰਸ਼ਨ ਦੇ ਉੱਤਰ ਦੀ ਤਲਾਸ਼ ਵਿਚ ਸੀ।

ਨਿਧੜਕ ਹੋਏ ਬਸੰਤ ਨੇ ਜੇਲ੍ਹ ਅੰਦਰ ਹੁੰਦੇ ਸਾਰੇ ਕਾਲੇ ਕਾਰਨਾਮਿਆਂ ਦੀ ਕਥਾ ਸੁਣਾ ਦਿੱਤੀ।

"ਮੇਰੀ ਇਕ ਹੋਰ ਅਰਜ਼ ਹੈ।"

"ਉਹ ਵੀ ਦੱਸ।"

"ਮੈਂ ਚਾਹੁੰਦਾ ਹਾਂ, ਜੇਲ੍ਹ ਵਿਚ ਥੋਕ ਦੇ ਭਾਅ ਵਿਕਦੇ ਨਸ਼ਿਆਂ-ਪੱਤਿਆਂ ਦੀ ਉੱਚ-ਪੱਧਰੀ ਜਾਂਚ ਹੋਵੇ। ਉਸ ਜਾਂਚ ਵਿਚ ਮੈਨੂੰ ਸ਼ਾਮਿਲ ਕੀਤਾ ਜਾਵੇ।"

ਮੈਜਿਸਟ੍ਰੇਟ ਵੀ ਇਹੋ ਚਾਹੁੰਦਾ ਸੀ।

ਝੱਟ ਉਸ ਨੇ ਬਸੰਤ ਦਾ ਬਿਆਨ ਲਿਖਿਆ। ਉਸ ਉਪਰ ਉਸ ਦੇ ਦਸਤਖ਼ਤ ਕਰਾਏ। ਫੇਰ ਉਸ ਆਪਣੀ ਟਿੱਪਣੀ ਕੀਤੀ :

"ਮਾਮਲਾ ਬਹੁਤ ਗੰਭੀਰ ਹੈ। ਉੱਚ-ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਉਚਿਤ ਕਾਰਵਾਈ ਲਈ ਮਾਮਲਾ ਸੈਸ਼ਨ ਜੱਜ ਸਾਹਿਬ ਕੋਲ ਭੇਜਿਆ ਜਾਂਦਾ ਹੈ।"

ਮੋਦਨ ਅਤੇ ਹੇਮਾ ਦੇ ਮਾਮਲਿਆਂ ਦੇ ਨਾਲ-ਨਾਲ ਹੁਣ ਸਾਰੀ ਜੇਲ੍ਹ ਵਿਚ ਇਹ ਵੀ ਚਰਚਾ ਹੈ।

"ਇਸ ਮਾਮਲੇ ਦੀ ਸੈਸ਼ਨ ਜੱਜ ਵੱਲੋਂ ਵੱਡੇ ਪੱਧਰ 'ਤੇ ਪੜਤਾਲ ਹੋਣ ਵਾਲੀ ਹੈ।"

## 47

ਇਕ ਹਫ਼ਤੇ ਅੰਦਰ ਸੈਸ਼ਨ ਜੱਜ ਦੇ ਨਾਂ ਆਇਆ ਇਹ ਤੀਜਾ ਖ਼ਤ ਸੀ। ਪਹਿਲੇ ਦੋ ਖ਼ਤਾਂ ਵਿਚ ਕੈਦੀਆਂ ਨੇ ਆਪਣੇ ਦੁਖੜੇ ਰੋਏ ਸਨ। ਤੀਜੇ ਵਿਚ ਉਹਨਾਂ ਨੇ ਹਿਰਦੇਪਾਲ ਉਪਰ ਹੀ ਚਿੱਕੜ ਸੁੱਟ ਦਿੱਤਾ ਸੀ।

ਇਸ ਵਿਚ ਕਸੂਰ ਕੈਦੀਆਂ ਦਾ ਨਹੀਂ ਸੀ। ਮਿੱਤਰ-ਮੋਹ ਵੱਸ ਸੈਸ਼ਨ ਜੱਜ ਨੇ ਆਪਣੇ ਫ਼ਰਜ਼ਾਂ ਤੋਂ ਕੁਤਾਹੀ ਕੀਤੀ ਸੀ।

ਜੇਲ੍ਹ ਅੰਦਰੋਂ ਨਸ਼ਾ-ਪੱਤਾ ਜਾਂ ਚਾਕੂ ਬਰਾਮਦ ਹੋਣਾ ਆਮ ਜਿਹੀ ਘਟਨਾ ਸੀ। ਮੁਕੱਦਮੇ ਦਰਜ ਹੁੰਦੇ ਸਨ ਅਤੇ ਰਫ਼ਾ-ਦਫ਼ਾ ਹੋ ਜਾਂਦੇ ਸਨ।

ਇਹ ਪਹਿਲੀ ਵਾਰ ਸੀ ਜਦੋਂ ਇਕ ਕੈਦੀ ਸਾਰੇ ਕਾਂਡ ਦੀ ਜਾਂਚ ਦੀ ਪੜਤਾਲ ਲਈ ਅੜਿਆ ਹੋਇਆ ਸੀ। ਉਹ ਕਹਿੰਦਾ ਸੀ :

"ਜੇਲ' ਦੇ ਚੱਪੇ-ਚੱਪੇ ਉੱਪਰ ਸੁਰੱਖਿਆ ਦਸਤੇ ਲੱਗੇ ਹੁੰਦੇ ਹਨ। ਜੇਲ੍ਹ ਅਧਿਕਾਰੀਆਂ ਦੀ ਮਰਜ਼ੀ ਤੋਂ ਬਿਨਾਂ ਜੇਲ੍ਹ ਅੰਦਰ ਚਿੜੀ ਵੀ ਪਰ ਨਹੀਂ ਮਾਰ ਸਕਦੀ। ਫੇਰ ਅੰਦਰ ਅਫ਼ੀਮ ਪੁੱਜੀ ਤਾਂ ਕਿਸ ਤਰ੍ਹਾਂ ?"

ਮਾਇਆ ਨਗਰ ਦੇ ਸੈਸ਼ਨ ਜੱਜ ਹਿਰਦੇਪਾਲ ਨੇ ਜਦੋਂ ਇਹ ਪੜਤਾਲ ਆਪਣੇ ਹੱਥ ਲਈ ਸੀ ਤਾਂ ਉਸ ਸਮੇਂ ਉਸ ਦਾ ਮਕਸਦ ਆਪਣੇ ਮਿੱਤਰ ਜੇਲ੍ਹ ਸੁਪਰਡੈਂਟ ਨੂੰ ਕਿਸੇ ਸੰਕਟ ਤੋਂ ਬਚਾਉਣਾ ਸੀ।

ਉਹ ਅਤੇ ਰਣਜੋਧ ਸਿੰਘ ਲੰਗੋਟੀਏ ਯਾਰ ਸਨ। ਦੋਵੇਂ ਸ਼ਿਕਾਰ ਦੇ ਸ਼ੌਕੀਨ ਸਨ। ਹਫ਼ਤਾ-ਹਫ਼ਤਾ ਇਕੱਠੇ ਸ਼ਿਕਾਰ ਖੇਡਣ ਜਾਂਦੇ ਸਨ। ਪਰਿਵਾਰਿਕ ਸੰਬੰਧ ਸਥਾਪਿਤ ਹੋ ਚੁੱਕੇ ਸਨ। ਮਹੀਨੇ ਵਿਚ ਘੱਟੋ-ਘੱਟ ਇਕ ਵਾਰ ਇਕੱਠੇ ਖਾਣਾ ਖਾਂਦੇ ਸਨ। ਕਦੇ ਇਧਰ, ਕਦੇ ਉਧਰ।

ਹਿਰਦੇਪਾਲ ਜਾਣਦਾ ਸੀ ਕਿ ਇਸ ਕਾਂਡ ਵਿਚ ਜੇਲ੍ਹ ਸੁਪਰਡੈਂਟ ਦੀ ਕੋਈ ਭੂਮਿਕਾ ਨਹੀਂ ਸੀ। ਫੇਰ ਵੀ ਮਾਤਹਿਤ ਦੀ ਬੇਵਕੂਫ਼ੀ ਕਾਰਨ ਉਸ ਦੀ ਪ੍ਰਬੰਧਕੀ ਕਾਰਜ-ਕੁਸ਼ਲਤਾ ਉਪਰ ਧੱਬਾ ਨਹੀਂ ਸੀ ਲੱਗਣਾ ਚਾਹੀਦਾ।

ਕਿਸੇ ਦਾ ਚੁੱਕਿਆ ਬਸੰਤ ਪੜਤਾਲ ਦੀ ਮੰਗ ਕਰ ਰਿਹਾ ਸੀ। ਸੈਸ਼ਨ ਜੱਜ ਨੂੰ ਪੜਤਾਲ ਕਰਨੀ ਪੈਣੀ ਸੀ। ਜੇ ਪੜਤਾਲ ਸਹੀ ਢੰਗ ਨਾਲ ਹੋਈ ਤਾਂ ਅਧਿਕਾਰੀਆਂ ਦਾ ਬਚਣਾ ਮੁਸ਼ਕਲ ਸੀ। ਇਸੇ ਮੁਸ਼ਕਲ ਨੂੰ ਹੱਲ ਕਰਨ ਲਈ ਹਿਰਦੇਪਾਲ ਨੇ ਜੇਲ੍ਹ ਪ੍ਰਸ਼ਾਸਨ ਨੂੰ ਅਗਾਊਂ ਸੁਚੇਤ ਕਰਦਿਆਂ ਆਖਿਆ ਸੀ :

"ਮਾਮਲਾ ਗੰਭੀਰ ਹੈ। ਸਿਆਣਪ ਨਾਲ ਨਜਿੱਠੋ।"

ਮਸਲਾ ਸੁਲਝਾਉਣ ਲਈ ਜੇਲ੍ਹ ਸੁਪਰਡੈਂਟ ਨੇ ਇਕ ਹਫ਼ਤੇ ਦਾ ਸਮਾਂ ਮੰਗਿਆ। ਨਾਲੇ ਯਕੀਨ ਦਿਵਾਇਆ :



"ਹਫ਼ਤੇ ਦੇ ਅੰਦਰ-ਅੰਦਰ ਮੈਂ ਬਸੰਤ ਦੀ ਰਿਹਾਈ ਮਨਜ਼ੂਰ ਕਰਵਾ ਦੇਵਾਂਗਾ ਅਤੇ ਉਸ ਨੂੰ ਸਮਝਾ-ਬੁਝਾ ਕੇ ਸ਼ਿਕਾਇਤ ਵੀ ਵਾਪਸ ਕਰਵਾ ਦੇਵਾਂਗਾ।"

ਹਫ਼ਤਾ ਲੰਘਾਉਣ ਲਈ ਸੈਸ਼ਨ ਜੱਜ ਨੇ ਜੇਲ੍ਹ ਪ੍ਰਸ਼ਾਸਨ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ। ਸਪੱਸ਼ਟੀਕਰਨ ਦੇਣ ਲਈ ਦਸਾਂ ਦਿਨਾਂ ਦਾ ਵਕਤ ਦਿੱਤਾ।

ਹਿਰਦੇਪਾਲ ਨੇ ਸੋਚਿਆ ਸੀ ਕਿ ਇੰਜ ਕਰ ਕੇ ਉਹ ਆਪਣੇ ਕਾਨੂੰਨੀ ਅਤੇ ਇਖ਼ਲਾਕੀ ਫ਼ਰਜ਼ਾਂ ਤੋਂ ਮੁਕਤ ਹੋ ਗਿਆ ਹੈ।

ਪਰ ਅਗਲੇ ਦਿਨ ਉਸ ਨੂੰ ਇਕ ਹੋਰ ਸਮੱਸਿਆ ਨੇ ਆ ਘੇਰਿਆ।

ਸੈਸ਼ਨ ਜੱਜ ਦੀ ਅਦਾਲਤ ਦੇ ਬਾਹਰ ਰੱਖੇ ਸ਼ਿਕਾਇਤਾਂ ਵਾਲੇ ਡੱਬੇ ਵਿਚ ਇਕ ਦਰਖ਼ਾਸਤ ਆ ਡਿੱਗੀ।

"ਛੜਿਆਂ ਦੀ ਬੈਰਕ ਦੇ ਇੰਚਾਰਜ ਵਾਰਡ ਨੇ ਇਕ ਵੱਡਾ ਜੁਰਮ ਕੀਤਾ ਹੈ। ਦੋਸ਼ੀ ਨੂੰ ਸਜ਼ਾ ਦੇਣ ਦੀ ਥਾਂ ਜੇਲ੍ਹ ਸੁਪਰਡੈਂਟ, ਡਾਕਟਰ ਅਤੇ ਪੁਲਿਸ ਨੇ ਮਿਲ ਕੇ ਕੈਦੀ ਤੋਂ ਜ਼ਬਰਦਸਤੀ ਹਰੀ ਓਮ ਦੇ ਹੱਕ ਵਿਚ ਬਿਆਨ ਦਿਵਾ ਦਿੱਤਾ ਹੈ। ਉਸ ਝੂਠੇ ਬਿਆਨ ਦੇ ਆਧਾਰ 'ਤੇ ਪੁਲਿਸ ਨੇ ਕੇਸ ਰਫ਼ਾ-ਦਫ਼ਾ ਕਰ ਦਿੱਤਾ ਹੈ। ਸੈਸ਼ਨ ਜੱਜ ਦਖ਼ਲ ਦੇਵੇ। ਹਰੀ ਓਮ ਉਪਰ ਮੁਕੱਦਮਾ ਦਰਜ ਹੋਵੇ। ਉਸ ਨੂੰ ਸਜ਼ਾ ਮਿਲੇ।"

ਭੋਲੇਪਣ ਵਿਚ ਹਿਰਦੇਪਾਲ ਨੇ ਇਸ ਸ਼ਿਕਾਇਤ ਬਾਰੇ ਵੀ ਆਪਣੇ ਮਿੱਤਰ ਨੂੰ ਦੱਸ ਦਿੱਤਾ। ਨਾਲ ਸਲਾਹ ਦਿੱਤੀ :

"ਕੋਈ ਘਰ ਦਾ ਭੇਤੀ ਲੰਕਾ ਢਾਹੁਣ 'ਤੇ ਤੁਲਿਆ ਹੋਇਆ ਹੈ। ਜਲਦੀ ਤੋਂ ਜਲਦੀ ਭਭੀਸ਼ਨ ਦੀ ਪਹਿਚਾਣ ਕਰੋ। ਨਹੀਂ ਤਾਂ ਲੰਕਾ ਅਤੇ ਲੰਕੇਸ਼ ਦੋਹਾਂ ਦਾ ਵਿਨਾਸ਼ ਤੈਅ ਹੈ।"

ਰਣਜੋਧ ਸਿੰਘ ਨੇ ਇਸ ਸ਼ਿਕਾਇਤ ਦੀ ਕੋਈ ਪ੍ਰਵਾਹ ਨਹੀਂ ਸੀ ਕੀਤੀ। ਮੋਦਨ ਕਦੋਂ ਦਾ ਭਾਣਾ ਮੰਨ ਚੁੱਕਾ ਸੀ। ਉਸ ਨੇ ਕਦੇ ਵੀ ਹਰੀ ਓਮ ਦੀ ਸ਼ਿਕਾਇਤ ਨਹੀਂ ਸੀ ਕੀਤੀ। ਇਹ ਸ਼ਿਕਾਇਤ ਕਿਸੇ ਸ਼ਰਾਰਤੀ ਕੈਦੀ ਨੇ ਕੀਤੀ ਹੈ ਜਾਂ ਹਰੀ ਓਮ ਨਾਲ ਸਾੜਾ ਕਰਨ ਵਾਲੇ ਕਿਸੇ ਜੇਲ੍ਹ ਕਰਮਚਾਰੀ ਨੇ।

"ਇਸ ਸ਼ਿਕਾਇਤ ਦੀ ਜਦੋਂ ਮਰਜ਼ੀ ਪੜਤਾਲ ਕਰੋ। ਪਹਾੜ ਹੇਠੋਂ ਚੂਹਾ ਵੀ ਨਹੀਂ ਨਿਕਲਣਾ।"

ਉਸ ਨੇ ਸੋਚਿਆ, "ਅਗਲੇ ਹਫ਼ਤੇ ਜੇਲ੍ਹ ਦੇ ਦੌਰੇ 'ਤੇ ਚੱਲਾਂਗੇ। ਪੜਤਾਲ ਦੀ ਉਪਚਾਰਿਕਤਾ ਨਿਭਾ ਕੇ ਦਰਖ਼ਾਸਤਾਂ ਖਾਰਜ ਕਰ ਆਵਾਂਗੇ। ਇਧਰ ਮੁਕੱਦਮਿਆਂ ਦੀ ਬਕ-ਬਕ ਤੋਂ ਬਚ ਜਾਵਾਂਗੇ, ਉਧਰ ਜੇਲ੍ਹ ਵਿਚ ਬੈਠ ਕੇ ਮੌਜ ਮੇਲਾ ਕਰਾਂਗੇ।"

ਜੇਲ੍ਹ ਦੌਰੇ ਦੀ ਤਾਰੀਖ਼ ਨਿਸ਼ਚਿਤ ਹੋਣ ਤੋਂ ਪਹਿਲਾਂ ਹੀ ਡਾਕੀਆ ਇਕ ਰਜਿਸਟਰੀ ਫੜਾ ਗਿਆ।

ਇਹ ਫ਼ਰਿਆਦ ਜ਼ਨਾਨਾ ਜੇਲ੍ਹ ਵਿਚ ਬੰਦ ਕੈਦਣ ਹੇਮਾ ਸ਼ਰਮਾ ਵੱਲੋਂ ਸੀ।

"ਬਰੀ ਕਰਾਉਣ ਦਾ ਝਾਂਸਾ ਦੇ ਕੇ ਸਹਾਇਕ ਦਰੋਗ਼ੇ ਸੰਤੋਖ ਸਿੰਘ ਨੇ ਮੈਨੂੰ ਫੁਸਲਾਇਆ। ਫੇਰ ਗਰਭਵਤੀ ਕੀਤਾ ਅਤੇ ਸਾਰੀ ਜੇਲ੍ਹ ਵਿਚ ਬਦਨਾਮ ਕੀਤਾ। ਮੈਂ ਬੱਚਾ ਜੰਮਣਾ ਚਾਹੁੰਦੀ ਸੀ, ਉਹ ਗਰਭ ਗਿਰਾਉਣਾ ਚਾਹੁੰਦਾ ਸੀ। ਮੈਂ ਦਰਖ਼ਾਸਤ ਰਾਹੀਂ ਜ਼ਿਲ੍ਹਾ ਮੈਜਿਸਟ੍ਰੇਟ ਕੋਲ ਦੁਹਾਈ ਪਾਈ। ਦਰਖ਼ਾਸਤ ਦੀ ਸੂਹ ਮਿਲਦਿਆਂ ਹੀ ਸੰਤੋਖ ਸਿੰਘ ਨੇ ਸਿਵਲ ਹਸਪਤਾਲ ਦੇ ਡਾਕਟਰਾਂ ਨਾਲ ਮਿਲੀ-ਭੁਗਤ ਕੀਤੀ। ਬੱਚਾ ਸਤਵੇਂ ਮਹੀਨੇ ਪੈਦਾ ਕਰਵਾ ਕੇ ਮਰਵਾ ਦਿੱਤਾ। ਤਿੰਨਾਂ ਦਿਨਾਂ ਬਾਅਦ

ਛੁੱਟੀ ਕਰਵਾ ਕੇ ਮੈਨੂੰ ਹਨੇਰੀ ਕੋਠੜੀ ਵਿਚ ਸੁੱਟ ਦਿੱਤਾ। ਮੇਰੇ ਜ਼ਖ਼ਮ ਅੱਲ੍ਹੇ ਹਨ। ਅੰਦਰੋਂ ਖ਼ੂਨ ਵਹਿੰਦਾ ਹੈ। ਮੱਖੀਆਂ, ਮੱਛਰ ਅਤੇ ਖਟਮਲ ਮੈਨੂੰ ਚੈਨ ਨਹੀਂ ਲੈਣ ਦਿੰਦੇ। ਦਵਾਈ ਬੂਟੀ ਨਹੀਂ ਹੋ ਰਹੀ। ਪਹਿਲਾਂ ਮੇਰੇ ਗਰਭ ਦਾ ਸਬੂਤ ਮਿਟਾਇਆ ਗਿਆ। ਹੁਣ ਮੈਨੂੰ ਮਿਟਾਉਣ ਦਾ ਯਤਨ ਹੋ ਰਿਹਾ ਹੈ। ਦਰੋਗ਼ਾ ਕਹਿੰਦਾ ਹੈ, 'ਨਾ ਰਹੇਗੀ ਹੇਮਾ, ਨਾ ਰਹੇਗਾ ਕੋਈ ਸਬੂਤ।' ਕ੍ਰਿਪਾ ਕਰਕੇ ਮੇਰੀ ਜਾਨ ਬਚਾਈ ਜਾਵੇ"

ਫ਼ਰਿਆਦ ਪੜ੍ਹ ਦੇ ਹਿਰਦੇਪਾਲ ਨੇ ਮਨ ਬਣਾਇਆ।

"ਇਸ ਸ਼ਿਕਾਇਤ ਬਾਰੇ ਨਾ ਜੇਲ੍ਹ ਅਧਿਕਾਰੀਆਂ ਨੂੰ ਸੂਚਿਤ ਕਰਨਾ ਉਚਿਤ ਹੈ ਨਾ ਪੜਤਾਲ ਨੂੰ ਲਟਕਾਉਣਾ।"

ਉਹ ਤੁਰੰਤ ਕਾਰਵਾਈ ਕਰਨ ਬਾਰੇ ਸੋਚ ਹੀ ਰਿਹਾ ਸੀ ਕਿ ਸ਼ਿਕਾਇਤਾਂ ਵਾਲੇ ਡੱਬੇ ਵਿਚੋਂ ਨਵਾਂ ਸੱਪ ਨਿਕਲ ਆਇਆ।

ਕੁਝ ਗੁੰਮਨਾਮ ਕੈਦੀਆਂ ਵੱਲੋਂ ਜੱਜ ਦੇ ਨਾਂ ਖ਼ਤ ਲਿਖਿਆ ਗਿਆ ਸੀ :

"ਮੁਜਰਮ ਨੂੰ ਕੀਤੇ ਗੁਨਾਹਾਂ ਦੀ ਸਜ਼ਾ ਭੁਗਤਣ ਅਤੇ ਸੁਧਰਨ ਦਾ ਮੌਕਾ ਦੇਣ ਲਈ ਜੇਲ੍ਹ ਭੇਜਿਆ ਜਾਂਦਾ ਹੈ। ਕੈਦ ਹੋ ਕੇ ਮੁਜਰਮ ਪੂਰੀ ਤਰ੍ਹਾਂ ਸਰਕਾਰ ਦਾ ਗ਼ੁਲਾਮ ਨਹੀਂ ਬਣ ਜਾਂਦਾ। ਕੈਦ ਦੌਰਾਨ ਉਸ ਦੇ ਕੁਝ ਮੁੱਢਲੇ ਅਧਿਕਾਰ ਹੀ ਖੁੱਸਦੇ ਹਨ। ਉਸ ਦੀ ਮਨਮਰਜ਼ੀ ਖੁੱਸਦੀ ਹੈ, ਸਮਾਜ ਅਤੇ ਪਰਿਵਾਰ ਨਾਲੋਂ ਸੰਬੰਧ ਟੁੱਟਦੇ ਹਨ, ਮਨਮਰਜ਼ੀ ਦਾ ਕੰਮ ਕਰਨ ਦਾ ਅਧਿਕਾਰ ਨਹੀਂ ਰਹਿੰਦਾ। ਇਸ ਸਭ ਕੁਝ ਦੇ ਬਾਵਜੂਦ ਉਸ ਦਾ ਪੜ੍ਹਨ-ਲਿਖਣ, ਆਪਾ ਪ੍ਰਗਟਾਉਣ, ਕਿੱਤਾ ਯੋਗਤਾ ਹਾਸਲ ਕਰਨ, ਪਾਠ ਪੂਜਾ ਕਰਨ ਅਤੇ ਧਾਰਮਿਕ ਰਸਮੋ-ਰਿਵਾਜ ਨਿਭਾਉਣ ਦੇ ਅਧਿਕਾਰ ਸੁਰੱਖਿਅਤ ਰਹਿੰਦੇ ਹਨ। ਕੈਦੀ ਦੇ ਇਹਨਾਂ ਅਧਿਕਾਰਾਂ ਦੀ ਰੱਖਿਆ ਕਰਨਾ ਸਰਕਾਰ ਦਾ ਫ਼ਰਜ਼ ਹੈ। ਬਦਕਿਸਮਤੀ ਨਾਲ ਜੇ ਸਰਕਾਰ ਦੇ ਨੁਮਾਇੰਦੇ ਜੇਲ੍ਹ ਅਧਿਕਾਰੀ ਹੀ ਇਹਨਾਂ ਹੱਕਾਂ 'ਤੇ ਛਾਪੇ ਮਾਰਨ ਤਾਂ ਅਦਾਲਤਾਂ ਨੂੰ ਮੂਕ ਦਰਸ਼ਕ ਬਣ ਕੇ ਤਮਾਸ਼ਾ ਨਹੀਂ ਦੇਖਦੇ ਰਹਿਣਾ ਚਾਹੀਦਾ। ਉਹਨਾਂ ਨੂੰ ਜੇਲ੍ਹ ਪ੍ਰਸ਼ਾਸਨ ਵਿਚ ਦਖ਼ਲ ਦੇਣਾ ਚਾਹੀਦਾ ਹੈ। ਜੇਲ੍ਹ ਪ੍ਰਸ਼ਾਸਨ ਨੂੰ ਕੈਦੀ ਨਾਲ ਆਪਣੀ ਮਰਜ਼ੀ ਨਾਲ ਜਿਊਣ ਅਤੇ ਬਾਹਰੀ ਦਖ਼ਲ ਉਪਰ ਪਾਬੰਦੀ ਦਾ ਸਿਧਾਂਤ ਕਦੋਂ ਦਾ ਸਮਾਂ ਵਿਹਾ ਚੁੱਕਾ ਹੈ। ਅਦਾਲਤਾਂ ਨੂੰ ਕਸੂਰਵਾਰ ਜੇਲ੍ਹ ਅਧਿਕਾਰੀਆਂ ਦੇ ਕੰਨ ਖਿੱਚਣ ਦਾ ਅਧਿਕਾਰ ਹੈ। ਕੁੰਭਕਰਨੀ ਨੀਂਦ ਸੁੱਤੀਆਂ ਸਰਕਾਰਾਂ ਕੋਲ ਕੈਦੀਆਂ ਦੀ ਸਾਰ ਲੈਣ ਅਤੇ ਨਿਯਮਾਂ ਵਿਚ ਸੋਧ ਕਰਨ ਦਾ ਵਕਤ ਨਹੀਂ ਹੈ। ਪਰ ਅਦਾਲਤਾਂ ਨੂੰ ਆਪਣੇ ਫ਼ਰਜ਼ ਪਹਿਚਾਨਣੇ ਚਾਹੀਦੇ ਹਨ। ਸਮੇਂ ਦੀ ਲੋੜ ਅਨੁਸਾਰ ਪੁਰਾਣੇ ਨਿਯਮਾਂ ਦੀ ਵਿਆਖਿਆ ਕਰ ਕੇ ਨਵੇਂ ਸਮਾਜ ਦੇ ਨਿਰਮਾਣ ਵਿਚ ਭੂਮਿਕਾ ਨਿਭਾਉਣੀ ਚਾਹੀਦੀ ਹੈ। ਜੇਲ੍ਹਾਂ ਉੱਚੀਆਂ ਦੀਵਾਰਾਂ ਅਤੇ ਲੋਹੇ ਦੀਆਂ ਸਲਾਖ਼ਾਂ ਵਾਲੇ ਖ਼ਾਮੋਸ਼ ਖਿੱਤੇ ਹਨ। ਨਾ ਇਹਨਾਂ ਅੰਦਰ ਬਾਹਰੋਂ ਕੋਈ ਝਾਕ ਸਕਦਾ ਹੈ, ਨਾ ਅੰਦਰਲਾ ਆਪਣੀ ਚੀਖ਼-ਪੁਕਾਰ ਬਾਹਰਲਿਆਂ ਨੂੰ ਸੁਣਾ ਸਕਦਾ ਹੈ। ਬਹੁਤੇ ਕੈਦੀ ਅਨਪੜ੍ਹ, ਗ਼ਰੀਬ ਅਤੇ ਵਕਤ ਦੇ ਮਾਰੇ ਹੋਏ ਹਨ। ਇਹਨਾਂ ਗੂੰਗੇ-ਬਹਿਰੇ, ਅਨਾਥਾਂ ਦੀ ਪੁਕਾਰ ਅਦਾਲਤ ਨੂੰ ਸੁਣਨੀ ਚਾਹੀਦੀ ਹੈ। ਮੁਜਰਮ ਨੂੰ ਜੇ ਬੰਦਾ ਨਹੀਂ ਬਣਾਉਣਾ ਤਾਂ ਨਾ ਬਣਾਓ ਪਰ ਘੱਟੋ-ਘੱਟ ਹੈਵਾਨ ਤਾਂ ਨਾ ਬਣਾਓ।

"ਸਾਨੂੰ ਆਸ ਹੈ, ਤੁਹਾਨੂੰ ਅੰਤਰ-ਰਾਸ਼ਟਰੀ ਕਾਨੂੰਨ, ਕੈਦੀਆਂ ਦੇ ਹੱਕਾਂ ਸੰਬੰਧੀ ਹੋਈਆਂ ਕੌਮਾਂਤਰੀ ਕਨਵੈਂਸ਼ਨਾਂ ਵਿਚ ਪਾਸ ਕੀਤੇ ਮਤਿਆਂ, ਸਮਾਜ ਸੁਧਾਰਕਾਂ ਅਤੇ ਜਰਾਇਮ ਵਿਗਿਆਨੀਆਂ ਵੱਲੋਂ ਪੇਸ਼ ਕੀਤੇ ਸਿਧਾਂਤਾਂ ਦਾ ਗੂੜ੍ਹਾ ਗਿਆਨ ਹੋਏਗਾ। ਇਹ ਸੁਧਾਰ ਲਾਗੂ ਨਹੀਂ ਕਰ ਸਕਦੇ ਨਾ ਕਰੋ। ਘੱਟੋ-ਘੱਟ ਸਵਾ ਸੌ ਸਾਲ ਪਹਿਲਾਂ ਅੰਗਰੇਜ਼ ਹਕੂਮਤ ਵੱਲੋਂ ਆਪਣੇ



ਗ਼ੁਲਾਮਾਂ ਨੂੰ ਕਾਬੂ ਰੱਖਣ ਅਤੇ ਆਪਣੇ ਹਿੱਤਾਂ ਦੀ ਹਿਫ਼ਾਜ਼ਤ ਲਈ ਬਣਾਏ ਕਾਨੂੰਨ ਅਤੇ ਜੇਲ੍ਹ ਮੈਨੂਅਲ ਹੀ ਪੜ੍ਹ ਲਓ। ਜੇਲ੍ਹ ਦਾ ਦੌਰਾ ਸੈਸ਼ਨ ਜੱਜ ਲਈ ਮਹਿਜ਼ ਉਪਚਾਰਿਕਤਾ ਜਾਂ ਸੈਰ-ਸਪਾਟੇ ਲਈ ਨਹੀਂ ਹੈ। ਸੈਸ਼ਨ ਜੱਜ ਨੇ ਕੈਦੀਆਂ ਦੀਆਂ ਬੈਰਕਾਂ, ਖਾਣੇ, ਕੱਪੜੇ ਅਤੇ ਕੰਮ-ਕਾਜ ਵਾਲੀਆਂ ਥਾਵਾਂ ਦਾ ਨਿਰੀਖਣ ਕਰਨਾ ਹੁੰਦਾ ਹੈ। ਕੈਦੀਆਂ ਦੀਆਂ ਮਾਨਸਿਕ ਅਤੇ ਸਰੀਰਕ ਲੋੜਾਂ ਦਾ ਧਿਆਨ ਰੱਖਣਾ ਹੁੰਦਾ ਹੈ। ਉਹਨਾਂ ਨਾਲ ਹੁੰਦੇ ਧੱਕੇ ਅਤੇ ਪੱਖਪਾਤ ਨੂੰ ਦੂਰ ਕਰਨਾ ਹੁੰਦਾ ਹੈ।

"ਹੁਣ ਤਕ ਕੀਤੇ ਦੌਰਿਆਂ ਦੌਰਾਨ ਤੁਸੀਂ ਇਹਨਾਂ ਵਿਚੋਂ ਇਕ ਵੀ ਫ਼ਰਜ਼ ਨਹੀਂ ਨਿਭਾਇਆ। ਤੁਹਾਡੀ ਦੌਰੇ 'ਤੇ ਆਉਣ ਦੀ ਤਾਰੀਖ਼ ਜੇਲ੍ਹ ਅਧਿਕਾਰੀਆਂ ਨੂੰ ਪਹਿਲਾਂ ਪਤਾ ਹੁੰਦਾ ਹੈ। ਹਫ਼ਤਾ ਪਹਿਲਾਂ ਜੇਲ੍ਹ ਨੂੰ ਵਿਆਹ ਮੰਡਪ ਵਾਂਗ ਸਜਾਉਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਛਿੜਕਾ ਕੀਤਾ ਜਾਂਦਾ ਹੈ। ਚੂਨਾ ਪਾਇਆ ਜਾਂਦਾ ਹੈ। ਪਖ਼ਾਨੇ ਸਾਫ਼ ਕੀਤੇ ਜਾਂਦੇ ਹਨ। ਕੀਟਨਾਸ਼ਕ ਦਵਾਈਆਂ ਛਿੜਕੀਆਂ ਜਾਂਦੀਆਂ ਹਨ। ਵਿਹੜੇ ਵਿਚ ਤੰਬੂ ਲਾਏ ਜਾਂਦੇ ਹਨ। ਮਹਾਰਾਜੇ ਵਾਂਗ ਤੁਹਾਨੂੰ ਵੱਡੀ ਕੁਰਸੀ 'ਤੇ ਬਿਠਾਇਆ ਜਾਂਦਾ ਹੈ। ਦਰਬਾਰੀਆਂ ਵਾਂਗ ਅਫ਼ਸਰ ਤੁਹਾਡੇ ਚਾਰੇ ਪਾਸੇ ਪਹਿਰਾ ਦੇਣ ਲੱਗਦੇ ਹਨ। ਕੋਈ ਕੈਦੀ ਆਪਣੀ ਫ਼ਰਿਆਦ ਕਰੇ ਤਾਂ ਕਿਸ ਤਰ੍ਹਾਂ ? ਤੁਹਾਨੂੰ ਉਹੋ ਕੈਦੀ ਮਿਲਾਏ ਜਾਂਦੇ ਹਨ, ਜਿਨ੍ਹਾਂ ਨੂੰ ਅਧਿਕਾਰੀ ਮਿਲਾਉਣਾ ਚਾਹੁੰਦੇ ਹਨ। ਤੁਹਾਨੂੰ ਉਸੇ ਬੈਰਕ ਵਿਚ ਲਿਜਾਇਆ ਜਾਂਦਾ ਹੈ ਜਿਥੇ ਉਹ ਲਿਜਾਣਾ ਚਾਹੁੰਦੇ ਹਨ। ਉਹਨਾਂ ਫ਼ਰਿਆਦੀਆਂ ਨੂੰ ਤੁਹਾਡੇ ਅੱਗੇ ਪੇਸ਼ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਅਧਿਕਾਰੀ ਰਿਆਇਤਾਂ ਦਵਾਉਣੀਆਂ ਚਾਹੁੰਦੇ ਹਨ। ਅਧਿਕਾਰੀ ਜੋ ਸੁਝਾਅ ਦਿੰਦੇ ਹਨ ਤੁਸੀਂ ਝੱਟ ਮੰਨ ਲੈਂਦੇ ਹੋ।

"ਤੁਹਾਡੇ ਸਭ ਤੋਂ ਪਹਿਲੇ ਦੌਰੇ ਦੌਰਾਨ ਤੁਹਾਨੂੰ ਡਾਇਨਿੰਗ ਹਾਲ ਵਿਚ ਬਿਠਾ ਕੇ ਛੱਤੀ ਪ੍ਰਕਾਰ ਦਾ ਭੋਜਨ ਕਰਾਇਆ ਗਿਆ। ਸੁਆਦੀ ਭੋਜਨ ਖਾ ਕੇ ਤੁਸੀਂ ਰਸੋਈਆਂ 'ਤੇ ਖ਼ੁਸ਼ ਹੋ ਗਏ। ਰਸੋਈਆਂ ਦੀਆਂ ਜ਼ਮਾਨਤਾਂ ਮਨਜ਼ੂਰ ਕਰ ਦਿੱਤੀਆਂ। ਤੁਹਾਨੂੰ ਪਰੋਸਿਆ ਗਿਆ ਖਾਣਾ ਕੈਦੀਆਂ ਨੂੰ ਦਿੱਤੇ ਜਾਂਦੇ ਖਾਣੇ ਦਾ ਨਮੂਨਾ ਨਹੀਂ ਸੀ। ਅੱਧਾ ਖਾਣਾ ਹੋਟਲ ਵਿਚੋਂ ਆਇਆ ਸੀ, ਅੱਧਾ ਜੇਲ੍ਹ ਸੁਪਰਡੈਂਟ ਦੀ ਕੋਠੀਓਂ। ਤੁਹਾਡੇ ਸਾਹਮਣੇ ਪੇਸ਼ ਕੀਤੇ ਗਏ ਰਸੋਈਏ ਦਿਨ-ਰਾਤ ਲੰਗਰ ਵਿਚ ਢੂਹੀਆਂ ਦੂਹਰੀਆਂ ਕਰਨ ਵਾਲੇ ਲਾਂਗਰੀ ਨਹੀਂ ਸਨ। ਉਹਨਾਂ ਵਿਚੋਂ ਇਕ ਟਰੈਵਲ ਏਜੰਟ ਸੀ ਜਿਸ ਨੇ ਦਰਜਨਾਂ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਕੰਗਾਲ ਕੀਤਾ ਸੀ। ਦੂਜਾ ਬੀਸੀਆਂ ਕੁੜੀਆਂ ਨੂੰ ਐਕਟਰੈਸਾਂ ਬਣਾਉਣ ਦੇ ਸੁਪਨੇ ਦਿਖਾ ਕੇ ਕੋਠਿਆਂ 'ਤੇ ਪਹੁੰਚਾਉਣ ਵਾਲਾ ਦੱਲਾ ਸੀ। ਇਹਨਾਂ ਮੁਲਜ਼ਮਾਂ ਦੇ ਪਿਛੋਕੜ ਅਤੇ ਕਾਰਨਾਮਿਆਂ ਨੂੰ ਧਿਆਨ ਵਿਚ ਰੱਖਦਿਆਂ ਸੁਪਰੀਮ ਕੋਰਟ ਨੇ ਇਹਨਾਂ ਦੀ ਜ਼ਮਾਨਤ ਮਨਜ਼ੂਰ ਨਹੀਂ ਸੀ ਕੀਤੀ। ਜੇਲ੍ਹ ਅਧਿਕਾਰੀਆਂ ਨੇ ਜ਼ਮਾਨਤ ਕਰਾਉਣ ਦੇ ਇਵਜ਼ ਵਿਚ ਉਹਨਾਂ ਕੋਲੋਂ ਮੋਟੀ ਰਕਮ ਵਸੂਲੀ ਸੀ। ਤੁਹਾਨੂੰ ਕਿੰਨਾ ਹਿੱਸਾ ਪੁੱਜਾ, ਇਹ ਤੁਸੀਂ ਜਾਣੋ।

"ਜੇ ਅਸਲੀਅਤ ਦੇਖਣੀ ਹੈ ਤਾਂ ਇਸ ਵਾਰ ਜੇਲ੍ਹ ਦੀ ਰਸੋਈ ਵਿਚ ਜਾਣਾ। ਸਾਲਾਂ ਤੋਂ ਭੱਠ ਝੋਕ ਰਹੇ ਲਾਂਗਰੀਆਂ ਨੂੰ ਮਿਲਣਾ। ਉਹਨਾਂ ਦੀ ਸੇਕ ਨਾਲ ਕਾਲੀ ਪੈ ਚੁੱਕੀ ਚਮੜੀ ਨੂੰ ਘੋਖਣਾ, ਧੂੰਏਂ ਨਾਲ ਮੱਧਮ ਪੈ ਚੁੱਕੀ ਅੱਖਾਂ ਦੀ ਜੋਤ ਨੂੰ ਪਰਖਣਾ। ਆਟੇ ਦਾ ਨਮੂਨਾ ਦੇਖਣਾ। ਬਾਰਾਂ ਮਹੀਨੇ ਤੀਹ ਦਿਨ ਵਰਤਾਈ ਜਾਂਦੀ ਦਾਲ ਦਾ ਸਵਾਦ ਚੱਖਣਾ। ਹੋਰ ਸੱਚ ਜਾਨਣਾ ਹੈ ਤਾਂ ਅਨਾਜ ਵਾਲੇ ਗੁਦਾਮ ਵਿਚ ਚਲੇ ਜਾਣਾ। ਗਲੀ-ਸੜੀ ਕਣਕ, ਕੌਡੀਆਂ ਦੇ ਭਾਅ ਸਰਕਾਰੀ ਗੁਦਾਮਾਂ ਵਿਚੋਂ ਚੁੱਕ ਲਿਆਂਦੀ ਗਈ ਹੈ। ਹਫ਼ਤੇ ਵਿਚ ਇਕ ਦਿਨ ਆਲੂ ਬਣਦੇ ਹਨ। ਉਹਨਾਂ ਦੀ ਸ਼ਕਲ ਦੇਖ

ਲੈਣਾ। ਮਟਰਾਂ ਦੇ ਦਾਣਿਆਂ ਜਿੱਡੇ, ਕਾਲੇ ਅਤੇ ਗਲੇ ਹੋਏ। ਮਸਾਲਿਆਂ ਦੀ ਘੋਖ ਕਰ ਲੈਣਾ। ਬੂ-ਦਾਰ ਮਾਸ ਦੇਖਣਾ, ਪੁੱਛਣਾ, ਕੱਟੇ ਦਾ ਹੈ ਜਾਂ ਵੱਛੇ ਦਾ।

"ਫੇਰ ਕੈਦੀਆਂ ਨੂੰ ਦਿੱਤੀ ਜਾਂਦੀ ਖ਼ੁਰਾਕ ਦਾ ਮਿਲਾਨ ਜੇਲ੍ਹ ਮੈਨੂਅਲ 'ਚ ਦਰਜ ਦਿੱਤੇ ਜਾਣੇ ਚਾਹੀਦੇ ਰਾਸ਼ਨ ਨਾਲ ਕਰ ਲੈਣਾ। ਬਿੱਲੀ ਆਪੇ ਬੋਰੇ ਵਿਚੋਂ ਬਾਹਰ ਆ ਜਾਏਗੀ।

"ਉਸ ਤੋਂ ਅਗਲੇ ਦੌਰੇ ਵਿਚ ਤੁਹਾਨੂੰ ਫ਼ੈਕਟਰੀ ਦਾ ਸ਼ੋਅ-ਰੂਮ ਦਿਖਾਇਆ ਗਿਆ ਸੀ। ਦੋ ਕਾਰੀਗਰਾਂ ਨੂੰ ਮਿਲਾਇਆ ਗਿਆ ਸੀ। ਉਹਨਾਂ ਦੁਆਰਾ ਬਣਾਏ ਗਏ ਸ਼ਾਲਾਂ, ਗ਼ਲੀਚਿਆਂ ਅਤੇ ਮੇਜ਼ਾਂ ਦਾ ਗੁਣਗਾਣ ਕੀਤਾ ਗਿਆ ਸੀ। ਕਲਾ-ਕਿਰਤਾਂ ਨੇ ਤੁਹਾਨੂੰ ਖ਼ੁਸ਼ ਅਤੇ ਹੈਰਾਨ ਕੀਤਾ ਸੀ। ਤੁਹਾਡੀ ਪਸੰਦ 'ਤੇ ਫੁੱਲ ਚੜ੍ਹਾਉਂਦਿਆਂ ਉਹ ਸਭ ਚੀਜ਼ਾਂ ਝੱਟ ਤੁਹਾਡੇ ਲਈ ਪੈਕ ਕਰਵਾ ਦਿੱਤੀਆਂ ਗਈਆਂ ਸਨ। ਸ਼ਾਇਦ ਤੁਹਾਨੂੰ ਪਤਾ ਨਹੀਂ ਹੈ। ਉਹਨਾਂ ਕਾਰੀਗਰਾਂ ਨੇ ਕਦੇ ਤੇਸੀ ਆਰੀ ਦਾ ਮੂੰਹ ਨਹੀਂ ਦੇਖਿਆ। ਖ਼ੁਸ਼ ਹੋ ਕੇ ਤੁਸੀਂ ਕਾਰੀਗਰਾਂ ਦੀਆ ਅਪੀਲਾਂ ਮਨਜ਼ੂਰ ਕਰ ਕੇ ਬਾਕੀਆਂ ਦੀਆਂ ਸਜ਼ਾਵਾਂ ਮੁਆਫ਼ ਕਰ ਦਿੱਤੀਆਂ। ਉਹਨਾਂ ਵਿਚੋਂ ਇਕ ਨਾਜਾਇਜ਼ ਕਬਜ਼ੇ ਕਰਨ ਵਾਲੇ ਗਿਰੋਹ ਦਾ ਸਰਗਨਾ ਦੀਪਾ ਸੀ। ਦੂਜਾ ਸਰਕਾਰੀ ਲਾਟਰੀਆਂ ਦੇ ਜਾਅਲੀ ਟਿਕਟ ਤਿਆਰ ਕਰ ਕੇ ਸਰਕਾਰ ਨੂੰ ਕਰੋੜਾਂ ਦਾ ਚੂਨਾ ਲਾਉਣ ਵਾਲਾ ਨੰਦ ਲਾਲ। ਸ਼ਾਲ ਅਤੇ ਗ਼ਲੀਚੇ ਬਾਹਰੋਂ ਆਏ ਸਨ। ਬਿੱਲ ਦੀਪੇ ਅਤੇ ਨੰਦ ਲਾਲ ਨੇ ਚੁਕਾਏ ਸਨ। ਬਾਹਰ ਜਾਂਦਿਆ ਹੀ ਉਹਨਾਂ ਨੇ ਮੁੜ ਜਾਲ ਵਿਛਾ ਲਏ ਹਨ। ਨਵੀਆਂ ਘੁੱਗੀਆਂ ਫਸਾ ਰਹੇ ਹਨ।

"ਜੇ ਆਪਣਾ ਸਹੀ ਫ਼ਰਜ਼ ਨਿਭਾਉਣਾ ਹੈ ਤਾਂ ਜੇਲ੍ਹ ਦੇ ਆਰੇ ਵਿਚ ਜਾਓ। ਸਾਲਾਂ ਤੋਂ ਭਾਰੇ-ਭਾਰੇ ਸ਼ਤੀਰ ਢੋਂਦੇ-ਢੋਂਦੇ ਮੋਢੇ ਘਸਾ ਚੁੱਕੇ ਕੈਦੀਆਂ ਨੂੰ ਮਿਲੋ। ਉਹਨਾਂ ਦੀ ਵਿਥਿਆ ਸੁਣੋ। ਦਰੀਆਂ ਖੇਸ ਬੁਣਦੀਆਂ ਬੁੱਢੀਆਂ ਨੂੰ ਮਿਲੋ। ਕੋਈ ਰਾਹਤ ਦੇਣੀ ਹੈ ਤਾਂ ਉਹਨਾਂ ਨੂੰ ਦਿਓ। ਲੱਕੜ ਦਾ ਸਾਮਾਨ ਬਣਾਉਣ ਵਾਲੇ ਸ਼ੈੱਡ ਵਿਚ ਜਾਓ। ਆਰੀਆਂ, ਰੰਦਿਆਂ ਨਾਲ ਉਂਗਲਾਂ ਛਿਲਾਈ ਬੈਠੇ ਕੈਦੀਆਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਓ।

"ਆਪਣੇ ਆਖ਼ਰੀ ਦੌਰੇ ਵਿਚ ਤੁਸੀਂ ਜ਼ਨਾਨਾ ਵਾਰਡ ਦੇ ਦੌਰੇ ਦੀ ਇੱਛਾ ਪ੍ਰਗਟਾਈ ਸੀ। ਸ਼ਾਇਦ! ਤੁਸੀਂ ਸੋਚਿਆ ਹੋਵੇਗਾ, ਉਥੇ ਜੀਨਾਂ ਅਤੇ ਸਕਰਟਾਂ ਪਾਉਣ ਵਾਲੀਆਂ ਕਾਲ-ਗਰਲਜ਼ ਬੰਦ ਹੋਣਗੀਆਂ। ਉਹ ਮੁਸਕਰਾ-ਮੁਸਕਰਾ ਕੇ ਤੁਹਾਡਾ ਸਵਾਗਤ ਕਰਨਗੀਆਂ। ਤੁਸੀ ਗੋਪੀਆਂ ਵਿਚ ਕ੍ਰਿਸ਼ਨ ਬਣ ਕੇ ਸਾਰਾ ਦਿਨ ਬੰਸਰੀ ਵਜਾਉਗੇ। ਤੁਹਾਡੀ ਨੀਅਤ ਭਾਂਪ ਕੇ ਜੇਲ੍ਹ ਸੁਪਰਡੈਂਟ ਨੂੰ ਚਿੰਤਾ ਲੱਗ ਗਈ ਸੀ। ਸੌ ਸਵਾ ਸੌ ਕੈਦਣਾਂ ਵਿਚੋਂ ਹੇਮਾ ਵਰਗੀਆਂ ਮਸਾਂ ਛੇ-ਸੱਤ ਉਸ ਦੇ ਹੱਥ ਲੱਗੀਆਂ ਸਨ। ਉਹਨਾਂ ਨੂੰ ਬਣ-ਸੰਵਰ ਕੇ ਰਹਿਣ ਲਈ ਵਿਸ਼ੇਸ਼ ਹਦਾਇਤਾਂ ਦਿੱਤੀਆਂ ਹੋਈਆਂ ਸਨ। ਉਹਨਾਂ ਨੂੰ ਸਵੇਰੇ ਹੀ ਖੁੱਲ੍ਹੇ ਪਾਣੀ ਵਿਚ ਨੁਹਾਇਆ ਗਿਆ ਸੀ। ਕੇਸਾਂ ਵਿਚ ਕੰਘੀ ਕਰਾਈ ਗਈ ਸੀ। ਬਿੰਦੀ ਸੁਰਖ਼ੀ ਲਵਾਈ ਗਈ ਸੀ। ਤੁਹਾਨੂੰ ਜਾਣ ਬੁਝ ਕੇ ਬੈਰਕ ਵਿਚ ਨਹੀਂ ਸੀ ਲਿਜਾਇਆ ਗਿਆ। ਉਹਨਾਂ ਨੂੰ ਹੀ ਦਫ਼ਤਰ ਬੁਲਾ ਲਿਆ ਗਿਆ ਸੀ।

'ਚਿਹਰਿਆਂ ਉਪਰ ਜੰਮੇ ਪਾਊਡਰ ਕਰੀਮਾਂ ਵੀ ਹੇਠਾਂ ਦੱਬੇ ਫ਼ਿਕਰਾਂ ਨੂੰ ਨਹੀਂ ਸੀ ਦਬਾ ਸਕੇ। ਤੁਸੀਂ ਝੱਟ ਉਪਰਾਮ ਹੋ ਗਏ ਸੀ ਅਤੇ ਪੰਜਾਂ ਮਿੰਟਾਂ ਬਾਅਦ ਉੱਠ ਕੇ ਤੁਰ ਪਏ ਸੀ।

"ਇਸ ਵਾਰ ਬਾਕੀ ਕੈਦਣਾਂ ਨੂੰ ਦੇਖਣਾ। ਕਿਸੇ ਦੀ ਪਿੱਠ ਬਾਹਰ ਨੂੰ ਨਿਕਲੀ ਹੋਏਗੀ, ਕਿਸੇ ਦਾ ਢਿੱਡ ਵਧਿਆ ਹੋਏਗਾ। ਕਿਸੇ ਦੇ ਚਿਹਰੇ 'ਤੇ ਛਾਈਆਂ ਹੋਣਗੀਆਂ। ਕਿਸੇ ਦੇ ਕੋਇਆਂ ਵਿਚ ਕਾਲਖ਼। ਕਿਸੇ ਦੇ ਮੂੰਹ ਵਿਚੋਂ ਹਵਾੜ ਮਾਰੇਗੀ ਅਤੇ ਕਿਸੇ ਦੇ ਦੰਦਾਂ 'ਤੇ ਜਿਲਬ ਜੰਮੀ ਹੋਏਗੀ। ਕਿਸੇ ਦੇ ਚੱਡਿਆਂ 'ਚ ਖ਼ੁਰਕ ਪਈ ਹੋਏਗੀ ਕਿਸੇ ਦੇ ਸਿਰ ਵਿਚ ਜੂੰਆਂ ਦਾ ਘਰ। ਕੋਈ ਟੀ.ਬੀ.



ਦਾ ਸ਼ਿਕਾਰ ਹੋਏਗੀ, ਕੋਈ ਦਮੇ ਦੀ। ਕੋਈ ਪਾਗਲਾਂ ਵਾਂਗ ਰੋਂਦੀ ਹੋਵੇਗੀ, ਕੋਈ ਕਿਸੇ ਨੂੰ ਗਾਲ੍ਹਾਂ ਕੱਢ ਰਹੀ ਹੋਏਗੀ। ਕੋਈ ਆਪਣੀ ਘਰੋਂ ਭੱਜੀ ਧੀ ਦਾ ਦੁੱਖ ਛੇੜ ਦੇ ਬੈਠ ਜਾਵੇਗੀ, ਕੋਈ ਕਤਲ ਹੋਏ ਜਵਾਨ ਪੁੱਤ ਦਾ।

"ਜ਼ਰਾ ਬੈਰਕ ਦੇ ਅੰਦਰ ਜਾ ਆਉਣਾ। ਮੁਰਦਿਆਂ ਵਾਂਗ ਪਈਆਂ ਕੈਦਣਾਂ ਨੂੰ ਝੰਜੋੜਨਾ। ਕੋਠੜੀਆਂ ਵਿਚ ਝਾਤੀ ਮਾਰਨਾ, ਕੈਦਣਾਂ ਦੇ ਮਨ ਵਿਚ ਝਾਤੀ ਮਾਰਨਾ।

"ਇਕ ਅਰਜ਼ ਹੋਰ। ਜੇਲ੍ਹ ਦੀ ਨੁੱਕਰ ਵਿਚ ਬਣੀਆਂ ਤਨਹਾਈ ਕੋਠੜੀਆਂ ਵਿਚ ਜ਼ਰੂਰ ਜਾਣਾ। ਉਹਨਾਂ ਕੈਦੀਆਂ ਨੂੰ ਮਿਲ ਲੈਣਾ, ਜਿਨ੍ਹਾਂ ਦੇ ਹੱਥਕੜੀਆਂ ਲੱਗੀਆਂ ਅਤੇ ਬੇੜੀਆਂ ਪਈਆਂ ਹੋਈਆਂ ਹਨ।

"ਇਹਨਾਂ ਕੈਦੀਆਂ ਦੇ ਹਿਸਟਰੀ ਟਿਕਟਾਂ ਨੂੰ ਘੋਖਣਾ। ਦੇਖਣਾ ਉਹ ਜੇਲ੍ਹ ਕੱਟਣ ਕਿਨ੍ਹਾਂ ਜੁਰਮਾਂ ਕਾਰਨ ਆਏ ਹਨ ? ਪੁੱਛਣਾ, ਹੱਥਕੜੀਆਂ ਅਤੇ ਬੇੜੀਆਂ ਦੀ ਸਜ਼ਾ ਕਿਨ੍ਹਾਂ ਜੁਰਮਾਂ ਕਾਰਨ ਮਿਲੀ ਹੈ ?

"ਤੁਹਾਡੀ ਜਾਣਕਾਰੀ ਲਈ ਉਹਨਾਂ ਕੋਠੜੀਆਂ ਵਿਚ ਬੰਦ ਕੁਝ ਕੈਦੀਆਂ ਦੀ ਜਾਣ-ਪਹਿਚਾਣ ਕਰਾਉਂਦੇ ਹਾਂ :

"ਅਮਰਨਾਥ ਨੂੰ ਪੰਦਰਾਂ ਦਿਨ ਲਈ ਤਨਹਾਈ ਵਿਚ ਰੱਖਣ ਦੀ ਸਜ਼ਾ ਸੁਣਾ ਕੇ ਉਸ ਨੂੰ ਕੋਠੜੀ ਨੰਬਰ ਇਕ ਵਿਚ ਬੰਦ ਕੀਤਾ ਗਿਆ ਹੈ। ਉਸ ਉਪਰ ਬੈਂਕ ਤੋਂ ਜਾਅਲੀ ਕਾਗ਼ਜ਼ਾਂ ਉਪਰ ਕਰਜ਼ਾ ਮਨਜ਼ੂਰ ਕਰਾਉਣ ਅਤੇ ਕਰਜ਼ੇ ਦੀ ਰਕਮ ਨੂੰ ਹੜੱਪਣ ਦਾ ਦੋਸ਼ ਸੀ। ਉਸ ਦੀ ਪਤਨੀ ਵੀ ਮੁਲਜ਼ਮ ਹੈ। ਉਹ ਜ਼ਨਾਨਾ ਵਾਰਡ ਵਿਚ ਬੰਦ ਹੈ। ਰਿਟਾਇਰ ਹੋਣ ਤੋਂ ਪਹਿਲਾਂ ਅਮਰਨਾਥ ਪ੍ਰਾਇਮਰੀ ਅਧਿਆਪਕ ਸੀ। ਸਾਰੀ ਉਮਰ ਧੱਕੇ ਖਾ ਕੇ ਵੀ ਉਹ ਇਕ ਕੱਚਾ ਕੋਠਾ ਖੜਾ ਨਹੀਂ ਸੀ ਕਰ ਸਕਿਆ। ਮਸਾਂ ਦਾਲ-ਫੁਲਕਾ ਚੱਲਦਾ ਸੀ। ਨੌਕਰੀ ਦੀਆਂ ਤੰਗੀਆਂ-ਤੁਰਸ਼ੀਆਂ ਤੋਂ ਤੰਗ ਆਏ ਅਮਰਨਾਥ ਨੇ ਆਪਣੇ ਮੁੰਡੇ ਨੂੰ ਕਾਰੋਬਾਰ ਵਿਚ ਪਾਉਣ ਦਾ ਮਨ ਬਣਾਇਆ ਸੀ। ਪੱਲੇ ਬਹੁਤੀ ਪੂੰਜੀ ਨਹੀਂ ਸੀ। ਜਿਹੜੀ ਪੈਨਸ਼ਨ ਗਰੈਚੁਟੀ ਮਿਲੀ ਸੀ, ਉਹ ਧੀ ਦੇ ਵਿਆਹ 'ਤੇ ਲੱਗ ਗਈ ਸੀ। ਦੋਸਤਾਂ-ਮਿੱਤਰਾਂ ਦੇ ਆਖਣ ਅਤੇ ਅਖ਼ਬਾਰਾਂ ਵਿਚ ਸਸਤੇ ਵਿਆਜ਼ ਦਰਾਂ 'ਤੇ ਮਿਲਦੇ ਕਰਜ਼ੇ ਨੂੰ ਇਸ਼ਤਿਹਾਰ ਪੜ੍ਹ ਕੇ ਉਸ ਨੇ ਬੈਂਕ ਤੋਂ ਕਰਜ਼ਾ ਮਨਜ਼ੂਰ ਕਰਵਾ ਲਿਆ ਅਤੇ ਮੁੰਡੇ ਨੂੰ ਸਾਬਣ ਦਾ ਕਾਰਖ਼ਾਨਾ ਖੁਲ੍ਹਵਾ ਦਿੱਤਾ। ਤਜਰਬੇ ਅਤੇ ਪੂੰਜੀ ਦੀ ਘਾਟ ਕਾਰਨ ਉਤਪਾਦਨ ਸ਼ੁਰੂ ਕਰਨ ਤੋਂ ਪਹਿਲਾਂ ਕਾਰਖ਼ਾਨਾ ਬੰਦ ਹੋ ਗਿਆ। ਬੈਂਕ ਦੀਆਂ ਕਿਸ਼ਤਾਂ ਟੁੱਟ ਗਈਆਂ। ਲੈਣਦਾਰਾਂ ਦੀ ਨਿੱਤ ਦੀ ਅਕਾਬਾਜ਼ੀ ਤੋਂ ਤੰਗ ਆ ਕੇ ਮੁੰਡੇ ਨੇ ਗੱਡੀ ਹੇਠਾਂ ਸਿਰ ਦੇ ਦਿੱਤਾ। ਮੂਲ ਨਾ ਮੁੜਦਾ ਦੇਖ ਕੇ ਬੈਂਕ ਵਾਲਿਆਂ ਨੇ ਅਮਰਨਾਥ ਅਤੇ ਉਸ ਦੀ ਬੀਵੀ ਉਪਰ ਧੋਖਾਧੜੀ ਦਾ ਪਰਚਾ ਦਰਜ ਕਰਵਾ ਦਿੱਤਾ। ਹੁਣ ਮੀਆਂ ਬੀਵੀ ਦੋਵੇਂ ਜੇਲ੍ਹ ਵਿਚ ਹਨ। ਦੋਹਾਂ ਜੀਆਂ ਨੂੰ ਪਹਿਲਾਂ ਹੀ ਵੀਹ-ਵੀਹ ਬੀਮਾਰੀਆਂ ਨੇ ਘੇਰਿਆ ਹੋਇਆ ਹੈ। ਉਪਰੋਂ ਬਦਨਾਮੀ, ਜਵਾਨ ਮੁੰਡੇ ਦੀ ਮੌਤ ਅਤੇ ਜੇਲ੍ਹ ਦੇ ਸਖ਼ਤ ਜੀਵਨ। ਦੁੱਖ-ਸੁਖ ਕਰਨ ਦੀ ਸਾਂਝ ਵੀ ਜਾਂਦੀ ਰਹੀ। ਦੋਵੇਂ ਨੀਮ ਪਾਗ਼ਲ ਹੁੰਦੇ ਜਾ ਰਹੇ ਹਨ। ਅਮਰਨਾਥ ਨੇ ਜੇਲ੍ਹ ਅਧਿਕਾਰੀਆਂ ਨੂੰ ਦਰਖ਼ਾਸਤ ਦਿੱਤੀ। ਉਸ ਨੂੰ ਜ਼ਨਾਨਾ ਵਾਰਡ ਦੇ ਨਾਲ ਲੱਗਦੇ ਵਾਰਡ ਵਿਚ ਬਦਲ ਦਿੱਤਾ ਜਾਵੇ। ਮੀਆਂ-ਬੀਵੀ ਨੂੰ ਇਕ ਘੰਟੇ ਲਈ ਹਰ ਰੋਜ਼ ਮਿਲਣ ਦਿੱਤਾ ਜਾਵੇ। ਪਹਿਲਾਂ ਕਈ ਕੈਦੀ ਜੋੜਿਆਂ ਨੂੰ ਇਹ ਸਹੂਲਤ ਹਾਸਲ ਸੀ। ਸਹਾਇਕ ਦਰੋਗ਼ੇ ਨੇ ਲੰਬੀਆਂ-ਚੌੜੀਆਂ ਮੰਗਾਂ ਰੱਖ ਦਿੱਤੀਆਂ। ਜੇ ਪੈਸੇ ਹੁੰਦੇ ਤਾਂ ਇਹ ਦਿਨ ਕਿਉਂ ਦੇਖਣੇ ਪੈਂਦੇ। ਘਰ ਨੂੰ ਬੈਂਕ ਨੇ ਜਿੰਦਾ ਲਾ ਦਿੱਤਾ ਸੀ। ਧੀ-ਜਵਾਈ ਥੋੜ੍ਹੀ ਦੇਰ ਪੈਰਵੀ ਕਰਦੇ ਰਹੇ।

ਉਹਨਾਂ ਦੀ ਮਾਲੀ ਹਾਲਤ ਅਮਰਨਾਥ ਵਰਗੀ ਸੀ। ਆਖ਼ਰ ਉਹ ਉਸੇ ਦੇ ਧੀ-ਜਵਾਈ ਹਨ। ਉਂਞ ਵੀ ਅਮਰਨਾਥ ਧੀ ਦੇ ਘਰ ਦਾ ਪੈਸਾ ਖ਼ਰਚਾਉਣ ਲਈ ਤਿਆਰ ਨਹੀਂ ਸੀ। ਅੱਕ ਕੇ ਅਮਰਨਾਥ ਨੇ ਪਿਛਲੀ ਪੇਸ਼ੀ 'ਤੇ ਜੱਜ ਨੂੰ ਦਰਖ਼ਾਸਤ ਦੇ ਦਿੱਤੀ। ਜੱਜ ਨੇ ਦਰਖ਼ਾਸਤ ਮਨਜ਼ੂਰ ਕਰ ਦਿੱਤੀ। ਦੋਹਾਂ ਜੀਆਂ ਨੂੰ ਦੋ ਘੰਟੇ ਹਰ ਰੋਜ਼ ਮਿਲਣ ਦੀ ਇਜਾਜ਼ਤ ਮਿਲ ਗਈ। ਸਹਾਇਕ ਦਰੋਗ਼ੇ ਦੇ ਸੀਨੇ 'ਤੇ ਸੱਪ ਲਿਟਣ ਲੱਗਾ। ਅਦਾਲਤਾਂ ਦੇ ਹੁਕਮ ਨਾਲ ਮੁਲਾਕਾਤਾਂ ਹੋਣ ਲੱਗੀਆਂ ਤਾਂ ਉਹਨਾਂ ਨੂੰ ਕੌਣ ਪੁੱਛੇਗਾ ? ਝੱਟ ਉਸ ਨੇ ਯੋਜਨਾ ਘੜੀ। ਚੌਥੇ ਦਿਨ ਅਮਰਨਾਥ ਉਪਰ ਆਪਣੀ ਪਤਨੀ ਰਾਹੀਂ ਮਰਦ ਕੈਦੀਆਂ ਦੇ ਜ਼ਨਾਨਾ ਕੈਦੀਆਂ ਨੂੰ ਗੁਪਤ ਸੁਨੇਹੇ ਭੇਜਣ ਦਾ ਦੋਸ਼ ਲੱਗ ਗਿਆ। ਦੋਸ਼ ਸਾਬਤ ਹੋ ਗਿਆ। ਕਈ ਗਵਾਹ ਅਮਰਨਾਥ ਦੇ ਉਲਟ ਭੁਗਤੇ। ਪਹਿਲਾਂ ਉਸ ਦੀਆਂ ਮੁਲਾਕਾਤਾਂ ਬੰਦ ਕੀਤੀਆਂ ਗਈਆਂ। ਉਸ ਨੇ ਲੱਗੇ ਦੋਸ਼ਾਂ ਦਾ ਵਿਰੋਧ ਕੀਤਾ ਤਾਂ ਸਟਾਫ਼ ਨਾਲ ਵੱਧ-ਘੱਟ ਬੋਲਣ ਅਤੇ ਹੋਰ ਕੈਦੀਆਂ ਨੂੰ ਦੰਗੇ ਲਈ ਉਕਸਾਉਣ ਦਾ ਯਤਨ ਕਰਨ ਕਾਰਨ ਉਸ ਨੂੰ ਤਨਹਾਈ ਵਿਚ ਰਹਿਣ ਦੀ ਸਜ਼ਾ ਦਿੱਤੀ ਗਈ ਹੈ।

"ਦੋ ਦਿਨਾਂ ਬਾਅਦ ਅਮਰਨਾਥ ਦੀ ਕੋਠੜੀ ਵਿਚੋਂ ਅਜੀਬ-ਅਜੀਬ ਆਵਾਜ਼ਾਂ ਸੁਣਾਈ ਦੇਣ ਲੱਗੀਆਂ ਸਨ। ਪਹਿਲਾਂ ਉਹ ਆਪਣੇ ਮੋਏ ਪੁੱਤ ਨੂੰ ਯਾਦ ਕਰ-ਕਰ ਕੇ ਕੀਰਨੇ ਪਾਉਂਦਾ ਸੀ। ਹੁਣ ਆਪਣੇ ਆਪ ਨੂੰ ਗਾਲ੍ਹਾਂ ਕੱਢਦਾ ਹੈ ਕਿ ਮੈਂ ਮੁੰਡੇ ਨੂੰ ਅਮੀਰ ਬਣਾਉਣ ਦਾ ਸੁਫ਼ਨਾ ਦੇਖਣ ਦਾ ਅਪਰਾਧ ਕੀਤਾ ਹੈ। ਮੁੰਡੇ ਦੀ ਮੌਤ ਲਈ ਮੈਂ ਜ਼ਿੰਮੇਵਾਰ ਹਾਂ। ਕਦੇ ਉਹ ਸਹਾਇਕ ਦਰੋਗ਼ੇ ਨੂੰ ਗਾਲ੍ਹਾਂ ਕੱਢਦਾ ਹੈ। ਕਦੇ ਆਪਣੀ ਪਤਨੀ ਨੂੰ ਹਾਕਾਂ ਮਾਰਦਾ ਹੈ। ਤੂੰ ਮੇਰਾ 'ਕਹਿਣਾ ਨਹੀਂ ਮੰਨਦੀ' ਆਖ ਕੇ ਉਸ ਨੂੰ ਗਾਲ੍ਹਾਂ ਕੱਢਦਾ ਹੈ।

"ਤਿੰਨ ਦਿਨਾਂ ਵਿਚ ਉਸ ਦਾ ਇਹ ਹਾਲ ਹੈ। ਪੰਦਰਾਂ ਦਿਨਾਂ ਬਾਅਦ ਕੋਠੜੀ ਵਿਚੋਂ ਕੀ ਨਿਕਲੇਗਾ ? ਸੈਸ਼ਨ ਜੱਜ ਨੂੰ ਕਿਆਸ ਲਾ ਲੈਣਾ ਚਾਹੀਦਾ ਹੈ।

"ਮੋਠੂ ਨੂੰ ਜੇਲ੍ਹ ਤੋੜ ਕੇ ਭੱਜਣ ਦੀ ਤਿਆਰੀ ਕਰਨ ਦੇ ਸੰਗੀਨ ਜੁਰਮ ਵਿਚ ਦਸ ਦਿਨਾਂ ਲਈ ਤਨਹਾਈ ਕੋਠੜੀ ਵਿਚ ਬੰਦ ਕੀਤਾ ਗਿਆ ਸੀ। ਇਕ ਹਫ਼ਤਾ ਪਹਿਲਾਂ ਚੀਫ਼ ਵਾਰਡਰ ਨੇ ਤਲਾਸ਼ੀ ਦੌਰਾਨ ਉਸ ਦੇ ਪੀਪੇ ਵਿਚੋਂ ਇਕ ਪੇਚਕੱਸ ਅਤੇ ਇਕ ਲੋਹਾ ਕੱਟਣ ਵਾਲਾ ਬਲੇਡ ਬਰਾਮਦ ਕੀਤਾ ਸੀ।

"ਮੋਠੂ ਦਾ ਅਸਲ ਦੋਸ਼ ਕੀ ਸੀ, ਇਹ ਸਭ ਨੂੰ ਪਤਾ ਹੈ। ਮੋਠੂ ਤੋਂ ਆਰੇ ਵਿਚੋਂ ਵਿਤੋਂ ਵੱਧ ਭਾਰ ਚੁਕਾਇਆ ਜਾਂਦਾ ਸੀ। ਨਤੀਜਨ ਉਸ ਦੇ ਜੋੜ ਕਮਜ਼ੋਰ ਹੋ ਗਏ ਸਨ। ਉਸ ਦੇ ਗੋਡਿਆਂ ਅਤੇ ਮੋਢਿਆਂ ਵਿਚੋਂ ਗਰੀਸ ਮੁੱਕਦੀ ਜਾ ਰਹੀ ਸੀ। ਡਾਕਟਰ ਨੇ ਉਸ ਨੂੰ ਜਿਹੜੇ ਕੈਪਸੂਲ ਲਿਖੇ ਸਨ, ਉਹ ਬੜੇ ਮਹਿੰਗੇ ਸਨ। ਇਕ ਕੈਪਸੂਲ ਸਤਾਰਾਂ ਰੁਪਏ ਦਾ ਆਉਂਦਾ ਸੀ ਅਤੇ ਦਿਨ ਵਿਚ ਉਸ ਨੇ ਤਿੰਨ ਕੈਪਸੂਲ ਲੈਣੇ ਸਨ। ਬਾਕੀ ਦਵਾਈਆਂ ਲਈ ਉਹ ਪੈਸਾ ਜੁਟਾ ਲੈਂਦਾ ਸੀ। ਇਹ ਕੈਪਸੂਲ ਲੈਣੇ ਉਸ ਨੂੰ ਮੁਸ਼ਕਲ ਹੋ ਰਹੇ ਸਨ।

"ਉਹ ਕਹਿੰਦਾ ਸੀ, 'ਕੈਦੀ ਦਾ ਇਲਾਜ ਕਰਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਮੈਨੂੰ ਕੈਪਸੂਲ ਹਸਪਤਾਲੋਂ ਦਿੱਤੇ ਜਾਣ। ਜੇ ਬਾਹਰੋਂ ਹੀ ਮੰਗਵਾਉਣ ਪੈਣੇ ਹਨ ਤਾਂ ਵਾਜਬ ਭਾਅ 'ਤੇ ਮੰਗਵਾ ਕੇ ਦਿੱਤੇ ਜਾਣ।

"ਸੈਸ਼ਨ ਜੱਜ ਦੇ ਪਿਛਲੇ ਦੌਰੇ 'ਤੇ ਇਨਸਾਫ਼ ਦੀ ਮੰਗ ਕਰਨ ਲਈ ਉਸ ਨੇ ਦਰਖ਼ਾਸਤ ਲਿਖੀ ਸੀ। ਲਿਖੀ ਦਰਖ਼ਾਸਤ ਦੀ ਭਿਣਕ ਕੰਪਾਊਡਰ ਨੂੰ ਪੈ ਗਈ ਸੀ। ਝੱਟ ਉਸ ਨੇ ਡਾਕਟਰ ਸ਼ਕਤੀ ਕੁਮਾਰ ਨਾਲ ਸੰਪਰਕ ਕੀਤਾ ਸੀ। ਸ਼ਿਕਾਇਤ ਨੂੰ ਰੋਕਿਆ ਜਾਣਾ ਚਾਹੀਦਾ ਹੈ। ਨਾਲ



ਦੀ ਨਾਲ ਮਾਮੇ ਸਰਦਾਰੀ ਲਾਲ ਨੂੰ ਫ਼ੋਨ ਖੜਕਾਇਆ। ਉਸ ਨੂੰ ਆਪਣੇ 'ਕੈਦੀ ਭਲਾਈ ਬੋਰਡ' ਦੇ ਮੈਂਬਰ ਹੋਣ ਦਾ ਫ਼ਾਇਦਾ ਉਠਾਉਣਾ ਚਾਹੀਦਾ ਹੈ। ਡਿਪਟੀ ਨੂੰ ਆਖ ਕੇ ਮੋਠੂ ਨੂੰ ਬੈਰਕ ਵਿਚੋਂ ਬਾਹਰ ਨਿਕਲਣ ਤੋਂ ਰੋਕਿਆ ਜਾਣਾ ਚਾਹੀਦਾ ਹੈ। ਸਰਦਾਰੀ ਲਾਲ ਝੱਟ ਹਰਕਤ ਵਿਚ ਆ ਗਿਆ। ਉਸ ਨੇ ਜੇਲ੍ਹ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ। ਜੇ ਉਸ ਦੇ ਕਾਰੋਬਾਰ ਨੂੰ ਧੱਕਾ ਲੱਗਾ ਤਾਂ ਉਹ ਵੀ ਉਹਨਾਂ ਨੂੰ ਜੇਬਾਂ ਨਹੀਂ ਭਰਨ ਦੇਵੇਗਾ। ਜੇਲ੍ਹ ਪ੍ਰਸ਼ਾਸਨ ਝੱਟ ਹਰਕਤ ਵਿਚ ਆ ਗਿਆ। ਮੋਠੂ ਵਾਲੀ ਬੈਰਕ ਵਿਚ ਸੁਨੇਹਾ ਭੇਜਿਆ ਗਿਆ, 'ਦੁਪਹਿਰ ਤੋਂ ਪਹਿਲਾਂ ਸਾਹਿਬ ਪਹਿਲੀਆਂ ਤਿੰਨ ਬੈਰਕਾਂ ਦੇ ਕੈਦੀਆਂ ਦੀਆਂ ਫ਼ਰਿਆਦਾਂ ਸੁਣਨਗੇ। ਇਸ ਬੈਰਕ ਦੀ ਵਾਰੀ ਦੁਪਹਿਰ ਤੋਂ ਬਾਅਦ ਆਏਗੀ।' ਦੁਪਹਿਰ ਬਾਅਦ ਫੇਰ ਐਲਾਨ ਕੀਤਾ ਗਿਆ, 'ਸਾਹਿਬ ਨੂੰ ਜ਼ਰੂਰੀ ਕੰਮ ਹੋ ਗਿਆ ਹੈ। ਉਹ ਅਗਲੇ ਹਫ਼ਤੇ ਗੇੜਾ ਮਾਰਨਗੇ।' ਉਸ ਨੇ ਰੌਲਾ ਪਾਇਆ। ਉਸ ਨੂੰ ਜਾਣ-ਬੁਝ ਕੇ ਮਿਲਣ ਤੋਂ ਰੋਕਿਆ ਗਿਆ ਹੈ। ਨਾਲ ਧਮਕੀ ਦਿੱਤੀ ਕਿ ਉਹ ਆਪਣੀ ਸ਼ਿਕਾਇਤ ਕਰ ਕੇ ਰਹੇਗਾ। ਡਿਪਟੀ ਨੇ ਸਰਦਾਰੀ ਲਾਲ ਨੂੰ ਸਮਝਾਇਆ। ਆਪੇ ਇਕ-ਦੋ ਦਿਨਾਂ ਵਿਚ ਗ਼ੁੱਸਾ ਠੰਢਾ ਹੋ ਜਾਏਗਾ। ਪਰ ਸਰਦਾਰੀ ਲਾਲ ਦੇ ਦਿਲ ਨੂੰ ਧੁੜਕੂ ਲੱਗਾ ਰਿਹਾ। ਉਸ ਦੀ ਰਾਤ ਦੀ ਨੀਂਦ ਹਰਾਮ ਹੋ ਗਈ। ਉਹ ਬਗ਼ਾਵਤੀ ਬੀਜ ਨੂੰ ਪੁੰਗਰਣ ਤੋਂ ਪਹਿਲਾਂ ਹੀ ਕੁਚਲਣਾ ਚਾਹੁੰਦਾ ਸੀ। ਉਸ ਨੇ ਜੇਲ੍ਹ ਪ੍ਰਸ਼ਾਸਨ 'ਤੇ ਜ਼ੋਰ ਪਾਇਆ। 'ਮਿੱਠੂ ਨੂੰ ਸਬਕ ਸਿਖਾਇਆ ਜਾਣਾ ਚਾਹੀਦਾ ਹੈ। ਹੋਰਾਂ ਨੂੰ ਵੀ ਕੰਨ ਹੋ ਜਾਣ, ਇਸ ਲਈ ਸਜ਼ਾ ਸਖ਼ਤ ਹੋਣੀ ਚਾਹੀਦੀ ਹੈ।' ਬੋਰਡ ਦੇ ਮੈਂਬਰ ਨੂੰ ਖ਼ੁਸ਼ ਕਰਨ ਲਈ ਯੋਜਨਾ ਘੜੀ ਗਈ। ਤਲਾਸ਼ੀ ਦੌਰਾਨ ਮਿੱਠੂ ਦੇ ਪੀਪੇ ਵਿਚੋਂ ਤੋੜਨ ਵਾਲੇ ਹਥਿਆਰ ਬਰਾਮਦ ਕੀਤੇ ਗਏ।

"ਅਮਰਨਾਥ ਦੀ ਕੋਠੜੀ ਵਾਂਗ ਮਿੱਠੂ ਦੀ ਬੈਠਕ ਵਿਚੋਂ ਆਵਾਜ਼ਾਂ ਸੁਣਾਈ ਨਹੀਂ ਦਿੰਦੀਆਂ। ਤੂਫ਼ਾਨ ਤੋਂ ਪਹਿਲਾਂ ਪੱਸਰੀ ਇਸ ਸ਼ਾਂਤੀ ਪਿੱਛੇ ਕੀ ਰਾਜ਼ ਹੈ, ਇਸ ਦਾ ਅੰਦਾਜ਼ਾ ਆਸਾਨੀ ਨਾਲ ਲਾਇਆ ਜਾ ਸਕਦਾ ਹੈ।

"ਬੰਤ ਸਿੰਘ ਉਪਰ ਕਤਲ ਦਾ ਦੋਸ਼ ਹੈ। ਪੰਦਰਾਂ ਦਿਨਾਂ ਬਾਅਦ ਉਸ ਦੇ ਕੇਸ ਵਿਚ ਗਵਾਹੀਆਂ ਹੋਣੀਆਂ ਹਨ। ਸਲਾਹ-ਮਸ਼ਵਰੇ ਲਈ ਵਕੀਲ ਨੂੰ ਜੇਲ੍ਹ ਆਉਣਾ ਪੈਂਦਾ ਸੀ। ਵਕੀਲ ਉਸ ਨੂੰ ਇਕਾਂਤ ਵਿਚ ਮਿਲਣਾ ਚਾਹੁੰਦਾ ਸੀ। ਇਹ ਉਸ ਦਾ ਕਾਨੂੰਨੀ ਅਧਿਕਾਰ ਸੀ। ਕਿਸੇ ਤੀਜੇ ਵਿਅਕਤੀ ਵੱਲੋਂ ਸੁਣੀਆਂ ਗੱਲਾਂ ਬੰਤ ਸਿੰਘ ਲਈ ਘਾਤਕ ਸਿੱਧ ਹੋ ਸਕਦੀਆਂ ਸਨ। ਮੁਲਾਕਾਤੀ ਡਿਊੜੀ ਵਾਲਾ ਵਾਰਡਰ ਵਕੀਲ ਦੀ ਗੱਲ ਨਹੀਂ ਸੀ ਮੰਨ ਰਿਹਾ। ਉਹ ਕੁਰਸੀ ਡਾਹ ਕੇ ਪਿੱਛੇ ਜਾ ਬੈਠਦਾ ਸੀ। ਕੰਨ ਲਾ ਕੇ ਗੱਲਾਂ ਸੁਣਨ ਦਾ ਯਤਨ ਕਰਦਾ ਸੀ। ਬੰਤ ਨੇ ਮੋਟੀ ਰਕਮ ਦੀ ਪੇਸ਼ਕਸ਼ ਵੀ ਕੀਤੀ ਪਰ ਉਸ ਦੇ ਕੰਨ 'ਤੇ ਜੂੰ ਨਾ ਸਰਕੀ। ਬੰਤ ਨੂੰ ਸ਼ੱਕ ਹੋ ਗਿਆ ਕਿ ਉਹ ਦੂਜੀ ਧਿਰ ਨਾਲ ਮਿਲਿਆ ਹੋਇਆ ਹੈ। ਉਂਜ ਵੀ ਉਹ ਉਸ ਉਪਰ ਸਖ਼ਤੀ ਵਰਤਦਾ ਸੀ। ਵਕੀਲ ਚਾਹੁੰਦਾ ਤਾਂ ਅਦਾਲਤ ਕੋਲੋਂ ਇਕਾਂਤ ਵਿਚ ਗੱਲਬਾਤ ਕਰਨ ਦਾ ਹੁਕਮ ਕਰਵਾ ਸਕਦਾ ਸੀ, ਪਰ ਉਹ ਆਪਣੇ ਸਾਇਲ ਨੂੰ ਵਾਧੂ ਪ੍ਰੇਸ਼ਾਨੀ ਵਿਚ ਨਹੀਂ ਸੀ ਪਾਉਣਾ ਚਾਹੁੰਦਾ। ਨਰਾਜ਼ ਹੋਏ ਵਾਰਡਰ ਨੇ ਉਸ ਨੂੰ ਤੰਗ-ਪ੍ਰੇਸ਼ਾਨ ਕਰਨਾ ਸੀ। ਸਬਰ ਦਾ ਘੁੱਟ ਭਰ ਕੇ ਉਹ ਹਰ ਵਾਰ ਬੇਰੰਗ ਮੁੜਦਾ ਰਿਹਾ। ਸੋਚਦਾ ਸੀ ਦੋ-ਚਾਰ ਦਿਨਾਂ ਬਾਅਦ ਉਸ ਦੀ ਡਿਊਟੀ ਬਦਲ ਜਾਏਗੀ। ਉਹ ਕੇਸ ਦੀ ਤਿਆਰੀ ਫੇਰ ਕਰ ਲਏਗਾ, ਪਰ ਤਾਰੀਖ਼ ਦੇ ਸਿਰ 'ਤੇ ਆਉਣ ਤਕ ਵੀ ਜਦੋਂ ਵਾਰਡਰ ਨੇ ਪਿੱਛਾ ਨਾ ਛੱਡਿਆ ਤਾਂ ਹਿਰਖੇ ਵਕੀਲ ਨੂੰ ਕਾਨੂੰਨੀ ਚਾਰਾਜੋਈ ਕਰਨੀ ਪਈ। ਅਦਾਲਤ ਦੀ ਦਖ਼ਲ ਅੰਦਾਜ਼ੀ ਨਾਲ ਵਕੀਲ ਦਾ ਮਕਸਦ ਹੱਲ ਹੋ ਗਿਆ ਪਰ ਜੇਲ੍ਹ ਅਧਿਕਾਰੀਆਂ ਨੂੰ ਵੱਟ ਚੜ੍ਹ ਗਿਆ। ਵਾਰਡਰ ਨੇ ਸਹਾਇਕ ਦਰੋਗ਼ੇ ਦੇ ਕੰਨ ਭਰੇ, ਦਰੋਗ਼ੇ ਨੇ ਡਿਪਟੀ ਦੇ। ਡਿਪਟੀ

ਨੇ ਸੁਪਰਡੈਂਟ ਕੋਲ ਮੁਖ਼ਬਰੀ ਕੀਤੀ। 'ਇਸ ਵਾਰ ਪੇਸ਼ੀ 'ਤੇ ਗਏ ਬੰਤ ਨੇ ਵਾਪਸ ਨਹੀਂ ਮੁੜਨਾ। ਉਹ ਬਖ਼ਸ਼ੀ-ਖ਼ਾਨਿਉਂ ਭੱਜਣ ਦੀਆਂ ਤਿਆਰੀਆਂ ਕਰ ਰਿਹਾ ਹੈ। ਵਕੀਲ ਉਸ ਨਾਲ ਮਿਲਿਆ ਹੋਇਆ ਹੈ। ਯੋਜਨਾ ਸਿਰੇ ਚਾੜ੍ਹਨ ਵਿਚ ਮਦਦ ਕਰ ਰਿਹਾ ਹੈ।' ਡਿਪਟੀ ਨੇ ਸਮੱਸਿਆ ਦਾ ਹੱਲ ਪੇਸ਼ ਕੀਤਾ, 'ਬੰਤ ਨੂੰ ਹੱਥਕੜੀਆਂ ਦੇ ਨਾਲ ਬੇੜੀਆਂ ਪਾਉਣ ਦਾ ਹੁਕਮ ਫ਼ਰਮਾਇਆ ਜਾਵੇ।

"ਹੱਥਕੜੀਆਂ ਅਤੇ ਬੇੜੀਆਂ ਵਿਚ ਜਕੜੇ ਬੰਤ ਦੀ ਹਾਲਤ ਤਰਸਯੋਗ ਹੈ।

"ਕਿਸ-ਕਿਸ ਦੀ ਵਿਥਿਆ ਸੁਣਾਈ ਜਾਵੇ ?

"ਤੁਹਾਡੇ 'ਤੇ ਸ਼ਾਇਦ ਇਸ ਵਿਥਿਆ ਦਾ ਕੋਈ ਅਸਰ ਨਾ ਹੋਵੇ। ਤੁਹਾਡਾ ਝੁਕਾਅ ਫ਼ਰਜ਼ਾਂ ਦੀ ਥਾਂ ਆਪਣੇ ਮਿੱਤਰਾਂ ਵੱਲ ਹੈ। ਤੁਸੀਂ ਆਈਆਂ ਫ਼ਰਿਆਦਾਂ ਦੀ ਸੂਚਨਾ ਉਹਨਾਂ ਨੂੰ ਪਹੁੰਚਾ ਦਿੱਤੀ ਹੈ। ਉਹਨਾਂ ਨੇ ਕੈਦੀਆਂ ਦੀਆਂ ਵਾਗਾਂ ਕੱਸ ਦਿੱਤੀਆਂ ਹਨ। ਜੇਲ੍ਹ ਅਧਿਕਾਰੀ ਚੁਕੰਨੇ ਹੋ ਗਏ ਹਨ। ਹਰੀ ਓਮ ਨੇ ਮੋਦਨ ਕੋਲੋਂ ਹਲਫ਼ੀਆ ਬਿਆਨ ਤਸਦੀਕ ਕਰਵਾ ਕੇ ਕੋਲ ਰੱਖ ਲਿਆ ਹੈ। ਹਸਪਤਾਲ ਦਾ ਰਿਕਾਰਡ ਬਦਲ ਚੁੱਕਾ ਹੈ। ਹੇਮਾ ਮਰਨ ਕਿਨਾਰੇ ਹੈ। ਉਸ ਦੇ ਮਰਨ ਬਾਅਦ ਜੇਲ੍ਹ 'ਚ ਕੀ ਕਰਨ ਆਉਗੇ ? ਬਸੰਤ ਨੂੰ ਲਾਲਚ ਦਿੱਤੇ ਜਾ ਰਹੇ ਹਨ। ਕੀ ਉਸ ਦੇ ਮੁਕਰਨ ਦਾ ਇੰਤਜ਼ਾਰ ਕਰ ਰਹੇ ਹੋ ?

"ਕਿਰਪਾ ਕਰ ਕੇ ਆਪਣੇ ਫ਼ਰਜ਼ਾਂ ਨੂੰ ਪਛਾਣੋ। ਮੂਕ ਦੁਖੜੇ ਸਹਿੰਦੇ ਕੈਦੀਆਂ ਦੇ ਦਸੌਂਦੇ ਕੱਟੋ।"

ਹਿਰਦੇਪਾਲ ਨੇ ਖ਼ਤ ਕਈ ਵਾਰ ਘੋਖਿਆ। ਲਿਖਣ ਵਾਲਿਆਂ ਦਾ ਨਾਂ-ਪਤਾ ਕਿਧਰੇ ਦਰਜ ਨਹੀਂ ਸੀ।

ਇਕ ਵਾਰ ਉਸ ਨੂੰ ਲੱਗਾ ਇਹ ਖ਼ਤ ਕਿਸੇ ਕੈਦੀ ਨੇ ਉਸ ਨੂੰ ਉਕਸਾਉਣ ਅਤੇ ਜੇਲ੍ਹ ਅਧਿਕਾਰੀਆਂ ਵਿਰੁੱਧ ਭੜਕਾਉਣ ਲਈ ਲਿਖਿਆ ਹੈ। ਕੈਦੀਆਂ ਨਾਲ ਏਨਾ ਧੱਕਾ ਨਹੀਂ ਹੋ ਸਕਦਾ।

ਫੇਰ ਉਸ ਦੀ ਸੋਚ ਬਦਲੀ। ਖ਼ਤ ਵਿਚ ਕੈਦੀਆਂ ਦੇ ਨਾਂ, ਕੀਤੇ ਜੁਰਮਾਂ ਅਤੇ ਮਿਲੀਆਂ ਸਜ਼ਾਵਾਂ ਦਾ ਪੂਰਾ ਵੇਰਵਾ ਦਰਜ ਹੈ। ਉਸ ਦੇ ਆਪਣੇ ਦੌਰਿਆਂ ਬਾਰੇ ਵੀ ਟਿੱਪਣੀਆਂ ਸਨ ਜੋ ਦਰੁਸਤ ਸਨ। ਹਿਰਦੇਪਾਲ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਘੋਖ ਕਰ ਸਕਦਾ ਸੀ। ਉਸ ਨੂੰ ਸੱਦਾ ਵੀ ਤੱਥ ਘੋਖਣ ਦਾ ਦਿੱਤਾ ਗਿਆ ਸੀ।

ਫੇਰ ਉਸ ਨੂੰ ਸਮਝ ਆਈ। ਲਿਖਣ ਵਾਲੇ ਨੇ ਆਪਣਾ ਨਾਂ ਜਾਣ-ਬੁਝ ਕੇ ਗੁਪਤ ਰੱਖਿਆ ਹੈ। ਮਤਲਬ ਉਹ ਕੋਈ ਕੈਦੀ ਹੈ। ਆਪਣੀ ਪਹਿਚਾਣ ਦੱਸ ਕੇ ਉਹ ਬਲਾ ਗਲ ਨਹੀਂ ਪਾ ਸਕਦਾ।

ਹਿਰਦੇਪਾਲ ਨੂੰ ਹੋਰ ਸਮਝ ਆਈ। ਲਿਖਣ ਵਾਲਾ ਕੋਈ ਵੀ ਹੋਵੇ, ਹੈ ਲੋਕ-ਹਿਤਾਇਸ਼ੀ। ਖ਼ਤ ਪੜ੍ਹ ਕੇ ਹਿਰਦੇਪਾਲ ਨੂੰ ਆਪਣੀ ਅਣਗਹਿਲੀ 'ਤੇ ਸ਼ਰਮ ਆਈ। ਉਹ ਸੈਸ਼ਨ ਜੱਜ ਬਣ ਚੁੱਕਾ ਹੈ। ਕਈ ਵਾਰ ਜੇਲ੍ਹ ਦਾ ਦੌਰਾ ਕਰ ਚੁੱਕਾ ਹੈ। ਉਸ ਨੂੰ ਪਤਾ ਹੀ ਨਹੀਂ ਕਿ ਇਹਨਾਂ ਜੇਲ੍ਹ ਦੌਰਿਆਂ ਦਾ ਮਕਸਦ ਕੀ ਹੈ ? ਕੈਦੀਆਂ ਦੀਆਂ ਸਮੱਸਿਆਵਾਂ ਅਤੇ ਜੇਲ੍ਹ ਪ੍ਰਬੰਧ ਦੀਆਂ ਬਾਰੀਕੀਆਂ ਨੂੰ ਸਮਝਣ ਲਈ ਗਹਿਰ-ਗੰਭੀਰ ਅਧਿਐਨ ਕੀ ਕਰਨਾ ਸੀ, ਉਸ ਨੇ ਹਾਲੇ ਤਕ ਜੇਲ੍ਹ ਮੈਨੂਅਲ ਤਕ ਨਹੀਂ ਪੜ੍ਹਿਆ।

"ਮੈਨੂੰ ਆਮ ਲੋਕਾਂ ਦੀ ਜ਼ਿੰਦਗੀ ਬਾਰੇ ਬਹੁਤਾ ਗਿਆਨ ਨਹੀਂ।" ਉਸ ਨੂੰ ਆਪਣੀ ਘਾਟ ਮਹਿਸੂਸ ਹੋਈ।



ਉਹ ਅਮੀਰ ਘਰ ਜੰਮਿਆ ਹੈ। ਸੁਰਤ ਸੰਭਾਲਦੇ ਹੀ ਪੜ੍ਹਨ ਲਈ ਸਨਾਵਰ ਸਕੂਲ ਚਲਿਆ ਗਿਆ। ਬਾਕੀ ਪੜ੍ਹਾਈ ਦਿੱਲੀਓਂ ਕੀਤੀ। ਵਕਾਲਤ ਚੰਡੀਗੜ੍ਹੋਂ। ਮਾਮਾ ਹਾਈ ਕੋਰਟ ਦਾ ਜੱਜ ਸੀ। ਜੱਜੀ ਉਸ ਨੇ ਭਾਣਜੇ ਨੂੰ ਤਸ਼ਤਰੀ ਵਿਚ ਪਰੋਸ ਕੇ ਦਿੱਤੀ। ਅੱਜ ਤਕ ਉਹ ਗੋਲ-ਮਟੋਲ ਮੁੰਡਿਆਂ ਅਤੇ ਸੁਨੱਖੀਆਂ ਇਸਤਰੀਆਂ ਵਿਚ ਘਿਰਿਆ ਰਿਹਾ। ਸਾਉਣ ਦੇ ਅੰਨ੍ਹੇ ਵਾਂਗ ਉਸ ਨੂੰ ਹਰ ਥਾਂ ਹਰਾ ਨਜ਼ਰ ਆਉਂਦਾ ਹੈ। ਅੱਜ ਤਕ ਉਸ ਨੇ ਕਿਸੇ ਔਕੜ ਦਾ ਸਾਹਮਣਾ ਨਹੀਂ ਕੀਤਾ। ਇਸੇ ਲਈ ਉਸ ਨੂੰ ਦੂਜਿਆਂ ਦੀਆਂ ਔਕੜਾਂ ਦਾ ਅਹਿਸਾਸ ਨਹੀਂ। ਨਾ ਉਹ ਕਦੇ ਕਿਸੇ ਪਿੰਡ ਰਿਹਾ ਹੈ, ਨਾ ਉਸ ਨੇ ਕਿਸੇ ਮਜ਼ਦੂਰ ਕਿਸਾਨ ਨੂੰ ਮਿੱਟੀ ਨਾਲ ਮਿੱਟੀ ਹੁੰਦੇ ਦੇਖਿਆ ਹੈ।

ਸ਼ਾਇਦ ਉਸ ਦੀ ਕਿਸੇ ਅਗਿਆਨਤਾ ਦਾ ਜੇਲ੍ਹ ਅਧਿਕਾਰੀਆਂ ਨੇ ਫ਼ਾਇਦਾ ਉਠਾਇਆ ਹੈ। ਉਸ ਨੂੰ ਧੋਖੇ ਵਿਚ ਰੱਖ ਕੇ ਮਨਮਰਜ਼ੀ ਕੀਤੀ ਹੈ।

ਹਿਰਦੇਪਾਲ ਨੇ ਫ਼ੈਸਲਾ ਕੀਤਾ। ਉਹ ਕੱਲ੍ਹ ਹੀ ਜੇਲ੍ਹ ਜਾਏਗਾ। ਪਹਿਲਾਂ ਵਾਲੇ ਸੈਸ਼ਨ ਜੱਜ ਵਾਂਗ ਨਹੀਂ, ਇਕ ਨਵੇਂ ਅਵਤਾਰ ਵਿਚ।

ਫੇਰ ਹਿਰਦੇਪਾਲ ਨੇ ਦਫ਼ਤਰ ਦੇ ਸੁਪਰਡੈਂਟ ਨੂੰ ਬੁਲਾਇਆ। ਉਸ ਨੂੰ ਹੁਕਮ ਸੁਣਾਇਆ :

"ਤੂੰ ਤੁਰੰਤ ਲਾਇਬਰੇਰੀ ਜਾ। ਜੇਲ੍ਹ ਮੈਨੂਅਲ ਦੇ ਨਾਲ-ਨਾਲ ਜੇਲ੍ਹ ਸੁਧਾਰਾਂ ਸੰਬੰਧੀ ਸਾਰੀਆਂ ਕਿਤਾਬਾਂ ਕਢਵਾ ਲਿਆ। ਮੈਂ ਕੁਝ ਅਧਿਐਨ ਕਰਨਾ ਹੈ।"

ਫੇਰ ਉਸ ਨੇ ਆਪਣੇ ਮਿੱਤਰ ਜੇਲ੍ਹ ਸੁਪਰਡੈਂਟ ਨੂੰ ਫ਼ੋਨ ਕੀਤਾ :

"ਕੱਲ੍ਹ ਨੂੰ ਐਤਵਾਰ ਹੈ। ਸਾਰਾ ਦਿਨ ਮੇਰੇ ਲਈ ਖ਼ਾਲੀ ਰੱਖਣਾ। ਨਾਸ਼ਤਾ ਮੇਰੇ ਨਾਲ ਕਰਨਾ। ਫੇਰ ਆਪਾਂ ਇਕ ਮਿਸ਼ਨ 'ਤੇ ਨਿਕਲਾਂਗੇ।"

ਫੇਰ ਉਹ ਅਗਲੇ ਦਿਨ ਦੀ ਤਿਆਰੀ ਵਿਚ ਰੁਝ ਗਿਆ।

# 48

ਜੇਲ੍ਹ ਸੁਪਰਡੈਂਟ ਨੂੰ ਸੈਸ਼ਨ ਹਾਊਸ ਆਇਆਂ ਇਕ ਘੰਟਾ ਹੋ ਗਿਆ ਸੀ। ਨਾਸ਼ਤਾ ਖ਼ਤਮ ਹੋ ਚੁੱਕਾ ਸੀ। ਇਸ ਸਮੇਂ ਦੌਰਾਨ ਹਿਰਦੇਪਾਲ ਨੇ ਚੁੱਪ ਧਾਰ ਲਈ ਸੀ। ਪਹਿਲਾਂ ਵਾਂਗ ਇਕ ਵਾਰ ਵੀ ਉਹ ਖੁੱਲ੍ਹ ਕੇ ਨਹੀਂ ਸੀ ਹੱਸਿਆ। ਰਣਜੋਧ ਸਿੰਘ ਨੂੰ ਉੱਬਲਚਿੱਤੀ ਲੱਗ ਗਈ। ਆਖ਼ਰ ਮਾਜਰਾ ਕੀ ਹੈ?

ਆਨੇ-ਬਹਾਨੇ ਉਸ ਨੇ ਕਈ ਵਾਰ ਅਗਲੇ ਪ੍ਰੋਗਰਾਮ ਬਾਰੇ ਪੁੱਛਿਆ, ਪਰ ਕੁਝ ਪੱਲੇ ਨਾ ਪਿਆ। ਘਰ ਬੈਠਣ ਦੀ ਤਿਆਰੀ ਨਹੀਂ ਸੀ ਜਾਪਦੀ। ਨਾ ਲਾਲ ਬੱਤੀ ਵਾਲੀ ਕਾਰ ਗੈਰਜੋਂ ਬਾਹਰ ਨਿਕਲੀ ਸੀ, ਨਾ ਕਿਧਰੇ ਡਰਾਈਵਰ ਨਜ਼ਰ ਆਉਂਦਾ ਸੀ।

"ਅੱਜ ਕਿਧਰ ਚੜ੍ਹਾਈ ਕਰਨੀ ਹੈ?" ਜਦੋਂ ਰਣਜੋਧ ਸਿੰਘ ਦੇ ਸਬਰ ਦੇ ਕੜ ਪਾਟ ਗਏ ਤਾਂ ਉਸ ਨੇ ਸਿੱਧਾ ਹੀ ਪੁੱਛ ਲਿਆ।

"ਅੱਜ ਆਪਾਂ ਤੇਰੀ ਜੇਲ੍ਹ ਦਾ ਗ਼ੈਰ-ਰਸਮੀ ਦੌਰਾ ਕਰਾਂਗੇ। ਅੰਦਰ ਕੀ ਵਾਪਰਦਾ ਹੈ? ਮੈਂ ਇਹ ਜਾਨਣਾ ਚਾਹੁੰਦਾ ਹਾਂ। ਇਸ ਖੋਜ ਵਿਚ ਮੇਰੀ ਮਦਦ ਕਰ। ਮੇਰੇ ਨਾਲ ਵਾਅਦਾ ਕਰ, ਕਿਸੇ ਕਰਮਚਾਰੀ ਨੂੰ ਦੌਰੇ ਦੀ ਸੂਚਨਾ ਨਹੀਂ ਦੇਵੇਂਗਾ। ਕੋਈ ਤਿਆਰੀ ਨਹੀਂ ਕਰੇਂਗਾ। ਜੋ ਮੈਂ ਪੁੱਛਾਂਗਾ ਉਸ ਦਾ ਸਹੀ-ਸਹੀ ਉੱਤਰ ਦੇਵੇਂਗਾ।"

ਮਿੱਤਰ ਦੇ ਜ਼ੋਰ ਪਾਉਣ 'ਤੇ ਹਿਰਦੇਪਾਲ ਨੇ ਰਹੱਸ ਖੋਲ੍ਹਿਆ।

"ਕੋਈ ਨਵਾਂ ਪੁਆੜਾ ਪੈ ਗਿਆ?" ਮਨ ਦਾ ਤੌਖ਼ਲਾ ਦੂਰ ਕਰਨ ਲਈ ਰਣਜੋਧ ਸਿੰਘ ਨੇ ਸਪੱਸ਼ਟੀਕਰਨ ਮੰਗਿਆ।

"ਨਹੀਂ, ਅਜਿਹੀ ਕੋਈ ਗੱਲ ਨਹੀਂ। ਕੱਲ੍ਹ ਜੇਲ੍ਹ ਜੀਵਨ ਬਾਰੇ ਮੇਰੇ ਹੱਥ ਇਕ ਕਿਤਾਬ ਲੱਗ ਗਈ। ਉਸ ਕਿਤਾਬ ਵਿਚ ਜੇਲ੍ਹ ਅੰਦਰ ਵਾਪਰ ਰਹੇ ਘਿਨਾਉਣੇ ਸੱਚ ਨੂੰ ਵਿਸਥਾਰ ਨਾਲ ਚਿਤਰਿਆ ਗਿਆ ਹੈ। ਮੈਨੂੰ ਉਹਨਾਂ ਗੱਲਾਂ 'ਤੇ ਯਕੀਨ ਨਹੀਂ ਆ ਰਿਹਾ। ਬੱਸ ਕੁਝ ਤੱਥਾਂ ਦੀ ਪਰਖ ਕਰਨੀ ਹੈ। ਨਾਲੇ ਜਿਹੜੀਆਂ ਸ਼ਿਕਾਇਤਾਂ ਆਈਆਂ ਹੋਈਆਂ ਹਨ, ਉਹਨਾਂ ਦਾ ਨਿਪਟਾਰਾ ਕਰ ਦੇਵਾਂਗਾ।'

ਰਣਜੋਧ ਸਿੰਘ ਵਾਅਦਾ ਕਰਨ ਤੋਂ ਸਿਵਾ ਕੁਝ ਨਹੀਂ ਸੀ ਕਰ ਸਕਦਾ। ਮਜਬੂਰੀ-ਵੱਸ ਉਸ ਨੇ ਹੱਥ ਮਿਲਾਇਆ।

ਆਮ ਸ਼ਹਿਰੀਆਂ ਵਾਂਗ ਉਹਨਾਂ ਨੇ ਜੇਲ੍ਹ ਵਿਚ ਪ੍ਰਵੇਸ਼ ਕੀਤਾ।

ਉਸ ਸਮੇਂ ਕੈਦੀਆਂ ਲਈ ਸਵੇਰ ਦਾ ਖਾਣਾ ਲਿਜਾਇਆ ਜਾ ਰਿਹਾ ਸੀ। ਇਸ ਕੰਮ ਲਈ ਸਾਈਕਲ ਰੇਹੜੀਆਂ ਦੀ ਵਰਤੋਂ ਹੋ ਰਹੀ ਸੀ।

ਸੈਸ਼ਨ ਜੱਜ ਦੇ ਆਖਣ 'ਤੇ ਜੇਲ੍ਹ ਸੁਪਰਡੈਂਟ ਨੇ ਇਕ ਰੇਹੜੀ ਰੁਕਵਾ ਲਈ।



ਰੇਹੜੀ ਵਿਚ ਮਣ-ਮਣ ਦੀ ਸਮਰੱਥਾ ਵਾਲੇ ਦੋ ਦੁੱਧ ਵਾਲੇ ਢੋਲ ਸਨ। ਢੋਲਾਂ ਵਿਚ ਦਾਲ ਸੀ। ਨਾਲ ਦੋ-ਦੋ ਲੋਹੇ ਦੀਆਂ ਬਾਲਟੀਆਂ ਸਨ। ਬਾਲਟੀਆਂ ਵਿਚ ਕੜਛੇ ਸਨ। ਅਹਾਤੇ ਵਿਚ ਜਾ ਕੇ ਦਾਲ ਨੂੰ ਪਹਿਲਾਂ ਬਾਲਟੀਆਂ ਵਿਚ ਪਲਟਿਆ ਜਾਣਾ ਸੀ, ਫੇਰ ਕੜਛਿਆਂ ਰਾਹੀਂ ਕੈਦੀਆਂ ਨੂੰ ਵਰਤਾਇਆ ਜਾਣਾ ਸੀ। ਢੋਲਾਂ ਦੇ ਨਾਲ ਇਕ ਦੂਜੇ ਉਪਰ ਰੱਖੇ ਟੋਕਰੇ ਸਨ। ਨਾਲ ਛਿੱਕੂ ਸਨ।

ਪਹਿਲਾਂ ਜਦੋਂ ਉਹ ਦੌਰੇ 'ਤੇ ਆਉਂਦਾ ਸੀ ਤਾਂ ਕੈਦੀਆਂ ਨੂੰ ਵਰਤਾਏ ਜਾਂਦੇ ਖਾਣੇ ਦੀ ਪੜਤਾਲ ਵੱਖਰੇ ਢੰਗ ਨਾਲ ਕਰਾਈ ਜਾਂਦੀ ਸੀ। ਜੇਲ੍ਹ ਦੇ ਵੱਡੇ ਵਿਹੜੇ ਵਿਚ ਇਕ ਮੇਜ਼ ਸਜਾਇਆ ਜਾਂਦਾ ਸੀ। ਮੇਜ਼ ਉਪਰ ਦੋ ਵੱਡੇ ਸਟੀਲ ਦੇ ਡੱਬੇ ਰੱਖੇ ਜਾਂਦੇ ਸਨ। ਇਕ ਵਿਚ ਦਾਲ, ਦੂਜੇ ਵਿਚ ਸਬਜ਼ੀ ਹੁੰਦੀ ਸੀ। ਨਾਲ ਸਾਫ਼-ਸੁਥਰੇ ਪੋਣੇ ਵਿਚ ਲਪੇਟੀਆਂ ਰੋਟੀਆਂ ਪਈਆਂ ਹੁੰਦੀਆਂ ਸਨ। ਕੋਲ ਤੱਕੜੀ ਹੁੰਦੀ ਸੀ। ਤੱਕੜੀ ਦੇ ਇਕ ਪੱਲੜੇ ਵਿਚ ਵੱਟੇ ਹੁੰਦੇ ਸਨ। ਇਹ ਦੌਰੇ 'ਤੇ ਆਏ ਅਫ਼ਸਰ ਲਈ ਇਸ਼ਾਰਾ ਹੁੰਦਾ ਸੀ। ਜੇ ਸ਼ੱਕ ਹੋਵੇ ਤਾਂ ਉਹ ਰੋਟੀ ਦਾ ਵਜ਼ਨ ਕਰ ਸਕਦਾ ਸੀ। ਕੈਦੀ ਨੂੰ ਚਾਰ ਰੋਟੀਆਂ ਮਿਲਦੀਆਂ ਹਨ। ਹਰ ਰੋਟੀ ਦਾ ਭਾਰ ਸੌ ਗਰਾਮ ਹੁੰਦਾ ਹੈ।

ਪਿਛਲੇ ਦੌਰੇ ਸਮੇਂ ਸੁਪਰਡੈਂਟ ਨੇ ਆਪਣੇ ਹੱਥੀਂ ਕੌਲੀਆਂ ਵਿਚ ਦਾਲ ਸਬਜ਼ੀ ਪਾਈ ਸੀ। ਰੋਟੀ ਦੀ ਇਕ ਬੁਰਕੀ ਖ਼ੁਦ ਖਾਧੀ ਸੀ। ਦੂਜੀ ਸੈਸ਼ਨ ਜੱਜ ਨੂੰ ਪੇਸ਼ ਕੀਤੀ ਸੀ।

ਦਾਲ ਸਬਜ਼ੀ ਦਾ ਰੰਗ, ਉਪਰ ਤਰਦਾ ਘਿਓ ਅਤੇ ਮਸਾਲਿਆਂ ਦੀ ਮਹਿਕ ਸੁਆਦ ਦੀ ਸੂਹ ਦੇਣ ਲਈ ਕਾਫ਼ੀ ਸੀ। ਰੋਟੀ ਸਾਫ਼-ਸੁਥਰੀ ਅਤੇ ਪੂਰੀ ਤਰ੍ਹਾਂ ਸਿਕੀ ਹੋਈ ਸੀ। ਵਜ਼ਨ ਵੀ ਪੂਰਾ ਸੀ।

ਹਿਰਦੇਪਾਲ ਬਿਨਾਂ ਸਵਾਦ ਚੱਖਿਆਂ ਨਮੂਨਾ ਪਾਸ ਕਰਨਾ ਚਾਹੁੰਦਾ ਸੀ, ਪਰ ਲੋਕਾਂ ਵਿਚ ਇਕ ਮਿੱਥ ਪ੍ਰਚਲਿਤ ਹੈ ਕਿ 'ਮੌਕਾ ਮਿਲਦੇ ਹੀ ਜੇਲ੍ਹ ਦੀ ਰੋਟੀ ਖਾ ਲੈਣੀ ਚਾਹੀਦੀ ਹੈ।' ਕਹਿੰਦੇ ਹਨ, ਇਸ ਤਰ੍ਹਾਂ ਕਰਨ ਨਾਲ ਕਿਸਮਤ ਵਿਚ ਲਿਖੀਆਂ ਜੇਲ੍ਹ ਦੀਆਂ ਰੋਟੀਆਂ ਦੀ ਗਿਣਤੀ ਘਟ ਜਾਂਦੀ ਹੈ।

ਰਣਜੋਧ ਸਿੰਘ ਨੇ ਉਸ ਨੂੰ ਦੂਸਰੀ ਬੁਰਕੀ ਤੋੜਦੇ ਨੂੰ ਰੋਕ ਕੇ ਆਖਿਆ ਸੀ, "ਇਸ ਨੂੰ ਛੱਡੋ। ਤੁਹਾਡੇ ਖਾਣੇ ਦਾ ਪ੍ਰਬੰਧ ਵੱਖਰੇ ਤੌਰ 'ਤੇ ਕੀਤਾ ਗਿਆ ਹੈ।"

ਹੁਣ ਸਥਿਤੀ ਹੋਰ ਸੀ। ਉਸ ਦੇ ਮਨ ਵਿਚ ਖ਼ਤ ਵਿਚ ਦਰਜ ਦਾਲ ਰੋਟੀ ਦਾ ਦ੍ਰਿਸ਼ ਘੁੰਮ ਰਿਹਾ ਸੀ।

ਉਸ ਦੇ ਸਾਹਮਣੇ ਪਈਆਂ ਰੋਟੀਆਂ ਇਕ ਪੁਰਾਣੇ ਮੈਲੇ ਅਤੇ ਦਾਲ ਦੇ ਛਿੱਟਿਆਂ ਨਾਲ ਡੱਬ-ਖੜੱਬੇ ਹੋਏ ਕੱਪੜੇ ਨਾਲ ਢੱਕੀਆਂ ਹੋਈਆਂ ਸਨ। ਕੱਪੜੇ ਉਪਰ ਬੈਠੀਆਂ ਸੈਂਕੜੇ ਮੱਖੀਆਂ ਹਮਲੇ ਲਈ ਤਿਆਰ ਸਨ।

ਸੱਚ ਤੋਂ ਪਰਦਾ ਚੁੱਕਣ ਲਈ ਹਿਰਦੇਪਾਲ ਨੇ ਰੋਟੀਆਂ ਉਪਰ ਪਿਆ ਕੱਪੜਾ ਹਟਾ ਦਿੱਤਾ। ਰੋਟੀਆਂ ਨੂੰ ਹੱਥਾਂ ਵਿਚ ਚੁੱਕ ਕੇ ਉਲਟਿਆ ਪਲਟਿਆ। ਕੋਈ ਰੋਟੀ ਕੱਚੀ ਸੀ, ਕੋਈ ਜਲੀ ਹੋਈ। ਕਿਸੇ ਦਾ ਭਾਰ ਅੱਧਾ ਸੀ, ਕਿਸੇ ਦਾ ਪੌਣਾ। ਕਈ ਰੋਟੀਆਂ ਦੇ ਕੰਢੇ ਸਖ਼ਤ ਸਨ ਜਿਵੇਂ ਬਾਸੀਆਂ ਹੋਣ।

"ਜ਼ਰਾ ਦਾਲ ਦੇ ਦਰਸ਼ਨ ਕਰਾਓ।"

ਝਿਜਕਦੇ ਕੈਦੀ ਨੇ ਢੋਲ ਦਾ ਢੱਕਣ ਖੋਲ੍ਹ ਦਿੱਤਾ। ਵਿਚੋਂ ਪੀਲਾ ਪਾਣੀ ਨਿਕਲਿਆ।

"ਦਾਲ ਕੱਢੋ।"

ਕੈਦੀ ਨੇ ਢੋਲ ਦੇ ਥੱਲੇ ਤਕ ਦਾਲ ਦੀ ਭਾਲ ਕੀਤੀ। ਮਸਾਂ ਅੱਧਾ ਕੜਛਾ ਦਾਲ ਦਾ ਭਰਿਆ।

"ਦੂਜੇ ਢੋਲ ਵਿਚ ਕੀ ਹੈ ?"

"ਉਹ ਵੀ ਦਾਲ ਹੈ।"

"ਸਬਜ਼ੀ ਨਹੀਂ ਬਣਾਈ ?"

"ਨਹੀਂ ਜਨਾਬ, ਬੱਸ ਦਾਲ ਹੀ ਬਣਦੀ ਹੈ।"

"ਠੀਕ ਹੈ।" ਆਖ ਕੇ ਸੈਸ਼ਨ ਜੱਜ ਨੇ ਕੈਦੀ ਨੂੰ ਰੇਹੜੀ ਅੱਗੇ ਲਿਜਾਣ ਦਾ ਹੁਕਮ ਦਿੱਤਾ।

"ਇਸ ਦਾਲ ਵਿਚ ਦਾਲ ਦੇ ਦਾਣੇ ਤਾਂ ਲੱਭੇ ਹੀ ਨਹੀਂ। ਸਾਰਾ ਸਾਲ ਦਾਲ ਹੀ ਬਣਾਈ ਜਾਂਦੀ ਹੈ ? ਹਰੀ ਸਬਜ਼ੀ ਕਦੇ ਨਹੀਂ ਬਣਦੀ ? ਜੇਲ੍ਹ ਮੈਨੂਅਲ ਹਰ ਰੋਜ਼ ਹਰੀ ਸਬਜ਼ੀ ਪਕਾਉਣ ਦਾ ਹੁਕਮ ਦਿੰਦਾ ਹੈ।"

"ਮੁੱਢ ਤੋਂ ਇਹੋ ਰੁਟੀਨ ਚਲਿਆ ਆ ਰਿਹਾ ਹੈ।"

"ਜੇਲ੍ਹ ਫ਼ਾਰਮ ਵਿਚ ਪੈਦਾ ਹੁੰਦੀ ਸਬਜ਼ੀ ਕਿਥੇ ਜਾਂਦੀ ਹੈ ?"

"ਮੈਂ ਸੱਚ ਬੋਲਣ ਦਾ ਬਚਨ ਦਿੱਤਾ ਹੈ। ਇਸ ਲਈ ਝੂਠ ਨਹੀਂ ਬੋਲਾਂਗਾ। ਅੱਧੀ ਸਬਜ਼ੀ ਮੁਲਾਜ਼ਮਾਂ ਦੇ ਘਰ ਜਾਂਦੀ ਹੈ, ਬਾਕੀ ਸਬਜ਼ੀ ਮੰਡੀ। ਆਮਦਨ ਵੰਡੀ ਜਾਂਦੀ ਹੈ।"

"ਬਹੁਤ ਖ਼ੂਬ।" ਖਿਝੇ ਹਿਰਦੇਪਾਲ ਨੇ ਸੁਚੱਜੇ ਪ੍ਰਬੰਧ ਲਈ ਸੁਪਰਡੈਂਟ ਨੂੰ ਦਾਦ ਦਿੱਤੀ।

ਪਿੰਡ ਦੀ ਪਹਿਚਾਣ ਗੋਹਾਰਿਆਂ ਤੋਂ ਹੋ ਜਾਂਦੀ ਹੈ। ਰਸੋਈ ਵਿਚ ਕੀ ਪੱਕ ਰਿਹਾ ਹੋਏਗਾ ? ਇਸ ਦਾ ਅੰਦਾਜ਼ਾ ਹਿਰਦੇਪਾਲ ਨੂੰ ਲੱਗ ਚੁੱਕਾ ਸੀ। ਫੇਰ ਵੀ ਹਿਰਦੇਪਾਲ ਸਭ ਕੁਝ ਅੱਖੀਂ ਦੇਖਣਾ ਚਾਹੁੰਦਾ ਸੀ।

"ਪਹਿਲਾਂ ਲੰਗਰ ਵੱਲ ਚੱਲੀਏ ?"

ਹੋਏ ਕੁਸ਼ਗਨ 'ਤੇ ਰਣਜੋਧ ਸਿੰਘ ਨਮੋਸ਼ੀ ਮਹਿਸੂਸ ਕਰ ਰਿਹਾ ਸੀ। ਅੱਗੋਂ ਕੀ ਹੋਣ ਵਾਲਾ ਹੈ, ਉਸ ਨੂੰ ਪਤਾ ਸੀ। ਉਹ ਕਿਸੇ ਨਾ ਕਿਸੇ ਬਹਾਨੇ ਜੇਲ੍ਹ ਵਿਚੋਂ ਭੱਜਣਾ ਚਾਹੁੰਦਾ ਸੀ। ਪਰ ਹਾਲ ਦੀ ਘੜੀ ਸੰਭਵ ਨਹੀਂ ਸੀ।

ਸੁਸਤ ਕਦਮੀਂ ਉਹ ਹਿਰਦੇਪਾਲ ਨੂੰ ਲੰਗਰ ਵੱਲ ਲਿਜਾਣ ਲੱਗਾ।

ਟੀਨ ਦੀਆਂ ਚਾਦਰਾਂ ਹੇਠ ਬਣੇ ਇਕ ਵੱਡੇ ਸਾਰੇ ਬਰਾਂਡੇ ਉਪਰ 'ਰਸੋਈ ਘਰ' ਬੋਰਡ ਲਟਕ ਰਿਹਾ ਸੀ। ਧੂਏਂ ਕਾਰਨ ਬੋਰਡ ਦਾ ਰੰਗ ਪੀਲਾ ਪੈ ਚੁੱਕਾ ਸੀ। ਸੈਸ਼ਨ ਜੱਜ ਨੇ ਮੁਸ਼ਕਲ ਨਾਲ ਕਾਲਖ਼ ਹੇਠ ਛੁਪੇ ਅੱਖਰ ਉਠਾਏ।

ਬਰਾਂਡੇ ਦੇ ਚਾਰੇ ਪਾਸੇ ਚਾਰ ਫੁੱਟ ਉੱਚੀਆਂ ਜਾਲੀਦਾਰ ਕੰਧਾਂ ਸਨ। ਵਿਚਕਾਰ ਕੰਧੋਲੀ ਕਰ ਕੇ ਬਰਾਂਡੇ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਖੱਬੇ ਪਾਸੇ ਵਿਚ ਸੀਮਿੰਟ ਦਾ ਟੁੱਟਾ-ਫੁੱਟਾ ਫ਼ਰਸ਼ ਲੱਗਾ ਸੀ। ਫ਼ਰਸ਼ ਉਪਰ ਚਾਰ ਟੱਬ ਪਏ ਸਨ। ਹਰ ਟੱਬ ਵਿਚ ਮਣ ਦੇ ਲਗਭਗ ਗੁੰਨ੍ਹਿਆ ਹੋਇਆ ਆਟਾ ਸੀ। ਪੰਜਵੇਂ ਵਿਚ ਆਟਾ ਗੁੰਨ੍ਹਿਆ ਜਾ ਰਿਹਾ ਸੀ। ਟੱਬ ਵਿਚ ਵੜੇ ਦੋ ਕੈਦੀ ਆਟੇ ਨੂੰ ਪੈਰਾਂ ਨਾਲ ਇਉਂ ਗੁੰਨ੍ਹ ਰਹੇ ਸਨ ਜਿਵੇਂ ਗਾਰੇ ਦੀ ਘਾਣੀ ਰਲਾ ਰਹੇ ਹੋਣ। ਕੈਦੀਆਂ ਦੀਆਂ ਤੇੜਾਂ ਵਿਚ ਮੈਲ ਨਾਲ ਭਰੇ ਕੱਛੇ ਸਨ। ਗਲਾਂ ਵਿਚ ਪਸੀਨੇ ਵਿਚ ਗਚ ਖੱਦਰ ਦੀਆ ਬਨੈਣਾਂ। ਚੁੱਲ੍ਹਿਆਂ ਦੀ ਤਪਸ਼ ਅਤੇ ਕੜੀ ਮਿਹਨਤ ਕਾਰਨ ਉਹਨਾਂ ਦੇ ਮੱਥੇ ਤੋਂ ਲੈ ਕੇ ਲੱਕ ਤਕ ਪਸੀਨਾ ਵਹਿ ਰਿਹਾ ਸੀ। ਕਈ ਵਾਰ ਪਸੀਨੇ ਦੇ ਤੁਪਕੇ ਆਟੇ ਵਿਚ ਵੀ ਜਾ ਰਲਦੇ ਸਨ। ਇਕ



ਬਾਲਟੀ ਵਿਚ ਆਟੇ ਵਿਚ ਪਾਉਣ ਲਈ ਪਾਣੀ ਪਿਆ ਸੀ। ਪਾਣੀ ਲੰਗਰ ਦੀ ਨੁੱਕਰ ਵਿਚ ਬਣੀ ਡਿੱਗੀ ਤੋਂ ਲਿਆਂਦਾ ਗਿਆ ਸੀ। ਹਿਰਦੇਪਾਲ ਨੇ ਡਿੱਗੀ ਵੱਲ ਨਜ਼ਰ ਦੌੜਾਈ। ਡਿੱਗੀ ਦੀਆਂ ਕੰਧਾਂ ਮੈਲੇ ਹੱਥ ਲੱਗ-ਲੱਗ ਕਾਲੀਆਂ ਹੋਈਆਂ ਪਈਆਂ ਸਨ। ਜਾਪਦਾ ਸੀ ਡਿੱਗੀ ਦੀ ਕਦੇ ਸਫ਼ਾਈ ਨਹੀਂ ਹੋਈ। ਥਾਂ-ਥਾਂ ਹਰੀ ਕਾਈ ਇਸ ਵਿਚਾਰ ਦੀ ਪੁਸ਼ਟੀ ਕਰ ਰਹੀ ਸੀ। ਦੋ ਚਿੜੀਆਂ ਡਿੱਗੀ ਦੀ ਮਣ 'ਤੇ ਬੈਠੀਆਂ ਪਿਆਸ ਬੁਝਾ ਰਹੀਆਂ ਸਨ। ਗਲਹਿਰੀ ਹੁਣੇ-ਹੁਣੇ ਪੰਜ ਇਸ਼ਨਾਨਾਂ ਕਰ ਕੇ ਗਈ ਸੀ।

ਛੇਵੇਂ ਟੱਬ ਵਿਚ ਆਟਾ ਢੇਰੀ ਕੀਤਾ ਜਾ ਰਿਹਾ ਸੀ।

ਅਗਾਂਹ ਵਧ ਕੇ ਹਿਰਦੇਪਾਲ ਨੇ ਆਟੇ ਦੀ ਮੁੱਠੀ ਭਰੀ ਅਤੇ ਹਥੇਲੀ ਉਪਰ ਖਿੰਡਾ ਲਈ। ਆਟੇ ਵਿਚ ਫਿਰਦੀ ਸੁਸਰੀ ਉਸ ਦੇ ਗੁੱਟ ਥਾਣੀਂ ਹੋ ਕੇ ਕੂਹਣੀ ਵੱਲ ਵਧਣ ਲੱਗੀ। ਹਿਰਦੇਪਾਲ ਨੇ ਆਟਾ ਉਲਟਿਆ ਤਾਂ ਮੇਂਗਣਾਂ ਆਪਣੀ ਪਹਿਚਾਣ ਕਰਾਉਣ ਲੱਗੀਆਂ। ਆਟੇ ਵਿਚੋਂ ਹਵਾੜ ਆ ਰਹੀ ਸੀ। ਇਹ ਕਿਸ ਚੀਜ਼ ਦੀ ਹਵਾੜ ਹੈ ? ਇਹ ਘੋਖਣ ਲਈ ਉਹ ਆਟਾ ਆਪਣੇ ਨੱਕ ਕੋਲ ਲੈ ਗਿਆ। ਉਸ ਨੂੰ ਹਵਾੜ ਦੇ ਦੋ ਕਾਰਨ ਸਮਝ ਆਏ। ਇਕ ਕਾਰਨ ਕਣਕ ਦਾ ਸੜੀ ਹੋਣਾ ਸੀ। ਦੂਜਾ ਕੀਟਨਾਸ਼ਕ ਦਵਾਈਆਂ ਦੀ ਵਰਤੋਂ। ਆਟਾ ਪੀਸਣ ਤੋਂ ਪਹਿਲਾਂ ਕਣਕ ਨੂੰ ਨਾ ਧੋਤਾ ਗਿਆ ਸੀ, ਨਾ ਸਾਫ਼ ਕੀਤਾ ਗਿਆ ਸੀ।

ਖੱਬੇ ਪਾਸੇ ਦਾ ਜਾਇਜ਼ਾ ਲੈਣ ਬਾਅਦ ਹਿਰਦੇਪਾਲ ਸੱਜੇ ਪਾਸੇ ਨੂੰ ਹੋਇਆ।

ਦੋ ਚੁੱਲ੍ਹਿਆਂ ਉਪਰ ਕੁਇੰਟਲ-ਕੁਇੰਟਲ ਦੇ ਦੇਗਚਿਆਂ ਵਿਚ ਦਾਲ ਰਿੱਝ ਰਹੀ ਸੀ। ਕਾਲਖ਼ ਅਤੇ ਕੰਢਿਆਂ ਉਪਰ ਦੀ ਡੁੱਲ੍ਹ ਰਹੀ ਦਾਲ ਕਾਰਨ ਇਹ ਅੰਦਾਜ਼ਾ ਨਹੀਂ ਸੀ ਲੱਗ ਰਿਹਾ ਕਿ ਉਹ ਪਿੱਤਲ ਦੇ ਹਨ ਜਾਂ ਲੋਹੇ ਦੇ। ਜਾਪਦਾ ਸੀ ਜਦੋਂ ਦੇ ਇਹ ਬਣੇ ਸਨ, ਚੁੱਲ੍ਹੇ ਉਪਰ ਹੀ ਪਏ ਸਨ। ਅਗਲੇ ਦੋ ਚੁੱਲ੍ਹਿਆਂ ਉਪਰ ਦੋ ਵੱਡੀਆਂ-ਵੱਡੀਆਂ ਤਵੀਆਂ ਸਨ। ਉਹਨਾਂ ਉਪਰ ਰੋਟੀਆਂ ਸੇਕੀਆਂ ਜਾ ਰਹੀਆਂ ਸਨ। ਤਵੀਆਂ ਉਪਰ ਰੋਟੀਆਂ ਸੁੱਟਣ ਵਾਲੇ ਚਾਰ ਸਨ। ਉਹਨਾਂ ਨੂੰ ਥੱਲਣ ਵਾਲਾ ਇਕ। ਥੱਲਣ ਵਾਲੇ ਦੇ ਰੋਟੀਆਂ ਕਾਬੂ ਨਹੀਂ ਸਨ ਆ ਰਹੀਆਂ। ਬਾਕੀਆਂ ਦੇ ਕਦਮ ਨਾਲ ਕਦਮ ਮਿਲਾਉਣ ਦੀ ਕਾਹਲ ਕਾਰਨ ਕਦੇ ਕੱਚੀ ਰੋਟੀ ਚੁੱਕ ਕੇ ਟੱਬ ਵਿਚ ਸੁੱਟ ਦਿੰਦਾ ਸੀ, ਕਦੇ ਧਿਆਨ ਦੂਜੇ ਪਾਸੇ ਹੋਣ ਕਾਰਨ ਰੋਟੀ ਮੱਚ ਜਾਂਦੀ ਸੀ। ਰੋਟੀ ਕੱਚੀ ਰਹਿੰਦੀ ਹੈ ਜਾਂ ਸੜਦੀ ਹੈ, ਜਾਪਦਾ ਸੀ ਇਸ ਦਾ ਕੈਦੀ ਨੂੰ ਫ਼ਿਕਰ ਨਹੀਂ ਸੀ। ਉਸ ਨੂੰ ਇਕੋ ਚਿੰਤਾ ਸੀ ਕਿ ਟੱਬ ਜਲਦੀ ਤੋਂ ਜਲਦੀ ਰੋਟੀਆਂ ਨਾਲ ਭਰ ਜਾਵੇ।

ਹਿਰਦੇਪਾਲ ਨੇ ਲਾਂਗਰੀਆਂ ਦੀਆਂ ਸ਼ਕਲਾਂ ਸੂਰਤਾਂ ਦਾ ਜਾਇਜ਼ਾ ਲਿਆ। ਸੱਚਮੁੱਚ ਉਹ ਉਹੋ ਜਿਹੀਆਂ ਸਨ ਜਿਹੋ ਜਿਹੀਆਂ ਖ਼ਤ ਵਿਚ ਦਰਜ ਸਨ।

ਲੰਗਰ ਦੇ ਨਾਲ ਹੀ ਅਨਾਜ ਭੰਡਾਰ ਸੀ। ਲੱਗਦੇ ਹੱਥ ਹਿਰਦੇਪਾਲ ਨੇ ਉਸ ਵਿਚ ਵੀ ਝਾਤ ਮਾਰਨੀ ਠੀਕ ਸਮਝੀ।

ਭੰਡਾਰ ਦਾ ਜਿੰਦਾ ਖੁੱਲ੍ਹਦੇ ਹੀ ਬੀਸੀਆਂ ਚੂਹਿਆਂ ਨੇ ਉਹਨਾਂ ਦਾ ਸਵਾਗਤ ਕੀਤਾ। ਕੋਈ ਚੂਹਾ ਬੋਰੀ ਕੁਤਰਨ ਵਿਚ ਮਸਤ ਸੀ, ਕੋਈ ਡੁੱਲ੍ਹੀ ਕਣਕ ਦਾ ਆਨੰਦ ਮਾਨਣ ਵਿਚ।

ਭੰਡਾਰ ਵਿਚ ਪਈ ਦਾਲ ਦੀ ਸਥਿਤੀ ਉਹੋ ਸੀ, ਜੋ ਖ਼ਤ ਵਿਚ ਦਰਜ ਸੀ।

"ਜ਼ਰਾ ਦਾਲਾਂ ਵਿਚ ਪਾਏ ਜਾਣ ਵਾਲੇ ਗਰਮ ਮਸਾਲੇ ਤਾਂ ਦਿਖਾਓ।"

ਹਿਰਦੇਪਾਲ ਨੂੰ ਖ਼ਤ ਪੜ੍ਹਨ ਬਾਅਦ ਪਤਾ ਲਗ ਚੁੱਕਾ ਸੀ। ਮਸਾਲਿਆਂ ਦੇ ਨਾਂ 'ਤੇ ਨਮਕ,

ਹਲਦੀ ਅਤੇ ਮਿਰਚ ਦਾ ਪ੍ਰਯੋਗ ਹੁੰਦਾ ਸੀ। ਧਨੀਏ, ਜ਼ੀਰੇ, ਸੁੰਡ ਦਾ ਨਾਂ-ਨਿਸ਼ਾਨ ਨਹੀਂ ਸੀ ਲੱਭਣਾ।

"ਜਨਾਬ ਉਹ ਅੱਜ ਹੀ ਖ਼ਤਮ ਹੋਏ ਹਨ।" ਗੁਦਾਮ ਦੇ ਮੁਨਸ਼ੀ ਨੇ ਘੜਿਆ-ਘੜਾਇਆ ਉੱਤਰ ਸੁਣਾਇਆ।

"ਗੁੜ ਅਤੇ ਭੁੱਜੇ ਛੋਲੇ ਕਿਥੇ ਹਨ ?"

"ਇਹ ਮੈਂ ਗੁਦਾਮ ਵਿਚ ਕਦੇ ਨਹੀਂ ਦੇਖੇ।" ਮੁਨਸ਼ੀ ਇਕ ਸਾਲ ਤੋਂ ਇਥੇ ਡਿਊਟੀ ਦੇ ਰਿਹਾ ਸੀ। ਤਿੰਨ ਸਾਲ ਤੋਂ ਸਜ਼ਾ ਕੱਟ ਰਿਹਾ ਸੀ। ਕੈਦੀਆਂ ਨੂੰ ਗੁੜ ਅਤੇ ਛੋਲੇ ਦਿੱਤੇ ਜਾਂਦੇ ਹਨ, ਇਹ ਉਹ ਪਹਿਲੀ ਵਾਰ ਸੁਣ ਰਿਹਾ ਸੀ।

"ਕੀ ਕਹਿੰਦਾ ਹੈ ਇਹ ?" ਹੈਰਾਨ ਹੋਏ ਹਿਰਦੇਪਾਲ ਨੇ ਸੁਪਰਡੈਂਟ ਕੋਲੋਂ ਪੁੱਛਿਆ।

"ਠੀਕ ਕਹਿੰਦਾ ਹੈ। ਛੋਲੇ ਬਦਾਮਾਂ ਦੇ ਭਾਅ ਹੋ ਗਏ ਹਨ। ਇਹ ਕਦੋਂ ਜੇਲ੍ਹ ਆਉਣੇ ਬੰਦ ਹੋਏ ਹਨ, ਮੈਨੂੰ ਨਹੀਂ ਪਤਾ। ਮੈਨੂੰ ਏਨਾ ਪਤਾ ਹੈ ਕਿ ਮੇਰੀ ਨੌਕਰੀ ਦੌਰਾਨ ਇਹ ਇਕ ਵਾਰ ਵੀ ਗੁਦਾਮ 'ਚ ਨਹੀਂ ਆਏ।"

"ਗੁੜ ਅਤੇ ਛੋਲੇ ਕੈਦੀਆਂ ਨੂੰ ਤਾਕਤ ਦਿੰਦੇ ਹਨ ਅਤੇ ਵੇਲੇ-ਕੁਵੇਲੇ ਲੱਗੀ ਭੁੱਖ ਵੀ ਮਿਟਾਉਂਦੇ ਹਨ। ਕੋਈ ਬਦਲਵਾਂ ਪ੍ਰਬੰਧ ਕੀਤਾ ਗਿਆ ਹੋਣਾ ਹੈ ?"

"ਮੇਰੇ ਧਿਆਨ ਵਿਚ ਨਹੀਂ।"

"ਠੀਕ ਹੈ।" ਆਖਦਾ ਹਿਰਦੇਪਾਲ ਮੁੜ ਲੰਗਰ ਵੱਲ ਆ ਗਿਆ।

"ਤੂੰ ਕਿੰਨੇ ਚਿਰ ਤੋਂ ਏਥੇ ਹੈਂ ?" ਉਸ ਨੇ ਆਟਾ ਗੁੰਨ੍ਹ ਰਹੇ ਇਕ ਨੌਜਵਾਨ ਕੈਦੀ ਕੋਲੋਂ ਪੁੱਛਿਆ।

"ਜੀ, ਇਕ ਸਾਲ ਤੋਂ।"

"ਕਿੰਨੇ ਵਜੇ ਡਿਊਟੀ 'ਤੇ ਆਉਂਦਾ ਹੈਂ ?"

'ਜੀ, ਸਵੇਰੇ ਚਾਰ ਵਜੇ ਆਉਂਦਾ ਹਾਂ। ਰਾਤ ਨੂੰ ਗਿਆਰਾਂ ਵਜੇ ਜਾਂਦਾ ਹਾਂ। ਸਾਰਾ ਦਿਨ ਲੰਗਰ ਚੱਲਦਾ ਜੋ ਰਹਿੰਦਾ ਹੈ।"

"ਤੂੰ ਕਿੰਨਾ ਪੜ੍ਹਿਆ ਹੈਂ ?"

"ਜੀ, ਬੀ.ਏ. ਪਾਸ ਹਾਂ।"

"ਇਸ ਤੋਂ ਕੋਈ ਹੋਰ ਕੰਮ ਕਿਉਂ ਨਹੀਂ ਲੈਂਦੇ ? ਇਕ ਗ੍ਰੈਜੂਏਟ ਨੂੰ ਭੱਠ ਝੋਕਣ 'ਤੇ ਕਿਉਂ ਲਾਇਆ ਹੋਇਆ ਹੈ ?"

ਹਿਰਦੇਪਾਲ ਨੂੰ ਪਹਿਲੀ ਵਾਰ ਖਿਝ ਚੜ੍ਹੀ ਸੀ। ਆਪਣੀ ਖਿੱਝ ਨੂੰ ਛੁਪਾਉਣ ਵਿਚ ਅਸਫ਼ਲ ਰਹਿਣ ਕਾਰਨ ਉਹ ਖਿੱਝ ਕੇ ਬੋਲਿਆ।

ਹਿਰਦੇਪਾਲ ਨੂੰ ਖ਼ਤ ਵਿਚ ਦਰਜ ਉਸ ਮੁੰਡੇ ਦੀ ਵਿਥਿਆ ਯਾਦ ਆਈ ਜਿਸ ਨੇ ਅੱਠ ਮਹੀਨੇ ਭੱਠ ਝੋਕਣ ਬਾਅਦ ਆਪਣੀ ਡਿਊਟੀ ਬਦਲਣ ਦੀ ਬੇਨਤੀ ਕੀਤੀ ਸੀ। ਬੇਨਤੀ ਨੂੰ ਗੁਸਤਾਖ਼ੀ ਸਮਝ ਕੇ ਉਸ ਨੂੰ ਹੱਥਕੜੀ ਪਹਿਨਾ ਦਿੱਤੀ ਗਈ। ਉਹ ਮੁੰਡਾ ਐਮ.ਏ. ਪਾਸ ਸੀ ਅਤੇ ਉਸ ਨੂੰ ਇੰਨੀ ਸਖ਼ਤ ਮਿਹਨਤ ਦੀ ਆਦਤ ਨਹੀਂ ਸੀ।

"ਹੁਣੇ ਬਦਲ ਦਿੰਦੇ ਹਾਂ।" ਰਣਜੋਧ ਸਿੰਘ ਕੋਲ ਕੋਈ ਢੁੱਕਵਾਂ ਉੱਤਰ ਨਹੀਂ ਸੀ। ਖਹਿੜਾ ਛੁਡਾਉਣ ਲਈ ਉਸ ਨੇ ਹਥਿਆਰ ਸੁੱਟਣੇ ਠੀਕ ਸਮਝੇ।



"ਸੜਿਆ-ਬਲਿਆ ਅਨਾਜ ਕਿਉਂ ਖ਼ਰੀਦਦੇ ਹੋ ? ਫ਼ਾਰਮ ਵਿਚ ਪੈਦਾ ਹੁੰਦਾ ਅਨਾਜ ਕਿਥੇ ਜਾਂਦਾ ਹੈ ?"

"ਮੰਤਰੀਆਂ ਅਤੇ ਵੱਡੇ ਅਫ਼ਸਰਾਂ ਦੇ ਘਰ।" ਖਿਝਿਆ ਰਣਜੋਧ ਸਿੰਘ ਸੱਚ ਉਗਲਣ ਲੱਗਾ।

"ਹੋਰ ਕੁਝ ਨਹੀਂ ਦੇ ਸਕਦੇ, ਘੱਟੋ-ਘੱਟ ਅਨਾਜ ਤਾਂ ਸਾਫ਼-ਸੁਥਰਾ ਦਿਓ।" ਲੰਗਰ ਦੇ ਪ੍ਰਬੰਧ ਤੋਂ ਨਿਰਾਸ਼ ਹੋਏ ਸੈਸ਼ਨ ਜੱਜ ਨੇ ਆਪਣੀ ਨਰਾਜ਼ਗੀ ਪ੍ਰਗਟਾਈ।

"ਮੇਰੇ ਹੱਥ ਬੱਝੇ ਹੋਏ ਹਨ। ਮੈਂ ਉਹੋ ਵਰਤ ਸਕਦਾ ਹਾਂ ਜੋ ਮੈਨੂੰ ਮਿਲਦਾ ਹੈ।"

ਲੰਗਰੋਂ ਬਾਹਰ ਨਿਕਲਦਾ ਰਣਜੋਧ ਸਿੰਘ ਆਪਣੀ ਸਫ਼ਾਈ ਦੇਣ ਲੱਗਾ।

## 49

"ਹੁਣ ਕੋਈ ਹੋਰ ਬੈਰਕ ਦਿਖਾਓ।"

"ਦੱਸੋ ਕਿਹੜੀ ਬੈਰਕ ਚੱਲਣਾ ਹੈ ?'

"ਛੜਿਆਂ ਦੀ ਬੈਰਕ ਚੱਲਦੇ ਹਾਂ। ਨਾਲੇ ਮੋਦਨ ਦਾ ਬਿਆਨ ਲਿਖ ਲਵਾਂਗੇ।"

"ਜਿਵੇਂ ਤੁਹਾਡੀ ਮਰਜ਼ੀ।"

ਲੰਗਰ ਤੋਂ ਛੜਿਆਂ ਦੀ ਬੈਰਕ ਅੱਧਾ ਕਿਲੋਮੀਟਰ ਦੂਰ ਸੀ। ਜੇਲ੍ਹ ਸੁਪਰਡੈਂਟ ਚਾਹੁੰਦਾ ਸੀ ਜੀਪ ਵਿਚ ਚੱਲਿਆ ਜਾਵੇ। ਹਿਰਦੇਪਾਲ ਪੈਦਲ ਜਾਣਾ ਚਾਹੁੰਦਾ ਸੀ। ਜੀਪ 'ਚ ਚੜ੍ਹਨ ਨਾਲ ਉਹਨਾਂ ਦੇ ਦੌਰੇ 'ਤੇ ਨਿਕਲਣ ਦਾ ਰੌਲਾ ਪੈ ਸਕਦਾ ਸੀ। ਪੈਦਲ ਜਾਂਦਿਆਂ ਰਸਤੇ ਵਿਚ ਬਹੁਤ ਕੁਝ ਸਿੱਖਣ ਅਤੇ ਸਮਝਣ ਨੂੰ ਮਿਲਣਾ ਸੀ।

ਰਣਜੋਧ ਸਿੰਘ ਨੂੰ ਘਬਰਾਹਟ ਹੋਣ ਲੱਗੀ। ਐਤਵਾਰ ਹੋਣ ਕਾਰਨ ਅੱਜ ਛੁੱਟੀ ਸੀ। ਦਿਨ ਦਾ ਸਮਾਂ ਸੀ। ਵਿਹੜਿਆਂ ਵਿਚ ਬੈਠੇ ਕੈਦੀ ਮਸਤੀ ਕਰ ਰਹੇ ਹੋਣਗੇ। ਉਸ ਦਾ ਮਨ ਕਰਨ ਲੱਗਾ, ਆਪਣਾ ਵਾਅਦਾ ਤੋੜ ਕੇ ਉਹ ਦੌਰੇ 'ਤੇ ਨਿਕਲਣ ਵਾਲਾ ਘੰਟਾ ਵਜਾ ਦੇਵੇ। ਵਾਰਡਰਾਂ ਤੇ ਮੁਨਸ਼ੀਆਂ ਨੂੰ ਚੌਕੰਨੇ ਕਰ ਦੇਵੇ। ਬੈਰਕਾਂ ਵਿਚ 'ਸਫ਼ਾਈ' ਕਰਵਾ ਦੇਵੇ। ਝੱਟ ਜੇਲ੍ਹ ਸੁਪਰਡੈਂਟ ਦੀ ਸੋਚ ਨੇ ਪਲਟਾ ਖਾਧਾ। "ਇਸ ਵਿਚ ਡਰਨ ਵਾਲੀ ਕਿਹੜੀ ਗੱਲ ਹੈ ? ਸੂਬੇ ਦੀ ਹਰ ਜੇਲ੍ਹ ਵਿਚ ਇਹੋ ਜਿਹਾ ਮਾਹੌਲ ਹੈ। ਕਿਸੇ ਕੋਤਾਹੀ ਲਈ ਮੈਂ ਨਿੱਜੀ ਜ਼ਿੰਮੇਵਾਰ ਨਹੀਂ ਹਾਂ। ਜੇ ਇਕ ਸੈਸ਼ਨ ਜੱਜ ਸੱਚ ਜਾਣਨਾ ਚਾਹੁੰਦਾ ਹੈ ਤਾਂ ਉਹ ਖੁੱਲ੍ਹ ਕੇ ਉਸ ਦੇ ਸਾਹਮਣੇ ਆਉਣਾ ਚਾਹੀਦਾ ਹੈ। ਇਸ ਵਿਚ ਸਭ ਦਾ ਭਲਾ ਹੈ।"

ਰਣਜੋਧ ਸਿੰਘ ਦੀ ਬਾਰਾਂ ਸਾਲ ਦੀ ਨੌਕਰੀ ਹੋ ਗਈ ਸੀ। ਗਹਿਰਾਈ ਨਾਲ ਉਸ ਨੇ ਕਦੇ ਵੀ ਜੇਲ੍ਹ ਜੀਵਨ ਦਾ ਅਧਿਐਨ ਨਹੀਂ ਸੀ ਕੀਤਾ। ਉਹ ਜਦੋਂ ਦੌਰੇ 'ਤੇ ਨਿਕਲਦਾ ਸੀ, ਘੰਟੀਆਂ ਖੜਕਵਾ ਕੇ ਨਿਕਲਦਾ ਸੀ। ਉਹ ਜੋ ਦੇਖਦਾ ਸੀ ਉਹ ਹੇਠਲੇ ਮੁਲਾਜ਼ਮਾਂ ਵੱਲੋਂ ਪਹਿਲਾਂ ਲਿਪਿਆ-ਪੋਚਿਆ ਹੁੰਦਾ ਸੀ। ਉਸ ਨੇ ਹਾਲੇ ਲੰਬਾ ਸਮਾਂ ਨੌਕਰੀ ਕਰਨੀ ਸੀ। ਉਸ ਨੂੰ ਵੀ ਸੱਚ ਦਾ ਗਿਆਨ ਹੋਣਾ ਚਾਹੀਦਾ ਸੀ।

ਏਨਾ ਸੋਚਣ ਬਾਅਦ ਜੇਲ੍ਹ ਸੁਪਰਡੈਂਟ ਸੈਸ਼ਨ ਜੱਜ ਦਾ ਤਨਦੇਹੀ ਨਾਲ ਸਾਥ ਦੇਣ ਲੱਗਾ।

ਅਹਾਤੇ ਦੇ ਮੁੱਖ ਗੇਟ ਕੋਲ ਪੁੱਜ ਕੇ ਸੈਸ਼ਨ ਜੱਜ ਨੇ ਹਦਾਇਤ ਕੀਤੀ, "ਹਾਲੇ ਗੇਟ ਨਾ ਖੁਲ੍ਹਵਾਇਆ ਜਾਵੇ। ਕੁਝ ਦੇਰ ਗੇਟ ਪਿੱਛੇ ਛੁਪ ਕੇ ਅੰਦਰ ਹੋ ਰਹੀਆਂ ਗਤੀਵਿਧੀਆਂ ਨੂੰ ਇੰਨ-ਬਿੰਨ ਦੇਖਿਆ ਜਾਵੇ।"

ਜੇਲ੍ਹ ਸੁਪਰਡੈਂਟ ਝੱਟ ਇਸ ਤਜਵੀਜ਼ ਨਾਲ ਸਹਿਮਤ ਹੋ ਗਿਆ। ਲੰਗਰ ਖਾਧਾ ਜਾ ਚੁੱਕਾ ਸੀ। ਦੁਪਹਿਰ ਦੀ ਬੰਦੀ ਵਿਚ ਕੁਝ ਸਮਾਂ ਬਾਕੀ ਸੀ। ਇਹ ਸਮਾਂ ਕੈਦੀਆਂ ਦੇ ਖਰਮਸਤੀਆਂ ਕਰਨ ਦਾ ਸੀ। ਉਹ ਉਹੋ ਕਰ ਰਹੇ ਸਨ।



ਵਿਹੜੇ ਵਿਚ ਰੌਣਕਾਂ ਲੱਗੀਆਂ ਹੋਈਆਂ ਸਨ। ਟੋਲੀਆਂ ਵਿਚ ਵੱਟੇ ਕੈਦੀ ਆਪਣੇ-ਆਪਣੇ ਕੰਮ ਵਿਚ ਰੁੱਝੇ ਹੋਏ ਸਨ।

ਨਿੰਦੇ ਨੰਬਰਦਾਰ ਦੀ ਟੋਲੀ ਤਾਸ਼ ਕੁੱਟ ਰਹੀ ਸੀ। ਨਾਲੇ ਜੂਆ ਖੇਡ ਰਹੀ ਸੀ। ਪਿੜ ਵਿਚ ਪਿਆ ਨੋਟਾਂ ਦਾ ਢੇਰ ਦੂਰੋਂ ਦਿਖਾਈ ਦੇ ਰਿਹਾ ਸੀ। ਕੁਝ ਨੋਟ ਖਿਡਾਰੀਆਂ ਨੇ ਪੈਰਾਂ ਅਤੇ ਗੋਡਿਆਂ ਹੇਠ ਨੱਪੇ ਹੋਏ ਸਨ। ਉਹਨਾਂ ਉਪਰ ਝੁਕੇ ਉਹਨਾਂ ਦੇ ਹਮਾਇਤੀਆਂ ਵਿਚ ਚੁੱਪ ਛਾਈ ਹੋਈ ਸੀ। ਸਭ ਦਾ ਧਿਆਨ ਚੱਲੀ ਜਾਣ ਵਾਲੀ ਅਗਲੀ ਚਾਲ ਉਪਰ ਸੀ।

"ਜੇਲ੍ਹ ਮੈਨੂਅਲ ਅਨੁਸਾਰ ਜੇਲ੍ਹ ਅੰਦਰ ਨਕਦੀ ਨਹੀਂ ਆ ਸਕਦੀ। ਜਾਪਦਾ ਹੈ ਇਥੇ ਕੋਈ ਕਮੀ ਨਹੀਂ ਹੈ। ਨਕਦੀ ਅੰਦਰ ਕਿਸ ਤਰ੍ਹਾਂ ਆ ਗਈ ?"

ਸੈਸ਼ਨ ਜੱਜ ਨੇ ਭਾਵਪੂਰਤ ਪਹਿਲਾ ਪ੍ਰਸ਼ਨ ਪੁੱਛਿਆ।

"ਸਰਕਾਰ ਦੇ ਕਈ ਨਿਯਮ ਬੜੇ ਬੇਤੁਕੇ ਹਨ। ਉਹਨਾਂ ਵਿਚੋਂ ਇਕ ਇਹ ਹੈ। ਅੰਦਰ ਨਕਦੀ ਆਵੇ ਜਾਂ ਕੂਪਨ, ਇਸ ਨਾਲ ਕੀ ਫ਼ਰਕ ਪੈਂਦਾ ਹੈ ?"

ਸੈਸ਼ਨ ਜੱਜ ਨਿਰਉੱਤਰ ਹੋ ਗਿਆ।

ਦੂਜੀ ਟੋਲੀ ਦਾ ਮੁਖੀ ਸਾਧੂ ਪੰਜਾ ਇੰਚਾਰਜ ਸੀ। ਵੱਡੀ ਪਤੀਲੀ ਵਿਚ ਭੁੱਕੀ ਉਬਾਲ ਕੇ ਉਸ ਨੇ ਵਿਚਕਾਰ ਰੱਖੀ ਹੋਈ ਸੀ। ਬਾਰਾ ਸਿੰਘ ਖੱਬੇ ਕੰਨ 'ਤੇ ਹੱਥ ਰੱਖ ਕੇ ਉੱਚੀ ਹੇਕ ਵਿਚ ਮਿਰਜ਼ਾ ਗਾ ਰਿਹਾ ਸੀ। ਬਾਕੀ ਮੈਂਬਰ ਨਾਲੇ ਮਿਰਜ਼ੇ ਦਾ ਅਨੰਦ ਲੈ ਰਹੇ ਸਨ, ਨਾਲੇ ਭੁੱਕੀ ਦਾ।

ਅੱਗੇ ਚਾਚਾ ਰੌਣਕੀ ਰੌਣਕ ਲਾਈ ਬੈਠਾ ਸੀ। ਸਵੇਰ ਦੀ ਚਾਹ ਨਾਲ ਉਹ ਅਫ਼ੀਮ ਦਾ ਗੋਲਾ ਅੰਦਰ ਸੁੱਟ ਲੈਂਦਾ ਸੀ। ਜਿਉਂ-ਜਿਉਂ ਨਸ਼ਾ ਖਿੜਦਾ, ਉਸ ਨੂੰ ਗੱਲਾਂ ਫੁਰਨ ਲੱਗਦੀਆਂ। ਭਾਂਤ-ਭਾਂਤ ਦੇ ਟੋਟਕੇ ਸੁਣਾ ਕੇ ਉਹ ਟੋਲੀਦਾਰਾਂ ਦੀਆਂ ਵੱਖੀਆਂ ਤੁੜਵਾ ਰਿਹਾ ਸੀ।

ਪਾਣੀ ਵਾਲੀ ਡਿੱਗੀ ਕੋਲ ਦਰੀ 'ਤੇ ਲੰਮਾ ਪਿਆ ਧੀਰਾ ਪਹਿਲਵਾਨ ਆਪਣੇ ਚੇਲਿਆਂ ਕੋਲੋਂ ਮਾਲਸ਼ ਕਰਵਾ ਰਿਹਾ ਸੀ।

ਉਸ ਦੇ ਕੋਲ ਇਕ ਕੈਦੀ ਕੰਨ ਨੂੰ ਟਰਾਂਜ਼ਿਸਟਰ ਲਾਈ ਬੈਠਾ ਸੀ। ਉਹ ਗਾਣੇ ਸੁਣ ਰਿਹਾ ਸੀ ਜਾਂ ਕੁਮੈਂਟਰੀ। ਉਸ ਦੇ ਚਿਹਰੇ ਤੋਂ ਖ਼ੁਸ਼ੀ ਦੀ ਭਾਹ ਮਾਰ ਰਹੀ ਸੀ।

ਛੱਜੂ ਦੀ ਟੋਲੀ ਟਮਾਟਰ ਅਤੇ ਪਿਆਜ਼ ਕੱਟ ਰਹੀ ਸੀ। ਅੱਜ ਉਹ ਬੀ-ਕਲਾਸ ਵਾਲਿਆਂ ਕੋਲੋਂ ਮੀਟ ਖ਼ਰੀਦ ਕੇ ਲਿਆਏ ਸਨ। ਬੋਤਲ ਦਾ ਇੰਤਜ਼ਾਮ ਹੋ ਚੁੱਕਾ ਸੀ। ਬੈਰਕ ਦੇ ਮੁਨਸ਼ੀ ਅਤੇ ਵਾਰਡਰ ਦੇ ਮੂੰਹ ਵਿਚੋਂ ਲਾਲਾਂ ਵਗ ਰਹੀਆਂ ਸ਼ਨ। ਛੱਜੂ ਦੀ ਚਮਚੀ ਮਾਰ-ਮਾਰ ਕੇ ਉਹ ਆਪਣਾ ਹਿੱਸਾ ਰਾਖਵਾਂ ਰਖਵਾਉਣ ਦਾ ਯਤਨ ਕਰ ਰਹੇ ਸਨ।

ਅਗਲੇ ਦ੍ਰਿਸ਼ ਨੇ ਸੈਸ਼ਨ ਜੱਜ ਨੂੰ ਝੰਜੋੜਨਾ ਸ਼ੁਰੂ ਕਰ ਦਿੱਤਾ।

ਇਕ ਹੱਟਾ-ਕੱਟਾ ਕੈਦੀ ਇਕ ਮਾੜਚੂ ਜਿਹੇ ਮੁੰਡੇ ਨੂੰ ਜੱਫੀ ਪਾਈ ਖੜਾ ਸੀ। ਮੁੰਡਾ ਕੁੜਿੱਕੀ ਵਿਚ ਫਸੀ ਚੂਹੀ ਵਾਂਗ ਤੜਫ ਰਿਹਾ ਸੀ। ਮੁਸ਼ਟੰਡਾ ਹੋਰ ਚਾਂਬਲ ਰਿਹਾ ਸੀ। ਉਹ ਮੁੰਡੇ ਨਾਲ ਅਸ਼ਲੀਲ ਹਰਕਤਾਂ ਕਰ ਰਿਹਾ ਸੀ।

ਹਿਰਦੇਪਾਲ ਹੈਰਾਨ ਹੋਣ ਲੱਗਾ। ਇਸ ਹਰਕਤ ਨੂੰ ਕੋਈ ਵੀ ਕੈਦੀ ਗੰਭੀਰਤਾ ਨਾਲ ਨਹੀਂ ਸੀ ਲੈ ਰਿਹਾ। ਵਾਰਡਰ ਨੇ ਇਕ ਵਾਰ ਉਪਰ ਤੱਕਿਆ ਅਤੇ ਫੇਰ ਨੀਵੀਂ ਪਾ ਲਈ।

"ਇਹ ਕੀ ਹੋ ਰਿਹਾ ਹੈ ? ਇਕ ਛੋਕਰੇ ਨੂੰ ਪੇਸ਼ੇਵਰ ਮੁਜਰਮਾਂ ਵਿਚ ਕਿਉਂ ਬੰਦ ਕੀਤਾ ਹੋਇਆ

ਹੈ ?" ਕੈਦੀਆਂ ਦਾ ਵਰਗੀਕਰਨ ਕਿਉਂ ਨਹੀਂ ਕਰਦੇ ?"

ਹਿਰਦੇਪਾਲ ਨੂੰ ਜੇਲ੍ਹ ਪ੍ਰਸ਼ਾਸਨ ਦੀ ਇਸ ਲਾਪ੍ਰਵਾਹੀ 'ਤੇ ਗ਼ੁੱਸਾ ਆ ਰਿਹਾ ਸੀ।

"ਇਸ ਵਿਚ ਸਾਡਾ ਕੋਈ ਕਸੂਰ ਨਹੀਂ। ਸਮਰੱਥਾ ਨਾਲੋਂ ਦੁੱਗਣੇ ਕੈਦੀ ਇਥੇ ਤਾੜੇ ਹੋਏ ਹਨ। ਵਾਧੂ ਕੈਦੀ ਇਹਨਾਂ ਬੈਰਕਾਂ ਵਿਚ ਹੀ ਤੁੰਨੇ ਜਾਣੇ ਹਨ। ਮੁੰਡੇ ਕੈਦੀਆਂ ਦੀ ਗਿਣਤੀ ਥੋੜ੍ਹੀ ਹੈ। ਉਹਨਾਂ ਨੂੰ ਕਿਸੇ ਬੈਰਕ ਵਿਚ ਤਾਂ ਰੱਖਣਾ ਹੀ ਹੈ। ਚਿੜੀਆਂ ਨੂੰ ਬਾਜ਼ ਹਰ ਬੈਰਕ ਵਿਚ ਝਪਟਣਗੇ।"

"ਇਹ ਮਸਲਾ ਆਸਾਨੀ ਨਾਲ ਹੱਲ ਹੋ ਸਕਦਾ ਹੈ। ਮੁੰਡਿਆਂ ਅਤੇ ਬਜ਼ੁਰਗਾਂ ਨੂੰ ਇਕ ਬੈਰਕ ਵਿਚ ਬੰਦ ਕਰ ਦੇਵੋ। ਨਾਲੇ ਇਕ ਦੂਜੇ ਦੇ ਕੰਮ ਆਉਣਗੇ, ਨਾਲੇ ਯੋਨ ਸ਼ੋਸ਼ਨ ਤੋਂ ਬਚਣਗੇ।"

"ਤੁਸੀਂ ਠੀਕ ਕਹਿੰਦੇ ਹੋ। ਇਹ ਸੁਝਾਅ ਹੁਣੇ ਲਾਗੂ ਕਰ ਦਿੰਦਾ ਹਾਂ।"

ਹਿਰਦੇਪਾਲ ਦੇ ਇਸ ਸੁਝਾਅ 'ਤੇ ਰਣਜੋਧ ਸਿੰਘ ਹੈਰਾਨ ਹੋਣ ਲੱਗਾ। ਸੈਸ਼ਨ ਜੱਜ ਰਾਤੋ-ਰਾਤ ਸਿਆਣਾ ਹੋ ਗਿਆ ਜਾਪਦਾ ਸੀ।

ਸ਼ੇਰ ਬੱਕਰੀ ਨੂੰ ਜਬਾੜੇ ਵਿਚ ਫਸਾ ਕੇ ਗੁਫ਼ਾ ਵੱਲ ਲਿਜਾਣ ਦਾ ਯਤਨ ਕਰਨ ਲੱਗਾ। ਦੋ ਜ਼ਿੰਮੇਵਾਰ ਅਫ਼ਸਰ ਆਪਣੇ ਨਿੱਜੀ ਫ਼ਾਇਦੇ ਲਈ ਬੱਕਰੀ ਦੀ ਬੋਟੀ-ਬੋਟੀ ਹੁੰਦੀ ਨਹੀਂ ਸਨ ਦੇਖ ਸਕਦੇ।

ਮੁੰਡੇ ਦੇ ਬੈਰਕ ਵਿਚ ਧੂਹੇ ਜਾਣ ਤੋਂ ਪਹਿਲਾਂ ਸੁਪਰਡੈਂਟ ਨੇ ਆਪਣੇ ਦੌਰੇ 'ਤੇ ਆਉਣ ਦੀ ਸੂਚਨਾ ਦਿੱਤੀ। ਫੇਰ ਸੰਤਰੀ ਨੂੰ ਮੁੱਖ ਦਰਵਾਜ਼ਾ ਖੋਲ੍ਹਣ ਦਾ ਹੁਕਮ ਸੁਣਾਇਆ।

ਕੈਦੀਆਂ ਨੂੰ ਅਚਿੰਤੇ ਬਾਜ਼ ਆ ਗਏ ਸਨ। ਹਫੜਾ-ਦਫੜੀ ਵਿਚ ਹੱਥਲਾ ਸਮਾਨ ਥਾਏਂ ਛੱਡ ਕੇ ਉਹ ਬੈਰਕ ਵੱਲ ਦੌੜ ਪਏ।

ਪਿੱਛੇ ਰਹਿ ਗਿਆ ਭੁੱਕੀ ਵਾਲਾ ਪਤੀਲਾ, ਜਰਦਾ, ਅਫ਼ੀਮ ਦੀਆਂ ਛੋਟੀਆਂ ਪੋਟਲੀਆਂ, ਕਰਦ, ਤਾਸ਼ ਅਤੇ ਨਿੰਮ ਹੇਠ ਪਿਆ ਅਮਲੀ।

ਵਾਰਡਰ ਨੇ ਨਿੱਕ-ਸੁੱਕ ਇਕੱਠਾ ਕੀਤਾ ਅਤੇ ਮੇਜ਼ ਉਪਰ ਸਜਾ ਦਿੱਤਾ। ਸੈਸ਼ਨ ਜੱਜ ਦੇ ਹੁਕਮ 'ਤੇ ਬੈਰਕ ਦੀ ਤਲਾਸ਼ੀ ਹੋਈ। ਮਿੰਟਾਂ ਵਿਚ ਢੇਰ ਸਾਰਾ ਨਸ਼ਾ-ਪਤਾ ਬਾਹਰ ਆ ਗਿਆ।

"ਇੰਨੀ ਮਾਤਰਾ ਵਿਚ ਵਰਜਿਤ ਸਾਮਾਨ ਜੇਲ੍ਹ ਵਿਚ ਕਿਸ ਤਰ੍ਹਾਂ ਆ ਜਾਂਦਾ ਹੈ ?"

ਹਿਰਦੇਪਾਲ ਨੇ ਦੂਜਾ ਭਾਵਪੂਰਤ ਪ੍ਰਸ਼ਨ ਪੁੱਛਿਆ।

"ਕੁਝ ਨਾ ਪੁੱਛੋ। ਸਮਗਲਰਾਂ ਦੇ ਹੱਥ ਬਹੁਤ ਲੰਮੇ ਹਨ। ਉਹ ਮੁੱਖ ਮੰਤਰੀ ਤਕ ਪਹੁੰਚ ਰੱਖਦੇ ਹਨ। ਜਿਹੜਾ ਅਫ਼ਸਰ ਇਸ ਬੁਰਾਈ ਨੂੰ ਰੋਕਣ ਦਾ ਯਤਨ ਕਰੇ ਉਸ ਦੇ ਗਲ ਨੂੰ ਹੱਥ ਪਾ ਲੈਂਦੇ ਹਨ। ਬਿੱਲੀ ਨੂੰ ਦੇਖ ਕੇ ਜਿਸ ਤਰ੍ਹਾਂ ਕਬੂਤਰ ਅੱਖਾਂ ਬੰਦ ਕਰ ਲੈਂਦਾ ਹੈ, ਉਸੇ ਤਰ੍ਹਾਂ ਸਾਨੂੰ ਕਰਨਾ ਪੈਂਦਾ ਹੈ।"

ਰੋਣ-ਹਾਕਾ ਹੋਇਆ ਰਣਜੋਧ ਸਿੰਘ ਸਪੱਸ਼ਟੀਕਰਨ ਦਿੰਦਾ ਸ਼ਰਮ ਮਹਿਸੂਸ ਕਰਨ ਲੱਗਾ।

"ਫੇਰ ਗ਼ਰੀਬ ਬਸੰਤ ਨੂੰ ਝੂਠੇ ਮੁਕੱਦਮੇ ਵਿਚ ਕਿਉਂ ਅੜੰਗਿਆ ਹੈ ? ਮੈਂ ਆਪਣੀ ਪਹਿਲੀ ਪੜਤਾਲ ਮੁਕੰਮਲ ਕਰ ਲਈ ਹੈ। ਉਸ ਦਾ ਪਿੱਟਣਾ ਵੀ ਸੱਚਾ ਹੈ ਅਤੇ ਉਹ ਬੇਕਸੂਰ ਵੀ ਹੈ।"

"ਮੈਂ ਪਹਿਲਾਂ ਹੀ ਗ਼ਲਤੀ ਮੰਨ ਚੁੱਕਾ ਹਾਂ। ਮੇਰੇ ਸਟਾਫ਼ ਵਾਲਿਆਂ ਨੇ ਅਨਾੜੀਪੁਣਾ ਕੀਤਾ ਹੈ। ਮੈਂ ਉਸ ਦੀ ਰਿਹਾਈ ਦੀ ਸਿਫ਼ਾਰਸ਼ ਕਰ ਦਿੱਤੀ ਹੈ। ਕਸੂਰਵਾਰ ਮੁਲਾਜ਼ਮਾਂ ਨੂੰ ਸਜ਼ਾ ਦਿੱਤੀ



ਜਾਵੇਗੀ।"

"ਬਸੰਤ ਨੂੰ ਬੁਲਾਓ। ਮੈਂ ਉਸ ਨੂੰ ਆਪਣੀ ਪੜਤਾਲ ਦਾ ਨਤੀਜਾ ਦੱਸ ਦੇਵਾਂ। ਇਹ ਵੀ ਦੱਸ ਦੇਵਾਂ ਕਿ ਮੈਂ ਉਸ ਉਪਰ ਦਰਜ ਹੋਏ ਮੁਕੱਦਮੇ ਨੂੰ ਖ਼ਾਰਜ ਕਰਨ ਦੀ ਸਿਫ਼ਾਰਸ਼ ਕਰ ਰਿਹਾ ਹਾਂ।"

"ਕਿਧਰੇ ਸਾਡੇ ਮੁੰਡੇ ਤਾਂ ਨਹੀਂ ਖਿੱਚੇ ਜਾਣਗੇ ?"

"ਨਹੀਂ। ਉਸ ਦਾ ਹੱਲ ਮੈਂ ਸੋਚ ਰੱਖਿਆ ਹੈ। ਮੈਂ ਜਾਂਚ ਪੜਤਾਲ ਲਈ ਤਿੰਨ ਮੈਂਬਰੀ ਕਮੇਟੀ ਬਣਾਵਾਂਗਾ। ਇਕ ਮੈਂਬਰ ਮੇਰਾ ਮੈਜਿਸਟ੍ਰੇਟ ਹੋਏਗਾ। ਇਕ ਮੈਂਬਰ ਡੀ.ਸੀ. ਸਾਹਿਬ ਕੋਲੋਂ ਨਾਮਜ਼ਦ ਕਰਵਾਵਾਂਗੇ। ਤੀਜੇ ਮੈਂਬਰ ਤੁਸੀਂ ਹੋਵੋਗੇ। ਤੁਸੀਂ ਹਫ਼ਤੇ ਦੇ ਅੰਦਰ-ਅੰਦਰ ਪੜਤਾਲ ਮੁਕੰਮਲ ਕਰਨਾ। ਸਿੱਟਾ ਇਹ ਕੱਢਣਾ ਕਿ ਪੇਸ਼ੀ ਭੁਗਤਣ ਗਿਆ ਇਕ ਹਵਾਲਾਤੀ ਬਾਹਰੋਂ ਅਫ਼ੀਮ ਲੈ ਆਇਆ। ਉਹ ਬਸੰਤ ਨਾਲ ਖਾਰ ਖਾਂਦਾ ਸੀ। ਬਸੰਤ ਦੀ ਅਗਾਊਂ ਰਿਹਾਈ ਰੋਕਣ ਲਈ ਉਹ ਅਫ਼ੀਮ ਉਸ ਨੇ ਬਸੰਤ ਦੇ ਸਾਮਾਨ ਵਿਚ ਲੁਕਾ ਦਿੱਤੀ। ਫੇਰ ਆਪ ਹੀ ਜੇਲ੍ਹ ਸਟਾਫ਼ ਕੋਲ ਮੁਖ਼ਬਰੀ ਕਰ ਦਿੱਤੀ। ਤੁਸੀਂ ਬਸੰਤ ਨੂੰ ਬੇਕਸੂਰ ਠਹਿਰਾ ਦੇਣਾ। ਕਿਸੇ ਪੇਸ਼ੇਵਰ ਮੁਜਰਮ ਨੂੰ ਬਲੀ ਦਾ ਬੱਕਰਾ ਬਣਾ ਦੇਣਾ। ਮੈਂ ਤੁਹਾਡੀ ਰਿਪੋਰਟ ਨਾਲ ਸਹਿਮਤ ਹੋ ਜਾਵਾਂਗਾ। ਪੁਲਿਸ ਕਪਤਾਨ ਨੂੰ ਮੁਕੱਦਮਾ ਖਾਰਜ ਕਰਨ ਦੀ ਸਿਫ਼ਾਰਸ਼ ਕਰ ਦੇਵਾਂਗਾ। ਸਭ ਦੇ ਹੱਡ ਛੁੱਟ ਜਾਣਗੇ।"

ਹੁਣ ਤਕ ਰਣਜੋਧ ਸਿੰਘ ਨੂੰ ਲੱਗ ਰਿਹਾ ਸੀ ਜਿਵੇਂ ਹਿਰਦੇਪਾਲ ਉਸ ਨਾਲ ਸਖ਼ਤੀ ਨਾਲ ਪੇਸ਼ ਆ ਰਿਹਾ ਸੀ। ਪਹਿਲੀ ਵਾਰ ਉਹ ਉਸ ਨੂੰ ਆਪਣਾ-ਆਪਣਾ ਲੱਗਾ।

"ਉਹ ਝੋਟੇ ਜਿਹੇ ਨੂੰ ਮੁੰਡੇ ਨਾਲ ਬਦਫੈਲੀ ਕਰਨ ਦਾ ਯਤਨ ਕਰਨ ਬਦਲੇ ਸਖ਼ਤ ਸਜ਼ਾ ਦੇ ਕੇ ਕੀਤੀ ਕਾਰਵਾਈ ਦੀ ਰਿਪੋਰਟ ਮੈਨੂੰ ਭੇਜ।"

"ਹੁਣ ਉਸ ਸੂਰ ਨੂੰ ਤਨਹਾਈ ਕੋਠੜੀ ਵਿਚ ਬੰਦ ਕਰਦਾ ਹਾਂ। ਆਪੇ ਹਫ਼ਤੇ ਵਿਚ ਸਿਰੋਂ ਕਾਮ ਉੱਤਰ ਜੂ। ਮੁੜ ਸਾਰੀ ਉਮਰ ਜ਼ਨਾਨੀ ਵੱਲ ਝਾਕਣ ਜੋਗਾ ਨਹੀਂ ਰਹਿਣਾ, ਮੁੰਡਿਆਂ ਦੀ ਗੱਲ ਛੱਡੋ।"

ਤਨਹਾਈ ਦੀ ਸਜ਼ਾ ਦੀ ਗੱਲ ਸੁਣ ਕੇ ਹਿਰਦੇਪਾਲ ਨੂੰ ਮੁੜ ਖ਼ਤ ਦੀ ਇਬਾਰਤ ਯਾਦ ਆਈ।

"ਅੱਜ-ਕੱਲ੍ਹ ਕਿੰਨੇ ਕੈਦੀ ਤਨਹਾਈ 'ਚ ਰਹਿਣ ਦੀ ਸਜ਼ਾ ਭੁਗਤ ਰਹੇ ਹਨ ?"

"ਚਾਰ-ਪੰਜ ਹੋਣਗੇ, ਇਸ ਵਰਗੇ ਬਦਮਾਸ਼।"

"ਤੁਹਾਨੂੰ ਪਤਾ ਹੈ ਸੁਪਰੀਮ ਕੋਰਟ ਨੇ ਇਸ ਸਜ਼ਾ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕਰ ਰੱਖਿਆ ਹੈ। ਫੇਰ ਵੀ ਸਜ਼ਾ ਦੇਈ ਜਾ ਰਹੇ ਹੋ ?"

ਹਿਰਦੇਪਾਲ ਨੇ ਇਹ ਫ਼ੈਸਲਾ ਰਾਤ ਪੜ੍ਹਿਆ ਸੀ। ਉਹ ਚਾਹੁੰਦਾ ਸੀ ਕਿ ਇਸ ਫ਼ੈਸਲੇ ਦੀ ਜਾਣਕਾਰੀ ਹਰ ਜੇਲ੍ਹ ਅਧਿਕਾਰੀ ਨੂੰ ਹੋਵੇ।

"ਮੇਰੇ ਧਿਆਨ ਵਿਚ ਨਹੀਂ। ਮੈਂ ਉਹ ਫ਼ੈਸਲਾ ਪੜ੍ਹਾਂਗਾ। ਫੇਰ ਉਸ ਮੁਤਾਬਕ ਚੱਲਾਂਗਾ।"

"ਜਿਹੜੇ ਕੈਦੀ ਤਨਹਾਈ ਕੋਠੜੀ ਵਿਚ ਬੰਦ ਹਨ, ਉਹਨਾਂ ਨੂੰ ਤੁਰੰਤ ਰਿਹਾਅ ਕਰੋ। ਨਾਲੇ ਮੈਨੂੰ ਰਿਪੋਰਟ ਭੇਜੋ।"

"ਬਿਹਤਰ।"

"ਹੁਣ ਮੋਦਨ ਨੂੰ ਬੁਲਾਓ। ਉਸ ਦਾ ਬਿਆਨ ਵੀ ਕਲਮ-ਬੰਦ ਕਰ ਲਈਏ।"

ਮੋਦਨ ਨੇ ਉਹੋ ਰਟੀ-ਰਟਾਈ ਮੁਹਾਰਨੀ ਪੜ੍ਹ ਦਿੱਤੀ।

ਛੜਿਆਂ ਦੀ ਬੈਰਕ ਤੋਂ ਬਾਹਰ ਨਿਕਲਦਾ ਰਣਜੋਧ ਸਿੰਘ ਹਲਕਾ ਫੁੱਲ ਮਹਿਸੂਸ ਕਰਨ ਲੱਗਾ। ਮਹਿਕਮੇ ਦਾ ਪੱਖ ਪੂਰਨ ਲੱਗਾ।

"ਕੁਝ ਸਮਾਜ-ਸੇਵੀ ਸੰਸਥਾਵਾਂ ਅਤੇ ਅਦਾਲਤਾਂ ਮੁਜਰਮਾਂ ਨੂੰ ਕੁਝ ਜ਼ਿਆਦਾ ਹੀ ਸਿਰ ਚੜ੍ਹਾ ਰਹੀਆਂ ਹਨ। ਠੀਕ ਹੈ ਕੁਝ ਕੈਦੀਆਂ ਦੇ ਸੁਧਰਨ ਦੇ ਆਸਾਰ ਹੁੰਦੇ ਹਨ, ਪਰ ਬਹੁਤੇ ਪੇਸ਼ੇਵਰ ਮੁਜਰਮ ਹੁੰਦੇ ਹਨ। ਔਰਤਾਂ ਦੇਖ ਕੇ ਚੀਕਾਂ ਮਾਰਨ ਲੱਗਦੇ ਹਨ। ਮਾੜੀ-ਮਾੜੀ ਗਲ 'ਤੇ ਮੁਲਾਜ਼ਮਾਂ ਨਾਲ ਹੱਥੋ-ਪਾਈ 'ਤੇ ਉਤਰ ਆਉਂਦੇ ਹਨ। ਤਨਹਾਈ ਕੋਠੜੀ ਵਿਚੋਂ ਵੀ ਹਿਣਹਿਣਾਉਂਦੇ ਬਾਹਰ ਨਿਕਲ ਆਉਂਦੇ ਹਨ। ਇਕ ਬੈਰਕ ਵਿਚ ਜੇ ਅਜਿਹਾ ਇਕ ਮੁਜਰਮ ਹੋਵੇ, ਮੁਲਾਜ਼ਮ ਦੀ ਜਾਨ ਮੁੱਠੀ ਵਿਚ ਆਈ ਰਹਿੰਦੀ ਹੈ। ਉਸ ਨੂੰ ਸਾਰਾ ਦਿਨ ਗ਼ੁੱਸਾ ਚੜ੍ਹਿਆ ਰਹਿੰਦਾ ਹੈ। ਕਰਮਚਾਰੀ ਆਪਣੀ ਪੱਗ ਬਚਾਏ ਜਾਂ ਮੁਲਜ਼ਮਾਂ ਦੀਆਂ ਤਕਲੀਫ਼ਾਂ ਦੂਰ ਕਰੇ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਲਜ਼ਮਾਂ ਦਾ ਸਹੀ ਢੰਗ ਨਾਲ ਵਰਗੀਕਰਨ ਕਰੇ। ਪੇਸ਼ੇਵਰ ਮੁਲਜ਼ਮਾਂ ਨੂੰ ਆਮ ਮੁਲਜ਼ਮਾਂ ਨਾਲੋਂ ਵੱਖਰਾ ਬੰਦ ਕਰੇ। ਫੇਰ ਸ਼ਾਇਦ ਕੋਈ ਸੁਧਾਰ ਹੋ ਸਕੇ।"

"ਗੱਲਾਂ ਹੀ ਮਾਰਦਾ ਰਹੇਂਗਾ ? ਚਾਹ-ਪਾਣੀ ਨਹੀਂ ਪੁੱਛੇਂਗਾ ?"

ਆਪਣੇ ਮੁਲਾਜ਼ਮਾਂ ਦਾ ਬੇਲੋੜਾ ਪੱਖ ਪੂਰਦਾ ਜੇਲ੍ਹ ਸੁਪਰਡੈਂਟ ਹਿਰਦੇਪਾਲ ਨੂੰ ਚੰਗਾ ਨਹੀਂ ਸੀ ਲੱਗ ਰਿਹਾ। ਉਸ ਨੂੰ ਦੋਬਾਰਾ ਖਿਝ ਨਾ ਚੜ੍ਹਨ ਲੱਗ ਪਏ, ਇਸ ਲਈ ਉਸ ਨੇ ਗੱਲਬਾਤ ਦਾ ਰੁਖ਼ ਬਦਲਿਆ।

ਉਂਜ ਵੀ ਦੁਪਹਿਰ ਢਲਣ ਵਾਲੀ ਸੀ। ਹਾਲੇ ਤਕ ਉਹਨਾਂ ਨੂੰ ਪਾਣੀ ਦੀ ਘੁੱਟ ਤਕ ਨਸੀਬ ਨਹੀਂ ਸੀ ਹੋਈ।

ਇਸ ਵਿਚ ਕਸੂਰ ਦੋਹਾਂ ਦਾ ਸੀ।

ਹਿਰਦੇਪਾਲ ਨੂੰ ਆਪਣਾ ਕੰਮ ਨਿਬੇੜਨ ਦੀ ਕਾਹਲ ਸੀ। ਆਪਣੇ ਮਿਸ਼ਨ ਵਿਚ ਉਹ ਕਾਫ਼ੀ ਹੱਦ ਤਕ ਕਾਮਯਾਬ ਹੋ ਚੁੱਕਾ ਸੀ। ਹੁਣ ਥੋੜ੍ਹਾ ਜਿਹਾ ਸੁਸਤਾਉਣ ਵਿਚ ਕੋਈ ਹਰਜ ਨਹੀਂ ਸੀ।

ਪਹਿਲਾਂ ਰਣਜੋਧ ਸਿੰਘ ਤਨਾਅ ਵਿਚ ਸੀ। ਉਸ ਦੇ ਮਨ ਵਿਚ ਧੁੜਕੂ ਸੀ। ਜੇਲ੍ਹ ਪ੍ਰਸ਼ਾਸਨ ਉਪਰ ਗੰਭੀਰ ਦੋਸ਼ ਲੱਗੇ ਹਨ। ਸੈਸ਼ਨ ਜੱਜ ਗੁਪਤ ਪੜਤਾਲ ਕਰ ਰਿਹਾ ਹੈ। ਖ਼ੁਰਚਣ 'ਤੇ ਵੀ ਕੁਝ ਦੱਸ ਨਹੀਂ ਸੀ ਰਿਹਾ। ਉਸ ਨੂੰ ਆਉਣ ਵਾਲੀ ਮੁਸੀਬਤ ਦੀ ਚਿੰਤਾ ਖਾ ਰਹੀ ਸੀ।

ਹੁਣ ਉਸ ਨੂੰ ਯਕੀਨ ਹੋ ਗਿਆ ਸੀ ਕਿ ਸੈਸ਼ਨ ਜੱਜ ਸੱਚਮੁੱਚ ਆਪਣੀ ਜਾਣਕਾਰੀ ਵਿਚ ਵਾਧਾ ਕਰ ਰਿਹਾ ਸੀ। ਮਨੋਂ ਉਹ ਜੇਲ੍ਹ ਪ੍ਰਸ਼ਾਸਨ ਪੱਖੀ ਹੀ ਸੀ।

ਫ਼ਿਕਰਾਂ ਤੋਂ ਸੁਰਖ਼ਰੂ ਹੋਣ ਬਾਅਦ ਰਣਜੋਧ ਸਿੰਘ ਨੂੰ ਮਹਿਮਾਨ-ਨਿਵਾਜ਼ੀ ਦੇ ਆਪਣੇ ਫ਼ਰਜ਼ ਦੀ ਯਾਦ ਆਈ।

"ਚੱਲੋ, ਕੋਠੀ ਚੱਲਦੇ ਹਾਂ। ਬੀਅਰ-ਸ਼ੀਅਰ ਪੀਂਦੇ ਹਾਂ। ਚੇਅਰਮੈਨ ਤੁਹਾਨੂੰ ਯਾਦ ਕਰਦਾ ਰਹਿੰਦਾ ਹੈ। ਉਸ ਨਾਲ ਗੱਪ-ਸ਼ੱਪ ਕਰਦੇ ਹਾਂ।"

ਅੱਜ-ਕੱਲ੍ਹ ਕੋਠੀ ਵਿਚ ਚੇਅਰਮੈਨ ਅਤੇ ਚੱਠਾ ਬੰਦ ਸਨ।

ਚੱਠਾ ਗਰੁੱਪ ਦਾ ਪਿਛਲੇ ਦਸ ਸਾਲ ਤੋਂ ਮਾਇਆ ਨਗਰ ਦੇ ਸ਼ਰਾਬ ਦੇ ਠੇਕਿਆਂ 'ਤੇ ਕਬਜ਼ਾ ਚਲਿਆ ਆ ਰਿਹਾ ਸੀ। ਇਸ ਸਾਲ ਬੋਲੀਆਂ ਸਮੇਂ ਇਕ ਨਵਾਂ ਗਰੁੱਪ ਜੰਮ ਪਿਆ ਸੀ। ਅੱਧੇ ਠੇਕੇ ਨਵੇਂ ਗਰੁੱਪ ਨੇ ਹਥਿਆ ਲਏ ਸਨ। ਨਵੇਂ ਗਰੁੱਪ ਨੂੰ ਆਬਕਾਰੀ ਮੰਤਰੀ ਦੀ ਸਹਿ ਸੀ। ਚੱਠਾ ਮੁੱਖ ਮੰਤਰੀ ਦਾ ਬੰਦਾ ਸੀ। ਦੋਹਾਂ ਗਰੁੱਪਾਂ ਵਿਚ ਨੋਕ-ਝੋਕ ਚੱਲਦੀ ਰਹਿੰਦੀ ਸੀ। ਕਦੇ-ਕਦੇ



ਲੜਾਈ-ਝਗੜਾ ਵੀ ਹੋ ਜਾਂਦਾ ਸੀ। ਪਿਛਲੇ ਮਹੀਨੇ ਚੱਠੇ ਦੇ ਕਰਿੰਦਿਆਂ ਨੇ ਦੂਜੇ ਗਰੁੱਪ ਦੇ ਠੇਕੇ 'ਤੇ ਹਮਲਾ ਕਰ ਦਿੱਤਾ। ਨਾ ਚਾਹੁੰਦੇ ਹੋਏ ਵੀ ਉਹਨਾਂ ਨੂੰ ਗੋਲੀ ਚਲਾਉਣੀ ਪਈ। ਵਿਰੋਧੀ ਗਰੁੱਪ ਦੇ ਦੋ ਬੰਦੇ ਮਾਰੇ ਗਏ। ਚੱਠਾ ਮੌਕੇ 'ਤੇ ਹਾਜ਼ਰ ਨਹੀਂ ਸੀ। ਫੇਰ ਵੀ ਪਰਚੇ ਵਿਚ ਉਸ ਦਾ ਨਾਂ ਪੈ ਗਿਆ। ਕਰਿੰਦਿਆਂ ਦਾ ਹੌਸਲਾ ਵਧਾਉਣ ਲਈ ਪੇਸ਼ਗੀ ਜ਼ਮਾਨਤ ਕਰਾਉਣ ਦੀ ਥਾਂ ਉਹ ਜੇਲ੍ਹ ਚਲਾ ਗਿਆ। ਚੱਠਾ ਮਰਜ਼ੀ ਨਾਲ ਜੇਲ੍ਹ 'ਚ ਬੈਠਾ ਹੈ। ਉਂਝ ਜ਼ਮਾਨਤ ਕਰਾਉਣੀ ਉਸ ਦੇ ਖੱਬੇ ਹੱਥ ਦੀ ਖੇਡ ਹੈ।

ਨਿਰਮਲ ਸਿੰਘ ਨੇ ਆਪਣੇ ਕਾਰਜ-ਕਾਲ ਦੌਰਾਨ ਠੇਕੇਦਾਰ ਨਾਲ ਮਿਲ ਕੇ ਹਜ਼ਾਰਾਂ ਕੀਮਤੀ ਦਰੱਖ਼ਤ ਕਟਵਾ ਦਿੱਤੇ ਸਨ ਤੇ ਕਰੋੜਾਂ ਰੁਪਿਆ ਡਕਾਰ ਲਿਆ ਸੀ। ਨਵੀਂ ਸਰਕਾਰ ਨੇ ਚੌਕਸੀ ਵਿਭਾਗ ਰਾਹੀਂ ਸਾਰੇ ਸਬੂਤ ਇਕੱਠੇ ਕਰ ਲਏ ਸਨ। ਇਹਨਾਂ ਦੋਸ਼ਾਂ ਤਹਿਤ ਉਸ ਉਪਰ ਮੁਕੱਦਮਾ ਚੱਲ ਰਿਹਾ ਸੀ।

ਕੋਠੀ ਵਿਚਲੇ ਮੁਲਜ਼ਮ ਤੇਜ਼ੀ ਨਾਲ ਬਦਲਦੇ ਰਹਿੰਦੇ ਸਨ। ਕੋਠੀ ਦਾ ਸਭਿਆਚਾਰ ਉਹੋ ਪੁਰਾਣਾ ਸੀ।

ਅੱਜ-ਕੱਲ੍ਹ ਵੀ ਫ਼ਰਿੱਜ ਬੀਅਰ ਅਤੇ ਸੋਡੇ ਨਾਲ ਭਰੇ ਰਹਿੰਦੇ ਹਨ। ਰਸੋਈ ਵਿਚ ਉਸੇ ਤਰ੍ਹਾਂ ਮੁਰਗ਼-ਮੁਸੱਲਮ ਬਣਦਾ ਹੈ। ਆਏ ਮਹਿਮਾਨਾਂ ਦੀ ਉਸੇ ਤਰ੍ਹਾਂ ਸੇਵਾ ਹੁੰਦੀ ਹੈ।

ਪਿਛਲੇ ਦੌਰੇ ਸਮੇਂ ਸੈਸ਼ਨ ਜਜ ਨੇ ਇਸ ਕੋਠੀ ਵਿਚ ਖਾਣਾ ਖਾਧਾ ਸੀ। ਸ਼ਾਮ ਤਕ ਮਹਿਫ਼ਲ ਜੰਮੀ ਸੀ। ਮਹਿਮਾਨ-ਨਿਵਾਜ਼ੀ ਦਾ ਉਸ ਨੇ ਖ਼ੂਬ ਅਨੰਦ ਮਾਣਿਆ ਸੀ।

ਜੇਲ੍ਹ ਸੁਪਰਡੈਂਟ ਇਕ ਵਾਰ ਫਿਰ ਉਸੇ ਕੋਠੀ ਨੂੰ ਰੰਗ-ਭਾਗ ਲਾਉਣਾ ਚਾਹੁੰਦਾ ਸੀ।

ਸੁਪਰਡੈਂਟ ਇਤਿਹਾਸ ਕੋਲੋਂ ਸਬਕ ਸਿੱਖੇ ਜਾਂ ਨਾ, ਸੈਸ਼ਨ ਜੱਜ ਸਬਕ ਸਿੱਖ ਚੁੱਕਾ ਸੀ।

ਉਸ ਨੂੰ ਆਪਣੀ ਪਹਿਲੀ ਗ਼ਲਤੀ ਦਾ ਅਹਿਸਾਸ ਹੋ ਚੁੱਕਾ ਸੀ। ਉਹ ਆਪਣੇ ਮਨ ਨਾਲ ਫ਼ੈਸਲਾ ਕਰ ਚੁੱਕਾ ਸੀ ਕਿ ਅੱਗੋਂ ਤੋਂ ਜੇਲ੍ਹ ਦੌਰੇ ਮਨੋਰੰਜਨ ਦੀ ਥਾਂ ਫ਼ਰਜ਼ਾਂ ਦੀ ਪੂਰਤੀ ਲਈ ਹੋਣਗੇ।

"ਨਹੀਂ, ਇਕ ਕੱਪ ਚਾਹ ਅਤੇ ਕੁਝ ਨਮਕੀਨ ਬਿਸਕੁਟ ਕਾਫ਼ੀ ਹਨ।"

ਚਾਹ ਉਪਰੰਤ ਸੈਸ਼ਨ ਜੱਜ ਜ਼ਨਾਨਾ ਵਾਰਡ ਵਿਚ ਬੰਦ ਸੋਹਣੀਆਂ ਕੈਦਣਾਂ ਦੀ ਥਾਂ ਉਹਨਾਂ ਕੈਦੀਆਂ ਬਾਰੇ ਪੁੱਛਣ ਲੱਗਾ ਜਿਨ੍ਹਾਂ ਨੂੰ ਹੱਥਕੜੀਆਂ ਜਾਂ ਬੇੜੀਆਂ ਪਵਾਈਆਂ ਗਈਆਂ ਸਨ। ਉਹ ਇਹ ਵੀ ਪੁੱਛਣ ਲੱਗਾ ਉਹਨਾਂ ਨੇ ਕੀ ਜੁਰਮ ਕੀਤਾ ਸੀ ? ਸਜ਼ਾ ਦੀ ਸਿਫ਼ਾਰਸ਼ ਕਿਸ ਨੇ ਕੀਤੀ ਸੀ ? ਕੈਦੀ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਜਾਂ ਨਹੀਂ ?

ਸਭ ਕੁਝ ਜਾਣ ਲੈਣ ਬਾਅਦ ਉਸ ਨੇ ਹੈਰਾਨ ਹੋ ਕੇ ਪੁੱਛਿਆ :

"ਜੇਲ੍ਹ ਕਿਲ੍ਹੇ ਨਾਲੋਂ ਵੱਧ ਮਜ਼ਬੂਤ ਹੈ। ਦੀਵਾਰਾਂ ਉੱਚੀਆਂ ਅਤੇ ਗੇਟ ਭਾਰੇ ਲੋਹੇ ਦੇ ਹਨ। ਚੱਪੇ-ਚੱਪੇ 'ਤੇ ਹਥਿਆਰਬੰਦ ਪਹਿਰਾ ਹੈ। ਇਹਨਾਂ ਨੂੰ ਉਲੰਘ ਕੇ ਕੌਣ ਭੱਜ ਸਕਦਾ ਹੈ ? ਹੱਥਕੜੀਆਂ ਲਾਉਣ ਅਤੇ ਬੇੜੀਆਂ ਪਾਉਣ ਦੀ ਲੋੜ ਮੈਨੂੰ ਸਮਝ ਨਹੀਂ ਆਈ ?"

"ਕਦੇ ਸਾਡੀ ਕੁਰਸੀ 'ਤੇ ਬੈਠ ਕੇ ਦੇਖੋ। ਸਾਡਾ ਵਾਹ ਗੁਸਤਾਖ਼ ਤੋਂ ਗੁਸਤਾਖ਼ ਕੈਦੀਆਂ ਨਾਲ ਪੈਂਦਾ ਹੈ। ਉਹਨਾਂ ਨੂੰ ਸਬਕ ਸਿਖਾਉਣ ਅਤੇ ਬਾਕੀਆਂ ਨੂੰ ਕੰਨ ਕਰਨ ਲਈ ਇੰਝ ਕਰਨਾ ਪੈਂਦਾ ਹੈ।"

"ਇੰਝ ਕਰਨਾ, ਮੈਨੂੰ ਉਹਨਾਂ ਕੈਦੀਆਂ ਦੀ ਲਿਸਟ ਵੀ ਭੇਜਣਾ। ਅਗਲੇ ਦੌਰੇ 'ਤੇ ਉਹਨਾਂ ਨੂੰ ਮਿਲਾਂਗਾ। ਹੁਣ ਜ਼ਨਾਨਾ ਵਾਰਡ ਵੱਲ ਚੱਲੋ।"

ਤਾਜ਼ਾ ਦਮ ਹੋਇਆ ਹਿਰਦੇਪਾਲ ਨਵੇਂ ਪੜਾਅ 'ਤੇ ਪੁੱਜਣ ਲਈ ਕਾਹਲਾ ਪੈਣ ਲੱਗਾ।

"ਉਥੇ ਕੀ ਹੈ? ਹੇਮਾ ਬੀਮਾਰ ਹੈ।"

ਤੋਰੇ-ਫੇਰੇ ਅਤੇ ਤਨਾਅ ਕਾਰਨ ਰਣਜੋਧ ਸਿੰਘ ਥੱਕਿਆ ਪਿਆ ਸੀ। ਉਹ ਹੋਰ ਖਿੱਚੋਤਾਣ ਤੋਂ ਬਚਣਾ ਚਾਹੁੰਦਾ ਸੀ। ਟਾਲਣ ਲਈ ਉਸ ਨੇ ਬਹਾਨਾ ਘੜਿਆ।

"ਉਸੇ ਦੀ ਸਿਹਤ ਦਾ ਪਤਾ ਕਰਨਾ ਹੈ।"

ਬਿਨਾਂ ਕਿਸੇ ਉੱਤਰ ਦੀ ਉਡੀਕ ਕੀਤੇ, ਸੈਸ਼ਨ ਜੱਜ ਜ਼ਨਾਨਾ ਵਾਰਡ ਵੱਲ ਜਾਂਦੀ ਸੜਕ 'ਤੇ ਜਾ ਖਲੋਤਾ।

"ਹੇਮਾ ਦੀ ਬੀਮਾਰੀ ਦਾ ਪਤਾ ਕਰਨਾ ਹੈ? ਮਤਲਬ ਇਸ ਨੂੰ ਉਸ ਦੇ ਬੀਮਾਰ ਹੋਣ ਦਾ ਪਤਾ ਹੈ। ਫੇਰ ਇਹ ਵੀ ਪਤਾ ਹੋਏਗਾ ਕਿ ਉਹ ਕਿਉਂ ਬੀਮਾਰ ਹੈ?"

ਸੋਚਦਾ ਰਣਜੋਧ ਸਿੰਘ ਫੇਰ ਬੇਚੈਨ ਹੋਣ ਲੱਗਾ।

"ਥੱਕ ਗਏ ਹਾਂ। ਹੁਣ ਗੱਡੀ ਵਿਚ ਚੱਲਾਂਗੇ। ਜਿਪਸੀ ਮੰਗਵਾ।"

ਹਿਰਦੇਪਾਲ ਨੂੰ ਪਤਾ ਸੀ ਕਿ ਇਥੋਂ ਜ਼ਨਾਨਾ ਵਾਰਡ ਕਿੱਲੋਮੀਟਰ ਦੂਰ ਹੈ। ਤੁਰ ਕੇ ਜਾਣ 'ਤੇ ਘੰਟਾ ਲੱਗਣਾ ਸੀ। ਹੁਣ ਉਹ ਘੰਟਾ ਬਰਬਾਦ ਕਰਨ ਦੇ ਰੌਂਅ ਵਿਚ ਨਹੀਂ ਸੀ।

"ਸਾਲਾ। ਮੇਰੇ ਨਾਲ ਚਲਿੱਤਰ ਖੇਡ ਰਿਹਾ ਹੈ। ਸਿੱਧਾ ਆਖ ਜ਼ਨਾਨਾ ਵਾਰਡ ਛਾਪਾ ਮਾਰਨਾ ਹੈ।"

"ਅੱਜ ਕੋਈ ਸਿਆਪਾ ਪੈ ਕੇ ਰਹੇਗਾ।" ਕਲਪਦਾ ਰਣਜੋਧ ਸਿੰਘ ਡਰਾਈਵਰ ਵਾਲੀ ਸੀਟ 'ਤੇ ਜਾ ਬੈਠਾ।

"ਸੁਣਿਆ ਹੈ ਕਦੇ ਇਥੇ ਇਕ ਵਕੀਲ ਬੰਦਾ ਹੁੰਦਾ ਸੀ। ਕਹਿੰਦੇ ਹਨ ਉਸ ਨੇ ਬਹੁਤ ਕੈਦੀਆਂ ਨੂੰ ਰਿਹਾਅ ਕਰਵਾਇਆ ਸੀ। ਅੱਜ-ਕੱਲ੍ਹ ਉਹ ਕਿੱਥੇ ਹੈ?"

ਖ਼ਤ ਪੜ੍ਹਨ ਬਾਅਦ ਸੈਸ਼ਨ ਜੱਜ ਨੇ ਅੰਦਾਜ਼ਾ ਲਾਇਆ ਸੀ ਕਿ ਇਹ ਕਿਸੇ ਕਾਨੂੰਨ ਦੇ ਡੂੰਘੇ ਜਾਣਕਾਰ ਦਾ ਲਿਖਿਆ ਹੋਇਆ ਹੈ। ਨਾਲੇ ਉਹ ਜੇਲ੍ਹ ਅੰਦਰ ਵਾਪਰ ਰਹੀਆਂ ਘਟਨਾਵਾਂ ਦਾ ਵੀ ਜਾਣਕਾਰ ਹੈ। ਉਸ ਦਾ ਮਨ ਆਖਦਾ ਸੀ ਕਿ ਇਹ ਖ਼ਤ ਉਸੇ ਵਕੀਲ ਦਾ ਲਿਖਿਆ ਹੋਇਆ ਹੈ। ਵਹਿਮ ਦੂਰ ਕਰਨ ਲਈ ਉਸ ਨੇ ਪੁੱਛਿਆ।

"ਹੋਈ ਨਾ ਉਹੋ ਗੱਲ। ਹੁਣ ਇਹ ਆਖੇਗਾ ਉਸ ਨੂੰ ਬੁਲਾਓ। ਆ ਕੇ ਉਹ ਨਵਾਂ ਪੰਗਾ ਪਾਏਗਾ। ਜੇਲ੍ਹ ਅਧਿਕਾਰੀਆਂ ਦੇ ਕੱਚੇ ਚਿੱਠੇ ਖੋਲ੍ਹੇਗਾ।"

ਸੋਚਦੇ ਰਣਜੋਧ ਸਿੰਘ ਦਾ ਦਿਲ ਜ਼ੋਰ-ਜ਼ੋਰ ਦੀ ਧੜਕਣ ਲੱਗਾ।

"ਉਹ ਪੈਰੋਲ 'ਤੇ ਗਿਆ ਹੋਇਆ ਹੈ।" ਮੁਸੀਬਤ ਖੜੀ ਕਰਨ ਨਾਲੋਂ ਰਣਜੋਧ ਸਿੰਘ ਨੇ ਝੂਠ ਬੋਲਣਾ ਠੀਕ ਸਮਝਿਆ। ਸੈਸ਼ਨ ਜੱਜ ਕਿਹੜਾ ਸੱਚ ਬੋਲ ਰਿਹਾ ਸੀ।

ਹਾਕਮ ਦੇ ਜੇਲ੍ਹੋਂ ਬਾਹਰ ਹੋਣ ਦੀ ਗੱਲ ਸੁਣ ਕੇ ਹਿਰਦੇਪਾਲ ਨੂੰ ਰਾਹਤ ਮਹਿਸੂਸ ਹੋਈ।

ਪੜਤਾਲ ਬਾਅਦ ਰਿਪੋਰਟ ਉਸ ਨੇ ਆਪਣੇ ਮਿੱਤਰ ਦੇ ਹੱਕ ਵਿਚ ਕਰਨੀ ਸੀ। ਇੰਝ ਕਰਨ ਲਈ ਉਸ ਨੂੰ ਝੂਠ ਦਾ ਸਹਾਰਾ ਲੈਣਾ ਪੈਣਾ ਸੀ। ਉਹ ਡਰ ਰਿਹਾ ਸੀ ਕਿ ਹਾਕਮ ਕਿਧਰੇ ਉਸ ਨੂੰ ਪੱਖਪਾਤੀ ਆਖ ਕੇ ਉਸ ਦੀ ਸ਼ਿਕਾਇਤ ਨਾ ਕਰ ਦੇਵੇ।

ਹਾਕਮ ਵੱਲੋਂ ਨਿਸ਼ਚਿੰਤ ਹੋ ਕੇ ਸੈਸ਼ਨ ਜੱਜ ਜ਼ਨਾਨਾ ਵਾਰਡ ਦਾ ਨਿਰੀਖਣ ਕਰਨ ਲੱਗਾ।

ਅਹਾਤੇ ਦੀ ਇਕ ਨੁੱਕਰ ਪਏ ਕੂੜੇ ਨਾਲ ਨੱਕੋ-ਨੱਕ ਭਰੇ ਇਕ ਡਰੰਮ ਵਿਚੋਂ ਆਉਂਦੀ



ਬੂਅ ਨੇ ਉਹਨਾਂ ਦਾ ਸਵਾਗਤ ਕੀਤਾ। ਉੱਡਦੇ ਫਿਰਦੇ ਫਟੇ-ਪੁਰਾਣੇ ਕਾਗ਼ਜ਼ਾਂ ਅਤੇ ਸੁੱਕੇ ਪੱਤਿਆਂ ਨੇ ਪੈਰੀਂ ਪੈ ਕੇ ਨਮਸਕਾਰ ਕੀਤਾ।

ਕੁਝ ਕਾਂ ਆਪਣੇ ਆਹਰ ਵਿਚ ਲੱਗੇ ਹੋਏ ਸਨ। ਉਹ ਡਰੰਮ ਵਿਚੋਂ ਆਪਣਾ ਆਹਾਰ ਲੱਭ ਰਹੇ ਸਨ। ਕੈਦਣਾਂ ਵਾਂਗ ਢਿੱਡ ਭਰਨ ਲਈ ਉਹਨਾਂ ਨੂੰ ਸਖ਼ਤ ਮੁਸ਼ੱਕਤ ਕਰਨੀ ਪੈ ਰਹੀ ਸੀ। ਖ਼ੂਨ ਅਤੇ ਟੱਟੀ ਪਿਸ਼ਾਬ ਨਾਲ ਲਿੱਬੜੀਆਂ ਲੀਰਾਂ ਦੇ ਢੇਰ ਨੂੰ ਬਾਹਰ ਕੱਢ-ਕੱਢ ਇਧਰ-ਉਧਰ ਖਿੰਡਾ ਰਹੇ ਸਨ।

ਡਰੰਮ ਦੇ ਕੋਲ ਦਾਲ ਡੁੱਲ੍ਹੀ ਹੋਈ ਸੀ। ਦਾਲ ਉਪਰ ਮੱਖੀਆਂ ਭਿਣਕ ਰਹੀਆਂ ਸਨ। ਕੁਝ ਚਿੜੀਆਂ ਸੁੱਕੀਆਂ ਰੋਟੀਆਂ ਨਾਲ ਜੂਝ ਰਹੀਆਂ ਸਨ।

ਅਗਾਂਹ ਪੰਦਰਾਂ-ਵੀਹ ਕੈਦਣਾਂ ਇਕ ਟੂਟੀ ਨੂੰ ਘੇਰੀ ਖੜੀਆਂ ਸਨ। ਕਿਸੇ ਦੇ ਹੱਥ ਵਿਚ ਜੂਠੇ ਭਾਂਡੇ ਸਨ, ਕਿਸੇ ਦੇ ਮੈਲੇ ਕੱਪੜਿਆਂ ਵਾਲੀ ਗੱਠੜੀ। ਟੂਟੀ ਵਿਚ ਤੁਪਕਾ-ਤੁਪਕਾ ਪਾਣੀ ਆ ਰਿਹਾ ਸੀ। ਇਕ ਅਨਾਰ ਨਾਲ ਸੌ ਬੀਮਾਰਾਂ ਦਾ ਕਿਸ ਤਰ੍ਹਾਂ ਸਰੇਗਾ? ਹਿਰਦੇਪਾਲ ਸੋਚਣ ਲੱਗਾ।

ਜਦੋਂ ਕਿਸੇ ਮਰਦ ਅਫ਼ਸਰ ਨੇ ਜ਼ਨਾਨਾ ਵਾਰਡ ਵਿਚ ਪ੍ਰਵੇਸ਼ ਕਰਨਾ ਹੁੰਦਾ ਹੈ ਤਾਂ ਦਸ ਮਿੰਟ ਪਹਿਲਾਂ ਘੰਟੀ ਖੜਕਾ ਕੇ ਇਸ ਦੀ ਸੂਚਨਾ ਦਿੱਤੀ ਜਾਂਦੀ ਹੈ। ਪਰ ਇਹ ਵੱਡੇ ਅਫ਼ਸਰ ਸਨ। ਅਚਾਨਕ ਬੈਰਕ ਅੰਦਰ ਆ ਧਮਕੇ ਸਨ। ਰਾਣੀ ਨੂੰ ਅੱਗਾ ਢੱਕਣ ਲਈ ਕੌਣ ਕਹਿ ਸਕਦਾ ਹੈ?

ਹੁਣ ਤਕ ਔਰਤਾਂ ਆਜ਼ਾਦੀ ਨਾਲ ਘੁੰਮ ਰਹੀਆਂ ਸਨ। ਕਿਸੇ ਨੇ ਇਕੱਲਾ ਪੇਟੀਕੋਟ ਪਾਇਆ ਹੋਇਆ ਸੀ, ਕਿਸੇ ਨੇ ਸਲਵਾਰ। ਕਿਸੇ ਦੇ ਕੇਸ ਖੁੱਲ੍ਹੇ ਸਨ। ਕਿਸੇ ਦਾ ਬਲਾਊਜ਼। ਕੈਦਣਾਂ ਨੂੰ ਆਪਣਾ ਆਪ ਸੰਭਾਲਣ ਦਾ ਮੌਕਾ ਨਾ ਮਿਲਿਆ।

ਸੈਸ਼ਨ ਜੱਜ ਨੇ ਕੈਦਣਾਂ ਦੇ ਸਰੀਰਾਂ ਨੂੰ ਗਹੁ ਨਾਲ ਤੱਕਿਆ। ਕਾਮ-ਵਾਸ਼ਨਾ ਦੀ ਪੂਰਤੀ ਲਈ ਨਹੀਂ। ਖ਼ਤ ਵਿਚ ਦਰਜ ਤੱਥਾਂ ਨੂੰ ਪਰਖਣ ਲਈ। ਸਾਹਮਣੇ ਨਜ਼ਰ ਆਉਂਦੇ ਕੱਢਵੇ ਸਰੀਰ ਤਾਂ ਔਰਤ ਅਖਵਾਉਣ ਦੇ ਵੀ ਹੱਕਦਾਰ ਨਹੀਂ ਸਨ।

ਹਿਰਦੇਪਾਲ ਨੂੰ ਕਚਿਆਣ ਆਉਣ ਲੱਗੀ। ਪਰ ਅੱਜ ਉਹ ਆਪਣੇ ਫ਼ੈਸਲੇ 'ਤੇ ਦ੍ਰਿੜ੍ਹ ਸੀ। ਉਸ ਨੇ ਆਪਣੀ ਘੋਖ ਪੜਤਾਲ ਜਾਰੀ ਰੱਖੀ।

ਅਹਾਤੇ ਅੰਦਰ ਘੁੰਮਣ ਵਾਲੀਆਂ ਔਰਤਾਂ ਦੀ ਗਿਣਤੀ ਥੋੜ੍ਹੀ ਸੀ। ਬਹੁਤੀਆਂ ਬੈਰਕ ਅੰਦਰ ਪਈਆਂ ਸਨ।

ਸੈਸ਼ਨ ਜੱਜ ਨੇ ਬੈਰਕ ਅੰਦਰ ਜਾਣਾ ਚਾਹਿਆ।

ਰਣਜੋਧ ਸਿੰਘ ਨੇ ਝੱਟ ਵਰਜ ਦਿੱਤਾ।

"ਸਾਹਿਬ ਜੀ, ਬਹੁਤੇ ਆਦਰਸ਼ਵਾਦੀ ਨਾ ਬਣੋ। ਅੱਧੀਆਂ ਨਾਲੋਂ ਵੱਧ ਕੈਦਣਾਂ ਛੂਤ ਦੀਆਂ ਬੀਮਾਰੀਆਂ ਦੀਆਂ ਸ਼ਿਕਾਰ ਨੇ। ਵੀ.ਡੀ. ਕਈਆਂ ਨੂੰ ਹੈ। ਹੋ ਸਕਦਾ ਹੈ ਇਕ-ਦੋ ਨੂੰ ਏਡਜ਼ ਵੀ ਹੋਵੇ। ਕਿਸੇ ਬੀਮਾਰੀ ਦਾ ਸ਼ਿਕਾਰ ਹੋ ਗਏ ਤਾਂ ਕਿਸ ਦੀ ਮਾਂ ਨੂੰ ਮਾਸੀ ਆਖਾਂਗੇ। ਕਈ ਨੀਮ ਪਾਗ਼ਲ ਹਨ। ਕੋਈ ਗਾਲ੍ਹ ਕੱਢ ਸਕਦੀ ਹੈ, ਕੋਈ ਗਲ 'ਚ ਹੱਥ ਪਾ ਸਕਦੀ ਹੈ। ਆਪਣੀ ਇੱਜ਼ਤ ਬਚਾਓ। ਕਈਆਂ ਨੂੰ ਨੀਂਦ ਦੇ ਟੀਕੇ ਲਾ ਕੇ ਮਸਾਂ ਸੁਲਾਇਆ ਹੈ। ਜਾਗ ਪਈਆਂ ਤਾਂ ਸਾਰੀ ਰਾਤ ਮੁਸੀਬਤ ਖੜੀ ਕਰੀ ਰੱਖਣਗੀਆਂ। ਕੁਝ ਦੇਖਣਾ ਹੈ ਤਾਂ ਖਿੜਕੀ ਰਾਹੀਂ ਦੇਖ ਲਓ। ਇਸੇ ਲਈ ਖਿੜਕੀਆਂ ਵੱਡੀਆਂ ਰੱਖੀਆਂ ਹਨ।"

ਜੇਲ੍ਹ ਸੁਪਰਡੈਂਟ ਦੀ ਚਿਤਾਵਨੀ ਸੁਣ ਕੇ ਸੈਸ਼ਨ ਜੱਜ ਠਠੰਬਰ ਗਿਆ।

ਜਾਲੀ ਰਾਹੀਂ ਉਹ ਅੰਦਰਲੇ ਦ੍ਰਿਸ਼ ਦਾ ਜਾਇਜ਼ਾ ਲੈਣ ਲੱਗਾ।

ਹਿਰਦੇਪਾਲ ਨੂੰ ਲੱਗਾ, ਜੇਲ੍ਹ ਦੀ ਥਾਂ ਉਹ ਨਰਕਾਂ ਵਿਚ ਖੜਾ ਹੈ। ਚਾਰੇ ਪਾਸੇ ਬੂ ਹੈ, ਰੋਣ-ਧੋਣ ਹੈ। ਸਿਸਕੀਆਂ ਹਨ, ਬੀਮਾਰੀ ਤੇ ਭੁੱਖਮਰੀ ਹੈ।

"ਤੁਸੀਂ ਇਹਨਾਂ ਦਾ ਸਹੀ ਢੰਗ ਨਾਲ ਇਲਾਜ ਕਿਉਂ ਨਹੀਂ ਕਰਾਉਂਦੇ ?"

"ਡਾਕਟਰ ਇਕ ਹੈ, ਮਰੀਜ਼ ਪੰਦਰਾਂ ਸੌ। ਜੇ ਡਾਕਟਰ ਲਗਾਤਾਰ ਬਾਰਾਂ ਘੰਟੇ ਡਿਊਟੀ ਦੇਵੇ ਤਾਂ ਵੀ ਉਸ ਨੂੰ ਇਕ ਮਿੰਟ ਵਿਚ ਦੋ ਮਰੀਜ਼ ਦੇਖਣੇ ਪੈਣਗੇ। ਦਵਾਈਆਂ ਦਾ ਬਜਟ ਨਾਂ-ਮਾਤਰ ਹੈ। ਇਕ ਮਰੀਜ਼ ਦੇ ਹਿੱਸੇ, ਮਹੀਨੇ ਵਿਚ ਇਕ ਰੁਪਏ ਦੀ ਦਵਾਈ ਆਉਂਦੀ ਹੈ। ਇਲਾਜ ਕਿਸ ਤਰ੍ਹਾਂ ਹੋਵੇ ?"

ਆਪਣੇ ਦੁਖੜੇ ਰੋਣ ਦਾ ਜੇਲ੍ਹ ਸੁਪਰਡੈਂਟ ਕੋਲ ਵਧੀਆ ਮੌਕਾ ਸੀ। ਉਹ ਮੌਕੇ ਦਾ ਫ਼ਾਇਦਾ ਉਠਾਉਣ ਲੱਗਾ।

"ਸਾਰੀ ਬੈਰਕ ਵਿਚ ਗੰਦਗੀ ਹੀ ਗੰਦਗੀ ਹੈ। ਘੱਟੋ-ਘੱਟ ਸਫ਼ਾਈ ਤਾਂ ਰੱਖੀ ਜਾ ਸਕਦੀ ਹੈ।"

"ਸਫ਼ਾਈ ਕਰਮਚਾਰੀ ਸਰਕਾਰੀ ਮੁਲਾਜ਼ਮ ਹਨ। ਮੁਲਾਜ਼ਮਾਂ ਨੂੰ ਸ਼ਨੀਵਾਰ ਅਤੇ ਐਤਵਾਰ ਨੂੰ ਛੁੱਟੀ ਹੁੰਦੀ ਹੈ। ਕੈਦੀਆਂ ਤੋਂ ਸਫ਼ਾਈ ਦਾ ਕੰਮ ਲੈਣ ਨਹੀਂ ਦਿੰਦੇ। ਕਹਿੰਦੇ ਹਨ ਇਸ ਤਰ੍ਹਾਂ ਸਾਡੇ ਰੋਜ਼ਗਾਰ ਦੇ ਮੌਕੇ ਘਟਦੇ ਹਨ। ਸਰਕਾਰ ਵੱਲੋਂ ਵੀ ਕੈਦੀਆਂ ਤੋਂ ਅਜਿਹੇ ਕੰਮ ਕਰਾਉਣ 'ਤੇ ਪਾਬੰਦੀ ਹੈ। ਓਵਰ ਟਾਈਮ ਲਈ ਸਾਡੇ ਕੋਲ ਪੈਸਾ ਨਹੀਂ।"

"ਅੱਧੀਆਂ ਔਰਤਾਂ ਦੇ ਕੱਪੜੇ ਖ਼ੂਨ ਨਾਲ ਲਿੱਬੜੇ ਪਏ ਹਨ। ਮਹਾਂਵਾਰੀ ਦੇ ਦਿਨਾਂ ਵਿਚ ਕਾਟਨ ਵਗ਼ੈਰਾ ਨਹੀਂ ਦਿੰਦੇ ?"

"ਉਹੋ ਸਮੱਸਿਆ ਫੇਰ ਹੈ। ਪੈਸਾ ਜ਼ਹਿਰ ਖਾਣ ਨੂੰ ਨਹੀਂ ਹੈ।"

"ਹੋਰ ਨਹੀਂ ਤਾਂ ਫਟੇ-ਪੁਰਾਣੇ ਕੱਪੜਿਆਂ ਦਾ ਪ੍ਰਬੰਧ ਕਰ ਦਿਆ ਕਰੋ। ਕਿਸੇ ਕਬਾੜੀਏ ਕੋਲੋਂ ਸੌ ਰੁਪਏ 'ਚ ਪੰਡ ਲੀਰਾਂ ਦੀ ਮਿਲ ਜਾਂਦੀ ਹੈ।"

"ਜੇਲ੍ਹ ਸੁਪਰਡੈਂਟ ਨੂੰ ਇਕ ਰੁਪਿਆ ਵੀ ਆਪਣੀ ਮਰਜ਼ੀ ਨਾਲ ਖ਼ਰਚਣ ਦਾ ਅਧਿਕਾਰ ਨਹੀਂ ਹੈ। ਸੌ-ਸੌ ਰੁਪਏ ਵਾਲੀਆਂ ਅਜਿਹੀਆਂ ਪੰਜਾਹ ਚੀਜ਼ਾਂ ਦੀ ਲੋੜ ਪੈਂਦੀ ਹੈ। ਲੀਰਾਂ ਦੀ ਪੰਡ ਕਿਥੋਂ ਆਵੇ ?"

"ਕਿਸੇ ਸਮਾਜ-ਸੇਵੀ ਸੰਸਥਾ ਨੂੰ ਪ੍ਰੇਰ ਲਵੋ।"

"ਕੈਦੀਆਂ ਵੱਲ ਕੋਈ ਮੂੰਹ ਨਹੀਂ ਕਰਦਾ। ਉਹ ਇਹਨਾਂ ਨੂੰ ਸਮਾਜ 'ਤੇ ਕਲੰਕ ਸਮਝਦੇ ਹਨ। ਫੇਰ ਵੀ ਸੁਝਾਅ ਚੰਗਾ ਹੈ। ਕੋਸ਼ਿਸ਼ ਕਰਾਂਗੇ।"

"ਕੈਦੀ 'ਤੇ ਕੈਦੀ ਚੜ੍ਹਾ ਰੱਖਿਆ ਹੈ। ਘੱਟੋ-ਘੱਟ ਔਰਤਾਂ ਨੂੰ ਤਾਂ ਖੁੱਲ੍ਹੀ ਥਾਂ ਵਿਚ ਰੱਖੋ।"

"ਦਫ਼ਤਰ ਚੱਲੋ। ਮੈਂ ਆਪਣੀ ਫ਼ਾਈਲ ਦਿਖਾਉਂਦਾ ਹਾਂ। ਹਰ ਮਹੀਨੇ ਸਰਕਾਰ ਨੂੰ ਲਿਖੀਦਾ ਹੈ। ਮੀਟਿੰਗਾਂ ਵਿਚ ਸੁਝਾਅ ਦੇਈਦਾ ਹੈ। ਜੇ ਨਵੀਆਂ ਜੇਲ੍ਹਾਂ ਨਹੀਂ ਬਣਾ ਸਕਦੇ, ਇਹਨਾਂ ਵਿਚ ਹੀ ਨਵੀਆਂ ਬੈਰਕਾਂ ਬਣਾ ਦਿਉ। ਸਰਕਾਰ ਉਹੋ ਰੋਣਾ ਰੋਣ ਲੱਗਦੀ ਹੈ, ਬਜਟ ਦੀ ਘਾਟ।"

"ਉਂਝ ਇਸ ਸਮੱਸਿਆ ਲਈ ਸਰਕਾਰ ਦੇ ਨਾਲ-ਨਾਲ ਅਦਾਲਤਾਂ ਵੀ ਜ਼ਿੰਮੇਵਾਰ ਹਨ।"

ਰਣਜੋਧ ਸਿੰਘ ਜੱਜ ਦੀਆਂ ਟਿੱਪਣੀਆਂ ਸੁਣ-ਸੁਣ ਅੱਕ ਚੁੱਕਾ ਸੀ।

ਮੌਕਾ ਮਿਲਦੇ ਹੀ ਉਸ ਨੇ ਮੋੜਵਾਂ ਵਾਰ ਕੀਤਾ।



"ਵੀਹ-ਵੀਹ ਸਾਲ ਮੁਕੱਦਮੇ ਲਟਕਦੇ ਰਹਿੰਦੇ ਹਨ। ਮੁਲਜ਼ਮ ਜੇਲ੍ਹਾਂ ਵਿਚ ਰੁਲਦੇ ਰਹਿੰਦੇ ਹਨ। ਕੈਦਖ਼ਾਨੇ ਭਰਦੇ ਜਾਂਦੇ ਹਨ। ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਨਾਲ ਨਜਿੱਠਣ ਵਾਲੇ ਕਾਨੂੰਨ ਨੇ ਸਮੱਸਿਆ ਹੋਰ ਗੰਭੀਰ ਕਰ ਦਿੱਤੀ ਹੈ। ਭੁੱਕੀ ਦੇ ਟਰੱਕ ਲਿਆਉਣ ਵਾਲੇ ਫੜੇ ਨਹੀਂ ਜਾਂਦੇ। ਪੁਲਿਸ ਦਾ ਨਜ਼ਲਾ ਅਮਲੀਆਂ-ਠਮਲੀਆਂ 'ਤੇ ਝੜਦਾ ਹੈ। ਨਾ ਕਿੱਲੋ ਭੁੱਕੀ ਵਾਲੇ ਦੀ ਜ਼ਮਾਨਤ ਹੁੰਦੀ ਹੈ, ਨਾ ਸੌ ਗਰਾਮ ਅਫ਼ੀਮ ਵਾਲੇ ਦੀ। ਹਰ ਮਹੀਨੇ ਨਸ਼ੇ ਦੀ ਤੋਟ ਕਾਰਨ ਦੋ-ਤਿੰਨ ਅਮਲੀ ਮਰਦੇ ਹਨ। ਜਵਾਬ-ਤਲਬੀਆਂ ਸਾਡੀਆਂ ਹੁੰਦੀਆਂ ਹਨ। ਮਸਾਂ ਜਾਨ ਛੁਡਾਈਦੀ ਹੈ। ਖ਼ੂਨ ਗਲ ਨਾ ਪੈ ਜਾਵੇ, ਇਸ ਲਈ ਕਈ ਵਾਰ ਨਸ਼ੇ-ਪੱਤੇ ਦਾ ਪ੍ਰਬੰਧ ਕਰ ਕੇ ਦੇਣਾ ਪੈਂਦਾ ਹੈ।"

"ਕਸੂਰ ਸਾਡਾ ਨਹੀਂ, ਕਾਨੂੰਨੀ ਢਾਂਚੇ ਦਾ ਹੈ। ਨਿਯਮਾਂ ਦੀ ਪਾਲਣਾ ਕਰਦੇ ਦੇਰ ਹੋ ਜਾਂਦੀ ਹੈ।"

"ਬੱਸ ਇਸੇ ਤਰ੍ਹਾਂ ਸਾਡੀਆਂ ਮਜਬੂਰੀਆਂ ਹਨ। ਕਸੂਰ ਨਾ ਸਾਡਾ ਹੈ, ਨਾ ਸੋਡਾ। ਕਸੂਰਵਾਰ ਕੌਣ ਹੈ, ਅਸੀਂ ਸਭ ਜਾਣਦੇ ਹਾਂ।"

"ਇਹ ਗੱਲਾਂ ਫੇਰ ਕਰਾਂਗੇ। ਇਹ ਦੱਸ ਹੇਮਾਂ ਕਿਹੜੀ ਕੋਠੜੀ ਵਿਚ ਬੰਦ ਹੈ ?"

ਸੂਰਜ ਢਲਣ ਲੱਗ ਪਿਆ ਸੀ। ਹਿਰਦੇਪਾਲ ਨੂੰ ਕੰਮ ਨਿਪਟਾਉਣ ਦੀ ਕਾਹਲ ਹੋਣ ਲੱਗੀ।

"ਉਹ ਕਿਥੇ ਹੈ ? ਉਸ ਨੂੰ ਕੀ ਹੋਇਆ ਹੈ ? ਇਹ ਸਭ ਤੁਹਾਨੂੰ ਪਤਾ ਹੈ। ਮੇਰੇ ਮਾਤਹਿਤ ਨੂੰ ਬਚਾਓ। ਮੈਨੂੰ ਕੀ ਹੁਕਮ ਹੈ, ਇਹ ਦੱਸੋ।"

"ਤੈਨੂੰ ਪਤਾ ਹੈ ! ਤੇਰੇ ਮਾਤਹਿਤ ਦਰੋਗੇ ਨੇ ਕਿੱਡਾ ਵੱਡਾ ਅਪਰਾਧ ਕੀਤਾ ਹੈ। ਹਿਰਾਸਤ ਵਿਚ ਰਹਿ ਰਹੀ ਔਰਤ ਨੂੰ ਵਰਗਲਾ ਕੇ ਗਰਭਵਤੀ ਕਰਨਾ ਬਹੁਤ ਵੱਡਾ ਅਪਰਾਧ ਹੈ। ਸਤਮਾਹਾ ਬੱਚਾ ਪੈਦਾ ਕਰਨਾ ਅਤੇ ਫੇਰ ਉਸ ਨੂੰ ਮਾਰਨਾ ਕਤਲ ਦਾ ਜੁਰਮ ਹੈ। ਸਖ਼ਤ ਬੀਮਾਰ ਬੰਦੇ ਨੂੰ ਦਵਾਈ-ਬੂਟੀ ਨਾ ਦੇਣਾ ਅਤੇ ਮਰਨ ਲਈ ਛੱਡ ਦੇਣਾ ਫੇਰ ਕਤਲ ਦਾ ਅਪਰਾਧ ਹੈ। ਪਿਛਲੇ ਦੋ ਜੁਰਮਾਂ ਵਿਚ ਤੂੰ ਵੀ ਬਰਾਬਰ ਦਾ ਭਾਈਵਾਲ ਹੈਂ। ਇਹਨਾਂ ਜੁਰਮਾਂ ਦੀ ਕੀ ਸਜ਼ਾ ਹੈ ? ਇਹ ਤੈਨੂੰ ਪਤਾ ਹੈ।"

"ਮੈਂ ਪਹਿਲਾਂ ਵੀ ਦੱਸਿਆ ਸੀ ਕੋਈ ਤੁਹਾਡੇ ਪਿੱਛੇ ਲੱਗਾ ਹੋਇਆ ਹੈ। ਤੁਹਾਡੀ ਹਰ ਬੁਰਾਈ 'ਤੇ ਨਜ਼ਰ ਰੱਖ ਰਿਹਾ ਹੈ। ਪਹਿਲਾਂ ਉਸ ਭੈੜੇ ਅਨਸਰ ਦੀ ਪਛਾਣ ਕਰੋ। ਉਸ ਤੋਂ ਖਹਿੜਾ ਛੁਡਾਓ। ਨਹੀਂ ਤਾਂ ਮੇਰੀ ਮਦਦ ਕੋਈ ਕੰਮ ਨਹੀਂ ਆਏਗੀ। ਉਲਟਾ ਮੈਨੂੰ ਵੀ ਉਲਝਾ ਲਏਗੀ।"

"ਮੈਨੂੰ ਤੁਹਾਡੀ ਨਸੀਹਤ ਪੂਰੀ ਤਰ੍ਹਾਂ ਯਾਦ ਹੈ। ਕਾਂਗਿਆਰੀ ਲੱਭ ਲਈ ਗਈ ਹੈ। ਉਸ ਨੂੰ ਮਲੀਆਮੇਟ ਕਰਨ ਦਾ ਇੰਤਜ਼ਾਮ ਹੋ ਰਿਹਾ ਹੈ।"

"ਮੈਨੂੰ ਲੱਗਦਾ ਹੈ ਤੂੰ ਲੋੜੋਂ ਵੱਧ ਆਪਣੇ ਮਾਤਹਿਤਾਂ 'ਤੇ ਭਰੋਸਾ ਕਰਦਾ ਹੈਂ। ਜੋ ਕਹਿੰਦੇ ਹਨ ਕਰੀ ਜਾਂਦਾ ਹੈਂ। ਤਾਂ ਹੀ ਆਪਣੇ ਲਈ ਮੁਸੀਬਤ ਸਹੇੜ ਲੈਂਦਾ ਹੈਂ। ਕੋਈ ਕਦਮ ਚੁੱਕਣ ਤੋਂ ਪਹਿਲਾ ਮਾਮਲਾ ਖ਼ੁਦ ਘੋਖਿਆ ਕਰ।"

ਘਬਰਾਏ ਮਿੱਤਰ ਦਾ ਹੌਸਲਾ ਵਧਾਉਣ ਲਈ ਉਸ ਦੀ ਪਿੱਠ ਥਾਪੜਦਾ ਸੈਸ਼ਨ ਜੱਜ ਨਸੀਹਤਾਂ ਦੇਣ ਲੱਗਾ।

"ਪੰਦਰਾਂ ਸੌ ਕੈਦੀ ਹਨ। ਹਰ ਕੈਦੀ ਇਕ ਸਮੱਸਿਆ ਹੈ। ਪੂਰੀ ਘੋਖ ਪੜਤਾਲ ਨਹੀਂ ਹੋ ਸਕਦੀ। ਮੁਲਾਜ਼ਮਾਂ 'ਤੇ ਵਿਸ਼ਵਾਸ ਕਰਨਾ ਪੈਂਦਾ ਹੈ। ਜੇਲ੍ਹ ਕਰਮਚਾਰੀ ਖ਼ਤਰਨਾਕ ਹਾਲਤਾਂ ਵਿਚ ਵਿਚਰਦੇ ਹਨ। ਹਰ ਸਮੇਂ ਜਾਨ ਤਲੀ 'ਤੇ ਰੱਖਣੀ ਪੈਂਦੀ ਹੈ। ਕੋਈ ਪਤਾ ਨਹੀਂ ਕਦੋਂ ਛੁਰਾ ਢਿੱਡ

ਵਿਚ ਆ ਵੱਜੇ। ਕਦੋਂ ਕੋਈ ਕੈਦੀ ਫ਼ਰਾਰ ਹੋ ਜਾਵੇ ਤੇ ਪਰਚਾ ਦਰਜ ਹੋ ਜਾਵੇ। ਮੁਲਾਜ਼ਮਾਂ ਦਾ ਮਨੋਬਲ ਉੱਚਾ ਚੁੱਕਣ ਅਤੇ ਕੈਦੀਆਂ ਉਪਰ ਉਹਨਾਂ ਦਾ ਦਬਦਬਾ ਬਣਾਈ ਰੱਖਣ ਲਈ ਕਰਮਚਾਰੀਆਂ ਦੀ ਚੰਗੀ-ਮੰਦੀ ਰਾਇ ਮੰਨਣੀ ਪੈਂਦੀ ਹੈ। ਫੇਰ ਵੀ ਅੱਗੋਂ ਤੋਂ ਧਿਆਨ ਰੱਖਾਂਗਾ।"

"ਚੰਗਾ। ਹੁਣ ਐਂਬੂਲੈਂਸ ਮੰਗਵਾ। ਹੇਮਾ ਨੂੰ ਸਿਵਲ ਹਸਪਤਾਲ ਦਾਖ਼ਲ ਕਰਵਾ। ਡਾਕਟਰਾਂ ਨੂੰ ਆਖ ਕੇ ਉਸ ਦਾ ਚੰਗਾ ਇਲਾਜ ਕਰਵਾ। ਨਾਲੇ ਮੈਨੂੰ ਮਿਲਾ। ਕੁਝ ਉਸ ਨੂੰ ਮੈਂ ਹੁਣ ਸਮਝਾਵਾਂਗਾ, ਕੁਝ ਹਸਪਤਾਲ ਜਾ ਕੇ। ਫੇਰ ਉਸ ਤੋਂ ਤੁਹਾਡੇ ਹੱਕ ਵਿਚ ਬਿਆਨ ਦਿਵਾਵਾਂਗਾ। ਫੇਰ ਤੁਹਾਡਾ ਇਸ ਬਲਾ ਕੋਲੋਂ ਖਹਿੜਾ ਛੁਡਾਵਾਂਗਾ।"

ਸੈਸ਼ਨ ਜੱਜ ਦੀ ਤਜਵੀਜ਼ 'ਤੇ ਖ਼ੁਸ਼ ਹੋਇਆ ਜੇਲ੍ਹ ਸੁਪਰਡੈਂਟ ਹੇਮਾ ਨੂੰ ਹਸਪਤਾਲ ਭੇਜਣ ਦੇ ਇੰਤਜ਼ਾਮ ਵਿਚ ਰੁਝ ਗਿਆ।

ਸੈਸ਼ਨ ਜੱਜ ਹੇਮਾ ਤੋਂ ਉਸ ਦਾ ਦੁਖੜਾ ਸੁਣਨ ਵਿਚ।

ਦੋਵੇਂ ਯਾਰ ਖ਼ੁਸ਼ ਸਨ। ਉਹ ਇਕ-ਦੂਜੇ ਦੇ ਕਿੰਨਾ ਕੰਮ ਆ ਰਹੇ ਸਨ।



# 50

ਕੁਝ ਖ਼ਾਸ ਮੁੱਦੇ ਵਿਚਾਰਨ ਲਈ ਜੇਲ੍ਹ ਸੁਪਰਡੈਂਟ ਵੱਲੋਂ ਆਪਣੇ ਮਾਤਹਿਤਾਂ ਦੀ ਹੰਗਾਮੀ ਮੀਟਿੰਗ ਬੁਲਾਈ ਗਈ।

ਸਭ ਤੋਂ ਪਹਿਲਾਂ ਸੈਸ਼ਨ ਜੱਜ ਦੇ ਧੰਨਵਾਦ ਦਾ ਮਤਾ ਪਾਸ ਕੀਤਾ ਗਿਆ। ਸਭ ਨੂੰ ਪਤਾ ਸੀ ਜੇ ਹਿਰਦੇਪਾਲ ਸੁਪਰਡੈਂਟ ਦਾ ਯਾਰ ਨਾ ਹੁੰਦਾ ਅਤੇ ਜੇ ਉਹ ਆਪਣੇ ਵਕਾਰ ਨੂੰ ਦਾਅ 'ਤੇ ਲਾ ਕੇ ਉਹਨਾਂ ਦੀ ਖੁੱਲ੍ਹ ਕੇ ਮਦਦ ਨਾ ਕਰਦਾ ਤਾਂ ਹੁਣ ਤਕ ਸਾਰੇ ਜੇਲ੍ਹ ਕਰਮਚਾਰੀਆਂ ਉੱਤੇ ਮੁਸੀਬਤ ਦਾ ਪਹਾੜ ਟੁੱਟ ਚੁੱਕਾ ਹੁੰਦਾ।

ਪਹਿਲਾਂ ਉਸ ਨੇ ਬਸੰਤ ਦੀ ਸ਼ਿਕਾਇਤ ਦੀ ਪੜਤਾਲ ਕਮੇਟੀ ਬਣਾਈ। ਕਮੇਟੀ ਵਿਚ ਆਪਣੇ ਬੰਦੇ ਨਾਮਜ਼ਦ ਕੀਤੇ। ਮਾਮਲੇ ਨੂੰ ਕਿਸ ਤਰ੍ਹਾਂ ਨਜਿੱਠਣਾ ਹੈ, ਸਭ ਨੂੰ ਇਹ ਸਮਝਾਇਆ। ਫੇਰ ਰਿਪੋਰਟ ਨਾਲ ਸਹਿਮਤੀ ਪ੍ਰਗਟਾਈ। ਬਸੰਤ ਵਿਰੁੱਧ ਹੋਏ ਮੁਕੱਦਮੇ ਨੂੰ ਖ਼ਾਰਜ ਕਰਨ ਦੀ ਸਿਫ਼ਾਰਸ਼ ਕੀਤੀ। ਪੁਲਿਸ ਕਪਤਾਨ ਨੂੰ ਆਖ ਕੇ ਮੁਕੱਦਮਾ ਖ਼ਾਰਜ ਕਰਾਇਆ। ਜੇਲ੍ਹ ਵਿਭਾਗ ਪਹਿਲਾਂ ਵਾਂਗ ਟੰਗ ਨਾ ਅੜਾਏ ਇਸ ਲਈ ਇੰਸਪੈਕਟਰ ਜਨਰਲ ਨੂੰ ਖ਼ਤ ਲਿਖਿਆ। ਬਸੰਤ ਦੀ ਤੁਰੰਤ ਰਿਹਾਈ ਦੀ ਸਲਾਹ ਦਿੱਤੀ। ਡਰੇ ਬਾਬੂਆਂ ਨੇ ਬਿਨਾਂ ਚਾਂਦੀ ਦੇ ਪਹੀਆਂ ਦੇ ਮਿਸਲ ਇਕੋ ਦਿਨ ਵਿਚ ਸਾਰੇ ਮੇਜ਼ਾਂ ਉਪਰੋਂ ਘੁਮਾ ਦਿੱਤੀ। ਘਰ ਜਾਣ ਤੋਂ ਪਹਿਲਾਂ ਬਸੰਤ ਸੁਪਰਡੈਂਟ ਦੇ ਘਰ ਆਇਆ। ਪੈਰੀਂ ਪੈ ਕੇ ਉਸ ਨੇ ਮੁਆਫ਼ੀ ਮੰਗੀ। ਉਸ ਦੇ ਸਾਰੇ ਗਿਲੇ-ਸ਼ਿਕਵੇ ਦੂਰ ਹੋ ਗਏ।

ਹੇਮਾ ਨੂੰ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾ ਕੇ ਦਮ ਨਹੀਂ ਲਿਆ। ਸਿਵਲ ਸਰਜਨ ਦੇ ਕੰਨ ਖਿੱਚੇ। ਹਰ ਰੋਜ਼ ਮਰੀਜ਼ ਦੀ ਸਿਹਤ ਦੀ ਤਾਜ਼ਾ ਰਿਪੋਰਟ ਮੰਗਦਾ ਰਿਹਾ। ਦੋ ਵਾਰ ਮਰੀਜ਼ ਦਾ ਪਤਾ ਲੈਣ ਹਸਪਤਾਲ ਗਿਆ। ਘੰਟਾ-ਘੰਟਾ ਹੇਮਾ ਨਾਲ ਗੱਲਾਂ ਕੀਤੀਆਂ। ਗੱਲੀਂ-ਗੱਲੀਂ ਉਸ ਨੂੰ ਸਮਝਾਇਆ :

"ਰੱਬ ਜੋ ਕਰਦਾ ਹੈ, ਠੀਕ ਹੀ ਕਰਦਾ ਹੈ। ਜੇਲ੍ਹ ਆ ਕੇ ਤੇਰਾ ਬੱਚੇਦਾਨੀ ਵਾਲਾ ਨੁਕਸ ਨਿਕਲ ਗਿਆ। ਅੱਗੋਂ ਤੋਂ ਬੱਚਾ ਪੈਦਾ ਕਰਨ ਦੇ ਯੋਗ ਹੋ ਗਈ। ਕਿਸੇ ਦਾ ਪਾਪ ਕਿਉਂ ਜੰਮੇ ? ਰਿਹਾਅ ਹੋ ਕੇ ਵਿਆਹ ਕਰਾ। ਰੱਬ ਕੋਲੋਂ ਦਾਤ ਪ੍ਰਾਪਤ ਕਰ।"

ਹੇਮਾ ਨੂੰ ਸੈਸ਼ਨ ਜੱਜ ਦੀ ਗੱਲ ਜਚ ਗਈ। ਖ਼ੁਸ਼ੀ ਦੇ ਲੋਰ 'ਚ ਉਸ ਨੇ ਸਭ ਦੇ ਗੁਨਾਹ ਮੁਆਫ਼ ਕਰ ਦਿੱਤੇ।

ਹੇਮਾ ਨੂੰ ਕੋਈ ਫੇਰ ਨਾ ਭੜਕਾ ਦੇਵੇ, ਇਸ ਲਈ ਬੀਮਾਰੀ ਨੂੰ ਜੜ੍ਹੋਂ ਪੁੱਟਣ ਦੇ ਇਰਾਦੇ ਨਾਲ ਹਿਰਦੇਪਾਲ ਨੇ ਹਾਈ ਕੋਰਟ ਨੂੰ ਚਿੱਠੀ ਲਿਖੀ :

"ਹੇਮਾ ਸਖ਼ਤ ਬੀਮਾਰ ਹੈ। ਉਹ ਆਪਣੀ ਮਰਜ਼ੀ ਦੇ ਹਸਪਤਾਲ ਵਿਚ ਇਲਾਜ ਕਰਾਉਣਾ ਚਾਹੁੰਦੀ ਹੈ। ਇਹ ਖੁੱਲ੍ਹ ਉਸ ਨੂੰ ਮਿਲਣੀ ਚਾਹੀਦੀ ਹੈ। ਅਪੀਲ ਦੀ ਸੁਣਵਾਈ ਤਕ ਉਸ ਨੂੰ ਜ਼ਮਾਨਤ 'ਤੇ ਛੱਡ ਦੇਣਾ ਚਾਹੀਦਾ ਹੈ।"

ਸੈਸ਼ਨ ਜੱਜ ਦੀ ਸਿਫ਼ਾਰਸ਼ ਮਨਜ਼ੂਰ ਹੋ ਗਈ। ਨਵੀਂ ਜ਼ਿੰਦਗੀ ਸ਼ੁਰੂ ਕਰਨ ਦੇ ਸੁਪਨੇ ਲੈਂਦੀ ਹੇਮਾ ਜੇਲ੍ਹ ਵਿਚੋਂ ਉਡਾਰੀ ਮਾਰ ਚੁੱਕੀ ਹੈ।

ਮੋਦਨ ਦੀ ਸ਼ਿਕਾਇਤ ਦਾ ਪਹਿਲਾਂ ਹੀ ਕੋਈ ਮੂੰਹ-ਮੱਥਾ ਨਹੀਂ ਸੀ। ਡਾਕਟਰ ਰਿਕਾਰਡ ਵਿਚਲੀ ਕਮੀ-ਪੇਸ਼ੀ ਦੂਰ ਕਰ ਚੁੱਕਾ ਸੀ। ਭੁੱਲੇ-ਚੁੱਕੇ ਕੋਈ ਮੁਰਦਾ ਫੇਰ ਨਾ ਉਖਾੜ ਲਏ ਅਤੇ ਰਿਕਾਰਡ ਦਾ ਨੁਕਸ ਨਾ ਫੜਿਆ ਜਾ ਸਕੇ, ਇਸ ਲਈ ਨਵੇਂ ਬਣੇ ਰਜਿਸਟਰਾਂ ਉਪਰ ਉਸ ਨੇ ਸਹੀ ਪਾ ਦਿੱਤੀ।

ਸੈਸ਼ਨ ਜੱਜ ਦੀ ਸਲਾਹ 'ਤੇ ਹੱਥਕੜੀਆਂ ਅਤੇ ਬੇੜੀਆਂ ਵਿਚ ਜਕੜੇ ਕੈਦੀਆਂ ਨੇ ਮੁਆਫ਼ੀਨਾਮੇ ਲਿਖ ਦਿੱਤੇ। ਚਿਤਾਵਨੀ ਦੇ ਕੇ ਸੁਪਰਡੈਂਟ ਨੇ ਉਹਨਾਂ ਦੀਆਂ ਹੱਥਕੜੀਆਂ ਲਾਹ ਦਿੱਤੀਆਂ। ਤਨਹਾਈ ਚੱਕੀਆਂ ਵਿਚ ਬੰਦ ਕੈਦੀਆਂ ਦੀ ਬਾਕੀ ਰਹਿੰਦੀ ਸਜ਼ਾ ਮੁਆਫ਼ ਕਰਾ ਕੇ ਉਹ ਵੀ ਵਾਪਸ ਬੁਲਾ ਲਏ।

ਇਸ ਤਰ੍ਹਾਂ ਜੇਲ੍ਹ ਪ੍ਰਸ਼ਾਸਨ ਨੂੰ ਸਾਰੀਆਂ ਮੁਸੀਬਤਾਂ ਤੋਂ ਰਾਹਤ ਦਿਵਾ ਕੇ ਸੈਸ਼ਨ ਜੱਜ ਨੇ ਆਪਣੀ ਮਿੱਤਰਤਾ ਨਿਭਾਈ ਹੈ। ਉਹ ਜੇਲ੍ਹ ਪ੍ਰਸ਼ਾਸਨ ਦੇ ਵਿਸ਼ੇਸ਼ ਧੰਨਵਾਦ ਦਾ ਪਾਤਰ ਹੈ।

ਉਸ ਦੀ ਨਸੀਹਤ ਉਪਰ ਫੁੱਲ ਚੜ੍ਹਾਉਣ ਦੀ ਹੁਣ ਜੇਲ੍ਹ ਪ੍ਰਸ਼ਾਸਨ ਦੀ ਵਾਰੀ ਹੈ।

ਸ਼ਿਕਾਇਤਾਂ ਹਾਕਮ ਨੇ ਕੀਤੀਆਂ ਸਨ। ਇਹ ਭੇਤ ਕਿਸੇ ਕੋਲੋਂ ਗੁੱਝਾ ਨਹੀਂ ਸੀ। ਅੱਗੋਂ ਤੋਂ ਮੁਸੀਬਤ ਤੋਂ ਬਚਣ ਲਈ ਇਸ ਗੰਦੇ ਆਂਡੇ ਦੀ ਖੁੰਬ ਠੱਪਣੀ ਜ਼ਰੂਰੀ ਸੀ।

ਖੁੰਬ ਕਿਸ ਤਰ੍ਹਾਂ ਠੱਪੀ ਜਾਵੇ ? ਵਿਚਾਰ ਵਾਲਾ ਦੂਜਾ ਮੁੱਦਾ ਇਹ ਸੀ।

ਇਸ ਵਾਰ ਸੁਪਰਡੈਂਟ ਅਤੇ ਮਾਤਹਿਤਾਂ ਵਿਚਕਾਰ ਕੋਈ ਮਤਭੇਦ ਨਹੀਂ ਸੀ।

ਅਫ਼ਸਰ ਸਿਰ ਜੋੜ ਕੇ ਆਪਣੇ-ਆਪਣੇ ਵਿਚਾਰ ਪੇਸ਼ ਕਰਨ ਲੱਗੇ।

ਇਸ ਘਟਨਾ ਚੱਕਰ ਵਿਚ ਸਭ ਤੋਂ ਵੱਧ ਬਦਨਾਮੀ ਸੰਤੋਖ ਦੀ ਹੋਈ ਸੀ। ਕਿਸੇ ਨੇ ਉਸ ਦੀ ਘਰਵਾਲੀ ਦੇ ਕੰਨ ਭਰ ਦਿੱਤੇ ਸਨ। ਉਸ ਦਿਨ ਤੋਂ ਉਹ ਮੂੰਹ ਮੋਟਾ ਕਰੀ ਫਿਰਦੀ ਸੀ। ਪਿੱਠ ਦੂਜੇ ਪਾਸੇ ਕਰ ਕੇ ਸੌਂਦੀ ਸੀ। ਝਗੜਾ ਖੜਾ ਕਰਨ ਦਾ ਬਹਾਨਾ ਭਾਲਦੀ ਰਹਿੰਦੀ ਸੀ। ਸੰਤੋਖ ਦੀ ਚੰਗੀ ਕਿਸਮਤ ! ਉਸ ਦੇ ਸਹੁਰੇ ਕਮਜ਼ੋਰ ਸਨ, ਨਹੀਂ ਤਾਂ ਉਹ ਕਦੋਂ ਦੀ ਪੇਕੀਂ ਜਾ ਬੈਠੀ ਹੁੰਦੀ।

ਉਹ ਜ਼ਹਿਰ ਦੀ ਇਸ ਗੰਦਲ ਨੂੰ ਜੜ੍ਹੋਂ ਪੁੱਟਣ ਲਈ ਕਾਹਲਾ ਸੀ। ਉਸ ਨੇ ਸਲਾਹ ਦਿੱਤੀ, "ਨਿੰਮੇ ਵਾਂਗ ਕਿਉਂ ਨਾ ਇਸ ਨੂੰ ਵੀ ਠਿਕਾਣੇ ਲਾ ਦਿੱਤਾ ਜਾਵੇ ?"

ਕੁਝ ਵਰ੍ਹੇ ਪਹਿਲਾਂ ਨਿੰਮੇ ਨੂੰ ਵੀ ਹਾਕਮ ਵਾਲੀ ਬੀਮਾਰੀ ਲੱਗ ਗਈ ਸੀ। ਉਸ ਨੂੰ ਕੈਦੀਆਂ ਦਾ 'ਡਾਨ' ਬਣਨ ਦਾ ਭੂਤ ਸਵਾਰ ਹੋਇਆ ਸੀ। ਬਿਨਾਂ ਕਾਰਨ ਮਾੜੇ ਕੈਦੀਆਂ ਨੂੰ ਕੁੱਟ ਦਿੰਦਾ ਸੀ। ਵਾਰਡਰਾਂ ਨਾਲ ਵੀ ਬਦਤਮੀਜ਼ੀ ਕਰਦਾ ਸੀ। ਆਪਣੀ ਸਰਦਾਰੀ ਕਾਇਮ ਕਰਨ ਲਈ ਇਕ ਡਿਪਟੀ ਦੇ ਗਲਮੇ ਨੂੰ ਹੱਥ ਪਾ ਲਿਆ। ਉਸ ਸਮੇਂ ਸੰਤੋਖ ਚੀਫ਼ ਵਾਰਡਰ ਸੀ। ਉਸ ਤੋਂ ਆਪਣੇ ਸਾਹਿਬ ਦੀ ਬੇਇੱਜ਼ਤੀ ਸਹਾਰ ਨਾ ਹੋਈ। ਬੇਇੱਜ਼ਤੀ ਦਾ ਬਦਲਾ ਲੈਣ ਦਾ ਪ੍ਰਬੰਧ ਉਸ ਨੇ ਰਾਤੋ-ਰਾਤ ਕਰ ਦਿੱਤਾ।

ਸਵੇਰੇ ਨਿੰਮੇ ਦੀ ਲਾਸ਼, ਲੰਗਰ ਬਾਹਰਲੀ ਨਿੰਮ ਨਾਲ ਲਟਕਦੀ ਮਿਲੀ ਸੀ।

ਸਭ ਨੂੰ ਪਤਾ ਸੀ ਨਿੰਮੇ ਨੇ 'ਖ਼ੁਦਕੁਸ਼ੀ' ਕਿਉਂ ਕੀਤੀ ਹੈ ? ਪਰ ਕਿਸੇ ਦੀ ਜ਼ਬਾਨ ਖੋਲ੍ਹਣ ਦੀ ਹਿੰਮਤ ਨਹੀਂ ਸੀ ਪਈ।



ਮਹੀਨਾ ਕੁ ਨਿੰਮੇ ਦੇ ਵਾਰਸਾਂ ਨੇ ਰੌਲਾ ਪਾਇਆ। ਪੜਤਾਲੀਆ ਅਫ਼ਸਰ ਨਿਯੁਕਤ ਕਰਾਇਆ। ਕੁਝ ਦਿਨ ਪੜਤਾਲੀਆ ਅਫ਼ਸਰ ਨੇ ਜੇਲ੍ਹ ਦੇ ਚੱਕਰ ਕੱਟੇ। ਜਦੋਂ ਕੁਝ ਪੱਲੇ ਨਾ ਪਿਆ ਤਾਂ ਰਿਪੋਰਟ ਕਰ ਦਿੱਤੀ, "ਨਿੰਮੇ ਨੇ ਖ਼ੁਦਕੁਸ਼ੀ ਕੀਤੀ ਹੈ। ਇਸ ਵਿਚ ਕਿਸੇ ਦਾ ਕੋਈ ਹੱਥ ਨਹੀਂ।"

ਮੁੜ ਕਈ ਸਾਲ ਜੇਲ੍ਹ ਵਿਚ ਅਮਨ ਰਿਹਾ।

ਮੁੜ ਅਮਨ ਬਹਾਲ ਕਰਾਉਣ ਲਈ ਇਸ ਵਾਰ ਵੀ ਉਹ ਬੀੜਾ ਚੁੱਕਣ ਲਈ ਤਿਆਰ ਸੀ।

"ਮੈਂ ਤਿਆਰੀ ਕਰੀ ਬੈਠਾ ਹਾਂ। ਬਦਮਾਸ਼ਾਂ ਦੀ ਬੈਰਕ ਵਾਲਾ ਨੀਟਾ ਗਰੁੱਪ ਇਹ ਕੰਮ ਸਿਰੇ ਚਾੜ੍ਹੇਗਾ। ਮੌਕਾ ਮਿਲਦੇ ਹੀ ਉਹ ਹਾਕਮ ਨੂੰ ਘੇਰ ਲੈਣਗੇ, ਬਿਨਾਂ ਮਤਲਬ ਝਗੜਾ ਕਰਨਗੇ ਅਤੇ ਫੇਰ ਉਸ ਦਾ ਸਿਰ ਖੱਖੜੀ-ਖੱਖੜੀ ਕਰ ਦੇਣਗੇ। ਬੱਸ ਮੈਨੂੰ ਅਫ਼ਸਰਾਂ ਦੇ ਇਸ਼ਾਰੇ ਦਾ ਇੰਤਜ਼ਾਰ ਹੈ।"

ਲਾਲ-ਪੀਲਾ ਹੁੰਦੇ ਸੰਤੋਖ ਨੇ ਆਪਣੀ ਯੋਜਨਾ ਪੇਸ਼ ਕੀਤੀ।

ਰਣਜੋਧ ਸਿੰਘ ਹਾਲੇ ਇੰਨਾ ਸਖ਼ਤ ਕਦਮ ਚੁੱਕਣ ਦੇ ਹੱਕ ਵਿਚ ਨਹੀਂ ਸੀ।

ਕਈਆਂ ਸਾਲਾਂ ਤੋਂ ਹਾਕਮ ਸਿੰਘ ਸਾਧਾਰਨ ਕੈਦੀਆਂ ਵਾਂਗ ਵਿਚਰ ਰਿਹਾ ਸੀ। ਨਵੇਂ ਕੈਦੀ ਉਸ ਦਾ ਨਾਂ ਤਕ ਨਹੀਂ ਜਾਣਦੇ। ਪੁਰਾਣੇ ਵਾਕਫ਼ ਵੀ ਉਸ ਨੂੰ ਭੁਲ-ਭੁਲਾ ਚੁੱਕੇ ਹਨ। ਇਸ ਲਈ ਜੇਲ੍ਹ ਦੇ ਅੰਦਰੋਂ ਹਾਕਮ ਦੇ ਹੱਕ ਵਿਚ ਆਵਾਜ਼ ਬੁਲੰਦ ਹੋਣ ਦਾ ਕੋਈ ਖ਼ਤਰਾ ਨਹੀਂ ਸੀ।

ਪਰ ਪਹਿਲਾਂ ਜਿਹੜੇ ਸੈਂਕੜੇ ਕੈਦੀਆਂ ਨੂੰ ਉਸ ਨੇ ਰਾਹਤ ਦਿਵਾਈ ਸੀ, ਉਹਨਾਂ ਵਿਚੋਂ ਕੁਝ ਕੈਦੀ ਗਾਹੇ-ਬਗਾਹੇ ਮਿਲਣ ਆਉਂਦੇ ਹਨ। ਉਹ ਅੰਦਰਲੇ ਹਾਲਾਤਾਂ ਦੇ ਭੇਤੀ ਹਨ। ਹਾਕਮ ਨੂੰ ਵੱਡਾ ਨੁਕਸਾਨ ਪੁੱਜਣ 'ਤੇ ਉਹ ਪੰਗਾ ਪਾ ਸਕਦੇ ਹਨ।

ਇਸ ਲਈ ਰਣਜੋਧ ਸਿੰਘ ਖੂਹ ਵਿਚੋਂ ਨਿਕਲ ਕੇ ਖਾਤੇ ਵਿਚ ਨਹੀਂ ਸੀ ਡਿੱਗਣਾ ਚਾਹੁੰਦਾ। ਉਸ ਨੇ ਸਲਾਹ ਦਿੱਤੀ :

"ਇਹ ਪੜ੍ਹਿਆ-ਲਿਖਿਆ ਕੈਦੀ ਹੈ। ਇਸ ਦਾ ਮਾਨਸਿਕ ਸੰਤੁਲਨ ਵਿਗਾੜੋ। ਅੰਗਰੇਜ਼ਾਂ ਦੇ 'ਪਰਜ਼ਰਵ ਦਾ ਬਾਡੀ, ਕਰਸ਼ ਦਾ ਮਾਈਂਡ' (Preserve the body, crush the mind) ਦੇ ਫ਼ਾਰਮੂਲੇ ਦੀ ਵਰਤੋਂ ਕਰੋ। ਹੌਲੀ-ਹੌਲੀ ਆਪੇ ਬਿੱਲੇ ਲੱਗ ਜਾਏਗਾ।"

ਇਸ ਉਦੇਸ਼ ਵਿਚ ਕਿਸ ਤਰ੍ਹਾਂ ਕਾਮਯਾਬ ਹੋਇਆ ਜਾਵੇ, ਫੇਰ ਉਹ ਇਹ ਸਮਝਾਉਣ ਲੱਗਾ :

"ਹਾਕਮ ਸਿੰਘ ਜੇਲ੍ਹ ਮੈਨੂਅਲ ਦੇ ਹਵਾਲੇ ਦੇਣ ਦਾ ਆਦੀ ਹੈ। ਉਸੇ ਮੈਨੂਅਲ ਦਾ ਹਵਾਲਾ ਦੇ ਕੇ ਪਹਿਲਾਂ ਉਸ ਨੂੰ ਮਿਲਣ ਆਉਂਦੇ ਬੰਦਿਆਂ ਦੀ ਗਿਣਤੀ ਸੀਮਤ ਕੀਤੀ ਜਾਵੇ। ਉਸ ਦੀ ਮੁਲਾਕਾਤ ਲਈ ਮਿੱਤਰ ਜਾਂ ਰਿਸ਼ਤੇਦਾਰ ਨਹੀਂ ਆਉਂਦੇ। ਚੋਰ-ਉਚੱਕੇ ਆਉਂਦੇ ਹਨ। ਸਾਬਕਾ ਕੈਦੀਆਂ ਨੂੰ ਮੁਲਾਕਾਤ ਦੀ ਇਜਾਜ਼ਤ ਨਾ ਦਿੱਤੀ ਜਾਵੇ। ਉਹਨਾਂ ਦੇ ਇਰਾਦੇ ਖ਼ਤਰਨਾਕ ਹਨ। ਉਹ ਜੇਲ੍ਹ ਤੋੜ ਕੇ ਕੈਦੀਆਂ ਨੂੰ ਭਜਾਉਣ ਦੀ ਯੋਜਨਾ ਬਣਾਉਣ ਆਉਂਦੇ ਹਨ। ਇਸ ਬਹਾਨੇ ਮੁਲਾਕਾਤ ਦੀ ਮਨਜ਼ੂਰੀ ਰੱਦ ਕੀਤੀ ਜਾਵੇ। ਧੱਕੇ ਖਾ-ਖਾ ਮੁਲਾਕਾਤੀ ਆਉਣੋਂ ਬੰਦ ਹੋ ਜਾਣਗੇ। ਇਸ ਨੂੰ ਇਕੱਲੇਪਣ ਦਾ ਅਹਿਸਾਸ ਹੋਵੇਗਾ। ਆਪੇ ਲੋਕ-ਭਲਾਈ ਦਾ ਭੂਤ ਸਿਰੋਂ ਲਹਿ ਜਾਏਗਾ।

"ਛੁੱਟ ਕੇ ਗਏ ਕੈਦੀਆਂ ਦੇ ਇਸ ਨੂੰ ਬਹੁਤ ਚਿੱਠੀ-ਪੱਤਰ ਆਉਂਦੇ ਹਨ। ਉਹ ਇਸ ਨੂੰ ਰੱਬ ਵਾਂਗ ਪੂਜਦੇ ਹਨ। ਚਿੱਠੀਆਂ ਪੜ੍ਹ ਕੇ ਇਹ ਨਵੇਂ ਪੰਗੇ ਲੈਣ ਲਈ ਪ੍ਰੇਰਿਤ ਹੁੰਦਾ ਹੈ। ਅੱਗੋਂ ਤੋਂ ਚਿੱਠੀਆਂ ਉਪਰ ਸੈਂਸਰ ਲਾਓ। ਮਹੀਨੇ ਵਿਚ ਇਕ-ਦੋ ਪੱਤਰ ਹੀ ਪੁੱਜਦੇ ਕਰੋ। ਇੰਜ ਵੀ ਇਸ

ਨੂੰ ਇਕੱਲੇਪਣ ਦਾ ਅਹਿਸਾਸ ਹੋਵੇਗਾ ਅਤੇ ਇਸ ਦੇ ਹੌਸਲੇ ਪਸਤ ਹੋਣਗੇ।

ਬੀ-ਕਲਾਸ ਦੇ ਕੈਦੀਆਂ ਨੂੰ ਸਮਝਾਓ। ਆਨੇ-ਬਹਾਨੇ ਇਸ ਨਾਲ ਮੂੰਹ ਮੋਟਾ ਕਰ ਲੈਣ। ਬੋਲ-ਚਾਲ, ਸਾਂਝਾ ਖਾਣ-ਪੀਣ ਅਤੇ ਸੈਰ-ਸਪਾਟਾ ਬੰਦ ਕਰ ਦੇਣ। ਕੰਧਾਂ ਨਾਲ ਗੱਲਾਂ ਕਰ-ਕਰ ਆਪੇ ਪਾਗ਼ਲ ਹੋ ਜਾਵੇਗਾ।"

"ਕੱਲ੍ਹ ਤੋਂ ਇੰਝ ਹੀ ਹੋਏਗਾ।" ਮਾਤਹਿਤਾਂ ਨੇ ਅਫ਼ਸਰ ਦੀ ਸੁਰ ਵਿਚ ਸੁਰ ਮਿਲਾਈ।

"ਕਿਸੇ ਨਾ ਕਿਸੇ ਢੰਗ ਨਾਲ ਇਸ ਤੋਂ ਬੀ-ਕਲਾਸ ਖੋਹਵੋ। ਇਹ ਮੌਜਾਂ ਵੀ ਮਾਰਦਾ ਹੈ ਅਤੇ ਰੋਹਬ ਵੀ।"

ਡਿਪਟੀ ਸੁਪਰਡੈਂਟ ਨੂੰ ਇੰਨਾ ਕੁਝ ਹੋਣ ਦੇ ਬਾਵਜੂਦ ਵੀ ਉਸ ਦੇ ਬੀ-ਕਲਾਸ ਵਿਚ ਰਹਿਣ 'ਤੇ ਇਤਰਾਜ਼ ਸੀ।

"ਇਸ ਤੋਂ ਵੀ ਜ਼ਰੂਰੀ ਹੈ ਇਸ ਨੂੰ ਦਫ਼ਤਰੋਂ ਕੱਢਣਾ। ਸਾਰੇ ਦਿਨ ਵਿਚ ਇਹ ਚਾਰ ਅੱਖਰ ਨਹੀਂ ਲਿਖਦਾ। ਉਲਟਾ ਵਿਹਲਾ ਹੋਣ ਕਾਰਨ ਸਾਡੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਦਾ ਹੈ। ਮੌਕਾ ਮਿਲਦੇ ਹੀ ਛੁਰਲੀ ਛੱਡ ਦਿੰਦਾ ਹੈ।"

ਸਹਾਇਕ ਦਰੋਗ਼ੇ ਨੂੰ ਉਸ ਦੇ ਦਫ਼ਤਰ ਵਿਚ ਕੰਮ ਕਰਨ 'ਤੇ ਇਤਰਾਜ਼ ਸੀ।

"ਕੁਝ ਦਿਨਾਂ ਲਈ ਇਸ ਨੂੰ ਮੇਰੇ ਨਾਲ ਫ਼ੈਕਟਰੀ ਵਿਚ ਭੇਜੋ। ਜੇ ਤੁੱਕੇ ਵਾਂਗ ਸਿੱਧਾ ਨਾ ਕਰ ਦਿਆਂ। ਆਪੇ ਸ਼ਰਾਰਤਾਂ ਭੁੱਲ ਜਾਏਗਾ।"

ਫ਼ੈਕਟਰੀ ਇੰਚਾਰਜ ਧਰਮਪਾਲ ਉਸ ਨੂੰ ਸਬਕ ਸਿਖਾਉਣ ਲਈ ਕਾਹਲਾ ਪੈਣ ਲੱਗਾ।

"ਇਸ ਵਿਚ ਕਿਹੜੀ ਮੁਸ਼ਕਲ ਹੈ। ਪਹਿਲਾਂ ਉਸ ਉਪਰ ਕੋਈ ਗੰਭੀਰ ਦੋਸ਼ ਲਾਈਏ। ਪੜਤਾਲ ਕਰਾਈਏ, ਪੜਤਾਲ ਵਿਚ ਦੋਸ਼ੀ ਪਾਈਏ। ਇਕੋ ਤੀਰ ਨਾਲ ਦੋ ਸ਼ਿਕਾਰ ਫੁੰਡ ਲਵਾਂਗੇ। ਬੀ-ਕਲਾਸ ਵੀ ਖੋਹ ਲਵਾਂਗੇ ਅਤੇ ਦਫ਼ਤਰੋਂ ਵੀ ਕੱਢ ਦੇਵਾਂਗੇ।"

ਜੇਲ੍ਹ ਸੁਪਰਡੈਂਟ ਨੇ ਹੱਲਾਸ਼ੇਰੀ ਦਿੱਤੀ।

ਹਾਕਮ ਉਪਰ ਕੀ ਦੋਸ਼ ਲਾਏ ਜਾਣ ? ਫੇਰ ਇਹ ਵਿਚਾਰਾਂ ਹੋਣ ਲੱਗੀਆਂ।

ਕਈ ਸੁਝਾਅ ਆਏ। ਪ੍ਰਵਾਨਗੀ ਦਫ਼ਤਰ ਦੇ ਸਹਾਇਕ ਦਰੋਗ਼ੇ ਕਿਸ਼ੋਰ ਕੁਮਾਰ ਦੀ ਤਜਵੀਜ਼ ਨੂੰ ਮਿਲੀ।

ਉਸ ਦੀ ਸਲਾਹ ਸੀ ਕਿ ਜਿਨ੍ਹਾਂ ਕੈਦੀਆਂ ਨੂੰ ਅਗਾਊਂ ਰਿਹਾਈ ਲਈ ਸਿਫ਼ਾਰਸ਼ ਕਰਉਣ ਲਈ ਪੂਰਾ ਨਜ਼ਰਾਨਾ ਨਾ ਚੜ੍ਹਾਇਆ ਹੋਵੇ ਅਤੇ ਇਸ ਕਾਰਨ ਜੇਲ੍ਹ ਪ੍ਰਸ਼ਾਸਨ ਉਹਨਾਂ ਦੀ ਰਿਹਾਈ ਨਾ ਚਾਹੁੰਦਾ ਹੋਵੇ, ਉਹਨਾਂ ਕੈਦੀਆਂ ਦੀਆਂ ਮਿਸਲਾਂ ਦਾ ਬੰਡਲ ਬਣਾ ਕੇ ਖੂੰਜੇ ਸੁੱਟ ਦਿੱਤਾ ਜਾਵੇ। ਹੋ ਰਹੀ ਦੇਰੀ ਕਾਰਨ ਜਦੋਂ ਕੈਦੀਆਂ ਵਿਚ ਹਾਹਾਕਾਰ ਮੱਚੇ ਤਾਂ ਮਿਸਲਾਂ ਦੇ ਚੋਰੀ ਹੋਣ ਬਾਰੇ ਥਾਣੇ ਰਿਪੋਰਟ ਦਰਜ ਕਰਾਈ ਜਾਵੇ। ਕੁਝ ਦਿਨਾਂ ਬਾਅਦ ਉਹ ਮਿਸਲਾਂ ਬੀ-ਕਲਾਸ ਦੇ ਕੂੜੇਦਾਨ ਵਿਚੋਂ ਬਰਾਮਦ ਕਰਾਈਆਂ ਜਾਣ। ਚੋਰੀ ਦਾ ਦੋਸ਼ ਹਾਕਮ 'ਤੇ ਲੱਗੇ। ਇਕ ਕੈਦੀ ਕੋਲੋਂ ਮਿਸਲ ਤਿਆਰ ਕਰਨ ਬਦਲੇ ਹਾਕਮ ਵੱਲੋਂ ਪੈਸੇ ਮੰਗਣ ਦਾ ਦੋਸ਼ ਲਗਾਇਆ ਜਾਵੇ। ਦੂਜੇ ਕੋਲੋਂ ਉਸ ਨੂੰ 'ਮੈਂ ਮਿਸਲਾਂ ਨੂੰ ਕੂੜੇਦਾਨ ਵਿਚ ਸੁੱਟਦੇ ਦੇਖਿਆ ਹੈ' ਇਹ ਅਖਵਾਇਆ ਜਾਵੇ।

ਤਜਵੀਜ਼ ਦੇ ਪਾਸ ਹੁੰਦਿਆਂ ਹੀ ਇਸ ਨੂੰ ਸਿਰੇ ਚਾੜ੍ਹਨ ਲਈ ਅਧਿਕਾਰੀ ਆਪਣੀਆਂ ਸੇਵਾਵਾਂ ਪੇਸ਼ ਕਰਨ ਲੱਗੇ।



ਕਿਸ਼ੋਰ ਕੁਮਾਰ ਪਹਿਲਾਂ ਮਿਸਲਾਂ ਹਾਕਮ ਦੇ ਨਾਂ ਚੜ੍ਹਾਏਗਾ, ਫੇਰ ਗੁੰਮ ਕਰਾਏਗਾ।

ਕੂੜੇਦਾਨ ਵਿਚ ਮਿਸਲਾਂ ਸੰਤੋਖ ਸੁਟਵਾਏਗਾ। ਫੇਰ ਰਣਜੀਤ ਸਿੰਘ ਨੂੰ ਨਾਲ ਲਿਜਾ ਕੇ ਬਰਾਮਦ ਕਰਾਏਗਾ।

ਜੇਲ੍ਹ ਸੁਪਰਡੈਂਟ ਘਟਨਾ ਦੀ ਪੜਤਾਲ ਲਈ ਕਮੇਟੀ ਬਣਾਏਗਾ। ਮੁਖੀ ਰਣਜੀਤ ਸਿੰਘ ਹੋਵੇਗਾ। ਗਵਾਹ ਕਿਸ਼ੋਰ ਕੁਮਾਰ ਭੁਗਤਾਏਗਾ।

ਹਫ਼ਤੇ ਦੇ ਅੰਦਰ-ਅੰਦਰ ਰਿਪੋਰਟ ਸੁਪਰਡੈਂਟ ਅੱਗੇ ਪੇਸ਼ ਹੋਏਗੀ।

ਸੁਪਰਡੈਂਟ ਰਿਪੋਰਟ ਨਾਲ ਸਹਿਮਤੀ ਪ੍ਰਗਟਾਏਗਾ। ਹਾਕਮ ਨੂੰ ਦਫ਼ਤਰੋਂ ਕੱਢ ਕੇ ਮੁਸ਼ੱਕਤ ਲਈ ਫ਼ੈਕਟਰੀ ਜਾਣ ਦਾ ਹੁਕਮ ਸੁਣਾਏਗਾ। ਤਾਂ ਕਿਤੇ ਜਾ ਕੇ ਹਾਕਮ ਨੂੰ ਸਬਕ ਸਿਖਾਉਣ ਦਾ ਸਿਲਸਿਲਾ ਸ਼ੁਰੂ ਹੋਏਗਾ।

# 51

ਹਲਕੀ ਨੀਲੀ ਵਰਦੀ ਪਾ ਕੇ ਫ਼ੈਕਟਰੀ ਵਿਚ ਮੁਸ਼ੱਕਤ ਕਰਨ ਆਏ ਹਾਕਮ ਦਾ ਧਰਮਪਾਲ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ।

ਡਿਪਟੀ ਦੀ ਕੁਰਸੀ ਅੱਗੇ ਮੇਜ਼ ਸੀ। ਮੇਜ਼ ਦੇ ਦੂਜੇ ਪਾਸੇ ਹਾਕਮ ਖੜਾ ਸੀ। ਉਸ ਦੇ ਬੈਠਣ ਲਈ ਨਾ ਕੁਰਸੀ ਸੀ, ਨਾ ਸਟੂਲ।

ਧਰਮਪਾਲ ਨੇ ਦਰਾਜ਼ ਖੋਲ੍ਹਿਆ। ਵਿਚੋਂ ਜੇਲ੍ਹ ਮੈਨੂਅਲ ਕੱਢ ਕੇ ਮੇਜ਼ ਤੇ ਰੱਖ ਲਿਆ। ਫੇਰ ਹਾਕਮ ਨੂੰ ਆਖਣ ਲੱਗਾ :

“ਤੂੰ ਜੇਲ੍ਹ ਮੈਨੂਅਲ ਦਾ ਹਵਾਲਾ ਦੇ ਕੇ ਆਖੇਂਗਾ ਕਿ ਕੈਦੀ ਤੋਂ ਉਸ ਦੀ ਯੋਗਤਾ ਅਤੇ ਸਰੀਰਕ ਸਮਰੱਥਾ ਅਨੁਸਾਰ ਕੰਮ ਲੈਣਾ ਚਾਹੀਦਾ ਹੈ। ਮੈਂ ਬੀ-ਕਲਾਸ ਕੈਦੀ ਹਾਂ। ਮੈਥੋਂ ਹਲਕਾ-ਫੁਲਕਾ ਕੰਮ ਲਓ। ਜੇਲ੍ਹ ਪ੍ਰਸ਼ਾਸਨ ਨੇ ਪੂਰੇ ਸੱਤ ਸਾਲ ਇਹਨਾਂ ਨਿਯਮਾਂ ਦੀ ਪਾਲਣਾ ਕੀਤੀ ਹੈ। ਤੈਨੂੰ ਬਾਬੂ ਬਣਾ ਕੇ ਦਫ਼ਤਰ ਬਿਠਾਇਆ। ਤੇਰੀ ਹਰ ਮਰਜ਼ੀ ’ਤੇ ਫੁੱਲ ਚੜ੍ਹਾਏ ਗਏ ਪਰ ਤੂੰ ਨਮਕ ਹਰਾਮ ਕੀਤਾ। ਸਾਡੀ ਹੀ ਦਾੜ੍ਹੀ ਨੂੰ ਹੱਥ ਪਾਉਣ ਲੱਗ ਪਿਆ।”

ਫੇਰ ਧਰਮਪਾਲ ਨੇ ਮੈਨੂਅਲ ਖੋਲ੍ਹਿਆ, ਇਕ ਪੰਨਾ ਹਾਕਮ ਅੱਗੇ ਕਰਦਿਆਂ ਆਖਿਆ :

“ਇਹ ਮੈਨੂਅਲ ਅੰਗਰੇਜ਼ਾਂ ਦਾ ਬਣਾਇਆ ਹੋਇਆ ਹੈ। ਤੇਰੇ ਵਰਗੇ ਬਾਗ਼ੀਆਂ ਨਾਲ ਨਜਿੱਠਣ ਲਈ ਇਸ ਵਿਚ ਕਈ ਪ੍ਰਬੰਧ ਨੇ। ਲੈ ਇਸ ਨਿਯਮ ਹੇਠ ਦਰਜ ਕਿੰਤੂ-ਪਰੰਤੂ ਪੜ੍ਹ ਲੈ। ਇਥੇ ਦਰਜ ਹੈ, ਜੇ ਤੇਰੇ ਵਾਂਗ ਕਿਸੇ ਕੈਦੀ ਦਾ ਦਿਮਾਗ਼ ਖ਼ਰਾਬ ਹੋ ਜਾਵੇ ਤਾਂ ਉਸ ਕੋਲੋਂ ਬੀ-ਕਲਾਸ ਖੋਹੀ ਜਾ ਸਕਦੀ ਹੈ। ਹਾਲੇ ਬੀ ਕਲਾਸ ਤੈਥੋਂ ਖੋਹੀ ਨਹੀਂ ਗਈ। ਮੁਸ਼ੱਕਤ ਦਾ ਸਵਾਦ ਚਖਾਉਣ ਲਈ ਤੈਨੂੰ ਫ਼ੈਕਟਰੀ ਭੇਜਿਆ ਗਿਆ ਹੈ। ਦੋ-ਚਾਰ ਦਿਨਾਂ ਵਿਚ ਤੇਰਾ ਦਿਮਾਗ਼ ਠੀਕ ਹੋ ਜਾਵੇਗਾ।”

“ਸਰੀਰਕ ਤੌਰ ’ਤੇ ਤੂੰ ਰਿਸ਼ਟ-ਪੁਸ਼ਟ ਹੈਂ। ਹਰ ਤਰ੍ਹਾਂ ਦੇ ਕੰਮ ਕਰਨ ਯੋਗ ਹੈਂ। ਨਿਯਮਾਂ ਨੂੰ ਧਿਆਨ ਵਿਚ ਰੱਖਦਿਆਂ ਤੈਨੂੰ ਮੁਸ਼ੱਕਤ ਲਈ ਆਰੇ ਵਿਚ ਭੇਜਿਆ ਜਾਂਦਾ ਹੈ। ਉਥੇ ਦਸ-ਬਾਰਾਂ ਕੈਦੀ ਹਨ। ਯੂਨੀਅਨ ਬਣਾਉਣ ਵਿਚ ਤੇਰੀ ਮਦਦ ਕਰਨਗੇ।”

“ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ” ਸੋਚਦਾ ਹਾਕਮ ਚੁੱਪ-ਚਾਪ ਧਰਮਪਾਲ ਦੇ ਨਿਹੋਰੇ ਸੁਣਦਾ ਰਿਹਾ।

ਧਰਮਪਾਲ ਨੇ ਘੰਟੀ ਖੜਕਾਈ। ਸੇਵਾਦਾਰ ਰਾਹੀਂ ਆਰੇ ਦੇ ਪੰਜਾ ਇੰਚਾਰਜ ਨੂੰ ਬੁਲਾਇਆ।

“ਇਹ ਵਕੀਲ ਸਾਹਿਬ ਹਨ। ਕਦੇ ਜੇਲ੍ਹ ਵਿਚ ਬੜੇ ਮਸ਼ਹੂਰ ਹੋਇਆ ਕਰਦੇ ਸਨ। ਹੁਣ ਸਿਤਾਰੇ ਗਰਦਿਸ਼ ਵਿਚ ਹਨ। ਇਹਨਾਂ ਤੋਂ ਪਿਆਰ ਨਾਲ ਕੰਮ ਲੈਣਾ ਹੈ।”

ਅਧਖੜ੍ਹ ਉਮਰ ਦੇ ਮਾੜਚੂ ਜਿਹੇ ਪੰਜਾ ਇੰਚਾਰਜ ਨੂੰ ਨਵੇਂ ਕੈਦੀ ਉਪਰ ਸਖ਼ਤੀ ਵਰਤਣ ਦਾ ਇਸ਼ਾਰਾ ਕਰ ਕੇ ਹਾਕਮ ਨੂੰ ਉਸ ਦੇ ਹਵਾਲੇ ਕਰ ਦਿੱਤਾ।



ਫ਼ੈਕਟਰੀ ਹਾਕਮ ਲਈ ਨਵੀਂ ਨਹੀਂ ਸੀ। ਉਹ ਕਈ ਵਾਰ ਇਥੇ ਆਇਆ ਸੀ। ਉਸ ਸਮੇਂ ਆਰੇ ਵਿਚ ਦੇਸੀ ਕੈਦੀ ਟਾਵਾਂ-ਟੱਲਾ ਹੀ ਹੁੰਦਾ ਸੀ। ਬਹੁਤੇ ਕੈਦੀ ਪਰਵਾਸੀ ਸਨ। ਉਹਨਾਂ ਕੋਲੋਂ ਮਿਹਨਤ-ਮਜ਼ਦੂਰੀ ਨਾਲ ਕਮਾਏ ਪੈਸੇ ਗ੍ਰਿਫ਼ਤਾਰੀ ਸਮੇਂ ਪੁਲਿਸ ਨੇ ਜਾਂ ਮੁਕੱਦਮਾ ਝਗੜਦੇ ਸਮੇਂ ਵਕੀਲ ਮੁਨਸ਼ੀ ਨੇ ਖੋਹ ਲਏ ਹੁੰਦੇ ਸਨ। ਕੱਛੇ ਬਨੈਣ ਨਾਲ ਜੇਲ੍ਹ ਆਏ ਕੈਦੀ ਕੋਲ ਜੇਲ੍ਹ ਕਰਮਚਾਰੀਆਂ ਨੂੰ ਦੇਣ ਲਈ ਕੁਝ ਨਹੀਂ ਹੁੰਦਾ। ਉਹ ਉਹਨਾਂ ਨੂੰ ਆਰੇ ’ਤੇ ਭੇਜ ਦਿੰਦੇ ਹਨ। ਜੇਲ੍ਹ ਕਰਮਚਾਰੀਆਂ ਦੀ ਆਪਣੀ ਮਜਬੂਰੀ ਹੈ। ਜੇਲ੍ਹ ਵਿਚ ਫ਼ਰਨੀਚਰ ਬਣਦਾ ਹੈ। ਫ਼ਰਨੀਚਰ ਲਈ ਲੋੜੀਂਦੀ ਲੱਕੜ ਆਰੇ ਵਿਚ ਚਿਰਦੀ ਹੈ। ਜੇ ਆਰਾ ਹੈ ਤਾਂ ਆਰਾ ਚਲਾਉਣ ਲਈ ਮਿਸਤਰੀ ਮਜ਼ਦੂਰ ਵੀ ਚਾਹੀਦੇ ਹਨ। ਇਹ ਲੋੜ ਪਰਵਾਸੀ ਕੈਦੀ ਪੂਰੀ ਕਰਦੇ ਹਨ। ਪਰਵਾਸੀਆਂ ਨੂੰ ਇਥੇ ਜਾਂ ਉਥੇ ਕੰਮ ਕਰਨ ਵਿਚ ਬਹੁਤਾ ਫ਼ਰਕ ਨਹੀਂ ਪੈਂਦਾ। ਉਹ ਸਖ਼ਤ ਕੰਮ ਕਰਨ ਦੇ ਆਦੀ ਹੁੰਦੇ ਹਨ। ਬਾਹਰ ਵੀ ਪੱਚੀ-ਪੱਚੀ ਇੱਟਾਂ ਸਿਰ ’ਤੇ ਚੁੱਕ ਕੇ ਚਾਰ-ਚਾਰ ਮੰਜ਼ਲਾਂ ਉਪਰ ਚੜ੍ਹਾਉਂਦੇ ਹਨ।

“ਮੈਂ ਕਦੇ ਸਖ਼ਤ ਕੰਮ ਨਹੀਂ ਕੀਤਾ। ਭਾਰੀਆਂ ਸ਼ਤੀਰੀਆਂ ਕਿਸ ਤਰ੍ਹਾਂ ਚੁੱਕਾਂਗਾ ?” ਆਰੇ ਵੱਲ ਵੱਧਦੇ ਹਾਕਮ ਨੂੰ ਫ਼ਿਕਰ ਹੋਣ ਲੱਗਾ।

ਆਪਣੀ ਹੋ ਰਹੀ ਦੁਰਦਸ਼ਾ ਲਈ ਉਹ ਸੈਸ਼ਨ ਜੱਜ ਹਿਰਦੇਪਾਲ ਨੂੰ ਕੋਸਣ ਲੱਗਾ।

ਸੁਪਰੀਮ ਕੋਰਟ ਦੇ ਲੋਕ-ਪੱਖੀ ਜੱਜ ਜਸਟਿਸ ਕ੍ਰਿਸ਼ਨਾ ਆਇਰ ਆਪਣੇ ਫ਼ੈਸਲਿਆਂ ਰਾਹੀਂ ਹੇਠਲੀਆਂ ਅਦਾਲਤਾਂ ਨੂੰ ਦਿਸ਼ਾ-ਨਿਰਦੇਸ਼ ਦਿੰਦੇ ਰਹਿੰਦੇ ਹਨ। ਉਹ ਕਹਿੰਦੇ ਹਨ ਕਿ ਸਰਕਾਰ ਨੂੰ ਤਾਂ ਕਾਨੂੰਨ ਸੋਧਣ ਵਿਚ ਦਿਲਚਸਪੀ ਨਹੀਂ ਹੈ। ਪਰ ਨਿਆਂ-ਪਾਲਿਕਾ ਆਪਣੇ ਫ਼ਰਜ਼ਾਂ ਪ੍ਰਤੀ ਸੁਚੇਤ ਹੋਵੇ। ਅਦਾਲਤਾਂ ਨੇ ਲੋਕਾਂ ਦੀਆਂ ਆਸਾਂ ’ਤੇ ਪੂਰਾ ਉਤਰਨਾ ਹੈ। ਜੱਜਾਂ ਨੇ ਜੇਲ੍ਹ ਦੇ ਬੰਦ ਦਰਵਾਜ਼ਿਆਂ ਨੂੰ ਖੋਲ੍ਹ ਕੇ ਉਥੇ ਇਨਸਾਫ਼ ਦੀ ਤਾਜ਼ੀ ਹਵਾ ਪਹੁੰਚਾਉਣੀ ਹੈ। ਕੈਦੀਆਂ ਨੂੰ ਮਾਨਸਿਕ ਤੌਰ ’ਤੇ ਟੁੱਟਣ ਤੋਂ ਬਚਾਉਣਾ ਹੈ। ਜਦੋਂ ਕੈਦੀਆਂ ਦੇ ਮੁੱਢਲੇ ਅਧਿਕਾਰ ਖ਼ਤਰੇ ਵਿਚ ਹੋਣ ਤਾਂ ਅਦਾਲਤ ਨੇ ਜੇਲ੍ਹ ਪ੍ਰਬੰਧ ਵਿਚ ਦਖ਼ਲ ਦੇਣਾ ਹੈ ਅਤੇ ਕਸੂਰਵਾਰ ਜੇਲ੍ਹ ਅਧਿਕਾਰੀਆਂ ਦੇ ਕੰਨ ਖਿੱਚਣੇ ਹਨ।

ਹਾਕਮ ਨੇ ਸੋਚਿਆ ਸੀ, ਮਾਇਆ ਨਗਰ ਦੇ ਸੈਸ਼ਨ ਜੱਜ ਨੇ ਇਹਨਾਂ ਫ਼ੈਸਲਿਆਂ ਨੂੰ ਪੜ੍ਹਿਆ ਹੋਵੇਗਾ। ਤਿਹਾੜ ਜੇਲ੍ਹ ਵਿਚ ਬੰਦ ਦੋ ਕੈਦੀਆਂ ਦੀਆਂ ਚਿੱਠੀਆਂ ਪੜ੍ਹ ਕੇ ਜਿਸ ਤਰ੍ਹਾਂ ਕ੍ਰਿਸ਼ਨਾ ਆਇਰ ਦਾ ਮਨ ਤੜਫ ਉੱਠਿਆ ਸੀ, ਉਵੇਂ ਹਿਰਦੇਪਾਲ ਦਾ ਹਿਰਦਾ ਵਿਲਕ ਪਏਗਾ। ਝੱਟ ਉਹ ਜੇਲ੍ਹ ਪ੍ਰਸ਼ਾਸਨ ਦੀਆਂ ਵਾਗਾਂ ਕੱਸ ਦੇਵੇਗਾ।

ਪਰ ਹੋਇਆ ਬਿਲਕੁਲ ਇਸ ਦੇ ਉਲਟ।

ਸੈਸ਼ਨ ਜੱਜ ਨੂੰ ਚਾਹੀਦਾ ਸੀ ਕਿ ਉਹ ਖ਼ਤ ਲਿਖਣ ਵਾਲੇ ਦਾ ਨਾਂ ਗੁਪਤ ਰੱਖਦਾ। ਉਸ ਨੂੰ ਅੰਦਾਜ਼ਾ ਲਾ ਲੈਣਾ ਚਾਹੀਦਾ ਸੀ ਕਿ ਖ਼ਤ ਦਾ ਲਿਖਾਰੀ ਪੂਰੀ ਤਰ੍ਹਾਂ ਜੇਲ੍ਹ ਅਧਿਕਾਰੀਆਂ ਦੀ ਗ੍ਰਿਫ਼ਤ ਵਿਚ ਹੈ। ਨਾਂ ਜ਼ਾਹਰ ਹੋਣ ’ਤੇ ਉਹ ਉਸ ਨੂੰ ਹਰ ਤਰ੍ਹਾਂ ਦੇ ਨੁਕਸਾਨ ਪਹੁੰਚਾ ਸਕਦੇ ਹਨ। ਉਸ ਨੂੰ ਚਾਹੀਦਾ ਸੀ ਕਿ ਉਹ ਚਿੱਠੀ ਵਿਚ ਦਰਜ ਤੱਥਾਂ ਨੂੰ ਘੋਖਦਾ। ਇਨਸਾਫ਼ ਲਈ ਤੜਫਦੇ ਕੈਦੀਆਂ ਨੂੰ ਮਿਲਦਾ। ਉਹਨਾਂ ਦੀਆਂ ਤਕਲੀਫ਼ਾਂ ਦੂਰ ਕਰਦਾ। ਕਸੂਰਵਾਰ ਜੇਲ੍ਹ ਕਰਮਚਾਰੀਆਂ ਨੂੰ ਕਟਹਿਰੇ ਵਿਚ ਖੜ੍ਹਾਉਂਦਾ।

ਕੈਦੀਆਂ ਦੀ ਥਾਂ ਉਸ ਨੇ ਜੇਲ੍ਹ ਅਧਿਕਾਰੀਆਂ ਦਾ ਸਾਥ ਦਿੱਤਾ। ਖ਼ਤ ਨੂੰ ਗੁਪਤ ਰੱਖਣ ਦੀ ਥਾਂ ਉਸ ਦੀਆਂ ਫ਼ੋਟੋ ਕਾਪੀਆਂ ਉਹਨਾਂ ਦੇ ਹਵਾਲੇ ਕਰ ਦਿੱਤੀਆਂ। ਖ਼ਤ ਲਿਖਣ ਵਾਲੇ ਕੈਦੀ ਦੀ ਸ਼ਨਾਖ਼ਤ ਕਰਨ ਵਿਚ ਉਹਨਾਂ ਦੀ ਮਦਦ ਕੀਤੀ। ਹੇਮਾ ਅਤੇ ਬਸੰਤ ਨੂੰ ਰਾਹਤ ਦਿੱਤੀ। ਪਰ

ਕੈਦੀਆਂ ਨਾਲ ਹਮਦਰਦੀ ਕਾਰਨ ਨਹੀਂ, ਸਗੋਂ ਜੇਲ੍ਹ ਅਧਿਕਾਰੀਆਂ ਦੀ ਖੱਲ ਬਚਾਉਣ ਲਈ। ਜੇਲ੍ਹ ਵਿਚ ਬੰਦ ਮੋਦਨ ਉਹੋ ਬਿਆਨ ਦੇ ਸਕਦਾ ਸੀ ਜੋ ਅਧਿਕਾਰੀ ਚਾਹੁੰਦੇ ਸਨ। ਜੇਲ੍ਹ ਅਧਿਕਾਰੀਆਂ ਦੀ ਹਾਜ਼ਰੀ ਵਿਚ ਉਹ ਆਪਣੀ ਮਰਜ਼ੀ ਕਿਸ ਤਰ੍ਹਾਂ ਕਰ ਸਕਦਾ ਸੀ ? ਸੈਸ਼ਨ ਜੱਜ ਦਾ ਫ਼ਰਜ਼ ਸੀ ਕਿ ਗੁਪਤ ਪੜਤਾਲ ਕਰਦਾ ? ਉਹ ਇਕੱਲੇ-ਇਕੱਲੇ ਕੈਦੀ ਨੂੰ ਇਕਾਂਤ ਵਿਚ ਲਿਜਾਂਦਾ। ਫੇਰ ਉਹਨਾਂ ਕੋਲੋਂ ਅਸਲੀਅਤ ਪੁੱਛਦਾ। ਪਰ ਉਹ ਇੰਝ ਤਾਂ ਹੀ ਕਰਦਾ ਜੇ ਉਸ ਨੂੰ ਕੈਦੀਆਂ ਨਾਲ ਕੋਈ ਹਮਦਰਦੀ ਹੁੰਦੀ।

ਨਾ ਤਨਹਾਈ ਚੱਕੀਆਂ ਵਿਚ ਗਿਆ, ਨਾ ਹੱਥਕੜੀਆਂ ਅਤੇ ਬੇੜੀਆਂ ਵਾਲੇ ਕੈਦੀਆਂ ਨੂੰ ਮਿਲਿਆ। ਅੱਗੋਂ ਤੋਂ ਕੋਈ ਕੈਦੀ ਆਪਣੀ ਆਵਾਜ਼ ਬੁਲੰਦ ਨਾ ਕਰ ਸਕੇ, ਇਸ ਲਈ ਹਾਕਮ ਨੂੰ ਸਬਕ ਸਿਖਾਉਣ ਦੀ ਸਲਾਹ ਦੇ ਗਿਆ।

ਹਾਕਮ ਨੇ ਨਿਆਂ-ਪਾਲਿਕਾ 'ਤੇ ਇਨਸਾਫ਼ ਦੀ ਟੇਕ ਰੱਖ ਕੇ ਥੋੜ੍ਹੀ ਜਿਹੀ ਹਿੰਮਤ ਬਟੋਰੀ ਸੀ। ਜੇ ਵਾੜ ਹੀ ਖੇਤ ਨੂੰ ਖਾਣ ਲੱਗ ਜਾਏ ਤਾਂ ਗਊਆਂ ਘੁੱਗੀਆਂ ਬਣੇ ਕੈਦੀਆਂ ਦਾ ਕੌਣ ਰਾਖਾ ?

ਆਰੇ ਵੱਲ ਵਧਦੇ ਹਾਕਮ ਨੂੰ ਇਕ ਹੋਰ ਚਿੰਤਾ ਸਤਾ ਰਹੀ ਸੀ। ਹਿਰਦੇਪਾਲ ਦੇ ਰਣਜੋਧ ਸਿੰਘ ਨਾਲ ਮਿਲ ਜਾਣ ਵਿਚ ਬਹੁਤੇ ਅਫ਼ਸੋਸ ਵਾਲੀ ਗੱਲ ਨਹੀਂ ਸੀ। ਭੋਲੂ ਨਰਾਇਣ ਦਾ ਕਿਉਂ ਨਾ ਬਣੇ ?

ਹਾਕਮ ਨਿੱਜੀ ਸਹੂਲਤਾਂ ਲਈ ਲੜਾਈ ਨਹੀਂ ਸੀ ਲੜ ਰਿਹਾ। ਉਸ ਨੂੰ ਹਰ ਤਰ੍ਹਾਂ ਦੀ ਸਹੂਲਤ ਮਿਲੀ ਹੋਈ ਸੀ। ਉਹ ਸਾਂਝੇ ਕੰਮ ਲਈ ਲੜ ਰਿਹਾ ਸੀ। ਪੜਤਾਲ ਦੌਰਾਨ ਤਿੰਨ-ਚਾਰ ਕੈਦੀ ਹਾਕਮ ਦੇ ਵਿਰੁੱਧ ਭੁਗਤ ਗਏ। ਝੂਠ ਬੋਲ ਗਏ। ਦਫ਼ਤਰ ਦੇ ਮੁਨਸ਼ੀ ਮੁਸੱਦੀ ਲਾਲ ਉਪਰ ਹਾਕਮ ਨੇ ਬਹੁਤ ਅਹਿਸਾਨ ਕੀਤੇ ਸਨ। ਪਹਿਲਾਂ ਉਸ ਨੂੰ ਕੱਪੜਾ ਰੰਗਣ ਵਾਲੀ ਭੱਠੀ ਵਿਚੋਂ ਕੱਢ ਕੇ ਦਫ਼ਤਰ ਲਿਆਂਦਾ। ਫੇਰ ਪ੍ਰੇਰ ਕੇ ਪੜ੍ਹਨ ਲਾਇਆ। ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਪਾਸ ਕਰਾਈ। ਹੁਣ ਬੀ.ਏ. ਦੀ ਤਿਆਰੀ ਕਰਵਾ ਰਿਹਾ ਸੀ। ਦਰੋਗੇ ਦੀ ਸ਼ਹਿ 'ਤੇ ਮੁਸੱਦੀ ਨੇ ਪਹਿਲਾਂ ਝੂਠ-ਮੂਠ ਮਿਸਲਾਂ ਹਾਕਮ ਦੇ ਨਾਂ ਚੜ੍ਹਾਈਆਂ। ਫੇਰ ਧੋਖੇ ਨਾਲ ਰਜਿਸਟਰ 'ਤੇ ਹਾਕਮ ਤੋਂ ਦਸਤਖ਼ਤ ਕਰਾਏ। ਫੇਰ ਆਪ ਹੀ ਮਿਸਲਾਂ ਗੁੰਮ ਕੀਤੀਆਂ। ਦੋਸ਼ ਹਾਕਮ ਸਿੰਘ ਸਿਰ ਮੜ੍ਹਿਆ। ਹਾਕਮ ਨੂੰ ਸਜ਼ਾ ਕਰਾਉਣ ਵਿਚ ਸਹਾਈ ਹੋਇਆ।

ਹੇਮਾ ਅਤੇ ਬਸੰਤ ਨੇ ਵੀ ਲੋਹੜਾ ਮਾਰਿਆ। ਘਰ ਜਾ ਕੇ ਬੈਠ ਗਏ। ਇਕ ਵਾਰੀ ਵੀ ਮੁਲਾਕਾਤ ਲਈ ਨਹੀਂ ਆਏ। ਖ਼ਤ ਤਕ ਨਹੀਂ ਲਿਖਿਆ।

ਫੇਰ ਉਸ ਨੂੰ ਖ਼ਿਆਲ ਆਇਆ ਕਿ ਹੋ ਸਕਦਾ ਹੈ ਉਹ ਮਿਲਣ ਆਏ ਹੋਣ। ਉਹਨਾਂ ਨੂੰ ਬਾਹਰੋਂ ਹੀ ਮੋੜ ਦਿੱਤਾ ਹੋਵੇ। ਉਹਨਾਂ ਖ਼ਤ ਪਾਏ ਹੋਣ। ਖ਼ਤ ਪਾੜ ਦਿੱਤੇ ਗਏ ਹੋਣ। ਹਾਕਮ ਨੂੰ ਸੂਚਨਾ ਮਿਲੀ ਸੀ। ਅੱਜ-ਕੱਲ੍ਹ ਉਸ ਨਾਲ ਇੰਜ ਹੋ ਰਿਹਾ ਸੀ।

ਥੋੜ੍ਹੀ ਦੇਰ ਬਾਅਦ ਮੁਸੱਦੀ ਹੋਰਾਂ ਪ੍ਰਤੀ ਹਾਕਮ ਦਾ ਰਵੱਈਆ ਨਰਮ ਪੈਣ ਲੱਗਾ। ਉਹ ਵਿਚਾਰੇ ਮਜਬੂਰ ਸਨ। ਜੇਲ੍ਹ ਅਧਿਕਾਰੀਆਂ ਦੇ ਹੱਥਾਂ ਵਿਚ ਕੱਠਪੁਤਲੀਆਂ ਸਨ। ਉਹਨਾਂ ਉਹੋ ਕੀਤਾ ਜੋ ਉਹਨਾਂ ਤੋਂ ਕਰਾਇਆ ਗਿਆ।

ਕੈਦੀਆਂ ਨੂੰ ਮੁਆਫ਼ ਕਰ ਕੇ ਹਾਕਮ ਅਫ਼ਸਰਾਂ ਨੂੰ ਕੋਸਣ ਲੱਗਾ।

"ਮੈਂ ਅਫ਼ਸਰਾਂ ਦਾ ਕੀ ਵਿਗਾੜਿਆ ਹੈ ? ਕਾਨੂੰਨ ਅਨੁਸਾਰ ਸਹੂਲਤਾਂ ਮੰਗੀਆਂ ਸਨ। ਉਹ ਵੀ ਆਪਣੇ ਲਈ ਨਹੀਂ, ਉਹਨਾਂ ਲਈ ਜਿਹੜੇ ਆਪ ਮੂੰਹ ਨਹੀਂ ਖੋਲ੍ਹਦੇ। ਉਹਨਾਂ ਲਈ ਜਿਨ੍ਹਾਂ



ਨੂੰ ਆਪਣੇ ਹੱਕਾਂ ਦੀ ਜਾਣਕਾਰੀ ਨਹੀਂ। ਅਫ਼ਸਰ ਮੇਰੇ ਇਸ ਕੰਮ ਨੂੰ ਗੁਨਾਹ ਸਮਝਦੇ ਹਨ। ਮੈਨੂੰ ਸਬਕ ਸਿਖਾਉਣ 'ਤੇ ਤੁਲ ਪਏ ਹਨ। ਕਾਨੂੰਨ ਕਹਿੰਦਾ ਹੈ ਜੇਲ੍ਹ ਅਧਿਕਾਰੀਆਂ ਨੂੰ ਨਰਮ-ਦਿਲ ਅਤੇ ਲੋਕ-ਹਿਤੂ ਹੋਣਾ ਚਾਹੀਦਾ ਹੈ। ਕੈਦੀਆਂ ਦੀਆਂ ਸਰੀਰਕ, ਮਾਨਸਿਕ ਅਤੇ ਸਮਾਜਿਕ ਸਮੱਸਿਆਵਾਂ ਨੂੰ ਸਮਝ ਕੇ ਉਹਨਾਂ ਨੂੰ ਸੁਲਝਾਉਣ ਵਿਚ ਮਦਦਗਾਰ ਹੋਣਾ ਚਾਹੀਦਾ ਹੈ। ਅਫ਼ਸਰ ਉਲਟਾ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਉਲਝਾ ਰਹੇ ਹਨ।"

ਹਾਕਮ ਨਾਲ ਕਿਸ ਤਰ੍ਹਾਂ ਨਜਿੱਠਣਾ ਹੈ ? ਇਸ਼ਾਰੇ ਨਾਲ ਧਰਮਪਾਲ ਨੇ ਮੀਤੇ ਨੂੰ ਸਮਝਾਇਆ ਸੀ, ਉਹ ਹਾਕਮ ਨੂੰ ਵੀ ਸਮਝ ਆ ਗਿਆ ਸੀ।

ਹਾਕਮ ਜਾਣੀ-ਜਾਣ ਸੀ। ਅਫ਼ਸਰ ਕਰੋਪ ਹੋ ਚੁੱਕੇ ਸਨ। ਹੁਣ ਉਸ ਨੂੰ ਸਰੀਰਕ ਅਤੇ ਮਾਨਸਿਕ ਦੋਹਾਂ ਤਰ੍ਹਾਂ ਦਾ ਕਸ਼ਟ ਪਹੁੰਚਾਇਆ ਜਾਏਗਾ। ਪਰ ਉਸ ਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਸੰਕਟ ਦੀ ਇਸ ਘੜੀ ਉਸ ਦੇ ਨਾਲ ਕੌਣ ਖਲੋਏਗਾ ?

ਹਾਕਮ ਨੂੰ ਆਪਣੇ ਬੀ-ਕਲਾਸ ਦੇ ਸਾਥੀ ਕੈਦੀਆਂ ਉਪਰ ਵੀ ਗ਼ੁੱਸਾ ਆ ਰਿਹਾ ਸੀ। ਜਾਪਦਾ ਸੀ, ਉਹਨਾਂ ਨੇ ਤੂਫ਼ਾਨ ਦੇ ਆਉਣ ਤੋਂ ਪਹਿਲਾਂ ਛਾਉਣ ਵਾਲੀ ਚੁੱਪ ਤੋਂ ਹੀ ਭਵਿੱਖ ਦਾ ਅੰਦਾਜ਼ਾ ਲਾ ਲਿਆ ਸੀ। ਆਨੇ-ਬਹਾਨੇ ਉਹਨਾਂ ਨੇ ਹਾਕਮ ਕੋਲੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ ਸੀ।

ਪ੍ਰੋਫ਼ੈਸਰ ਤਿੰਨ ਸਾਲ ਉਸ ਦਾ ਰੋਟੀਵਾਲ ਰਿਹਾ ਸੀ। ਪਿਛਲੇ ਤਿੰਨ ਦਿਨਾਂ ਤੋਂ ਉਹ ਇਕੱਲਾ ਰੋਟੀ ਖਾਣ ਲੱਗ ਪਿਆ ਸੀ। ਡਾਕਟਰ ਮੂੰਗੀ ਦੇ ਹਲਵੇ ਦਾ ਸ਼ੌਕੀਨ ਸੀ। ਹਫ਼ਤੇ 'ਚ ਦੋ ਦਿਨ ਉਸ ਦੇ ਘਰੋਂ ਹਲਵਾ ਆਉਂਦਾ ਸੀ। ਪਹਿਲਾਂ ਉਹ ਹਾਕਮ ਨੂੰ ਖਵਾਉਂਦਾ ਸੀ, ਫੇਰ ਆਪ ਖਾਂਦਾ ਸੀ। ਪਿਛਲੀ ਵਾਰ ਉਸ ਨੇ ਹਲਵਾ ਸਭ ਕੋਲੋਂ ਲੁਕ ਕੇ ਖਾਧਾ ਸੀ। ਐਸ.ਡੀ.ਓ. ਅਤੇ ਬੈਂਕ ਮੈਨੇਜਰ ਨੂੰ ਉਸ ਬਿਨਾਂ ਸੈਰ ਦਾ ਮਜ਼ਾ ਨਹੀਂ ਸੀ ਆਉਂਦਾ। ਕੱਲ੍ਹ ਉਹ ਵੀ ਅੱਖ ਬਚਾ ਕੇ ਨਿਕਲ ਗਏ ਸਨ। ਰਾਤ ਨੂੰ ਮਹਿਤੇ ਹੋਰਾਂ ਵਿਚਕਾਰ ਤਾਸ਼ ਦੀ ਬਾਜ਼ੀ ਲੱਗਦੀ ਸੀ। ਰਾਤ ਮਹਿਤੇ ਨੇ ਉਸ ਨੂੰ ਜੋਟੀਦਾਰ ਬਣਨ ਦਾ ਸੱਦਾ ਨਹੀਂ ਸੀ ਦਿੱਤਾ। ਨਾ ਸਲਾਹ-ਮਸ਼ਵਰੇ ਲਈ ਕੋਲ ਬਿਠਾਇਆ ਸੀ। ਘੋੜੇ ਵਾਲਾ ਜਿਵੇਂ ਸਾਰੀ ਬੈਠਕ ਵਿਚ ਹੀ ਫਿਰ ਗਿਆ ਸੀ। ਜਿਵੇਂ ਉਸ ਦੇ ਸਾਥੀ ਕੈਦੀਆਂ ਨੂੰ ਹਾਕਮ ਦਾ ਬਾਈਕਾਟ ਕਰਨ ਲਈ ਕਹਿ ਦਿੱਤਾ ਗਿਆ ਸੀ।

ਇਕੱਲਾ ਬੈਠਾ ਹਾਕਮ ਉਪਰਾਮ ਹੋ ਗਿਆ ਸੀ। ਉਸ ਦਾ ਪੜ੍ਹਨ ਵਿਚ ਮਨ ਨਹੀਂ ਸੀ ਲੱਗਾ। ਇਕੱਲੇ ਪਏ ਦੇ ਮਨ ਵਿਚ ਭੈੜੇ-ਭੈੜੇ ਖ਼ਿਆਲ ਆਉਣ ਲੱਗੇ ਸਨ। ਰੁਝੇਵੇਂ ਵਿਚ ਰਹਿਣ ਲਈ ਉਹ ਬਿਨਾਂ ਬੁਲਾਇਆਂ ਹੀ ਤਾਸ਼ ਵਾਲਿਆਂ ਕੋਲ ਜਾ ਬੈਠਾ ਸੀ। ਉਹਨਾਂ ਨੱਕ-ਬੁੱਲ੍ਹ ਕੱਢੇ, ਖੇਡਣਾ ਬੰਦ ਕੀਤਾ ਅਤੇ ਆਪਣੇ-ਆਪਣੇ ਖੱਡਿਆਂ 'ਤੇ ਜਾ ਪਏ।

ਏਨਾ ਬੇਸ਼ਰਮ ਹਾਕਮ ਵੀ ਨਹੀਂ ਸੀ। ਉਸ ਨੇ ਵੀ ਉਹਨਾਂ ਕੋਲੋਂ ਪਾਸਾ ਵੱਟਣਾ ਸ਼ੁਰੂ ਕਰ ਦਿੱਤਾ।

ਅੱਜ ਕੰਮਾਂ 'ਤੇ ਜਾਣ ਤੋਂ ਪਹਿਲਾਂ ਕਿਸੇ ਨੇ ਉਸ ਨਾਲ ਅੱਗੇ ਵਾਂਗ ਦੁਆ-ਸਲਾਮ ਨਹੀਂ ਸੀ ਕੀਤੀ।

ਹਾਕਮ ਮੂੰਹ ਲਟਕਾ ਕੇ ਫ਼ੈਕਟਰੀ ਵੱਲ ਚੱਲ ਪਿਆ ਸੀ।

ਤੇ ਆਪਣੇ ਆਪ ਨਾਲ ਖੌਜਲਦਾ ਹੁਣ ਉਹ ਆਰੇ ਵੱਲ ਜਾ ਰਿਹਾ ਸੀ।

ਹਾਕਮ ਦੇ ਅੱਗੇ ਜਾਂਦਾ ਪੰਜਾ ਇੰਚਾਰਜ ਖ਼ੁਸ਼ ਸੀ। ਉਸ ਨੂੰ ਹਾਕਮ ਦੀ ਸੇਵਾ ਦਾ ਮੌਕਾ ਮਿਲਿਆ ਸੀ।

ਜਾਪਦਾ ਸੀ ਹਾਕਮ ਨੇ ਮੀਤੇ ਨੂੰ ਪਹਿਚਾਣਿਆ ਨਹੀਂ ਸੀ, ਪਰ ਮੀਤੇ ਨੇ ਉਸ ਨੂੰ ਝੱਟ ਪਹਿਚਾਣ ਲਿਆ ਸੀ। ਉਹਨਾਂ ਦੋਹਾਂ ਨੂੰ ਇਕੋ ਦਿਨ ਸਜ਼ਾ ਹੋਈ ਸੀ ਅਤੇ ਉਹ ਇਕੱਠੇ ਇਸ ਜੇਲ੍ਹ ਵਿਚ ਆਏ ਸਨ।

ਮੀਤੇ ਨੂੰ ਹਾਕਮ ਤਕ ਕਦੇ ਸਿੱਧਾ ਕੰਮ ਨਹੀਂ ਸੀ ਪਿਆ। ਉਂਝ ਉਸ ਨੇ ਸੁਣ ਰੱਖਿਆ ਸੀ ਕਿ ਹਾਕਮ ਗੁਰਮੀਤ ਵਰਗਾ ਭਲਾਮਾਣਸ ਇਨਸਾਨ ਹੈ। ਉਸ ਨੇ ਮੀਤੇ ਵਰਗੇ ਸੈਂਕੜੇ ਗ਼ਰੀਬ-ਗੁਰਬਿਆਂ ਦਾ ਫ਼ਾਇਦਾ ਕੀਤਾ ਹੈ।

"ਸੰਕਟ ਦੀ ਇਸ ਘੜੀ ਵਿਚ ਮੈਂ ਗ਼ਰੀਬ-ਗੁਰਬਿਆਂ ਦੀ ਨੁਮਾਇੰਦਗੀ ਕਰਾਂਗਾ। ਹਰ ਤਰ੍ਹਾਂ ਦਾ ਜ਼ੋਖ਼ਮ ਉਠਾ ਕੇ ਉਸ ਦੀ ਮਦਦ ਕਰਾਂਗਾ।'

ਮਨ ਵਿਚ ਅਜਿਹੀਆਂ ਪੜ੍ਹਤਾਂ ਪੜ੍ਹਦਾ ਮੀਤਾ ਹਾਕਮ ਨੂੰ ਆਰੇ 'ਤੇ ਲੈ ਗਿਆ।

"ਯਹ ਵਕੀਲ ਸਾਹਿਬ ਹੈਂ", ਨੱਕ-ਮੂੰਹ ਬੰਨ੍ਹੀ ਖੜੇ ਚਾਰ-ਪੰਜ ਪਰਵਾਸੀ ਕੈਦੀਆਂ ਨਾਲ ਮੀਤੇ ਨੇ ਹਾਕਮ ਦੀ ਜਾਣ-ਪਹਿਚਾਣ ਕਰਾਈ।

ਫੇਰ ਮੀਤੇ ਨੇ ਆਲੇ-ਦੁਆਲੇ ਦੇਖਿਆ। ਜਦੋਂ ਉਸ ਨੂੰ ਯਕੀਨ ਹੋ ਗਿਆ ਕਿ ਕਿਧਰੇ ਕੋਈ ਨਹੀਂ ਹੈ ਤਾਂ ਉਸ ਨੇ ਹੌਲੀ ਜਿਹੀ ਆਖਿਆ :

"ਯਹ ਬਹੁਤ ਕਾਮ ਕੇ ਬੰਦੇ ਹੈਂ। ਹਮਨੇ ਇਨਕੀ ਮਦਦ ਕਰਨੀ ਹੈ। ਇਨਸੇ ਹਲਕਾ-ਫੁਲਕਾ ਕਾਮ ਲੇਨਾ ਹੈ।"

"ਜੀ ਸਾਹਿਬ!" ਕੈਦੀਆਂ ਨੇ ਸਿਰ ਝੁਕਾ ਕੇ ਹੁਕਮ ਦੀ ਤਾਮੀਲ ਦਾ ਯਕੀਨ ਦਵਾਇਆ।

"ਐਸੇ ਕਰਨਾ। ਸ਼ਤੀਰੀਆਂ ਤੁਮ ਹੀ ਢੋਤੇ ਰਹਿਨਾ। ਇਨਹੇਂ ਖਲਪਾੜੇਂ ਉਠਾਨੇ ਪੇ ਲਗਾ ਦੇਨਾ। ਖਲਪਾੜੇਂ ਭੀ ਥੋੜ੍ਹੇ-ਥੋੜ੍ਹੇ ਉਠਵਾਨਾ।

"ਧਿਆਨ ਰੱਖਣਾ। ਸਾਹਿਬ ਆਤਾ ਦਿਖਾਈ ਦੇ ਤੋ ਇਨ ਕੋ ਸ਼ਤੀਰੀਉਂ ਪੇ ਲਗਾ ਦੇਣਾ। ਵੈਸੇ ਮੈਂ ਭੀ ਇਧਰ ਹੀ ਹੂੰ।"

"ਜੀ ਸਾਹਿਬ!" ਆਖ ਕੇ ਪਰਵਾਸੀਆਂ ਨੇ ਇਕ ਵਾਰ ਫੇਰ ਮੀਤੇ ਦੀ ਹਾਂ ਵਿਚ ਹਾਂ ਮਿਲਾਈ।

ਕੈਦੀਆਂ ਕੋਲੋਂ ਮਿਲੇ ਇਸ ਮਾਣ-ਸਨਮਾਨ ਨੇ ਹਾਕਮ ਦੇ ਮਨੋਂ ਸਾਰਾ ਭਾਰ ਲਾਹ ਦਿੱਤਾ। ਉਸ ਨੂੰ ਖ਼ੁਸ਼ੀ ਹੋਈ ਕਿ ਉਸ ਦੇ ਕੰਮ ਦੀ ਕਦਰ ਕਰਨ ਵਾਲਾ ਕੋਈ ਤਾਂ ਸੀ।

ਇੰਨੇ ਨਾਲ ਹੀ ਨਵੇਂ ਜੋਸ਼ ਨਾਲ ਭਰਿਆ ਉਹ ਪਹਾੜ ਨਾਲ ਟਕਰਾਉਣ ਲਈ ਤਿਆਰ ਹੋ ਗਿਆ।

ਬਿਜਲੀ ਦੀ ਮੋਟਰ ਦਾ ਬਟਨ ਦਬਾਂਦਿਆਂ ਹੀ ਚਿਰਾਈ ਦਾ ਕੰਮ ਸ਼ੁਰੂ ਹੋ ਗਿਆ। ਦੋ ਮਿਸਤਰੀ ਚਿਰਾਈ ਦਾ ਕੰਮ ਸੰਭਾਲਣ ਲਈ ਖੱਡੇ ਵਿਚ ਉਤਰ ਗਏ। ਆਰੇ ਤੋਂ ਤੀਹ ਕੁ ਫ਼ੁਟ ਦੀ ਦੂਰੀ 'ਤੇ ਉਹ ਸ਼ਤੀਰੀਆਂ ਪਈਆਂ ਸਨ, ਜਿਨ੍ਹਾਂ ਦੀ ਅੱਜ ਚਿਰਾਈ ਹੋਣੀ ਸੀ। ਚਾਰ ਕੈਦੀ ਸ਼ਤੀਰੀਆਂ ਦੁਆਲੇ ਹੋ ਗਏ। ਦੋ ਕੈਦੀਆਂ ਨੇ ਇਕ ਸ਼ਤੀਰੀ ਨੂੰ ਮੋਢਿਆਂ 'ਤੇ ਰੱਖ ਕੇ ਆਰੇ ਤਕ ਲਿਜਾਣਾ ਸੀ। ਦੋ ਕੈਦੀ ਆਰੇ ਦੇ ਦੂਜੇ ਪਾਸੇ ਚਲੇ ਗਏ। ਉਹਨਾਂ ਵਿਚੋਂ ਇਕ ਨੇ ਚਿਰਾਈ ਬਾਅਦ ਨਿਕਲੇ ਸਹੀ ਮਾਲ ਨੂੰ ਸਟੋਰ ਵਿਚ ਪਹੁੰਚਾਉਣਾ ਸੀ। ਦੂਜੇ ਨੇ ਵਾਧੂ-ਘਾਟੂ ਬਚੀ ਲੱਕੜ ਨੂੰ ਆਰੇ ਦੇ ਬਾਹਰ ਖੜੀ ਰੇਹੜੀ ਵਿਚ ਰੱਖਣਾ ਸੀ ਅਤੇ ਫੇਰ ਰੇਹੜੀ ਨੂੰ ਖਿੱਚ ਕੇ ਲੰਗਰ ਤਕ ਲਿਜਾਣਾ ਸੀ। ਬਾਲਣ ਲੰਗਰ 'ਚ ਲਾਹ ਕੇ ਮੁੜ ਆਰੇ 'ਤੇ ਆਉਣਾ ਸੀ।

ਧਰਮਪਾਲ ਵੱਲੋਂ ਹੁਕਮ ਸੀ ਕਿ ਹਾਕਮ ਨੂੰ ਸ਼ਤੀਰੀਆਂ ਢੋਣ 'ਤੇ ਲਾਉਣਾ ਹੈ।



ਮੀਤੇ ਨੇ ਹੁਕਮ-ਅਦੂਲੀ ਕਰ ਕੇ ਅਤੇ ਆਪਣੇ ਅਧਿਕਾਰਾਂ ਦੀ ਵਰਤੋਂ ਕਰ ਕੇ ਹਾਕਮ ਨੂੰ ਖਲਪਾੜਾਂ ਢੋਣ ਦੇ ਹਲਕੇ ਕੰਮ 'ਤੇ ਲਾ ਦਿੱਤਾ। ਉਸ ਦੀ ਮਦਦ ਲਈ ਇਕ ਹੋਰ ਕੈਦੀ ਲਾ ਦਿੱਤਾ।

ਚਾਰ ਕੁ ਚੱਕਰ ਲਾਉਣ ਬਾਅਦ ਹਾਕਮ ਨੂੰ ਥਕਾਵਟ ਮਹਿਸੂਸ ਹੋਣ ਲੱਗੀ। ਸ਼ਿੱਲਤਾਂ ਨੇ ਉਸ ਦੀਆਂ ਹਥੇਲੀਆਂ ਅਤੇ ਉਂਗਲਾਂ ਨੂੰ ਵਿੰਨ੍ਹ ਦਿੱਤਾ ਸੀ। ਕੁਝ ਸ਼ਿੱਲਤਾਂ ਉਸ ਨੇ ਨਹੁੰਆਂ ਨਾਲ ਕੱਢ ਦਿੱਤੀਆਂ। ਕੁਝ ਫੇਰ ਵੀ ਮਾਸ ਵਿਚ ਖੁੱਭੀਆਂ ਰਹਿ ਗਈਆਂ। ਇਹ ਸ਼ਿੱਲਤਾਂ ਉਸ ਨੂੰ ਤਕਲੀਫ਼ ਪਹੁੰਚਾਉਣ ਲੱਗੀਆਂ।

ਹਾਕਮ ਦੇ ਨਾਲ ਕੰਮ ਕਰਦੇ ਕੈਦੀ ਨੂੰ ਲੰਗਰ ਦੇ ਮੁਨਸ਼ੀ ਕੋਲੋਂ ਗਾਲ੍ਹਾਂ ਪੈਣ ਲੱਗੀਆਂ। ਬਾਲਣ ਲੇਟ ਪੁੱਜ ਰਿਹਾ ਸੀ। ਚੁੱਲ੍ਹਿਆਂ ਦੀ ਅੱਗ ਮੱਠੀ ਪੈਂਦੀ ਜਾ ਰਹੀ ਸੀ। ਕੈਦੀ ਨੂੰ ਰੇਹੜੀ ਜਲਦੀ-ਜਲਦੀ ਲੈ ਕੇ ਆਉਣ ਦੀ ਹਿਦਾਇਤ ਹੋਈ।

ਹਾਕਮ ਸਾਥੀ ਕੈਦੀ ਦੀ ਮਜਬੂਰੀ ਸਮਝ ਰਿਹਾ ਸੀ। ਉਸ ਦੀ ਕਮਜ਼ੋਰੀ ਕਾਰਨ ਸਾਥੀ ਕੈਦੀ ਨੂੰ ਝਾੜਾਂ ਪੈ ਰਹੀਆਂ ਸਨ। ਹਾਕਮ ਨੇ ਅੰਦਾਜ਼ਾ ਲਾਇਆ ਕਿ ਗਾਲ੍ਹਾਂ ਉਸ ਨੂੰ ਵੀ ਪੈਣ ਵਾਲੀਆਂ ਹਨ।

ਝਾੜ-ਝੰਬ ਤੋਂ ਬਚਣ ਲਈ ਹਾਕਮ ਤੇਜ਼ੀ ਫੜਨ ਲੱਗਾ। ਹੱਥਾਂ ਵਿਚ ਦੋ ਕੁ ਖਲਪਾੜਾਂ ਲਿਜਾਣ ਦੀ ਥਾਂ ਉਹ ਬਾਹਾਂ ਉਪਰ ਰੱਖ ਕੇ ਬਾਰਾਂ-ਬਾਰਾਂ ਖਲਪਾੜਾਂ ਲਿਜਾਣ ਲੱਗਾ।

ਸੱਤ-ਅੱਠ ਚੱਕਰਾਂ ਬਾਅਦ ਬਾਹਾਂ ਜਵਾਬ ਦੇਣ ਲੱਗੀਆਂ। ਉਸ ਦੀ ਕਮੀਜ਼ ਭਾਵੇਂ ਪੂਰੀਆਂ ਬਾਹਾਂ ਵਾਲੀ ਸੀ ਫੇਰ ਵੀ ਸ਼ਿੱਲਤਾਂ ਅਤੇ ਲੱਕੜ ਦੀਆਂ ਤਿੱਖੀਆਂ ਨੁੱਕਰਾਂ ਚਮੜੀ ਤਕ ਮਾਰ ਕਰਨ ਲੱਗੀਆਂ। ਜੋੜ ਸਾਥ ਛੱਡਣ ਲੱਗੇ। ਭਾਰ ਕਾਰਨ ਬਾਹਾਂ ਹੇਠਾਂ ਨੂੰ ਲੁੜਕਣ ਲੱਗੀਆਂ।

ਸ਼ਤੀਰੀਆਂ ਢੋਂਦੇ ਕੈਦੀ ਹਾਕਮ ਦੀ ਸਥਿਤੀ ਨੂੰ ਭਾਂਪ ਗਏ। ਉਹਨਾਂ ਸ਼ਤੀਰੀਆਂ ਢੋਣ ਦੀ ਰਫ਼ਤਾਰ ਤੇਜ਼ ਕਰ ਦਿੱਤੀ। ਅੱਧੇ ਘੰਟੇ ਵਿਚ ਉਹਨਾਂ ਨੇ ਆਰੇ ਅੱਗੇ ਸ਼ਤੀਰੀਆਂ ਦਾ ਢੇਰ ਲਾ ਦਿੱਤਾ। ਜਿੰਨੀ ਦੇਰ ਵਿਚ ਇਹ ਸ਼ਤੀਰੀਆਂ ਚਿਰਨਗੀਆਂ ਓਨੀ ਦੇਰ ਵਿਚ ਉਹ ਹਾਕਮ ਦਾ ਕੰਮ ਨਿਬੇੜ ਦੇਣਗੇ।

ਮਸ਼ੀਨ ਨੂੰ ਤੇਲ ਦੇਣ ਦੇ ਬਹਾਨੇ ਮਿਸਤਰੀ ਨੇ ਆਰਾ ਰੋਕ ਦਿੱਤਾ। ਕੈਦੀਆਂ ਨੂੰ ਹਾਕਮ ਦੀ ਮਦਦ ਕਰਨ ਦਾ ਹੋਰ ਸਮਾਂ ਮਿਲ ਗਿਆ।

"ਨਹੀਂ, ਮੈਂ ਆਪਣਾ ਕੰਮ ਆਪ ਕਰੂੰਗਾ", ਹਾਕਮ ਨੇ ਪਰਵਾਸੀਆਂ ਨੂੰ ਖਲਪਾੜਾਂ ਚੁੱਕਣ ਤੋਂ ਰੋਕਿਆ।

ਇਹਨਾਂ ਵਿਚਾਰਿਆਂ ਨੂੰ ਕੀ ਪਤਾ ਸੀ ਕਿ ਕਿਸੇ ਦੂਜੇ ਕੈਦੀ ਕੋਲੋਂ ਆਪਣੇ ਹਿੱਸੇ ਦੀ ਮੁਸ਼ੱਕਤ ਕਰਾਉਣਾ ਅਤੇ ਦੂਜੇ ਲਈ ਮੁਸ਼ੱਕਤ ਕਰਨਾ ਦੋਵੇਂ ਜੁਰਮ ਹਨ। ਇਹਨੀਂ ਦਿਨੀਂ ਜੇਲ੍ਹ ਅਧਿਕਾਰੀ ਹਾਕਮ ਨੂੰ ਜੇਲ੍ਹ ਮੈਨੂਅਲ ਪੜ੍ਹਾਉਣ 'ਤੇ ਤੁੱਲੇ ਹੋਏ ਸਨ। ਝੱਟ ਉਹ ਮੈਨੂਅਲ ਕੱਢ ਕੇ ਬੈਠ ਜਾਣਗੇ ਅਤੇ ਹਾਕਮ ਦੇ ਨਾਲ-ਨਾਲ ਪਰਵਾਸੀਆਂ ਦਾ ਜਿਉਣਾ ਵੀ ਹਰਾਮ ਕਰ ਦੇਣਗੇ।

ਆਰਾਮ ਵਾਲੀ ਘੰਟੀ ਖੜਕਣ ਤਕ ਹਾਕਮ ਧੂਹ-ਘੜੀਸ ਕਰਦਾ ਰਿਹਾ।

ਪੰਦਰਾਂ ਮਿੰਟ ਸੁਸਤਾਉਣ ਬਾਅਦ ਸਰੀਰ ਹਲਕਾ ਹੋਣ ਦੀ ਥਾਂ ਹੋਰ ਭਾਰਾ ਹੋ ਗਿਆ। ਬਾਹਾਂ ਸੁੱਜ ਗਈਆਂ, ਉਂਗਲਾਂ ਆਕੜ ਗਈਆਂ। ਢੂਹੀ ਦੁਖਣ ਲੱਗੀ।

"ਹੁਣ ਹੋਰ ਕੰਮ ਨਹੀਂ ਹੋਣਾ।" ਹਾਕਮ ਨੂੰ ਮਹਿਸੂਸ ਹੋਣ ਲੱਗਾ।

ਪਰ ਮੁਸ਼ੱਕਤ ਕਰਨੀ ਵੀ ਜ਼ਰੂਰੀ ਸੀ। ਕੁਤਾਹੀ ਹੁੰਦਿਆਂ ਹੀ ਉਸ ਦੀ ਛੁੱਟੀ ਬੰਦ ਹੋ ਜਾਣੀ ਸੀ। ਰਹਿੰਦਾ ਕੰਮ ਪੂਰਾ ਕਰਨ ਲਈ ਉਸ ਨੂੰ ਛੁੱਟੀ ਵਾਲੇ ਦਿਨ ਬੁਲਾਇਆ ਜਾਣਾ ਸੀ। ਉਸ ਦਿਨ ਕਿਹੜਾ ਉਸ ਤੋਂ ਕੰਮ ਹੋਣਾ ਸੀ। ਸਜ਼ਾ ਦੇ ਤੌਰ ’ਤੇ ਉਸ ਦੀਆਂ ਮੁਆਫ਼ੀਆਂ ਬੰਦ ਹੋਣੀਆਂ ਸਨ। ਖਾਣੇ ਵਿਚ ਕਟੌਤੀ ਹੋਣੀ ਸੀ।

ਹਾਲ ਦੀ ਘੜੀ ਹਾਕਮ ਇਹ ਜ਼ੋਖ਼ਮ ਨਹੀਂ ਸੀ ਉਠਾ ਸਕਦਾ। ਹਰ ਹਾਲ ਵਿਚ ਉਸ ਨੂੰ ਮੁਸ਼ੱਕਤ ਕਰਨੀ ਪੈਣੀ ਸੀ।

ਨਾਲੇ ਹਾਕਮ ਲੱਕੜਾਂ ਢੋਂਦਾ ਰਿਹਾ, ਨਾਲੇ ਲਹੂ-ਪੀਣੇ ਸਮਾਂ ਵਿਹਾਅ ਚੁੱਕੇ ਕਾਨੂੰਨ ਨੂੰ ਕੋਸਦਾ ਰਿਹਾ। ਇਹ ਕਿਹੜਾ ਕਾਨੂੰਨ ਹੈ ਜਿਹੜਾ ਮਨੁੱਖਾਂ ਨੂੰ ਪਸ਼ੂ ਬਣਾਉਣ ਲਈ ਅਫ਼ਸਰਾਂ ਨੂੰ ਮਨਮਰਜ਼ੀ ਕਰਨ ਦੀ ਖੁੱਲ੍ਹ ਦਿੰਦਾ ਹੈ?

ਫੇਰ ਉਹ ਸੋਚਦਾ। ਕਾਨੂੰਨ ਤਾਂ ਕਾਨੂੰਨ ਹੈ। ਕਸੂਰ ਉਹਨਾਂ ਨੂੰ ਲਾਗੂ ਕਰਨ ਵਾਲਿਆਂ ਦਾ ਹੈ। ਕਸੂਰ ਹੈ ਉਹਨਾਂ ਨੂੰ ਸਮੇਂ-ਸਮੇਂ ਨਾ ਸੋਧਣ ਵਾਲਿਆਂ ਦਾ।

ਹਾਕਮ ਨੂੰ ਨੇਤਾਵਾਂ ਦੀ ਯਾਦ ਆਉਣ ਲੱਗੀ। ਜਵਾਹਰ ਲਾਲ ਨਹਿਰੂ ਤੋਂ ਲੈ ਕੇ ਸੁਰਜੀਤ ਸਿੰਘ ਬਰਨਾਲਾ ਤਕ ਨੇ ਜੇਲ੍ਹ ਦਾ ਸਵਾਦ ਚੱਖਿਆ ਹੈ। ਮੋਟੀਆਂ-ਮੋਟੀਆਂ ਕਿਤਾਬਾਂ ਲਿਖ ਕੇ ਜੇਲ੍ਹ-ਕਾਨੂੰਨ ਅਤੇ ਜੇਲ੍ਹ ਪ੍ਰਬੰਧ ਨੂੰ ਭੰਡਿਆ ਹੈ। ਪਰ ਕੁਰਸੀ ’ਤੇ ਬੈਠਦਿਆਂ ਹੀ ਉਹਨਾਂ ਨੂੰ ਸਭ ਕੁਝ ਭੁੱਲ ਜਾਂਦਾ ਹੈ। ਲੋਕ-ਪੱਖੀ ਕਾਨੂੰਨ ਕੀ ਘੜਨੇ ਹਨ, ਇਹਨਾਂ ਨੂੰ ਹਾਲੇ ਤਕ ਅੰਗਰੇਜ਼ਾਂ ਵੱਲੋਂ ਕੈਦੀਆਂ ਉਪਰ ਗਾਂਧੀ ਟੋਪੀ ਪਾਉਣ ’ਤੇ ਲਾਈ ਪਾਬੰਦੀ ਹਟਾਉਣ ਦੀ ਵਿਹਲ ਨਹੀਂ ਮਿਲੀ। ਇਹ ਅੰਗਰੇਜ਼ਾਂ ਦੇ ਉੱਤਰ-ਅਧਿਕਾਰੀ ਹਨ। ਉਹਨਾਂ ਦੀਆਂ ਪਾਈਆਂ ਲੀਹਾਂ ’ਤੇ ਚੱਲ ਰਹੇ ਹਨ। ਕਾਨੂੰਨ ਲੋਕਾਂ ਨੂੰ ਗ਼ੁਲਾਮ ਬਣਾਈ ਰੱਖਣ ਲਈ ਘੜੇ ਗਏ ਸਨ। ਇਹੋ ਇਹ ਦੱਸਣਾ ਚਾਹੁੰਦੇ ਹਨ। ਇਹਨਾਂ ਦਾ ਸਿਰ ਨਹੀਂ ਭਵਿਆਂ। ਕਾਨੂੰਨ ਨੂੰ ਨਵੇਂ ਸਿਰਿਉਂ ਕਿਉਂ ਲਿਖਣ?

ਦੁਪਹਿਰ ਸਮੇਂ ਪਰਵਾਸੀਆਂ ਨੇ ਚੁੱਲ੍ਹੇ ਉਪਰ ਪਾਣੀ ਵਾਲਾ ਪਤੀਲਾ ਚਾੜ੍ਹ ਦਿੱਤਾ। ਵਿਚ ਭੁੱਕੀ ਦਾ ਬੁੱਕ ਸੁੱਟ ਦਿੱਤਾ। ਜਦੋਂ ਪਾਣੀ ਨੂੰ ਦਸ ਪੰਦਰਾਂ ਉਬਾਲੇ ਆ ਗਏ, ਵਿਚ ਗੁੜ ਅਤੇ ਚਾਹ ਪੱਤੀ ਸੁੱਟ ਦਿੱਤੀ। ਫੇਰ ਉਹ ਕਾਹੜੇ ਦੇ ਠੰਢਾ ਹੋਣ ਦਾ ਇੰਤਜ਼ਾਰ ਕਰਨ ਲੱਗੇ।

ਅੱਜ ਤਕ ਹਾਕਮ ਨੇ ਨਸ਼ਿਆਂ ਦੇ ਸੇਵਨ ਵਿਰੁੱਧ ਪ੍ਰਚਾਰ ਕੀਤਾ ਸੀ। ਕੈਦੀਆਂ ਨੂੰ ਨਸ਼ੇ ਛੱਡਣ ਲਈ ਪ੍ਰੇਰਿਆ ਸੀ। ਕੰਮ ਨੂੰ ਸਿਰੇ ਚਾੜ੍ਹਨ ਲਈ ਅੱਜ ਉਸ ਨੂੰ ਖ਼ੁਦ ਨਸ਼ੇ ਦੀ ਲੋੜ ਮਹਿਸੂਸ ਹੋ ਰਹੀ ਸੀ।

ਸ਼ਤੀਰੀਆਂ ਉਪਰ ਲੇਟ ਕੇ ਆਰਾਮ ਕਰਦਾ ਹਾਕਮ ਪਰਵਾਸੀਆਂ ਵੱਲੋਂ ਚਾਹ ਦੀ ਸੁਲਾਹ ਵੱਜਣ ਦੀ ਉਡੀਕ ਕਰਨ ਲੱਗਾ।

ਮੀਤਾ ਹਾਕਮ ਤੋਂ ਦੋ ਕਦਮ ਅੱਗੇ ਸੋਚੀ ਬੈਠਾ ਸੀ। ਉਸ ਨੇ ਚਾਹ ਦੇ ਨਾਲ-ਨਾਲ ਕਾਲੀ ਮਾਈ ਵੀ ਪਰੋਸ ਦਿੱਤੀ।

ਪਹਿਲੇ ਹੱਲੇ ਹਾਕਮ ਚਾਹ ਵਾਲਾ ਗਲਾਸ ਫੜਨ ਤੋਂ ਝਿਜਕਿਆ। ਦੋਵੇਂ ਨਸ਼ੇ ਮਹਿੰਗੇ ਸਨ। ਪਰਵਾਸੀਆਂ ਨੇ ਹੱਡ ਵੇਚ ਕੇ ਖ਼ਰੀਦੇ ਹੋਣਗੇ। ਉਹ ਉਹਨਾਂ ਦੀ ਮਿਹਨਤ ਦੀ ਕਮਾਈ ’ਤੇ ਛਾਪਾ ਨਹੀਂ ਸੀ ਮਾਰਨਾ ਚਾਹੁੰਦਾ।

ਨਸ਼ਾ ਅੰਦਰ ਸੁੱਟਣ ਤੋਂ ਗੁਰੇਜ਼ ਕਰਨ ਦਾ ਇਕ ਹੋਰ ਕਾਰਨ ਵੀ ਸੀ। ਅੱਗੋਂ ਤੋਂ ਮੁਸ਼ੱਕਤ ਉਸ ਨੂੰ ਹਰ ਰੋਜ਼ ਕਰਨੀ ਪੈਣੀ ਸੀ। ਕਿਧਰੇ ਉਹ ਨਸ਼ੇ ’ਤੇ ਨਾ ਲੱਗ ਜਾਵੇ। ਸਜ਼ਾ ਸਮਾਪਤ ਹੋਣ ਤਕ ਕਿਧਰੇ ਉਹ ਅਮਲੀ ਨਾ ਬਣ ਜਾਵੇ।



ਭਵਿੱਖ ਬਾਰੇ ਸੋਚ-ਸੋਚ ਵਰਤਮਾਨ ਨੂੰ ਬਰਬਾਦ ਨਹੀਂ ਸੀ ਕੀਤਾ ਜਾ ਸਕਦਾ। ਹਾਲ ਦੀ ਘੜੀ ਹਾਕਮ ਸਾਹਮਣੇ ਅੱਜ ਦਾ ਦਿਨ ਸਹੀ ਸਲਾਮਤ ਕੱਢਣ ਦੀ ਸਮੱਸਿਆ ਸੀ।

ਸਾਰੇ ਹਾਲਾਤ ਨੂੰ ਵਿਚਾਰ ਕੇ ਹਾਕਮ ਨੇ ਕੌੜਾ ਘੁੱਟ ਭਰ ਲਿਆ।

ਦੋਬਾਰਾ ਕੰਮ ਸ਼ੁਰੂ ਕਰਨ ਤਕ ਸਰੀਰ ਤਕੜਾ-ਤਕੜਾ ਮਹਿਸੂਸ ਕਰਨ ਲੱਗਾ। ਦਰਦ ਖੰਭ ਲਾ ਗਿਆ।

ਘੰਟਾ ਕੁ ਡੁੱਟੀ ਲਾਉਣ ਬਾਅਦ ਸਰੀਰ ਫੇਰ ਢਿੱਲਾ ਪੈਣ ਲੱਗਾ। ਕੰਮ ਦੀ ਰਫ਼ਤਾਰ ਸੁਸਤ ਹੋਣ ਲੱਗੀ।

“ਓਏ ਹਰਾਮ ਦਿਆ! ਤੂੰ ਇਸ ਨੂੰ ਸ਼ਤੀਰੀਆਂ ਚੁੱਕਣ ’ਤੇ ਨਹੀਂ ਲਾਇਆ?”

ਅਚਾਨਕ ਦੌਰੇ ’ਤੇ ਆਇਆ ਡਿਪਟੀ ਜਦੋਂ ਮੀਤੇ ’ਤੇ ਕੜਕਿਆ ਤਾਂ ਹਾਕਮ ਨੂੰ ਆਪਣੇ ਹੱਡ-ਹਰਾਮੀ ਹੋਣ ’ਤੇ ਸ਼ਰਮ ਆਈ। ਉਸ ਕਾਰਨ ਇਕ ਗ਼ਰੀਬ ਨੂੰ ਝਿੜਕਾਂ ਪੈਣ ਲੱਗੀਆਂ ਸਨ।

“ਚੱਲ ਬਈ ਉਧਰ ਚੱਲ।” ਚੋਰੀ ਫੜੀ ਜਾਣ ’ਤੇ ਛਿੱਥੇ ਪੈਂਦੇ ਮੀਤੇ ਨੇ ਹਾਕਮ ਨੂੰ ਸ਼ਤੀਰੀਆਂ ਵੱਲ ਜਾਣ ਦਾ ਹੁਕਮ ਸੁਣਾਇਆ।

ਸਾਊਆਂ ਵਾਂਗ ਹਾਕਮ ਸ਼ਤੀਰੀਆਂ ਦੇ ਢੇਰ ਵੱਲ ਹੋ ਗਿਆ।

ਸਾਰੀ ਹਿੰਮਤ ਬਟੋਰ ਕੇ ਹਾਕਮ ਨੇ ਸ਼ਤੀਰੀ ਨੂੰ ਹੱਥ ਪਾਇਆ। ਚੁੱਕ ਕੇ ਇਕ ਸਿਰਾ ਆਪਣੇ ਮੋਢੇ ’ਤੇ ਰੱਖ ਲਿਆ। ਦੂਜੇ ਸਿਰੇ ਨੂੰ ਇਕ ਪਰਵਾਸੀ ਕੈਦੀ ਨੇ ਸੰਭਾਲ ਲਿਆ।

ਸ਼ਤੀਰੀ ਮੋਢੇ ’ਤੇ ਚੁੱਕ ਕੇ ਲਿਜਾਂਦੇ ਹਾਕਮ ਨੂੰ ਆਰੇ ਅਤੇ ਸ਼ਤੀਰੀਆਂ ਵਿਚਕਾਰਲਾ ਤੀਹ ਕੁ ਫ਼ੁੱਟ ਦਾ ਫ਼ਾਸਲਾ ਤੀਹ ਮੀਲਾਂ ਜਿੰਨਾ ਲੱਗਾ।

ਸੌ ਸੁੱਖਾਂ ਸੁੱਖ ਕੇ ਮਸਾਂ ਆਰਾ ਆਇਆ। ਸ਼ਤੀਰੀ ਹੇਠਾਂ ਸੁੱਟਦੇ ਹਾਕਮ ਨੂੰ ਲੱਗਾ ਜਿਵੇਂ ਉਸ ਦਾ ਮੋਢਾ ਸੁੰਨ ਹੋ ਗਿਐ।

ਹਾਕਮ ਨੇ ਚੋਰ-ਅੱਖ ਨਾਲ ਇਧਰ-ਉਧਰ ਦੇਖਿਆ। ਥਮ੍ਹਲੇ ਪਿੱਛੇ ਖੜਾ ਧਰਮਪਾਲ ਮੋਢਾ ਮਲਦੇ ਹਾਕਮ ਨੂੰ ਦੇਖ ਰਿਹਾ ਸੀ। ਉਸ ਦੇ ਬੁੱਲ੍ਹਾਂ ’ਤੇ ਮੁਸਕਰਾਹਟ ਸੀ। ਮੁਸਕਰਾਹਟ ਦਾ ਅਰਥ ਹਾਕਮ ਚੰਗੀ ਤਰ੍ਹਾਂ ਸਮਝ ਰਿਹਾ ਸੀ।

ਤਿੰਨ ਸ਼ਤੀਰੀਆਂ ਢੋਣ ਬਾਅਦ ਮੋਢਿਆਂ ਦੇ ਨਾਲ-ਨਾਲ ਹਾਕਮ ਦਾ ਲੱਕ ਵੀ ਦੁਖਣ ਲੱਗਾ। ਗੋਡੇ ਕੜਕਣ ਲੱਗੇ। ਪੈਰ ਹਜ਼ਾਰਾਂ ਮਣ ਭਾਰੇ ਹੋ ਗਏ। ਇਕ ਕਦਮ ਪੁੱਟਣ ਬਾਅਦ ਦੂਜਾ ਕਦਮ ਪੁੱਟਣਾ ਅਸੰਭਵ ਜਾਪਦਾ।

ਚੌਥੀ ਸ਼ਤੀਰੀ ਮੋਢੇ ’ਤੇ ਰੱਖਦਿਆਂ ਹੀ ਉਸ ਦੀਆਂ ਅੱਖਾਂ ਅੱਗੇ ਭੰਬੂ-ਤਾਰੇ ਨੱਚਣ ਲੱਗੇ। ਪੈਰ ਥਿੜਕਣ ਲੱਗੇ। ਥਿੜਕਦਾ-ਥਿੜਕਦਾ ਹਾਕਮ ਪੂਰੀ ਤਰ੍ਹਾਂ ਥਿੜਕ ਗਿਆ। ਗ਼ੁਬਾਰ ਪੇਟ ਵਿਚੋਂ ਉੱਠ ਕੇ ਸਿਰ ਨੂੰ ਚੜ੍ਹਨ ਲੱਗਾ। ਘੁਮੇਰ ਆਉਣ ਲੱਗੀ।

ਨੀਮ-ਬੇਹੋਸ਼ੀ ਵਿਚ ਉਸ ਨੂੰ ਮਹਿਸੂਸ ਹੋਇਆ ਜਿਵੇਂ ਉਹ ਜ਼ਮੀਨ ਉਪਰ ਡਿੱਗ ਰਿਹਾ ਹੈ। ਜਿਵੇਂ ਸ਼ਤੀਰੀ ਉਸ ਉਪਰ ਗਿਰ ਰਹੀ ਹੈ, ਜਿਵੇਂ ਉਸ ਦੀਆਂ ਹੱਡੀਆਂ ਕੜ-ਕੜ ਕਰ ਕੇ ਟੁੱਟ ਰਹੀਆਂ ਹਨ, ਜਿਵੇਂ ਦੂਰ ਖੜਾ ਧਰਮਪਾਲ ਉੱਚੀ-ਉੱਚੀ ਹੱਸ ਰਿਹਾ ਹੈ।

## 52

"ਸਰਦਾਰ ਜੀ, ਤੁਸੀਂ ਠੀਕ ਹੋ ਗਏ ਹੋ। ਅੱਜ-ਭਲਕ ਤੁਹਾਨੂੰ ਛੁੱਟੀ ਕਰ ਦਿੱਤੀ ਜਾਏਗੀ।"

ਜਦੋਂ ਤੋਂ ਕੰਪਾਊਡਰ ਦੇ ਸਹਾਇਕ ਸ਼ਾਮ ਲਾਲ ਕੈਦੀ ਨੇ ਹਾਕਮ ਨੂੰ ਇਹ ਖ਼ਬਰ ਸੁਣਾਈ ਸੀ, ਉਦੋਂ ਤੋਂ ਉਸ ਦੀ ਬੇਚੈਨੀ ਹੋਰ ਵਧ ਗਈ ਸੀ।

ਆਮ ਹਸਪਤਾਲਾਂ ਵਿਚ ਮਰੀਜ਼ ਨੂੰ ਛੁੱਟੀ ਮਿਲਣ ਦੀ ਖ਼ਬਰ ਸੌ ਸੁੱਖਾਂ ਸੁੱਖਣ ਬਾਅਦ ਮਿਲਦੀ ਹੈ। ਜੇਲ੍ਹ ਹਸਪਤਾਲ ਵਿਚ ਸਥਿਤੀ ਇਸ ਦੇ ਉਲਟ ਹੁੰਦੀ ਹੈ। ਛੁੱਟੀ ਹੋਣ ਦੀ ਖ਼ਬਰ ਸੁਣਦਿਆਂ ਹੀ ਕੈਦੀ ਦੇ ਚਿਹਰੇ 'ਤੇ ਹਵਾਈਆਂ ਉੱਡਣ ਲੱਗਦੀਆਂ ਹਨ। ਉਹ ਕੁਝ ਦਿਨ ਹੋਰ ਦਾਖ਼ਲ ਰਹਿਣ ਲਈ ਤਰਲੋ-ਮੱਛੀ ਹੋਣ ਲੱਗਦਾ ਹੈ।

ਹਾਕਮ ਮਚਲਾ ਬਣ ਕੇ ਹਸਪਤਾਲ ਦਾਖ਼ਲ ਰਹਿਣ ਦਾ ਇੱਛੁਕ ਨਹੀਂ ਸੀ। ਠੀਕ ਹੋਣਾ ਦੂਰ, ਦਿਨੋ-ਦਿਨ ਉਸ ਦੀ ਹਾਲਤ ਵਿਗੜ ਰਹੀ ਸੀ। ਉਸ ਦੇ ਜ਼ਖ਼ਮ ਅੱਲ੍ਹੇ ਸਨ। ਤੁਰਨਾ ਫਿਰਨਾ ਮੁਸ਼ਕਲ ਸੀ। ਅਜਿਹੀ ਹਾਲਤ ਵਿਚ ਉਸ ਨੂੰ ਕੰਮ 'ਤੇ ਭੇਜਣਾ ਘੋਰ ਬੇਇਨਸਾਫ਼ੀ ਸੀ।

"ਜੇਲ੍ਹ ਪ੍ਰਸ਼ਾਸਨ ਮੈਨੂੰ ਮਾਰਨ 'ਤੇ ਤੁਲਿਆ ਹੋਇਆ ਹੈ।" ਇਸ ਖ਼ਬਰ ਤੋਂ ਬਾਅਦ ਹਾਕਮ ਦਾ ਸ਼ੱਕ ਯਕੀਨ ਵਿਚ ਬਦਲਣ ਲੱਗਾ।

ਚਾਰ ਦਿਨਾਂ ਤੋਂ ਉਹ ਹਸਪਤਾਲ ਵਿਚ ਰੁਲ ਰਿਹਾ ਸੀ। ਕਿਸੇ ਨੇ ਇਕ ਵਾਰੀ ਵੀ ਉਸ ਦੇ ਜ਼ਖ਼ਮਾਂ ਦਾ ਮੁਆਇਨਾ ਨਹੀਂ ਸੀ ਕੀਤਾ। ਡਾਕਟਰ ਨੇ ਜਾਣ ਬੁੱਝ ਕੇ ਹਸਪਤਾਲ ਆਉਣਾ ਛੱਡ ਦਿੱਤਾ ਸੀ। ਹਾਕਮ ਪਹਿਲੇ ਦਿਨ ਤੋਂ ਦੁਹਾਈ ਪਾ ਰਿਹਾ ਸੀ "ਮੇਰੇ ਪੈਰ ਦਾ ਦਰਦ ਵਧਦਾ ਜਾ ਰਿਹਾ ਹੈ। ਕੋਈ ਹੱਡੀ ਟੁੱਟ ਗਈ ਜਾਪਦੀ ਹੈ। ਮੇਰੇ ਪੈਰ ਦਾ ਐਕਸ-ਰੇ ਕਰਾਓ। ਪੈਰ 'ਤੇ ਪਲੱਸਤਰ ਲਾਓ।" ਪਰ ਕੰਪਾਊਡਰ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦਾ। ਕਹਿੰਦਾ ਸੀ, "ਮੈਂ ਪੜਤਾਲ ਕਰ ਲਈ ਹੈ। ਹੱਡੀ ਠੀਕ ਹੈ, ਕੇਵਲ ਮਾਸ ਫਟਿਆ ਹੈ।" ਹਾਕਮ ਦਾ ਵਹਿਮ ਕੱਢਣ ਲਈ ਉਸ ਨੇ ਬਹਾਦਰਾਂ ਦੀ ਬੈਰਕ ਵਿਚੋਂ ਮੀਏਂ ਨੂੰ ਬੁਲਾਇਆ। ਕੈਦੀਆਂ ਦੀਆਂ ਲੱਤਾਂ-ਬਾਹਾਂ ਟੁੱਟਦੀਆਂ ਰਹਿੰਦੀਆਂ ਹਨ। ਹਰ ਇਕ ਨੂੰ ਸਿਵਲ ਹਸਪਤਾਲ ਕੌਣ ਲਿਜਾਂਦਾ ਫਿਰੇ? ਟੁੱਟੀਆਂ ਹੱਡੀਆਂ ਉਹੋ ਬੰਨ੍ਹਦਾ ਹੈ। ਮੀਏਂ ਨੇ ਵੀ ਕੰਪਾਊਡਰ ਦੀ ਹਾਂ ਵਿਚ ਹਾਂ ਮਿਲਾਈ। ਪੱਟੀ ਖੋਲ੍ਹੀ, ਕੱਸ ਕੇ ਬੰਨ੍ਹੀ ਤੇ ਚਲਾ ਗਿਆ।

ਹਾਕਮ ਦੇ ਬਾਕੀ ਜ਼ਖ਼ਮਾਂ ਦਾ ਹਾਲ ਵੀ ਪੈਰ ਵਰਗਾ ਹੀ ਸੀ। ਪਹਿਲੇ ਦਿਨ ਜੋ ਮਲ੍ਹਮ ਪੱਟੀ ਹੋਣੀ ਸੀ, ਹੋ ਗਈ। ਮੁੜ ਨਾ ਜ਼ਖ਼ਮਾਂ ਨੂੰ ਸਾਫ਼ ਕੀਤਾ ਗਿਆ, ਨਾ ਪੱਟੀ ਬਦਲੀ ਗਈ। ਹਾਕਮ ਦੀ ਪੱਟੀਆਂ ਬਦਲਣ ਦੀ ਬੇਨਤੀ 'ਬੱਸ ਆਇਆ' ਆਖ ਕੇ ਠੁਕਰਾ ਦਿੱਤੀ ਜਾਂਦੀ ਰਹੀ।

ਕੱਲ੍ਹ ਤੋਂ ਹਾਕਮ ਦੇ ਜ਼ਖ਼ਮਾਂ ਵਿਚ ਟੱਸ-ਟੱਸ ਹੋ ਰਹੀ ਸੀ। ਜਾਪਦਾ ਜੀ ਜ਼ਖ਼ਮਾਂ ਵਿਚ ਪੱਸ ਪੈ ਗਈ ਹੈ। ਜ਼ਖ਼ਮਾਂ ਨੂੰ ਅੰਦਰੋਂ ਦਵਾਈਆਂ ਅਤੇ ਬਾਹਰੋਂ ਮਲ੍ਹਮ ਪੱਟੀ ਨਾਲ ਸੁਕਾਉਣਾ ਜ਼ਰੂਰੀ



ਸੀ। ਐਂਟੀਬਾਇਓਟਿਕ ਦੀ ਥਾਂ ਉਸ ਨੂੰ ਪੇਨ ਕਿਲਰ ਦਿੱਤੇ ਜਾ ਰਹੇ ਹਨ। ਜ਼ਖ਼ਮ ਤਾਬ ਆਉਣ ਤਾਂ ਕਿਸ ਤਰ੍ਹਾਂ?

ਹਾਕਮ ਦੀ ਸੱਜੀ ਅੱਖ, ਕੂਹਣੀ, ਖੱਬੀ ਲੱਤ ਅਤੇ ਪੈਰ ਬੁਰੀ ਤਰ੍ਹਾਂ ਜ਼ਖ਼ਮੀ ਸਨ। ਗੋਡਿਆਂ, ਮੋਢਿਆਂ ਤੋਂ ਲੈ ਕੇ ਗਰਦਨ ਤਕ ਸਾਰੇ ਸਰੀਰ 'ਤੇ ਰਗੜਾਂ ਸਨ।

ਜ਼ਖ਼ਮਾਂ ਦੇ ਨਾਲ-ਨਾਲ ਹਾਕਮ ਹੇਠਲੇ ਵਾਰਡ ਦੇ ਮਾਹੌਲ ਤੋਂ ਵੀ ਦੁਖੀ ਸੀ। ਦਸ ਬਿਸਤਰਿਆਂ ਵਾਲੇ ਕਮਰੇ ਵਿਚ ਪੰਦਰਾਂ ਮੰਜੇ ਅੜਾ ਦਿੱਤੇ ਗਏ ਸਨ। ਪੰਦਰਾਂ ਦੀ ਥਾਂ ਪੈਂਤੀ ਮਰੀਜ਼ ਭਰਤੀ ਕਰ ਦਿੱਤੇ ਗਏ ਸਨ। ਕਿਸੇ ਨੂੰ ਪੀਲੀਆ ਸੀ, ਕਿਸੇ ਨੂੰ ਦਮਾ ਅਤੇ ਕਿਸੇ ਨੂੰ ਟੀ.ਬੀ। ਕੋਈ ਬਾਹਰ ਕਰਾਹ ਰਿਹਾ ਸੀ, ਕੋਈ ਖੰਘ ਰਿਹਾ ਸੀ। ਕੋਈ ਉਲਟੀਆਂ ਕਰ ਰਿਹਾ ਸੀ। ਕੋਈ ਬੀੜੀ ਪੀ ਰਿਹਾ ਸੀ, ਕੋਈ ਜ਼ਰਦਾ ਚਬਾ ਰਿਹਾ ਸੀ। ਬੂ ਅਤੇ ਹਵਾੜ ਕਾਰਨ ਹਾਕਮ ਦੀ ਪੀੜ ਵਿਚ ਵਾਧਾ ਹੋ ਰਿਹਾ ਸੀ।

ਉਹ ਬੀ-ਕਲਾਸ ਦਾ ਕੈਦੀ ਸੀ। ਉਸ ਨੂੰ ਉਪਰਲੇ ਵਾਰਡ ਵਿਚ ਰੱਖਿਆ ਜਾਣਾ ਚਾਹੀਦਾ ਸੀ। 'ਵਾਰਡ ਡਾਕਟਰ ਨੇ ਬਦਲਣਾ ਹੈ।' ਹਰ ਵਾਰ ਕੰਪਾਊਡਰ ਇਹ ਆਖ ਕੇ ਟਾਲ ਜਾਂਦਾ ਸੀ। ਉਹ ਡਾਕਟਰ ਕੋਲ ਬੇਨਤੀ ਕਰੇ ਤਾਂ ਕਿਸ ਤਰ੍ਹਾਂ? ਪਿਛਲੇ ਚਾਰ ਦਿਨਾਂ ਤੋਂ ਇਕ ਵਾਰੀ ਵੀ ਉਸ ਨੇ ਸ਼ਕਲ ਨਹੀਂ ਸੀ ਦਿਖਾਈ।

ਪਹਿਲੇ ਦਿਨ ਡਾਕਟਰ ਦੀ ਅਦਾਲਤ ਵਿਚ ਗਵਾਹੀ ਸੀ। ਸਾਰੀ ਦਿਹਾੜੀ ਉਥੇ ਲੱਗ ਗਈ। ਅਗਲੇ ਦਿਨ ਉਸ ਦੀ ਆਪਣੇ ਮਹਿਕਮੇ ਦੇ ਮੁੱਖੀ ਨਾਲ ਮੀਟਿੰਗ ਸੀ। ਵਾਪਸ ਮੁੜਦੇ ਨੂੰ ਤ੍ਰਿਕਾਲਾਂ ਪੈ ਗਈਆਂ। ਫੇਰ ਇਕ ਦੋਸਤ ਦੀ ਭੈਣ ਦਾ ਵਿਆਹ ਆ ਗਿਆ। ਇਕ ਦਿਨ ਦੀ ਛੁੱਟੀ ਲਈ। ਇਕ ਦਿਨ ਦੀ ਫਰਲੋ ਮਾਰੀ।

ਹਾਕਮ ਡਾਕਟਰ ਅਤੇ ਕੰਪਾਊਡਰ ਦੋਹਾਂ ਦੀ ਸ਼ਰਾਰਤ ਸਮਝ ਰਿਹਾ ਸੀ। ਉਹ ਉਸ ਤੋਂ ਗਿਣ-ਗਿਣ ਕੇ ਬਦਲੇ ਲੈ ਰਹੇ ਸਨ। ਹਾਕਮ ਨੇ ਕਈ ਵਾਰ ਉਹਨਾਂ ਦੇ ਕੰਮ-ਕਾਰ 'ਤੇ ਉਂਗਲ ਉਠਾਈ ਸੀ। ਜ਼ਖ਼ਮੀ ਦੁਸ਼ਮਣ ਨੂੰ ਪਾਣੀ ਪਿਲਾਉਣ ਵਾਲੇ ਉਹ ਭਾਈ ਕਨ੍ਹਈਆ ਨਹੀਂ ਸਨ। ਹਾਕਮ ਮਸਾਂ ਉਹਨਾਂ ਦੇ ਅੜਿੱਕੇ ਆਇਆ ਸੀ। ਉਹ ਦੁਸ਼ਮਣ ਨੂੰ ਬੁਰੇ ਦਾ ਘਰ ਵਿਖਾਉਣ 'ਤੇ ਤੁੱਲੇ ਹੋਏ ਸਨ।

ਤਿੰਨ ਰਾਤਾਂ ਤੋਂ ਉਂਘਾਇਆ ਹੋਣ ਕਾਰਨ ਉਸ ਦਾ ਸਿਰ ਪਹਿਲਾਂ ਹੀ ਭਾਰਾ ਸੀ। ਅੱਖਾਂ ਵਿਚ ਲਾਲੀ ਉਤਰੀ ਹੋਈ ਸੀ। ਨਾਲੇ ਰੜਕ ਪੈ ਰਹੀ ਸੀ। ਭੁੱਖ ਮਰ ਚੁੱਕੀ ਸੀ। ਬੇਚੈਨੀ ਹਰ ਪਾਲ ਵਧ ਰਹੀ ਸੀ। ਕਦੇ ਉਹ ਬਿਸਤਰੇ ਉਪਰ ਲੇਟ ਜਾਂਦਾ, ਕਦੇ ਉਠ ਕੇ ਬੈਠ ਜਾਂਦਾ। ਕਦੇ ਇਧਰ-ਉਧਰ ਟਹਿਲਣ ਲੱਗ ਜਾਂਦਾ, ਕਦੇ ਫੇਰ ਮੰਜੇ ਉਪਰ ਆ ਬੈਠਦਾ। ਕਦੇ ਗੱਲਾਂ ਕਰਦਾ-ਕਰਦਾ ਚੁੱਪ ਕਰ ਜਾਂਦਾ ਅਤੇ ਕਦੇ ਦੂਜੇ ਪਾਸੇ ਮੂੰਹ ਕਰ ਕੇ ਲੇਟ ਜਾਂਦਾ।

ਸ਼ਾਮ ਲਾਲ ਤੋਂ ਛੁੱਟੀ ਹੋਣ ਦੀ ਖ਼ਬਰ ਸੁਣਨ ਬਾਅਦ ਹਾਕਮ ਨੂੰ ਮੌਤ ਸਿਰਹਾਣੇ ਖੜੀ ਦਿਖਾਈ ਦੇਣ ਲੱਗੀ।

"ਜੇਲ੍ਹ ਪ੍ਰਸ਼ਾਸਨ ਵਿਰੁੱਧ ਬਗ਼ਾਵਤ ਦਾ ਝੰਡਾ ਚੁੱਕਣ ਬਦਲੇ ਮੌਤ ਦੀ ਸਜ਼ਾ ਪਾਉਣ ਵਾਲਾ ਮੈਂ ਪਹਿਲਾ ਸ਼ਹੀਦ ਨਹੀਂ ਹੋਵਾਂਗਾ। ਜੇਲ੍ਹ ਵਿਚ ਇਹ ਵਰਤਾਰਾ ਆਮ ਹੈ।

ਸੋਚਦਾ ਹਾਕਮ ਆਪਣੇ ਤੋਂ ਪਹਿਲੇ 'ਸ਼ਹੀਦਾਂ' ਨੂੰ ਯਾਦ ਕਰਨ ਲੱਗਾ।

ਪਰਸੋਂ ਹਾਕਮ ਦੇ ਨਾਲ ਦੇ ਬੈੱਡ 'ਤੇ ਪਏ ਹਰੀਏ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ

ਸੀ। ਸਾਥੀ ਕੈਦੀਆਂ ਨਾਲ ਹੋਈ ਲੜਾਈ ਵਿਚ ਉਸ ਦੀ ਸੱਜੀ ਬਾਂਹ ਟੁੱਟ ਗਈ ਸੀ। ਜੇਲ੍ਹ ਦੇ ਡਾਕਟਰ ਕੋਲੋਂ ਹੱਡੀ ਠੀਕ ਢੰਗ ਨਾਲ ਜੁੜ ਨਹੀਂ ਸੀ ਸਕੀ। ਉਸ ਨੂੰ ਹੱਡੀ ਤੋੜ ਕੇ ਦੁਬਾਰਾ ਬੰਨ੍ਹਣੀ ਪਈ। ਮਿਹਨਤ ਫੇਰ ਵੀ ਰਾਸ ਨਾ ਆਈ। ਸਾਰੀ ਬਾਂਹ ਵਿਚ ਪਸ ਪੈ ਗਈ। ਹੱਡੀਆਂ ਦੇ ਮਾਹਿਰ ਡਾਕਟਰਾਂ ਨੇ ਸਲਾਹ ਦਿੱਤੀ, "ਮਰੀਜ਼ ਦੀ ਜਾਨ ਬਚਾਉਣ ਲਈ ਉਸ ਦੀ ਬਾਂਹ ਕੱਟਣੀ ਜ਼ਰੂਰੀ ਹੈ।" ਮਰਦਾ ਕੀ ਨਾ ਕਰਦਾ। ਰੋਂਦੇ-ਕੁਰਲਾਂਦੇ ਨੂੰ ਉਸ ਨੂੰ ਬਾਂਹ ਕਟਾਉਣ ਲਈ ਸਹਿਮਤੀ ਦੇਣੀ ਪਈ।

ਹਰੀਏ ਦੀ ਬਾਂਹ ਟੁੱਟੀ ਨਹੀਂ, ਤੋੜੀ ਗਈ ਸੀ। ਬਾਂਹ ਕਿਸ ਨੇ ਤੋੜੀ ? ਅਤੇ ਕਿਉਂ ਤੋੜੀ। ਇਹ ਰਾਮ-ਕਹਾਣੀ ਖ਼ੁਦ ਹਰੀਏ ਨੇ ਉਸ ਨੂੰ ਸੁਣਾਈ ਸੀ।

ਹਰੀਆ ਪਿਛਲੇ ਦੋ ਹਫ਼ਤੇ ਤੋਂ ਬੀਮਾਰ ਸੀ। ਉਸ ਦੇ ਸਰੀਰ 'ਤੇ ਖਾਜ ਹੋ ਰਹੀ ਸੀ। ਜੇਲ੍ਹ ਹਸਪਤਾਲ ਦੀਆਂ ਦਵਾਈਆਂ ਅਸਰ ਨਹੀਂ ਸਨ ਕਰ ਰਹੀਆਂ। ਉਲਟਾ ਬੀਮਾਰੀ ਵਧ ਰਹੀ ਸੀ। ਸਾਰਾ ਸਰੀਰ ਫਿਨਸੀਆਂ ਨਾਲ ਭਰਨ ਲੱਗ ਪਿਆ ਸੀ। ਹਰੀਆ ਸਿਵਲ ਹਸਪਤਾਲੋਂ ਦਵਾਈ ਲੈਣਾ ਚਾਹੁੰਦਾ ਸੀ। ਡਾਕਟਰ ਉਸ ਨੂੰ ਸਿਵਲ ਹਸਪਤਾਲ ਭੇਜਣ ਲਈ ਤਿਆਰ ਨਹੀਂ ਸੀ। ਕਹਿੰਦਾ ਸੀ ਜੇ ਕੈਦੀ ਦਾ ਸਿਰ ਦੁਖਣ ਲੱਗ ਪਏ, ਉਹ ਸਿਵਲ ਹਸਪਤਾਲ ਦਾਖ਼ਲ ਹੋਣ ਲਈ ਕਾਹਲਾ ਪੈਣ ਲੱਗਦਾ ਹੈ। ਅਸਲ 'ਚ ਕੈਦੀ ਘੁੰਮਣਾ-ਫਿਰਨਾ ਚਾਹੁੰਦਾ ਹੈ। ਹਰੀਏ ਨੂੰ ਕਹਿੰਦਾ ਸੀ, "ਤੇਰੀ ਬੀਮਾਰੀ ਨੂੰ ਮੋੜ ਪੈ ਗਿਆ ਹੈ। ਪੂਰੀ ਤਰ੍ਹਾਂ ਠੀਕ ਹੋਣ ਨੂੰ ਕੁਝ ਦਿਨ ਲੱਗਣਗੇ। ਇਥੇ ਰਹਿ ਜਾਂ ਉਥੇ।" ਹਰੀਏ ਨੂੰ ਡਾਕਟਰ ਦੀ ਗੱਲ 'ਤੇ ਯਕੀਨ ਨਹੀਂ ਸੀ ਹੋ ਰਿਹਾ। ਉਸ ਨੂੰ ਨੀਂਦ ਆਉਣੋਂ ਹਟ ਗਈ ਸੀ। ਉਸ ਦੀ ਹਾਲਤ ਪਾਗ਼ਲਾਂ ਵਰਗੀ ਹੁੰਦੀ ਜਾ ਰਹੀ ਸੀ। ਹਰੀਏ ਨੇ ਜੇਲ੍ਹ ਸੁਪਰਡੈਂਟ ਕੋਲ ਅਪੀਲ ਕੀਤੀ। ਅਪੀਲ ਉਥੋਂ ਵੀ ਨਾ-ਮਨਜ਼ੂਰ ਹੋ ਗਈ। ਉਸ ਦਾ ਹਿਸਟਰੀ ਟਿਕਟ ਦੱਸਦਾ ਸੀ ਕਿ ਇਸ ਬਹਾਨੇ ਇਕ ਵਾਰੀ ਪਹਿਲਾਂ ਉਹ ਸਿਵਲ ਹਸਪਤਾਲ ਗਿਆ ਸੀ ਅਤੇ ਉਥੋਂ ਫ਼ਰਾਰ ਹੋ ਗਿਆ ਸੀ। ਹੁਣ ਵੀ ਜੇਲ੍ਹੋਂ ਭੱਜਣ ਦੀ ਤਿਆਰੀ ਜਾਪਦੀ ਸੀ।

ਬੀਮਾਰੀ ਅਤੇ ਸੁਣਵਾਈ ਨਾ ਹੋਣ ਕਾਰਨ ਦੁਖੀ ਹੋਏ ਹਰੀਏ ਦੀ ਵਾਰਡਰ ਨਾਲ ਝਪਟ ਹੋ ਗਈ। ਗ਼ੁੱਸੇ 'ਚ ਪਾਗ਼ਲ ਹੋਏ ਹਰੀਏ ਨੇ ਵੇਲੇ-ਕੁਵੇਲੇ ਕੰਮ ਆਉਣ ਲਈ ਤਿੱਖਾ ਕਰ ਕੇ ਰੱਖੇ ਚਮਚੇ ਨਾਲ ਵਾਰਡਰ ਦੀ ਛਾਤੀ ਵਿੰਨ੍ਹਣ ਦਾ ਯਤਨ ਕੀਤਾ ਸੀ।

ਵਾਰਡਰ ਨੂੰ ਲੱਗੇ ਜ਼ਖ਼ਮ ਗਹਿਰੇ ਨਹੀਂ ਸਨ, ਪਰ ਪ੍ਰਸ਼ਾਸਨ ਨੇ ਇਸ ਹਮਲੇ ਨੂੰ ਗੰਭੀਰਤਾ ਨਾਲ ਲਿਆ। 'ਅੱਜ ਇਕ ਜੇਬ-ਕਤਰੇ ਨੇ ਵਾਰਡਰ 'ਤੇ ਹਮਲਾ ਕੀਤਾ ਹੈ। ਕੱਲ੍ਹ ਨੂੰ ਕੋਈ ਹੋਰ ਕਿਸੇ ਡਿਪਟੀ ਦੀ ਪੱਗ ਨੂੰ ਹੱਥ ਪਾਏਗਾ। ਸਪੋਲੀਆਂ ਦੇ ਛੋਟੇ ਹੁੰਦਿਆਂ ਹੀ ਸਿਰ ਕੁਚਲ ਦੇਣੇ ਚਾਹੀਦੇ ਹਨ।' ਪ੍ਰਸ਼ਾਸਨ ਨੇ ਹਰੀਏ ਨੂੰ ਸਬਕ ਸਿਖਾਉਣ ਦਾ ਫ਼ੈਸਲਾ ਕੀਤਾ ਸੀ।

ਅਗਲੇ ਦਿਨ ਸਵੇਰੇ ਦੀ ਗਿਣਤੀ ਸਮੇਂ ਹਰੀਏ ਨੂੰ ਉਸ ਦਾ ਜੁਰਮ ਪੜ੍ਹ ਕੇ ਸੁਣਾਇਆ ਗਿਆ। ਫੇਰ ਸਜ਼ਾ ਸੁਣਾਈ ਗਈ। ਫੇਰ ਸਜ਼ਾ ਅਮਲ ਵਿਚ ਲਿਆਂਦੀ ਗਈ। ਨੰਗੇ ਪਿੰਡੇ ਉਸ ਨੂੰ ਵੀਹ ਕੋੜੇ ਮਾਰੇ ਗਏ।

ਨਾਲੇ ਡਿਪਟੀ ਨੇ ਐਲਾਨ ਕੀਤਾ :

"ਜੇਲ੍ਹ ਕਰਮਚਾਰੀਆਂ ਉਪਰ ਉੱਠਣ ਵਾਲੇ ਹੱਥ ਨੂੰ ਵੱਢ ਦਿੱਤਾ ਜਾਏਗਾ।"

ਹਰੀਏ ਦੀ ਚਮੜੀ ਉਸੇ ਵਾਰਡਰ ਤੋਂ ਉਧੜਵਾਈ ਗਈ। ਬਾਂਹ ਰਾਤ ਨੂੰ ਵਫ਼ਾਦਾਰ ਕੈਦੀਆਂ ਕੋਲੋਂ ਤੁੜਵਾਈ ਗਈ। ਇਸ ਯੱਗ ਵਿਚ ਡਾਕਟਰ ਨੇ ਵੀ ਅਹੂਤੀ ਪਾਈ। ਨਤੀਜਾ ਸਾਹਮਣੇ ਸੀ। ਵਾਰਡਰ 'ਤੇ ਉੱਠਣ ਵਾਲਾ ਹੱਥ ਧੜ ਨਾਲੋਂ ਅਲੱਗ ਹੋ ਚੁੱਕਾ ਸੀ।



'ਹਰੀਏ ਨੇ ਦੁਖੀ ਹੋ ਕੇ ਅਤੇ ਤੈਸ਼ ਵਿਚ ਆ ਕੇ ਇਕ ਵਾਰਡਰ 'ਤੇ ਹਮਲਾ ਕੀਤਾ ਸੀ। ਇਕ ਸਾਧਾਰਨ ਜੁਰਮ ਬਦਲੇ ਉਸ ਨੂੰ ਇੰਨੀ ਭਿਆਨਕ ਸਜ਼ਾ ਮਿਲੀ ਸੀ। ਮੈਂ ਵਾਰਡਰ ਤੋਂ ਲੈ ਕੇ ਜੇਲ੍ਹ ਸੁਪਰਡੈਂਟ ਤਕ ਅਤੇ ਕੰਪਾਊਡਰ ਤੋਂ ਲੈ ਕੇ ਡਾਕਟਰ ਤਕ ਸਭ ਨਾਲ ਆਹਡਾ ਲਾਈ ਬੈਠਾ ਹਾਂ। ਇਸ ਹਿਸਾਬ ਨਾਲ ਮੈਨੂੰ ਮੌਤ ਦੀ ਸਜ਼ਾ ਮਿਲੇਗੀ ਹੀ।"

ਹਰੀਏ ਦੀ ਆਪਣੇ ਕੰਮਾਂ ਨਾਲ ਤੁਲਨਾ ਕਰ ਕੇ ਕਦੇ-ਕਦੇ ਹਾਕਮ ਅਜਿਹੇ ਸਿੱਟੇ ਕੱਢਣ ਲੱਗਦਾ।

"ਮੈਂ ਹਰੀਆ ਨਹੀਂ ਹਾਂ। ਮੈਂ ਆਪਣੇ ਫ਼ਾਇਦੇ ਲਈ ਕਦੇ ਕੁਝ ਨਹੀਂ ਮੰਗਿਆ। ਦੂਜੇ ਕੈਦੀਆਂ ਲਈ ਚਿੱਠੀ-ਪੱਤਰ ਕਰਦਾ ਰਿਹਾ ਹਾਂ। ਕਦੇ ਹਿੰਸਕ ਨਹੀਂ ਹੁੰਦਾ। ਉਹ ਮੇਰੇ ਨਾਲ ਇੰਝ ਨਹੀਂ ਕਰ ਸਕਦੇ।"

ਵਕੀਲਾਂ ਵਾਂਗ ਆਪਣੇ ਹੱਕ ਵਿਚ ਤਰਕ ਦੇ ਕੇ ਕਦੇ ਉਹ ਮਨ ਨੂੰ ਟਿਕਾਉਂਦਾ।

ਫੇਰ ਕੋਈ ਹੋਰ ਘਟਨਾ ਯਾਦ ਆ ਜਾਂਦੀ ਅਤੇ ਮਨ ਫੇਰ ਡੋਲ ਜਾਂਦਾ।

ਨਿੰਦਰ ਪਹਿਲਵਾਨ ਸਵੇਰੇ ਹੱਸਦਾ-ਖੇਡਦਾ ਕੰਮ 'ਤੇ ਗਿਆ ਸੀ। ਸ਼ਾਮ ਦੀ ਚਾਹ ਨਾਲ ਪਤਾ ਨਹੀਂ ਅੰਦਰ ਕੀ ਵੜ ਗਿਆ। ਪਹਿਲਾਂ ਚਾਹ ਬਾਹਰ ਨਿਕਲੀ, ਫੇਰ ਖ਼ੂਨ ਦੀਆਂ ਉਲਟੀਆਂ ਆਈਆਂ। ਹਸਪਤਾਲ ਆਉਂਦਾ ਉਹ ਬੇਹੋਸ਼ ਹੋ ਗਿਆ। ਸ਼ਾਮ ਨੂੰ ਦਮ ਤੋੜ ਗਿਆ।

ਨਿੰਦਰ ਨੂੰ ਕਿਸ ਬੀਮਾਰੀ ਨੇ ਨਿਗਲਿਆ ਹੈ, ਕਿਸੇ ਨੂੰ ਨਹੀਂ ਸੀ ਪਤਾ। ਕੋਈ ਆਖਦਾ ਸੀ ਉਸ ਨੂੰ ਹੈਜ਼ਾ ਹੋ ਗਿਆ। ਕੋਈ ਆਖਦਾ ਸੀ ਉਸ ਦੇ ਢਿੱਡ ਵਿਚ ਫੋੜਾ ਸੀ ਉਹ ਫਟ ਗਿਆ। ਕੋਈ ਆਖਦਾ ਚਾਹ ਵਿਚ ਕੋਈ ਕੀੜਾ-ਮਕੌੜਾ ਗਿਰ ਗਿਆ। ਉਸ ਦੀ ਜ਼ਹਿਰ ਚੜ੍ਹ ਗਈ। ਕੋਈ ਆਖਦਾ ਉਸ ਨੇ ਕੁਝ ਖਾ ਕੇ ਜਾਨ ਦਿੱਤੀ ਹੈ।

ਹਾਕਮ ਨੂੰ ਲੋਕਾਂ ਵੱਲੋਂ ਲਾਇਆ ਜਾ ਰਿਹਾ ਪਿਛਲਾ ਅੰਦਾਜ਼ਾ ਜ਼ਿਆਦਾ ਠੀਕ ਲੱਗਦਾ ਸੀ। ਕੁਝ ਸੋਧ ਦੀ ਜ਼ਰੂਰਤ ਸੀ। ਜ਼ਹਿਰ ਉਸ ਨੇ ਖਾਧਾ ਨਹੀਂ ਸੀ, ਉਸ ਨੂੰ ਖੁਆਇਆ ਗਿਆ ਸੀ।

ਆਰੇ 'ਤੇ ਜਾਣ ਤੋਂ ਕੁਝ ਦਿਨ ਪਹਿਲਾਂ ਹਾਕਮ ਨੇ ਉੱਡਦੀ-ਉੱਡਦੀ ਗੱਲ ਸੁਣੀ ਸੀ। ਹਫ਼ਤਾਵਾਰੀ ਦੌਰੇ ਸਮੇਂ ਕਿਸੇ ਗੱਲ 'ਤੇ ਗ਼ੁੱਸੇ ਹੋ ਕੇ ਸੁਪਰਡੈਂਟ ਨੇ ਨਿੰਦਰ 'ਤੇ ਹੱਥ ਚੁੱਕ ਲਿਆ। ਅੱਗੋਂ ਨਿੰਦਰ ਵੀ ਕਹਿੰਦਾ-ਕਹਾਉਂਦਾ ਬਦਮਾਸ਼ ਸੀ। ਚੇਲੇ-ਚਪਟਿਆਂ ਸਾਹਮਣੇ ਮੁੱਛ ਨੀਵੀਂ ਨਹੀਂ ਸੀ ਕਰਵਾ ਸਕਦਾ। ਹੁਣ ਤਕ ਉਹ ਤਿੰਨ ਕਤਲ ਕਰ ਚੁੱਕਾ ਸੀ। ਸਾਰੇ ਕਤਲ ਮੁੱਛ ਬਚਾਉਣ ਲਈ ਹੋਏ ਸਨ। ਉਸ ਨੇ ਸੁਪਰਡੈਂਟ ਦੇ ਰੂਲ ਨੂੰ ਹੱਥ ਵਿਚ ਫੜ ਕੇ ਰੋਕ ਲਿਆ ਸੀ।

ਇਸ ਹੁਕਮ-ਅਦੂਲੀ 'ਤੇ ਜੇਲ੍ਹ ਸੁਪਰਡੈਂਟ ਨੂੰ ਗ਼ੁੱਸਾ ਆਇਆ ਸੀ। ਦੌਰਾ ਵਿਚੇ ਛੱਡ ਕੇ ਉਹ ਦਫ਼ਤਰ ਮੁੜ ਆਇਆ ਸੀ। ਅਹਿਮ ਸਲਾਹਕਾਰਾਂ ਨਾਲ ਇਕ ਘੰਟਾ ਗੁਪਤ ਵਿਚਾਰ ਵਟਾਂਦਰਾ ਹੋਇਆ ਸੀ।

ਹਫ਼ਤੇ ਦੇ ਅੰਦਰ-ਅੰਦਰ ਇਹ ਭਾਣਾ ਵਰਤ ਗਿਆ ਸੀ। ਨਿੰਦਰ ਬਾਅਦ ਹੁਣ ਹਾਕਮ ਦੀ ਵਾਰੀ ਸੀ।

ਹਾਕਮ ਆਪਣੇ ਕੀਤੇ 'ਤੇ ਪਛਤਾਉਣ ਲੱਗਾ।

"ਮੈਨੂੰ ਅਕਲ ਤੋਂ ਕੰਮ ਲੈਣਾ ਚਾਹੀਦਾ ਸੀ। ਜੇਲ੍ਹ ਪ੍ਰਸ਼ਾਸਨ ਮੇਰਾ ਕਿੰਨਾ ਨੁਕਸਾਨ ਕਰ ਸਕਦਾ ਹੈ, ਮੈਨੂੰ ਇਸ ਦਾ ਪਤਾ ਹੋਣਾ ਚਾਹੀਦਾ ਸੀ। ਜੇਲ੍ਹ ਅਧਿਕਾਰੀ ਮੇਰੇ ਨਾਲ ਨਰਮੀ ਵਰਤਦੇ

ਰਹੇ। ਮੈਂ ਲਾਚੜਦਾ ਰਿਹਾ। ਚਿੜੀਆਂ ਦੇ ਖੇਤ ਚੁਗਣ ਬਾਅਦ ਹੁਣ ਪਛਤਾਉਣ ਦਾ ਕੀ ਫ਼ਾਇਦਾ? ਗ਼ਲਤੀ ਕੀਤੀ ਹੈ। ਨਤੀਜੇ ਲਈ ਤਿਆਰ ਰਹਿ।"

ਸੋਚ-ਸੋਚ ਹਾਕਮ ਦਾ ਸਿਰ ਫਟਣ ਲੱਗਾ।

ਉਹ ਸਮਝ ਰਿਹਾ ਸੀ, ਚਿੰਤਾ ਅਤੇ ਉਨੀਂਦਰਾ ਹੋਣ ਕਾਰਨ ਉਸ ਦਾ ਕੋਈ ਵੀ ਨੁਕਸਾਨ ਹੋ ਸਕਦਾ ਸੀ। ਦਿਮਾਗ਼ ਦਾ ਤਵਾਜ਼ਨ ਤਕ ਹਿੱਲ ਸਕਦਾ ਸੀ। ਇਸ ਗੰਭੀਰ ਸਮੱਸਿਆ ਦਾ ਇਕੋ ਹੱਲ ਸੀ। ਕਿਵੇਂ ਨਾ ਕਿਵੇਂ ਕੁਝ ਘੰਟਿਆਂ ਲਈ ਸੁੱਤਾ ਜਾਵੇ।

ਸੌਣ ਦਾ ਇਕੋ ਹੱਲ ਸੀ—ਨੀਂਦ ਵਾਲੀਆਂ ਗੋਲੀਆਂ। ਗੋਲੀਆਂ ਕੰਪਾਊਡਰ ਕੋਲੋਂ ਮਿਲਣੀਆਂ ਸਨ। ਉਹ ਹੱਥ-ਪੱਲਾ ਨਹੀਂ ਸੀ ਫੜਾ ਰਿਹਾ।

ਕਦੇ ਕਹਿੰਦਾ ਸੀ, "ਨੀਂਦ ਵਾਲੀਆਂ ਗੋਲੀਆਂ ਖ਼ਤਮ ਹਨ।"

ਕਦੇ ਕਹਿੰਦਾ ਸੀ, "ਦਵਾਈ ਡਾਕਟਰ ਦੇ ਲਿਖਣ 'ਤੇ ਹੀ ਮਿਲ ਸਕਦੀ ਹੈ।"

ਬਾਹਰੋਂ ਮਹਿੰਗੇ ਮੁੱਲ 'ਤੇ ਗੋਲੀਆਂ ਮੰਗਵਾਉਣ ਲਈ ਨਾ ਹਾਕਮ ਕੰਪਾਊਡਰ ਨੂੰ ਆਖ ਸਕਦਾ ਸੀ, ਨਾ ਕੰਪਾਊਡਰ ਨੇ ਉਸ ਦਾ ਆਖਾ ਮੰਨਣਾ ਸੀ। ਇਕ ਹੋਰ 'ਨਾਂਹ' ਸੁਣ ਕੇ ਉਹ ਮਨ ਨੂੰ ਹੋਰ ਕਸ਼ਟ ਵਿਚ ਨਹੀਂ ਸੀ ਪਾਉਣਾ ਚਾਹੁੰਦਾ।

ਪੈਸੇ ਵਾਲੇ ਕੈਦੀ ਗੋਲੀਆਂ ਨਾਲ ਜੇਬਾਂ ਭਰੀ ਫਿਰਦੇ ਸਨ। ਉਹ ਇਹਨਾਂ ਨੂੰ ਦਾਣਿਆਂ ਵਾਂਗ ਖਾਂਦੇ ਸਨ। ਹਾਕਮ ਨੂੰ ਸਖ਼ਤ ਜ਼ਰੂਰਤ ਦੇ ਬਾਵਜੂਦ ਇਕ ਗੋਲੀ ਵੀ ਨਸੀਬ ਨਹੀਂ ਸੀ ਹੋ ਰਹੀ।

ਇਹ ਪੱਖਪਾਤ ਉਸ ਦੇ ਖ਼ੂਨ ਨੂੰ ਸਾੜਨ ਲੱਗਾ।

ਵਧੇ ਗ਼ੁੱਸੇ ਨੂੰ ਕਾਬੂ ਕਰਨ ਦੇ ਇਰਾਦੇ ਨਾਲ ਹਾਕਮ ਬਿਸਤਰੇ ਉਪਰ ਲੇਟ ਗਿਆ ਅਤੇ ਅੱਖਾਂ ਮੀਚ ਕੇ ਸੌਣ ਦਾ ਯਤਨ ਕਰਨ ਲੱਗਾ।

ਪੀਲੀਏ ਦੇ ਸ਼ਿਕਾਰ ਨੰਦੂ ਦੀ ਸਵੇਰ ਤੋਂ ਹਾਕਮ 'ਤੇ ਅੱਖ ਸੀ। ਉਸ ਨੂੰ ਲੱਗ ਰਿਹਾ ਸੀ ਜਿਵੇਂ ਅੱਠ ਨੰਬਰ ਬਿਸਤਰੇ 'ਤੇ ਪਿਆ ਸਰਦਾਰ ਉਹੋ ਹਾਕਮ ਸਿੰਘ ਵਕੀਲ ਸੀ ਜਿਸ ਨੇ ਉਸਨੂੰ ਸਰਕਾਰੀ ਖ਼ਰਚੇ 'ਤੇ ਵਧੀਆ ਵਕੀਲ ਕਰਵਾ ਕੇ ਦਿੱਤਾ ਸੀ। ਹਾਈ ਕੋਰਟ ਦੀ ਦਖ਼ਲ-ਅੰਦਾਜ਼ੀ ਕਾਰਨ ਨੰਦੂ ਦੇ ਫ਼ੈਸਲੇ 'ਤੇ ਰੋਕ ਲੱਗੀ ਹੋਈ ਸੀ ਅਤੇ ਉਸ ਦੀ ਰਿਹਾਈ ਟਲੀ ਹੋਈ ਸੀ। ਫੇਰ ਵੀ ਉਸ ਨੂੰ ਪੂਰਾ ਯਕੀਨ ਸੀ, ਵਕੀਲ ਦੀ ਮਿਹਨਤ ਕਾਰਨ ਉਸ ਨੇ ਇਕ ਦਿਨ ਬਰੀ ਹੋਣਾ ਹੀ ਹੋਣਾ ਹੈ।

ਨੰਦੂ ਦੇ ਸ਼ੱਕੀ ਹੋਣ ਦੇ ਕਈ ਕਾਰਨ ਸਨ। ਪਹਿਲਾਂ ਇਹ ਕਿ ਹਾਕਮ ਸਿੰਘ ਮੁੰਡਾ-ਖੁੰਡਾ ਸੀ। ਇਸ ਸਰਦਾਰ ਦੀ ਦਾੜ੍ਹੀ ਦੇ ਵਾਲ ਅੱਧੇ ਤੋਂ ਵੱਧ ਚਿੱਟੇ ਹਨ। ਹਾਕਮ ਪਤਲੇ ਜੁੱਸੇ ਦਾ ਤਾਂ ਸੀ ਪਰ ਇਸ ਵਰਗਾ ਹੱਡੀਆਂ ਦਾ ਢਾਂਚਾ ਨਹੀਂ ਸੀ। ਹਾਕਮ ਖ਼ੁਦ ਕੈਦੀਆਂ ਨੂੰ ਲੱਭ-ਲੱਭ, ਕੋਲ ਬਿਠਾ-ਬਿਠਾ ਉਹਨਾਂ ਨਾਲ ਗੱਲਾਂ ਕਰਦਾ ਸੀ। ਉਹਨਾਂ ਦੀਆਂ ਸਮੱਸਿਆਵਾਂ ਸੁਲਝਾਉਂਦਾ ਸੀ। ਇਹ ਸਰਦਾਰ ਚੁੱਪ-ਗੜੁੱਪ ਸੀ ਅਤੇ ਖ਼ੁਦ ਸਮੱਸਿਆਵਾਂ ਵਿਚ ਘਿਰਿਆ ਜਾਪਦਾ ਸੀ।

ਨੰਦੂ ਹੋਰਾਂ ਨੂੰ ਦੱਸਿਆ ਗਿਆ ਸੀ ਕਿ ਹਾਕਮ ਸਾਲ ਬਾਅਦ ਬਰੀ ਹੋ ਕੇ ਘਰ ਨੂੰ ਚਲਿਆ ਗਿਆ ਸੀ। ਘਰ ਜਾ ਕੇ ਹਰ ਕੈਦੀ ਪਿਛਲਿਆਂ ਨੂੰ ਭੁੱਲ ਜਾਂਦਾ ਹੈ। ਉਹ ਰੱਬੋਂ ਨਿਆਰਾ ਬੰਦਾ ਨਹੀਂ ਸੀ। ਜਦੋਂ ਕਈ ਮਹੀਨੇ ਹਾਕਮ ਉਹਨਾਂ ਨੂੰ ਨਜ਼ਰ ਨਾ ਆਇਆ ਤਾਂ ਉਹਨਾਂ ਨੇ ਹਾਕਮ ਨੂੰ ਭੁਲਾ ਦਿੱਤਾ ਸੀ।

ਨੰਦੂ ਇਹ ਵੀ ਜਾਣਦਾ ਸੀ ਕਿ ਹਾਕਮ ਪੇਸ਼ੇਵਰ ਮੁਜਰਮ ਨਹੀਂ ਸੀ। ਦੋਬਾਰਾ ਜੁਰਮ ਕਰ ਕੇ ਉਸ ਦੀ ਜੇਲ੍ਹ ਆਉਣ ਦੀ ਕੋਈ ਸੰਭਾਵਨਾ ਨਹੀਂ ਸੀ।



ਸਵੇਰ ਤੋਂ ਨੰਦੂ ਇਸ ਕੈਦੀ ਦਾ ਨਾਂ-ਪਤਾ ਜਾਣਨ ਦਾ ਯਤਨ ਕਰ ਰਿਹਾ ਸੀ। ਬਾਕੀ ਦੇ ਮਰੀਜ਼ਾਂ ਨੂੰ ਉਸ ਦੇ ਕੈਦੀ ਨੰਬਰ ਦਾ ਹੀ ਪਤਾ ਸੀ। ਨਾ ਸਰਦਾਰ ਨੇ ਆਪਣੇ ਬਾਰੇ ਕੁਝ ਦੱਸਿਆ ਸੀ, ਨਾ ਕਿਸੇ ਨੇ ਉਸ ਤੋਂ ਕੁਝ ਪੁੱਛਿਆ ਸੀ।

ਨੰਦੂ ਸਾਥੀ ਕੈਦੀਆਂ ਦੀ ਬੇਵਕੂਫ਼ੀ 'ਤੇ ਹੈਰਾਨ ਹੋਣ ਲੱਗਾ। ਹਰ ਕੈਦੀ ਕਿਸੇ ਨਾ ਕਿਸੇ ਸਮੱਸਿਆ ਵਿਚ ਘਿਰਿਆ ਹੋਇਆ ਸੀ। ਨਦੀ ਉਹਨਾਂ ਦੇ ਬਾਰ ਅੱਗੋਂ ਦੀ ਵਹਿ ਰਹੀ ਸੀ ਤੇ ਉਹ ਪਿਆਸੇ ਖੜੇ ਸਨ।

ਆਂਤੜੀਆਂ ਦੇ ਰੋਗੀ ਪਹਾੜੀਏ ਨੂੰ ਉੱਨਾ ਦੁੱਖ ਆਪਣੀ ਬੀਮਾਰੀ ਦਾ ਨਹੀਂ ਸੀ, ਜਿੰਨਾ ਆਖ਼ਰੀ ਸਾਹਾਂ 'ਤੇ ਪਈ ਆਪਣੀ ਪਤਨੀ ਦੀ ਆਖ਼ਰੀ ਇੱਛਾ ਪੂਰੀ ਨਾ ਕਰ ਸਕਣ ਦਾ। ਛੇ ਮਹੀਨੇ ਤੋਂ ਉਸ ਦੀ ਪਤਨੀ ਕੈਂਸਰ ਨਾਲ ਜੂਝ ਰਹੀ ਸੀ। ਡਾਕਟਰਾਂ ਨੇ ਜਵਾਬ ਦੇ ਕੇ ਉਸ ਨੂੰ ਘਰ ਲਿਜਾ ਕੇ ਸੇਵਾ ਕਰਨ ਦੀ ਸਲਾਹਾਂ ਦੇ ਦਿੱਤੀ ਸੀ। ਨੀਮ-ਬੇਹੋਸ਼ੀ ਵਿਚ ਪਈ ਪਹਾੜੀਏ ਦੀ ਪਤਨੀ ਸਾਰਾ ਦਿਨ ਬੜ੍ਹਾਉਂਦੀ ਰਹਿੰਦੀ ਸੀ, "ਮੇਰੀ ਜਾਨ ਪਤੀ ਦੀ ਗੋਦ ਵਿਚ ਨਿਕਲੇਗੀ। ਮੇਰੇ ਪਤੀ ਨੂੰ ਬੁਲਾਓ।" ਪਹਾੜੀਆ ਕਈ ਵਾਰ ਛੁੱਟੀ ਦੀ ਦਰਖ਼ਾਸਤ ਦੇ ਚੁੱਕਾ ਸੀ। ਨਾਲ ਡਾਕਟਰ ਦੇ ਦਿੱਤੇ ਸਰਟੀਫ਼ਿਕੇਟ ਨੱਥੀ ਕਰ ਚੁੱਕਾ ਸੀ। ਡਿਪਟੀ ਉਸ ਦੀ ਅਰਜ਼ੀ ਤੇ ਸੱਪ ਬਣ ਕੇ ਬੈਠ ਗਿਆ ਸੀ। ਕਹਿੰਦਾ ਸੀ, "ਬੀਮਾਰੀ ਝੂਠੀ ਹੈ ਅਤੇ ਸਰਟੀਫ਼ਿਕੇਟ ਵੀ। ਤੂੰ ਪਾਖੰਡ ਕਰ ਰਿਹਾ ਹੈਂ। ਘਰ ਜਾ ਕੇ ਬੱਚੇ ਪੈਦਾ ਕਰਨ ਲਈ ਤੜਪ ਰਿਹਾ ਹੈਂ।"

ਨੰਦੂ ਪਹਾੜੀਏ ਦਾ ਹੌਸਲਾ ਵਧਾਉਣ ਲੱਗਾ, "ਜੇ ਕੈਦੀ ਨੰਬਰ ਅੱਠ ਸੌ ਅੱਠ ਹਾਕਮ ਹੋਇਆ ਤਾਂ ਤੂੰ ਆਪਣੀ ਦਰਖ਼ਾਸਤ ਮਨਜ਼ੂਰ ਹੋਈ ਸਮਝ। ਵਕੀਲ ਕੁਝ ਵੀ ਕਰੇ ਤੈਨੂੰ ਛੁੱਟੀ ਦਿਵਾ ਕੇ ਰਹੂ।"

ਦਮੇਂ ਦਾ ਰੋਗੀ ਬੰਗਾਲੀ ਬਹੁਤਾ ਪੜ੍ਹਿਆ-ਲਿਖਿਆ ਨਹੀਂ ਸੀ। ਸਖ਼ਤ ਮਿਹਨਤ ਕਰਕੇ ਅਤੇ ਗਊ ਵਾਂਗ ਸਾਊ ਬਣ ਕੇ ਉਸ ਨੇ ਢੇਰ ਸਾਰੀਆਂ ਮੁਆਫ਼ੀਆਂ ਕਮਾਈਆਂ ਸਨ। ਉਸ ਦਾ ਪਿੰਡ ਬਹੁਤ ਦੂਰ ਸੀ। ਸਜ਼ਾ ਹੋਣ ਤੋਂ ਲੈ ਕੇ ਅੱਜ ਤਕ ਉਹ ਇਕ ਵਾਰ ਵੀ ਛੁੱਟੀ ਨਹੀਂ ਸੀ ਗਿਆ। ਬੰਗਾਲੀ ਨੇ ਜਿੰਨਾ ਕੁ ਮੋਟਾ ਹਿਸਾਬ ਲਾਇਆ ਸੀ ਉਸ ਅਨੁਸਾਰ ਉਸ ਦੀ ਰਿਹਾਈ ਦੋ ਮਹੀਨੇ ਪਹਿਲਾਂ ਹੋ ਜਾਣੀ ਚਾਹੀਦੀ ਸੀ। ਉਹ ਸਹਾਇਕ ਦਰੋਗ਼ੇ ਅੱਗੇ ਕਈ ਵਾਰ ਹਿਸਾਬ ਕਰਨ ਦੀ ਅਰਜ਼ ਕਰ ਚੁੱਕਾ ਸੀ। ਦਰੋਗਾ ਇਸ ਕੰਮ ਲਈ ਪੰਜ ਸੌ ਰੁਪਿਆ ਮੰਗਦਾ ਸੀ। ਇੰਨੀ ਰਕਮ ਉਸ ਕੋਲ ਹੈ ਨਹੀਂ ਸੀ। ਇਸੇ ਕਾਰਨ ਉਸ ਦੀ ਰਿਹਾਈ ਰੁਕੀ ਹੋਈ ਸੀ।

ਨੰਦੂ ਨੇ ਉਸ ਨੂੰ ਹੌਸਲਾ ਦਿੱਤਾ, "ਵਕੀਲ ਸੱਤਾਂ ਪੱਤਣਾਂ ਦਾ ਤਾਰੂ ਹੈ। ਝੱਟ ਹਿਸਾਬ ਲਾ ਕੇ ਤੈਨੂੰ ਰਿਹਾਅ ਕਰਵਾ ਦੇਵੇਗਾ।"

ਭਾਲੂ ਟੀ.ਬੀ. ਦਾ ਮਰੀਜ਼ ਸੀ। ਉਸ ਦੀ ਬੀਮਾਰੀ ਬਹੁਤ ਵਧੀ ਹੋਈ ਸੀ। ਲਾਗ ਦੀ ਬੀਮਾਰੀ ਦੇ ਦੂਜਿਆਂ ਨੂੰ ਲੱਗਣ ਦਾ ਖ਼ਤਰਾ ਸੀ। ਡਾਕਟਰ ਉਸ ਨੂੰ ਕਈ ਵਾਰ ਆਖ ਚੁੱਕਾ ਸੀ, "ਵਧੀਆ ਇਲਾਜ ਲਈ ਤੈਨੂੰ ਟੀ.ਬੀ. ਹਸਪਤਾਲ ਭੇਜਣਾ ਹੈ।" ਪਰ ਕਾਰਵਾਈ ਗੱਲਾਂ-ਬਾਤਾਂ ਤੋਂ ਅੱਗੇ ਨਹੀਂ ਸੀ ਵਧ ਰਹੀ। ਭਾਲੂ ਸਵੇਰੇ ਸ਼ਾਮ ਡਾਕਟਰ ਦੇ ਹਾੜੇ ਕੱਢਦਾ ਹੈ। ਉਹ 'ਕਰਦੇ ਹਾਂ, ਕਰਦੇ ਹਾਂ' ਆਖ ਕੇ ਟਾਲ ਰਿਹਾ ਹੈ।

ਨੰਦੂ ਨੂੰ ਓਨਾ ਚਿਰ ਚੈਨ ਨਾ ਆਇਆ ਜਿੰਨਾ ਚਿਰ ਉਸ ਨੇ ਕੰਪਾਊਡਰ ਦੀ ਚਾਪਲੂਸੀ ਕਰ ਕੇ ਕੈਦੀ ਨੰਬਰ ਅੱਠ ਸੌ ਅੱਠ ਦਾ ਨਾਂ-ਪਤਾ ਨਾ ਪੁੱਛ ਲਿਆ।

ਫੇਰ ਖ਼ੁਸ਼ੀ-ਖ਼ੁਸ਼ੀ ਪਹਾੜੀਏ, ਬੰਗਾਲੀ ਅਤੇ ਭਾਲੂ ਨੂੰ ਲੈ ਕੇ ਉਹ ਹਾਕਮ ਦੁਆਲੇ ਹੋ ਗਿਆ।

ਨੰਦੂ ਨੇ ਜਦੋਂ ਹਾਕਮ ਨੂੰ ਝੰਜੋੜਿਆ ਤਾਂ ਉਸ ਸਮੇਂ ਉਹ ਰੁਲਦੂ ਕੈਦੀ ਬਾਰੇ ਸੋਚ ਰਿਹਾ ਸੀ।

ਰੁਲਦੂ ਕੌਣ ਹੈ, ਕਿਥੋਂ ਦਾ ਰਹਿਣ ਵਾਲਾ ਹੈ, ਇਹ ਕਿਸੇ ਨੂੰ ਨਹੀਂ ਪਤਾ। ਬੱਸ ਇੰਨਾ ਪਤਾ ਹੈ ਕਿ ਉਹ ਇਕ ਕਤਲ ਕੇਸ ਵਿਚ ਸਜ਼ਾ ਭੁਗਤ ਰਿਹਾ ਹੈ। ਕਿੰਨੀ ਸਜ਼ਾ ਭਗਤ ਚੁੱਕਾ ਹੈ ਅਤੇ ਕਿੰਨੀ ਬਾਕੀ ਹੈ ? ਕਿਸੇ ਨੂੰ ਵੀ ਨਹੀਂ ਪਤਾ। ਹਰ ਕੈਦੀ ਇਹੋ ਕਹਿੰਦਾ ਹੈ, "ਮੇਰੇ ਜੇਲ੍ਹ ਆਉਣ ਤੋਂ ਪਹਿਲਾਂ ਦਾ ਰੁਲਦੂ ਇਥੇ ਹੈ।"

ਸਾਊ ਸੁਭਾਅ ਦਾ ਹੋਣ ਕਰਕੇ ਲੋਕ ਉਸ ਨੂੰ 'ਦਰਵੇਸ਼' ਆਖਦੇ ਹਨ। ਰਹਿਮ ਕਰ ਕੇ ਜੇਲ੍ਹ ਪ੍ਰਸ਼ਾਸਨ ਨੇ ਉਸ ਦੀ ਮੁਸ਼ੱਕਤ ਮੁਆਫ਼ ਕੀਤੀ ਹੋਈ ਹੈ। ਉਸ ਦੇ ਇਧਰ-ਉਧਰ ਜਾਣ 'ਤੇ ਕੋਈ ਪਾਬੰਦੀ ਨਹੀਂ। ਉਹ ਜਿਥੇ ਮਰਜ਼ੀ ਆ-ਜਾ ਸਕਦਾ ਹੈ।

ਬਹੁਤਾ ਸਮਾਂ ਉਹ ਹਸਪਤਾਲ ਹੀ ਰਹਿੰਦਾ ਹੈ। ਕਦੇ ਚੁੱਪ-ਗੜੁੱਪ ਰਹਿੰਦਾ ਹੈ ਅਤੇ ਕਦੇ ਕੈਦੀਆਂ ਨਾਲ ਗੱਲੀਂ ਲੱਗ ਜਾਂਦਾ ਹੈ। ਕਦੇ ਉਹ ਵਕੀਲਾਂ ਨੂੰ ਗਾਲ੍ਹਾਂ ਕੱਢਦਾ ਹੈ ਕਦੇ ਜੱਜ ਨੂੰ। ਕਦੇ ਗਵਾਹਾਂ ਨੂੰ ਅਤੇ ਕਦੇ ਆਪਣੇ ਧੀਆਂ-ਪੁੱਤਾ ਨੂੰ। ਲੋਕ ਆਖਦੇ ਹਨ, ਉਸ ਦੇ ਧੀਆਂ-ਪੁੱਤਾਂ ਨੇ ਉਸ ਦੇ ਕੇਸ ਦੀ ਪੈਰਵੀ ਨਹੀਂ ਕੀਤੀ। ਨਾ ਕਦੇ ਉਸ ਦੀ ਮੁਲਾਕਾਤ ਲਈ ਆਏ ਹਨ। ਉਹ ਜੇਲ੍ਹ ਨੂੰ ਹੀ ਆਪਣਾ ਘਰ ਸਮਝੀ ਬੈਠਾ ਹੈ।

ਲੋਕ ਉਸ ਨੂੰ ਦਰਵੇਸ਼ ਆਖਣ ਜਾਂ ਭਗਤ, ਹਾਕਮ ਉਸ ਨੂੰ ਤਣਾਅ ਕਾਰਨ ਦਿਮਾਗ਼ੀ ਸੰਤੁਲਨ ਗੁਆਈ ਬੈਠਾ ਨੀਮ-ਪਾਗ਼ਲ ਸਮਝਦਾ ਹੈ। ਇਸ ਲਈ ਸੌਣ ਲਈ ਉਸ ਨੂੰ ਨੀਂਦ ਵਾਲੀਆਂ ਗੋਲੀਆਂ ਦੀ ਲੋੜ ਪੈਂਦੀ ਹੈ। ਜਦੋਂ ਗੋਲੀ ਭੀਖ ਵਿਚ ਮਿਲ ਜਾਂਦੀ ਹੈ ਉਦੋਂ ਉਹ ਸੌਂ ਜਾਂਦਾ ਹੈ, ਨਹੀਂ ਤਾਂ ਕਈ-ਕਈ ਰਾਤਾਂ ਜਾਗਦਾ ਰਹਿੰਦਾ ਹੈ। ਜਦੋਂ ਬੀਮਾਰੀ ਵਧ ਜਾਂਦੀ ਹੈ ਤਾਂ ਨੀਂਦ ਦਾ ਟੀਕਾ ਲਾ ਕੇ ਡਾਕਟਰ ਉਸ ਨੂੰ ਸੁਲਾ ਦਿੰਦਾ ਹੈ।

ਕੱਲ੍ਹ ਹਾਕਮ ਨੂੰ ਸ਼ਾਮ ਲਾਲ ਨੇ ਦੱਸਿਆ ਸੀ ਕਿ ਡਾਕਟਰ ਨੂੰ ਉਸ ਨੂੰ ਮੁਫ਼ਤ ਵਿਚ ਟੀਕਾ ਲਾਉਣ ਵਿਚ ਦਿੱਕਤ ਪੇਸ਼ ਆ ਰਹੀ ਹੈ। ਪਾਗ਼ਲ ਘੋਸ਼ਿਤ ਕਰ ਕੇ ਉਸ ਨੂੰ ਜਲਦੀ ਹੀ ਚੱਕੀ-ਬੰਦ ਕੀਤਾ ਜਾ ਰਿਹਾ ਹੈ।

ਰੁਲਦੂ ਦੇ ਚੱਕੀ-ਬੰਦ ਹੋਣ ਦਾ ਮਤਲਬ ਸੀ ਮੌਤ ਨੂੰ ਸੱਦਾ। ਉਥੇ ਪਏ ਦਾ ਨਾ ਕਿਸੇ ਨੇ ਇਲਾਜ ਕਰਾਉਣਾ ਸੀ, ਨਾ ਕਿਸੇ ਨੇ ਉਸ ਨੂੰ ਛੁਡਾਉਣਾ ਸੀ। ਦਿਨਾਂ ਵਿਚ ਉਸ ਦੇ ਸਰੀਰ ਨੇ ਖੁਰ ਜਾਣਾ ਸੀ ਅਤੇ ਅੰਦਰਲੇ ਪੰਖੇਰੂ ਨੇ ਉੱਡ ਜਾਣਾ ਸੀ।

ਹਾਕਮ ਨੂੰ ਲੱਗ ਰਿਹਾ ਸੀ ਉਸ ਨਾਲ ਵੀ ਇੰਝ ਹੀ ਹੋਣ ਵਾਲਾ ਹੈ। ਜ਼ਿਆਦਾ ਉਨੀਂਦਰਾ ਹੋਣ ਕਾਰਨ ਉਸ ਨੂੰ ਵੀ ਟੀਕਾ ਲਾ ਕੇ ਸੁਲਾਇਆ ਜਾ ਸਕਦਾ ਹੈ।

ਕੋਈ ਉਸ ਨੂੰ ਵਕੀਲ ਸਾਹਿਬ ਆਖ ਕੇ ਝੰਜੋੜ ਰਿਹਾ ਸੀ। 'ਵਕੀਲ' ਸ਼ਬਦ ਉਸ ਨੇ ਕਈ ਸਾਲਾਂ ਬਾਅਦ ਸੁਣਿਆ ਸੀ। ਪਹਿਲਾਂ ਉਸ ਨੂੰ ਲੱਗਾ ਉਸ ਨੂੰ ਭੁਲੇਖਾ ਪਿਆ ਹੈ।

ਫੇਰ ਉਹ ਤ੍ਰਬਕ ਕੇ ਉੱਠਿਆ। ਉਸ ਨੂੰ ਲੱਗਾ ਰੁਲਦੂ ਦੇ ਨਾਲ-ਨਾਲ ਉਸ ਨੂੰ ਵੀ ਚੱਕੀ-ਬੰਦ ਕਰਨ ਲਈ ਉਠਾਇਆ ਜਾ ਰਿਹਾ ਹੈ।

"ਹਾਂ।" ਅੱਬੜਵਾਹੇ ਉੱਠੇ ਹਾਕਮ ਦੇ ਮੂੰਹੋਂ ਏਨਾ ਹੀ ਨਿਕਲਿਆ।

"ਮੈਂ ਨੰਦੂ ਹਾਂ। ਕਈ ਸਾਲ ਪਹਿਲਾਂ ਤੁਸੀਂ ਮੇਰੀ ਬਹੁਤ ਮਦਦ ਕੀਤੀ ਸੀ। ਮੈਂ ਬਰੀ ਹੋਣ ਵਾਲਾ ਹਾਂ। ਇਹ ਮੇਰੇ ਦੋਸਤ ਹਨ। ਇਹਨਾਂ ਨੂੰ ਤੁਹਾਡੀ ਮਦਦ ਦੀ ਸਖ਼ਤ ਜ਼ਰੂਰਤ ਹੈ।"

ਨੰਦੂ ਨੇ ਝੱਟਪੱਟ ਤਿੰਨੋ ਸਮੱਸਿਆਵਾਂ ਹਾਕਮ ਅੱਗੇ ਰੱਖ ਦਿੱਤੀਆਂ। ਇਹ ਪਹਿਲੀ ਵਾਰ ਸੀ ਜਦੋਂ ਹਾਕਮ ਨੂੰ ਆਪਣੇ ਵਕੀਲ ਹੋਣ 'ਤੇ ਚਿੜ ਚੜ੍ਹੀ ਸੀ। ਇਸੇ ਵਕਾਲਤ ਦੇ ਨਸ਼ੇ ਨੇ ਉਸ ਨੂੰ ਇਸ ਨੌਬਤ ਤਕ ਪਹੁੰਚਾਇਆ ਸੀ।



"ਇਹਨਾਂ ਲੋਕਾਂ ਨੇ ਕੰਮ ਕਢਵਾ ਕੇ ਪਾਸਾ ਵੱਟ ਜਾਣਾ ਹੈ। ਪਿੱਛੋਂ ਕੰਡੇ ਮੈਨੂੰ ਚੁਗਣੇ ਪੈਣੇ ਹਨ।" ਸੋਚਦੇ ਹਾਕਮ ਨੇ ਅੱਗ ਵਿਚ ਹੱਥ ਪਾਉਣ ਤੋਂ ਗੁਰੇਜ਼ ਕਰਨਾ ਹੀ ਠੀਕ ਸਮਝਿਆ।

"ਮੈਂ ਕੀ ਕਰਾਂ ? ਖ਼ੁਦ ਦਰੋਗ਼ੇ ਦੇ ਢਿੱਡ ਵਿਚ ਟੱਕਰ ਮਾਰੋ।"

ਨੰਦੂ ਹੋਰੀਂ ਮੂੰਹ ਲਟਕਾ ਕੇ ਚਲੇ ਗਏ।

ਅੱਖਾਂ ਮੀਚੀ ਪਿਆ ਹਾਕਮ ਆਪਣੇ ਰਵੱਈਏ ਦਾ ਮੁਲਾਂਕਣ ਕਰਨ ਲੱਗਾ। ਪਹਿਲੇ ਹੱਲੇ ਹਾਕਮ ਨੂੰ ਆਪਣਾ ਫ਼ੈਸਲਾ ਠੀਕ ਲੱਗਾ। ਜਦੋਂ ਲੋੜ ਸਮੇਂ ਕੈਦੀ ਉਸ ਨਾਲ ਨਹੀਂ ਤਾਂ ਉਹ ਉਹਨਾਂ ਲਈ ਕਿਉਂ ਮਰੇ ?

ਥੋੜ੍ਹੀ ਦੇਰ ਬਾਅਦ ਉਸ ਦੀ ਸੋਚ ਪਲਟਾ ਖਾਣ ਲੱਗੀ। ਉਸ ਨੂੰ ਆਪਣੇ ਰਵੱਈਏ 'ਤੇ ਅਫ਼ਸੋਸ ਹੋਣ ਲੱਗਾ।

"ਮੈਂ ਇੰਨੇ ਕੌੜੇ ਬੋਲ ਕਿਸ ਤਰ੍ਹਾਂ ਬੋਲ ਗਿਆ ?"

ਫੇਰ ਉਹ ਆਪਣੇ ਅੰਦਰ ਪੈਦਾ ਹੋਈ ਇਸ ਕੜਵਾਹਟ ਦੇ ਬੀਜ ਲੱਭਣ ਲੱਗਾ।

"ਤੁਹਾਡੀ ਛੁੱਟੀ ਦੇ ਕਾਗ਼ਜ਼ ਤਿਆਰ ਹੋ ਚੁੱਕੇ ਹਨ। ਡਾਕਟਰ ਉਪਰ ਗਿਆ ਹੈ, ਆਉਂਦਾ ਹੋਇਆ ਦਸਤਖ਼ਤ ਕਰੇਗਾ।"

ਹਾਕਮ ਦੇ ਖ਼ਿਆਲਾਂ ਦੀ ਲੜੀ ਨੂੰ ਸ਼ਾਮ ਲਾਲ ਨੇ ਤੋੜਿਆ।

"ਬਿਨਾਂ ਠੀਕ ਹੋਇਆਂ ਛੁੱਟੀ ?" ਡਾਕਟਰ ਦੇ ਰਵੱਈਏ 'ਤੇ ਹਾਕਮ ਨੂੰ ਚਿੜ ਚੜ੍ਹਨ ਲੱਗੀ।

ਇਕ ਵਾਰ ਦਿਲ ਕੀਤਾ। ਉਪਰ ਜਾ ਕੇ ਡਾਕਟਰ ਨਾਲ ਗੱਲ ਕਰੇ। ਫੇਰ ਉਹ ਰੁਕ ਗਿਆ। ਹੇਠਾਂ ਹੀ ਠੀਕ ਰਹੇਗਾ।

ਉਹ ਟਿਕਟਿਕੀ ਲਾ ਕੇ ਪੌੜੀਆਂ ਵੱਲ ਤੱਕਣ ਲੱਗਾ। ਡਾਕਟਰ ਦੇ ਹੇਠਾਂ ਉਤਰਨ ਦਾ ਇੰਤਜ਼ਾਰ ਕਰਨ ਲੱਗਾ।

ਥੋੜ੍ਹੀ ਦੇਰ ਬਾਅਦ ਕੰਪਾਊਡਰ ਨਾਲ ਗੱਲਾਂ ਮਾਰਦਾ ਡਾਕਟਰ ਹੇਠਾਂ ਉਤਰਿਆ। ਵਾਰਡ ਵਿਚ ਗੇੜਾ ਮਾਰ ਕੇ ਮਰੀਜ਼ਾਂ ਦਾ ਹਾਲ-ਚਾਲ ਪੁੱਛਣ ਦੀ ਥਾਂ ਉਹ ਸਿੱਧਾ ਆਪਣੇ ਦਫ਼ਤਰ ਜਾ ਵੜਿਆ।

ਪਿੱਛੇ ਹਾਕਮ ਚਲਾ ਗਿਆ।

"ਠੀਕ ਏਂ ਨਾ ਹਾਕਮ ਸਿਆਂ ?" ਮੇਜ਼ 'ਤੇ ਪਏ ਕਾਗ਼ਜ਼-ਪੱਤਰ ਆਪਣੇ ਵੱਲ ਖਿਚਦਿਆਂ ਡਾਕਟਰ ਨੇ ਪੁੱਛਿਆ।

"ਬਿਨਾਂ ਇਲਾਜ ਦੇ ਕੋਈ ਠੀਕ ਕਿਸ ਤਰ੍ਹਾਂ ਹੋ ਸਕਦਾ ਹੈ ? ਕਿਸੇ ਨੇ ਮੇਰੀ ਪੱਟੀ ਤਕ ਤਾਂ ਬਦਲੀ ਨਹੀਂ। ਮੇਰੇ ਜ਼ਖ਼ਮਾਂ ਵਿਚ ਪਸ ਪੈ ਚੁੱਕੀ ਹੈ। ਆਹ ਦੇਖੋ।"

ਆਖਦੇ ਹਾਕਮ ਨੇ ਪੱਟੀਆਂ ਖੋਲ੍ਹ-ਖੋਲ੍ਹ ਹੇਠਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ।

"ਰੱਸੀ ਜਲ ਗਈ ਪਰ ਵੱਟ ਨਹੀਂ ਗਿਆ," ਕਮਰੇ ਵਿਚ ਪੈਂਦੇ ਗੰਦ ਤੋਂ ਚਿੜੇ ਡਾਕਟਰ ਨੇ ਮਨ ਵਿਚ ਬੁੜਬੁੜ ਕੀਤੀ।

"ਇਹ ਤੇਰਾ ਵਹਿਮ ਹੈ। ਕੰਪਾਊਡਰ ਦੀ ਰਿਪੋਰਟ ਅਨੁਸਾਰ ਤੂੰ ਬਿਲਕੁਲ ਠੀਕ ਹੈਂ। ਮੈਂ ਤੈਨੂੰ ਛੁੱਟੀ ਦੇ ਰਿਹਾ ਹਾਂ।"

"ਛੁੱਟੀ ਵਾਲੀ ਕੋਈ ਗੱਲ ਨਹੀਂ। ਫੇਰ ਵੀ ਕਿੰਨੇ ਦਿਨਾਂ ਦੇ ਆਰਾਮ ਦੀ ਸਿਫ਼ਾਰਸ਼ ਕੀਤੀ ਹੈ ?"

"ਤੇਰੇ ਵਰਗੇ ਯੋਧੇ ਛੋਟੇ-ਮੋਟੇ ਜ਼ਖ਼ਮਾਂ ਤੋਂ ਨਹੀ ਡਰਦੇ। ਦਲੇਰੀ ਨਾਲ ਮੋਰਚੇ 'ਤੇ ਡਟੇ ਰਹਿੰਦੇ ਹਨ। ਮੁਸ਼ੱਕਤ ਤੋਂ ਨਾ ਭੱਜ।"

"ਮੈਂ ਆਪਣੇ ਫ਼ਰਜ਼ਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਤੁਸੀਂ ਲੋਕ ਹੀ ਆਪਣੇ ਫ਼ਰਜ਼ ਨਹੀਂ ਨਿਭਾ ਰਹੇ। ਮੈਨੂੰ ਜਾਣ-ਬੁਝ ਕੇ ਤੰਗ ਕੀਤਾ ਜਾ ਰਿਹਾ ਹੈ"

ਹਾਕਮ ਦੇ ਬੋਲ ਤਲਖ਼ ਹੋਣ ਲੱਗੇ।

"ਤੂੰ ਵੀ ਤਾਂ ਸਾਨੂੰ ਵੰਝ 'ਤੇ ਟੰਗ ਰੱਖਿਐ। ਭੱਜਦਿਆਂ ਨੂੰ ਵਾਹਣ ਇਕੋ ਜਿਹੇ ਹੁੰਦੇ ਹਨ।"

ਡਾਕਟਰ ਵੀ ਉਹੋ ਅੰਦਾਜ਼ ਅਖ਼ਤਿਆਰ ਕਰਨ ਲੱਗਾ।

"ਮੈਂ ਕੀ ਕੀਤੈ ?" ਰੰਗੇ ਹੱਥੀਂ ਚੋਰੀ ਕਰਦੇ ਫੜੇ ਜਾਣ ਵਾਲਿਆਂ ਵਾਂਗ ਛਿੱਥਾ ਪੈਂਦਾ ਹਾਕਮ ਬੁੜਬੁੜਾਇਆ।

"ਤੂੰ ਕੀ ਕੀਤਾ ਹੈ ਅਤੇ ਕੀ ਨਹੀਂ ਕੀਤਾ, ਇਹ ਤੈਨੂੰ ਵੀ ਪਤਾ ਹੈ ਅਤੇ ਸਾਨੂੰ ਵੀ। ਆਪਾਂ ਇਸ ਬਹਿਸ ਵਿਚ ਨਾ ਪਈਏ। ਆਪਣਾ ਦਵਾਈਆਂ ਵਾਲਾ ਲਿਫ਼ਾਫ਼ਾ ਚੁੱਕ ਅਤੇ ਇਥੇ ਦਸਤਖ਼ਤ ਕਰ, ਬੱਸ।"

ਆਖਦੇ ਡਾਕਟਰ ਨੇ ਰਜਿਸਟਰ ਹਾਕਮ ਵੱਲ ਵਧਾਇਆ।

"ਮੈਂ ਜਦੋਂ ਠੀਕ ਨਹੀਂ ਹੋਇਆ, ਇਥੇ ਦਸਤਖ਼ਤ ਕਿਉਂ ਕਰਾਂ ? ਧੱਕੇ ਨਾਲ ਤੁਸੀਂ ਜੋ ਮਰਜ਼ੀ ਕਰੋ।"

ਤੈਸ਼ ਵਿਚ ਆਏ ਹਾਕਮ ਨੇ ਰਜਿਸਟਰ ਡਾਕਟਰ ਵੱਲ ਧੱਕਿਆ।

ਖਿੱਚਾਤਾਣੀ ਵਿਚ ਰਜਿਸਟਰ ਕਲਮਦਾਨ ਵਿਚ ਲੱਗਾ। ਰਜਿਸਟਰ ਦੇ ਨਾਲ ਕਲਮਦਾਨ ਵੀ ਜ਼ਮੀਨ ਉਪਰ ਡਿੱਗ ਪਿਆ। ਟੁੱਟੇ ਕੱਚ ਦਾ ਖੜਕਾ ਦੂਰ ਤਕ ਸੁਣਾਈ ਦਿੱਤਾ।

"ਦਿਖਦਾ ਨਹੀਂ। ਸੌ ਰੁਪਏ ਦਾ ਨੁਕਸਾਨ ਕਰ ਦਿੱਤਾ।"

ਹਾਕਮ ਨੂੰ ਬਾਹੋਂ ਫੜ ਕੇ ਧੂੰਹਦਾ ਕੰਪਾਊਡਰ ਵੀ ਮਨ ਦੀ ਭੜਾਸ ਕੱਢਣ ਲੱਗਾ।

"ਮੈਨੂੰ ਸਭ ਦਿਖਦਾ ਹੈ। ਤੁਸੀਂ ਹੀ ਅੰਨ੍ਹੇ ਹੋਏ ਹੋਏ ਹੋ।"

ਹਾਕਮ ਦੀ ਸੁਰ ਉੱਚੀ ਹੋਣ ਲੱਗੀ। ਬਾਹੋਂ ਫੜੇ ਜਾਣ 'ਤੇ ਬੇਇੱਜ਼ਤੀ ਮਹਿਸੂਸ ਕਰਦੇ ਹਾਕਮ ਨੇ ਝਟਕਾ ਮਾਰ ਕੇ ਕੰਪਾਊਡਰ ਕੋਲੋਂ ਬਾਂਹ ਛੁਡਾ ਲਈ।

ਅਚਾਨਕ ਪਏ ਧੱਕੇ ਕਾਰਨ ਕੰਪਾਊਡਰ ਡਿੱਗਦਾ-ਡਿੱਗਦਾ ਮਸੀਂ ਬਚਿਆ।

ਡਾਕਟਰ ਦੇ ਕਮਰੇ ਵਿਚ ਹੁੰਦੇ ਝਗੜੇ ਦੀ ਆਵਾਜ਼ ਸੁਣ ਕੇ ਮਰੀਜ਼ ਕਮਰੇ ਅੱਗੇ ਜੁੜਨ ਲੱਗੇ।

"ਟੀਕਾ ਲਿਆ।"

ਹਾਕਮ ਦੇ ਚੜ੍ਹੇ ਤੇਵਰ ਦੇਖ ਕੇ ਡਾਕਟਰ ਨੇ ਕੰਪਾਊਡਰ ਨੂੰ ਇਸ਼ਾਰਾ ਕੀਤਾ।

"ਮੈਂ ਪਾਗ਼ਲ ਨਹੀਂ ਹਾਂ। ਬਿਲਕੁਲ ਠੀਕ ਹਾਂ। ਮੈਨੂੰ ਕਿਸੇ ਟੀਕੇ ਦੀ ਜ਼ਰੂਰਤ ਨਹੀਂ ਹੈ।"

"ਤੁਸੀਂ ਉਤੇਜਿਤ ਹੋ ਗਏ ਹੋ ਵਕੀਲ ਸਾਹਿਬ। ਤੁਹਾਨੂੰ ਆਰਾਮ ਦੀ ਜ਼ਰੂਰਤ ਹੈ।"

ਆਖਦਾ ਡਾਕਟਰ ਹਾਕਮ ਦੀ ਬਾਂਹ ਨੰਗੀ ਕਰਨ ਲੱਗਾ।

"ਮੈਂ ਟੀਕਾ ਨਹੀਂ ਲਗਵਾਉਣਾ।"

ਟੀਕੇ ਦਾ ਵਿਰੋਧ ਕਰਦੇ ਹਾਕਮ ਨੇ ਬਾਂਹ ਛੁਡਾ ਲਈ।

ਕੰਪਾਊਡਰ ਦੇ ਹੱਥੋਂ ਸਰਿੰਜ ਛੁੱਟ ਗਈ। ਸ਼ੀਸ਼ੀ ਜ਼ਮੀਨ 'ਤੇ ਡਿੱਗ ਕੇ ਟੁੱਟ ਗਈ।

"ਇਸ ਨੇ ਇੰਝ ਟੀਕਾ ਨਹੀਂ ਲਗਵਾਉਣਾ। ਇਸ ਪਾਗ਼ਲ ਨੂੰ ਕਾਬੂ ਕਰੋ।"

ਡਾਕਟਰ ਨੇ ਕਮਰੇ ਵਿਚ ਦਾਖ਼ਲ ਹੋ ਚੁੱਕੇ ਮਰੀਜ਼ਾਂ ਕੈਦੀਆਂ ਨੂੰ ਹੁਕਮ ਦਿੱਤਾ।

ਹਾਕਮ ਕੈਦੀਆਂ ਦੇ ਕਾਬੂ ਤੋਂ ਬਾਹਰ ਹੋਣ ਲੱਗਾ।



ਹਾਕਮ ਦੇ ਵਿਰੋਧ ਨੂੰ ਭਾਂਪ ਕੇ ਡਾਕਟਰ ਨੇ ਖ਼ਤਰੇ ਵਾਲਾ ਹੂਟਰ ਵਜਾ ਦਿੱਤਾ।

ਗਸ਼ਤ ਕਰਦੇ ਗਾਰਡ ਝੱਟ ਹਸਪਤਾਲ ਹਾਜ਼ਰ ਹੋ ਗਏ।

ਸੁਰੱਖਿਆ ਗਾਰਡਾਂ ਵੱਲੋਂ ਹਾਕਮ ਨੂੰ ਕਾਬੂ ਕੀਤਾ ਗਿਆ। ਫੇਰ ਜਬਰੀ ਉਸ ਦੇ ਟੀਕਾ ਜੜਿਆ ਗਿਆ।

ਮਿੰਟਾਂ ਵਿਚ ਹਾਕਮ ਦੇ ਤੇਵਰ ਢਿੱਲੇ ਪੈ ਗਏ।

ਹਾਕਮ ਨੂੰ ਉਸ ਦੇ ਬਿਸਤਰੇ ਵੱਲ ਤੋਰ ਕੇ ਡਾਕਟਰ ਆਪਣੀ ਕੁਰਸੀ 'ਤੇ ਆ ਬੈਠਾ।

ਕੈਦੀ ਵੱਲੋਂ ਜੇਲ੍ਹ ਅਧਿਕਾਰੀ ਨਾਲ ਹੱਥੋਪਾਈ ਕਰਨ ਅਤੇ ਇਸ ਜੁਰਮ ਬਦਲੇ ਕਰੜੀ ਸਜ਼ਾ ਦੇਣ ਲਈ ਕੇਸ ਤਿਆਰ ਕਰਨ ਲੱਗਾ।

# 53

ਨਸ਼ੇ ਦੇ ਟੀਕੇ ਕਾਰਨ ਹਾਕਮ ਨੂੰ ਕੁਝ ਘੰਟੇ ਗੂੜ੍ਹੀ ਨੀਂਦ ਆਈ। ਗੂੜ੍ਹੀ ਨੀਂਦ ਕਾਰਨ ਕਾਫ਼ੀ ਰਾਹਤ ਮਹਿਸੂਸ ਹੋਈ।

ਅੱਖ ਖੁੱਲ੍ਹਦਿਆਂ ਹੀ ਉਸ ਨੂੰ ਸਜ਼ਾ ਵਾਲਾ ਫਰਲਾ ਫੜਾ ਦਿੱਤਾ ਗਿਆ।

ਦੇਰ ਰਾਤ ਤਕ ਡਾਕਟਰ ਦੇ ਦਫ਼ਤਰ ਬੈਠਾ ਸੁਪਰਡੈਂਟ ਪੜਤਾਲ ਕਰਦਾ ਰਿਹਾ ਸੀ। ਵਾਰਡ ਵਿਚ ਦਾਖ਼ਲ ਹਰ ਮਰੀਜ਼ ਨੇ ਡਾਕਟਰ ਦੇ ਬਿਆਨ ਦੀ ਤਾਈਦ ਕੀਤੀ। ਕਈਆਂ ਨੇ ਕੋਲੋਂ ਲੂਣ-ਮਿਰਚ ਵੀ ਲਾਇਆ।

"ਹਾਕਮ ਕਹਿੰਦਾ ਸੀ, ਡਾਕਟਰ ਜਾਣ-ਬੁਝ ਕੇ ਮਰੀਜ਼ਾਂ ਦਾ ਸਹੀ ਇਲਾਜ ਨਹੀਂ ਕਰਦਾ। ਦਵਾਈਆਂ ਹੜੱਪ ਜਾਂਦਾ ਹੈ। ਇਸ ਦੀ ਸ਼ਿਕਾਇਤ ਕਰੋ। ਹੜਤਾਲ ਕਰੋ। ਧਰਨੇ ਮਾਰੋ। ਜੇ ਫੇਰ ਵੀ ਸੁਣਵਾਈ ਨਾ ਹੋਵੇ ਤਾਂ ਹੱਥੋਪਾਈ ਕਰੋ। ਅੱਜ ਉਦਾਹਰਣ ਬਣਦਿਆਂ ਪਹਿਲਾਂ ਉਸ ਨੇ ਡਾਕਟਰ ਦੇ ਗਲਮੇ ਨੂੰ ਹੱਥ ਪਾਇਆ, ਫੇਰ ਗਲਾ ਘੁੱਟਣ ਦਾ ਯਤਨ ਕੀਤਾ।"

ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਸੁਪਰਡੈਂਟ ਨੇ ਸਿੱਟਾ ਕੱਢਿਆ :

"ਹਾਕਮ ਬਾਗ਼ੀ ਤਬੀਅਤ ਦਾ ਬੰਦਾ ਹੈ। ਸਰਕਾਰ ਅਤੇ ਸਰਕਾਰੀ ਮੁਲਾਜ਼ਮਾਂ ਵਿਰੁੱਧ ਅੱਗ ਉਗਲਦਾ ਰਹਿੰਦਾ ਹੈ। ਕੈਦੀਆਂ ਨੂੰ ਦੰਗੇ ਕਰਨ ਲਈ ਭੜਕਾਉਂਦਾ ਹੈ। ਬੇਨਾਮੀ ਸ਼ਿਕਾਇਤਾਂ ਕਰਦਾ ਹੈ। ਪਹਿਲਾਂ ਕਈ ਵਾਰ ਤਾੜਨਾ ਹੋਈ ਹੈ। ਉਸ 'ਤੇ ਕੋਈ ਅਸਰ ਨਹੀਂ ਹੁੰਦਾ। ਅੱਜ ਦਾ ਮੰਦਭਾਗਾ ਕਾਰਨਾਮਾ ਇਸ ਦਾ ਸਬੂਤ ਹੈ। ਸਿੱਧੇ ਰਾਹ ਪਾਉਣ ਲਈ ਇਸ ਨੂੰ ਸਖ਼ਤ ਸਜ਼ਾ ਦੇਣੀ ਜ਼ਰੂਰੀ ਹੈ।"

ਸਾਰੇ ਪੱਖ ਵਿਚਾਰ ਕੇ ਡਾਕਟਰ ਨੇ ਹੁਕਮ ਸੁਣਾਇਆ, "ਕੈਦੀ ਨੰਬਰ ਅੱਠ ਸੌ ਅੱਠ ਨੂੰ ਦਸ ਦਿਨ ਲਈ ਤਨਹਾਈ ਚੱਕੀ ਵਿਚ ਬੰਦ ਕੀਤਾ ਜਾਵੇ।"

ਹੁਕਮ ਪੜ੍ਹ ਕੇ ਹਾਕਮ ਮੁੜ ਚਿੰਤਾਵਾਂ ਵਾਲੇ ਖੱਡੇ ਵਿਚ ਜਾ ਡਿੱਗਾ।

ਸਜ਼ਾ ਦਾ ਹਰ ਪੱਖ ਗ਼ੈਰ-ਕਾਨੂੰਨੀ ਸੀ। ਕੈਦੀ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਨਹੀਂ ਸੀ ਦਿੱਤਾ ਗਿਆ। ਸਜ਼ਾ ਲਾਗੂ ਕਰਨ ਤੋਂ ਪਹਿਲਾਂ ਜ਼ਿਲ੍ਹਾ ਮੈਜਿਸਟ੍ਰੇਟ ਜਾਂ ਸੈਸ਼ਨ ਜੱਜ ਦੀ ਮਨਜ਼ੂਰੀ ਲੈਣੀ ਜ਼ਰੂਰੀ ਸੀ। ਉਹ ਨਹੀਂ ਲਈ ਗਈ।

ਹੁਕਮ ਨੂੰ ਚੁਣੌਤੀ ਦੇਣੀ ਬਣਦੀ ਸੀ। ਪਰ ਇਸ ਦਾ ਫ਼ਾਇਦਾ ਹੋਣ ਵਾਲਾ ਨਹੀਂ ਸੀ। ਸੁਪਰਡੈਂਟ ਨੇ ਆਪਣੇ ਫ਼ੈਸਲੇ ਨੂੰ ਨਾ ਅੱਗੇ ਪਾਉਣਾ ਸੀ, ਨਾ ਰੱਦ ਕਰਨਾ ਸੀ। ਜ਼ਿਲ੍ਹਾ ਮੈਜਿਸਟ੍ਰੇਟ ਕੋਲ ਕੀਤੀ ਅਪੀਲ ਸੁਪਰਡੈਂਟ ਰਾਹੀਂ ਜਾਂਦੀ ਸੀ। ਕੁਝ ਦਿਨ ਜਾਣ-ਬੁਝ ਕੇ ਲੇਟ ਭੇਜਣੀ ਸੀ। ਅੱਗੋਂ ਜ਼ਿਲ੍ਹਾ ਮੈਜਿਸਟ੍ਰੇਟ ਕਿਹੜਾ ਵਿਹਲਾ ਬੈਠਾ ਹੋਏਗਾ। ਉਸ ਦੇ ਸੁਣਵਾਈ ਸ਼ੁਰੂ ਕਰਨ ਤੋਂ ਪਹਿਲਾਂ ਸਜ਼ਾ ਖ਼ਤਮ ਹੋ ਚੁੱਕੀ ਹੋਏਗੀ।

ਹਾਕਮ ਨੂੰ ਚੁੱਪ ਕਰਨ ਵਿਚ ਹੀ ਭਲਾ ਲੱਗਾ।



ਮਨੋਵਿਗਿਆਨੀ ਸਦੀਆਂ ਤੋਂ ਦੁਹਾਈ ਪਾ ਰਹੇ ਹਨ, "ਕੁਦਰਤ ਨੇ ਮਨੁੱਖ ਨੂੰ ਇਕ ਸਮਾਜਿਕ ਪ੍ਰਾਣੀ ਦੇ ਤੌਰ 'ਤੇ ਵਿਕਸਿਤ ਕੀਤਾ ਹੈ। ਤਨਹਾਈ ਮਨੁੱਖ ਦੇ ਸਰੀਰ, ਮਨ ਅਤੇ ਦਿਮਾਗ਼ ਨੂੰ ਤਹਿਸ-ਨਹਿਸ ਕਰ ਦਿੰਦੀ ਹੈ। ਕੈਦੀ ਨੂੰ ਤਨਹਾਈ ਵਿਚ ਰੱਖਣਾ ਗ਼ੈਰ-ਕੁਦਰਤੀ ਅਤੇ ਗ਼ੈਰ-ਮਨੁੱਖੀ ਹੈ। ਇਹ ਅੱਤਿਆਚਾਰ ਖ਼ਤਮ ਹੋਣਾ ਚਾਹੀਦਾ ਹੈ।"

ਉੱਚ ਅਦਾਲਤਾਂ ਇਸ ਵਿਚਾਰ ਨਾਲ ਸਹਿਮਤ ਹਨ। ਇਸ ਸਜ਼ਾ ਦੀ ਇਜਾਜ਼ਤ ਦਿੰਦੀਆਂ ਹਨ ਪਰ ਬਹੁਤ ਹੀ ਅਸੁਖਾਵੀਆਂ ਪ੍ਰਸਥਿਤੀਆਂ ਵਿਚ। ਨਾਲ ਵੀਹ ਪਾਬੰਦੀਆਂ ਲਾਉਂਦੀਆਂ ਹਨ, 'ਸਜ਼ਾ ਓਨੀ ਦਿਓ, ਜਿੰਨੀ ਜ਼ਰੂਰੀ ਹੈ। ਕੈਦੀ ਨੂੰ ਸਾਥੀਆਂ ਨਾਲ ਗੱਲਬਾਤ ਭਾਵੇਂ ਨਾ ਕਰਨ ਦਿਓ ਪਰ ਰੱਖੋ ਅੱਖਾਂ ਦੇ ਸਾਹਮਣੇ। ਸਮੇਂ-ਸਮੇਂ ਕੈਦੀ ਦੀ ਮਾਨਸਿਕ ਅਤੇ ਸਰੀਰਕ ਸਥਿਤੀ ਦੀ ਡਾਕਟਰ ਕੋਲੋਂ ਪੜਤਾਲ ਕਰਾਓ। ਹਾਲਤ ਵਿਗੜੀ ਦਿਖੇ ਤਾਂ ਸਜ਼ਾ ਮੁਆਫ਼ ਜਾਂ ਮੁਅੱਤਲ ਕਰੋ। ਸਜ਼ਾ ਦਾ ਉਦੇਸ਼ ਕੈਦੀ ਨੂੰ ਸੁਧਾਰਨਾ ਹੈ, ਨਾ ਕਿ ਪਾਗ਼ਲ ਕਰਨਾ।'

ਹਾਕਮ ਨੂੰ ਪਤਾ ਸੀ ਕਿ ਇਹ ਗੱਲਾਂ ਕਿਤਾਬੀ ਹਨ। ਇਕ ਵੀ ਹਦਾਇਤ ਦੀ ਪਾਲਣਾ ਨਹੀਂ ਹੋਣੀ। ਹਾਕਮ ਨੂੰ ਇਹ ਵੀ ਪਤਾ ਸੀ ਕਿ ਹੋਈ ਬੇਇਨਸਾਫ਼ੀ ਅਤੇ ਚਾਰੇ ਪਾਸੇ ਛਾਏ ਮੌਤ ਵਰਗੇ ਸੰਨਾਟੇ ਕਾਰਨ ਕੈਦੀ ਪਹਿਲੇ ਦਿਨ ਹੀ ਟੁੱਟਣਾ ਸ਼ੁਰੂ ਹੋ ਜਾਂਦਾ ਹੈ। ਦਸ ਦਿਨ ਇਕੱਲੇ ਰਹਿ ਕੇ ਬਹੁਤੇ ਕੈਦੀ ਪਾਗ਼ਲ ਹੋ ਜਾਂਦੇ ਹਨ। ਜੋ ਬਚਦੇ ਹਨ, ਉਹ ਉਮਰ ਭਰ ਲਈ ਆਹਰੇ ਹੋ ਜਾਂਦੇ ਹਨ।

ਹਾਕਮ ਨੇ ਮਨ ਨਾਲ ਫ਼ੈਸਲਾ ਕੀਤਾ, "ਇਸ ਸੰਕਟ ਦਾ ਟਾਕਰਾ ਮੈਂ ਬਹਾਦਰੀ ਨਾਲ ਕਰਾਂਗਾ।"

ਹਾਕਮ ਨੂੰ ਕੁਝ ਨੁਕਤਿਆਂ ਦਾ ਪਤਾ ਸੀ। ਉਹਨਾਂ ਸਹਾਰੇ ਧਰੂ ਭਗਤ ਵਾਂਗ ਬਲਦੀ ਚਿਤਾ ਵਿਚ ਬੈਠ ਕੇ ਵੀ ਸਬੂਤਾ ਨਿਕਲਿਆ ਜਾ ਸਕਦਾ ਹੈ। ਉਹ ਉਹਨਾਂ ਨੁਕਤਿਆਂ ਨੂੰ ਦੁਹਰਾਉਣ ਲੱਗਾ "ਮੈਂ ਖ਼ੂਬ ਪੜ੍ਹਾਂਗਾ, ਖ਼ੂਬ ਲਿਖਾਂਗਾ। ਨਾਲੇ ਸਮਾਂ ਬੀਤਦਾ ਰਹੇਗਾ ਨਾਲੇ ਮਨ ਦੀ ਭੜਾਸ ਨਿਕਲਦੀ ਰਹੇਗੀ। ਯੋਧੇ ਸੂਰਬੀਰਾਂ ਦੇ ਕਾਰਨਾਮੇ ਯਾਦ ਕਰਾਂਗਾ। ਦੱਬ ਕੇ ਵਰਜਿਸ਼ ਕਰਾਂਗਾ। ਸਰੀਰ ਨੂੰ ਪੂਰੀ ਤਰ੍ਹਾਂ ਥਕਾਵਾਂਗਾ। ਫੇਰ ਰੱਜ ਕੇ ਸੌਂਵਾਂਗਾ। ਇੰਝ ਜੇਲ੍ਹ ਅਧਿਕਾਰੀਆਂ ਦੀ ਮਨੋ-ਕਾਮਨਾ ਪੂਰੀ ਨਹੀਂ ਹੋਣ ਦੇਵਾਂਗਾ।"

ਧੜਕਦੇ ਦਿਲ ਨਾਲ ਹਾਕਮ ਆਪਣੀ 'ਕਬਰ' ਵੱਲ ਵਧਣ ਲੱਗਾ।

ਇਸ ਬੈਰਕ ਵਿਚ ਅੱਠ ਕੋਠੜੀਆਂ ਸਨ। ਬੈਰਕ ਵਿਚ ਪੈਰ ਧਰਦਿਆਂ ਹੀ ਇਕ ਪਾਗ਼ਲ ਦੀ ਚੀਕ਼ ਨੇ ਉਸ ਦਾ ਸਵਾਗਤ ਕੀਤਾ।

ਪਾਗ਼ਲ ਕੈਦੀ ਨੂੰ ਪਹਿਲੀ ਚੱਕੀ ਵਿਚ ਕਿਉਂ ਬੰਦ ਕੀਤਾ ਗਿਆ ਹੈ? ਹਾਕਮ ਝੱਟ ਸਮਝ ਗਿਆ।

"ਮੈਂ ਇਹਨਾਂ ਬਾਂਦਰ-ਭਬਕੀਆਂ ਤੋਂ ਡਰਨ ਵਾਲਾ ਨਹੀਂ," ਸੋਚਦਾ ਹਾਕਮ ਇਕ ਨੰਬਰ ਚੱਕੀ ਅੱਗੋਂ ਨਿਕਲਣ ਲੱਗਾ।

ਹਾਕਮ ਨੂੰ ਪਤਾ ਸੀ ਕਿ ਜੇਲ੍ਹ ਵਿਚ ਤਿੰਨ ਅਜਿਹੇ ਕੈਦੀ ਬੰਦ ਸਨ, ਜਿਨ੍ਹਾਂ ਨੂੰ ਝੂਠੇ ਦੋਸ਼ਾਂ ਵਿਚ ਲੰਬੀਆਂ ਸਜ਼ਾਵਾਂ ਹੋਈਆਂ ਹਨ। ਰਿਹਾਈ ਦੀਆਂ ਸਾਰੀਆਂ ਆਸਾਂ ਮੁਕਾ ਕੇ ਉਹ ਮੌਤ ਉਡੀਕ ਰਹੇ ਸਨ।

ਉਹਨਾਂ ਵਿਚੋਂ ਇਕ ਪਾਕਿਸਤਾਨੀ ਫ਼ੌਜ ਦਾ ਉੱਚ ਅਧਿਕਾਰੀ ਸੀ। ਆਪਣੇ ਸੂਤਰਾਂ ਨਾਲ ਸੰਪਰਕ ਕਾਇਮ ਕਰਨ ਇਧਰ ਆਇਆ ਫੜਿਆ ਗਿਆ। ਕਈ ਸਾਲ ਉਹ ਫ਼ੌਜ ਦੇ ਤਸੀਹਾ

ਘਰਾਂ ਵਿਚ ਰਿਹਾ। ਜਦੋਂ ਉਸ ਵਿਚੋਂ ਸਭ ਕੁਝ ਨੁੱਚੜ ਗਿਆ ਤਾਂ ਉਸ ਨੂੰ ਇਸ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਇਧਰਲੀ ਸਰਕਾਰ ਉਸ ਨੂੰ ਸਰਹੱਦੋਂ ਪਾਰ ਛੱਡਣਾ ਚਾਹੁੰਦੀ ਸੀ। ਉਧਰਲੀ ਸਰਕਾਰ ਉਸ ਨੂੰ ਆਪਣਾ ਸ਼ਹਿਰੀ ਨਹੀਂ ਸੀ ਮੰਨਦੀ। ਇਸੇ ਖਿੱਚੋਤਾਣ ਵਿਚ ਵੀਹ ਸਾਲ ਲੰਘ ਗਏ। ਆਪਣੀ ਸਰਕਾਰ ਦੇ ਵਿਵਹਾਰ 'ਤੇ ਚਿੜਦਾ ਅਫ਼ਸਰ ਦਿਮਾਗ਼ੀ ਤਵਾਜ਼ਨ ਖੋ ਬੈਠਾ ਹੈ। ਜਦੋਂ ਉਸ ਨੂੰ ਪਾਗ਼ਲਪਨ ਦਾ ਦੌਰਾ ਪੈਂਦਾ ਹੈ ਤਾਂ ਉਹ ਆਪਣੀ ਸਰਕਾਰ ਨੂੰ ਗਾਲ੍ਹਾਂ ਕੱਢਣ ਲੱਗਦਾ ਹੈ।

ਕੈਦੀ ਕਿਸ ਨੂੰ ਗਾਲ੍ਹਾਂ ਕੱਢ ਰਿਹਾ ਸੀ ? ਹਾਕਮ ਸਮਝਣ ਦਾ ਯਤਨ ਕਰਨ ਲੱਗਾ।

ਇਹ ਪਾਗ਼ਲ ਹੱਡੀਆਂ ਦਾ ਢਾਂਚਾ ਜਿਹਾ ਸੀ। ਸਿਰ ਵਿਚ ਜੂੰਆਂ ਪੈ ਜਾਂਦੀਆਂ ਹੋਣਗੀਆਂ। ਇਸ ਲਈ ਉਸ ਦੇ ਦਾੜ੍ਹੀ ਕੇਸ ਮੁੰਨੇ ਹੋਏ ਸਨ। ਤੈਸ਼ ਵਿਚ ਆ ਕੇ ਉਹ ਕੱਪੜੇ ਪਾੜ ਦਿੰਦਾ ਹੋਏਗਾ, ਇਸੇ ਲਈ ਉਹ ਨੰਗ-ਧੜੰਗਾ ਸੀ। ਜਾਬ੍ਹਾਂ ਬਾਹਰ ਨਿਕਲੀਆਂ ਹੋਈਆਂ ਸਨ। ਅੱਖਾਂ ਅੰਦਰ ਧਸੀਆਂ ਹੋਈਆਂ ਸਨ। ਗਲਾ ਬੈਠਿਆ ਹੋਇਆ ਸੀ। ਉਸ ਦੀ ਕੋਠੜੀ ਰੂੜੀ ਬਣੀ ਹੋਈ ਸੀ। ਰੋਟੀ ਦੇ ਟੁਕੜੇ ਇਧਰ-ਉਧਰ ਖਿੰਡੇ ਹੋਏ ਸਨ। ਜਾਪਦਾ ਸੀ ਕੈਦੀ ਨੂੰ ਟੱਟੀ ਪਿਸ਼ਾਬ ਕਰਨ ਦੀ ਜਾਚ ਨਹੀਂ ਸੀ। ਇਸੇ ਲਈ ਸਾਰਾ ਸਰੀਰ ਟੱਟੀ ਪਿਸ਼ਾਬ ਨਾਲ ਲਿੱਬੜਿਆ ਹੋਇਆ ਸੀ।

"ਇਹ ਫ਼ੌਜੀ ਨਹੀਂ ਹੋ ਸਕਦਾ। ਯੋਧੇ ਇਸ ਹੱਦ ਤਕ ਹੌਂਸਲਾ ਨਹੀਂ ਹਾਰਦੇ। ਉਹਨਾਂ ਨੂੰ ਮਰਨ ਤਕ ਜੂਝਣਾ ਆਉਂਦਾ ਹੈ।"

ਹਾਕਮ ਮਨ ਹੀ ਮਨ ਇਹ ਵਾਧੇ ਘਾਟੇ ਕਰਨ ਲੱਗਾ।

ਫੇਰ ਇਹ ਨੰਦ ਸਿੰਘ ਹੋਏਗਾ।

ਨੰਦ ਅਤੇ ਉਸ ਦੇ ਮੁੰਡੇ ਉਪਰ ਤੀਹਰੇ ਕਤਲ ਦਾ ਦੋਸ਼ ਸੀ। ਉਸ ਦਾ ਸ਼ਰੀਕਾਂ ਨਾਲ ਜ਼ਮੀਨ ਦਾ ਝਗੜਾ ਚੱਲਦਾ ਸੀ। ਨੰਦ ਕੋਲ ਜ਼ਮੀਨ ਜਾਇਦਾਦ ਬਹੁਤ ਸੀ। ਪੁੱਤ ਇਕ ਸੀ। ਇਸੇ ਲਈ ਉਹ ਲੜਾਈ ਝਗੜੇ ਤੋਂ ਡਰ ਜਾਂਦਾ ਸੀ। ਆਪਣਾ ਹੱਕ ਹਾਸਲ ਕਰਨ ਲਈ ਉਸ ਨੇ ਕਾਨੂੰਨੀ ਲੜਾਈ ਲੜੀ ਸੀ। ਸ਼ਰੀਕਾਂ ਨੂੰ ਉਸ ਦਾ ਅਮਨ-ਪਸੰਦ ਹੋਣਾ ਪਸੰਦ ਨਹੀਂ ਸੀ। ਜਦੋਂ ਸ਼ਰੀਕਾਂ ਦੀ ਸੁਪਰੀਮ ਕੋਰਟ ਤਕ ਵਾਹ ਨਾ ਚੱਲੀ ਅਤੇ ਨੌਬਤ ਕਬਜ਼ਾ ਛੱਡਣ ਤਕ ਆ ਗਈ ਤਾਂ ਉਹ ਜੰਗਲੀਪੁਣੇ 'ਤੇ ਉਤਰ ਆਏ। ਇਕੱਲਾ ਸਮਝ ਕੇ ਉਹਨਾਂ ਨੇ ਮੁੰਡੇ ਨੂੰ ਖੇਤ ਵਿਚ ਘੇਰ ਲਿਆ। ਜੇ ਨੰਦ ਬੰਦੂਕ ਨਾ ਚੁੱਕਦਾ ਤਾਂ ਉਸ ਦੇ ਸ਼ਰੀਕ ਉਸ ਦੀਆਂ ਅੱਖਾਂ ਦੇ ਸਾਹਮਣੇ ਉਸ ਦੀ ਅੱਖ ਦਾ ਤਾਰਾ ਬੁਝਾ ਦਿੰਦੇ। ਕਤਲ ਨੰਦ ਸਿੰਘ ਨੇ ਕੀਤੇ। ਵਕੀਲਾਂ ਦੀ ਸਲਾਹ 'ਤੇ ਸ਼ਰੀਕਾਂ ਨੇ ਕਹਾਣੀ ਨੂੰ ਨਵਾਂ ਮੋੜ ਦੇ ਦਿੱਤਾ। ਮਰਨ ਵਾਲੇ ਮਰ ਗਏ। ਨੰਦ ਦੇ ਮੁੰਡੇ ਨੂੰ ਫ਼ਾਂਸੀ ਚੜ੍ਹਾਇਆ ਜਾਵੇ। ਨੰਦ ਦੀ ਜ਼ਿੰਦਗੀ ਨੂੰ ਨਰਕ ਬਣਾਇਆ ਜਾਵੇ। ਤਿੰਨੇ ਕਤਲ ਉਹਨਾਂ ਮੁੰਡੇ ਸਿਰ ਮੜ੍ਹ ਦਿੱਤੇ। ਨੰਦ ਦਾ ਹੌਂਸਲਾ ਪਹਿਲੇ ਦਿਨ ਹੀ ਜਵਾਬ ਦੇ ਗਿਆ। ਸ਼ਰੀਕਾਂ ਨੇ ਹੌਂਸਲਾ ਕਾਇਮ ਰੱਖਿਆ। ਜਿੰਨਾ ਚਿਰ ਤੀਹਰਾ ਕਤਲ ਕਰਨ ਬਦਲੇ 'ਜਾਲਮ ਮੁਲਜ਼ਮਾਂ' ਨੂੰ ਫ਼ਾਂਸੀ ਦੀ ਸਜਾ ਨਾ ਹੋ ਗਈ, ਉਹਨਾਂ ਭੱਜ-ਨੱਠ ਜਾਰੀ ਰੱਖੀ। ਮੁੰਡੇ ਦੀ ਘੰਡੀ ਦੇ ਨਾਲ ਹੀ ਨੰਦ ਦੇ ਦਿਮਾਗ਼ ਨੂੰ ਝਟਕਾ ਲੱਗ ਗਿਆ, ਸਾਰਾ ਦਿਨ ਕੋਠੜੀ ਵਿਚ ਪਿਆ ਨੰਦ ਮੁੰਡੇ ਨੂੰ ਆਵਾਜ਼ਾਂ ਮਾਰਦਾ ਹੈ ਜਾਂ ਅੰਨ੍ਹੇ ਕਾਨੂੰਨ ਨੂੰ ਗਾਲ੍ਹਾਂ ਕੱਢਦਾ ਹੈ।

ਪਾਗ਼ਲ ਕੈਦੀ ਕਿਸ ਨੂੰ ਗਾਲ੍ਹਾਂ ਕੱਢ ਰਿਹਾ ਹੈ, ਹਾਕਮ ਨੂੰ ਇਹ ਸਮਝਣ ਦੀ ਜ਼ਰੂਰਤ ਨਹੀਂ ਸੀ, 'ਮੇਰੇ ਨਾਲ ਵੀ ਇੰਝ ਹੀ ਹੋਣ ਵਾਲਾ ਹੈ।' ਉਸ ਨੂੰ ਇਹ ਸਮਝ ਆ ਗਈ ਸੀ।

ਹਾਕਮ ਨੂੰ ਚਾਰ ਨੰਬਰ ਕੋਠੜੀ ਮਿਲੀ ਸੀ।



ਉਸ ਦੇ ਪੁੱਜਣ ਤੋਂ ਪਹਿਲਾਂ ਉਸ ਦਾ ਸਾਮਾਨ ਉਥੇ ਪੁੱਜ ਚੁੱਕਾ ਸੀ। ਦਰੀ, ਕੰਬਲ ਅਤੇ ਭਾਂਡੇ ਪੁਰਾਣੇ ਸਨ। ਨਵੀਆਂ ਚੀਜ਼ਾਂ ਵਿਚ ਇਕ ਪਾਣੀ ਵਾਲਾ ਤਪਲਾ ਅਤੇ ਵੇਲੇ-ਕੁਵੇਲੇ ਹਾਜਤ ਮਿਟਾਉਣ ਲਈ ਚੀਨੀ ਮਿੱਟੀ ਦਾ ਮੇਜ਼ ਵਿਚ ਫਿਟ ਕੀਤਾ ਕਮੋਡ।

ਹਾਕਮ ਨੇ ਸਾਮਾਨ ਉਲਟ ਪਲਟ ਕੇ ਦੇਖਿਆ। ਨਾ ਕਿਤਾਬਾਂ ਲੱਭੀਆਂ, ਨਾ ਕਾਗ਼ਜ਼ਾਂ ਵਾਲਾ ਫੱਟਾ। ਇਹਨਾਂ ਗਹਿਰੇ ਮਿੱਤਰਾਂ ਦੀ ਅਣਹੋਂਦ ਕਾਰਨ ਹਾਕਮ ਅੰਦਰ ਨਿਰਾਸ਼ਾ ਦੀ ਲਹਿਰ ਦੌੜਨ ਲੱਗੀ।

"ਸਖ਼ਤ ਸਜ਼ਾ ਦੇਣ ਅਤੇ ਫੇਰ ਸਜ਼ਾ ਨੂੰ ਸੁਖਾਲਾ ਬਣਾਉਣ ਦੀਆਂ ਸਹੂਲਤਾਂ ਵੀ ਦੇਣ ? ਜੇਲ੍ਹ ਵਾਲੇ ਇੰਨੇ ਕਮਲੇ ਨਹੀਂ ਹਨ।" ਸੋਚਦਾ ਹਾਕਮ ਘੁੰਮ ਫਿਰ ਕੇ ਆਪਣੇ ਨਵੇਂ ਘਰ ਦਾ ਜਾਇਜ਼ਾ ਲੈਣ ਲੱਗਾ।

ਅੱਧੋਰਾਣਾ ਜਿਹਾ ਕਮਰਾ ਅੱਠ ਕੁ ਫ਼ੁੱਟ ਲੰਬਾ ਅਤੇ ਛੇ ਕੁ ਫ਼ੁੱਟ ਚੌੜਾ ਸੀ। ਪਿਛਲੇ ਪਾਸੇ ਸਲਾਖ਼ਾਂ ਵਾਲੀ ਇਕ ਛੋਟੀ ਜਿਹੀ ਤਾਕੀ ਸੀ, ਜਿਸ ਉਪਰ ਲੋਹੇ ਦੀ ਮੋਟੀ ਜਾਲੀ ਜੜੀ ਹੋਈ ਸੀ। ਜਾਲੀ ਉਪਰ ਮਿੱਟੀ ਦੀ ਮੋਟੀ ਤਹਿ ਜੰਮੀ ਹੋਈ ਸੀ। ਜੇਲ੍ਹ ਦੀ ਉਸਾਰੀ ਅਤੇ ਅੰਤਰ-ਰਾਸ਼ਟਰੀ ਹਦਾਇਤਾਂ ਅਨੁਸਾਰ ਹਵਾ ਅਤੇ ਰੌਸ਼ਨੀ ਲਈ ਇਹ ਤਾਕੀਆਂ ਰੱਖੀਆਂ ਗਈਆਂ ਹੋਣਗੀਆਂ। ਚਲਾਕ ਜੇਲ੍ਹ ਅਧਿਕਾਰੀਆਂ ਨੇ ਨਾਲ ਹੀ ਕੈਦੀਆਂ ਨੂੰ ਇਹਨਾਂ ਸਹੂਲਤਾਂ ਤੋਂ ਵਾਂਝਾ ਕਰਨ ਦਾ ਇੰਤਜ਼ਾਮ ਕਰ ਦਿੱਤਾ। ਮਿੱਟੀ ਦੀ ਤਹਿ ਨਾ ਅੰਦਰ ਰੌਸ਼ਨੀ ਆਉਣ ਦਿੰਦੀ ਹੈ ਨਾ ਹਵਾ।

ਤਾਕੀ ਦੇ ਪਿੱਛੇ ਤਿੰਨ ਕੁ ਫ਼ੁੱਟ ਥਾਂ ਖ਼ਾਲੀ ਸੀ। ਉਸ ਤੋਂ ਅੱਗੇ ਅਸਮਾਨ ਛੂੰਹਦੀ ਕੰਧ ਸੀ। ਤਾਕੀ ਦੇ ਸਾਹਮਣੇ ਵਾਲੇ ਪਾਸੇ ਲੋਹੇ ਦੀਆਂ ਸਲਾਖ਼ਾਂ ਵਾਲਾ ਵੱਡਾ ਗੇਟ ਸੀ। ਗੇਟ ਅੱਗੇ ਚਾਰ ਫੁਟ ਦਾ ਵਰਾਂਡਾ ਸੀ। ਵਰਾਂਡੇ ਦੀ ਛੱਤ ਉਪਰ ਲੋਹੇ ਦੇ ਵੱਡੇ ਮਜ਼ਬੂਤ ਜਾਲ ਸਨ। ਇਹਨਾਂ ਸਲਾਖ਼ਾਂ ਰਾਹੀਂ ਅਸਮਾਨ ਵੱਲ ਝਾਕਣ ਦੀ ਖੁੱਲ੍ਹ ਸੀ।

ਕੋਠੜੀ ਦੀਆਂ ਕੰਧਾਂ ਉਪਰ ਕਿਸੇ ਸਮੇਂ ਪਲੱਸਤਰ ਹੋਇਆ ਹੋਣਾ ਹੈ। ਗ਼ੁੱਸੇ 'ਚ ਪਾਗ਼ਲ ਹੋਇਆਂ ਕੈਦੀਆਂ ਨੇ ਮੁੱਕੇ ਮਾਰ-ਮਾਰ ਉਹ ਪਲੱਸਤਰ ਤੋੜ ਦਿੱਤਾ ਸੀ।

ਕੰਧਾਂ ਉਪਰ ਦਾਲ, ਚਾਹ ਅਤੇ ਹੱਥਾਂ ਦੀ ਮੈਲ ਦੇ ਨਿਸ਼ਾਨ ਸਨ। ਕਈ ਥਾਈਂ ਲਕੀਰਾਂ, ਤਸਵੀਰਾਂ ਅਤੇ ਹੋਰ ਊਟ-ਪਟਾਂਗ ਚਿੰਨ੍ਹ ਸਨ। ਫ਼ਰਸ਼ ਟੁੱਟੀਆਂ ਭੱਜੀਆਂ ਅਤੇ ਪਿੱਲੀਆਂ ਇੱਟਾਂ ਦਾ ਸੀ। ਕੀੜੀਆਂ ਨੇ ਥਾਂ-ਥਾਂ ਖੁੱਡਾਂ ਕਰ ਰੱਖੀਆਂ ਸਨ। ਕੀੜਿਆਂ-ਮਕੌੜਿਆਂ ਅਤੇ ਮੱਖੀ-ਮੱਛਰਾਂ ਨੂੰ ਘੁੰਮਣ-ਫਿਰਨ ਦੀ ਪੂਰੀ ਆਜ਼ਾਦੀ ਸੀ। ਕੈਦੀ ਚਾਹੇ ਤਾਂ ਮਨ ਦੀ ਭੜਾਸ ਇਹਨਾਂ ਕੋਲ ਕੱਢ ਸਕਦਾ ਸੀ।

"ਲੱਤਾਂ ਮੋਕਲੀਆਂ ਕਰਨ ਅਤੇ ਤਾਜ਼ਾ-ਦਮ ਹੋਣ ਲਈ ਹਾਕਮ ਨੂੰ ਸਵੇਰੇ ਅੱਧੇ ਘੰਟੇ ਦਾ ਸਮਾਂ ਮਿਲਣਾ ਸੀ। ਅੱਗੋਂ-ਪਿੱਛੋਂ ਕਮੋਡ ਨਾਲ ਕੰਮ ਚਲਾਉਣਾ ਪੈਣਾ ਸੀ।

"ਕਿਸ ਤਰ੍ਹਾਂ ਲੰਘੇਗਾ ਬਾਕੀ ਦਾ ਦਿਨ ?"

ਗੇਟ ਦੀਆਂ ਸਲਾਖ਼ਾਂ ਨੂੰ ਹੱਥ ਪਾ ਕੇ ਅਸਮਾਨ ਵੱਲ ਤੱਕਦਾ ਹਾਕਮ ਆਪਣੇ-ਆਪ ਨੂੰ ਪੁੱਛਣ ਲੱਗਾ।

ਹਾਕਮ ਨੂੰ ਬਚਪਨ ਤੋਂ ਅਕਾਸ਼ ਨਾਲ ਪਿਆਰ ਸੀ। ਕਲਪਨਾ ਦੇ ਘੋੜਿਆਂ 'ਤੇ ਚੜ੍ਹ ਕੇ ਉਹ ਅਕਾਸ਼-ਗੰਗਾਵਾਂ ਵਿਚ ਗੁਆਚ ਜਾਂਦਾ ਸੀ। ਇਹ ਤੋਹਫ਼ਾ ਉਸ ਨੂੰ ਉਸ ਦੇ ਬਾਪੂ ਨੇ ਦਿੱਤਾ ਸੀ। ਕੱਪੜੇ ਸਿਊਣ ਵਾਲੀ ਮਸ਼ੀਨ 'ਤੇ ਬੈਠਾ ਬਾਪੂ ਜਦੋਂ ਥੱਕ ਜਾਂਦਾ ਸੀ ਤਾਂ ਉਹ ਹਾਕਮ ਨੂੰ ਲੈ ਕੇ ਕੋਠੇ 'ਤੇ ਚੜ੍ਹ ਜਾਂਦਾ ਸੀ। ਕਦੇ ਉਹ ਉਸ ਨੂੰ ਧਰੂ ਤਾਰੇ ਦੇ ਦਰਸ਼ਨ ਕਰਾਉਂਦਾ, ਕਦੇ

ਸਪਤ-ਰਿਸ਼ੀ ਦੇ। ਕਦੇ ਸਰਵਣ ਦੀ ਵਹਿੰਗੀ ਦਿਖਾਉਂਦਾ, ਕਦੇ ਸੰਘਣੀ ਖਿੱਤੀ। ਅੱਜ-ਕੱਲ੍ਹ ਜੇਲ੍ਹ ਅੰਦਰ ਜਦੋਂ ਉਸ ਦਾ ਮਨ ਉਖੜਦਾ ਸੀ ਤਾਂ ਉਹ ਅਸਮਾਨ ਵੱਲ ਤੱਕਦਾ ਸੀ। ਕਦੇ ਬੱਦਲੀ ਨੂੰ ਰੱਥ ਬਣਾ ਕੇ ਵਿਚ ਬੈਠ ਜਾਂਦਾ ਸੀ, ਕਦੇ ਤਾਰਿਆਂ ਨਾਲ ਲੁੱਕਣ-ਮੀਟੀ ਖੇਡਦਾ ਸੀ। ਸ਼ੁਕਰ, ਸ਼ਨੀ ਅਤੇ ਮੰਗਲ ਨਾਲ ਗੱਲਾਂ ਕਰਦਾ। ਚਿੰਤਾਵਾਂ ਪਿੱਛੇ ਰਹਿ ਜਾਂਦੀਆਂ ਅਤੇ ਉਹ ਨੀਂਦ ਦੀ ਗੋਦ ਵਿਚ ਸੌਂ ਜਾਂਦਾ।

ਅੱਜ ਅਸਮਾਨ ਵੀ ਸੋਗਮਈ ਸੀ। ਰੁੱਖੀ ਨੀਲੀ ਚਾਦਰ ਤੋਂ ਸਿਵਾ ਉਥੇ ਕੁਝ ਨਹੀਂ ਸੀ। ਨਾ ਬੱਦਲੀ, ਨਾ ਚੰਦ, ਨਾ ਤਾਰਾ।

ਕੰਧਾਂ ਵੱਲ ਝਾਕ ਕੇ ਸਮਾਂ ਬਿਤਾਉਣਾ ਪੈਣਾ ਸੀ। ਹਾਕਮ ਇੰਝ ਹੀ ਕਰਨ ਲੱਗਾ।

ਹਾਕਮ ਕੰਧਾਂ 'ਤੇ ਬਣੇ ਅਧੂਰੇ ਚਿੱਤਰਾਂ ਦੇ ਪਿਛੋਕੜ ਜਾਨਣ ਦਾ ਯਤਨ ਕਰਨ ਲੱਗਾ। ਕੈਦੀਆਂ ਨੇ ਇਹ ਚਿੱਤਰ ਤਨਹਾਈ ਦੀ ਘਬਰਾਹਟ ਤੋਂ ਬਚਣ ਲਈ ਬਣਾਏ ਹੋਣਗੇ। ਇਸੇ ਲਈ ਵਿਚਾਰ ਬਿਖਰ ਗਏ ਹੋਣਗੇ ਅਤੇ ਇਹ ਅਧੂਰੇ ਰਹਿ ਗਏ ਹੋਣਗੇ।

"ਕੀ ਮੇਰੇ ਨਾਲ ਵੀ ਇੰਝ ਹੋਣ ਵਾਲਾ ਹੈ ? ਮੇਰੇ ਦਿਮਾਗ਼ ਦਾ ਤਵਾਜ਼ਨ ਵੀ ਡੋਲਣ ਵਾਲਾ ਹੈ ?"

ਕੰਧਾਂ ਨਾਲ ਗੱਲਾਂ ਕਰਦੇ ਹਾਕਮ ਨੂੰ ਘਬਰਾਹਟ ਹੋਣ ਲੱਗਦੀ।

"ਨਹੀਂ ! ਮੈਂ ਆਪਣਾ ਮਨੋਬਲ ਖੰਡਿਤ ਨਹੀਂ ਹੋਣ ਦੇਣਾ।"

ਆਪਣੇ ਦਿਮਾਗ਼ੀ ਸੰਤੁਲਨ ਨੂੰ ਬਣਾਈ ਰੱਖਣ ਲਈ ਕਦੇ ਉਹ ਭਗਤ ਸਿੰਘ ਬਾਰੇ ਸੋਚਦਾ। ਉਸ ਨੇ ਫਾਂਸੀ ਦਾ ਰੱਸਾ ਹੱਸ ਕੇ ਸਵੀਕਾਰ ਕੀਤਾ ਸੀ। ਉਹ ਗੁਰੂ ਗੋਬਿੰਦ ਸਿੰਘ ਬਾਰੇ ਸੋਚਦਾ। ਜਬਰ ਵਿਰੁੱਧ ਲੜਦਿਆਂ ਉਹਨਾਂ ਸਾਰਾ ਬੰਸ ਕੁਰਬਾਨ ਕਰ ਦਿੱਤਾ ਸੀ। ਉਹ ਰਾਜਾ ਬਰੂਸ ਬਾਰੇ ਸੋਚਦਾ, ਵਾਰ-ਵਾਰ ਅਸਫ਼ਲਤਾ ਦਾ ਸਾਹਮਣਾ ਕਰਨ ਬਾਅਦ ਸਫ਼ਲਤਾ ਮਿਲਦੀ ਹੈ। ਇਸ ਸਬਕ ਦੀ ਦੁਹਰਾਈ ਕਰਦਾ।

ਬੈਠੇ ਹਾਕਮ ਦੀਆਂ ਲੱਤਾਂ ਆਕੜ ਗਈਆਂ। ਟਹਿਲਣ ਦੇ ਇਰਾਦੇ ਨਾਲ ਉਹ ਉਠਿਆ।

ਕੋਠੜੀ ਦੀ ਲੰਬਾਈ ਅੱਠ ਫੁੱਟ ਸੀ। ਇਕ ਕਦਮ ਪੁੱਟ ਕੇ ਦੂਜਾ ਪੁੱਟਣਾ ਔਖਾ ਹੋ ਗਿਆ।

ਵਰਜ਼ਿਸ਼ ਲਈ ਲੱਤਾਂ-ਬਾਹਾਂ ਹਿਲਾਈਆਂ। ਝੱਟ ਜ਼ਖ਼ਮਾਂ ਵਿਚ ਤ੍ਰਾਟਾਂ ਪੈਣ ਲੱਗੀਆਂ। ਉਸ ਨੂੰ ਯਾਦ ਆਇਆ। ਸਾਰਾ ਸਰੀਰ ਤਾਂ ਜ਼ਖ਼ਮਾਂ ਨਾਲ ਵਿੰਨ੍ਹਿਆ ਪਿਆ ਹੈ। ਉਹ ਵਰਜ਼ਿਸ਼ ਦੇ ਕਾਬਲ ਨਹੀਂ ਹੈ।

ਮਤਲਬ ਥੱਕਣ-ਟੁੱਟਣ ਅਤੇ ਕੁਝ ਦੇਰ ਸੁਸਤਾਉਣ ਦੀ ਸੁਵਿਧਾ ਵੀ ਹਾਸਲ ਨਹੀਂ ਹੈ।

ਕਿਸ ਤਰ੍ਹਾਂ ਬੀਤਣਗੇ ਇੰਨੇ ਦਿਨ ? ਸੋਚ ਕੇ ਉਹ ਫੇਰ ਝੂਰਨ ਲੱਗਾ।

ਸਰਕਾਰਾਂ ਆਪਣੇ ਬਹਾਦਰ ਜਵਾਨਾਂ ਦੀ ਸੁੱਧ ਕਿਉਂ ਨਹੀਂ ਲੈਂਦੀਆਂ ? ਹਾਕਮ ਪਾਗ਼ਲ ਹੋਏ ਫ਼ੌਜੀ ਅਫ਼ਸਰ ਬਾਰੇ ਸੋਚਣ ਲੱਗਾ। ਕਾਨੂੰਨ ਇਨਸਾਫ਼ ਕਿਉਂ ਨਹੀਂ ਕਰਦੇ ? ਹਾਕਮ ਬੇਇਨਸਾਫ਼ੀ ਕਾਰਨ ਪਾਗ਼ਲ ਹੋਏ ਨੰਦ ਸਿੰਘ ਬਾਰੇ ਸੋਚਣ ਲੱਗਾ।

ਫੇਰ ਉਹ ਆਪਣੇ ਨਾਲ ਹੋਏ ਧੱਕੇ ਬਾਰੇ ਸੋਚਣ ਲੱਗਾ।

ਹਾਕਮ ਦੀ ਪਤਨੀ ਨੇ ਆਤਮ-ਹੱਤਿਆ ਕੀਤੀ ਸੀ। ਇਸ ਵਿਚ ਹਾਕਮ ਦੀ ਭੂਮਿਕਾ ਰੱਤੀ ਭਰ ਵੀ ਨਹੀਂ ਸੀ। ਪਰ ਕਾਨੂੰਨ ਵੱਲੋਂ ਦੋਸ਼ੀ ਉਸੇ ਨੂੰ ਠਹਿਰਾਇਆ ਗਿਆ। ਦਾਜ-ਦਹੇਜ ਦਾ ਕੋਈ ਰੌਲਾ ਨਹੀਂ ਸੀ। ਫੇਰ ਹਾਕਮ ਨੂੰ ਘੱਟ ਦਹੇਜ ਲਿਆਉਣ ਕਾਰਨ ਆਪਣੀ ਪਤਨੀ ਨੂੰ ਪਰੇਸ਼ਾਨ ਕਰਨ ਦਾ ਦੋਸ਼ੀ ਗਰਦਾਨਿਆ ਗਿਆ। ਜਦੋਂ ਇਕ ਵਕੀਲ ਆਪਣੇ ਲਈ ਇਨਸਾਫ਼



ਪ੍ਰਾਪਤ ਨਹੀਂ ਕਰ ਸਕਦਾ ਤਾਂ ਸਾਧਾਰਨ ਲੋਕਾਂ ਦਾ ਕੀ ਹਾਲ ਹੁੰਦਾ ਹੋਏਗਾ ?

ਅਜਿਹਾ ਕੁਝ ਸੋਚ ਉਸ ਦਾ ਦਿਮਾਗ਼ ਗਰਮ ਹੋਣ ਲੱਗਾ।

ਬੇਇਨਸਾਫ਼ੀਆਂ ਇਕੱਲੇ ਹਾਕਮ ਨਾਲ ਨਹੀਂ ਸੀ ਹੋਈਆਂ। ਉਸ ਨੇ ਵੀ ਲੋਕਾਂ ਨਾਲ ਬੇਇਨਸਾਫ਼ੀਆਂ ਕੀਤੀਆਂ ਸਨ। ਉਸ ਨੂੰ ਉਹਨਾਂ ਦਿਨਾਂ ਦੀ ਯਾਦ ਆਉਣ ਲੱਗੀ।

ਤਨਹਾਈ ਦੇ ਦੂਸਰੇ ਦਿਨ ਉਸ ਨੂੰ ਪਤਨੀ ਰਵਿੰਦਰ ਦੀ ਯਾਦ ਸਤਾਉਣ ਲੱਗੀ। ਸੁਪਨਿਆਂ ਨਾਲ ਭਰੀਆਂ ਅੱਖਾਂ, ਹੰਸੂ-ਹੰਸੂ ਕਰਦਾ ਚਿਹਰਾ ਸਾਹਮਣੇ ਸਾਕਾਰ ਹੋਣ ਲੱਗਾ। ਅੱਜ ਤਕ ਉਹ ਰਵਿੰਦਰ ਨੂੰ ਕਸੂਰਵਾਰ ਮੰਨਦਾ ਰਿਹਾ ਸੀ। ਉਹ ਵੱਡੇ-ਵੱਡੇ ਸੁਪਨੇ ਲੈਂਦੀ ਸੀ। ਉਸੇ ਗੁਨਾਹ ਦਾ ਉਸ ਨੇ ਨਤੀਜਾ ਭੁਗਤਿਆ ਸੀ।

ਅੱਜ ਹਾਕਮ ਨੂੰ ਰਵਿੰਦਰ ਠੀਕ ਜਾਪਣ ਲੱਗੀ। ਜੇ ਉਸ ਨੂੰ ਫ਼ਿਲਮਾਂ ਦੇਖਣ, ਮਹਾਂਨਗਰਾਂ ਵਿਚ ਘੁੰਮਣ, ਇਡਲੀ-ਡੋਸੇ ਖਾਣ ਅਤੇ ਨੌਕਰੀ ਕਰਨ ਦਾ ਸ਼ੌਕ ਸੀ ਤਾਂ ਇਸ ਵਿਚ ਕੀ ਬੁਰਾਈ ਸੀ ? ਹਾਕਮ ਸਦਾ ਮਾਪਿਆਂ ਦਾ ਪੱਖ ਪੂਰਦਾ ਰਿਹਾ। ਨਾ ਕਦੇ ਪਤਨੀ ਦੇ ਕੋਲ ਬੈਠਾ, ਨਾ ਉਸ ਦੀ ਦੁੱਖ ਤਕਲੀਫ਼ ਪੁੱਛੀ। ਨਾ ਗ਼ੁੱਸਾ ਗਿਲਾ ਦੂਰ ਕਰਨ ਦਾ ਯਤਨ ਕੀਤਾ। ਉਹ ਮਰਦੀ ਨਾ ਤਾਂ ਕੀ ਕਰਦੀ ?

ਹਾਕਮ ਚਾਹੁਣ ਲੱਗਾ। ਉਹ ਪਤਨੀ ਤੋਂ ਮੁਆਫ਼ੀ ਮੰਗੇ, ਉਸ ਅੱਗੇ ਗਿੜਗਿੜਾਏ, ਪਰ ਗੰਗਾ ਗਏ ਫੁੱਲ ਕਦੇ ਵਾਪਸ ਨਹੀਂ ਮੁੜਦੇ।

ਹੁਣ ਉਹ ਆਪਣੇ ਕੀਤੇ ਦੀ ਸਜ਼ਾ ਭੁਗਤੇ।

ਫੇਰ ਉਸ ਨੂੰ ਮਹਿਸੂਸ ਹੋਣ ਲੱਗਾ। ਉਹ ਅਸਫਲ ਪੁੱਤਰ ਵੀ ਹੈ। ਪਤਨੀ ਨੂੰ ਨਜ਼ਰ-ਅੰਦਾਜ਼ ਕਰ ਕੇ ਅਤੇ ਮਾਪਿਆਂ ਦਾ ਪੱਖ ਪੂਰ ਕੇ ਉਸ ਨੇ ਸਮਝਿਆ ਸੀ ਕਿ ਉਹ ਸਰਵਣ ਪੁੱਤਰ ਬਣ ਗਿਆ ਹੈ। ਜਦੋਂ ਰਵਿੰਦਰ ਮਰ ਗਈ ਅਤੇ ਉਹ ਸੀਖਾਂ ਪਿੱਛੇ ਪੁੱਜ ਗਿਆ ਤਾਂ ਉਸ ਦੀ ਸੋਚ ਬਦਲਣ ਲੱਗੀ। ਇਸ ਸਾਰੇ ਝੰਜਟ ਲਈ ਉਹ ਆਪਣੇ ਮਾਪਿਆਂ ਨੂੰ ਜ਼ਿੰਮੇਵਾਰ ਠਹਿਰਾਉਣ ਲੱਗਾ। ਉਹਨਾਂ ਨੂੰ ਮਹਾਂਨਗਰੋਂ ਆਈ ਅਮੀਰ ਬਾਪ ਦੀ ਇਕ ਪੜ੍ਹੀ-ਲਿਖੀ ਕੁੜੀ ਨਾਲ ਨਿਭਣ ਦੀ ਜਾਚ ਸਿੱਖਣੀ ਚਾਹੀਦੀ ਸੀ।

ਸਜ਼ਾ ਹੋਣ ਤਕ ਹਾਕਮ ਨੇ ਮਾਂ-ਬਾਪ ਨਾਲ ਮੂੰਹ ਮੋਟਾ ਕਰੀ ਰੱਖਿਆ। ਨਾ ਮੁਲਾਕਾਤ ਲਈ ਜੇਲ੍ਹ ਆਇਆਂ ਨੂੰ ਚੱਜ ਨਾਲ ਮਿਲਿਆ, ਨਾ ਪੇਸ਼ੀ 'ਤੇ ਗਿਆਂ ਸਿੱਧੇ ਮੂੰਹ ਗੱਲ ਕੀਤੀ।

ਅੱਜ ਹਾਕਮ ਨੂੰ ਆਪਣੇ ਮਾਂ-ਬਾਪ ਵੀ ਬੇਕਸੂਰ ਜਾਪਣ ਲੱਗੇ।

ਉਸ ਦੇ ਬਾਪ ਨੇ ਉਸ ਨੂੰ ਵੱਡਾ ਆਦਮੀ ਬਣਾਉਣ ਦਾ ਸੁਪਨਾ ਲਿਆ ਸੀ। ਦਿਨ-ਰਾਤ ਮਸ਼ੀਨ ਨਾਲ ਮਸ਼ੀਨ ਬਣ ਕੇ ਉਸ ਦੀ ਪੜ੍ਹਾਈ ਦਾ ਖ਼ਰਚ ਚੁੱਕਿਆ ਸੀ। ਉਸ ਦੀ ਮਾਂ ਦੀ ਕੁਰਬਾਨੀ ਵੀ ਘੱਟ ਨਹੀਂ ਸੀ। ਉਹ ਸਾਰਾ ਦਿਨ ਉਸ ਦੇ ਬਾਪ ਕੋਲ ਬੈਠ ਕੇ ਕੱਪੜਿਆਂ ਨੂੰ ਕਾਜ ਕਰਦੀ ਬਟਨ ਲਾਉਂਦੀ ਅਤੇ ਤਰਪਾਈ ਕਰਦੀ ਸੀ। ਰਾਤ ਨੂੰ ਵਾਰ-ਵਾਰ ਉੱਠ ਕੇ ਕਦੇ ਹਾਕਮ ਨੂੰ ਚਾਹ ਬਣਾ ਕੇ ਦਿੰਦੀ ਅਤੇ ਕਦੇ ਦੁੱਧ। ਜੇ ਛੋਟੇ ਘਰਾਂ ਦੇ ਬੰਦਿਆਂ ਨੂੰ ਵੱਡੇ ਘਰਾਂ ਦੀਆਂ ਧੀਆਂ ਨਾਲ ਨਜਿੱਠਣਾ ਨਹੀਂ ਆਇਆ ਤਾਂ ਇਸ ਵਿਚ ਉਹਨਾਂ ਦਾ ਕੀ ਕਸੂਰ ? ਹਾਕਮ ਨੂੰ ਦੋਹਾਂ ਧਿਰਾਂ ਵਿਚ ਪੁਲ ਬਣਨਾ ਚਾਹੀਦਾ ਸੀ। ਉਸ ਨੂੰ ਗੂੰਗਾ ਬਹਿਰਾ ਬਣ ਕੇ ਮੂਕ ਦਰਸ਼ਕ ਨਹੀਂ ਸੀ ਬਣਨਾ ਚਾਹੀਦਾ।

ਹੁਣ ਬੁਢਾਪੇ ਵਿਚ ਜੇ ਬਾਪ ਨੂੰ ਮਸ਼ੀਨ ਧੂਹਣੀ ਪੈਂਦੀ ਹੈ ਅਤੇ ਮਾਂ ਨੂੰ ਮੁੜ ਕਾਜ ਕਰਨੇ ਪੈਂਦੇ ਹਨ ਤਾਂ ਇਸ ਦਾ ਕਸੂਰਵਾਰ ਕੌਣ ਹੈ ? ਪੁੱਤ ਨੂੰ ਵੱਡਾ ਆਦਮੀ ਬਣਾਉਣ ਦੇ ਸੁਪਨੇ ਲੈਣ

ਵਾਲੇ ਮਾਪੇ ਜਾਂ ਹਾਲਾਤ ਨੂੰ ਨਾ ਸਮਝ ਸਕਣ ਵਾਲਾ ਨਾਲਾਇਕ ਪੁੱਤ ?

ਹਾਕਮ ਨੂੰ ਲੱਗਾ ਜਿਵੇਂ ਅੱਖਾਂ ਭਰੀ ਮਾਂ-ਬਾਪ ਉਸ ਦੇ ਸਿਰਹਾਣੇ ਖੜ੍ਹੇ ਹਨ। ਜਿਵੇਂ ਉਸ ਤੋਂ ਆਪਣਾ ਕਸੂਰ ਪੁੱਛ ਰਹੇ ਹਨ।

ਹਾਕਮ ਦਾ ਮਨ ਕਰਨ ਲੱਗਾ। ਸਾਰੀਆਂ ਕੰਧਾਂ ਦਰਵਾਜ਼ੇ ਤੋੜ ਕੇ ਉਹ ਮਾਂ-ਬਾਪ ਦੇ ਚਰਨੀਂ ਜਾ ਲੱਗੇ। ਉਹਨਾਂ ਦੀ ਹਿੱਕ ਨਾਲ ਲੱਗ ਕੇ ਧਾਹਾਂ ਮਾਰ ਕੇ ਰੋਏ।

ਰੋਣ ਦਾ ਦਿਲ ਕਰ ਆਉਣ 'ਤੇ ਉਹ ਸੰਭਲਿਆ। ਰੁਕ ਕੇ ਸੋਚਿਆ। ਕਿਧਰੇ ਦਿਮਾਗ਼ੀ ਤਵਾਜ਼ਨ ਨੂੰ ਠੇਸ ਤਾਂ ਨਹੀਂ ਪੁੱਜਣ ਲੱਗ ਪਈ। ਆਪਣੇ ਆਪ ਨੂੰ ਬਚਾਉਣ ਲਈ ਉਸ ਨੇ ਸੋਚ ਦਾ ਰੁਖ਼ ਬਦਲਿਆ।

ਤਿੰਨ ਚੌਥਾਈ ਸਜ਼ਾ ਕੱਟ ਚੁੱਕੀ ਹੈ। ਥੋੜ੍ਹੀ ਰਹਿੰਦੀ ਹੈ। ਰਿਹਾਈ ਬਾਅਦ ਉਹ ਨਵੀਂ ਜ਼ਿੰਦਗੀ ਸ਼ੁਰੂ ਕਰੇਗਾ।

ਮਾਂ-ਬਾਪ ਦੇ ਸੁਪਨੇ ਸਾਕਾਰ ਕਰੇਗਾ। ਉਹਨਾਂ ਦੀ ਅੱਖ ਦਾ ਤਾਰਾ ਬਣ ਕੇ ਰਹੇਗਾ।

ਹਾਕਮ ਕਦੇ ਚੜ੍ਹਦੀ ਕਲਾ ਵਿਚ ਹੁੰਦਾ, ਅੱਖ ਲੱਗ ਜਾਂਦੀ। ਢਹਿੰਦੀ ਕਲਾ ਵਿਚ ਹੁੰਦਾ, ਅੱਖ ਖੁੱਲ੍ਹ ਜਾਂਦੀ।

ਕਦੇ ਅੱਖ ਖੁੱਲ੍ਹਦੀ ਤਾਂ ਦਿਨ ਹੁੰਦਾ। ਕਦੇ ਅੱਖ ਖੁੱਲ੍ਹਦੀ ਤਾਂ ਰਾਤ ਹੁੰਦੀ।

ਤੀਸਰੇ ਦਿਨ ਹਾਕਮ ਨੂੰ ਆਪਣਾ ਸਹੁਰਾ ਯਾਦ ਆਉਣ ਲੱਗਾ। ਉਸ 'ਤੇ ਚਿੜ ਚੜ੍ਹਨ ਲੱਗੀ। ਮੇਜਰ ਸਿੰਘ ਨੇ ਕਿੱਤੇ ਦਾ ਨਾਜਾਇਜ਼ ਫ਼ਾਇਦਾ ਉਠਾਇਆ। ਸਾਰੀ ਵਕਾਲਤ ਹਾਕਮ ਉਪਰ ਘੋਟ ਦਿੱਤੀ। ਝੂਠ ਬੋਲ-ਬੋਲ ਉਸ ਨੂੰ ਸਜ਼ਾ ਕਰਵਾ ਦਿੱਤੀ। ਉਸ ਦਾ ਮੇਜਰ ਸਿੰਘ ਨਾਲ ਨਿਬੜਨ ਨੂੰ ਦਿਲ ਕਰਨ ਲੱਗਾ। ਉਹ ਜੇਲ੍ਹੋਂ ਛੁੱਟ ਕੇ ਗਏ ਕਿਸੇ ਬਦਮਾਸ਼ ਨਾਲ ਸੰਪਰਕ ਕਰੇ। ਉਸ ਨੂੰ ਸੁਪਾਰੀ ਦੇਵੇ। ਮੇਜਰ ਸਿੰਘ ਦਾ ਫਾਹਾ ਵੱਢਵਾਵੇ। ਉਸ ਨੂੰ ਝੂਠ ਬੋਲਣ ਦਾ ਮਜ਼ਾ ਚਖਾਵੇ।

ਇਸ ਸਮੇਂ ਉਹ ਚੱਕੀ ਵਿਚ ਬੰਦ ਹੈ। ਇਥੇ ਬੈਠ ਕੇ ਤਾਂ ਚਿੜੀ ਕਾਂ ਤੱਕ ਨਾਲ ਸੰਪਰਕ ਨਹੀਂ ਹੋ ਸਕਦਾ। ਹਾਲ ਦੀ ਘੜੀ ਸਮੱਸਿਆ ਕੋਠੜੀਉਂ ਸਹੀ ਸਲਾਮਤ ਬਾਹਰ ਨਿਕਲਣ ਦੀ ਹੈ। ਇਹ ਸੋਚ ਕੇ ਉਹ ਆਪਣੀ ਸਲਾਮਤੀ ਵੱਲ ਧਿਆਨ ਦੇਣ ਲੱਗਾ।

ਕੋਠੜੀ ਵਿਚ ਆਉਂਦਿਆਂ ਹੀ ਹਾਕਮ ਦਾ ਅੰਦਰ ਜਿਵੇਂ ਮਰ ਗਿਆ ਸੀ। ਇਕ ਦਾਣਾ ਵੀ ਅੰਦਰ ਸੁੱਟਣ ਦਾ ਦਿਲ ਨਹੀਂ ਸੀ ਕਰਦਾ। ਦਾਲ ਰੋਟੀ ਜਿਸ ਤਰ੍ਹਾਂ ਆਉਂਦੀ ਸੀ, ਉਸੇ ਤਰ੍ਹਾਂ ਪਈ ਰਹਿੰਦੀ ਸੀ।

ਅੱਜ ਸਵੇਰ ਤੋਂ ਉਹ ਨਿਢਾਲ ਸੀ। ਕਦੇ ਲੱਗਦਾ ਪੰਜ ਭੱਠ ਬੁਖ਼ਾਰ ਹੈ। ਕਦੇ ਲੱਗਦਾ ਇਹ ਉਸ ਦਾ ਵਹਿਮ ਹੈ। ਉਹ ਘੋੜੇ ਵਰਗਾ ਹੈ।

ਅੱਜ ਟੱਟੀ ਪਿਸ਼ਾਬ ਨਹੀਂ ਸੀ ਆਇਆ। ਉਸ ਦਾ ਪਏ ਰਹਿਣ ਨੂੰ ਦਿਲ ਕਰਦਾ ਸੀ।

ਹਾਕਮ ਨੂੰ ਡਾਕਟਰ 'ਤੇ ਖਿਝ ਆਉਣ ਲੱਗੀ। ਇਹਨਾਂ ਤਿੰਨਾਂ ਦਿਨਾਂ ਵਿਚ ਇਕ ਵਾਰ ਵੀ ਉਸ ਨੇ ਚੱਕੀਆਂ ਵੱਲ ਗੇੜਾ ਨਹੀਂ ਸੀ ਮਾਰਿਆ। ਇਹ ਜੇਲ੍ਹ ਨਿਯਮਾਂ ਦੀ ਉਲੰਘਣਾ ਸੀ। ਡਾਕਟਰ ਸਜ਼ਾ ਦਾ ਭਾਗੀਦਾਰ ਸੀ। ਪਰ ਨਿਯਮਾਂ ਦੀ ਪਾਲਣਾ ਕਰਨਾ ਕੈਦੀਆਂ ਲਈ ਜ਼ਰੂਰੀ ਹੈ। ਅਧਿਕਾਰੀਆਂ ਲਈ ਨਹੀਂ।

ਫੇਰ ਉਸ ਨੂੰ ਲੱਗਾ ਇਕੱਲਾ ਡਾਕਟਰ ਹੀ ਕਿਉਂ ਸਾਰੇ ਜੇਲ੍ਹ ਕਰਮਚਾਰੀ ਸਜ਼ਾ ਦੇ ਹੱਕਦਾਰ ਹਨ। ਇਨ੍ਹਾਂ ਨੇ ਇਕੋ ਰਾਹ ਫੜਿਆ ਹੋਇਆ ਹੈ। ਪਰੇਸ਼ਾਨ ਕੈਦੀਆਂ ਨੂੰ ਹੋਰ ਪਰੇਸ਼ਾਨ ਕਰਨਾ ਅਤੇ ਫਿਰ ਲੁੱਟਣਾ। ਇਹ ਸਭ ਭ੍ਰਿਸ਼ਟ ਅਤੇ ਜ਼ਾਲਮ ਹਨ। ਸਖ਼ਤ ਸਜ਼ਾਵਾਂ ਦੇ ਹੱਕਦਾਰ ਹਨ।



ਪਰ ਸਜ਼ਾ ਦੇਵੇ ਕੌਣ ?

ਫੇਰ ਉਹ ਆਪਣੇ ਸਵਾਲ ਦਾ ਜਵਾਬ ਆਪ ਦੇਣ ਲੱਗਾ, "ਇਹ ਸਜ਼ਾ ਕੋਈ ਹੋਰ ਨਹੀਂ ਮੈਂ ਦੇਵਾਂਗਾ।"

"ਹਫ਼ਤਾਵਾਰੀ ਦੌਰੇ 'ਤੇ ਆਏ ਸੁਪਰਡੈਂਟ ਦਾ ਗਲਾ ਘੁਟਿਆ ਜਾਵੇ। ਡਿਪਟੀ ਦੇ ਮੂੰਹ 'ਤੇ ਗਰਮ-ਗਰਮ ਚਾਹ ਪਾਈ ਜਾਵੇ। ਸਹਾਇਕ ਦਰੋਗ਼ੇ ਦੇ ਨਲ ਮਸਲੇ ਜਾਣ।"

ਅਜਿਹਾ ਊਟ-ਪਟਾਂਗ ਸੋਚਦਾ ਹਾਕਮ ਕਦੇ ਬੜਾਉਣ ਲੱਗਦਾ ਅਤੇ ਕਦੇ ਹਵਾ ਵਿਚ ਮੁੱਕੇ ਮਾਰਨ ਲੱਗਦਾ।

ਕਦੇ-ਕਦੇ ਉਸ ਨੂੰ ਆਪਣੇ ਬੁੜ-ਬੁੜਾਉਣ ਦਾ ਅਹਿਸਾਸ ਹੁੰਦਾ। ਉਹ ਨੀਂਦ ਜਿਹੀ ਵਿਚੋਂ ਜਾਗਦਾ ਤੇ ਸੋਚਦਾ, ਬੜਾਉਣਾ ਪਾਗ਼ਲਪਨ ਦੀ ਮੁੱਢਲੀ ਨਿਸ਼ਾਨੀ ਹੈ। ਮਤਲਬ ? ਸੋਚ ਕੇ ਉਸ ਦਾ ਦਿਲ ਜ਼ੋਰ-ਜ਼ੋਰ ਦੀ ਧੜਕਣ ਲੱਗਦਾ।

ਚਾਰ ਦਿਨ ਅਤੇ ਚਾਰ ਰਾਤਾਂ ਲੰਘ ਜਾਣ ਦਾ ਹਾਕਮ ਨੂੰ ਪੂਰਾ ਚੇਤਾ ਸੀ।

ਪੰਜਵੇਂ ਦਿਨ ਉਸ ਨੂੰ ਟਪਲਾ ਲੱਗਣ ਲੱਗਾ। ਕਦੇ ਸੱਤ ਦਿਨ ਲੰਘ ਗਏ, ਤਿੰਨ ਬਾਕੀ ਹਨ। ਫੇਰ ਲੱਗਦਾ ਤਿੰਨ ਦਿਨ ਲੰਘੇ ਹਨ, ਸੱਤ ਬਾਕੀ ਹਨ।

ਤਸੱਲੀ ਲਈ ਉਸ ਨੇ ਦਾਲ ਵਿਚ ਉਂਗਲ ਭਿਉਂ ਕੇ ਕੰਧ ਉਪਰ ਲੀਕਾਂ ਮਾਰੀਆਂ। ਫੇਰ ਲਕੀਰਾਂ ਉਪਰ ਵੀ ਯਕੀਨ ਹੋਣੋਂ ਹਟ ਗਿਆ। ਕਦੇ ਉਹ ਨਵੀਂ ਲੀਕ ਮਾਰ ਦਿੰਦਾ, ਕਦੇ ਢਾਹ ਦਿੰਦਾ।

ਕਦੇ ਉਸ ਨੂੰ ਲੱਗਦਾ ਉਸ ਨੂੰ ਬੋਤਲ ਜਿੰਨਾ ਨਸ਼ਾ ਚੜ੍ਹਿਆ ਹੋਇਆ ਹੈ। ਜ਼ਮੀਨ ਘੁੰਮ ਰਹੀ ਹੈ। ਉਹ ਡਿੱਕੋ-ਡੋਲੇ ਖਾ ਰਿਹਾ ਹੈ। ਹਵਾ ਵਿਚ ਲਟਕ ਰਿਹਾ ਹੈ। ਸ਼ਰਾਬੀਆਂ ਵਾਂਗ ਹੱਸਣ, ਰੋਣ ਅਤੇ ਗਾਉਣ ਨੂੰ ਉਸ ਦਾ ਦਿਲ ਕਰਦਾ।

ਕਦੇ ਹਾਕਮ ਨੂੰ ਲੱਗਦਾ ਉਸ ਦੀ ਕੋਠੜੀ ਵਿਚ ਧੂੰਆਂ ਹੋ ਗਿਆ ਹੈ। ਉਸ ਦਾ ਦਮ ਘੁਟਣ ਲੱਗਦਾ। ਘਬਰਾਹਟ ਹੋਣ ਲੱਗਦੀ। ਉਲਟੀ ਆਉਣ ਵਾਲੀ ਹੋ ਜਾਂਦੀ।

ਉਹ ਬੈਠਣ ਦਾ ਯਤਨ ਕਰਦਾ, ਪਰ ਸਰੀਰ ਸਾਥ ਨਾ ਦਿੰਦਾ।

ਇਕ ਵਾਰ ਮਨ ਵਿਚ ਵਿਚਾਰ ਆਇਆ, "ਮੈਂ ਕਿਉਂ ਨਰਕ ਭੋਗਾਂ ? ਆਪਣੇ ਗੁਨਾਹਾਂ ਦੀ ਮੁਆਫ਼ੀ ਮੰਗਾਂ। ਰਹਿੰਦੀ ਸਜ਼ਾ ਮੁਆਫ਼ ਕਰਾਵਾਂ। ਚੁੱਪ ਕਰ ਕੇ ਘਰ ਨੂੰ ਜਾਵਾਂ। ਮਾਂ-ਬਾਪ ਨੂੰ ਸੰਭਾਲਾਂ। ਨਵੇਂ ਸਿਰਿਉਂ ਜ਼ਿੰਦਗੀ ਸ਼ੁਰੂ ਕਰਾਂ। ਜਦੋਂ ਸਰਕਾਰਾਂ ਲੋਕਾਂ ਲਈ ਨਹੀਂ ਸੋਚਦੀਆਂ, ਨੇਤਾ ਲੋਕਾਂ ਲਈ ਨਹੀਂ ਸੋਚਦੇ, ਮੈਂ ਕੱਲਾ-ਕਾਰਾ ਲੋਕਾਂ ਦਾ ਕੀ ਸੰਵਾਰ ਲਵਾਂਗਾ ? ਮੈਂ ਭਗਤ ਸਿੰਘ ਨਹੀਂ ਬਣ ਸਕਦਾ। ਉਸ ਨਾਲ ਲੋਕ ਸਨ। ਰਾਜ ਗੁਰੂ ਅਤੇ ਸੁਖਦੇਵ ਵਰਗੇ ਸਾਥੀ ਸਨ। ਮੈਂ ਰਾਮਚੰਦਰ ਬਣ ਕੇ ਲੰਕਾ ਨਹੀਂ ਢਾਹ ਸਕਦਾ। ਉਸ ਨਾਲ ਵੀ ਵਫ਼ਾਦਾਰ ਬਾਂਦਰਾਂ ਦੀ ਸੈਨਾ ਸੀ। ਮੈਂ ਜਿਨ੍ਹਾਂ ਬਾਂਦਰਾਂ ਲਈ ਲੜ ਰਿਹਾ ਹਾਂ, ਉਹ ਟਪੂਸੀ ਮਾਰ ਕੇ ਲੰਕੇਸ਼ ਨਾਲ ਜਾ ਰਲੇ ਹਨ। ਮੇਰੀ ਹਾਲੇ ਬਹੁਤ ਸਜ਼ਾ ਬਾਕੀ ਹੈ। ਜੇ ਅਫ਼ਸਰ ਇਸੇ ਤਰ੍ਹਾਂ ਨਰਾਜ਼ ਰਹੇ ਤਾਂ ਮੇਰੀ ਲਾਸ਼ ਹੀ ਬਾਹਰ ਜਾਏਗੀ।"

ਜਦੋਂ ਮਨ ਸਥਿਰ ਹੁੰਦਾ ਤਾਂ ਉਸ ਦੀ ਸੋਚ ਫੇਰ ਬਦਲਦੀ।

"ਮੈਂ ਮੁਆਫ਼ੀ ਕਿਉਂ ਮੰਗਾਂ ? ਮੈਂ ਕੋਈ ਗੁਨਾਹ ਨਹੀਂ ਕੀਤਾ। ਇਕ ਦਿਨ ਸਭ ਨੇ ਮਰਨਾ ਹੈ। ਹੱਕਾਂ ਲਈ ਸੰਘਰਸ਼ ਕਰਦੇ ਮਰਨਾ ਹੀ ਅਸਲ ਮਰਨਾ ਹੈ। ਮੈਂ ਬਹਾਦਰਾਂ ਵਾਲੀ ਮੌਤ ਮਰਾਂਗਾ।"

ਸਵੇਰੇ ਸ਼ਾਮ ਲਾਂਗਰੀ ਲੰਗਰ ਦੇਣ ਆਉਂਦਾ ਸੀ। ਚੁੱਪ-ਚਾਪ ਪੁਰਾਣੇ ਭਾਂਡੇ ਚੁੱਕ ਲਿਜਾਂਦਾ

ਅਤੇ ਨਵੇਂ ਰੱਖ ਜਾਂਦਾ ਸੀ।

ਅੱਗੇ ਜਦੋਂ ਖੜਕਾ ਹੁੰਦਾ ਤਾਂ ਹਾਕਮ ਦਾਲ ਰੋਟੀ ਦੇਣ ਆਏ ਕੈਦੀ ਦਾ ਮੂੰਹ ਦੇਖਣ ਲਈ ਉੱਠ ਕੇ ਬੈਠ ਜਾਂਦਾ। ਗੱਲਬਾਤ ਕੋਈ ਨਾ ਹੁੰਦੀ। ਫੇਰ ਵੀ ਮਨ ਨੂੰ ਧਰਵਾਸ ਮਿਲਦਾ।

ਅੱਜ ਉਸ ਨੂੰ ਨਾ ਗੇਟ ਦੇ ਖੁੱਲ੍ਹਣ ਦਾ ਖੜਕਾ ਸੁਣਿਆ, ਨਾ ਲਾਂਗਰੀ ਦੀ ਪੈੜ ਚਾਲ।

"ਵਕੀਲ ਸਾਹਿਬ, ਸੰਕਟ ਦੇ ਤਿੰਨ ਦਿਨ ਬਾਕੀ ਰਹਿ ਗਏ। ਥੋੜ੍ਹਾ ਜਿਹਾ ਹੌਸਲਾ ਹੋਰ ਰੱਖੋ। ਅੱਜ ਮੈਂ ਰਿਹਾਅ ਹੋ ਰਿਹਾ ਹਾਂ। ਇਥੋਂ ਸਿੱਧਾ ਮੈਂ ਸੰਮਤੀ ਵਾਲਿਆਂ ਕੋਲ ਜਾਵਾਂਗਾ। ਤੁਹਾਡੀ ਰਿਹਾਈ ਦਾ ਪ੍ਰਬੰਧ ਕਰਾਵਾਂਗਾ।"

ਹਾਕਮ ਨੂੰ ਲੱਗਾ ਕੈਦੀ ਕੁਝ ਕਹਿ ਰਿਹਾ ਸੀ। ਪਰ ਉਹ ਕੀ ਕਹਿ ਰਿਹਾ ਹੈ ? ਕੁਝ ਕਹਿ ਵੀ ਰਿਹਾ ਹੈ ਜਾਂ ਹਾਕਮ ਨੂੰ ਭੁਲੇਖਾ ਲੱਗਾ ਹੈ, ਇਹ ਸਮਝ ਨਹੀਂ ਸੀ ਆਈ।

ਫੇਰ ਵੀ ਧੰਨਵਾਦ ਕਰਨ ਲਈ ਉਸ ਨੇ ਹੱਥ ਚੁੱਕਣ ਦਾ ਯਤਨ ਕੀਤਾ। ਹੱਥ ਚੁੱਕਿਆ ਗਿਆ ਜਾਂ ਨਹੀਂ, ਹਾਕਮ ਨੂੰ ਪਤਾ ਨਾ ਲੱਗਾ।



# 54

ਜਦੋਂ ਹਾਕਮ ਨੂੰ ਤਨਹਾਈ ਕੋਠੜੀ ਵਿਚ ਬੰਦ ਕਰਨ ਦੀ ਸਜ਼ਾ ਸੁਣਾਈ ਗਈ, ਉਦੋਂ ਮੁਸੱਦੀ ਦੀ ਰਿਹਾਈ ਵਿਚ ਇਕ ਹਫ਼ਤਾ ਬਾਕੀ ਸੀ।

ਮੁਸੱਦੀ ਨੂੰ ਪਤਾ ਸੀ ਤਨਹਾਈ ਕੋਠੜੀ ਵਿਚ ਖਾਣਾ ਲਿਜਾਣ ਵਾਲੇ ਕੈਦੀ ਦੀ ਚੋਣ ਬੜੇ ਧਿਆਨ ਨਾਲ ਹੁੰਦੀ ਹੈ। ਉਹ ਇਰਾਦੇ ਦਾ ਪੱਕਾ ਅਤੇ ਆਪਣੇ ਆਪ ਉੱਪਰ ਜ਼ਾਬਤਾ ਰੱਖਣ ਵਾਲਾ ਹੋਵੇ। ਕੈਦੀ ਨਾਲ ਅੱਖ ਨਾ ਮਿਲਾਵੇ। ਪ੍ਰਸ਼ਾਸਨ ਨੂੰ ਡਰ ਰਹਿੰਦਾ ਹੈ ਕਿ ਕੁਝ ਮਿੰਟਾਂ ਦੀ ਗੱਲਬਾਤ ਹੀ ਇਕੱਲ ਕਾਰਨ ਤੜਫ ਰਹੇ ਕੈਦੀ ਨੂੰ ਰਾਹਤ ਪਹੁੰਚਾ ਸਕਦੀ ਹੈ। ਸਜ਼ਾ ਦਾ ਮਕਸਦ ਅਸਫ਼ਲ ਕਰ ਸਕਦੀ ਹੈ। ਇਹ ਵਿਸ਼ੇਸ਼ ਜ਼ਿੰਮੇਵਾਰੀ ਉਸ ਕੈਦੀ ਨੂੰ ਸੌਂਪੀ ਜਾਂਦੀ ਹੈ ਜਿਸ ਦੀ ਪ੍ਰਸ਼ਾਸਨ ਪ੍ਰਤੀ ਵਫ਼ਾਦਾਰੀ ਨਿਰਖੀ-ਪਰਖੀ ਹੁੰਦੀ ਹੈ।

ਮੁਜਰਮ ਆਖ਼ਰ ਮੁਜਰਮ ਹੈ। ਕਿਸੇ ਵੀ ਸਮੇਂ ਪ੍ਰਸ਼ਾਸਨ ਨਾਲ ਗ਼ਦਾਰੀ ਕਰ ਕੇ ਭਾਈਚਾਰੇ ਨਾਲ ਰਲ ਸਕਦਾ ਹੈ। ਕੈਦੀ ਨੂੰ ਚੁਕੰਨਾ ਰੱਖਣ ਲਈ ਉਸ ਦੇ ਸਿਰ 'ਤੇ ਤਲਵਾਰ ਲਟਕਾਈ ਜਾਂਦੀ ਹੈ। ਚੋਣ ਉਸ ਕੈਦੀ ਦੀ ਹੁੰਦੀ ਹੈ ਜਿਸ ਦੀ ਰਿਹਾਈ ਵਿਚ ਕੁਝ ਹੀ ਦਿਨ ਬਚਦੇ ਹੋਣ। ਨਾਲ ਸਾਫ਼ ਸ਼ਬਦਾਂ ਵਿਚ ਸਮਝਾ ਦਿੱਤਾ ਜਾਂਦਾ ਹੈ, "ਜੇ ਕੰਮ ਵਿਚ ਕੁਤਾਹੀ ਹੋਈ ਤਾਂ ਪਹਿਲੀਆਂ ਮੁਆਫ਼ੀਆਂ ਰੱਦ ਹੋ ਜਾਣਗੀਆਂ। ਰਿਹਾਈ ਟਲ ਜਾਏਗੀ।" ਕੈਦੀ ਹੋਰ ਚੰਗਾ-ਮਾੜਾ ਸਭ ਬਰਦਾਸ਼ਤ ਕਰ ਸਕਦਾ ਹੈ ਪਰ ਰਿਹਾਈ ਟਲਦੀ ਨਹੀਂ ਦੇਖ ਸਕਦਾ। ਡਰਦਾ ਉਹ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਦਾ ਹੈ।

ਮੁਸੱਦੀ ਦੋਵੇਂ ਸ਼ਰਤਾਂ ਪੂਰੀਆਂ ਕਰਦਾ ਸੀ। ਉਹ ਪਹਿਲੇ ਦਿਨੋਂ ਜੇਲ੍ਹ ਅਧਿਕਾਰੀਆਂ ਦਾ ਚਹੇਤਾ ਸੀ। ਪਰ ਜਦੋਂ ਤੋਂ ਉਸ ਨੇ ਆਪਣੇ ਹਾਕਮ ਦੇ ਵਿਰੁੱਧ ਗਵਾਹੀ ਦਿੱਤੀ ਸੀ, ਉਦੋਂ ਤੋਂ ਉਹ ਅਫ਼ਸਰਾਂ ਦੀਆਂ ਨਜ਼ਰਾਂ ਵਿਚ ਹੋਰ ਉੱਚਾ ਉੱਠ ਗਿਆ ਸੀ।

ਮੁਸੱਦੀ ਦਾ ਮਨ ਆਖਦਾ ਸੀ ਕਿ ਹਾਕਮ ਦੇ ਚੱਕੀ ਵਿਚ ਖਾਣਾ ਪਹੁੰਚਾਉਣ ਲਈ ਉਸ ਨੂੰ ਚੁਣਿਆ ਜਾਏਗਾ। ਵਫ਼ਾਦਾਰੀ ਕਾਰਨ ਨਹੀਂ, ਸਬਕ ਸਿਖਾਉਣ ਲਈ। ਸਭ ਨੂੰ ਪਤਾ ਸੀ ਕਿ ਉਹ ਹਾਕਮ ਦਾ ਚੇਲਾ ਹੈ। ਗੁਰੂ ਨੂੰ ਸਬਕ ਸਿਖਾਇਆ ਜਾ ਰਿਹਾ ਸੀ। ਹੁਣ ਚੇਲੇ ਦੀ ਵਾਰੀ ਸੀ।

ਇਹ ਸੱਚ ਸੀ। ਹਾਕਮ ਅਤੇ ਮੁਸੱਦੀ ਦੀ ਬੁੱਕਲ ਸਾਂਝੀ ਸੀ। ਹਾਕਮ ਪ੍ਰਸ਼ਾਸਨ ਵਿਰੁੱਧ ਜੋ ਚਿੱਠੀ ਲਿਖਦਾ ਸੀ ਉਹ ਮੁਸੱਦੀ ਟਾਈਪ ਕਰਦਾ ਸੀ। ਉਹ ਸ਼ਿਕਾਇਤ ਪੇਸ਼ੀ ਭੁਗਤਣ ਜਾ ਰਹੇ ਕੈਦੀ ਦੇ ਹਵਾਲੇ ਕਰਦਾ ਸੀ ਅਤੇ ਅਗਾਂਹ ਡਾਕ ਵਿਚ ਪਵਾਉਂਦਾ ਸੀ।

ਮਜਬੂਰੀ ਵੱਸ ਮੁਸੱਦੀ ਨੇ ਹਾਕਮ ਨਾਲ ਗ਼ਦਾਰੀ ਕੀਤੀ। ਉਸ ਵਿਰੁੱਧ ਝੂਠੀ ਗਵਾਹੀ ਦਿੱਤੀ ਸੀ। ਉਹ ਕਿਹੜੇ ਮੂੰਹ ਨਾਲ ਹਾਕਮ ਦੇ ਮੱਥੇ ਲੱਗੇ। ਉਸ ਨੂੰ ਇਹ ਚਿੰਤਾ ਲੱਗੀ ਹੋਈ ਸੀ।

ਹਾਕਮ ਨੂੰ ਯਾਦ ਕਰਦਿਆਂ ਹੀ ਜੇਲ੍ਹ ਯਾਤਰਾ ਦੇ ਪਹਿਲੇ ਦਿਨ ਦਾ ਭਿਆਨਕ ਦ੍ਰਿਸ਼ ਉਸ ਦੀਆਂ ਅੱਖਾਂ ਅੱਗੇ ਉੱਭਰ ਪੈਂਦਾ ਸੀ।

ਸਜ਼ਾ ਉਸ ਨੂੰ ਆਪਣੇ ਉਸਤਾਦ ਦਾ ਸਿਰ ਤੋੜਨ ਦੇ ਜੁਰਮ ਵਿਚ ਹੋਈ ਸੀ। ਇਹ ਕੌੜਾ ਘੁੱਟ ਉਸ ਨੂੰ ਮਜਬੂਰੀ ਵੱਸ ਭਰਨਾ ਪਿਆ ਸੀ।

ਪੜ੍ਹਨ ਵਿਚ ਮੁਸੱਦੀ ਪਹਿਲੇ ਦਿਨੋਂ ਹੁਸ਼ਿਆਰ ਸੀ। ਦਸਵੀਂ ਪਹਿਲੇ ਦਰਜੇ ਵਿਚ ਪਾਸ ਕੀਤੀ ਸੀ। ਅਗਾਂਹ ਪੜ੍ਹਨ ਦੀ ਪਰੋਖੋਂ ਨਹੀਂ ਸੀ। ਅਧਿਆਪਕਾਂ ਦੀ ਸਲਾਹ 'ਤੇ ਮੋਟਰ ਮਕੈਨਿਕ ਬਣਨ ਦਾ ਮਨ ਬਣਾ ਲਿਆ। ਮਸ਼ੀਨਰੀ ਉਪਰ ਉਸ ਦੀ ਪਕੜ ਮਜ਼ਬੂਤ ਸੀ। ਕੋਰਸ ਦੌਰਾਨ ਹੀ ਮਹਿੰਦਰਾ ਟਰੈਕਟਰ ਵਾਲਿਆਂ ਨੇ ਉਸ ਨੂੰ ਨੌਕਰੀ ਲਈ ਚੁਣ ਲਿਆ।

ਮੁਸੱਦੀ ਨੂੰ ਕੁਦਰਤ ਨੇ ਹੋਰ ਭਾਵੇਂ ਕੁਝ ਨਹੀਂ ਸੀ ਦਿੱਤਾ ਪਰ ਰੰਗ ਰੂਪ ਰੱਜ ਕੇ ਦਿੱਤਾ ਸੀ। ਵਰਕਸ਼ਾਪ ਆ ਕੇ ਇਹ ਸੁਹੱਪਣ ਉਸ ਦਾ ਦੁਸ਼ਮਣ ਬਣਨ ਲੱਗਾ। ਮੁਸੱਦੀ ਦਾ ਉਸਤਾਦ ਉਸ 'ਤੇ ਡੋਰੇ ਪਾਉਣ ਅਤੇ ਅੱਗੇ-ਪਿੱਛੇ ਹੱਥ-ਪੱਲਾ ਮਾਰਨ ਲੱਗਾ। ਮੁਸੱਦੀ ਦਿਨ-ਕੱਟੀ ਕਰਨਾ ਚਾਹੁੰਦਾ ਸੀ। ਉਹ ਪਹਿਲਾਂ ਹੀ ਵਕਤ ਦਾ ਮਾਰਿਆ ਹੋਇਆ ਸੀ। ਉਸ ਦਾ ਬਾਪ ਦਸ ਸਾਲ ਪਹਿਲਾਂ ਮਾਂ-ਪੁੱਤ ਨੂੰ ਇਕੱਲੇ ਛੱਡ ਕੇ ਕਿਸੇ ਜ਼ਨਾਨੀ ਨਾਲ ਕਲਕੱਤੇ ਵੱਲ ਭੱਜ ਗਿਆ ਸੀ। ਮਾਂ-ਪੁੱਤ ਨੇ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਮਸਾਂ ਦਿਨ ਕੱਟੇ ਸਨ। ਉਹ ਮਾਂ ਦੇ ਸੁਪਨਿਆਂ ਨੂੰ ਖੇਰੂੰ-ਖੇਰੂੰ ਨਹੀਂ ਸੀ ਹੋਣ ਦੇਣਾ ਚਾਹੁੰਦਾ।

ਹਰਖੇ ਮੁਸੱਦੀ ਨੇ ਇਕ ਲੋਹੇ ਦੀ ਰਾਡ ਉਸ ਦੇ ਸਿਰ ਵਿਚ ਜੜ ਦਿੱਤੀ। ਨਤੀਜਾ ਪੰਜ ਸਾਲ ਦੀ ਬਾ-ਮੁਸ਼ੱਕਤ ਕੈਦ ਨਿਕਲਿਆ।

ਮੁਸੱਦੀ ਦੇ ਜੇਲ੍ਹ ਵਿਚ ਪੈਰ ਧਰਦਿਆਂ ਹੀ ਸਾਰੀ ਜੇਲ੍ਹ ਵਿਚ ਖ਼ਬਰ ਫੈਲ ਗਈ, "ਕੁੜੀਆਂ ਵਰਗਾ ਮੁੰਡਾ ਆਇਆ ਹੈ। ਜਿਸ ਨੇ ਮੌਜਾਂ ਕਰਨੀਆਂ ਹਨ ਉਸ ਨੂੰ ਆਪਣੀ ਬੈਰਕ ਵਿਚ ਲੈ ਆਵੇ।' ਲੌਂਡਿਆਂ ਦੇ ਸ਼ੌਕੀਨ ਡਿਉੜੀ ਵੱਲ ਦੌੜੇ। ਮੁਸੱਦੀ ਦੇ ਸਰੀਰ ਦੀ ਪਰਖ ਗਾਵਾਂ-ਮੱਝਾਂ ਵਾਂਗ ਹੋਣ ਲੱਗੀ। ਕੋਈ ਗੱਲ੍ਹਾਂ ਪੁੱਟਦਾ, ਕੋਈ ਹਿੱਕ ਟੋਂਹਦਾ ਅਤੇ ਕੋਈ ਪੱਟਾਂ 'ਤੇ ਹੱਥ ਫੇਰਦਾ। ਅੱਖਾਂ ਭਰੀ ਮੁਸੱਦੀ ਜੇਲ੍ਹ ਕਰਮਚਾਰੀਆਂ 'ਤੇ ਹੈਰਾਨ ਹੁੰਦਾ ਰਿਹਾ। ਕੁਕਰਮ ਨੂੰ ਰੋਕਣ ਦੀ ਥਾਂ ਕੈਦੀਆਂ ਨਾਲ ਰਲ ਕੇ ਉਹ ਹਿੜ-ਹਿੜ ਕਰਦੇ ਰਹੇ।

ਉਸ ਦੀ ਬੋਲੀ ਹੋਣ ਲੱਗੀ। ਹਰ ਕੋਈ ਉਸ ਨੂੰ ਆਪਣੇ ਨਾਲ ਲਿਜਾਣ ਲਈ ਕਾਹਲਾ ਪੈਣ ਲੱਗਾ।

ਮੁਸੱਦੀ ਨੇ ਅੱਖਾਂ ਮੀਚ ਕੇ ਆਰਾਧਨਾ ਕੀਤੀ। ਝੱਟ ਉਸ ਦੀ ਸੁਣੀ ਗਈ। ਝੱਟ ਭਗਵਾਨ ਕ੍ਰਿਸ਼ਨ ਹਾਕਮ ਦੇ ਰੂਪ ਵਿਚ ਪੁੱਜ ਗਿਆ। ਮੁਸੱਦੀ ਦੀ ਪੱਤ ਬਚ ਗਈ।

ਹਾਕਮ ਨੇ ਮੁਸੱਦੀ ਨੂੰ ਫ਼ੈਕਟਰੀਉਂ ਕਢਵਾਇਆ, ਦਫ਼ਤਰ ਵਿਚ ਲਗਵਾਇਆ। ਫੇਰ ਪੜ੍ਹਨੇ ਪਾਇਆ।

ਬੱਕਰੇ ਦੀ ਮਾਂ ਕਦੋਂ ਤਕ ਸੁਖ ਮਨਾਉਂਦੀ। ਰਿਹਾਈ ਤੋਂ ਦੋ ਦਿਨ ਪਹਿਲਾਂ ਸੁਨੇਹਾ ਆ ਗਿਆ, "ਕੱਲ੍ਹ ਤੋਂ ਤੂੰ ਤਨਹਾਈ ਚੱਕੀਆਂ ਵਿਚ ਜਾਣਾ ਹੈ।"

ਕੱਲ੍ਹ ਉਹ ਪਹਿਲੀ ਵਾਰ ਉਧਰ ਗਿਆ ਸੀ। ਸਾਰੇ ਰਾਹ ਆਪਣੇ ਹੱਕ ਵਿਚ ਤਰਕ ਘੜਦਾ ਰਿਹਾ ਸੀ।

"ਹਾਕਮ ਦੁੱਧ ਪੀਂਦਾ ਬੱਚਾ ਨਹੀਂ। ਉਸ ਨੂੰ ਪਤਾ ਹੈ ਕਿ ਜੇਲ੍ਹ ਵਿਚ ਕੈਦੀ ਦੀ ਆਪਣੀ ਮਰਜ਼ੀ ਨਹੀਂ ਚੱਲਦੀ। ਉਹ ਮੇਰੀ ਮਜਬੂਰੀ ਸਮਝਦਾ ਹੋਏਗਾ। ਹੁਣ ਤਕ ਮੈਨੂੰ ਮੁਆਫ਼ ਕਰ ਚੁੱਕਾ ਹੋਏਗਾ।"



ਬੈਰਕ ਦੇ ਗੇਟ ਕੋਲ ਜਾ ਕੇ ਉਸ ਦਾ ਦਿਲ ਜ਼ੋਰ-ਜ਼ੋਰ ਦੀ ਧੜਕਣ ਲੱਗਾ। ਲੱਗਾ ਕੋਈ ਪਿੱਛਾ ਕਰ ਰਿਹਾ ਹੈ।

"ਜੇਲ੍ਹ ਅਧਿਕਾਰੀਆਂ ਨੂੰ ਪਤਾ ਹੈ। ਹਾਕਮ ਨੂੰ ਤਕਲੀਫ਼ ਵਿਚ ਦੇਖ ਕੇ ਮੈਥੋਂ ਜ਼ਾਬਤਾ ਨਹੀਂ ਰੱਖ ਹੋਣਾ। ਮੈਂ ਉਸ ਦਾ ਹਾਲ-ਚਾਲ ਪੁੱਛ ਲੈਣਾ ਹੈ। ਜਸੂਸ ਨੇ ਮੈਨੂੰ ਰੰਗੇ ਹੱਥੀਂ ਫੜ ਲੈਣਾ ਹੈ। ਹਾਕਮ ਦੇ ਨਾਲ ਦੀ ਚੱਕੀ ਵਿਚ ਡੱਕ ਦੇਣਾ ਹੈ। ਮੈਂ ਪ੍ਰਸ਼ਾਸਨ ਦੇ ਇਰਾਦੇ ਕਾਮਯਾਬ ਨਹੀਂ ਹੋਣ ਦੇਣੇ।"

ਅਜਿਹਾ ਊਟ-ਪਟਾਂਗ ਸੋਚਦੇ ਮੁਸੱਦੀ ਨੇ ਇੰਜ ਹੀ ਕੀਤਾ। ਰੋਟੀ-ਟੁੱਕ ਕੋਠੜੀ ਅੱਗੇ ਰੱਖਿਆ ਅਤੇ ਪਿੱਛੇ ਨੂੰ ਸ਼ੂਟ ਵੱਟ ਦਿੱਤੀ।

ਕਾਇਰਾਂ ਵਾਲੀ ਇਹ ਦੌੜ ਸਾਰੀ ਰਾਤ ਉਸ ਨੂੰ ਦੁੜਾਉਂਦੀ ਰਹੀ। ਉਹ ਸੋਚਦਾ ਰਿਹਾ, "ਮੈਂ ਇੰਨਾ ਕਿਉਂ ਡਰ ਗਿਆ ਸੀ ? ਜੇ ਮੈਂ ਗੱਲਬਾਤ ਕਰਦਾ ਫੜਿਆ ਜਾਂਦਾ ਤਾਂ ਸਜ਼ਾ ਹੀ ਹੁੰਦੀ। ਦੋ-ਚਾਰ ਮਹੀਨੇ ਦੀ ਸਜ਼ਾ ਹੋਰ ਵਧ ਜਾਂਦੀ। ਮੇਰੇ ਪਾਪ ਕੱਟੇ ਜਾਂਦੇ। ਘਰ ਕਿਹੜਾ ਚੂੜੇ ਵਾਲੀ ਉਡੀਕਦੀ ਹੈ। ਬੁੱਢੀ ਮਾਂ ਹੈ। ਜਿਥੇ ਚਾਰ ਸਾਲ ਰੋ-ਧੋ ਕੇ ਕੱਟ ਲਏ, ਚਾਰ ਮਹੀਨੇ ਹੋਰ ਕੱਟ ਲੈਂਦੀ। ਮੈਨੂੰ ਆਪਣੇ ਉਸਤਾਦ ਨੂੰ ਪਿੱਠ ਨਹੀਂ ਸੀ ਦਿਖਾਉਣੀ ਚਾਹੀਦੀ।"

ਸਵੇਰ ਤਕ ਉਸ ਨੇ ਮਨ ਤਕੜਾ ਕਰ ਲਿਆ। ਹਾਕਮ ਦੀ ਮਦਦ ਕਰਨ ਦਾ ਫ਼ੈਸਲਾ ਕਰ ਲਿਆ।

"ਅੱਜ ਮੈਂ ਰਿਹਾਅ ਹੋ ਜਾਣਾ ਹੈ। ਬਾਹਰ ਜਾ ਕੇ ਮੈਂ ਹਾਕਮ ਦੀ ਕੋਈ ਮਦਦ ਨਹੀਂ ਕਰ ਸਕਾਂਗਾ। ਹਾਕਮ ਨੂੰ ਚੱਕੀ ਵਿਚੋਂ ਕਢਾਉਣ ਲਈ ਵਕੀਲ ਕਰਨਾ ਪੈਣਾ ਹੈ। ਵਕੀਲ ਕਰਨ ਲਈ ਫ਼ੀਸ ਦੇਣੀ ਪੈਣੀ ਹੈ। ਪੈਸਾ ਕਿਥੋਂ ਆਏਗਾ।"

ਸਵੇਰ ਦੀ ਗਿਣਤੀ ਸਮੇਂ ਮੁਸੱਦੀ ਨੇ ਪਾਲੇ ਮੀਤੇ ਨੂੰ ਲੱਭਿਆ। ਉਹਨਾਂ ਤੋਂ ਸੰਮਤੀ ਵਾਲਿਆਂ ਦੇ ਨਾਂ-ਪਤੇ ਨੋਟ ਕੀਤੇ ਅਤੇ ਜੇਬ ਵਿਚ ਪਾ ਲਏ।

ਤੇ ਮਨ ਤਕੜਾ ਕਰ ਕੇ ਹੁਣ ਉਹ ਫੇਰ ਤਨਹਾਈ ਕੋਠੜੀਆਂ ਵੱਲ ਜਾ ਰਿਹਾ ਸੀ।

ਅੱਜ ਨਾ ਉਸ ਨੂੰ ਕਿਸੇ ਜਸੂਸ ਦਾ ਭੁਲੇਖਾ ਪਿਆ, ਨਾ ਉਸ ਨੇ ਪਿਛਾਂਹ ਮੁੜ ਕੇ ਦੇਖਿਆ।

ਬੈਰਕ ਕੋਲ ਜਾ ਕੇ ਉਸ ਨੇ ਖੰਘਣਾ ਸ਼ੁਰੂ ਕੀਤਾ। ਕੋਠੜੀ ਕੋਲ ਜਾ ਕੇ ਪੈੜ-ਚਾਲ ਤੇਜ਼ ਕੀਤੀ। ਉਸ ਦਾ ਖ਼ਿਆਲ ਸੀ ਕਿ ਖੜਕਾ ਸੁਣ ਕੇ ਹਾਕਮ ਸੁਚੇਤ ਹੋ ਜਾਏਗਾ। ਉੱਠ ਕੇ ਬੈਠ ਜਾਏਗਾ। ਉਸ ਨੂੰ ਵਾਧੂ ਗੱਲਾਂ ਕਰਨ ਦਾ ਮੌਕਾ ਮਿਲ ਜਾਏਗਾ।

ਪਰ ਇਹ ਉਸ ਦੇ ਹਵਾਈ ਕਿਲ੍ਹੇ ਸਨ। ਹਾਕਮ ਅੱਧ-ਮੋਇਆ ਹੋਇਆ ਪਿਆ ਸੀ। ਉਸ ਦਾ ਮੂੰਹ ਅੱਧਾ ਖੁੱਲ੍ਹਾ ਸੀ। ਵਿਚ ਮੱਖੀਆਂ ਉੱਡ ਰਹੀਆਂ ਸਨ। ਜਾਪਦਾ ਸੀ ਉਸ ਵਿਚ ਮੱਖੀਆਂ ਉਡਾਉਣ ਦੀ ਹਿੰਮਤ ਨਹੀਂ ਸੀ।

ਉਸ ਦੇ ਸਰੀਰ ਵਿਚੋਂ ਬੋ ਆ ਰਹੀ ਸੀ। ਜਾਪਦਾ ਸੀ ਟੱਟੀ ਪਿਸ਼ਾਬ ਵਿਚੇ ਨਿਕਲ ਗਿਆ ਸੀ।

"ਵਕੀਲ ਦੀ ਅਕਲ ਨੂੰ ਪਤਾ ਨਹੀਂ ਕੀ ਹੋ ਗਿਆ ? ਇਸ ਕਾਲ-ਕੋਠੜੀ ਵਿਚ ਭੁੱਖ ਹੜਤਾਲ ਦਾ ਕੀ ਫ਼ਾਇਦਾ ?" ਸੋਚਦੇ ਮੁਸੱਦੀ ਨੇ ਸਥਿਤੀ ਦਾ ਜਾਇਜ਼ਾ ਲਿਆ।

ਮੁਸੱਦੀ ਨੇ ਹਾਕਮ ਦਾ ਸਰੀਰ ਟੋਹਿਆ। ਉਹ ਭੱਠ ਵਾਂਗ ਤਪ ਰਿਹਾ ਸੀ।

ਹਾਕਮ ਮੁਸੱਦੀ ਨੂੰ ਪਹਿਚਾਨਣ ਦਾ ਯਤਨ ਕਰਨ ਲੱਗਾ, ਪਰ ਕੁਝ ਸਮਝ ਨਾ ਆਇਆ।

ਮੁਸੱਦੀ ਦੀਆਂ ਅੱਖਾਂ ਭਰ ਆਈਆਂ। ਉਸ ਦਾ ਮਨ ਭੁੱਬਾਂ ਮਾਰ ਕੇ ਰੋਣ ਨੂੰ ਕੀਤਾ।

ਮੁਸੱਦੀ ਚਾਹੁੰਦਾ ਸੀ ਉਹ ਹਾਕਮ ਕੋਲ ਬੈਠੇ। ਉਸ ਦੀ ਸੇਵਾ ਕਰੇ। ਉਸ ਨਾਲ ਗੱਲਾਂ ਕਰੇ। ਪਰ ਸਿਰ 'ਤੇ ਆ ਖੜ੍ਹੇ ਸੰਤਰੀ ਨੇ ਪੇਸ਼ ਨਾ ਜਾਣ ਦਿੱਤੀ।

ਪਹਿਲਾਂ ਮੁਸੱਦੀ ਨੇ ਬੈਰਕ ਦੇ ਚੀਫ਼ ਵਾਰਡਰ ਨੂੰ ਸੂਚਿਤ ਕੀਤਾ, "ਹਾਕਮ ਦੀ ਹਾਲਤ ਤਰਸਯੋਗ ਹੈ।" ਉਸ ਦੇ ਕੰਨ 'ਤੇ ਜੂੰ ਨਾ ਸਰਕੀ। ਕੈਦੀ ਦਾ ਮਰਨਾ ਜਾਂ ਪਾਗ਼ਲ ਹੋਣਾ ਆਮ ਜਿਹਾ ਵਰਤਾਰਾ ਸੀ।

ਚੱਕਰ ਵਿਚ ਆ ਕੇ ਉਸ ਨੇ ਸਹਾਇਕ ਦਰੋਗ਼ੇ ਨੂੰ ਝੰਜੋੜਿਆ। ਦਰੋਗ਼ੇ ਨੇ ਖ਼ੁਸ਼ੀ ਮਨਾਈ। "ਇਹੋ ਤਾਂ ਅਸੀਂ ਚਾਹੁੰਦੇ ਹਾਂ।" ਆਖ ਕੇ ਉਸ ਨੇ ਮੂੰਹ ਦੂਜੇ ਪਾਸੇ ਕਰ ਲਿਆ।

ਡਿਉੜੀ ਵਿਚ ਆ ਕੇ ਉਸ ਨੇ ਡਿਪਟੀ ਕੋਲ ਦੁਹਾਈ ਪਾਈ।

ਡਿਪਟੀ ਨੇ ਮੁਸੱਦੀ ਨੂੰ ਡਾਂਟਿਆ, "ਆਪਣਾ ਮੂੰਹ ਖੋਲ੍ਹ ਕੇ ਤੂੰ ਨਿਯਮਾਂ ਦੀ ਉਲੰਘਣਾ ਕਰ ਰਿਹਾ ਹੈਂ। ਜੇ ਤੂੰ ਸਾਡਾ ਵਫ਼ਾਦਾਰ ਨਾ ਹੁੰਦਾ ਅਤੇ ਅੱਜ ਤੇਰੀ ਰਿਹਾਈ ਦਾ ਦਿਨ ਨਾ ਹੁੰਦਾ ਤਾਂ ਮੈਂ ਤੈਨੂੰ ਕਰੜੀ ਸਜ਼ਾ ਦਿੰਦਾ।"

ਮੁਸੱਦੀ ਕਿਸੇ ਹੋਰ ਕੋਲ ਭਾਂਡਾ ਨਾ ਭੰਨ ਦੇਵੇ, ਇਸ ਲਈ ਜੇਲ੍ਹ ਸੁਪਰਡੈਂਟ ਨੇ ਚਾਰ ਘੰਟੇ ਪਹਿਲਾਂ ਹੀ ਉਸ ਦੀ ਰਿਹਾਈ ਦਾ ਵਾਰੰਟ ਬਣਾਇਆ ਅਤੇ ਉਸ ਨੂੰ ਜੇਲ੍ਹੋਂ ਬਾਹਰ ਕੱਢ ਦਿੱਤਾ।

ਵੱਡੇ ਦਰਵਾਜ਼ਿਉਂ ਬਾਹਰ ਨਿਕਲਦੇ ਹੀ ਮੁਸੱਦੀ ਦੇ ਨਵੇਂ ਖੰਭ ਨਿਕਲ ਆਏ। ਹੁਣ ਉਹ ਜੋ ਜੀਅ ਆਵੇ ਬੋਲ ਸਕਦਾ ਸੀ, ਜਿਧਰ ਦਿਲ ਕਰੇ ਉਡਾਰੀ ਮਾਰ ਸਕਦਾ ਸੀ।

ਝੱਟ-ਪੱਟ ਉਹ ਬੱਸ ਸਟੈਂਡ ਗਿਆ ਅਤੇ ਸੰਮਤੀ ਵਾਲੇ ਬਾਬੇ ਦੇ ਸ਼ਹਿਰ ਜਾਣ ਵਾਲੀ ਬੱਸ ਚੜ੍ਹ ਗਿਆ।



# 55

ਹਾਕਮ ਸਿੰਘ ਦੀ ਹਾਲਤ ਬਾਰੇ ਸੁਣ ਕੇ ਬਾਬਾ ਗੁਰਦਿੱਤ ਸਿੰਘ ਦੀਆਂ ਅੱਖਾਂ ਭਰ ਆਈਆਂ।

"ਲਾਲ ਗੁਦੜੀਆਂ ਵਿਚ ਰੁਲ ਰਿਹਾ ਹੈ। ਉਸ ਨੂੰ ਸੰਭਾਲਣਾ ਚਾਹੀਦਾ ਹੈ।"

ਕਾਨੂੰਨੀ ਚਾਰਾਜੋਈ ਕਰਨ ਲਈ ਬਾਬੇ ਨੇ ਲੀਗਲ ਸੈੱਲ ਦੀ ਮੀਟਿੰਗ ਬੁਲਾਈ।

ਲੀਗਲ ਸੈੱਲ ਵਾਲੇ ਹਾਕਮ ਵੱਲੋਂ ਕੀਤੇ ਕੰਮਾਂ ਬਾਰੇ ਸੁਣ ਕੇ ਮੂੰਹ ਵਿਚ ਉਂਗਲਾਂ ਪਾਉਣ ਲੱਗੇ। ਸੰਮਤੀ ਵਾਲੇ ਕਦੇ-ਕਦੇ ਪਾਲੇ ਮੀਤੇ ਨੂੰ ਮਿਲਣ ਕੇਂਦਰੀ ਜੇਲ੍ਹ ਜਾਂਦੇ ਹੁੰਦੇ ਸਨ। ਉਹਨਾਂ ਨੇ ਜੇਲ੍ਹ ਪ੍ਰਸ਼ਾਸਨ ਵੱਲੋਂ ਗ਼ਰੀਬ ਕੈਦੀਆਂ ਨੂੰ ਰਿਹਾਅ ਕਰਵਾਉਣ ਲਈ ਵਿੱਢੀ ਮੁਹਿੰਮ ਬਾਰੇ ਵੀ ਸੁਣਿਆ ਸੀ। ਉਹਨਾਂ ਸੋਚਿਆ ਸੀ ਕਿ ਸੁਪਰੀਮ ਕੋਰਟ ਤੋਂ ਡਰਦੀ ਇਹ ਕੰਮ ਸੂਬਾ ਸਰਕਾਰ ਕਰ ਰਹੀ ਹੈ। ਪਤਾ ਹੁੰਦਾ ਕਿ ਇਹ ਕੰਮ ਹਾਕਮ ਦੇ ਪੈਰੋਂ ਸ਼ੁਰੂ ਹੋਇਆ ਹੈ ਤਾਂ ਸੰਮਤੀ ਝੱਟ ਉਸ ਨਾਲ ਸੰਪਰਕ ਕਰਦੀ, ਉਸ ਦੀ ਮੁਹਿੰਮ ਨੂੰ ਹੋਰ ਅੱਗੇ ਤੋਰਦੀ।

ਸੱਤ ਦਿਨ ਤਨਹਾਈ ਵਿਚ ਰਹਿਣ ਕਾਰਨ ਹਾਕਮ ਦੀ ਜੋ ਹਾਲਤ ਹੋਈ ਸੀ ਉਸ ਤੋਂ ਬਾਅਦ ਇਹ ਨਹੀਂ ਆਖਿਆ ਜਾ ਸਕਦਾ ਕਿ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਬੇਰਾਂ ਦਾ ਬਹੁਤ ਕੁਝ ਵਿਗੜ ਚੁੱਕਾ ਸੀ। ਕੁਝ ਬਚਦਾ ਹੋਵੇ ਤਾਂ ਬਚਾ ਲੈਣਾ ਚਾਹੀਦਾ ਹੈ।

ਫੌਰੀ ਤੌਰ 'ਤੇ ਹਾਕਮ ਨੂੰ ਕੀੜਿਆਂ ਦੇ ਭੌਣ ਤੋਂ ਕਿਵੇਂ ਬਚਾਇਆ ਜਾਵੇ, ਇਸ ਬਾਰੇ ਗੁਰਮੀਤ ਸਿੰਘ ਸੁਝਾਉਣ ਲੱਗਾ :

"ਕਾਨੂੰਨੀ ਚਾਰਾਜੋਈ ਨਾਲ ਫੌਰੀ ਸਹਾਇਤਾ ਸੰਭਵ ਨਹੀਂ ਹੈ। ਸਥਾਨਕ ਅਦਾਲਤਾਂ ਨੂੰ ਜੇਲ੍ਹ ਪ੍ਰਸ਼ਾਸਨ ਦੇ ਕੰਮ ਵਿਚ ਦਖ਼ਲ ਦੇਣ ਦਾ ਅਧਿਕਾਰ ਨਹੀਂ ਹੈ। ਰਿਟ ਹਾਈ ਕੋਰਟ ਵਿਚ ਦਾਇਰ ਕਰਨੀ ਪਏਗੀ। ਉਸ ਲਈ ਤਰ੍ਹਾਂ-ਤਰ੍ਹਾਂ ਦੇ ਦਸਤਾਵੇਜ਼ਾਂ ਦੀ ਲੋੜ ਪਏਗੀ। ਉਹਨਾਂ ਵਿਚੋਂ ਬਹੁਤੇ ਜੇਲ੍ਹ ਪ੍ਰਸ਼ਾਸਨ ਦੇ ਕਬਜ਼ੇ ਵਿਚ ਹਨ। ਉਹ ਆਸਾਨੀ ਨਾਲ ਪ੍ਰਾਪਤ ਨਹੀਂ ਹੋਣੇ। ਨਕਲਾਂ ਹਾਸਲ ਕਰਨ ਲਈ ਕਈਆਂ ਨਾਲ ਟੱਕਰ ਲੈਣੀ ਪਏਗੀ। ਕਾਨੂੰਨ ਵੀ ਕੈਦੀ ਦੇ ਹੱਕ ਵਿਚ ਨਹੀਂ ਹੈ। ਸਜ਼ਾ ਸੁਣਾਉਣ ਬਾਅਦ ਆਦਲਤ ਦਾ ਕੈਦੀ ਉਪਰ ਅਧਿਕਾਰ ਖ਼ਤਮ ਹੋ ਜਾਂਦਾ ਹੈ। ਸਰਕਾਰ ਕੈਦੀ ਨਾਲ ਜਿਸ ਤਰ੍ਹਾਂ ਮਰਜ਼ੀ ਨਜਿੱਠੇ। ਹਾਈ ਕੋਰਟ ਕੋਲੋਂ ਵੀ ਰਾਹਤ ਮਿਲਣੀ ਯਕੀਨੀ ਨਹੀਂ। ਇਸ ਲਈ ਅਦਾਲਤ ਦਾ ਦਰਵਾਜ਼ਾ ਸੋਚ-ਸਮਝ ਕੇ ਅਤੇ ਪੂਰੀ ਤਿਆਰੀ ਬਾਅਦ ਖੜਕਾਵਾਂਗੇ।"

"ਲੋਹੇ ਨੂੰ ਕੱਟਣ ਲਈ ਅਸੀਂ ਲੋਹੇ ਦਾ ਪ੍ਰਯੋਗ ਕਰਾਂਗੇ। ਕਾਨੂੰਨੀ ਚਾਰਾਜੋਈ ਦੀ ਥਾਂ ਇਸ ਲਈ ਸੰਘਰਸ਼ ਵਿੱਢਾਂਗੇ। ਜੇਲ੍ਹ ਪ੍ਰਸ਼ਾਸਨ ਨੂੰ ਇਹ ਜਤਾਉਣ ਲਈ ਕਿ ਸੰਘਰਸ਼ ਸੰਮਤੀ ਨੇ ਹਾਕਮ ਦਾ ਕੇਸ ਆਪਣੇ ਹੱਥ ਵਿਚ ਲੈ ਲਿਆ ਹੈ, ਤਿੰਨ ਵਕੀਲਾਂ ਦੀ ਇਕ ਟੀਮ ਹਾਕਮ ਦੀ ਮੁਲਾਕਾਤ ਲਈ ਜੇਲ੍ਹ ਜਾਏਗੀ। ਇੰਨੇ ਨਾਲ ਹੀ ਜੇਲ੍ਹ ਪ੍ਰਸ਼ਾਸਨ ਦੇ ਕੰਨ 'ਤੇ ਜੂੰ ਸਰਕਣ ਲੱਗ ਪਏਗੀ।"

ਜੋਸ਼ 'ਚ ਆਇਆ ਪਿਆਰੇ ਲਾਲ ਆਪਣੇ ਸੁਝਾਅ ਦੇਣ ਲੱਗਾ :

"ਇਕ ਦੋ-ਮੈਂਬਰੀ ਟੀਮ ਹੋਰ ਬਣਾਈ ਜਾਵੇ। ਉਹ ਸੈਸ਼ਨ ਜੱਜ ਨੂੰ ਮਿਲੇ। ਉਸ ਕੋਲੋਂ ਉਹਨਾਂ ਸ਼ਕਾਇਤਾਂ ਦੀਆਂ ਨਕਲਾਂ ਲਏ ਜਿਹੜੀਆਂ ਉਸ ਨੇ ਪ੍ਰਸ਼ਾਸਨ ਵਿਰੁੱਧ ਜੱਜ ਕੋਲ ਕੀਤੀਆਂ ਹਨ। ਨਾਲੇ ਉਸ ਤੋਂ ਉਸ ਦੀ ਰਿਪੋਰਟ ਦੀ ਨਕਲ ਹਾਸਲ ਕੀਤੀ ਜਾਵੇ।"

ਮੁਸੱਦੀ ਨੇ ਸੰਮਤੀ ਨੂੰ ਇਕ ਹੋਰ ਸੂਚਨਾ ਵੀ ਦਿੱਤੀ ਸੀ। ਉਹ ਕਹਿੰਦਾ ਸੀ :

"ਹਾਕਮ ਨੇ ਬੇਨਾਮੀ ਸ਼ਿਕਾਇਤਾਂ ਇਕ ਦੋ ਹੀ ਕੀਤੀਆਂ ਹਨ। ਉਹਨਾਂ ਦਸਤਾਵੇਜ਼ਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਿਹੜੇ ਉਸ ਨੇ ਜੇਲ੍ਹ ਸੁਧਾਰਾਂ ਸੰਬੰਧੀ ਲਿਖੇ ਹਨ। ਇਹ ਸੁਝਾਅ ਉਸ ਨੇ ਹਾਈ ਕੋਰਟ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਭੇਜੇ ਹਨ। ਕਦੇ-ਕਦੇ ਸਰਕਾਰ ਉਹਨਾਂ ਦਸਤਾਵੇਜ਼ਾਂ ਉਪਰ ਜੇਲ੍ਹ ਪ੍ਰਸ਼ਾਸਨ ਕੋਲੋਂ ਟਿੱਪਣੀ ਮੰਗਦੀ ਹੁੰਦੀ ਸੀ। ਬਾਅਦ ਵਿਚ ਇਹ ਦਸਤਾਵੇਜ਼ ਪਤਾ ਨਹੀਂ ਕਿਥੇ ਗੁਆਚ ਜਾਂਦੇ ਹਨ। ਕਦੇ ਕਿਸੇ ਸੁਝਾਅ 'ਤੇ ਅਮਲ ਨਹੀਂ ਹੋਇਆ।"

"ਹਾਈ ਕੋਰਟ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਕੋਲੋਂ ਇਹ ਦਸਤਾਵੇਜ਼ ਹਾਸਲ ਕੀਤੇ ਜਾਣ।" ਬਾਬੇ ਨੇ ਹਾਈ ਕੋਰਟ ਇਕਾਈ ਨੂੰ ਸੰਦੇਸ਼ ਭੇਜਿਆ।

ਗੁਰਮੀਤ ਸਿੰਘ ਦੀ ਅਗਵਾਈ ਵਿਚ ਵਕੀਲਾਂ ਦਾ ਤਿੰਨ-ਮੈਂਬਰੀ ਵਫ਼ਦ ਬਣਾਇਆ ਗਿਆ।

"ਕੱਲ੍ਹ ਨੂੰ ਦਫ਼ਤਰ ਖੁੱਲ੍ਹਦਿਆਂ ਹੀ ਜੇਲ੍ਹ ਪ੍ਰਸ਼ਾਸਨ 'ਤੇ ਧਾਵਾ ਬੋਲਿਆ ਜਾਵੇ।"

ਬਾਬੇ ਵੱਲੋਂ ਵਫ਼ਦ ਨੂੰ ਇਹ ਹੁਕਮ ਸੁਣਾਇਆ ਗਿਆ।



# 56

ਸੰਮਤੀ ਦੇ ਵਕੀਲ ਹਾਕਮ ਨੂੰ ਮਿਲਣ ਆਏ ਹਨ, ਇਹ ਸੁਨੇਹਾ ਮਿਲਦਿਆਂ ਹੀ ਜੇਲ੍ਹ ਅਧਿਕਾਰੀਆਂ ਨੂੰ ਪਿੱਸੂ ਪੈ ਗਏ।

ਝੱਟ ਉਹ ਸਿਰ ਜੋੜ ਕੇ ਬੈਠ ਗਏ।

"ਵਫ਼ਦ ਨੂੰ ਕਿਸ ਤਰ੍ਹਾਂ ਬੇਰੰਗ ਮੋੜਿਆ ਜਾਵੇ ?" ਇਸ ਮੁੱਦੇ 'ਤੇ ਵਿਚਾਰ ਹੋਣ ਲੱਗੀ।

"ਹਾਕਮ ਦੀ ਅਪੀਲ ਸੁਪਰੀਮ ਕੋਰਟ ਤਕ ਰੱਦ ਹੋ ਚੁੱਕੀ ਹੈ। ਹੇਠਲੀ ਜਾਂ ਉਤਲੀ ਕਿਸੇ ਵੀ ਅਦਾਲਤ ਵਿਚ ਮਾਮਲਾ ਵਿਚਾਰ ਅਧੀਨ ਨਹੀਂ ਹੈ। ਇਸ ਲਈ ਹਾਕਮ ਨੂੰ ਕਿਸੇ ਕਾਨੂੰਨੀ ਸਲਾਹ ਦੀ ਲੋੜ ਨਹੀਂ ਹੈ।"

ਇਸ ਤਰਕ ਦੇ ਆਧਾਰ 'ਤੇ ਪਹਿਲੀ ਦਰਖ਼ਾਸਤ ਰੱਦ ਕੀਤੀ ਗਈ।

ਵਕੀਲ ਆਖ਼ਿਰ ਵਕੀਲ ਸਨ। ਉਹ ਵੀ ਕੱਚੀਆਂ ਗੋਲੀਆਂ ਨਹੀਂ ਸਨ ਖੇਡ ਰਹੇ। ਉਹਨਾਂ ਨੇ ਦੂਜੀ ਦਰਖ਼ਾਸਤ ਪੇਸ਼ ਕੀਤੀ :

"ਅਸੀਂ ਹਾਕਮ ਦੇ ਦੋਸਤ ਹਾਂ। ਇਸ ਰੂਪ ਵਿਚ ਉਸ ਨੂੰ ਮਿਲਣਾ ਚਾਹੁੰਦੇ ਹਾਂ।"

ਜੇਲ੍ਹ ਅਧਿਕਾਰੀਆਂ ਦੇ ਸਿਰ ਫਿਰ ਚਕਰਾਉਣ ਲੱਗੇ। "ਹੁਣ ਇਸ ਮੁਸੀਬਤ ਤੋਂ ਖਹਿੜਾ ਕਿਸ ਤਰ੍ਹਾਂ ਛੁਡਾਇਆ ਜਾਵੇ।" ਉਹ ਫੇਰ ਸੋਚਣ ਲੱਗੇ।

ਵੱਡੀ ਸਮੱਸਿਆ ਇਕ ਛੋਟੇ ਮੁਲਾਜ਼ਮ ਨੇ ਸੁਲਝਾਈ :

"ਅੱਜ ਵੀਰਵਾਰ ਹੈ, ਮੁਲਾਕਾਤ ਬੰਦ ਹੈ।"

ਵਕੀਲ ਹਥਿਆਰ ਸੁੱਟਣ ਵਾਲੇ ਨਹੀਂ ਸਨ। ਉਹ ਜ਼ਿਲ੍ਹਾ ਮੈਜਿਸਟ੍ਰੇਟ ਨਾਲ ਜਾ ਟਕਰਾਏ।

ਸੰਮਤੀ ਵਾਲਿਆਂ ਦੀ ਗੱਲ ਸੁਣ ਕੇ ਜ਼ਿਲ੍ਹਾ ਮੈਜਿਸਟ੍ਰੇਟ ਦੰਗ ਰਹਿ ਗਿਆ, "ਇਕ ਪੜ੍ਹੇ-ਲਿਖੇ ਕੈਦੀ ਨੂੰ ਤਨਹਾਈ ਕੋਠੜੀ ਵਿਚ ਬੰਦ ਕਰ ਦਿੱਤਾ ਹੈ। ਮੈਥੋਂ ਅਗਾਊਂ ਮਨਜ਼ੂਰੀ ਤਾਂ ਕੀ ਲੈਣੀ ਸੀ, ਮੈਨੂੰ ਸੂਚਿਤ ਤਕ ਨਹੀਂ ਕੀਤਾ।"

ਗ਼ਲਤੀ ਸੁਧਾਰਨ ਲਈ ਉਸ ਨੇ ਵਿਸ਼ੇਸ਼ ਮੁਲਾਕਾਤ ਦੀ ਇਜਾਜ਼ਤ ਦੇ ਦਿੱਤੀ।

ਜੇਲ੍ਹ ਪ੍ਰਸ਼ਾਸਨ ਨੇ ਸੰਮਤੀ ਦੇ ਇਰਾਦੇ ਭਾਂਪ ਲਏ, "ਇਹ ਬੁਰੇ ਦੇ ਘਰ ਤਕ ਜਾਣ ਲਈ ਮਸ਼ਹੂਰ ਹਨ। ਆਸਾਨੀ ਨਾਲ ਖਹਿੜਾ ਨਹੀਂ ਛੁੱਟਣਾ।"

ਸੰਮਤੀ ਵਾਲਿਆਂ ਦੇ ਮੁੜਨ ਤਕ ਉਹਨਾਂ ਨੇ ਹਾਕਮ ਨੂੰ ਤਨਹਾਈ ਕੋਠੜੀ ਵਿਚੋਂ ਕੱਢਿਆ। ਨਹਾਇਆ-ਧੁਵਾਇਆ, ਸਾਫ਼-ਸੁਥਰੇ ਕੱਪੜੇ ਪਵਾਏ।

ਡਾਕਟਰ ਨੂੰ ਘਰੋਂ ਬੁਲਾ ਕੇ ਉਸ ਨੂੰ ਹਸਤਪਾਲ ਦਾਖ਼ਲ ਕਰਾਇਆ। ਅਜਿਹੀ ਆਪਾਤਕਾਲ ਸਥਿਤੀ ਨਾਲ ਨਜਿੱਠਣ ਲਈ ਰਜਿਸਟਰਾਂ ਵਿਚ ਖ਼ਾਲੀ ਖ਼ਾਨੇ ਛੱਡੇ ਜਾਂਦੇ ਹਨ। ਉਹ ਭਰੇ। ਹਾਕਮ ਨੂੰ ਚੱਕਰ ਆਉਣ ਕਾਰਨ ਡਿੱਗਣ, ਡਿੱਗਣ ਕਾਰਨ ਜ਼ਖ਼ਮੀ ਹੋਣ ਅਤੇ ਜ਼ਖ਼ਮੀ ਹੋਣ ਕਾਰਨ ਹਸਪਤਾਲ ਵਿਚ ਦਾਖ਼ਲ ਹੋਇਆ ਦਿਖਾਇਆ।

ਹਾਕਮ ਅੱਠ ਦਿਨ ਤੋਂ ਭੁੱਖਾ ਸੀ। ਮੂੰਹ ਥਾਣੀਂ ਕੁਝ ਅੰਦਰ ਸੁੱਟਣਾ ਖ਼ਤਰੇ ਭਰਿਆ ਸੀ। ਕੁਝ ਤਾਕਤ ਦੇਣ ਲਈ ਪੌਸ਼ਟਿਕ ਖ਼ੁਰਾਕ ਡਰਿੱਪ ਰਾਹੀਂ ਅੰਦਰ ਸੁੱਟੀ ਗਈ।

ਕੁਝ ਦੇਰ ਬਾਅਦ ਸੰਮਤੀ ਵਾਲਿਆਂ ਨੂੰ ਦਫ਼ਤਰ ਬਿਠਾਇਆ ਗਿਆ। ਤਦ ਤੀਕ ਸਥਿਤੀ 'ਤੇ ਥੋੜ੍ਹਾ-ਬਹੁਤ ਕਾਬੂ ਪਾਇਆ ਗਿਆ।

"ਅੱਜ ਹਾਕਮ ਬਹੁਤ ਉਤੇਜਿਤ ਹੋ ਗਿਆ ਸੀ। ਹੁਣੇ ਟੀਕੇ ਲਾ ਕੇ ਇਸ ਨੂੰ ਸੁਲਾਇਆ ਗਿਆ ਹੈ। ਉਠਾਉਣਾ ਠੀਕ ਨਹੀਂ। ਵੈਸੇ ਤੁਹਾਡੀ ਮਰਜ਼ੀ।"

ਹਸਪਤਾਲ ਲਿਜਾ ਕੇ ਡਾਕਟਰ ਵੱਲੋਂ ਉਹਨਾਂ ਨੂੰ ਸਮਝਾਇਆ ਗਿਆ।

ਵਕੀਲ ਪ੍ਰਸ਼ਾਸਨ ਦੀ ਚਲਾਕੀ ਸਮਝ ਰਹੇ ਸਨ। ਉਹ ਵੀ ਚਲਾਕੀ ਤੋਂ ਕੰਮ ਲੈਣ ਲੱਗੇ। ਉਹ ਜਾਣਦੇ ਸਨ ਕਿ ਹਾਕਮ ਦਾ ਮਾਨਸਿਕ ਸੰਤੁਲਨ ਵਿਗੜ ਚੁੱਕਾ ਹੈ। ਦੋ-ਚਾਰ ਘੰਟਿਆਂ ਵਿਚ ਉਸ ਦੀ ਹਾਲਤ ਸੁਧਰਨ ਵਾਲੀ ਨਹੀਂ। ਉਹ ਇਹ ਵੀ ਜਾਣਦੇ ਸਨ ਕਿ ਉਹ ਸੁੱਕ ਕੇ ਤੀਲਾ ਹੋ ਚੁੱਕਾ ਹੈ। ਦੋ ਦਿਨਾਂ ਦੀ ਚੰਗੀ ਖ਼ੁਰਾਕ ਨਾਲ ਉਸ ਦੀਆਂ ਸੁੱਕੀਆਂ ਨਾੜਾਂ ਵਿਚ ਖ਼ੂਨ ਦੌੜਨੋਂ ਰਿਹਾ। ਨਾਲੇ ਉਹ ਕੈਦ ਵਿਚ ਸੀ, ਰਿਹਾਅ ਹੋਣੋਂ ਰਿਹਾ। ਬਿਨਾਂ ਮਤਲਬ ਪ੍ਰਸ਼ਾਸਨ ਨਾਲ ਟੱਕਰ ਲੈਣ ਦਾ ਕੋਈ ਫ਼ਾਇਦਾ ਨਹੀਂ ਸੀ।

ਸੰਮਤੀ ਵਾਲਿਆਂ ਦਾ ਬੁੱਤਾ ਸਰ ਚੁੱਕਾ ਸੀ। ਜਿਸ ਤੇਜ਼ੀ ਨਾਲ ਉਸ ਨੂੰ ਮੌਤ ਦੇ ਮੂੰਹ ਪਾਇਆ ਜਾ ਰਿਹਾ ਸੀ, ਉਸੇ ਤੇਜ਼ੀ ਨਾਲ ਉਸ ਨੂੰ ਬਚਾਉਣ ਦਾ ਯਤਨ ਹੋ ਰਿਹਾ ਸੀ। ਹਾਲ ਦੀ ਘੜੀ ਇਹੋ ਬਹੁਤ ਸੀ।

ਸੰਮਤੀ ਵਾਲਿਆਂ ਨੂੰ ਸਬਰ ਦਾ ਘੁੱਟ ਭਰ ਕੇ ਵਾਪਸ ਮੁੜਨਾ ਹੀ ਠੀਕ ਲੱਗਾ।



# 57

ਹਾਕਮ ਨੇ ਆਪਣੇ ਦਸਤਾਵੇਜ਼ਾਂ ਵਿਚ ਜਿਨ੍ਹਾਂ ਹਾਈ ਕੋਰਟ ਦੇ ਫ਼ੈਸਲਿਆਂ ਦਾ ਹਵਾਲਾ ਦਿੱਤਾ ਸੀ, ਉਹ ਫ਼ੈਸਲੇ ਸੁਣਾਉਣ ਵਾਲਾ ਜਸਟਿਸ ਸਿਨਹਾ ਅੱਜ-ਕੱਲ੍ਹ ਹਾਈ ਕੋਰਟ ਦਾ ਚੀਫ਼ ਜਸਟਿਸ ਸੀ।

ਭੱਜ-ਨੱਠ ਕਰ ਕੇ ਸੰਮਤੀ ਵਾਲਿਆਂ ਨੇ ਰਿੱਟ ਉਸੇ ਦੀ ਅਦਾਲਤ ਵਿਚ ਲਗਵਾ ਲਈ।

ਮਨ-ਭਾਉਂਦੇ ਸਿੱਟੇ ਨਿਕਲਣ ਲੱਗੇ।

ਰਿੱਟ ਨਾਲ ਲੱਗੇ ਦਸਤਾਵੇਜ਼ ਪੜ੍ਹ ਕੇ ਜੱਜ ਦੇ ਰੌਂਗਟੇ ਖੜੇ ਹੋਣ ਲੱਗੇ।

ਹਾਕਮ ਸੱਚ ਆਖਦਾ ਸੀ। ਕਦੇ-ਕਦੇ ਭਾਵੁਕ ਹੋ ਕੇ ਅਦਾਲਤਾਂ ਕੈਦੀਆਂ ਦੇ ਹੱਕਾਂ ਦੀ ਰਾਖੀ ਕਰਨ ਦੀਆਂ ਵੱਡੀਆਂ-ਵੱਡੀਆਂ ਫੜ੍ਹਾਂ ਮਾਰਦੀਆਂ ਹਨ। ਇਹਨਾਂ 'ਕ੍ਰਾਂਤੀਕਾਰੀ' ਫ਼ੈਸਲਿਆਂ ਦੀ ਕੁਝ ਦਿਨ ਅਖ਼ਬਾਰਾਂ ਵਿਚ ਖ਼ੂਬ ਚਰਚਾ ਹੁੰਦੀ ਹੈ। ਤਾਰੀਫ਼ ਪੜ੍ਹ ਕੇ ਜੱਜ ਫੁੱਲ ਕੇ ਕੁੱਪਾ ਹੋ ਜਾਂਦੇ ਹਨ। ਸਮਝਦੇ ਹਨ ਕਿ ਉਹਨਾਂ ਨੇ ਸਮਾਜਿਕ ਨਿਆਂ ਲਈ ਰਸਤਾ ਖੋਲ੍ਹ ਦਿੱਤਾ ਹੈ। ਹੁਣ ਰਾਮ ਰਾਜ ਆਪੇ ਆ ਜਾਏਗਾ। ਉਹਨਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਚਾਰ ਦਿਨਾਂ ਦੀ ਚਾਂਦਨੀ ਬਾਅਦ ਫੇਰ ਹਨੇਰੀ ਰਾਤ ਆਉਂਦੀ ਹੁੰਦੀ ਹੈ।

ਹਾਕਮ ਨੇ ਆਪਣੇ ਦਸਤਾਵੇਜ਼ਾਂ ਵਿਚ ਕੈਦੀਆਂ ਦੀ ਜੋ ਦੁਰਦਸ਼ਾ ਬਿਆਨੀ ਹੈ, ਜੇ ਉਸ ਦੇ ਦਸਵੇਂ ਹਿੱਸੇ ਨੂੰ ਵੀ ਸਹੀ ਮੰਨ ਲਿਆ ਜਾਵੇ ਤਾਂ ਵੀ ਇਹ ਸਿੱਟਾ ਨਿਕਲਦਾ ਹੈ ਕਿ ਸਰਕਾਰ ਨੇ ਉਹ ਫ਼ੈਸਲੇ ਅਤੇ ਉਹਨਾਂ ਵਿਚ ਜੇਲ੍ਹ ਸੁਧਾਰਾਂ ਸੰਬੰਧੀ ਦਿੱਤੀਆਂ ਹਦਾਇਤਾਂ ਪਾੜ ਕੇ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੇ ਹਨ। ਜੇਲ੍ਹ ਅੰਦਰਲੇ ਹਾਲਾਤ ਸੁਧਾਰਨ ਦੀ ਥਾਂ ਵਿਗੜ ਰਹੇ ਹਨ।

ਚੀਫ਼ ਨੇ ਆਪਣੇ ਫ਼ੈਸਲਿਆਂ ਵਿਚ ਇਸ ਸਮੱਸਿਆ ਨੂੰ ਨਜਿੱਠਣ ਲਈ ਵਰਤੀ ਜਾ ਰਹੀ ਅਣਗਹਿਲੀ ਕਾਰਨ ਸਰਕਾਰ ਨੂੰ ਭੰਡਿਆ ਸੀ। ਹੁਣ ਉਸ ਨੂੰ ਨਿਆਂ-ਪਾਲਿਕਾ ਵੱਲੋਂ ਆਪਣੇ ਫ਼ੈਸਲਿਆਂ ਨੂੰ ਲਾਗੂ ਕਰਾਉਣ ਲਈ ਵਰਤੀ ਜਾ ਰਹੀ ਲਾਪ੍ਰਵਾਹੀ 'ਤੇ ਸ਼ਰਮ ਆਉਣ ਲੱਗੀ। ਲੱਗਾ ਸਭ ਇਕੋ ਥੈਲੀ ਦੇ ਚੱਟੇ-ਵੱਟੇ ਹਨ।

"ਕੀ ਸੈਸ਼ਨ ਜੱਜ ਵਰਗੇ ਅਹਿਮ ਅਹੁਦਿਆਂ 'ਤੇ ਬੈਠੇ ਵਿਅਕਤੀ ਵੀ ਆਪਣੇ ਫ਼ਰਜ਼ਾਂ ਪ੍ਰਤੀ ਏਨੇ ਲਾਪ੍ਰਵਾਹ ਹਨ ? ਕੀ ਅਫ਼ਸਰ ਜੇਲ੍ਹ ਨੂੰ ਵੀ ਸੈਰ-ਸਪਾਟੇ ਵਾਲੀ ਥਾਂ ਸਮਝਦੇ ਹਨ ?" ਚੀਫ਼ ਨੂੰ ਯਕੀਨ ਨਹੀਂ ਸੀ ਆ ਰਿਹਾ।

ਝੱਟ ਉਸ ਦੀ ਸੋਚ ਪਲਟਾ ਖਾਣ ਲੱਗੀ। ਉਹ ਖ਼ੁਦ ਵੀ ਤਾਂ ਸੈਸ਼ਨ ਜੱਜਾਂ ਵਰਗਾ ਹੈ। ਕਈ ਵਾਰ ਉਸ ਨੇ ਸਰਕਾਰ ਨੂੰ ਕੈਦੀਆਂ ਦੇ ਹੱਕ ਸੁਰੱਖਿਅਤ ਕਰਨ ਅਤੇ ਨਿਯਮ ਬਣਾਉਣ ਦੀ ਲੋੜ 'ਤੇ ਹਦਾਇਤਾਂ ਦਿੱਤੀਆਂ ਹਨ। ਕਦੇ ਪਿੱਛੇ ਮੁੜ ਕੇ ਇਹ ਦੇਖਣ ਦਾ ਯਤਨ ਨਹੀਂ ਕੀਤਾ ਕਿ ਸਰਕਾਰ ਉਹਨਾਂ ਹਦਾਇਤਾਂ ਨੂੰ ਮੰਨਦੀ ਹੈ ਜਾਂ ਨਹੀਂ। ਉਸ ਨੇ ਇਕ ਵਾਰ ਵੀ ਜੇਲ੍ਹ ਦਾ ਦੌਰਾ ਨਹੀਂ ਕੀਤਾ।

ਹਾਕਮ ਸੱਚ ਕਹਿੰਦਾ ਹੈ। ਇਹ ਫ਼ੈਸਲੇ ਕਾਨੂੰਨ ਦੀਆਂ ਪੁਸਤਕਾਂ ਦਾ ਸ਼ਿੰਗਾਰ ਅਤੇ ਖੋਜ ਵਿਦਿਆਰਥੀਆਂ ਦੀ ਖੋਜ ਦਾ ਮਸਾਲਾ ਤਾਂ ਬਣੇ ਰਹਿੰਦੇ ਹਨ ਪਰ ਜਿਨ੍ਹਾਂ ਲਈ ਇਹ ਲਿਖੇ ਗਏ ਹਨ, ਉਹਨਾਂ ਨੂੰ ਇਸ ਦਾ ਕੋਈ ਲਾਭ ਨਹੀਂ। ਨਾ ਜੇਲ੍ਹ ਪ੍ਰਸ਼ਾਸਨ ਹਦਾਇਤਾਂ ਦੀ ਪਾਲਣਾ ਕਰਦਾ ਹੈ, ਨਾ ਹੇਠਲੀਆਂ ਅਦਾਲਤਾਂ ਉਹਨਾਂ ਨੂੰ ਲਾਗੂ ਕਰਾਉਣ ਦਾ ਯਤਨ ਕਰਦੀਆਂ ਹਨ। ਜਿਨ੍ਹਾਂ ਦੀ ਭਲਾਈ ਲਈ ਇਹ ਫ਼ੈਸਲੇ ਲਿਖੇ ਗਏ ਹਨ, ਉਹਨਾਂ ਨੂੰ ਇਹਨਾਂ ਦੀ ਭਿਣਕ ਤਕ ਨਹੀਂ। ਫੇਰ ਕੀ ਲਾਭ ਹੈ ਇਹਨਾਂ ਫ਼ੈਸਲਿਆਂ ਦਾ ?"

"ਹਾਕਮ ਠੀਕ ਕਹਿ ਰਿਹਾ ਹੈ। ਸਣੇ ਨਿਆਂ-ਪਾਲਿਕਾ ਸਾਰਾ ਆਵਾ ਊਤਿਆ ਪਿਆ ਹੈ।" ਸੋਚਦੇ ਸਿਨਹਾ ਨੂੰ ਆਪਣੇ ਹੇਠਲੇ ਸਟਾਫ਼ 'ਤੇ ਗ਼ੁੱਸਾ ਚੜ੍ਹਨ ਲੱਗਾ।

ਹਾਕਮ ਕਈ ਸਾਲਾਂ ਤੋਂ ਹਾਈ ਕੋਰਟ ਨੂੰ ਖ਼ਤ ਲਿਖ ਰਿਹਾ ਹੈ। ਕਿੰਨੇ ਹੀ ਅਹਿਮ ਤੱਥ ਅਤੇ ਸੁਝਾਅ ਇਹਨਾਂ ਵਿਚ ਦਰਜ ਹਨ। ਜਾਪਦਾ ਹੈ ਰਜਿਸਟਰਾਰ ਨੇ ਇਹਨਾਂ ਨੂੰ ਕਦੇ ਧਿਆਨ ਨਾਲ ਪੜ੍ਹਿਆ ਹੀ ਨਹੀਂ। ਸਾਧਾਰਨ ਸ਼ਿਕਾਇਤ ਸਮਝ ਕੇ ਟਿੱਪਣੀ ਲਈ ਜੇਲ੍ਹ ਪ੍ਰਸ਼ਾਸਨ ਕੋਲ ਮੋੜਦਾ ਰਿਹਾ ਹੈ। ਜੇਲ੍ਹ ਪ੍ਰਸ਼ਾਸਨ ਨੇ ਉੱਤਰ ਦਿੱਤਾ ਹੈ ਜਾਂ ਨਹੀਂ ? ਜੇ ਦਿੱਤਾ ਹੈ ਤਾਂ ਕੀ ? ਕਦੇ ਇਹ ਜਾਨਣ ਦਾ ਯਤਨ ਨਹੀਂ ਕੀਤਾ। ਇਕ ਕੈਦੀ ਹਾਈ ਕੋਰਟ ਨੂੰ ਖ਼ਤ ਲਿਖ ਰਿਹਾ ਹੈ, ਇਹ ਗੱਲ ਕਦੇ ਚੀਫ਼ ਦੇ ਧਿਆਨ ਵਿਚ ਨਹੀਂ ਲਿਆਂਦੀ ਗਈ।

ਜਦੋਂ ਜਾਗੋ ਉਦੋਂ ਸਵੇਰਾ। ਪਿਛਲੀਆਂ ਗ਼ਲਤੀਆਂ ਨੂੰ ਸੁਧਾਰਨ ਦਾ ਮਨ ਬਣਾ ਕੇ ਚੀਫ਼ ਹੁਕਮ ਸੁਣਾਉਣ ਲੱਗਾ।

ਸਫ਼ਾਈ ਘਰ ਤੋਂ ਸ਼ੁਰੂ ਹੋਣੀ ਚਾਹੀਦੀ ਹੈ।

ਮਾਇਆ ਨਗਰ ਦੇ ਸੈਸ਼ਨ ਜੱਜ ਨੂੰ ਹਦਾਇਤ ਹੋਈ ਕਿ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਨਾਲ ਲੈ ਕੇ ਉਹ ਤੁਰੰਤ ਜੇਲ੍ਹ ਦਾ ਦੌਰਾ ਕਰੇ। ਜਾਂਦਿਆਂ ਹੀ ਜੇਲ੍ਹ ਦਾ ਸਾਰਾ ਰਿਕਾਰਡ ਸੀਲ ਕਰੇ। ਗੁਦਾਮਾਂ ਵਿਚ ਪਏ ਅਨਾਜ ਦੀ ਮਾਹਿਰਾਂ ਕੋਲੋਂ ਜਾਂਚ ਕਰਵਾਏ। ਹਸਪਤਾਲ ਵਿਚ ਦਾਖ਼ਲ ਮਰੀਜ਼ਾਂ ਦਾ ਮੁਆਇਨਾ ਹੋਵੇ। ਉਹ ਕਿਸ-ਕਿਸ ਬੀਮਾਰੀ ਦਾ ਸ਼ਿਕਾਰ ਹਨ, ਇਸ ਦੀ ਵਿਸਥਾਰ ਸਹਿਤ ਰਿਪੋਰਟ ਤਿਆਰ ਕੀਤੀ ਜਾਵੇ। ਹਾਕਮ ਦੇ ਦਸਤਾਵੇਜ਼ਾਂ ਵਿਚ ਦਰਜ ਹਰ ਨੁਕਤੇ 'ਤੇ ਟਿੱਪਣੀ ਹੋਵੇ। ਸੈਸ਼ਨ ਜੱਜ ਨੂੰ ਇਕ ਹੋਰ ਹਦਾਇਤ ਹੋਈ। ਉਹ ਓਨਾ ਚਿਰ ਜੇਲ੍ਹ ਵਿਚ ਹਾਜ਼ਰ ਰਹੇ ਜਿੰਨਾ ਚਿਰ ਸਾਰੀ ਪੜਤਾਲ ਮੁਕੰਮਲ ਨਹੀਂ ਹੁੰਦੀ। ਇਹ ਵੀ ਸਪੱਸ਼ਟ ਕੀਤਾ ਗਿਆ ਕਿ ਅੱਗੋਂ ਤੋਂ ਹੋਈ ਅਣਗਹਿਲੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਏਗਾ।

ਫੇਰ ਮਾਇਆ ਨਗਰ ਦੇ ਸਿਵਲ ਸਰਜਨ ਨੂੰ ਹਦਾਇਤ ਹੋਈ। ਉਹ ਤਿੰਨ ਮਾਹਿਰ ਡਾਕਟਰਾਂ ਨੂੰ ਨਾਲ ਲੈ ਕੇ ਹਾਕਮ ਸਿੰਘ ਦੀ ਸਰੀਰਕ ਅਤੇ ਮਾਨਸਿਕ ਸਥਿਤੀ ਦੀ ਘੋਖ ਕਰੇ। ਨਿਰਖ-ਪਰਖ ਆਧੁਨਿਕ ਤਕਨੀਕ ਦੇ ਆਧਾਰ 'ਤੇ ਹੋਵੇ। ਰਿਪੋਰਟ ਦੇ ਨਾਲ-ਨਾਲ ਹਾਈ ਕੋਰਟ ਨੂੰ ਟੈਸਟ ਰਿਪੋਰਟਾਂ ਵੀ ਭੇਜੀਆਂ ਜਾਣ।

ਸੂਬੇ ਦੇ ਮੁੱਖ ਸਕੱਤਰ ਨੂੰ ਹਦਾਇਤ ਹੋਈ। ਉਹ ਗ੍ਰਹਿ ਸਕੱਤਰ ਨੂੰ ਨਾਲ ਲੈ ਕੇ ਸਾਰੀਆਂ ਜੇਲ੍ਹਾਂ ਦਾ ਦੌਰਾ ਕਰੇ। ਹਾਕਮ ਨੇ ਜੇਲ੍ਹਾਂ ਵਿਚ ਹੁੰਦੇ ਜੋ-ਜੋ ਕੁਕਰਮ ਉਜਾਗਰ ਕੀਤੇ ਹਨ, ਉਹਨਾਂ ਦਾ ਅਧਿਐਨ ਕਰੇ। ਪੰਦਰਾਂ ਦਿਨਾਂ ਬਾਅਦ ਵਿਸਤਰਿਤ ਰਿਪੋਰਟ ਲੈ ਕੇ ਦੋਵੇਂ ਅਫ਼ਸਰ ਅਦਾਲਤ ਵਿਚ ਹਾਜ਼ਰ ਹੋਣ।

ਚੀਫ਼ ਜਸਟਿਸ ਕਿਸੇ ਵੀ ਸਮੇਂ ਕਿਸੇ ਵੀ ਜੇਲ੍ਹ ਦਾ ਦੌਰਾ ਕਰ ਸਕਦਾ ਹੈ। ਜੇਲ੍ਹ ਵਿਭਾਗ ਤਿਆਰ ਰਹੇ।

*



# 58

ਚੀਫ਼ ਜਸਟਿਸ ਵੱਲੋਂ ਸਰਕਾਰ ਦੀ ਹੋਈ ਖਿਚਾਈ ਦੀਆਂ ਖ਼ਬਰਾਂ ਅਗਲੇ ਦਿਨ ਵੱਡੀਆਂ ਸੁਰਖ਼ੀਆਂ ਬਣ ਕੇ ਅਖ਼ਬਾਰਾਂ ਵਿਚ ਛਪੀਆਂ।

ਮੀਡੀਏ ਨੇ ਇਸ ਮਸਲੇ ਨੂੰ ਪੂਰੀ ਤਰ੍ਹਾਂ ਉਛਾਲਿਆ। ਸਾਬਕਾ ਕੈਦੀਆਂ ਅਤੇ ਮਾਹਿਰਾਂ ਨੂੰ ਬੁਲਾ ਕੇ ਜੇਲ੍ਹ ਪ੍ਰਬੰਧ ਅਤੇ ਜੇਲ੍ਹ ਸੁਧਾਰਾਂ ਬਾਰੇ ਬਹਿਸਾਂ ਆਰੰਭ ਦਿੱਤੀਆਂ।

ਉਸ ਤੋਂ ਅਗਲੇ ਦਿਨ ਤੋਂ ਜੇਲ੍ਹ ਵਿਚ ਹੁੰਦੇ ਅੱਤਿਆਚਾਰਾਂ ਅਤੇ ਘਪਲਿਆਂ ਦੇ ਸਨਸਨੀਖ਼ੇਜ਼ ਕਿੱਸੇ ਅਖ਼ਬਾਰਾਂ ਵਿਚ ਛਪਣ ਲੱਗੇ।

ਹੋਰ ਕੁਝ ਦਿਨ ਬਾਅਦ ਲੋਕ ਸੜਕਾਂ ਉਪਰ ਉਤਰਨ ਲੱਗੇ। ਰੋਸ ਮੁਜ਼ਾਹਰੇ ਅਤੇ ਰੈਲੀਆਂ ਹੋਣ ਲੱਗੀਆਂ। ਜੇਲ੍ਹ ਸੁਧਾਰ ਲਾਗੂ ਕਰਨ ਅਤੇ ਕਸੂਰਵਾਰ ਜੇਲ੍ਹ ਕਰਮਚਾਰੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਜ਼ੋਰ ਫੜਨ ਲੱਗੀ।

ਸਰਕਾਰ ਨੂੰ ਫ਼ਿਕਰ ਹੋਣ ਲੱਗਾ। ਸੰਮਤੀ ਪਹਿਲਾਂ ਹੀ ਮਾਣ ਨਹੀਂ ਸੀ। ਉਸ ਨੂੰ ਸਰਕਾਰ ਦੀ ਦਾੜ੍ਹੀ ਨੂੰ ਹੱਥ ਪਾਉਣ ਦਾ ਮੁਫ਼ਤ 'ਚ ਮੌਕਾ ਮਿਲਣ ਲੱਗਾ।

ਜੇਲ੍ਹ ਮੰਤਰੀ ਅਤੇ ਮੁੱਖ ਮੰਤਰੀ ਅਫ਼ਸਰਾਂ ਦੀ ਖਿਚਾਈ ਕਰਨ ਲੱਗੇ।

"ਮਾਮਲਾ ਤੁਰੰਤ ਕਾਬੂ ਵਿਚ ਕਰੋ। ਸਰਕਾਰ ਕੋਲੋਂ ਜੋ ਐਲਾਨ ਕਰਾਉਣੇ ਹਨ, ਕਰਾਓ। ਚੋਣਾਂ ਸਿਰ 'ਤੇ ਹਨ। ਸਰਕਾਰ ਕਿਸੇ ਕਿਸਮ ਦਾ ਜ਼ੋਖ਼ਮ ਨਹੀਂ ਉਠਾ ਸਕਦੀ।"

ਗ੍ਰਹਿ ਸਕੱਤਰ ਅਤੇ ਮੁੱਖ ਸਕੱਤਰ ਨੂੰ ਆਪਣਾ ਪਾਲਾ ਖਾਣ ਲੱਗਾ। ਪੜਤਾਲ ਦੌਰਾਨ ਪੜਤਾਲੀਆ ਕਮੇਟੀ ਨੂੰ ਖ਼ਾਮੀਆਂ ਤੋਂ ਸਿਵਾ ਕੁਝ ਨਹੀਂ ਸੀ ਲੱਭਾ। ਜੇਲ੍ਹਾਂ ਵਿਚ ਸਹੁੰ ਖਾਣ ਜੋਗਾ ਇਕ ਵੀ ਚੰਗਾ ਕੰਮ ਨਹੀਂ ਸੀ ਹੋ ਰਿਹਾ।

ਮੁੱਖ ਸਕੱਤਰ ਨੇ ਕਈ ਵਾਰ ਜ਼ਿਲ੍ਹਾ ਮੈਜਿਸਟ੍ਰੇਟਾਂ ਨੂੰ ਫ਼ੋਨ ਕੀਤਾ। ਸਰਕਾਰ ਦੀ ਮਦਦ ਕਰਨ ਦੀ ਗੁਹਾਰ ਲਾਈ। ਜ਼ਿਲ੍ਹਾ ਮੈਜਿਸਟ੍ਰੇਟ ਸਰਕਾਰ ਦੀ ਮਦਦ ਕਰਨੀ ਚਾਹੁੰਦਾ ਹੋਇਆ ਵੀ ਕੁਝ ਨਾ ਕਰ ਸਕਿਆ।

ਗ੍ਰਹਿ ਸਕੱਤਰ ਨੇ ਸੈਸ਼ਨ ਜੱਜ ਤਕ ਪਹੁੰਚ ਕੀਤੀ। ਉਹ ਉਸ ਦਾ ਦੂਰ ਦਾ ਰਿਸ਼ਤੇਦਾਰ ਸੀ। ਸੈਸ਼ਨ ਜੱਜ ਨੂੰ ਆਪਣਾ ਪਾਲਾ ਖਾ ਰਿਹਾ ਸੀ। ਉਹ ਪਹਿਲੀ ਮਦਦ ਉੱਪਰ ਹੀ ਪਛਤਾ ਰਿਹਾ ਸੀ। ਚੀਫ਼ ਜਸਟਿਸ ਈਮਾਨਦਾਰੀ ਲਈ ਪ੍ਰਸਿੱਧ ਸੀ। ਬੀਸੀਆਂ ਬੇਈਮਾਨ ਜੱਜਾਂ ਨੂੰ ਉਹ ਘਰ ਦਾ ਰਸਤਾ ਦਿਖਾ ਚੁੱਕਾ ਸੀ। ਸੈਸ਼ਨ ਜੱਜ ਦੀ ਆਪਣੀ ਧੌਂਣ ਬਚ ਜਾਏ, ਇਹੋ ਬਹੁਤ ਸੀ। ਉਹ ਵੀ ਹੱਥ ਖੜੇ ਕਰ ਗਿਆ।

ਇਹੋ ਮਜਬੂਰੀ ਸਿਵਲ ਸਰਜਨ ਨੇ ਪ੍ਰਗਟਾਈ। ਆਟੇ ਵਿਚ ਲੂਣ ਤਾਂ ਰਲ ਸਕਦਾ ਹੈ। ਲੂਣ ਵਿਚ ਆਟਾ ਰਲਣਾ ਮੁਸ਼ਕਲ ਹੈ।

ਹਿਸਾਬ-ਕਿਤਾਬ ਵਿਚ ਬਹੁਤ ਵੱਡੀ ਹੇਰਾ-ਫੇਰੀ ਸੀ। ਕਾਗ਼ਜ਼ਾਂ ਵਿਚ ਜੇਲ੍ਹ ਵਿਚ ਸਕੂਲ ਚੱਲਦਾ ਦਿਖਾਇਆ ਗਿਆ ਸੀ। ਪੰਜਾਹ ਹਜ਼ਾਰ ਰੁਪਏ ਪ੍ਰਤੀ ਸਾਲ ਖ਼ਰਚਾ ਪਾਇਆ ਗਿਆ ਸੀ। ਜੇਲ੍ਹ ਵਿਚ ਡਸਟਰ ਅਤੇ ਚਾਕ ਤਕ ਨਹੀਂ ਸੀ। ਇਹੋ ਹਾਲ ਖੇਡਾਂ ਦਾ ਸੀ।

ਚੀਫ਼ ਜਸਟਿਸ ਦੇ ਗ਼ੁੱਸੇ ਨੂੰ ਕਿਸ ਤਰ੍ਹਾਂ ਠੰਢਾ ਕੀਤਾ ਜਾਵੇ। ਗ੍ਰਹਿ ਸਕੱਤਰ ਤੋਂ ਲੈ ਕੇ ਮੁੱਖ ਮੰਤਰੀ ਤਕ ਦੇ ਸਾਹਮਣੇ ਇਹੋ ਸਮੱਸਿਆ ਸੀ।

ਕਈ ਦਿਨਾਂ ਦੇ ਵਿਚਾਰ-ਵਟਾਂਦਰੇ ਬਾਅਦ ਇਕ ਹੱਲ ਲੱਭਿਆ ਗਿਆ। ਚੁੱਪ ਕਰ ਕੇ ਹਥਿਆਰ ਸੁੱਟ ਦਿੱਤੇ ਜਾਣ।

ਕੁਝ ਜੇਲ੍ਹ ਸੁਧਾਰ ਅਗਲੀ ਪੇਸ਼ੀ ਤੋਂ ਪਹਿਲਾਂ ਲਾਗੂ ਕਰ ਦਿੱਤੇ ਜਾਣ। ਬਾਕੀਆਂ ਬਾਰੇ ਬਜਟ ਵਿਚ ਪ੍ਰਬੰਧ ਕਰਨ ਦਾ ਭਰੋਸਾ ਦਿੱਤਾ ਜਾਵੇ।

ਕਸੂਰਵਾਰ ਅਧਿਕਾਰੀਆਂ ਦਾ ਪੱਖ ਪੂਰਨ ਦੀ ਥਾਂ ਉਹਨਾਂ ਨੂੰ ਬਲੀ ਦਾ ਬੱਕਰਾ ਬਣਾਇਆ ਜਾਵੇ।

ਇਹਨਾਂ ਲੀਹਾਂ 'ਤੇ ਕਾਰਵਾਈ ਹੋਣ ਲੱਗੀ।

ਪਹਿਲੇ ਦਿਨ ਜੇਲ੍ਹ ਮੰਤਰੀ ਨੇ ਪ੍ਰੈੱਸ ਕਾਨਫ਼ਰੰਸ ਬੁਲਾਈ ਅਤੇ ਮੰਨਿਆ :

"ਮਾਇਆ ਨਗਰ ਦੇ ਜੇਲ੍ਹ ਸੁਪਰਡੈਂਟ ਨੇ ਆਪਣੇ ਫ਼ਰਜ਼ ਨਿਭਾਉਣ ਵਿਚ ਕੁਤਾਹੀ ਕੀਤੀ ਹੈ। ਉਸ ਨੇ ਕੈਦੀਆਂ ਉਪਰ ਅੱਤਿਆਚਾਰ ਕੀਤੇ ਹਨ। ਉਹਨਾਂ ਦੇ ਰਾਸ਼ਨ-ਪਾਣੀ ਵਿਚ ਹੇਰਾ-ਫੇਰੀ ਕਰ ਕੇ ਆਪਣੇ ਮਹਿਲ ਉਸਾਰੇ ਹਨ। ਡਿਪਟੀ ਸੁਪਰਡੈਂਟ ਉਸ ਦਾ ਭਾਈਵਾਲ ਹੈ। ਸਹਾਇਕ ਦਰੋਗ਼ਾ ਔਰਤ ਕੈਦਣਾਂ ਨਾਲ ਬਲਾਤਕਾਰ ਕਰਨ ਦਾ ਦੋਸ਼ੀ ਹੈ। ਇਸੇ ਤਰ੍ਹਾਂ ਚੀਫ਼ ਵਾਰਡਰ ਹਰੀ ਓਮ ਵੀ ਕੈਦੀਆਂ ਨਾਲ ਗ਼ੈਰ-ਮਨੁੱਖੀ ਵਿਵਹਾਰ ਕਰਦਾ ਹੈ। ਇਹਨਾਂ ਸਭ ਅਧਿਕਾਰੀਆਂ ਨੂੰ ਤੁਰੰਤ ਮੁਅੱਤਲ ਕੀਤਾ ਜਾਂਦਾ ਹੈ। ਸੁਪਰਡੈਂਟ ਵਿਰੁੱਧ ਸਰਕਾਰੀ ਮਾਲ ਗ਼ਬਨ ਕਰਨ ਅਤੇ ਸਹਾਇਕ ਦਰੋਗ਼ੇ ਵਿਰੁੱਧ ਬਲਾਤਕਾਰ ਦੇ ਮੁਕੱਦਮੇ ਦਰਜ ਕਰਨ ਲਈ ਲਿਖ ਦਿੱਤਾ ਗਿਆ ਹੈ। ਨਾਲੇ ਪੁਲਿਸ ਕਪਤਾਨ ਨੂੰ ਹਦਾਇਤ ਹੋਈ ਹੈ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਕੇ ਸੀਖਾਂ ਪਿੱਛੇ ਸੁੱਟਿਆ ਜਾਏ। ਡਿਪਟੀ ਨੂੰ ਜਬਰੀ ਰਿਟਾਇਰ ਕਰ ਦਿੱਤਾ ਗਿਆ ਹੈ। ਕਾਨੂੰਨੀ ਕਾਰਵਾਈ ਮੁਕੰਮਲ ਕਰ ਕੇ ਬਾਕੀਆਂ ਨੂੰ ਵੀ ਨੌਕਰੀਉਂ ਕੱਢਿਆ ਜਾਏਗਾ।"

ਉਸ ਤੋਂ ਅਗਲੇ ਦਿਨ ਮੁੱਖ ਮੰਤਰੀ ਵੱਲੋਂ ਐਲਾਨ ਹੋਏ।

ਜੇਲ੍ਹ ਹਸਪਤਾਲ ਦੇ ਬਿਸਤਰਿਆਂ ਦੀ ਗਿਣਤੀ ਦੁਗਣੀ ਕੀਤੀ ਗਈ। ਡਾਕਟਰਾਂ ਦੀ ਗਿਣਤੀ ਇਕ ਤੋਂ ਤਿੰਨ ਕੀਤੀ ਗਈ। ਦਵਾਈਆਂ ਦਾ ਬਜਟ ਵਧਾਇਆ ਗਿਆ। ਬੰਦ ਪਿਆ ਸਕੂਲ ਖੋਲ੍ਹਿਆ ਗਿਆ। ਸਕੂਲ ਚਲਾਉਣ ਲਈ ਅਧਿਆਪਕ ਭੇਜੇ ਗਏ। ਪੁਰਾਣਾ ਅਨਾਜ ਨਸ਼ਟ ਕੀਤਾ ਗਿਆ। ਮਿਆਰੀ ਅਨਾਜ ਲੰਗਰ ਵਿਚ ਭੇਜਿਆ ਗਿਆ।

ਪੁਰਾਣੇ ਕੈਦੀ ਭਲਾਈ ਬੋਰਡ ਨੂੰ ਭੰਗ ਕੀਤਾ ਗਿਆ। ਨਵੇਂ ਬੋਰਡ ਦੇ ਜਲਦੀ ਗਠਨ ਕਰਨ ਦਾ ਭਰੋਸਾ ਦਿਵਾਇਆ ਗਿਆ। ਨਾਲ ਐਲਾਨ ਹੋਇਆ ਕਿ ਬੋਰਡ ਵਿਚ ਸੰਮਤੀ ਦੇ ਨੁਮਾਇੰਦੇ ਲਏ ਜਾਣਗੇ। ਜੇਲ੍ਹ ਪ੍ਰਬੰਧ ਵਿਚ ਅੱਗੋਂ ਤੋਂ ਕੈਦੀਆਂ ਨੂੰ ਵੀ ਹਿੱਸੇਦਾਰ ਬਣਾਇਆ ਜਾਏਗਾ।

ਹਾਕਮ ਵਰਗੇ ਕਾਬਲ ਕੈਦੀ ਨਾਲ ਹੋਏ ਧੱਕੇ 'ਤੇ ਮੁੱਖ ਮੰਤਰੀ ਨੇ ਅਫ਼ਸੋਸ ਪ੍ਰਗਟ ਕੀਤਾ। ਗ਼ਲਤੀ ਨੂੰ ਸੁਧਾਰਨ ਲਈ ਉਸ ਲਈ ਵਿਸ਼ੇਸ਼ ਰਿਆਇਤਾਂ ਦਾ ਐਲਾਨ ਕੀਤਾ। ਵਿਗੜੇ ਮਾਨਸਿਕ ਸੰਤੁਲਨ ਨੂੰ ਥਾਂ ਸਿਰ ਲਿਆਉਣ ਲਈ ਉਸ ਨੂੰ ਯਾਰਾਂ-ਦੋਸਤਾਂ ਅਤੇ ਪਰਿਵਾਰ ਦੇ ਮੈਂਬਰਾਂ ਵਿਚ



ਜਾਣ ਦੀ ਇਜਾਜ਼ਤ ਦਿੱਤੀ। ਮਨਮਰਜ਼ੀ ਦੇ ਹਸਪਤਾਲ ਵਿਚੋਂ ਇਲਾਜ ਕਰਾਉਣ ਦੀ ਖ਼ੁੱਲ੍ਹ ਦਿੱਤੀ। ਛੇ ਮਹੀਨੇ ਦੀ ਛੁੱਟੀ ਦੇ ਨਾਲ-ਨਾਲ ਇਲਾਜ ਦਾ ਸਾਰਾ ਖ਼ਰਚਾ ਦੇਣ ਦਾ ਭਰੋਸਾ ਦਿਵਾਇਆ।

ਏਨੇ ਨਾਲ ਲੋਕਾਂ ਦਾ ਰੋਹ ਮੱਠਾ ਪੈਣ ਲੱਗਾ।

ਹੁਣ ਵਾਰੀ ਆਈ ਚੀਫ਼ ਜਸਟਿਸ ਦੇ ਗ਼ੁੱਸੇ ਨੂੰ ਠੰਢਾ ਕਰਨ ਦੀ।

ਗਲਾਂ ਵਿਚ ਪੱਲੂ ਪਾ ਕੇ ਦੋਵੇਂ ਸਕੱਤਰ ਹਾਈ ਕੋਰਟ ਅੱਗੇ ਨਤ-ਮਸਤਕ ਹੋਏ। ਮੁਆਫ਼ੀ ਮੰਗਣ ਬਾਅਦ ਸਰਕਾਰ ਵੱਲੋਂ ਭਰੋਸਾ ਦਿਵਾਇਆ :

"ਜੇਲ੍ਹ ਸੁਧਾਰ ਤੁਰੰਤ ਲਾਗੂ ਕਰਨ ਲਈ ਇਕ ਕੈਬਨਿਟ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਹਾਕਮ ਵੱਲੋਂ ਤਿਆਰ ਕੀਤੇ ਦਸਤਾਵੇਜ਼ ਉਸ ਕਮੇਟੀ ਨੂੰ ਭੇਜ ਦਿੱਤੇ ਗਏ ਹਨ। ਸਰਕਾਰ ਉਹਨਾਂ 'ਤੇ ਗੰਭੀਰਤਾ ਨਾਲ ਵਿਚਾਰ ਕਰੇਗੀ। ਹਾਕਮ ਦੀ ਲਿਆਕਤ ਅਤੇ ਉਸ ਦੇ ਤਜਰਬੇ ਦਾ ਫ਼ਾਇਦਾ ਉਠਾਇਆ ਜਾਏਗਾ। ਸਮੇਂ-ਸਮੇਂ ਉਸ ਨੂੰ ਕਮੇਟੀ ਅੱਗੇ ਪੇਸ਼ ਹੋਣ ਲਈ ਬੁਲਾਇਆ ਜਾਏਗਾ।"

ਹਕਾਮ ਦੀ ਰਿਹਾਈ ਹੋ ਗਈ। ਕਸੂਰਵਾਰ ਅਫ਼ਸਰਾਂ ਵਿਰੁੱਧ ਕਾਰਵਾਈ ਹੋ ਗਈ। ਰਿਟ ਵਿਚ ਮੰਗੀਆਂ ਮੰਗਾਂ ਦੇ ਪੂਰਾ ਹੋ ਜਾਣ ਬਾਅਦ ਰਿਟ ਖ਼ਾਰਜ ਹੋਣੀ ਚਾਹੀਦੀ ਸੀ।

ਚੀਫ਼ ਜਸਟਿਸ ਨੂੰ ਪਤਾ ਸੀ ਕਿ ਕਮੇਟੀਆਂ ਦੇ ਗਠਨ ਜਾਂ ਬਜਟ ਵਿਚ ਪੈਸੇ ਦਾ ਪ੍ਰਬੰਧ ਕਰਨ ਦੇ ਵਾਅਦੇ ਹਜ਼ਾਰਾਂ ਵਾਰ ਹੋਏ ਹਨ। ਮਾਮਲੇ ਨੂੰ ਲਟਕਾਉਣ ਲਈ ਅਜਿਹੇ ਬਹਾਨੇ ਲਾ-ਲਾ ਨਿਆਂ-ਪਾਲਿਕਾ ਨੂੰ ਹੋਰ ਬੁੱਧੂ ਨਹੀਂ ਬਣਾਇਆ ਜਾ ਸਕਦਾ।

ਚੀਫ਼ ਨੇ ਰਿਟ ਖ਼ਾਰਜ ਕਰਨ ਦੀ ਥਾਂ ਛੇ ਮਹੀਨੇ ਦੀ ਤਾਰੀਖ਼ ਪਾਈ। ਨਾਲ ਸਰਕਾਰ ਨੂੰ ਹਦਾਇਤ ਕੀਤੀ :

"ਕੈਬਨਿਟ ਕਮੇਟੀ ਦੀਆਂ ਮੀਟਿੰਗਾਂ ਜਲਦੀ-ਜਲਦੀ ਕਰੋ। ਹਰ ਮੀਟਿੰਗ ਦੀ ਕਾਰਵਾਈ ਦੀ ਰਿਪੋਰਟ ਹਾਈ ਕੋਰਟ ਨੂੰ ਭੇਜੋ। ਅੰਤਿਮ ਰਿਪੋਰਟ ਅਗਲੀ ਤਾਰੀਖ਼ 'ਤੇ ਪੇਸ਼ ਕਰੋ।"

ਇਸ ਫ਼ੈਸਲੇ ਨੇ ਸਭ ਧਿਰਾਂ ਖ਼ੁਸ਼ ਕਰ ਦਿੱਤੀਆਂ।

ਸੰਮਤੀ ਖ਼ੁਸ਼ ਸੀ। ਜ਼ਾਲਮ ਅਫ਼ਸਰਾਂ ਨੂੰ ਕੰਨ ਹੋ ਗਏ। ਕੁਝ ਦੇਰ ਲਈ ਹੀ ਸਹੀ, ਕੈਦੀਆਂ ਨੂੰ ਜ਼ੁਲਮਾਂ ਤੋਂ ਰਾਹਤ ਮਿਲੇਗੀ।

ਸਰਕਾਰ ਖ਼ੁਸ਼ ਸੀ। ਸੌਖੇ ਵਿਚ ਖਹਿੜਾ ਛੁੱਟ ਗਿਆ। ਛੇ ਮਹੀਨੇ ਬਾਅਦ ਪਤਾ ਨਹੀਂ ਕਿਹੜਾ ਰਾਜਾ ਹੋਏਗਾ ਅਤੇ ਕਿਹੜੀ ਪਰਜਾ।

# 59

ਮੁਸੱਦੀ ਦੀ ਹਿੰਮਤ ਨਾਲ ਇਕੋ ਸਮੇਂ ਸੰਮਤੀ ਦੀ ਝੋਲੀ ਵਿਚ ਦੋ ਲਾਲ ਆ ਪਏ। ਪਹਿਲਾ ਸੀ ਹਾਕਮ ਅਤੇ ਦੂਜਾ ਸੀ ਹਰੀਸ਼।

ਰਹੀਸ਼ ਰਾਏ ਨੇ ਪੀੜਤ ਧਿਰ ਦਾ ਪੱਖ ਪੂਰਨ ਲਈ ਮਾਇਆ ਨਗਰ ਵਿਚ 'ਵਿਕਟਮ ਵੈਲਫੇਅਰ ਸੋਸਾਇਟੀ' ਬਣਾਈ ਹੋਈ ਸੀ। ਇਸ ਸੰਸਥਾ ਦਾ ਮੁੱਖ ਉਦੇਸ਼ ਮੁਲਜ਼ਮਾਂ, ਹਵਾਲਾਤੀਆਂ ਅਤੇ ਕੈਦੀਆਂ ਨੂੰ ਬਿਨਾਂ ਮਤਲਬ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਵਿਰੋਧ ਕਰਨਾ ਸੀ। ਪੀੜਤ ਧਿਰ ਨਾਲ ਖਲੋ ਕੇ ਸੋਸਾਇਟੀ ਮੁਲਜ਼ਮ ਧਿਰ ਨੂੰ ਸਬਕ ਸਿਖਾਉਣ ਦਾ ਯਤਨ ਕਰਦੀ ਸੀ।

ਸੰਮਤੀ ਵੱਲੋਂ ਹਾਕਮ ਸਿੰਘ ਦੇ ਹੱਕ ਵਿਚ ਕੀਤੀ ਗਈ ਰਿਟ ਦੀਆਂ ਖ਼ਬਰਾਂ ਪੜ੍ਹ ਕੇ ਹਾਕਮ ਦੇ ਸਹੁਰੇ ਨੇ ਸੋਸਾਇਟੀ ਨਾਲ ਸੰਪਰਕ ਕੀਤਾ। ਜਵਾਈ ਨੂੰ ਦਸ ਸਾਲ ਸਜ਼ਾ ਕਰਵਾ ਕੇ ਉਸ ਦਾ ਕਾਲਜਾ ਠੰਢਾ ਨਹੀਂ ਸੀ ਹੋਇਆ। ਉਹ ਚਾਹੁੰਦਾ ਸੀ ਕਿ ਜਿਵੇਂ ਉਸ ਦੀ ਧੀ ਦੀ ਅਰਥੀ ਹਾਕਮ ਦੇ ਘਰੋਂ ਨਿਕਲੀ ਸੀ, ਉਸੇ ਤਰ੍ਹਾਂ ਜੇਲ੍ਹੋਂ ਹਾਕਮ ਦੀ ਲਾਸ਼ ਹੀ ਨਿਕਲੇ। ਇਹ ਮਾਮਲਾ ਇਕ ਕੈਦੀ ਅਤੇ ਜੇਲ੍ਹ ਪ੍ਰਸ਼ਾਸਨ ਵਿਚਕਾਰ ਸੀ। ਮੁਦੱਈ ਧਿਰ ਵਜੋਂ ਮੇਜਰ ਸਿੰਘ ਨੂੰ ਸੁਣਵਾਈ ਵਿਚ ਲੱਤ ਅੜਾਉਣ ਦਾ ਅਧਿਕਾਰ ਨਹੀਂ ਸੀ। ਸੋਚ-ਵਿਚਾਰ ਬਾਅਦ ਉਸ ਨੇ ਸੋਸਾਇਟੀ ਨਾਲ ਸੰਪਰਕ ਕੀਤਾ ਸੀ। "ਸੰਮਤੀ ਵਾਂਗ ਸੋਸਾਇਟੀ ਵੀ ਲੋਕ-ਹਿੱਤ ਲਈ ਕੰਮ ਕਰਨ ਵਾਲੀ ਇਕ ਸੰਸਥਾ ਹੈ। ਸੋਸਾਇਟੀ ਨੂੰ ਰਿਟ ਵਿਚ ਧਿਰ ਬਣ ਕੇ ਸਮੁੱਚੀ ਪੀੜਤ ਜਮਾਤ ਦਾ ਪੱਖ ਪੂਰਨਾ ਚਾਹੀਦਾ ਹੈ।"

ਹਾਈ ਕੋਰਟੋਂ ਗੁਰਮੀਤ ਨੂੰ ਪਤਾ ਲੱਗਾ। ਸੋਸਾਇਟੀ ਰਿਟ ਵਿਚ ਧਿਰ ਬਣਨ ਦੀ ਤਿਆਰੀ ਕਰ ਰਹੀ ਹੈ। ਉਸ ਦਾ ਮੱਥਾ ਠਣਕਿਆ। ਇੰਝ ਹੋਣ ਨਾਲ ਦੋ ਲੋਕ-ਪੱਖੀ ਸੰਸਥਾਵਾਂ ਦਾ ਟਕਰਾਅ ਹੋਏਗਾ ਅਤੇ ਹਾਕਮ ਨੂੰ ਮਿਲਣ ਵਾਲੀ ਰਾਹਤ ਵਿਚ ਰੋੜਾ ਅਟਕੇਗਾ। ਮਸਲਾ ਸੁਲਝਾਉਣ ਦੀ ਨੀਯਤ ਨਾਲ ਉਹ ਮਾਇਆ ਨਗਰ ਵਾਲੀ ਬੱਸ ਚੜ੍ਹ ਗਿਆ।

ਵਿਕਟਮ ਵੈਲਫ਼ੇਅਰ ਸੋਸਾਇਟੀ ਦੀਆਂ ਜ਼ਿਆਦਾ ਸਰਗਰਮੀਆਂ ਮਾਇਆ ਨਗਰ ਤਕ ਸੀਮਤ ਸਨ। ਪਹਿਲਾਂ ਸੋਸਾਇਟੀ ਵੱਲੋਂ ਕੀਤੇ ਜਾਂਦੇ ਕੰਮ ਦੀ ਖ਼ਬਰ ਕਦੇ-ਕਦਾਈਂ ਹੀ ਅਖ਼ਬਾਰਾਂ ਵਿਚ ਛਪਦੀ ਸੀ।

ਪਿਛਲੇ ਸਾਲ ਇਹ ਸੰਸਥਾ ਕਾਫ਼ੀ ਸੁਰਖ਼ੀਆਂ ਵਿਚ ਰਹੀ ਸੀ।

ਮਾਇਆ ਨਗਰ ਵਿਚ ਦੋ ਭਰਾਵਾਂ ਦੇ ਪਰਿਵਾਰਾਂ ਵਿਚ ਜਾਇਦਾਦ ਦੀ ਵੰਡ 'ਤੇ ਝਗੜਾ ਛਿੜ ਪਿਆ। ਇਕ ਧਿਰ ਨੇ ਕੁਝ ਭਾੜੇ ਦੇ ਟੱਟੂ ਖ਼ਰੀਦ ਕੇ ਦੂਜੀ ਧਿਰ ਦੇ ਘਰ 'ਤੇ ਹਮਲਾ ਕਰਵਾ ਦਿੱਤਾ। ਕੋਠੀ ਵਿਚ ਜਾ ਕੇ ਭਾੜੇ ਦੇ ਟੱਟੂ ਜ਼ਿਆਦਾ ਹੀ ਭੂਸਰ ਗਏ। ਉਹਨਾਂ ਵਿਚੋਂ ਇਕ ਨੇ ਨੌਜਵਾਨ ਲੜਕੀ ਨੇਹਾ ਨਾਲ ਬਲਾਤਕਾਰ ਕਰਨਾ ਸ਼ੁਰੂ ਕਰ ਦਿੱਤਾ। ਕੁੜੀ ਦੀ ਇੱਜ਼ਤ ਬਚਾਉਂਦਾ ਉਸ ਦਾ ਭਰਾ ਕਮਲ ਆਪਣੀ ਜਾਨ ਗਵਾ ਬੈਠਾ। ਘਰ ਦੇ ਮੁਖੀ ਵੇਦ, ਉਸ ਦੀ ਪਤਨੀ ਨੀਲਮ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਇਹ ਵਾਕਿਆ ਵੇਦ ਦੇ ਭਤੀਜੇ ਪੰਜਕ ਅਤੇ ਨੀਰਜ ਨੇ



ਕਰਵਾਇਆ ਸੀ। ਤਫ਼ਤੀਸ਼ ਦੌਰਾਨ ਸਾਜ਼ਿਸ਼ ਨੰਗੀ ਹੋ ਗਈ। ਇਕ ਵਾਰ ਪੁਲਿਸ ਨੇ ਉਹਨਾਂ ਨੂੰ ਗ੍ਰਿਫ਼ਤਾਰ ਵੀ ਕੀਤਾ, ਪਰ ਉਹ ਦੋਵੇਂ ਭਰਾ ਮਾਇਆ ਨਗਰ ਦੇ ਗਿਣੇ-ਚੁਣੇ ਸਨਅਤਕਾਰਾਂ ਵਿਚੋਂ ਸਨ। ਉਹਨਾਂ ਦੀਆਂ ਰਿਸ਼ਤੇਦਾਰੀਆਂ ਉਹਨਾਂ ਤੋਂ ਵੀ ਉੱਚੀਆਂ ਥਾਵਾਂ 'ਤੇ ਸਨ। ਰਿਸ਼ਤੇਦਾਰ ਕਾਵਾਂ ਵਾਂਗ ਇਕੱਠੇ ਹੋ ਗਏ। ਪੈਸਾ ਅਤੇ ਰਸੂਖ਼ ਵਰਤ ਕੇ ਪਹਿਲਾਂ ਉਹਨਾਂ ਦੀ ਜ਼ਮਾਨਤ ਕਰਾਈ ਫੇਰ ਉਹਨਾਂ ਦੇ ਨਾਂ ਮੁਲਜ਼ਮਾਂ ਦੀ ਲਿਸਟ ਵਿਚੋਂ ਕਟਵਾ ਦਿੱਤੇ। ਪੀੜਤ ਧਿਰ ਨਾਲ ਧੱਕਾ ਹੁੰਦਾ ਦੇਖ ਕੇ ਸੋਸਾਇਟੀ ਨੇ ਮੁਕੱਦਮਾ ਆਪਣੇ ਹੱਥ ਵਿਚ ਲੈ ਲਿਆ। ਦੋਹਾਂ ਦੋਸ਼ੀਆਂ ਨੂੰ ਮੁੜ ਕਟਹਿਰੇ ਵਿਚ ਖੜਨਾ ਪੈ ਗਿਆ। ਬਾਜ਼ੀ ਫੇਰ ਸਨਅਤਕਾਰ ਮਾਰ ਗਏ। ਸੋਸਾਇਟੀ ਨੂੰ ਅੰਗੂਠਾ ਦਿਖਾ ਕੇ ਉਹ ਬਾਇੱਜ਼ਤ ਬਰੀ ਹੋ ਗਏ। ਸੋਸਾਇਟੀ ਨੇ ਹਿੰਮਤ ਨਹੀਂ ਹਾਰੀ। ਪੰਕਜ ਨੀਰਜ ਨੂੰ ਸਜ਼ਾ ਕਰਾਉਣ ਲਈ ਉਹਨਾਂ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੋਇਆ ਸੀ।

ਇਸ ਮੁਕੱਦਮੇ ਦੀ ਕਾਰਵਾਈ ਅਖ਼ਬਾਰਾਂ ਵਿਚ ਛਪਦੀ ਰਹੀ ਸੀ। ਗੁਰਮੀਤ ਉਸ ਉਪਰ ਨਜ਼ਰ ਰੱਖਦਾ ਰਿਹਾ ਸੀ। ਇਸ ਕਰਕੇ ਉਹ ਹਰੀਸ਼ ਰਾਏ ਅਤੇ ਉਸ ਦੀ ਸੋਸਾਇਟੀ ਬਾਰੇ ਬਹੁਤ ਕੁਝ ਜਾਣਦਾ ਸੀ।

ਹਰੀਸ਼ ਨੂੰ ਮਿਲ ਕੇ ਕੁਝ ਮੁੱਦੇ ਸਪੱਸ਼ਟ ਕਰਨ ਦੀ ਉਸ ਦੀ ਪਹਿਲਾਂ ਹੀ ਇੱਛਾ ਸੀ, ਪਰ ਸਬੱਬ ਨਹੀਂ ਸੀ ਬਣਿਆ।

ਸਬੱਬ ਬਣਦਿਆਂ ਹੀ ਉਹ ਮਿਲ ਬੈਠੇ।

ਹਰੀਸ਼ ਵੀ ਸੰਮਤੀ ਦੀਆਂ ਸਰਗਰਮੀਆਂ ਤੋਂ ਜਾਣੂ ਸੀ। ਉਹ ਸੰਮਤੀ ਦੇ ਉਦੇਸ਼ਾਂ ਨਾਲ ਸਹਿਮਤ ਨਹੀਂ ਸੀ। ਬਿਨਾਂ ਲੁਕ-ਛਿਪ ਦੇ ਹਰੀਸ਼, ਸੰਮਤੀ ਦੇ ਉਦੇਸ਼ਾਂ ਪ੍ਰਤੀ ਆਪਣੇ ਵਿਚਾਰ ਪ੍ਰਗਟਾਉਣ ਲੱਗਾ :

"ਮੁਲਜ਼ਮਾਂ ਅਤੇ ਕੈਦੀਆਂ ਨੂੰ ਸਿਰ ਚੜ੍ਹਾਉਣ ਵਿਚ ਸਰਕਾਰ ਹੀ ਕਸਰ ਨਹੀਂ ਛੱਡਦੀ। ਸਹੂਲਤਾਂ ਤੇ ਸਹੂਲਤਾਂ ਦੇ ਰਹੀ ਹੈ। ਜੇ ਮੁਲਜ਼ਮ ਕਹੇ ਮੇਰੇ ਕੋਲ ਵਕੀਲ ਨੂੰ ਫ਼ੀਸ ਦੇਣ ਦੀ ਪਹੁੰਚ ਨਹੀਂ ਤਾਂ ਝੱਟ ਸਰਕਾਰ ਉਸ ਨੂੰ ਉੱਚ ਕੋਟੀ ਦਾ ਵਕੀਲ ਕਰ ਦਿੰਦੀ ਹੈ। ਖ਼ਰਚਾ ਆਪ ਕਰਦੀ ਹੈ। ਇਧਰ ਜੇ ਮੁਦੱਈ ਆਪਣੀ ਜੇਬ ਢਿੱਲੀ ਕਰ ਕੇ ਵਕੀਲ ਖੜਾ ਕਰੇ ਤਾਂ ਵੀ ਕਾਨੂੰਨ ਉਸ ਵਕੀਲ ਨੂੰ ਮੂੰਹ ਨਹੀਂ ਖੋਲ੍ਹਣ ਦਿੰਦਾ। ਪੀੜਤ ਧਿਰ ਨੂੰ ਗਵਾਹੀ ਦੇਣ ਲਈ ਖ਼ੁਦ ਕਟਹਿਰੇ ਵਿਚ ਖੜਨਾ ਪੈਂਦਾ ਹੈ। ਮੁਲਜ਼ਮ ਵੱਲੋਂ ਸਵਾਲ-ਜਵਾਬ ਵਕੀਲ ਵੱਲੋਂ ਕੀਤੇ ਜਾਂਦੇ ਹਨ। ਕਾਨੂੰਨ ਮੁਲਜ਼ਮ ਨੂੰ ਬੇਕਸੂਰ ਮੰਨ ਕੇ ਚੱਲਦਾ ਹੈ। ਉਸ ਨੂੰ ਬਰੀ ਕਰਨ ਦਾ ਬਹਾਨਾ ਭਾਲਦਾ ਹੈ। ਸੌ ਕੜੀਆਂ ਵਾਲੀ ਕਹਾਣੀ ਵਿਚ ਜੇ ਇਕ ਕੜੀ ਵੀ ਕਮਜ਼ੋਰ ਪੈ ਜਾਵੇ ਤਾਂ ਸਾਰੇ ਮਾਮਲੇ ਨੂੰ ਸ਼ੱਕੀ ਠਹਿਰਾ ਕੇ ਦੋਸ਼ੀ ਦੀਆਂ ਹੱਥਕੜੀਆਂ ਖੋਲ੍ਹ ਦਿੰਦਾ ਹੈ। ਭੁੱਲੇ-ਚੁੱਕੇ ਜੇ ਕਿਸੇ ਦੋਸ਼ੀ ਨੂੰ ਸਜ਼ਾ ਹੋ ਜਾਵੇ ਤਾਂ ਸਰਕਾਰ ਉਸ ਨੂੰ ਜਵਾਈਆਂ ਵਾਂਗ ਪਾਲਣਾ ਸ਼ੁਰੂ ਕਰ ਦਿੰਦੀ ਹੈ। ਸਹੂਲਤਾਂ ਦੇ-ਦੇ ਕੈਦ ਨੂੰ ਕੈਦ ਨਹੀਂ ਰਹਿਣ ਦਿੰਦੀ। ਹਰ ਛਿਮਾਹੀ, ਇਕ ਤਿਮਾਹੀ ਲਈ ਕੈਦੀ ਨੂੰ ਬੱਚੇ ਪੈਦਾ ਕਰਨ, ਵਿਆਹਾਂ ਵਿਚ ਭੰਗੜੇ ਪਾਉਣ, ਫ਼ਸਲਾਂ ਬੀਜਣ ਤੇ ਵੱਢਣ ਲਈ ਘਰ ਭੇਜ ਦਿੰਦੀ ਹੈ। ਮੁਆਫ਼ੀਆਂ ਦੇ-ਦੇ ਸਜ਼ਾ ਅੱਧੀ ਕਰ ਦਿੰਦੀ ਹੈ। ਇਥੇ ਹੀ ਬੱਸ ਨਹੀਂ। ਫੇਰ ਕਦੇ ਬੁਢਾਪੇ ਦੇ ਬਹਾਨੇ, ਕਦੇ ਬੀਮਾਰੀ ਦੇ ਬਹਾਨੇ ਅਗਾਊਂ ਰਿਹਾਈ ਦੇ ਦਿੰਦੀ ਹੈ। ਮੁਜਰਮ ਨੂੰ ਹੋਈ ਸਜ਼ਾ ਦਾ ਅਹਿਸਾਸ ਹੀ ਨਹੀਂ ਹੋਣ ਦਿੰਦੀ।

"ਸਰਕਾਰ ਅਤੇ ਕਾਨੂੰਨ ਨੂੰ ਪੀੜਤ ਧਿਰ ਭੁੱਲੀ ਰਹਿੰਦੀ ਹੈ। ਜਿਨ੍ਹਾਂ ਨੂੰ ਇਹਨਾਂ ਮੁਲਜ਼ਮਾਂ ਨੇ ਵਿਧਵਾ ਜਾਂ ਅਨਾਥ ਬਣਾਇਆ ਹੁੰਦਾ ਹੈ, ਜਿਨ੍ਹਾਂ ਦੀਆਂ ਇੱਜ਼ਤਾਂ ਜਾਂ ਘਰ ਲੁੱਟੇ ਹੁੰਦੇ ਹਨ, ਉਹਨਾਂ ਦਾ ਕਦੇ ਕਿਸੇ ਨੂੰ ਖ਼ਿਆਲ ਨਹੀਂ ਆਉਂਦਾ। ਸਰਕਾਰ ਪੀੜਤ ਧਿਰ ਦੇ ਜ਼ਖ਼ਮਾਂ 'ਤੇ ਘੱਟ

ਲੂਣ ਨਹੀਂ ਛਿੜਕ ਰਹੀ। ਰਹਿੰਦੀ-ਖੂੰਹਦੀ ਕਸਰ ਤੁਸੀਂ ਲੋਕ ਕੱਢ ਰਹੇ ਹੋ। ਮੁਜਰਮਾਂ ਨੂੰ ਬਰੀ ਕਰਾਉਣ ਅਤੇ ਜੇਲ੍ਹ ਵਿਚ ਪੰਜ-ਸਿਤਾਰਾ ਸਹੂਲਤਾਂ ਦਿਵਾਉਣ ਲਈ ਝੰਡਾ ਚੁੱਕੀ ਫਿਰਦੇ ਹੋ। ਮੁਲਜ਼ਮ ਜਮਾਤ ਰਹਿਮ-ਦਿਲੀ ਦੀ ਪਾਤਰ ਨਹੀਂ ਹੈ। ਜੇ ਸਮਾਜ ਨੂੰ ਸੁਖੀ ਦੇਖਣਾ ਹੈ ਤਾਂ ਇਹਨਾਂ ਨਾਲ ਸਖ਼ਤੀ ਨਾਲ ਨਿੱਬੜੋ।"

ਹਰੀਸ਼ ਦੀਆਂ ਗੱਲਾਂ ਸੁਣ ਕੇ ਗੁਰਮੀਤ ਨੂੰ ਸੋਸਾਇਟੀ ਦਾ ਉਦੇਸ਼ ਸਮਝ ਆ ਗਿਆ। ਦੋਹਾਂ ਸੰਸਥਾਵਾਂ ਦਾ ਉਦੇਸ਼ ਸਾਂਝਾ ਸੀ। ਬੱਸ ਰਸਤਿਆਂ ਦਾ ਫ਼ਰਕ ਸੀ। ਗੁਰਮੀਤ ਪਾੜੇ ਦੂਰ ਕਰਨ ਦਾ ਯਤਨ ਕਰਨ ਲੱਗਾ।

"ਸੰਮਤੀ ਸੋਸਾਇਟੀ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਪਰ ਸਖ਼ਤੀ ਉਹਨਾਂ ਮੁਜਰਮਾਂ ਉਪਰ ਹੋਣੀ ਚਾਹੀਦੀ ਹੈ, ਜਿਹੜੇ ਸੱਚਮੁੱਚ ਕਸੂਰਵਾਰ ਹਨ। ਜੇ ਪੁਲਿਸ ਆਪਣੀ ਖੱਲ ਬਚਾਉਣ ਲਈ ਕਿਸੇ ਗ਼ਰੀਬ ਨੂੰ ਮੁਜਰਮ ਬਣਾ ਦੇਵੇ ਤਾਂ ਕੀ ਉਸ ਮਜ਼ਲੂਮ ਲਈ ਆਵਾਜ਼ ਬੁਲੰਦ ਕਰਨਾ ਜੁਰਮ ਹੈ ? ਉਹ ਵੀ ਪ੍ਰਬੰਧ ਵੱਲੋਂ ਸਤਾਈ ਹੋਈ ਪੀੜਤ ਧਿਰ ਹੀ ਹੈ। ਕੀ ਅਸੀਂ ਸਾਧਨਹੀਣ ਲੋਕਾਂ ਨੂੰ ਸਜ਼ਾ ਦੇਣ ਦੇਈਏ ਜਿਹੜੇ ਬੇਕਸੂਰ ਹੁੰਦੇ ਹੋਏ ਵੀ ਇਸ ਲਈ ਸਜ਼ਾ ਖਾਣਗੇ ਕਿਉਂਕਿ ਉਹਨਾਂ ਕੋਲ ਉੱਚ-ਕੋਟੀ ਦੇ ਵਕੀਲਾਂ ਨੂੰ ਦੇਣ ਲਈ ਫ਼ੀਸ ਨਹੀਂ ਜਾਂ ਗਵਾਹਾਂ ਨੂੰ ਖ਼ਰੀਦਣ ਦੀ ਪਰੋਖੋ ਨਹੀਂ। ਕੀ ਉਹ ਜੇਲ੍ਹ ਵਿਚ ਵੀ ਜੇਲ੍ਹ ਅਧਿਕਾਰੀਆਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੁੰਦੇ ਰਹਿਣ ? ਜੇ ਕੋਈ ਕਿਸੇ ਮਜਬੂਰੀ ਕਾਰਨ ਜੁਰਮ ਕਰ ਬੈਠਾ ਹੈ, ਕੀ ਉਸ ਨੂੰ ਸੁਧਰਨ ਦਾ ਮੌਕਾ ਨਹੀਂ ਮਿਲਣਾ ਚਾਹੀਦਾ ? ਆਪਣੇ ਪੈਰਾਂ ਸਿਰ ਖੜੇ ਹੋਣ ਲਈ ਕਿੱਤਾ ਸਿਖਲਾਈ ਦੀ ਮੰਗ ਕਰਨਾ ਜੁਰਮ ਹੈ ? ਸੰਮਤੀ ਨਾ ਕਿਸੇ ਭੈੜੇ ਅਨਸਰ ਦਾ ਪੱਖ ਪੂਰਦੀ ਹੈ ਅਤੇ ਨਾ ਕਿਸੇ ਰਿਸ਼ਵਤਖ਼ੋਰ ਦਾ। ਅਸੀਂ ਪਾਲੇ ਮੀਤੇ ਲਈ ਇਸ ਲਈ ਜੂਝ ਰਹੇ ਹਾਂ ਕਿਉਂਕਿ ਉਹ ਨਿਰਦੋਸ਼ ਹਨ। ਜਿੰਨਾ ਜ਼ੋਰ ਅਸੀਂ ਉਹਨਾਂ ਨੂੰ ਬਰੀ ਕਰਾਉਣ 'ਤੇ ਲਾ ਰਹੇ ਹਾਂ, ਓਨਾ ਹੀ ਸ਼ਹਿਰ ਦੇ ਰਈਸ ਮੁੰਡੇ ਹਰਮਨਬੀਰ ਨੂੰ ਗ੍ਰਿਫ਼ਤਾਰ ਕਰਾਉਣ ਲਈ ਵੀ ਲਾ ਰਹੇ ਹਾਂ।"

ਗੁਰਮੀਤ ਬੋਲ ਰਿਹਾ ਸੀ। ਹਰੀਸ਼ ਸੁਣ ਰਿਹਾ ਸੀ। ਕਿਸੇ ਪਾਸਿਉਂ ਕੋਈ ਕਿੰਤੂ-ਪਰੰਤੂ ਨਹੀਂ ਸੀ ਹੋ ਰਿਹਾ।

"ਮੈਨੂੰ ਜਾਪਦਾ ਹੈ ਕਿ ਸੋਸਾਇਟੀ ਵਾਲਿਆਂ ਨੂੰ ਜੇਲ੍ਹ ਅੰਦਰਲੇ ਜੀਵਨ ਦਾ ਨਿੱਜੀ ਅਨੁਭਵ ਨਹੀਂ ਹੈ। ਕਦੇ ਤੱਥਾਂ ਦੀ ਘੋਖ ਕਰ ਕੇ ਦੇਖਣਾ। ਫੇਰ ਪਤਾ ਲੱਗੇਗਾ ਮੁਆਫ਼ੀਆਂ, ਛੁੱਟੀਆਂ, ਅਗਾਊਂ ਰਿਹਾਈਆਂ ਅਤੇ ਬੀ-ਕਲਾਸ ਦੀਆਂ ਸਹੂਲਤਾਂ ਦਾ ਆਨੰਦ ਕੌਣ ਮਾਣਦਾ ਹੈ ? ਅਸੀਂ ਪੰਕਜ ਜਾਂ ਹਰਮਨਬੀਰ ਵਰਗਿਆਂ ਲਈ ਸਹੂਲਤਾਂ ਨਹੀਂ ਮੰਗਦੇ। ਅਸੀਂ ਉਹਨਾਂ ਕੈਦੀਆਂ ਲਈ ਜੂਝ ਰਹੇ ਹਾਂ, ਜਿਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਉਹ ਕਿਸ ਜੁਰਮ ਵਿਚ ਫੜੇ ਗਏ ਹਨ। ਅਸੀਂ ਉਹਨਾਂ ਔਰਤਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰ ਰਹੇ ਹਾਂ, ਜਿਨ੍ਹਾਂ ਦੀ ਇੱਜ਼ਤ ਜੇਲ੍ਹ ਵਿਚ ਵੀ ਸੁਰੱਖਿਅਤ ਨਹੀਂ ਹੈ। ਕੀ ਤੁਹਾਡੀ ਸੰਸਥਾ ਅਜਿਹੇ ਪੀੜਤਾਂ ਨੂੰ ਸਹੂਲਤਾਂ ਦਿਵਾਉਣ ਦੇ ਵਿਰੁੱਧ ਹੈ ?"

ਗੁਰਮੀਤ ਦੀਆਂ ਇਹ ਸਭ ਗੱਲਾਂ ਸੱਚ ਸਨ। ਬਿਨਾਂ ਕਾਰਨ ਕਿਸੇ ਨੁਕਤੇ ਦਾ ਵਿਰੋਧ ਕਰਨਾ ਹਰੀਸ਼ ਦਾ ਸੁਭਾਅ ਨਹੀਂ ਸੀ। ਚੁੱਪ ਕਰ ਕੇ ਉਹ ਗੁਰਮੀਤ ਦੀਆਂ ਗੱਲਾਂ ਸੁਣਦਾ ਰਿਹਾ।

"ਕੀ ਤੁਹਾਨੂੰ ਪਤਾ ਹੈ, ਹਾਕਮ ਨੂੰ ਤਨਹਾਈ ਕੋਠੜੀ ਵਿਚ ਕਿਉਂ ਸੁੱਟਿਆ ਗਿਆ ਸੀ ? ਉਹ ਸਾਡੇ ਵਾਂਗ ਵਕੀਲ ਹੈ। ਜ਼ਮੀਰ ਰੱਖਦਾ ਹੈ। ਕਾਨੂੰਨ ਦੀ ਅਸਲ ਮਨਸ਼ਾ ਨੂੰ ਸਮਝਦਾ ਹੈ। ਜਦੋਂ ਸਵਾਰਥੀ ਲੋਕ ਕਾਨੂੰਨ ਨੂੰ ਆਪਣੇ ਹਿਤਾਂ ਦੀ ਪੂਰਤੀ ਲਈ ਤੋੜਦੇ-ਮਰੋੜਦੇ ਹਨ ਤਾਂ ਸਾਡੇ ਵਾਂਗ ਉਸ ਤੋਂ ਬਰਦਾਸ਼ਤ ਨਹੀਂ ਹੁੰਦਾ। ਉਸ ਨੇ ਆਪਣੀਆਂ ਸੁਖ ਸਹੂਲਤਾਂ ਤਿਆਗ ਕੇ, ਪਸ਼ੂਆਂ



ਵਾਂਗ ਵਿਚਰ ਰਹੇ ਕੈਦੀਆਂ ਲਈ ਆਵਾਜ਼ ਬੁਲੰਦ ਕੀਤੀ ਸੀ। ਜੇ ਉਹ ਚਾਹੁੰਦਾ ਤਾਂ ਬਾਕੀ ਬੀ-ਕਲਾਸ ਸਾਥੀਆਂ ਵਾਂਗ ਜੇਲ੍ਹ ਅਧਿਕਾਰੀਆਂ ਦੀ ਜੀ-ਹਜ਼ੂਰੀ ਕਰ ਕੇ ਸੁੱਖ ਸਹੂਲਤਾਂ ਮਾਣਦਾ ਰਹਿੰਦਾ। ਉਲਟਾ ਹੋਰਾਂ ਲਈ ਉਸ ਨੇ ਅਫ਼ਸਰਾਂ ਦੀ ਨਾਰਾਜ਼ਗੀ ਮੁੱਲ ਲਈ। ਉਹ ਦਸ ਸਾਲ ਦੀ ਕੈਦ ਕੱਟ ਚੁੱਕਾ ਹੈ। ਉਸ ਦੇ ਨਾਲ ਦੇ ਕਦੋਂ ਦੇ ਰਿਹਾਅ ਹੋ ਕੇ ਘਰਾਂ ਨੂੰ ਜਾ ਚੁੱਕੇ ਹਨ। ਮੁਆਫ਼ੀਆਂ ਦੀ ਥਾਂ ਉਸ ਨੂੰ ਸਜ਼ਾਵਾਂ ਮਿਲ ਰਹੀਆਂ ਹਨ। ਉਸ ਨੂੰ ਵੀਹ ਸਾਲ ਸਜ਼ਾ ਕੱਟਣੀ ਪੈ ਸਕਦੀ ਹੈ। ਕੀ ਅਜਿਹੇ ਜੁਝਾਰੂ ਬੰਦੇ ਨੂੰ ਪਾਗ਼ਲ ਹੋਣੋਂ ਜਾਂ ਮੌਤ ਦੇ ਮੂੰਹ ਵਿਚ ਜਾਣੋਂ ਬਚਾਉਣਾ ਜੁਰਮ ਹੈ ? ਹਾਕਮ ਨੂੰ ਨੋਚ-ਨੋਚ ਕੇ ਖਾਣ ਲਈ ਗਿਰਝਾਂ ਵਿਚ ਸੁਟਵਾ ਕੇ ਸੋਸਾਇਟੀ ਕਿਸ ਉਦੇਸ਼ ਦੀ ਪੂਰਤੀ ਕਰ ਰਹੀ ਹੋਏਗੀ ? ਮੈਨੂੰ ਸਮਝਾਓ।

"ਜੇ ਗਹੁ ਨਾਲ ਸੋਚੀਏ ਤਾਂ ਸਾਡੇ ਉਦੇਸ਼ ਸਾਂਝੇ ਹਨ। ਅਸੀਂ ਵੀ ਪੀੜਤ ਧਿਰ ਲਈ ਹੀ ਲੜ ਰਹੇ ਹਾਂ। ਫ਼ਰਕ ਏਨਾ ਕੁ ਹੈ ਕਿ ਤੁਸੀਂ ਉਹਨਾਂ ਲੋਕਾਂ ਨੂੰ ਪੀੜਤ ਸਮਝਦੇ ਹੋ ਜਿਨ੍ਹਾਂ ਦੇ ਵਿਰੋਧੀਆਂ ਤਕ ਕਾਨੂੰਨ ਦੀਆਂ ਬਾਹਾਂ ਪੁੱਜ ਨਹੀਂ ਸਕਦੀਆਂ। ਅਸੀਂ ਕੁਚੱਜੇ ਪ੍ਰਬੰਧ ਦੇ ਸਤਾਏ ਲੋਕਾਂ ਨੂੰ ਵੀ ਪੀੜਤ ਸਮਝਦੇ ਹਾਂ। ਕੀ ਪੰਕਜ ਨੀਰਜ ਨੂੰ ਕਟਹਿਰੇ ਵਿਚ ਖੜਾ ਕਰਨ ਨਾਲ ਮਸਲਾ ਹੱਲ ਹੋ ਜਾਏਗਾ ? ਕੀ ਪਾਲੇ ਮੀਤੇ ਦੇ ਬਰੀ ਹੋਣ ਨਾਲ ਮੁੜ ਕਿਸੇ ਨਾਲ ਧੱਕਾ ਨਹੀਂ ਹੋਏਗਾ ? ਸਭ ਕੁਝ ਪਹਿਲਾਂ ਵਾਂਗ ਹੀ ਚੱਲੇਗਾ। ਅਸੀਂ ਜਾਣਦੇ ਹਾਂ, ਇਕੱਲੇ-ਇਕੱਲੇ ਵਿਅਕਤੀ ਲਈ ਲੜ ਕੇ ਬਹੁਤਾ ਕੁਝ ਨਹੀਂ ਸੰਵਰਨਾ। ਸਮੁੱਚੇ ਪ੍ਰਬੰਧ ਨੂੰ ਬਦਲ ਕੇ ਹੀ ਲੋਕਾਂ ਨੂੰ ਰਾਹਤ ਮਿਲੇਗੀ। ਇਹ ਛੋਟੀਆਂ ਛੋਟੀਆਂ ਲੜਾਈਆਂ ਉਸੇ ਮੰਜ਼ਲ ਲਈ ਪੌੜੀਆਂ ਹਨ। ਆਓ ! ਤੁਸੀਂ ਸਾਡੇ ਨਾਲ ਚੱਲੋ। ਆਪਾਂ ਰਲ-ਮਿਲ ਕੇ ਸਾਂਝੇ ਉਦੇਸ਼ ਵੱਲ ਵਧੀਏ। ਸੰਮਤੀ ਨੀਰਜ ਪੰਕਜ ਨੂੰ ਸਜ਼ਾ ਕਰਾਉਣ ਵਿਚ ਤੁਹਾਡੀ ਮਦਦ ਕਰੇਗੀ। ਤੁਸੀਂ ਪਾਲੇ ਮੀਤੇ ਨੂੰ ਬਰੀ ਕਰਾਉਣ ਵਿਚ ਸਾਡੇ ਨਾਲ ਮੋਢਾ ਜੋੜੋ। ਆਪਾਂ ਹਾਕਮ ਨੂੰ ਵੀ ਛੁਡਾਈਏ। ਉਸ ਨੂੰ ਵੀ ਆਪਣੇ ਨਾਲ ਰਲਾਈਏ।"

ਆਪਣੀ ਗੱਲ ਮੁਕਾ ਕੇ ਗੁਰਮੀਤ ਨੇ ਹਰੀਸ਼ ਵੱਲ ਦੋਸਤੀ ਦਾ ਹੱਥ ਵਧਾਇਆ।

ਹਰੀਸ਼ ਇਕ ਬੁੱਧੀਜੀਵੀ ਸੀ। ਰਾਜਨੀਤੀ ਨੂੰ ਸਮਝਦਾ ਸੀ। ਗੁਰਮੀਤ ਦੀਆਂ ਗੱਲਾਂ ਨੇ ਉਸ ਦੀ ਸਮਝ ਨੂੰ ਹੋਰ ਨਿਖਾਰ ਦਿੱਤਾ।

ਹਰੀਸ਼ ਨੇ ਦੋਹਾਂ ਹੱਥਾਂ ਨਾਲ ਗੁਰਮੀਤ ਦਾ ਹੱਥ ਫੜਿਆ ਅਤੇ ਘੁੱਟ ਕੇ ਹਿੱਕ ਨਾਲ ਲਾ ਲਿਆ।

# 60

ਸਰੀਰਕ ਪੱਖੋਂ ਤੰਦਰੁਸਤ ਹੋਣ ਲਈ ਹਾਕਮ ਨੂੰ ਇਕ ਮਹੀਨਾ ਲੱਗਾ। ਉਸ ਨੂੰ ਮਾਨਸਿਕ ਤੌਰ 'ਤੇ ਰਿਸ਼ਟ-ਪੁਸ਼ਟ ਕਰਨ ਲਈ ਸੰਮਤੀ ਨੂੰ ਕਈ ਮਹੀਨੇ ਸੰਘਰਸ਼ ਕਰਨਾ ਪਿਆ।

ਗੁਰਮੀਤ ਅਤੇ ਪਿਆਰੇ ਲਾਲ ਉਸ ਨਾਲ ਨਿਆਂ-ਪ੍ਰਬੰਧ ਦੀ ਸਾਰਥਿਕਤਾ ਬਾਰੇ ਗੱਲਾਂ ਕਰਦੇ। ਇਹ ਕਿਸ ਧਿਰ ਦੇ ਹੱਕ ਵਿਚ ਭੁਗਤ ਰਿਹਾ ਹੈ ? ਸਿੱਟੇ ਕੱਢਦੇ।

ਰਾਤ ਨੂੰ ਬਾਬਾ ਗੁਰਦਿੱਤ ਸਿੰਘ ਉਸ ਨੂੰ ਆਪਣੇ ਕੋਲ ਸੰਵਾਉਂਦਾ। ਸੰਘਰਸ਼ਾਂ ਦੀਆਂ ਗਾਥਾਵਾਂ ਸੁਣਾਉਂਦਾ। ਜਮਾਤੀ ਸੰਘਰਸ਼ਾਂ ਬਿਨਾਂ ਢਾਂਚੇ ਬਦਲੇ ਨਹੀਂ ਜਾ ਸਕਦੇ। ਉਸ ਨੂੰ ਇਹ ਸਮਝਾਉਂਦਾ।

ਲੋਕ-ਪੱਖੀ ਸੰਘਰਸ਼ ਕਿਸ ਤਰ੍ਹਾਂ ਵਿੱਢਣੇ ਅਤੇ ਕਿਸ ਤਰ੍ਹਾਂ ਨਜਿੱਠਣੇ ਹਨ ? ਇਸ ਬਾਰੇ ਉਸ ਨਾਲ ਸ਼ਾਮੂ ਅਤੇ ਅਸ਼ੋਕ ਗੱਲਾਂ ਕਰਦੇ।

ਤਨਹਾਈ ਕੋਠੜੀ ਵਿਚ ਬੰਦ ਹਾਕਮ ਨੂੰ ਲੱਗਦਾ ਸੀ ਕਿ ਅਭਿਮਨਯੂ ਵਾਂਗ ਉਹ ਇਕੱਲਾ ਹੀ ਚੱਕਰਵਿਊ ਵਿਚ ਫਸ ਗਿਆ ਹੈ। ਬਿਨਾਂ ਚੱਕਰਵਿਊ ਤੋੜਿਆਂ ਹੀ ਸ਼ਹੀਦ ਹੋਣਾ ਪੈਣਾ ਹੈ।

ਹੁਣ ਉਸ ਨੂੰ ਮਹਿਸੂਸ ਹੋਣ ਲੱਗਾ ਸੀ ਕਿ ਜੂਝਣ ਵਾਲਾ ਉਹ ਇਕੱਲਾ ਨਹੀਂ ਹੈ। ਉਸ ਦੀ ਰਹਿਨੁਮਾਈ ਲਈ ਬਾਹਰ ਬੁੱਧੀਮਾਨ ਕ੍ਰਿਸ਼ਨ ਹੋਏਗਾ। ਮਹਾਂਰਥੀ ਅਰਜਨ ਅਤੇ ਭੀਮ ਹੋਣਗੇ। ਉਹਨਾਂ ਦੀ ਕਮਾਨ ਹੇਠ ਨਿਸ਼ਕਾਮ ਕਾਰਜ ਲਈ ਲੜ ਰਹੀ ਵਿਸ਼ਾਲ ਪਾਂਡਵ ਸੈਨਾ। ਇਸ ਵਾਰ ਅਭਿਮਨਯੂ ਨਾ ਹਾਰੇਗਾ, ਨਾ ਸ਼ਹੀਦ ਹੋਏਗਾ। ਜੇਤੂ ਹੋ ਕੇ ਬਾਹਰ ਨਿਕਲੇਗਾ।

ਹਾਕਮ ਦਾ ਮਨ ਜਲਦੀ ਜੇਲ੍ਹ ਮੁੜਨ ਲਈ ਕਾਹਲਾ ਪੈਣ ਲੱਗਦਾ। ਉਹ ਜਲਦੀ ਤੋਂ ਜਲਦੀ ਇਕ-ਦੋ ਕੈਦੀਆਂ ਦੀ ਥਾਂ ਸਮੁੱਚੀ ਸਾਧਨਹੀਣ ਜਮਾਤ ਲਈ ਸੰਘਰਸ਼ ਵਿੱਢਣਾ ਚਾਹੁੰਦਾ ਸੀ। ਕਿਸੇ ਵਾਰਡਰ ਜਾਂ ਡਿਪਟੀ ਦੀ ਥਾਂ ਸਮੁੱਚੀ ਵਿਵਸਥਾ ਨਾਲ ਟਕਰਾਉਣਾ ਚਾਹੁੰਦਾ ਸੀ।

ਵਾਰ-ਵਾਰ ਉਹ ਸੰਮਤੀ ਵਾਲਿਆਂ 'ਤੇ ਜ਼ੋਰ ਪਾ ਰਿਹਾ ਸੀ।

"ਮੇਰੀ ਛੁਟੀ ਘਟਵਾਓ। ਮੈਨੂੰ ਜੇਲ੍ਹ ਜਾਣ ਦੀ ਇਜਾਜ਼ਤ ਦਿਓ। ਫੇਰ ਮੇਰੇ ਜੌਹਰ ਦੇਖਣਾ। ਅੱਗੇ ਜੇਲ੍ਹ ਵਿਚੋਂ ਕੈਦੀ ਮੁਜਰਮ ਬਣ ਕੇ ਨਿਕਲਦੇ ਸਨ, ਹੁਣ ਘੁਲਾਟੀਏ ਬਣ ਕੇ ਨਿਕਲਣਗੇ।"

ਹਾਕਮ ਨੂੰ ਇਕ ਹੋਰ ਕਾਹਲ ਸੀ। ਉਸ ਦੀ ਸਜ਼ਾ ਜਲਦੀ ਤੋਂ ਜਲਦੀ ਖ਼ਤਮ ਹੋਵੇ। ਫੇਰ ਉਹ ਸੰਮਤੀ ਵੱਲੋਂ ਵਿੱਢੇ ਸੰਘਰਸ਼ ਵਚ ਖੁੱਲ੍ਹ ਕੇ ਹਿੱਸਾ ਪਾਵੇ।

ਸੰਮਤੀ ਉਸ ਦੇ ਉਤਸ਼ਾਹ 'ਤੇ ਖ਼ੁਸ਼ ਸੀ। ਪਰ ਉਸ ਨੂੰ ਜੇਲ੍ਹ ਜਾਣ ਦੀ ਇਜਾਜ਼ਤ ਨਹੀਂ ਸੀ ਦੇ ਰਹੀ। ਮਾਨਸਿਕ ਚਕਿਤਸਕ ਹਾਲੇ ਉਸ ਦੇ ਜੇਲ੍ਹ ਜਾਣ ਦੇ ਹੱਕ ਵਿਚ ਨਹੀਂ ਸਨ।



ਹਾਈ ਕੋਰਟ ਨੇ ਅੱਠ ਸਾਲ ਪੁਰਾਣੀਆਂ ਅਪੀਲਾਂ ਸੁਣਨੀਆਂ ਸ਼ੁਰੂ ਕਰ ਦਿੱਤੀਆਂ ਸਨ। ਪਾਲੇ ਮੀਤੇ ਦੀ ਅਪੀਲ ਦੀ ਵਾਰੀ ਕਿਸੇ ਵੀ ਦਿਨ ਆ ਸਕਦੀ ਸੀ।

"ਤੂੰ ਅਪੀਲ ਦੀ ਬਹਿਸ ਵਿਚ ਹਿੱਸਾ ਲੈਣਾ ਹੈ। ਹਾਈ ਕੋਰਟ ਨੂੰ ਆਪਣੀ ਕਾਬਲੀਅਤ ਦਿਖਾਉਣੀ ਹੈ।"

ਇਸ ਬਹਾਨੇ ਸੰਮਤੀ ਉਸ ਨੂੰ ਜੇਲ੍ਹ ਜਾਣੋਂ ਰੋਕ ਰਹੀ ਸੀ।

# 61

ਹਰੀਸ਼ ਰਾਏ ਅਤੇ ਉਸ ਦੀ ਸੰਸਥਾ ਦੇ ਸੰਮਤੀ ਨਾਲ ਆ ਰਲਣ ਨਾਲ ਸੰਮਤੀ ਦਾ ਬਾਹੂਬਲ ਕਈ ਗੁਣਾ ਵਧ ਗਿਆ।

ਸੰਮਤੀ ਜਾਣਦੀ ਸੀ ਕਿ ਸਰਕਾਰਾਂ ਨੇ ਬਣਦੇ-ਟੁੱਟਦੇ ਰਹਿਣਾ ਹੈ। ਸਾਰੇ ਮੁੱਖ ਮੰਤਰੀ ਇਕੋ ਥੈਲੀ ਦੇ ਚੱਟੇ-ਵੱਟੇ ਹਨ। ਲੋਕ ਭਲਾਈ ਦੀ ਟੇਕ ਕਿਸੇ ਉਪਰ ਨਹੀਂ ਰੱਖੀ ਜਾ ਸਕਦੀ।

ਹਰੀਸ਼ ਰਾਏ ਦੇ ਸੁਝਾਅ 'ਤੇ ਸੰਮਤੀ ਨੇ ਆਪਣੇ ਹੱਥੀਂ ਆਪਣਾ ਆਪੇ ਹੀ ਕਾਰਜ ਸੰਵਾਰਣਾ ਸ਼ੁਰੂ ਕੀਤਾ।

ਪਿੰਡਾਂ ਵਿਚ ਪਿੰਡ ਪੱਧਰ 'ਤੇ ਅਤੇ ਸ਼ਹਿਰਾਂ ਵਿਚ ਵਾਰਡ ਪੱਧਰ ਤੇ ਸਮਝੌਤਾ ਕਮੇਟੀਆਂ ਬਣਾਈਆਂ ਗਈਆਂ। ਮਸਲੇ ਦੇ ਉੱਠਣ ਦੀ ਘੁਸਰ-ਮੁਸਰ ਸੁਣਦਿਆਂ ਹੀ ਇਹ ਇਕਾਈਆਂ ਦੋਹਾਂ ਧਿਰਾਂ ਨਾਲ ਸੰਪਰਕ ਕਰਦੀਆਂ। ਉਹਨਾਂ ਨੂੰ ਥਾਣੇ ਕਚਹਿਰੀ ਦੇ ਨਤੀਜਿਆਂ ਤੋਂ ਜਾਣੂ ਕਰਵਾ ਕੇ ਘਰ ਬੈਠ ਕੇ ਸਮੱਸਿਆ ਨਜਿੱਠਣ ਲਈ ਪ੍ਰੇਰਦੀਆਂ। ਦਿਨੋ-ਦਿਨ ਇਹਨਾਂ ਇਕਾਈਆਂ ਦਾ ਪ੍ਰਭਾਵ ਵਧ ਰਿਹਾ ਸੀ। ਲੋਕ ਥਾਣੇ ਕਚਹਿਰੀ ਦਾ ਖਹਿੜਾ ਛੱਡ ਕੇ ਇਹਨਾਂ 'ਤੇ ਭਰੋਸਾ ਕਰਨ ਲੱਗੇ।

ਬਲਾਕ ਪੱਧਰ 'ਤੇ ਇਕ ਉਡਣ ਦਸਤਾ ਬਣਾਇਆ ਗਿਆ। ਇਹ ਦਸਤਾ ਵਾਰਦਾਤ ਵਾਲੀ ਥਾਂ 'ਤੇ ਪੁਲਿਸ ਨਾਲੋਂ ਪਹਿਲਾਂ ਪਹੁੰਚਦਾ। ਪੁਲਿਸ ਦੇ ਬਰਾਬਰ ਖਲੋ ਕੇ ਪੁਲਿਸ ਨੂੰ ਸੱਚ ਝੂਠ ਦਾ ਨਿਤਾਰਾ ਕਰਨ ਲਈ ਮਜਬੂਰ ਕਰਦਾ। ਪੁਲਿਸ ਜੇ ਮਨਮਾਨੀ ਕਰਨ ਦਾ ਯਤਨ ਕਰਦੀ ਤਾਂ ਦਸਤਾ ਆਪਣੇ ਤੌਰ 'ਤੇ ਤਫ਼ਤੀਸ਼ ਆਰੰਭ ਦਿੰਦਾ। ਇਕੱਠੇ ਕੀਤੇ ਸਬੂਤਾਂ ਨੂੰ ਪੱਤਰਕਾਰਾਂ ਸਾਹਮਣੇ ਰੱਖਦਾ। ਪੱਤਰਕਾਰ ਅਖ਼ਬਾਰਾਂ ਰਾਹੀਂ ਗੱਲ ਲੋਕਾਂ ਅੱਗੇ ਰੱਖਦੇ। ਉਡਣ ਦਸਤਾ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਨਿਤਾਰਦਾ। ਨਾ ਮੁਦੱਈ ਧਿਰ ਨਾਲ ਧੱਕਾ ਹੋਣ ਦਿੰਦਾ, ਨਾ ਮੁਲਜ਼ਮ ਧਿਰ ਨਾਲ। ਪੁਲਿਸ ਮੁਲਜ਼ਮ ਧਿਰ ਦੀ ਮਦਦ ਨਾ ਕਰ ਸਕੇ, ਇਸ ਲਈ ਦਸਤਾ ਪਰਚਾ ਦਰਜ ਹੋਣ ਤਕ ਮੁਦੱਈ ਧਿਰ ਦੇ ਨਾਲ-ਨਾਲ ਰਹਿੰਦਾ। ਮੁਦੱਈ ਧਿਰ ਤੱਥਾਂ ਨੂੰ ਆਪਣੇ ਹਿੱਤਾਂ ਅਨੁਸਾਰ ਤੋੜ-ਮਰੋੜ ਨਾ ਲਏ, ਦਸਤਾ ਇਸ ਸੰਭਾਵਨਾ ਦਾ ਵੀ ਖ਼ਿਆਲ ਰੱਖਦਾ।

ਉਡਣ ਦਸਤਿਆਂ ਦੀ ਦਖ਼ਲ-ਅੰਦਾਜ਼ੀ ਕਾਰਨ ਪੁਲਿਸ ਦੀ ਮਨਮਾਨੀ ਘਟਦੀ ਜਾ ਰਹੀ ਸੀ। ਪੁਲਿਸ ਤੋਂ ਪਹਿਲਾਂ ਲੋਕ ਉਡਣ ਦਸਤਿਆਂ ਨਾਲ ਸੰਪਰਕ ਕਰਨ ਲੱਗ ਪਏ।

ਜ਼ਿਲ੍ਹਾ ਪੱਧਰ ਉਪਰ ਚੌਕਸੀ ਕਮੇਟੀਆਂ ਬਣਾਈਆਂ ਗਈਆਂ। ਇਹਨਾਂ ਕਮੇਟੀਆਂ ਦੇ ਕਾਰਕੁਨ ਜ਼ਿਲ੍ਹਾ ਪ੍ਰਸ਼ਾਸਨ ਦੇ ਦਫ਼ਤਰ ਦੇ ਨਾਲ-ਨਾਲ ਜ਼ਿਲ੍ਹਾ ਕਚਹਿਰੀ ਅਤੇ ਜੇਲ੍ਹਾਂ ਦੇ ਚੱਕਰ ਵੀ ਕੱਟਦੇ। ਪੇਸ਼ੀ ਭੁਗਤਣ ਆਏ ਲੋਕਾਂ ਨੂੰ ਇਕੱਠਿਆਂ ਕਰ ਕੇ ਸਮਝੌਤਿਆਂ ਲਈ ਪ੍ਰੇਰਦੇ। ਵਕੀਲਾਂ ਦੀ ਸਹਾਇਤਾ ਨਾਲ ਲੋਕ-ਅਦਾਲਤ ਦਾ ਗਠਨ ਕੀਤਾ ਗਿਆ। ਇਹ ਅਦਾਲਤ ਲੋਕਾਂ ਨੂੰ ਗਵਾਹਾਂ ਅਤੇ ਸਬੂਤਾਂ ਦੇ ਝੰਜਟ ਤੋਂ ਬਚਾ ਕੇ ਆਹਮਣੇ-ਸਾਹਮਣੇ ਬਿਠਾਉਂਦੀ। ਦੋਹਾਂ ਧਿਰਾਂ ਨੂੰ ਮੰਜ਼ਲ 'ਤੇ ਪਹੁੰਚਾ ਕੇ ਹੀ ਉੱਠਦੀ।



ਚੌਕਸੀ ਕਮੇਟੀ ਸੈਸ਼ਨ ਜੱਜ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਨਾਲ ਵੀ ਤਾਲਮੇਲ ਰੱਖਦੀ। ਅਫ਼ਸਰਾਂ ਨੂੰ ਹਰ ਮਹੀਨੇ ਜੇਲ੍ਹ ਦਾ ਦੌਰਾ ਕਰਨ ਲਈ ਮਜਬੂਰ ਕਰਦੀ। ਨਿਰੀਖਣ ਵੀ ਰਵਾਇਤੀ ਨਹੀਂ ਸੀ ਰਹਿਣ ਦਿੱਤਾ ਜਾਂਦਾ। ਨੁਮਾਇੰਦੇ ਅਫ਼ਸਰਾਂ ਦੇ ਨਾਲ ਜਾਂਦੇ। ਲੰਗਰ ਦੀ ਪੱਕ ਰਹੀ ਰੋਟੀ ਤੋਂ ਲੈ ਕੇ ਗੁਦਾਮ ਵਿਚ ਪਈਆਂ ਦਾਲਾਂ ਤਕ ਦਾ ਮੁਆਇਨਾ ਕਰਾਉਂਦੇ। 'ਕੈਦੀ ਭਲਾਈ ਬੋਰਡ' ਦੇ ਮੈਂਬਰ ਬਦਲਵਾਏ। ਠੇਕੇਦਾਰਾਂ, ਕੈਮਿਸਟਾਂ ਅਤੇ ਮੰਤਰੀਆਂ ਦੀਆਂ ਪਤਨੀਆਂ ਦੀ ਥਾਂ ਮਨੋ-ਚਕਿਤਸਕ, ਵਕੀਲ ਅਤੇ ਸਮਾਜ ਸੇਵਕ ਨਾਮਜ਼ਦ ਕਰਾਏ। ਨਵੇਂ ਮੈਂਬਰਾਂ ਦੀ ਦਿਲਚਸਪੀ ਚਹੇਤੇ ਕੈਦੀਆਂ ਨੂੰ ਰਿਆਇਤਾਂ ਦਿਵਾਉਣ, ਜੇਲ੍ਹ 'ਚ ਆਪਣਾ ਮਾਲ ਵੇਚਣ, ਗਿੱਧੇ ਭੰਗੜੇ ਦੇਖਣ ਦੀ ਥਾਂ ਕੈਦੀਆਂ ਦੀਆਂ ਸਮੱਸਿਆਵਾਂ ਸਮਝਣ ਅਤੇ ਸੁਲਝਾਉਣ ਵਿਚ ਹੁੰਦੀ।

ਚੌਕਸੀ ਕਮੇਟੀ ਦੇ ਮੈਂਬਰ ਆਪਣੇ ਤੌਰ 'ਤੇ ਕੈਦੀਆਂ ਨਾਲ ਸੰਪਰਕ ਕਰਦੇ। ਉਹਨਾਂ ਦੇ ਦੁੱਖ ਸੁਣਦੇ ਅਤੇ ਉਹਨਾਂ ਨੂੰ ਦੂਰ ਕਰਨ ਦਾ ਯਤਨ ਕਰਦੇ।

ਸੂਬਾ ਪੱਧਰ 'ਤੇ ਤਾਲਮੇਲ ਕਮੇਟੀ ਬਣਾਈ ਗਈ। ਮੀਡੀਏ ਅਤੇ ਭਰਾਤਰੀ ਸੰਸਥਾਵਾਂ ਦੇ ਸਹਿਯੋਗ ਨਾਲ ਇਹ ਕਮੇਟੀ ਆਪਣੀ ਗੱਲ ਰਾਸ਼ਟਰੀ ਪੱਧਰ ਤਕ ਪਹੁੰਚਾਉਣ ਲੱਗੀ। ਕਾਨੂੰਨ ਮਾਹਿਰਾਂ ਦੀ ਸਹਾਇਤਾ ਨਾਲ ਕਮੇਟੀ ਪਹਿਲਾਂ ਲੋਕ-ਪੱਖੀ ਕਾਨੂੰਨ ਦੇ ਖਰੜੇ ਘੜਦੀ, ਫੇਰ ਉਹਨਾਂ ਨੂੰ ਕਿਤਾਬਚਿਆਂ ਅਤੇ ਅਖ਼ਬਾਰਾਂ ਰਾਹੀਂ ਲੋਕਾਂ ਤਕ ਪਹੁੰਚਾਉਂਦੀ। ਰੈਲੀਆਂ ਅਤੇ ਗੋਸ਼ਟੀਆਂ ਰਾਹੀਂ ਲੋਕਾਂ ਨੂੰ ਕਾਨੂੰਨ ਦੇ ਉਦੇਸ਼ ਸਮਝਾਉਂਦੀ।

ਸੰਮਤੀ ਦੀਆਂ ਸਰਗਰਮੀਆਂ ਨਾਲ ਅਫ਼ਸਰਾਂ ਦੇ ਨਾਲ-ਨਾਲ ਨੇਤਾਵਾਂ ਨੂੰ ਵੀ ਘਬਰਾਹਟ ਹੋਣ ਲੱਗੀ। ਉਹਨਾਂ ਦੀ ਹਾਲਤ ਉਸ ਸੱਪ ਵਰਗੀ ਹੋ ਗਈ ਜਿਸ ਦੇ ਮੂੰਹ ਵਿਚ ਕੋਹੜਕਿਰਲੀ ਆ ਗਈ ਸੀ। ਆਪਣੇ ਹਮਾਇਤੀਆਂ ਨੂੰ ਖ਼ੁਸ਼ ਕਰਨ ਲਈ ਜੇ ਕੋਈ ਅਧਿਕਾਰੀ ਕਿਸੇ ਕਾਨੂੰਨ ਦੀ ਅਣਦੇਖੀ ਕਰਦਾ ਤਾਂ ਲੋਕ ਗਲ ਪੈ ਜਾਂਦੇ। ਜੇ ਸਰਕਾਰ ਲੋਕਾਂ ਦੀ ਘੁਰਕੀ ਤੋਂ ਡਰਦੀ ਤਾਂ ਹਿਮਾਇਤੀ ਮੂੰਹ ਮੋਟਾ ਕਰ ਲੈਂਦੇ। ਲੋਕਾਂ ਵਿਚ ਆਧਾਰ ਬਣਾਈ ਰੱਖਣ ਅਤੇ ਆਉਣ ਵਾਲੀਆਂ ਚੋਣਾਂ ਦੀ ਤਿਆਰੀ ਲਈ ਹਿਮਾਇਤੀਆਂ ਅਤੇ ਪੈਸਾ ਦੋਹਾਂ ਦੀ ਜ਼ਰੂਰਤ ਸੀ। ਸੰਮਤੀ ਨੇ ਦੋਹਾਂ ਦੀ ਕਮੀ ਕਰ ਰੱਖੀ ਸੀ।

ਬਾਗ਼ੀਆਂ ਨੂੰ ਕਿਸ ਤਰ੍ਹਾਂ ਨੱਥ ਪਾਈ ਜਾਵੇ ? ਲੱਖ ਯਤਨ ਦੇ ਬਾਵਜੂਦ ਸਰਕਾਰ ਨੂੰ ਇਸ ਸਮੱਸਿਆ ਦਾ ਹੱਲ ਨਹੀਂ ਸੀ ਲੱਭ ਰਿਹਾ।

ਹਾਲ ਦੀ ਘੜੀ ਸਰਕਾਰ ਦੜ੍ਹ ਵੱਟਣ ਵਿਚ ਹੀ ਭਲਾ ਸਮਝ ਰਹੀ ਸੀ।

## 62

ਸੰਮਤੀ ਵਾਲਿਆਂ ਤੋਂ ਬਿਨਾਂ ਪਾਲੇ ਮੀਤੇ ਦੇ ਕੇਸ ਵਿਚ ਕਿਸੇ ਨੂੰ ਕੋਈ ਦਿਲਚਸਪੀ ਨਹੀਂ ਸੀ।

ਉਹਨਾਂ ਨੂੰ ਇਸ ਮੁਕੱਦਮੇ ਵਿਚ ਫਸਾਉਣ ਵਾਲੇ ਮੁੱਖ ਮੰਤਰੀ ਨੂੰ ਸਿਆਸਤ ਤੋਂ ਸੰਨਿਆਸ ਲੈਣਾ ਪੈ ਗਿਆ ਸੀ। ਅੱਜ-ਕੱਲ੍ਹ ਉਹ ਕਿਥੇ ਬਾਹਰਲੇ ਮੁਲਕ ਵਿਚ ਰਾਜਦੂਤ ਬਣ ਕੇ ਦਿਨ-ਕੱਟੀ ਕਰ ਰਿਹਾ ਸੀ।

ਨਵਾਂ ਮੁੱਖ ਮੰਤਰੀ ਪੁਰਾਣਾ ਹੋਣ ਵਾਲਾ ਸੀ।

ਬੰਟੀ ਦੇ ਦਾਦਾ ਜੀ ਸਵਰਗ ਸਿਧਾਰ ਚੁੱਕੇ ਸਨ। ਉਹਨਾਂ ਵੱਲੋਂ ਖੜੀਆਂ ਕੀਤੀਆਂ ਸੰਸਥਾਵਾਂ ਵਿਚ ਫੁੱਟ ਪੈ ਚੁੱਕੀ ਸੀ। ਖੇਰੂੰ-ਖੇਰੂੰ ਹੋਣ ਬਾਅਦ ਉਹਨਾਂ ਦਾ ਭੋਗ ਪੈ ਚੁੱਕਾ ਸੀ।

ਬੰਟੀ ਦੀ ਮਾਂ ਨੂੰ ਇਹ ਵੀ ਪਤਾ ਨਹੀਂ ਹੋਣਾ ਕਿ ਦੋਸ਼ੀ ਜੇਲ੍ਹ 'ਚ ਹਨ ਜਾਂ ਬਾਹਰ।

ਜਾਪਦਾ ਸੀ ਹਾਈ ਕੋਰਟ ਨੂੰ ਵੀ ਇਸ ਕੇਸ ਵਿਚ ਕੋਈ ਦਿਲਚਸਪੀ ਨਹੀਂ ਸੀ।

ਪਿਛਲੇ ਦਸ ਸਾਲਾਂ ਵਿਚ ਸੰਮਤੀ ਨੇ ਕਈ ਵਾਰ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ। ਸੈਂਕੜੇ ਸਬੂਤ ਪੇਸ਼ ਕਰ ਕੇ ਦੋਹਾਂ ਨੂੰ ਬੇਕਸੂਰ ਸਿੱਧ ਕੀਤਾ ਸੀ। ਨਾਲ ਮੰਗ ਕੀਤੀ ਸੀ :

"ਅਪੀਲ ਦੀ ਸੁਣਵਾਈ ਜਲਦੀ ਕੀਤੀ ਜਾਵੇ। ਪੂਰੀ ਸਜ਼ਾ ਭੁਗਤਣ ਬਾਅਦ ਬਰੀ ਹੋਣ ਦਾ ਕੀ ਅਰਥ ਰਹਿ ਜਾਏਗਾ ?"

ਹਰ ਵਾਰ ਹਾਈ ਕੋਰਟ ਇਕੋ ਮਜਬੂਰੀ ਜ਼ਾਹਿਰ ਕਰਦੀ :

"ਸਾਡੇ ਕੋਲ ਲੱਖਾਂ ਕੇਸ ਸੁਣਵਾਈ ਲਈ ਪਏ ਹਨ। ਹਜ਼ਾਰਾਂ ਅਪੀਲਾਂ ਇਸ ਤੋਂ ਵੀ ਪੁਰਾਣੀਆਂ ਹਨ। ਅਦਾਲਤ ਲਈ ਸਭ ਮੁਲਜ਼ਮ ਬਰਾਬਰ ਹਨ। ਅਪੀਲ ਦੀ ਸੁਣਵਾਈ ਵਾਰੀ ਆਉਣ 'ਤੇ ਹੋਏਗੀ।"

ਸੰਮਤੀ ਦੂਜੀ ਬੇਨਤੀ ਕਰਦੀ :

"ਫ਼ੈਸਲੇ ਤਕ ਜ਼ਮਾਨਤ ਉਪਰ ਰਿਹਾਅ ਕਰ ਦਿਓ।"

ਹਾਈ ਕੋਰਟ ਫੇਰ ਹੱਥ ਖੜੇ ਕਰ ਦਿੰਦੀ।

"ਇਹ ਮੁਕੱਦਮਾ ਅਤਿਵਾਦੀ ਗਤੀਵਿਧੀਆਂ ਨਾਲ ਸੰਬੰਧਤ ਹੈ। ਅਤਿਵਾਦੀਆਂ ਨੂੰ ਜ਼ਮਾਨਤ ਨਹੀਂ ਮਿਲ ਸਕਦੀ।"

ਬਦਲੇ ਹਾਲਾਤ ਵਿਚ ਸੰਮਤੀ ਫੇਰ ਪਹਿਲੀ ਮੰਗ ਦੁਹਰਾਉਣ ਲੱਗੀ।

"ਅੱਤਵਾਦ ਨੂੰ ਠੱਲ੍ਹ ਪੈ ਚੁੱਕਾ ਹੈ। ਅਸਲ ਅਤਿਵਾਦੀ ਵੀਹ-ਵੀਹ ਮੁਕੱਦਮਿਆਂ ਵਿਚੋਂ ਬਰੀ ਹੋ ਕੇ ਘਰਾਂ ਨੂੰ ਜਾ ਚੁੱਕੇ ਹਨ। ਇਹਨਾਂ 'ਤੇ ਰਹਿਮ ਕਰੋ।"

ਹਾਈ ਕੋਰਟ ਫੇਰ ਝੋਟੇ ਵਾਂਗ ਸਿਰ ਮਾਰ ਦਿੰਦੀ।

ਜਦੋਂ ਅਪੀਲ ਦੀ ਵਾਰੀ ਆਈ, ਫੇਰ ਉਹੋ ਬਾਹਾਂ ਉਹੋ ਕੁਹਾੜਾ ਰਹਿਣ ਲੱਗਾ।

ਪਹਿਲੇ ਦਿਨ ਸੁਪਰੀਮ ਕੋਰਟ ਦੇ ਇਕ ਜੱਜ ਦੀ ਮੌਤ ਹੋ ਗਈ। ਹਾਈ ਕੋਰਟ ਵਿਚ ਛੁੱਟੀ



ਹੋ ਗਈ।

ਦੂਸਰੀ ਵਾਰ ਇਕ ਜੱਜ ਨੂੰ ਵਿਆਹ 'ਤੇ ਜਾਣਾ ਪੈ ਗਿਆ। ਸੁਣਵਾਈ ਫੇਰ ਟਲ ਗਈ।

ਵਕੀਲਾਂ ਨੇ ਨੱਠ-ਭੱਜ ਕਰ ਕੇ ਕੇਸ ਤੀਜੀ ਵਾਰ ਸੁਣਵਾਈ 'ਤੇ ਲਵਾਇਆ।

ਇਸ ਵਾਰ ਸੁਣਵਾਈ ਵਾਲੇ ਜੱਜ ਕਿਸੇ ਹੋਰ ਅਹਿਮ ਮਾਮਲੇ ਵਿਚ ਉਲਝ ਗਏ।

ਜੰਗਲੀ ਜੀਵਾਂ ਦੇ ਹੱਕਾਂ ਦੀ ਰੱਖਿਆ ਲਈ ਇਕ ਨਵੀਂ ਸੰਸਥਾ ਬਣੀ ਸੀ। ਇਸ ਉਦੇਸ਼ ਦੀ ਪ੍ਰਾਪਤੀ ਲਈ ਉਸ ਨੇ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਇਰ ਕੀਤੀ ਸੀ। ਇਸ ਸੰਸਥਾ ਨੂੰ ਸਰਕਸਾਂ ਦੇ ਛਾਂਟੇ ਖਾਂਦੇ ਸ਼ੇਰਾਂ, ਪਿੰਜਰਿਆਂ ਵਿਚ ਬੰਦ ਤੋਤਿਆਂ ਅਤੇ ਮਦਾਰੀਆਂ ਦੇ ਇਸ਼ਾਰਿਆਂ 'ਤੇ ਨੱਚਦੇ ਰਿੱਛਾਂ ਨਾਲ ਹਮਦਰਦੀ ਸੀ। ਸੰਸਥਾ ਦੀ ਮੰਗ ਸੀ ਕਿ ਇਹਨਾਂ ਜਾਨਵਰਾਂ ਨੂੰ ਜ਼ੁਲਮਾਂ ਤੋਂ ਮੁਕਤੀ ਦਿਵਾਈ ਜਾਵੇ।

ਮੀਡੀਆ ਇਸ ਮਾਮਲੇ ਵਿਚ ਖ਼ੂਬ ਦਿਲਚਸਪੀ ਲੈ ਰਿਹਾ ਸੀ। ਰਿਟ ਵਾਲੇ ਦਿਨ ਤੋਂ ਲੈ ਕੇ ਅੱਜ ਤੱਕ ਹਾਈ ਕੋਰਟ ਵਿਚ ਹੋਣ ਵਾਲੀ ਹਰ ਛੋਟੀ-ਵੱਡੀ ਕਾਰਵਾਈ ਅਖ਼ਬਾਰਾਂ ਵਿਚ ਪਹਿਲੇ ਪੰਨੇ 'ਤੇ ਛਾਪ ਰਿਹਾ ਸੀ।

ਜਾਨਵਰਾਂ ਲਈ ਮਸੀਹਾ ਬਣੇ ਜੱਜ ਅਤੇ ਸੰਸਥਾ ਦੇ ਕਾਰਕੁੰਨ ਜੰਗਲਾਤ ਮਹਿਕਮੇ ਦੇ ਅਫ਼ਸਰਾਂ ਦੇ ਨਾਲ ਜਾ-ਜਾ ਪਿੰਜਰਿਆਂ ਵਿਚੋਂ ਤੋਤੇ, ਮਦਾਰੀਆਂ ਕੋਲੋਂ ਬਾਂਦਰ ਅਤੇ ਸਪੇਰਿਆਂ ਕੋਲੋਂ ਸੱਪ ਆਜ਼ਾਦ ਕਰਵਾ ਰਹੇ ਸਨ। ਇਸ ਸ਼ੁਭ ਕਾਰਜ ਸਮੇਂ ਲਈਆਂ ਗਈਆਂ ਤਸਵੀਰਾਂ ਵੀ ਅਖ਼ਬਾਰਾਂ ਵਿਚ ਮੁੱਖ ਥਾਂ ਪ੍ਰਾਪਤ ਕਰ ਰਹੀਆਂ ਸਨ।

ਸੰਮਤੀ ਵਾਲਿਆਂ ਨੇ ਸਿੱਟਾ ਕੱਢਿਆ। ਜੱਜਾਂ ਨੂੰ ਕੇਵਲ ਉਹਨਾਂ ਕੇਸਾਂ ਵਿਚ ਦਿਲਚਸਪੀ ਹੈ ਜਿਨ੍ਹਾਂ ਦੀ ਚਰਚਾ ਮੀਡੀਏ ਵਿਚ ਹੁੰਦੀ ਹੈ ਅਤੇ ਜਿਨ੍ਹਾਂ ਦੇ ਆਧਾਰ 'ਤੇ ਉਹਨਾਂ ਨੂੰ ਲੋਕ-ਹਿਤੈਸ਼ੀ ਅਤੇ ਅਗਾਂਹ-ਵਧੂ ਆਖਿਆ ਜਾਂਦਾ ਹੈ।

ਸੰਮਤੀ ਦਾ ਜੰਗਲੀ ਜੀਵਾਂ ਨਾਲ ਕੋਈ ਵਿਰੋਧ ਨਹੀਂ ਸੀ ਪਰ ਉਸ ਨੂੰ ਬੰਦਿਆਂ ਨਾਲੋਂ ਜਾਨਵਰਾਂ ਨੂੰ ਤਰਜੀਹ ਦੇਣ 'ਤੇ ਇਤਰਾਜ਼ ਸੀ।

ਜੱਜਾਂ ਨੂੰ ਸਬਕ ਸਿਖਾਉਣ ਲਈ ਸੰਮਤੀ ਨੇ ਇਸ ਸਮੱਸਿਆ ਦੇ ਦੂਜੇ ਪੱਖ ਨੂੰ ਉਘਾੜਨਾ ਸ਼ੁਰੂ ਕੀਤਾ।

ਸੰਮਤੀ ਨੇ ਬੇਰੁਜ਼ਗਾਰ ਹੋਏ ਮਦਾਰੀਆਂ, ਸਪੇਰਿਆਂ ਅਤੇ ਤੋਤਿਆਂ ਵਾਲਿਆਂ ਨਾਲ ਮੁਲਾਕਾਤਾਂ ਕੀਤੀਆਂ। ਇਹ ਜਾਨਵਰ ਇਹਨਾਂ ਦੇ ਰੋਜ਼ਗਾਰ ਦੇ ਸਾਧਨ ਤਾਂ ਸਨ ਹੀ, ਨਾਲ ਘਰ ਦੇ ਮੈਂਬਰਾਂ ਵਾਂਗ ਵੀ ਸਨ। ਇਕ ਪਾਸੇ ਇਹਨਾਂ ਦੇ ਬੱਚੇ ਆਪਣੇ ਬਚਪਨ ਦੇ ਸਾਥੀਆਂ ਦੇ ਖੁੱਸ ਜਾਣ 'ਤੇ ਦੁਖੀ ਸਨ। ਦੂਜੇ ਪਾਸੇ ਇਹਨਾਂ ਹੀ ਕਾਰਨਾਂ ਕਾਰਨ ਜਾਨਵਰ ਚਿੜੀਆ ਘਰਾਂ ਵਿਚ ਭੁੱਖ ਹੜਤਾਲ ਕਰੀ ਬੈਠੇ ਸਨ। ਸੰਮਤੀ ਵਾਲਿਆਂ ਨੇ ਇਹਨਾਂ ਉਦਾਸ ਚਿਹਰਿਆਂ ਦੀਆਂ ਫ਼ੋਟੋਆਂ ਖਿੱਚੀਆਂ। ਹਰ ਰੋਜ਼ ਬੁੱਚੜਖ਼ਾਨਿਆਂ ਵਿਚ ਮਾਰੇ ਜਾਂਦੇ ਮੁਰਗ਼ਿਆਂ ਅਤੇ ਬੱਕਰਿਆਂ ਦੇ ਅੰਕੜੇ ਇਕੱਠੇ ਕੀਤੇ। ਫੇਰ ਹਾਈ ਕੋਰਟ ਅੱਗੇ ਕਈ ਪ੍ਰਸ਼ਨ ਰੱਖੇ। ਮੁਰਗ਼ਿਆਂ ਅਤੇ ਤੋਤਿਆਂ, ਬੱਕਰਿਆਂ ਅਤੇ ਰਿੱਛਾਂ ਵਿਚ ਕੀ ਫ਼ਰਕ ਹੈ ? ਮੁਰਗ਼ਿਆਂ ਅਤੇ ਬੱਕਰਿਆਂ ਦੇ ਕਤਲੇਆਮ 'ਤੇ ਪਾਬੰਦੀ ਕਿਉਂ ਨਹੀਂ ਲੱਗਦੀ ? ਜਾਨਵਰ ਅਤੇ ਰੋਜ਼ਗਾਰ ਦੇ ਸਾਧਨ ਦੇ ਖੋਹੇ ਜਾਣ ਬਾਅਦ ਬੇਰੁਜ਼ਗਾਰ ਹੋਏ ਪਰਿਵਾਰ ਦੇ ਬਦਲਵੇਂ ਰੁਜ਼ਗਾਰ ਦਾ ਪ੍ਰਬੰਧ ਕੌਣ ਕਰੇਗਾ ?

ਸੰਮਤੀ ਦੀ ਇਸ ਨੁਕਤਾਚੀਨੀ ਨਾਲ ਜੱਜਾਂ ਦੇ ਕੰਨ ਖੜੇ ਹੋ ਗਏ।

ਅਖ਼ਬਾਰਾਂ ਦੀਆਂ ਸੁਰਖ਼ੀਆਂ ਵਿਚ ਰਹਿਣ ਦਾ ਲਾਲਚ ਤਿਆਗ ਕੇ ਉਹ ਆਮ ਮੁਕੱਦਮਿਆਂ ਵੱਲ ਧਿਆਨ ਦੇਣ ਲੱਗੇ।

*

# 63

ਪਾਲੇ ਮੀਤੇ ਹੋਰਾਂ ਦੀ ਅਪੀਲ ਸੁਣਨ ਲਈ ਇਕ ਦਿਨ ਰਾਖਵਾਂ ਰੱਖਿਆ ਗਿਆ।

ਪਹਿਲੀਆਂ ਤਿੰਨ ਪੇਸ਼ੀਆਂ 'ਤੇ ਸੰਮਤੀ ਦੇ ਬਹੁਤ ਸਾਰੇ ਕਾਰਕੁੰਨ ਕਾਰਵਾਈ ਦੇਖਣ ਆਏ ਸਨ। ਸੁਣਵਾਈ ਦੇ ਵਾਰ-ਵਾਰ ਟਲਣ ਕਾਰਨ ਉਹਨਾਂ ਦਾ ਉਤਸ਼ਾਹ ਮੱਠਾ ਪੈ ਚੁੱਕਾ ਸੀ। ਇਸ ਵਾਰ ਉਹਨਾਂ ਨੂੰ ਘਰ ਬੈਠ ਕੇ ਉਡੀਕਣ ਲਈ ਆਖਿਆ ਗਿਆ ਸੀ।

ਵਕੀਲਾਂ ਨਾਲ ਇਸ ਵਾਰ ਇਕੱਲਾ ਬਾਬਾ ਆਇਆ ਸੀ।

ਗੁਰਮੀਤ, ਪਿਆਰੇ ਲਾਲ ਅਤੇ ਹਰੀਸ਼ ਦੇ ਨਾਲ-ਨਾਲ ਹਾਕਮ ਨੇ ਵੀ ਕਾਲਾ ਕੋਟ ਪਾਇਆ ਹੋਇਆ ਸੀ। ਸੰਮਤੀ ਦੀ ਵਕੀਲਾਂ ਨੂੰ ਕਾਰਵਾਈ ਦੇ ਸ਼ੁਰੂ ਹੋਣ ਦੀ ਬੇਸਬਰੀ ਨਾਲ ਉਡੀਕ ਸੀ।

ਅਪੀਲ ਦੀ ਸੁਣਵਾਈ ਦੋ ਜੱਜਾਂ ਦੀ ਪੀਠ ਕਰ ਰਹੀ ਸੀ।

ਸੁਣਵਾਈ ਸ਼ੁਰੂ ਕਰਨ ਤੋਂ ਪਹਿਲਾਂ ਜੱਜ ਮਿਸਲ ਘੋਖਣ ਲੱਗੇ।

ਮਿਸਲ ਪੜ੍ਹ-ਪੜ੍ਹ ਜੱਜਾਂ ਦੇ ਦਿਲ ਧੜਕਣ ਲੱਗੇ। ਸੰਮਤੀ ਵਾਲੇ ਠੀਕ ਦੁਹਾਈ ਪਾ ਰਹੇ ਸਨ। ਮਿਸਲ 'ਤੇ ਦੋਸ਼ੀਆਂ ਨੂੰ ਕਾਤਲ ਸਿੱਧ ਕਰਨ ਵਾਲਾ ਇਕ ਵੀ ਸਬੂਤ ਨਹੀਂ ਸੀ।

ਜੇਲ੍ਹ ਅਧਿਕਾਰੀਆਂ ਦੀ ਸਿਫ਼ਾਰਸ਼ ਵੀ ਮਿਸਲ ਨਾਲ ਨੱਥੀ ਸੀ। ਕੈਦ ਦੇ ਦੌਰਾਨ ਉਹਨਾਂ ਦਾ ਚਾਲ-ਚਲਣ 'ਅਤੀ ਉੱਤਮ' ਰਿਹਾ ਸੀ। ਆਪਣੇ ਵਧੀਆ ਵਿਵਹਾਰ ਕਾਰਨ ਉਹਨਾਂ ਨੇ ਢੇਰ ਸਾਰੀਆਂ ਮੁਆਫ਼ੀਆਂ ਕਮਾਈਆਂ ਸਨ।

ਮਿਸਲ ਦੇ ਨਾਲ ਦੋਸ਼ੀਆਂ ਨੂੰ ਹੋਈ ਅਤੇ ਕੱਟੀ ਜਾ ਚੁੱਕੀ ਸਜ਼ਾ ਦਾ ਚਿੱਠਾ ਵੀ ਲੱਗਾ ਸੀ। ਉਹਨਾਂ ਨੂੰ ਉਮਰ ਕੈਦ ਹੋਈ ਸੀ। ਉਮਰ ਕੈਦ ਦਾ ਮਤਲਬ ਚੌਦਾਂ ਸਾਲ ਦੀ ਕੈਦ ਸੀ। ਮਿਲੀਆਂ ਮੁਆਫ਼ੀਆਂ ਨੂੰ ਚੌਦਾਂ ਸਾਲਾਂ ਵਿਚੋਂ ਘਟਾਇਆ ਜਾਣਾ ਸੀ। ਹਿਸਾਬ ਕਿਤਾਬ ਤੋਂ ਪਤਾ ਲੱਗਾ ਸੀ ਕਿ ਉਹਨਾਂ ਦੀ ਰਿਹਾਈ ਵਿਚ ਚਾਰ ਮਹੀਨੇ ਬਾਕੀ ਸਨ।

ਜੱਜ ਸਮਝ ਗਏ। ਸੰਮਤੀ ਦੀ ਲੜਾਈ ਚਿੰਨ੍ਹਾਤਮਕ ਹੈ। ਉਹ ਦੋਸ਼ੀਆਂ ਨੂੰ ਬਰੀ ਕਰਵਾ ਕੇ ਉਹਨਾਂ ਦੇ ਮੱਥੇ 'ਤੇ ਲੱਗੇ ਕਲੰਕ ਨੂੰ ਧੋਣਾ ਚਾਹੁੰਦੀ ਹੈ।

ਦੋ ਬੇਕਸੂਰ ਬੰਦਿਆਂ ਤੋਂ ਕਤਲ ਦੇ ਜੁਰਮ ਜਿੰਨੀ ਸਜ਼ਾ ਕਟਵਾ ਕੇ ਉਹਨਾਂ ਨੂੰ ਬੇਕਸੂਰ ਘੋਸ਼ਿਤ ਕਰਨ ਨਾਲ ਕਾਨੂੰਨ ਦੇ ਮੂੰਹ 'ਤੇ ਜੋ ਕਾਲਖ਼ ਮਲੀ ਜਾਏਗੀ, ਜੱਜ ਉਸ ਬਾਰੇ ਸੋਚਣ ਲੱਗੇ।

ਇਕ ਵਾਰ ਜੱਜਾਂ ਦਾ ਮਨ ਬਣਿਆ ਕਿ ਫ਼ੈਸਲਾ ਪ੍ਰਭਾਵਸ਼ਾਲੀ ਅਤੇ ਵਿਸਥਾਰ ਨਾਲ ਲਿਖਿਆ ਜਾਵੇ। ਫ਼ੈਸਲਿਆਂ ਦੇ ਸਾਲਾਂ-ਬੱਧੀ ਲਟਕਦੇ ਰਹਿਣ ਲਈ ਕਾਨੂੰਨ ਅਤੇ ਸਰਕਾਰ ਦੋਵੇਂ ਜ਼ਿੰਮੇਵਾਰ ਹਨ। ਸਰਕਾਰ ਦੀ ਅਣਗਹਿਲੀ ਦੀ ਭਰਪੂਰ ਨਿੰਦਿਆ ਕੀਤੀ ਜਾਵੇ। ਸਰਕਾਰ ਨੂੰ ਹਦਾਇਤ ਦਿੱਤੀ ਜਾਵੇ। ਅਦਾਲਤਾਂ ਦੀ ਗਿਣਤੀ ਤੁਰੰਤ ਵਧਾਈ ਜਾਵੇ। ਹੇਠਲੀਆਂ ਅਦਾਲਤਾਂ ਨੂੰ ਹੁਕਮ ਦਿੱਤਾ ਜਾਵੇ ਕਿ ਮੁਕੱਦਮੇ ਦੀ ਸੁਣਵਾਈ ਛੇ ਮਹੀਨੇ ਅੰਦਰ ਮੁਕੰਮਲ ਹੋਣੀ ਯਕੀਨੀ ਬਣਾਈ ਜਾਵੇ। ਕਾਨੂੰਨ ਇਨਸਾਫ਼-ਮੁਖੀ ਦੀ ਥਾਂ ਨਿਯਮ-ਮੁਖੀ ਹੈ। ਇਸ ਨੂੰ ਵੀ ਸੋਧਣ ਦੀ ਸਿਫ਼ਾਰਸ਼



ਕੀਤੀ ਜਾਵੇ। ਹੋਏ ਨੁਕਸਾਨ ਲਈ ਪਾਲੇ ਮੀਤੇ ਨੂੰ ਭਰਪੂਰ ਮੁਆਵਜ਼ਾ ਦਿਵਾਇਆ ਜਾਵੇ।

ਫੇਰ ਜੱਜਾਂ ਨੂੰ ਕਾਨੂੰਨ ਦੀ ਇਕ ਹੋਰ ਕਮਜ਼ੋਰੀ ਦਾ ਖ਼ਿਆਲ ਆਇਆ। ਹਾਈ ਕੋਰਟ ਦਾ ਹਰ ਫ਼ੈਸਲਾ ਹੇਠਲੀਆਂ ਅਦਾਲਤਾਂ ਲਈ ਰਾਹ ਦਸੇਰਾ ਹੁੰਦਾ ਹੈ। ਹੇਠਲੀਆਂ ਅਦਾਲਤਾਂ ਕਿਧਰੇ ਇਸ ਫ਼ੈਸ਼ਨੇ ਦੀ ਗ਼ਲਤ ਵਰਤੋਂ ਨਾ ਕਰਨ ਲੱਗ ਜਾਣ। ਦੋਸ਼ੀਆਂ ਨੂੰ ਧੜਾ-ਧੜ ਬਰੀ ਕਰਨਾ ਅਤੇ ਸਰਕਾਰ ਨੂੰ ਹਰ ਕੇਸ ਵਿਚ ਹਰਜਾਨਾ ਪਾਉਣਾ ਸ਼ੁਰੂ ਨਾ ਕਰ ਦੇਣ।

"ਆਪਣੇ ਦਾਇਰੇ ਵਿਚ ਰਹਿ ਕੇ ਫ਼ੈਸਲਾ ਕੀਤਾ ਜਾਵੇ।" ਇਹ ਸੋਚ ਕੇ ਉਹਨਾਂ ਨੇ ਆਮ ਵਾਂਗ ਫ਼ੈਸਲਾ ਸੁਣਾਉਣਾ ਸ਼ੁਰੂ ਕੀਤਾ।

ਪਹਿਲਾਂ ਜੱਜਾਂ ਨੇ ਕੰਮ ਦੀ ਬਹੁਤਾਤ ਕਾਰਨ ਸੁਣਵਾਈ ਦੇ ਸਾਲਾਂ-ਬੱਧੀ ਲਟਕਣ ਅਤੇ ਇਸ ਕਾਰਨ ਦੋਸ਼ੀਆਂ ਨੂੰ ਹੋਏ ਨੁਕਸਾਨ 'ਤੇ ਦੁੱਖ ਪ੍ਰਗਟਾਇਆ।

ਫੇਰ ਇਹ ਜਤਾਉਣ ਲਈ ਕਿ ਉਹ ਬਿਲਕੁਲ ਬੇਕਸੂਰ ਹਨ, ਬਿਨਾਂ ਬਹਿਸ ਸੁਣਿਆਂ ਉਹਨਾਂ ਨੂੰ ਬਰੀ ਕਰਨ ਦਾ ਹੁਕਮ ਫ਼ਰਮਾਇਆ।

ਫ਼ੈਸਲਾ ਹੱਕ ਵਿਚ ਹੋਣ 'ਤੇ ਵਕੀਲਾਂ ਵੱਲੋਂ ਧੰਨਵਾਦ ਵੱਜੋਂ ਜੱਜ ਅੱਗੇ ਸਿਰ ਝੁਕਾਉਣ ਦਾ ਸਦੀਆਂ ਪੁਰਾਣਾ ਰਿਵਾਜ ਹੈ।

ਬਿਨਾਂ ਇਸ ਰਸਮ ਦੀ ਪਾਲਣਾ ਕੀਤੇ ਸੰਮਤੀ ਦੇ ਵਕੀਲ ਅਦਾਲਤੋਂ ਬਾਹਰ ਆ ਗਏ।

# 64

ਪਾਲੇ ਮੀਤੇ ਦੇ ਰਿਹਾਅ ਹੋ ਕੇ ਸ਼ਾਮ ਤਕ ਸ਼ਹਿਰ ਪੁੱਜਣ ਦੀ ਖ਼ਬਰ ਸੰਮਤੀ ਸਮਰਥਕਾਂ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਜਿੱਤ ਦਾ ਜਸ਼ਨ ਮਨਾਉਣ ਲਈ ਉਹ ਬਾਬਾ ਗੁਰਦਿੱਤ ਸਿੰਘ ਦੇ ਘਰ ਵੱਲ ਵਹੀਰਾਂ ਘੱਤਣ ਲੱਗੇ।

ਵੱਡੀ ਗਿਣਤੀ ਵਿਚ ਪੁੱਜ ਰਹੇ ਲੋਕਾਂ ਦਾ ਛੋਟੇ ਘਰ ਵਿਚ ਸਵਾਗਤ ਕਰਨਾ ਸੰਭਵ ਨਹੀਂ ਸੀ।

ਬਾਕੀ ਕਾਰਕੁੰਨਾਂ ਸਮੇਤ ਬਾਬਾ ਦੁਸਹਿਰਾ ਗਰਾਊਂਡ ਵਿਚ ਜਾ ਬੈਠਾ।

ਬੁਢਾਪੇ ਕਾਰਨ ਬਾਬੇ ਦੇ ਸਰੀਰ ਵਿਚ ਪਹਿਲਾਂ ਵਾਲੀ ਚੁਸਤੀ ਫੁਰਤੀ ਨਹੀਂ ਸੀ ਰਹੀ। ਆਪਣੀ ਆਰਾਮ ਕੁਰਸੀ ਉਸ ਨੇ ਗਰਾਊਂਡ ਦੇ ਇਕ ਪਾਸੇ ਡਹਾ ਲਈ ਸੀ। ਉਥੇ ਬੈਠਾ ਬਾਬਾ ਨਾਲੇ ਵਧਾਈਆਂ ਲੈਂਦਾ ਰਿਹਾ, ਨਾਲੇ ਦੁਪਹਿਰ ਨੂੰ ਸ਼ੁਰੂ ਹੋਣ ਵਾਲੀ ਰੈਲੀ ਦੇ ਪ੍ਰਬੰਧ ਵਿਚ ਜੁੱਟੇ ਕਾਰਕੁੰਨਾਂ ਨੂੰ ਹਦਾਇਤਾਂ ਦਿੰਦਾ ਰਿਹਾ।

ਗੁਰਮੀਤ ਉਹਨਾਂ ਨੂੰ ਲੈਣ ਮਾਇਆ ਨਗਰ ਗਿਆ ਹੋਇਆ ਸੀ। ਉਹਨਾਂ ਦੇ ਸ਼ਹਿਰ ਪੁੱਜਣ ਤਕ ਰੈਲੀ ਨੇ ਪੂਰੇ ਜੋਬਨ 'ਤੇ ਪੁੱਜ ਜਾਣਾ ਸੀ। ਰੈਲੀ ਬਾਅਦ ਉਹਨਾਂ ਨੂੰ ਨਾਲ ਲੈ ਕੇ ਸ਼ਹਿਰ ਵਿਚ ਜਲੂਸ ਕੱਢਿਆ ਜਾਣਾ ਸੀ। ਨੁਕੜ ਭਾਸ਼ਣਾਂ ਰਾਹੀਂ ਦਿੱਤੇ ਸਹਿਯੋਗ ਲਈ ਲੋਕਾਂ ਦਾ ਧੰਨਵਾਦ ਕੀਤਾ ਜਾਣਾ ਸੀ ਤੇ ਨਾਲੇ ਸੰਮਤੀ ਦੇ ਅਗਲੇ ਪ੍ਰੋਗਰਾਮਾਂ ਬਾਰੇ ਉਹਨਾਂ ਨੂੰ ਜਾਣੂ ਕਰਵਾਇਆ ਜਾਣਾ ਸੀ।

ਪਾਲਾ ਮੀਤਾ ਮੋਹਨ ਜੀ ਦੇ ਪੁਰਾਣੇ ਸਾਇਲ ਸਨ। ਬੰਟੀ ਕਤਲ ਕੇਸ ਵਿਚ ਫਸਣ ਤੋਂ ਪਹਿਲਾਂ ਉਹੋ ਉਹਨਾਂ ਦੇ ਮੁਕੱਦਮੇ ਲੜਿਆ ਕਰਦਾ ਸੀ। ਇਹ ਮੁਕੱਦਮਾ ਲੜਨ ਲਈ ਸੰਘਰਸ਼ ਸੰਮਤੀ ਵੱਲੋਂ ਜਦੋਂ ਵਕੀਲਾਂ ਦੀ ਟੀਮ ਤਿਆਰ ਕੀਤੀ ਗਈ ਸੀ ਤਾਂ ਮੋਹਨ ਜੀ ਉਸ ਦਾ ਮੈਂਬਰ ਬਣਿਆ ਸੀ। ਸੰਮਤੀ ਦੇ ਹੋਰ ਕਾਮਿਆਂ ਵਾਂਗ ਉਸ ਨੇ ਦੋਸ਼ੀਆਂ ਨੂੰ ਬਰੀ ਕਰਾਉਣ ਲਈ ਜੀਅ-ਜਾਨ ਨਾਲ ਕੰਮ ਕੀਤਾ ਸੀ। ਗੁਰਮੀਤ ਅਤੇ ਪਿਆਰੇ ਲਾਲ ਵਾਂਗ ਉਹ ਸੰਮਤੀ ਦਾ ਸਰਗਰਮ ਮੈਂਬਰ ਨਹੀਂ ਸੀ ਬਣਿਆ ਪਰ ਕਦੇ-ਕਦੇ ਸੰਮਤੀ ਦੇ ਆਖੇ ਉਹ ਲੋਕਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇ ਦਿਆ ਕਰਦਾ ਸੀ। ਇਸ ਲਈ ਉਹ ਆਪਣੇ-ਆਪ ਨੂੰ ਸੰਮਤੀ ਨਾਲ ਜੁੜਿਆ ਹੀ ਸਮਝਦਾ ਸੀ।

ਆਪਣੇ ਪੁਰਾਣੇ ਸਾਇਲਾਂ ਦੇ ਬਰੀ ਹੋਣ 'ਤੇ ਉਸ ਨੂੰ ਖ਼ੁਸ਼ੀ ਹੋਈ ਸੀ। ਖ਼ੁਸ਼ੀ ਸਾਂਝੀ ਕਰਨ ਅਤੇ ਲੀਗਲ ਸੈੱਲ ਦੇ ਸਾਥੀ ਮੈਂਬਰਾਂ ਨੂੰ ਵਧਾਈ ਦੇਣ ਉਹ ਦੁਸਹਿਰਾ ਗਰਾਊਂਡ ਆਇਆ ਸੀ।

ਸੰਮਤੀ ਦੇ ਸਾਰੇ ਨੇਤਾ ਡਾਢੇ ਖ਼ੁਸ਼ ਸਨ। ਰੈਲੀ ਦੀ ਸਫ਼ਲਤਾ ਲਈ ਉਹ ਸਿਰਤੋੜ ਯਤਨ ਕਰ ਰਹੇ ਸਨ।

ਮੋਹਨ ਜੀ ਭੰਬਲ-ਭੂਸੇ ਵਿਚ ਪੈ ਗਿਆ। ਬਿਨਾਂ ਮਤਲਬ ਦਸ ਸਾਲ ਕੈਦ ਕੱਟਣ ਬਾਅਦ ਬਰੀ ਹੋਣ ਵਿਚ ਏਨਾ ਖ਼ੁਸ਼ ਹੋਣ ਵਾਲੀ ਕਿਹੜੀ ਗੱਲ ਸੀ। ਜੇ ਹਾਈ ਕੋਰਟ ਫ਼ੈਸਲਾ ਉਹਨਾਂ ਦੇ



ਹੱਕ ਵਿਚ ਨਾ ਕਰਦੀ ਤਾ ਵੀ ਉਹਨਾਂ ਨੇ ਦੋ-ਤਿੰਨ ਮਹੀਨਿਆਂ ਬਾਅਦ ਛੁੱਟ ਜਾਣਾ ਸੀ। ਲੰਬੀ ਕੈਦ ਕੱਟਣ ਦੇ ਜੋ ਨੁਕਸਾਨ ਹੁੰਦੇ ਹਨ ਉਹ ਹੋ ਚੁੱਕੇ ਸਨ। ਉਸ ਨੁਕਸਾਨ ਦੀ ਪੂਰਤੀ ਲਈ ਹਾਈ ਕੋਰਟ ਨੇ ਕੋਈ ਮੁਆਵਜ਼ਾ ਨਹੀਂ ਸੀ ਦਿੱਤਾ।

ਪਾਲੇ ਦਾ ਘਰ ਤਬਾਹ ਹੋ ਚੁੱਕਾ ਸੀ। ਸੰਮਤੀ ਦੋ ਕੁ ਸਾਲ ਹੀ ਬੰਤੋ ਨੂੰ ਉਸ ਦੇ ਘਰੋਂ ਭੱਜਣ ਤੋਂ ਰੋਕ ਸਕੀ। ਜਦੋਂ ਅਪੀਲ ਲਟਕ ਗਈ ਅਤੇ ਸਭ ਨੂੰ ਇਹ ਯਕੀਨ ਹੋ ਗਿਆ ਕਿ ਪਾਲੇ ਦੀ ਰਿਹਾਈ ਜਲਦੀ ਸੰਭਵ ਨਹੀਂ ਹੈ ਤਾਂ ਬੰਤੋ ਨੂੰ ਇਕੱਲੀ ਨੂੰ ਕਾਲੀਆਂ-ਬੋਲੀਆਂ ਰਾਤਾਂ ਕੱਟਣੀਆਂ ਔਖੀਆਂ ਹੋ ਗਈਆਂ। ਬਹੁਤੀ ਦੇਰ ਉਹ ਪੇਕੀਂ ਰਹਿਣ ਲੱਗੀ। ਬੰਤੋ ਦੇ ਕਹਿਣ 'ਤੇ ਬੰਤੋ ਦੇ ਪੇਕੇ ਪਾਲੇ ਦੇ ਘਰਦਿਆਂ 'ਤੇ ਜ਼ੋਰ ਪਾਉਣ ਲੱਗੇ। 'ਕੁੜੀ ਜਵਾਨ ਹੈ। ਨਵਾਂ ਘਰ ਵਸਾਉਣ ਦੇ ਯੋਗ ਹੈ। ਪਾਲੇ ਨੂੰ ਉਡੀਕਦੇ-ਉਡੀਕਦੇ ਆਪਣੀ ਜਵਾਨੀ ਨਹੀਂ ਗਾਲ ਸਕਦੀ। ਮਾਮਲਾ ਨਿਬੇੜ ਲਓ।" ਪਾਲੇ ਦੇ ਘਰਦੇ ਢਿੱਲ-ਮਿਸ ਕਰਦੇ ਰਹੇ। ਫੇਰ ਬੰਤੋ ਦੇ ਮਾਪਿਆਂ ਨੇ ਸਾਫ਼ ਕਹਿਣਾ ਸ਼ੁਰੂ ਕਰ ਦਿੱਤਾ, "ਕੁੜੀ ਦੇ ਚਾਲੇ ਠੀਕ ਨਹੀਂ। ਕਿਧਰੇ ਦੋਹਾਂ ਘਰਾਂ ਦਾ ਮੂੰਹ ਕਾਲਾ ਨਾ ਕਰ ਦੇਵੇ।" ਇਹ ਸੁਣ ਕੇ ਪਾਲੇ ਦੇ ਘਰਦਿਆਂ ਨੂੰ ਹਥਿਆਰ ਸੁੱਟਣੇ ਪਏ। ਕੁੜੀ ਪਾਲੇ ਦੀ ਮਾਂ ਦੀ ਝੋਲੀ ਪਾ ਕੇ ਉਹ ਕਿਸੇ ਹੋਰ ਦੇ ਜਾ ਬੈਠੀ। ਇਹ ਪਾਲੇ ਦੇ ਘਰ ਦੇ ਉਜਾੜੇ ਦੀ ਸ਼ੁਰੂਆਤ ਸੀ। ਸਾਰਾ ਦਿਨ ਰੋਂਦੇ ਰਹਿਣ ਕਾਰਨ ਪਾਲੇ ਦੀ ਮਾਂ ਦੀਆਂ ਅੱਖਾਂ ਦੀ ਜੋਤ ਜਾਂਦੀ ਰਹੀ। ਇਕੱਲੇ ਰਹਿ ਗਏ ਪਾਲੇ ਦੇ ਬਾਪ ਨੂੰ ਰੋਟੀ-ਟੁੱਕ ਚਲਾਉਣ ਲਈ ਦਿਨ-ਰਾਤ ਇਕ ਕਰਨੀ ਪਈ। ਚੌਵੀ ਘੰਟੇ ਮਿੱਟੀ-ਘੱਟੇ ਵਿਚ ਰਹਿਣ ਕਾਰਨ ਉਸ ਨੂੰ ਦਮਾ ਹੋ ਗਿਆ। ਪਾਲੇ ਦੀ ਕੁੜੀ ਨੂੰ ਵੀ ਬੁਖ਼ਾਰ ਚੜ੍ਹਿਆ। ਸਾਂਭ-ਸੰਭਾਲ ਦੀ ਕਮੀ ਕਾਰਨ ਉਸ ਨੂੰ ਲਕਵਾ ਹੋ ਗਿਆ। ਹੁਣ ਉਹ ਹੱਥਾਂ ਦੇ ਸਹਾਰੇ ਰਿੜ੍ਹਦੀ ਹੈ। ਜੇ ਜੀਵਨ ਆੜ੍ਹਤੀਆ ਆਪਣੀ ਜ਼ੁਬਾਨ 'ਤੇ ਪੂਰਾ ਨਾ ਉਤਰਦਾ ਤਾਂ ਇਹ ਪਰਿਵਾਰ ਕਦੋਂ ਦਾ ਮੰਦਰ ਗੁਰਦੁਆਰੇ ਅੱਗੇ ਜਾ ਬੈਠਾ ਹੁੰਦਾ।

ਸੰਮਤੀ ਦੀ ਪ੍ਰੇਰਨਾ 'ਤੇ ਪਾਲੇ ਨੇ ਜੇਲ੍ਹ 'ਚ ਸਿਲਾਈ ਦਾ ਕੰਮ ਸਿੱਖ ਲਿਆ ਸੀ। ਚਾਰ ਸਾਲ ਚੰਗੀ ਮਿਹਨਤ ਕਰ ਕੇ ਉਹ ਚੰਗਾ ਕਾਰੀਗਰ ਬਣ ਗਿਆ ਸੀ ਪਰ ਮਾਨਸਿਕ ਤਣਾਅ, ਸਖ਼ਤ ਸਰੀਰਕ ਮਿਹਨਤ ਅਤੇ ਪੌਸ਼ਟਿਕ ਖ਼ੁਰਾਕ ਦੀ ਘਾਟ ਕਾਰਨ ਉਸ ਦੀ ਨਜ਼ਰ ਕਮਜ਼ੋਰ ਹੋ ਗਈ। ਹੁਣ ਐਨਕ ਲਾ ਕੇ ਵੀ ਉਸ ਤੋਂ ਸੂਈ ਵਿਚ ਧਾਗਾ ਨਹੀਂ ਪੈਂਦਾ। ਹੱਥ ਕੰਬਣ ਲੱਗ ਪਏ ਹਨ। ਅੱਜ-ਕੱਲ੍ਹ ਨਾ ਉਸ ਤੋਂ ਵਧੀਆ ਸਿਲਾਈ ਹੁੰਦੀ ਹੈ ਤੇ ਨਾ ਕਢਾਈ।

ਮੀਤਾ ਪਹਿਲੇ ਦਿਨੋਂ ਮਨ ਦਾ ਚੰਚਲ ਹੈ। ਹੱਡ ਭੰਨਵੀਂ-ਮਿਹਨਤ ਨਾਲੋਂ ਉਸ ਨੂੰ ਜੁਰਮ ਕਰ ਕੇ ਕਮਾਉਣਾ ਚੰਗਾ ਲੱਗਦਾ ਰਿਹਾ ਹੈ। ਉਮਰ ਕੈਦ ਦੀ ਸਜ਼ਾ ਸੁਣਨ ਬਾਅਦ ਉਹ ਹਤਾਸ਼ ਹੋ ਗਿਆ ਸੀ। ਸਿੰਘਾਂ ਦੀ ਬੈਰਕ ਵਿਚ ਰਹਿ ਕੇ ਉਹਨਾਂ ਦੇ ਪ੍ਰਭਾਵ ਹੇਠ ਆ ਗਿਆ ਸੀ। ਉਸ ਨੇ ਦਾੜ੍ਹੀ ਕੇਸ ਵਧਾ ਲਏ ਸਨ। ਸੰਮਤੀ ਨੂੰ ਉਸ ਨੂੰ ਸਿੰਘਾਂ ਵੱਲੋਂ ਉਚਾਟ ਕਰਨ ਲਈ ਸਖ਼ਤ ਮਿਹਨਤ ਕਰਨੀ ਪਈ ਸੀ। ਆਪਣੇ ਪੈਰਾਂ ਸਿਰ ਖੜੇ ਹੋਣ ਲਈ ਮੀਤੇ ਨੇ ਤਰਖਾਣਾ ਕੰਮ ਸਿੱਖਿਆ ਸੀ। ਤਖ਼ਤੇ ਜੋੜੀਆਂ ਬਣਾ ਕੇ ਬਹੁਤੀ ਕਮਾਈ ਨਹੀਂ ਸੀ ਹੋਣੀ। ਉਸ ਨੇ ਫ਼ਰਨੀਚਰ ਬਣਾਉਣਾ ਸਿੱਖਿਆ। ਕਈ ਸਾਲ ਉਸ ਦੇ ਕੰਮ ਦਾ ਚੰਗਾ ਮੁੱਲ ਪੈਂਦਾ ਰਿਹਾ ਸੀ।

ਦੋ ਸਾਲ ਤੋਂ ਟੀ.ਬੀ. ਦੀ ਬੀਮਾਰੀ ਨੇ ਉਸ ਉੱਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਸਨ। ਲੱਕੜ ਦੇ ਬੂਰ ਤੋਂ ਉਸ ਨੂੰ ਅਲਰਜੀ ਹੋ ਗਈ ਸੀ। ਥੋੜ੍ਹਾ ਜਿਹਾ ਸਖ਼ਤ ਕੰਮ ਕਰਨ ਨਾਲ ਬੁਖ਼ਾਰ ਚੜ੍ਹ ਜਾਂਦਾ ਸੀ। ਹੱਡ-ਪੈਰ ਦੁਖਣ ਲੱਗਦੇ ਸਨ। ਇਕ ਵਾਰ ਚੜ੍ਹਿਆ ਬੁਖ਼ਾਰ ਮਹੀਨਾ-ਮਹੀਨਾ ਨਹੀਂ ਸੀ ਉਤਰਦਾ। ਹੱਥਲਾ ਕੰਮ ਵਿਚੇ ਛੁੱਟ ਜਾਂਦਾ ਸੀ। ਬਾਹਰ ਆ ਕੇ ਉਸ ਨੂੰ ਕੋਈ ਹੋਰ ਜੁਗਾੜ ਕਰਨਾ ਪਏਗਾ।

ਦੋਹਾਂ ਦੀਆਂ ਸ਼ਕਲਾਂ-ਸੂਰਤਾਂ ਵਿਚ ਵੀ ਜ਼ਮੀਨ-ਅਸਮਾਨ ਦਾ ਫ਼ਰਕ ਪੈ ਚੁੱਕਾ ਸੀ। ਹੁਣ ਉਹ ਤੀਹ-ਪੈਂਤੀ ਸਾਲ ਦੇ ਫੁਰਤੀਲੇ ਨੌਜਵਾਨ ਨਹੀਂ ਸਨ। ਸੱਠਾਂ-ਪੈਂਹਠਾਂ ਦੇ ਬੁੱਢ-ਬੁਢੇਲ ਲੱਗਦੇ ਹਨ। ਉਹਨਾਂ ਦੇ ਅੱਧਿਆਂ ਨਾਲੋਂ ਵੱਧ ਦੰਦ ਨਿਕਲ ਚੁੱਕੇ ਸਨ। ਦਾੜ੍ਹੀ ਮੁੱਛਾਂ ਚਿੱਟੀਆਂ ਹੋ ਗਈਆਂ ਸਨ। ਅੱਖਾਂ ਅੰਦਰ ਧਸ ਗਈਆਂ ਸਨ ਅਤੇ ਜਾਬ੍ਹਾਂ ਬਾਹਰ ਨਿਕਲ ਆਈਆਂ ਸਨ।

ਮੋਹਨ ਜੀ ਨੂੰ ਲੱਗਦਾ ਸੀ ਕਿ ਜਦੋਂ ਲੋਕ ਉਹਨਾਂ ਦੀਆਂ ਸ਼ਕਲਾਂ ਦੇਖਣਗੇ, ਉਹਨਾਂ ਦੀ ਖ਼ੁਸ਼ੀ ਗ਼ਮੀ ਵਿਚ ਬਦਲ ਜਾਏਗੀ।

ਮੋਹਨ ਜੀ ਦੇ ਜ਼ਿਹਨ ਵਿਚ ਪਾਲੇ ਮੀਤੇ ਦਾ ਭੂਤ ਅਤੇ ਭਵਿੱਖ ਘੁੰਮ ਰਿਹਾ ਸੀ। ਅੱਖਾਂ ਅੱਗੇ ਕੰਮਾਂ ਵਿਚ ਰੁੱਝਾ ਹਾਕਮ ਅਤੇ ਉਸ ਦਾ ਵਰਤਮਾਨ ਸੀ।

ਹਾਕਮ ਨੌਜਵਾਨ ਸੀ। ਵਕਾਲਤ ਪਾਸ ਸੀ। ਪਰ ਉਸ ਦੀ ਚਾਲ ਵਿਚ ਫੁਰਤੀ ਨਹੀਂ ਸੀ ਜੋ ਉਸ ਵਰਗੇ ਨੌਜਵਾਨ ਵਿਚ ਹੋਣੀ ਚਾਹੀਦੀ ਸੀ। ਉਲਟਾ ਉਸ ਦੇ ਚਿਹਰੇ 'ਤੇ ਉਦਾਸੀ ਦੀ ਇਕ ਗਹਿਰੀ ਪਰਤ ਸੀ।

ਇਸ ਉਦਾਸੀ ਦਾ ਕਾਰਨ ਮੋਹਨ ਜੀ ਤੋਂ ਗੁੱਝਾ ਨਹੀਂ ਸੀ।

ਹਾਕਮ ਦੀ ਛੁੱਟੀ ਖ਼ਤਮ ਹੋਣ ਵਾਲੀ ਸੀ। ਉਸ ਨੂੰ ਨਰਕੋਂ ਸੁਨੇਹਾ ਆਉਣ ਵਾਲਾ ਸੀ। ਮੁੜ ਸ਼ੁਰੂ ਹੋਣ ਵਾਲੀ ਗ਼ੁਲਾਮੀ ਤੋਂ ਡਰਦਾ ਉਹ ਝੁਰ ਰਿਹਾ ਹੋਵੇਗਾ।

ਉਸ ਦੀ ਉਦਾਸੀ ਦਾ ਇਕ ਕਾਰਨ ਹੋਰ ਵੀ ਹੋ ਸਕਦਾ ਹੈ। ਉਸ ਦੀ ਅਪੀਲ ਸੁਪਰੀਮ ਕੋਰਟ ਤਕ ਰੱਦ ਹੋ ਚੁੱਕੀ ਸੀ। ਸਜ਼ਾ ਭੁਗਤਣੀ ਪੈਣੀ ਸੀ। ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਗੁਸਤਾਖ਼ ਅਤੇ ਝਗੜਾਲੂ ਗਰਦਾਨ ਕੇ ਪਹਿਲਾਂ ਕਮਾਈਆਂ ਮੁਆਫ਼ੀਆਂ ਰੱਦ ਕਰ ਦਿੱਤੀਆਂ ਸਨ। ਨਾਲ ਇਹਨਾਂ ਜੁਰਮਾਂ ਬਦਲੇ ਵਾਧੂ ਸਜ਼ਾਵਾਂ ਵੀ ਦੇ ਦਿੱਤੀਆਂ ਸਨ। ਬੇਕਸੂਰ ਹੁੰਦਿਆਂ ਹੋਇਆਂ ਵੀ ਘੱਟੋ-ਘੱਟ ਚਾਰ ਸਾਲ ਹੋਰ ਉਸ ਨੂੰ ਜੇਲ੍ਹ 'ਚ ਰਹਿਣਾ ਪੈ ਸਕਦਾ ਸੀ।

ਮੋਹਨ ਜੀ ਤੋਂ ਮਨ ਦੀ ਗੱਲ ਮਨ ਵਿਚ ਨਾ ਰੱਖੀ ਗਈ। ਜਿਉਂ ਹੀ ਬਾਬੇ ਦੇ ਖੱਬੇ ਪਾਸੇ ਪਈ ਕੁਰਸੀ ਖ਼ਾਲੀ ਹੋਈ, ਉਹ ਝੱਟ ਉਸ ਉਪਰ ਜਾ ਬੈਠਾ। ਫੇਰ ਪੁੱਛਣ ਲੱਗਾ :

"ਬਾਬਾ ਜੀ, ਕੀ ਅਸੀਂ ਸੱਚਮੁੱਚ ਜਿੱਤ ਗਏ ਹਾਂ ? ਕੀ ਸੱਚਮੁੱਚ ਪਾਲਾ ਅਤੇ ਮੀਤਾ ਬਾਇੱਜ਼ਤ ਬਰੀ ਹੋਏ ਹਨ ? ਬਥੇਰੇ ਪਾਲੇ ਮੀਤੇ ਜੇਲ੍ਹਾਂ ਵਿਚ ਬੰਦ ਹਨ। ਦੂਰ ਜਾਣ ਦੀ ਜ਼ਰੂਰਤ ਨਹੀਂ। ਆਹ ਹਾਕਮ ਵੱਲ ਹੀ ਦੇਖ ਲਓ। ਅਜਿਹੇ ਹਾਲਾਤ ਵਿਚ ਕੀ ਜਸ਼ਨ ਮਨਾਉਣਾ ਜਾਇਜ਼ ਹੈ ?"

ਬਾਬੇ ਨੂੰ ਪਤਾ ਸੀ। ਇਹੋ ਜਿਹੇ ਪ੍ਰਸ਼ਨ ਮੋਹਨ ਜੀ ਦੇ ਨਾਲ-ਨਾਲ ਹਜ਼ਾਰਾਂ ਲੋਕਾਂ ਦੇ ਮਨਾਂ ਵਿਚ ਉੱਠ ਰਹੇ ਹੋਣਗੇ। ਸ਼ੰਕੇ ਦੂਰ ਕਰਨ ਲਈ ਹੀ ਅੱਜ ਦੀ ਰੈਲੀ ਰੱਖੀ ਗਈ ਸੀ।

"ਇਹ ਸੰਘਰਸ਼ ਵਿੱਢ ਕੇ ਅਸੀਂ ਬਹੁਤ ਕੁਝ ਜਿੱਤਿਆ ਹੈ। ਪਾਲੇ ਮੀਤੇ ਦੇ ਮੱਥੋਂ ਤੋਂ ਇਕ ਬੱਚੇ ਦੇ ਕਾਤਲ ਹੋਣ ਦਾ ਕਲੰਕ ਲਾਹਿਆ ਹੈ। ਜੇਲ੍ਹੋਂ ਬਾਹਰ ਆ ਕੇ ਉਹਨਾਂ ਨੂੰ ਜ਼ਿੱਲਤ ਭਰੀ ਜ਼ਿੰਦਗੀ ਜਿਊਣ ਦੀ ਲੋੜ ਨਹੀਂ। ਕੀ ਇਹ ਪ੍ਰਾਪਤੀ ਘੱਟ ਹੈ ? ਜੇ ਅਸੀਂ ਸੰਘਰਸ਼ ਨਾ ਕਰਦੇ ਤਾਂ ਬੰਟੀ ਦੇ ਅਸਲ ਕਾਤਲਾਂ ਦੇ ਚਿਹਰੇ ਤੋਂ ਨਕਾਬ ਨਾ ਲਹਿੰਦਾ। ਇਕ ਦਿਨ ਅਸੀਂ ਹਰਮਨਬੀਰ ਨੂੰ ਗ੍ਰਿਫ਼ਤਾਰ ਕਰਵਾ ਕੇ ਛੱਡਾਂਗੇ। ਜੇ ਅਸੀਂ ਸੰਘਰਸ਼ ਨਾ ਕਰ ਰਹੇ ਹੁੰਦੇ ਤਾਂ ਹਾਕਮ ਵਰਗਾ ਹੋਣਹਾਰ ਨੌਜਵਾਨ ਕਦੋਂ ਦਾ ਤਨਹਾਈ ਚੱਕੀ ਵਿਚ ਦਮ ਤੋੜ ਚੁੱਕਾ ਹੁੰਦਾ। ਇਹ ਵੀ ਸਾਡੀ ਇਕ ਪ੍ਰਾਪਤੀ ਹੈ।

"ਪੁੱਤਰ, ਇਕ ਗੱਲ ਹੋਰ ਸਮਝ ਲੈ। ਸੰਘਰਸ਼ ਨਿੱਜੀ ਫ਼ਾਇਦਿਆਂ ਲਈ ਨਹੀਂ, ਉਦੇਸ਼ਾਂ ਦੀ ਪ੍ਰਾਪਤੀ ਲਈ ਵਿੱਢੇ ਜਾਂਦੇ ਹਨ। ਇਸ ਸੰਘਰਸ਼ ਦਾ ਆਰੰਭ ਇਕ ਵਿਅਕਤੀ ਦੇ ਮਨ ਵਿਚ



ਸੁਲਘੀ ਚਿੰਗਾੜੀ ਤੋਂ ਬੱਝਾ ਸੀ। ਦੇਖ ਹੁਣ ਇਸ ਨੇ ਕਿੱਡੇ ਭਾਂਬੜ ਦਾ ਰੂਪ ਧਾਰ ਲਿਐ। ਬੀਸੀਆਂ ਜਥੇਬੰਦੀਆਂ ਅਤੇ ਲੱਖਾਂ ਲੋਕ ਇਸ ਕਾਫ਼ਲੇ ਵਿਚ ਸ਼ਾਮਲ ਹੋ ਗਏ ਹਨ। ਹੁਣ ਤਕ ਅਸੀਂ ਸੈਂਕੜੇ ਲੋਕਾਂ ਨੂੰ ਪੁਲਿਸ ਵਧੀਕੀਆਂ ਅਤੇ ਬੀਸੀਆਂ ਨੂੰ ਜੇਲ੍ਹ ਜਾਣੋਂ ਬਚਾ ਚੁੱਕੇ ਹਾਂ। ਲੋਕ ਸਾਡੇ 'ਤੇ ਟੇਕ ਰੱਖਣ ਲੱਗੇ ਹਨ। ਦਿਨੋ-ਦਿਨ ਅਸੀਂ ਤਕੜੇ ਹੁੰਦੇ ਜਾ ਰਹੇ ਹਾਂ। ਅਸੀਂ ਆਪਣੀ ਮੰਜ਼ਲ ਦੇ ਬਹੁਤ ਨੇੜੇ ਹਾਂ। ਦੱਸ, ਕੀ ਇਹ ਖ਼ੁਸ਼ੀਆਂ ਭਰਿਆ ਦਿਨ ਨਹੀਂ ਹੈ ? ਕੀ ਸਾਡਾ ਜਸ਼ਨ ਮਨਾਉਣਾ ਗ਼ਲਤ ਹੈ ?"

ਮੋਹਨ ਜੀ ਦੇ ਸ਼ੰਕੇ ਦੂਰ ਹੋਣ ਲੱਗੇ। ਉਸ ਦਾ ਮਨ ਖਿੜਨ ਲੱਗਾ।

ਬਾਬੇ ਅਤੇ ਮੋਹਨ ਜੀ ਨੂੰ ਗੱਲੀਂ ਲੱਗੇ ਦੇਖ ਕੇ ਹਾਕਮ ਵੀ ਉਹਨਾਂ ਕੋਲ ਆ ਬੈਠਾ।

"ਬਾਬਾ ਜੀ ! ਮੈਂ ਪੂਰੀ ਤਰ੍ਹਾਂ ਤੰਦਰੁਸਤ ਹੋ ਚੁੱਕਾ ਹਾਂ। ਪਾਲੇ ਮੀਤੇ ਦੀ ਅਪੀਲ ਦਾ ਫ਼ੈਸਲਾ ਵੀ ਹੋ ਚੁੱਕਾ ਹੈ। ਹੁਣ ਮੇਰਾ ਮਨ ਜੇਲ੍ਹ ਜਾਣ ਅਤੇ ਆਪਣਾ ਅਧੂਰਾ ਕੰਮ ਪੂਰਾ ਕਰਨ ਨੂੰ ਕਰਦਾ ਹੈ।"

"ਜੇਲ੍ਹ ਤਾਂ ਜਾਣਾ ਹੀ ਹੈ, ਪਰ ਇੰਨੀ ਕਾਹਲ ਵੀ ਕੀ ਹੈ ਪੁੱਤਰਾ ?"

"ਬਾਹਰਲੇ ਲੋਕਾਂ ਨੂੰ ਰਾਹਤ ਦਿਵਾਉਣ ਲਈ ਤੁਸੀਂ ਬਹੁਤ ਲੋਕ ਹੋ। ਅੰਦਰਲਿਆਂ ਦੀਆਂ ਆਹਾਂ ਸੁਣਨ ਵਾਲਾ ਕੋਈ ਨਹੀਂ। ਇਹਨਾਂ ਦਿਨਾਂ ਵਿਚ ਮੈਂ ਤੁਹਾਡੇ ਕੋਲੋਂ ਬਹੁਤ ਕੁਝ ਸਿੱਖਿਆ ਹੈ। ਹੁਣ ਮੈਂ ਆਪਣਾ ਕੰਮ ਨਵੇਂ ਸਿਰਿਉਂ ਅਤੇ ਵਿਗਿਆਨਕ ਢੰਗ ਨਾਲ ਵਿੱਢਾਂਗਾ। ਦੇਖਣਾ ਕਿੰਨੇ ਵਧੀਆ ਸਿੱਟੇ ਨਿਕਲਣਗੇ। ਮੈਨੂੰ ਇਸ ਸ਼ੁਭ ਮੌਕੇ ਭਰੇ ਮੇਲੇ ਵਿਚੋਂ ਵਿਦਾ ਕਰੋ।"

"ਇਉਂ ਨਾ ਆਖ ਪੁੱਤਰਾ, ਤੇਰੀ ਸਾਨੂੰ ਬਾਹਰ ਵੀ ਬਹੁਤ ਜ਼ਰੂਰਤ ਹੈ। ਉਂਜ ਤੇਰਾ ਫ਼ੈਸਲਾ ਬਿਲਕੁਲ ਠੀਕ ਹੈ। ਭੈੜੇ ਦਿਨਾਂ ਦੀ ਗਿਣਤੀ ਅੱਜ ਤੋਂ ਹੀ ਘਟਣੀ ਸ਼ੁਰੂ ਹੋਣੀ ਚਾਹੀਦੀ ਹੈ। ਜਲਦੀ ਜਾਏਂਗਾ ਤਾਂ ਹੀ ਜਲਦੀ ਵਾਪਸ ਆਏਂਗਾ। ਸਾਨੂੰ ਤੇਰਾ ਸਦਾ ਇੰਤਜ਼ਾਰ ਰਹੇਗਾ।"

ਖੜਾ ਹੋ ਕੇ ਬਾਬੇ ਨੇ ਪਹਿਲਾਂ ਹਾਕਮ ਦੀ ਪਿੱਠ ਥਾਪੜੀ, ਫੇਰ ਘੁੱਟ ਕੇ ਹਿੱਕ ਨਾਲ ਲਾਇਆ।

ਹਾਕਮ ਦਾ ਉਤਸ਼ਾਹ ਦੇਖ ਕੇ ਮੋਹਨ ਜੀ ਨੂੰ ਉਸ ਪ੍ਰਤੀ ਬਣੀ ਆਪਣੀ ਸੋਚ 'ਤੇ ਪਛਤਾਵਾ ਹੋਇਆ। ਆਪਣੀ ਗ਼ਲਤੀ ਸੋਧ ਕੇ ਮਨ ਹੀ ਮਨ ਉਸ ਨੇ ਹਾਕਮ ਅੱਗੇ ਸਿਰ ਝੁਕਾਇਆ।

ਹਾਕਮ ਦੇ ਫ਼ੈਸਲੇ ਨੂੰ ਧਿਆਨ ਵਿਚ ਰੱਖਦਿਆਂ ਪਹਿਲਾਂ ਉਲੀਕੇ ਪ੍ਰੋਗਰਾਮ ਵਿਚ ਸੋਧਾਂ ਕੀਤੀਆਂ ਗਈਆਂ।

ਹੁਣ ਜਦੋਂ ਜਲਸਾ ਪੂਰੇ ਜੋਬਨ 'ਤੇ ਹੋਵੇਗਾ, ਉਸ ਸਮੇਂ ਹਾਕਮ ਦੇ ਜੇਲ੍ਹ ਜਾਣ ਦੇ ਫ਼ੈਸਲੇ ਦਾ ਐਲਾਨ ਕੀਤਾ ਜਾਵੇਗਾ।

ਫੇਰ ਹਾਕਮ ਭਾਸ਼ਣ ਦੇਵੇਗਾ।

ਫੇਰ ਬਾਬੇ ਦੀ ਅਗਵਾਈ ਵਿਚ ਸੰਮਤੀ ਦੇ ਚੋਣਵੇਂ ਸੌ ਕਾਰਕੁੰਨਾਂ ਦਾ ਇਕ ਜਥਾ ਜਲੂਸ ਦੀ ਸ਼ਕਲ ਅਖ਼ਤਿਆਰ ਕਰੇਗਾ।

ਇਹ ਜਥਾ ਪੂਰੇ ਮਾਨ-ਸਨਮਾਨ ਨਾਲ ਹਾਕਮ ਨੂੰ ਜੇਲ੍ਹ ਛੱਡ ਕੇ ਆਏਗਾ।

ਉਹੋ ਜਥਾ ਜੇਲ੍ਹ ਦੇ ਮੁੱਖ ਦਰਵਾਜ਼ੇ 'ਤੇ ਪਾਲੇ ਮੀਤੇ ਦਾ ਸਵਾਗਤ ਕਰੇਗਾ। ਪੂਰੀ ਸ਼ਾਨੋ-ਸ਼ੌਕਤ ਨਾਲ ਉਹਨਾਂ ਨੂੰ ਸ਼ਹਿਰ ਲੈ ਕੇ ਆਏਗਾ।

ਫੇਰ ਦਰੋਣਾਚਾਰੀਆ ਵੱਲੋਂ ਰਚੇ ਖ਼ਤਰਨਾਕ ਚੱਕਰਵਿਊ ਨੂੰ ਤਹਿਸ-ਨਹਿਸ ਕਰਨ ਲਈ, ਵੀਰ ਅਭਿਮਨਯੂ ਨੂੰ ਯੁੱਧ-ਖੇਤਰ ਵਿਚ ਭੇਜੇ ਜਾਣ ਦੀਆਂ ਤਿਆਰੀਆਂ ਹੋਣ ਲੱਗੀਆਂ।